

# ਅਸੀਂ ਕਦੋਂ ਬਣਾਂਗੇ ਸਿੱਖਾਂ ਤੋਂ ਖਾਲਸੇ

ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

# ਅਸੀਂ ਕਦੋਂ ਬਣਾਂਗੇ
# ਸਿੱਖਾਂ ਤੋਂ ਖ਼ਾਲਸੇ

**ਲੇਖਕ ਦੀਆਂ ਹੋਰ ਰਚਨਾਵਾਂ :**

- ***ਕਾਵਿ-ਸੰਗ੍ਰਹਿ***

  ਲੁੱਟੇ ਗਏ, ਕੱਚ ਤੇ ਸੱਚ (ਅੱਲੜ੍ਹਪੁਣੇ ਦੇ ਹਾਸਿਲ)

- ***ਨਿਬੰਧ***

  ਖਰੀਆਂ ਖਰੀਆਂ • ਸੱਚੀਆਂ ਸੱਚੀਆਂ • ਮੇਰਾ ਕੁਫ਼ਰਸਤਾਨ • ਮੇਰੇ ਵਤਨ ਦੇ ਲੋਕੋ • ਦੁੱਖ ਤੇ ਦਾਰੂ • ਗੱਲਾਂ ਕਰੀਏ ਮੂੰਹ 'ਤੇ • ਭਾਰਤ ਉਦਾਸ ਹੈ • ਕਬੂਲਨਾਮੇ • ਖਾਲਸਾ ਜੀਓ ਕਿਧਰ ਨੂੰ ? • ਗੁੱਸੇ ਗਿਲੇ ਗੁਸਤਾਖ਼ੀਆਂ • ਜਾਗਣ ਦੇ ਦਿਨ ਆਏ • ਹੁਣ ਨਹੀਂ ਚੁੱਪ ਰਹਿਣਾ • ਤੇਰਾ ਲੁੱਟਿਆ ਸ਼ਹਿਰ ਭੰਬੋਰ • ਖ਼ਾਲਸਾ ਕੀ ਜਾਣੈ ਮੈਂ ਕੌਣ • ਗੱਲਾਂ ਕਰੀਏ ਮੂੰਹ 'ਤੇ

- ***ਪੇਂਡੂ ਸਭਿਆਚਾਰ ਨਾਲ ਸੰਬੰਧਤ ਸ਼ਬਦ ਚਿਤਰ***

  ਮੇਰੇ ਪਿੰਡ ਦਾ ਸ਼ੁਗਲਸਤਾਨ • ਮੇਰੇ ਪਿੰਡ ਦੇ ਭੱਦਰ ਪੁਰਸ਼ • ਮੇਰੇ ਪਿੰਡ ਦੇ ਗੁਰੂ ਘੰਟਾਲ • ਮਜਾਜਣਾਂ ਮੇਰੇ ਪਿੰਡ ਦੀਆਂ • ਸੰਤੇ ਬੰਤੇ ਤੇ ਪਤਵੰਤੇ • ਮੌਜੀ ਬੰਦੇ • ਗੁੱਝੇ ਰੁਸਤਮ

- ***ਨਾਵਲ***

  ਹਾਜੀ ਬਾਬਾ • ਅਲਬੇਲਾ ਸਿੰਘ • ਪਿਉ ਦੀ ਧੀ • ਕੋਟ ਧਨੰਤਰ ਸਿੰਘ • ਪਰਵਾਨੇ • ਹੈ ਕੋਈ ਜਿਊਂਦਾ ਸਿੱਖ ?

- ***ਹਿੰਦੀ***

  ਜਾਗਨੇ ਕੇ ਦਿਨ ਆਏ • ਮੌਜੀ ਲੋਗ • ਬਾਪ ਕੀ ਬੇਟੀ • ਹਾਜੀ ਬਾਬਾ

# ਅਸੀਂ ਕਦੋਂ ਬਣਾਂਗੇ ਸਿੱਖਾਂ ਤੋਂ ਖ਼ਾਲਸੇ

ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

**Assi Kadon Banage**
**Sikhan Ton Khalse**

by : Balwinder Singh Fatehpuri©
*641, House Fed Complex*
*New Amritsar, AMRITSAR-143001*
*Mobile : 98146 19342*

ਸਹਿਯੋਗ :
*ਪੂਨਮਦੀਪ ਕੌਰ ਧੰਜੂ*
*ਨਰਿੰਦਰ ਕੌਰ ਗਿੱਲ*

ਪਹਿਲੀ ਵਾਰ : 2017

ਮੁੱਲ : 250 ਰੁਪਏ



ਪ੍ਰਕਾਸ਼ਕ
**ਆਜ਼ਾਦ ਬੁੱਕ ਡੀਪੂ**
ਹਾਲ ਬਾਜ਼ਾਰ, ਅੰਮ੍ਰਿਤਸਰ
ਫ਼ੋਨ : 0183-2292513
ਮੋਬਾਇਲ : 094631-70369
e-mail : kd_singh180@hotmail.com

Printed by :
Shivangi Offset

## ਚੇਤਾਵਨੀ

ਜਬ ਲਗਿ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੇਉ ਮੈ ਸਾਰਾ
ਜਬ ਏਹ ਗਹਿ ਬਿਪਰਨ ਕੀ ਰੀਤ, ਮੈ ਨਾ ਕਰੂ ਇਨ ਕੀ ਪ੍ਰਤੀਤ।

## ਸਮਰਪਣ

ਸਿੱਖੀ ਦੀ ਆੜ ਹੇਠ, ਨਕਲੀ ਤੇ ਪਾਖੰਡੀ ਸਰੂਪ ਧਾਰਨ ਵਾਲੇ ਸਿੱਖ ਨਹੀਂ ਹੁੰਦੇ। ਅਜਿਹਾ ਵਰਤਾਰਾ ਖ਼ਾਲਸਾ ਪੰਥ ਨੂੰ ਲੈ ਬੈਠਾ ਹੈ। ਖ਼ਾਲਸਾਈ ਜੀਵਨ ਸਾਰੇ ਸੰਸਾਰ ਲਈ ਇਕ ਮਿਸਾਲੀ ਤੇ ਵਚਿੱਤਰ ਬਣਨਾ ਸੀ, ਜੋ ਅੱਜ ਮਜ਼ਾਕ ਬਣ ਕੇ ਰਹਿ ਗਿਆ ਹੈ। ਆਓ ਪੰਥ ਨੂੰ ਇਸ ਘੁੰਮਣਘੇਰੀ ਵਿਚੋਂ ਬਾਹਰ ਕੱਢੀਏ। ਆਓ ਸਿੱਖਾਂ ਤੋਂ ਖ਼ਾਲਸੇ ਬਣੀਏ!

# ਲੇਖਕ ਦਾ ਕੁਰਸੀਨਾਮਾ

| | | |
|---|---|---|
| ਦਾਦਾ | : | ਗੁਰਦਿੱਤ ਸਿੰਘ ਨੰਬਰਦਾਰ |
| ਪਿਤਾ | : | ਬਿਸ਼ਨ ਸਿੰਘ ਆੜ੍ਹਤੀ |
| ਦਾਦੀ | : | ਸ੍ਰੀਮਤੀ ਚੰਦ ਕੌਰ |
| ਮਾਤਾ | : | ਸ੍ਰੀਮਤੀ ਨਰਾਇਣ ਕੌਰ |
| ਜਨਮ | : | 2 ਨਵੰਬਰ 1943, ਸਾਂਗਲਾ ਹਿਲ, ਸ਼ੇਖ਼ੂਪੁਰਾ (ਪਾਕਿਸਤਾਨ) |
| ਵਿੱਦਿਆ | : | ਐੱਮ.ਏ. (ਫ਼ਿਲਾਸਫ਼ੀ, ਅੰਗਰੇਜ਼ੀ, ਪੰਜਾਬੀ, ਇਤਿਹਾਸ) |
| ਕਿੱਤਾ | : | ਅਧਿਆਪਨ, ਪ੍ਰਿੰਸੀਪਲ (ਪਦ ਮੁਕਤ) |
| ਜੀਵਨ ਸਾਥਣ | : | ਸ੍ਰੀਮਤੀ ਰਤਨਜੀਤ ਕੌਰ, ਪ੍ਰਿੰਸੀਪਲ (ਪਦ ਮੁਕਤ) |
| ਸ਼ਾਖਾਂ | : | ਡਾ. ਅਮਰਦੀਪ ਸਿੰਘ ਥਿੰਦ (ਪੀ.ਸੀ.ਐੱਸ.)<br>ਡਾ. ਗਗਨਦੀਪ ਸਿੰਘ ਥਿੰਦ<br>(ਐੱਮ.ਸੀ.ਐੱਚ. ਪਲਾਸਟਿਕ ਸਰਜਰੀ) |
| ਕਰੂੰਬਲਾਂ | : | ਸ਼ਗਨ, ਅਭੀਜੈ, ਅਰਹਾਨ |

# ਤਤਕਰਾ

# ਪੰਥ ਨੂੰ ਅੰਦਰ ਝਾਤ ਦੀ ਲੋੜ

ਇਸ ਪੁਸਤਕ ਲਿਖਣ ਦਾ ਮਕਸਦ ਕਿਸੇ ਸਿੱਖ ਵੀਰ ਜਾਂ ਭੈਣ ਦਾ ਦਿਲ ਦੁਖਾਉਣ ਹਰਗਿਜ਼ ਨਹੀਂ ਹੈ। ਸਿੱਖਾਂ ਵਿਚ ਜੋ ਧਾਰਮਿਕ ਤੇ ਇਖ਼ਲਾਕੀ ਕਮਜ਼ੋਰੀਆਂ ਆ ਗਈਆਂ ਹਨ ਤੇ ਜਿਹੜੇ ਸਿੱਖ ਸਿੱਖੀ ਤੋਂ ਦੂਰ ਜਾ ਰਹੇ ਹਨ, ਉਨ੍ਹਾਂ ਨੂੰ ਗਲਤੀ ਦਾ ਅਹਿਸਾਸ ਦਿਲਾ ਕੇ ਮੁੜ ਪੰਥ ਦੀ ਝੋਲੀ ਵਿਚ ਪਾਉਣਾ ਹੈ। ਪਾਖੰਡੀਆਂ ਨੂੰ ਉਨ੍ਹਾਂ ਦੇ ਸਵਾਂਗ ਸਮੇਤ ਨੰਗਿਆਂ ਕੀਤਾ ਗਿਆ ਹੈ ਤਾਂ ਕਿ ਉਹ ਵੀਰ ਵੀ ਖਾਲਸਾ ਪੰਥ ਦੀ ਮੁੱਖਧਾਰਾ ਵਿਚ ਮੁੜ ਸ਼ਾਮਲ ਹੋ ਕੇ ਗੁਰੂ ਦੀ ਗੋਦ ਦਾ ਨਿੱਘ ਲੈ ਸਕਣ। ਸੱਚੀਆਂ ਗੱਲਾਂ ਹਮੇਸ਼ਾ ਕੌੜੀਆਂ ਲਗਦੀਆਂ ਹਨ ਪਰੰਤੂ ਕੌੜ ਦੇ ਸਿੱਟੇ ਅੱਜ ਖਾਲਸਾ ਪੰਥ ਦੀ ਸਿਹਤ ਲਈ ਲਾਜ਼ਮੀ ਹਨ। ਆਪਣੀ ਕੌਮ ਨੂੰ ਐਵੇਂ ਨਿੰਦਣ ਜਾਂ ਸਲਾਹੁਣ ਵਿਚ ਕੋਈ ਦਨਾਈ ਨਹੀਂ ਹੁੰਦੀ। ਕਿਸ ਦਾ ਦਿਲ ਕਰਦਾ ਹੈ ਕਿ ਉਹ ਐਵੇਂ ਆਪਣੇ ਧਰਮ ਦੇ ਕੀੜੇ ਕੱਢੀ ਜਾਵੇ ਤੇ ਉਸ ਵਿਚ ਪਾਈਆਂ ਜਾਣ ਵਾਲੀਆਂ ਅੰਦਰੂਨੀ ਖਾਮੀਆਂ ਦਾ ਅੰਬਾਰ ਲਗਾ ਕੇ ਲੋਕਾਂ ਨੂੰ ਵਿਖਾਉਂਦਾ ਫਿਰੇ ? ਦੂਜੇ ਪਾਸੇ ਕੌਮ ਦੇ ਸੋਹਲੇ ਗਾਉਣ ਵਾਲਿਆਂ ਦੀ ਵੀ ਘਾਟ ਨਹੀਂ। ਉਹ ਲੋਕ ਸ਼ਰਧਾ ਜਾਂ ਸਵਾਰਥ ਵਸ ਇਹ ਏਨੀ ਸੰਕੀਰਨ ਸੋਚ ਦੇ ਮਾਲਿਕ ਹਨ ਕਿ ਉਨ੍ਹਾਂ ਨੂੰ ਸਿੱਖੀ ਵਿਚ ਕੁਝ ਵੀ ਮਾੜਾ ਮੰਦਾ ਨਹੀਂ ਲੱਗਦਾ। ਜਦੋਂ ਸੋਨੇ ਨੂੰ ਕੁਠਾਲੀ ਵਿਚ ਪਾਇਆ ਜਾਂਦਾ ਹੈ ਤਾਂ ਸੋਨਾ ਤੇ ਮਿਲਾਵਟਾਂ ਵੱਖ-ਵੱਖ ਹੋ ਜਾਂਦੀਆਂ ਹਨ। ਖਾਲਸ ਸੋਨਾ ਪ੍ਰਾਪਤ ਕਰਨ ਲਈ ਸੋਨੇ ਨੂੰ ਕੁਠਾਲੀ ਵਿਚ ਪਾਉਣਾ ਲਾਜ਼ਮੀ ਹੈ। ਸਾਡੇ ਲੋਕ ਆਪਣਾ ਅਸਲੀ ਚਿਹਰਾ ਵੇਖਣ ਤੋਂ ਤ੍ਰਬਕਦੇ ਹਨ। ਜੋ ਉਨ੍ਹਾਂ ਨੂੰ ਅਸਲੀ ਖਾਲਸਾ ਬਣਨ ਲਈ ਪ੍ਰੇਰਦਾ ਹੈ, ਉਸ ਨੂੰ ਨਾਸਤਿਕ ਜਾਂ ਪੰਥ ਦਾ ਦੋਖੀ ਕਹਿ ਕੇ ਦੁਰਕਾਰਿਆ ਜਾਂਦਾ ਹੈ। ਭਾਵੇਂ ਆਪਣੇ ਸਵਾਰਥ ਹਿਤ ਕਈ ਸਿੱਖਾਂ ਨੇ ਖਾਲਸੇ ਦੀ ਪ੍ਰੀਭਾਸ਼ਾ ਆਪਣੀ ਹੀ ਘੜ ਲਈ ਹੈ। ਵੰਨ-ਸੁਵੰਨੇ ਸਵਾਂਗਾਂ ਵਾਲੇ ਖਾਲਸੇ ਸਿੱਖ ਸਮਾਜ ਵਿਚ ਆਪੋ-ਆਪਣੀ ਡੁੱਗਡੁਗੀ ਵਜਾਈ ਜਾ ਰਹੇ ਹਨ ਪਰੰਤੂ ਅਸਾਂ ਓੜਕ ਉਹੀ ਖਾਲਸੇ ਦਾ ਰੂਪ ਅਪਨਾਉਣਾ ਹੈ, ਜੋ ਸ੍ਰੀ ਕਲਗੀਧਰ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਸਾਨੂੰ ਅਪਨਾਉਣ ਲਈ ਫਰਮਾਇਆ ਸੀ। ਖਾਲਸਾ ਸੱਜ-ਧੱਜ ਕੇ ਵੀ ਜੇ ਅਸੀਂ ਅੱਜ ਉੱਚੀਆਂ ਨੀਵੀਆਂ ਜਾਤਾਂ-ਗੋਤਾਂ ਵਿਚ ਵੰਡੇ ਹੋਏ ਹਾਂ ਤਾਂ ਸਪੱਸ਼ਟ ਹੈ ਕਿ ਅਸਾਂ ਹਾਲੇ ਖਾਲਸਾ ਪੰਥ ਨੂੰ ਦਿਲੋਂ ਨਹੀਂ ਅਪਨਾਇਆ। ਗੁਰੂ ਸਾਹਿਬ ਨੇ ਵੱਖ-ਵੱਖ ਜਾਤੀਆਂ ਨਾਲ ਸਬੰਧਿਤ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਇਕ-ਮਿਕ ਕਰ ਦਿੱਤਾ ਸੀ। ਬਾਅਦ ਵਿਚ ਹਜ਼ਾਰਾ ਸਿੱਖ ਅੰਮ੍ਰਿਤ ਛਕ ਕੇ ਖਾਲਸਾ ਖਾਲਸਾ

ਪੰਥ ਦਾ ਵਿਸ਼ਾਲ ਪਰਿਵਾਰ ਬਣ ਗਏ ਸਨ। ਇਸ ਪਰਿਵਾਰ ਨੇ ਲੱਖਾਂ ਗਰੀਬ-ਗੁਰਬਿਆਂ ਅਤੇ ਦਲਿਤਾਂ ਨੂੰ ਆਪਣੇ ਗਲੇ ਲਗਾ ਕੇ, ਗਿੱਦੜਾਂ ਤੋਂ ਬੱਬਰ ਸ਼ੇਰ ਬਣਾ ਦਿੱਤਾ ਸੀ। ਪਰ ਅਫ਼ਸੋਸ ਹੈ ਕਿ ਇਹ ਪਰਿਵਾਰ ਦਿਨੋ-ਦਿਨ ਖਿੰਡ ਰਿਹਾ ਹੈ। ਇਸ ਵਿਚ ਉਹ ਕਮਜ਼ੋਰੀਆਂ ਉਤਪੰਨ ਹੋ ਰਹੀਆਂ ਹਨ ਜਿੰਨ੍ਹਾਂ ਤੋਂ ਗੁਰੂ ਸਾਹਿਬ ਨੇ ਸਾਨੂੰ ਸੁਰਖਰੂ ਕੀਤਾ ਸੀ। ਬਿਪਰਵਾਦ ਸਾਨੂੰ ਨਿਗਲਣ ਨੂੰ ਫਿਰਦਾ ਹੈ। ਗੁਰੂ ਦਾ ਪੰਥ ਇਕ ਨਿਆਰਾ ਪੰਥ ਸੀ। ਇਸ ਦਾ ਬਿਪਰਵਾਦ ਨਾਲ ਕੋਈ ਸੰਬੰਧ ਨਹੀਂ। ਇਸ ਪੁਸਤਕ ਵਿਚ ਮੈਂ ਆਪਣੇ ਸਿੱਖ ਭਾਈਆਂ ਨੂੰ ਉਨ੍ਹਾਂ ਵਿਚ ਪਨਪ ਰਹੀਆਂ ਘਾਟਾਂ ਤੇ ਖਾਮੀਆਂ ਤੋਂ ਸੁਚੇਤ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਉਮੀਦ ਹੈ ਕਿ ਖਾਲਸਾ ਪੰਥ ਅੰਦਰ ਦੀ ਝਾਤ ਮਾਰ ਕੇ, ਆਪਣੇ ਮੁੱਢਲੇ ਜਲੌਅ ਵਿਚ ਆਉਣ ਦਾ ਉਪਰਾਲਾ ਕਰੇਗਾ। ਅਜੋਕੇ ਸਮੇਂ ਵਿਚ ਸਿੱਖ ਗੁਰਮਤ ਦਾ ਪੱਲਾ ਨਹੀਂ ਫੜ ਰਹੇ। ਉਨ੍ਹਾਂ ਵਿਚ ਕਈ ਤਾਂ ਗ਼ੈਰ ਮਜ਼੍ਹਬਾਂ ਦੀਆਂ ਰੀਤ-ਰਿਵਾਜ ਅਪਣਾ ਕੇ ਮਾਡਰਨ ਬਣਨ ਦਾ ਭਰਮ ਪਾਲ ਰਹੇ ਹਨ। ਕਾਂ ਜਦੋਂ ਹੰਸ ਦੀ ਚਾਲ ਚੱਲਿਆ ਸੀ ਤਾਂ ਉਹ ਕਾਂ ਰਿਹਾ ਨਾ ਹੰਸ। ਇਸੇ ਤਰ੍ਹਾਂ ਸਾਡੇ ਕਈ ਭਰਾ ਦੋਬਾਰਾ ਬ੍ਰਾਹਮਣਵਾਦ ਦੀ ਝੋਲੀ ਵਿਚ ਪੈ ਕੇ ਆਪਣੇ ਹਿੰਦੂ ਭਾਈਆਂ ਨੂੰ ਖ਼ੁਸ਼ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਦੀ ਖ਼ੁਸ਼ੀ ਆਰਜ਼ੀ ਹੁੰਦੀ ਹੈ ਤੇ ਸਾਡੇ ਸ੍ਵੈ-ਵਿਸ਼ਵਾਸ ਦੀ ਘਾਟ ਦਾ ਪ੍ਰਤੀਕ ਹੈ। ਜਿਸ ਜਿੱਲ੍ਹਣ ਤੇ ਦਲਦਲ ਵਿਚੋਂ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਬਾਹਰ ਕੱਢਿਆ ਸੀ, ਉਸ ਵਿਚ ਦੁਬਾਰਾ ਧਸ ਜਾਣਾ ਕੋਈ ਅਕਲਮੰਦੀ ਨਹੀਂ, ਸਗੋਂ ਘੋਰ ਬਦਕਿਸਮਤੀ ਹੈ। ਢਹਿੰਦੀਆਂ ਕਲਾਂ ਵੱਲ ਜਾਣਾ ਹੈ। ਆਓ ਗੁਰਮਤ ਤੇ ਗੁਰਬਾਣੀ ਦਾ ਲੜ ਫੜ ਕੇ ਚੜ੍ਹਦੀਆਂ ਕਲਾਂ ਵੱਲ ਕਦਮ ਪੁੱਟੀਏ।

15 ਅਗਸਤ 2017

—ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

# ਅਸੀਂ ਕਦੋਂ ਬਣਾਂਗੇ ਸਿੱਖਾਂ ਤੋਂ ਖਾਲਸੇ ?

ਸਿੱਖੀ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਉੱਪਰ ਉਦੈ ਹੋਇਆਂ ਪੰਜ ਸੌ ਸਾਲ ਤੋਂ ਉੱਪਰ ਬੀਤ ਚੁੱਕੇ ਹਨ। ਪੰਜਾਬ ਦਾ ਲਿਖਤੀ ਇਤਿਹਾਸ ਵੀ ਤਕਰੀਬਨ ਇਸੇ ਕਾਲ ਤੋਂ ਆਰੰਭ ਹੁੰਦਾ ਹੈ। ਸਿੱਖ ਧਰਮ ਦੇ ਬਾਨੀ ਨੇ ਤਿੰਨ ਹੋਰ ਗੁਰੂ ਸਾਹਿਬਾਨ ਵਾਂਗ ਹਿੰਦੂ ਧਰਮ ਵਿਚ ਜਨਮ ਲਿਆ ਸੀ। ਬਾਬੇ ਨਾਨਕ ਦੀ ਗੁਰਮਤ ਤੋਂ ਕਾਇਲ ਹੋ ਕੇ, ਉਨ੍ਹਾਂ ਨੇ ਸਿੱਖ ਧਰਮ ਅਪਣਾ ਲਿਆ ਸੀ। ਧਰਮ ਬਦਲੀ ਦੀ ਇਹ ਲੋੜ ਕਿਉਂ ਪਈ ? ਉਸ ਵਕਤ ਹਿੰਦੂ ਧਰਮ ਵੀ ਇਸਲਾਮ ਵਾਂਗ ਨਿਘਰਦਾ ਜਾ ਰਿਹਾ ਸੀ। ਇਕ ਜਿਉਂਦਾ ਜਾਗਦਾ ਧਰਮ, ਸਮੇਂ ਦੇ ਬੀਤਣ ਨਾਲ ਭ੍ਰਿਸ਼ਟ ਹੋ ਕੇ ਆਪਣਾ ਮੌਲਿਕ ਰੂਪ ਗਵਾ ਚੁੱਕਾ ਸੀ। ਇਹ ਇਕ ਪਾਖੰਡ ਜਾਂ ਦੰਭ ਬਣ ਕੇ ਰਹਿ ਗਿਆ ਸੀ। ਸਿੱਖ ਧਰਮ ਦੇ ਬਾਨੀ ਨੇ ਅਜਿਹੇ ਧਰਮ ਨੂੰ ਅਪਨਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਹ ਧਰਮ ਆਪਣੇ ਮੌਲਿਕ ਤੇ ਮੁੱਢਲੇ ਸਰੂਪ ਤੋਂ ਕੋਹਾਂ ਦੂਰ ਜਾ ਚੁੱਕਾ ਸੀ। ਮੂਰਤੀ ਪੂਜਾ, ਦੇਵੀ-ਦੇਵਤਿਆਂ ਵਿਚ ਅੰਧ ਵਿਸ਼ਵਾਸ ਤੇ ਜਾਤ-ਪਾਤ ਇਕ ਗ਼ੈਰ ਇਨਸਾਨੀ ਤੇ ਘਿਨੌਣਾ ਰੂਪ ਧਾਰਨ ਕਰ ਚੁੱਕਾ ਸੀ। ਧਰਮ ਦੇ ਬਾਨੀ ਨੇ ਹਜ਼ਾਰਾਂ ਮੀਲ ਪੈਦਲ ਸਫ਼ਰ ਕਰਕੇ ਮੁੱਖ ਧਰਮ ਸਥਾਨਾਂ ਤੇ ਜਾ ਕੇ ਇਸ ਨੂੰ ਬਾਣੀ ਦੇ ਉਚਾਰਨ ਨਾਲ, ਤਰਕ ਵਿਧੀ ਨਾਲ ਇਨ੍ਹਾਂ ਕੁਰੀਤੀਆਂ, ਪਖੰਡਾਂ ਤੇ ਦੰਭਾਂ ਦਾ ਭਰਪੂਰ ਖੰਡਨ ਕੀਤਾ। ਭ੍ਰਿਸ਼ਟ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਕੌਡੇ ਰਾਖਸ਼, ਸੱਜਣ ਠੱਗ ਤੇ ਵਲੀ ਕੰਧਾਰੀ ਵਰਗੇ ਆਪਣਾ ਪਰੰਪਰਾਵਾਦੀ ਧਰਮ ਛੱਡ ਕੇ, ਗੁਰੂ ਜੀ ਦੇ ਭਗਤ ਤੇ ਪੁਜਾਰੀ ਬਣ ਗਏ।

ਸਿੱਖ ਧਰਮ, ਪਖੰਡਾਂ ਤੇ ਦੰਭਾਂ ਦੇ ਵਿਰੁੱਧ ਦੀਵਾਰ ਬਣ ਕੇ ਖੜ ਗਿਆ। ਸਿੱਖ ਲੋਕ ਦੇਵੀ-ਦੇਵਤਿਆਂ, ਬੁੱਤਾਂ ਦੀ ਪੂਜਾ ਤੇ ਹੋਰ ਘੋਰ ਅੰਧ-ਵਿਸ਼ਵਾਸ ਛੱਡ ਕੇ ਇਕ ਅਕਾਲ ਪੁਰਖ ਨੂੰ ਮੰਨਣ ਲੱਗੇ। ਪੰਜਾਬ ਦੇ ਬਹੁਤ ਸਾਰੇ ਲੋਕ ਬਾਬੇ ਨਾਨਕ ਦੇ ਨਾਮ-ਲੇਵਾ ਬਣ ਕੇ, ਆਪਣਾ ਜੀਵਨ ਬਤੀਤ ਕਰਨ ਲੱਗੇ। ਬ੍ਰਾਹਮਣਾਂ ਤੋਂ ਇਹ ਇਕ ਵੱਖਰਾ ਮੱਤ ਸੀ। ਇਸ ਵਿਚ ਬ੍ਰਾਹਮਣਾਂ ਜਾਂ ਵਿਚੋਲਿਆਂ ਦੀ ਕੋਈ ਭੂਮਿਕਾ ਨਹੀਂ ਸੀ। ਜਗਰਾਤਿਆਂ, ਯੱਗਾਂ, ਹਵਨਾਂ ਤੇ ਹੋਰ ਕਰਮਕਾਂਡਾਂ ਨੂੰ ਸਿੱਖ ਮੱਤ ਵਿਚ ਮਨਮੱਤ ਕਰਾਰਿਆ ਗਿਆ। ਲੋਕਾਂ ਨੂੰ ਹਰ ਕਿਸਮ ਦੇ ਕਰਮਕਾਂਡਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ। ਹਰੇਕ ਸਿੱਖ ਨੂੰ ਇਕੋ ਅਕਾਲ ਪੁਰਖ ਦੀ ਅਰਾਧਨਾ ਤੇ ਸਿਮਰਨ ਕਰਨ ਲਈ ਪ੍ਰੇਰਿਆ ਗਿਆ। ਜੰਤਰਾਂ-ਮੰਤਰਾਂ ਤੇ ਤੰਤਰਾਂ ਦੀ ਵਾਧੂ ਤੇ ਫੋਕੀ ਕਿਰਿਆ ਨੂੰ ਫਜ਼ੂਲ ਤੇ ਬੇਕਾਰ ਕਰਮਕਾਂਡ ਕਹਿ ਕੇ ਨਕਾਰਿਆ ਗਿਆ।

ਇਨ੍ਹਾਂ ਹਲਾਤਾਂ ਵਿਚ, ਬ੍ਰਾਹਮਣਾਂ ਦਾ ਤਿਲ-ਮਿਲਾਉਣਾ ਲਾਜ਼ਮੀ ਸੀ। ਉਸ ਵਕਤ ਬ੍ਰਾਹਮਣਾਂ ਦੀ ਸਮਾਜ ਵਿਚ ਪੂਰੀ ਅਜ਼ਾਰੇਦਾਰੀ ਸੀ। ਲੋਕ ਉਨ੍ਹਾਂ ਉੱਪਰ ਅੰਧ-ਵਿਸ਼ਵਾਸ ਰੱਖਦੇ ਸਨ ਤੇ ਉਨ੍ਹਾਂ ਦੇ ਇਸ਼ਾਰਿਆਂ ਤੇ ਹੀ ਆਪਣਾ ਸਮੁੱਚਾ ਜੀਵਨ ਬਤੀਤ ਕਰਦੇ ਸਨ। ਜਦ ਲੋਕਾਂ ਨੇ ਬਾਬੇ ਨਾਨਕ ਦਾ ਮਾਰਗ ਅਪਨਾਉਣਾ ਸ਼ੁਰੂ ਕਰ ਦਿੱਤਾ ਤਾਂ ਬ੍ਰਾਹਮਣਾਂ ਨੇ ਸਿੱਖ ਧਰਮ ਵਿਰੁੱਧ ਹਰ ਕਿਸਮ ਦਾ ਕੂੜ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਜੀਵਨ ਦੇ ਹਰੇਕ ਖੇਤਰ ਵਿਚ ਸਿੱਖਾਂ ਨੂੰ ਅਨਪੜ੍ਹ, ਗਵਾਰ, ਨਾਸਤਿਕ ਤੇ ਸ਼ੈਤਾਨ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਸਾਥ, ਗੁਰੂ ਘਰ ਦੇ ਕਈ ਦੋਖੀਆਂ ਨੇ ਵੀ ਦੇਣਾ ਆਰੰਭ ਕਰ ਦਿੱਤਾ। ਪਰ ਸੱਚ ਦੀ ਅਉਧ ਕੁਸੱਚ ਨਾਲੋਂ ਲੰਮੇਰੀ ਹੁੰਦੀ ਹੈ। ਇਸ ਲਈ ਕਈ ਕਿਸਮ ਦੀਆਂ ਔਕੜਾਂ ਤੇ ਮੁਸੀਬਤਾਂ ਤੋਂ ਬਾਅਦ ਅਖੀਰ ਗੁਰਮੱਤ ਦੀ ਜੈ ਹੋਈ ਤੇ ਬਹੁਤ ਸਾਰੇ ਹੋਰ ਲੋਕ ਸਿੱਖ ਧਰਮ ਦੇ ਸਿਧਾਤਾਂ ਨਾਲ ਬੱਝ ਗਏ। ਲੋਕ ਬ੍ਰਾਹਮਣਾਂ ਦੀਆਂ ਕੁਚਾਲਾਂ ਤੇ ਸਾਜਿਸ਼ਾਂ ਨੂੰ ਸਮਝਣ ਲੱਗ ਪਏ। ਹੌਲੀ-ਹੌਲੀ ਪੰਜਾਬ ਦਾ ਬਹੁਤਾ ਭਾਗ ਗੁਰਾਂ ਦਾ ਨਾਮ ਲੈ ਕੇ ਜੀਣ ਲੱਗਾ। ਇਸ ਧਰਮ ਨੂੰ ਬਾਬੇ ਨਾਨਕ ਤੋਂ ਬਾਅਦ, ਬਾਕੀ ਨੌ ਗੁਰੂ ਸਾਹਿਬਾਨ ਨੇ ਵੀ ਪੂਰੀ ਸ਼ਰਧਾ ਤੇ ਵਫ਼ਾਦਾਰੀ ਨਾਲ ਨਿਭਾਇਆ ਤੇ ਸਿੱਖ ਧਰਮ ਪੰਜਾਬ ਵਿਚ ਇਕ ਤੀਜੇ ਧਰਮ ਦੇ ਰੂਪ ਵਿਚ ਹੋਂਦ ਵਿਚ ਆਇਆ।

ਅਠਾਰਵੀਂ ਸਦੀ ਵਿਚ ਸਿੰਘਾਂ ਜਾਂ ਸਿੱਖਾਂ ਦਾ ਕਰੜਾ ਇਮਤਿਹਾਨ ਹੋਇਆ। ਸਿੱਖਾਂ ਲਈ ਇਹ ਜੀਵਨ ਤੇ ਮੌਤ ਦਾ ਸਵਾਲ ਸੀ। ਇਸ ਦੌਰ ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ ਤੇ ਉਨ੍ਹਾਂ ਨੂੰ ਘਰ-ਘਾਟ ਛੱਡ ਕੇ ਜੰਗਲਾਂ ਵਿਚ ਨਿਵਾਸ ਕਰਨਾ ਪਿਆ। ਇਨ੍ਹਾਂ ਨੂੰ ਅਬਦਾਲੀ ਨੇ ਖਤਮ ਕਰਨ ਲਈ ਦੋ ਘੱਲੂਘਾਰੇ ਕੀਤੇ ਪਰੰਤੂ ਆਪਣੇ ਹਜ਼ਾਰਾਂ ਸਿੱਖ ਸ਼ਹੀਦ ਕਰਵਾ ਕੇ ਵੀ ਉਨ੍ਹਾਂ ਨੇ ਚੜ੍ਹਦੀ ਕਲਾ ਦਾ ਪੱਲਾ ਨਾ ਛੱਡਿਆ। ਮੁਗ਼ਲਾਂ ਦੇ ਸੂਬੇਦਾਰ ਤੇ ਅਫ਼ਗਾਨਿਸਤਾਨ ਦੇ ਅਬਦਾਲੀ ਤੇ ਦੁਰਾਨੀ ਇਨ੍ਹਾਂ ਦੇ ਹੌਂਸਲੇ ਪਸਤ ਨਾ ਕਰ ਸਕੇ।

ਇਸ ਤੋਂ ਬਾਅਦ, ਸਿੱਖ ਪੰਜਾਬ ਦੇ ਮਾਲਕ ਬਣ ਗਏ। ਸਾਰਾ ਪੰਜਾਬ ਮਿਸਲਾਂ ਵਿਚ ਵੰਡਿਆ ਗਿਆ। ਮਿਸਲਾਂ ਨੂੰ ਖਤਮ ਕਰਕੇ, ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਉੱਤਰ-ਪੱਛਮੀ ਖੇਤਰ ਵਿਚ ਆਪਣੀ ਖਾਲਸਾ ਸਰਕਾਰ ਕਾਇਮ ਕੀਤੀ। ਉਸ ਦੇ ਰਾਜ ਵਿਚ ਸਿੱਖਾਂ ਦੀ ਗਿਣਤੀ ਨੱਬੇ ਲੱਖ ਤੱਕ ਪਹੁੰਚ ਗਈ। ਸਿੱਖਾਂ ਨੇ ਆਪਣਾ ਇਕ ਗੌਰਵਮਈ ਇਤਿਹਾਸ ਸਿਰਜਿਆ ਤੇ ਚਾਰੇ ਪਾਸੇ ਸਿੱਖੀ ਦਾ ਡੰਕਾ ਵੱਜਣ ਲੱਗਾ। ਸਮੁੱਚੇ ਪੰਜਾਬ ਵਿਚ ਹਿੰਦੂ ਤੇ ਮੁਸਲਮਾਨ ਵੀ ਸਿੱਖਾਂ ਨੂੰ ਆਪਣੇ ਰਹਿਨੁਮਾਂ ਤੇ ਰਖਵਾਲੇ ਸਮਝਣ ਲੱਗੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਲ ਸਿੱਖ ਧਰਮ ਦਾ ਸੁਨਹਿਰੀ ਯੁੱਗ ਸੀ। ਇਸ ਸਮੇਂ ਸਿੱਖਾਂ ਦੇ ਪਰਚਮ ਗਜ਼ਨੀ ਕੰਧਾਰ, ਲੇਹ ਲੱਦਾਖ ਤੇ ਕਸ਼ਮੀਰ ਵਿਚ ਝੁੱਲਦੇ ਸਨ। ਇਕ ਸਿੱਖ ਸਿਪਾਹੀ ਨੂੰ ਸਭ ਦਾ ਰਖਵਾਲਾ ਸਮਝਿਆ ਜਾਂਦਾ ਸੀ। ਉਹ ਗਰੀਬ, ਬ੍ਰਿਧ ਤੀਵੀਂ ਤੇ ਬਾਲਾਂ ਦੀ ਰਾਖੀ ਕਰਦਾ ਸੀ। ਉਹ ਕਿਸੇ ਬੇਹਥਿਆਰੇ ਉੱਪਰ ਵਾਰ ਨਹੀਂ ਕਰਦਾ ਸੀ। ਉਸ ਨੇ ਲੱਖਾਂ, ਪਠਾਣਾਂ ਦੁਆਰਾ ਅਗਵਾ ਕੀਤੀਆਂ ਔਰਤਾਂ ਨੂੰ ਆਪਣੇ ਘਰ ਭੇਜਣ ਦਾ ਮਾਣ ਹਾਸਿਲ ਕੀਤਾ

ਸੀ। ਉਸ ਦੇ ਕਿਰਦਾਰ ਦੀਆ ਅਬਦਾਲੀ, ਦੁਰਾਨੀ ਤੇ ਮੌਹਸਿਨ ਫਾਨੀ ਵਰਗੇ ਤਾਰੀਫ਼ ਕਰਦੇ ਸਨ।

ਪਰ ਇਹ ਦ੍ਰਿਸ਼ ਸਿੱਖਾਂ ਦਾ ਰਾਜ ਜਾਣ ਬਾਅਦ ਤੁਰੰਤ ਬਦਲ ਗਿਆ। 1861 ਦੀ ਮਰਦਮ ਸ਼ੁਮਾਰੀ ਅਨੁਸਾਰ ਸਿੱਖਾਂ ਦੀ ਗਿਣਤੀ ਨੱਬੇ ਲੱਖ ਤੋਂ ਘੱਟ ਕੇ ਅਠਾਰਾਂ ਲੱਖ ਤੱਕ ਸੀਮਤ ਹੋ ਗਈ। ਆਰੀਆ ਸਮਾਜੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਸਿੱਖ ਇਤਿਹਾਸ ਦੇ ਕੁਝ ਪੰਨਿਆਂ ਤੱਕ ਹੀ ਸੀਮਤ ਹੋ ਜਾਣਗੇ। ਭਾਵੇਂ ਸਿੰਘ ਸਭਾ ਲਹਿਰ ਰਾਹੀਂ ਸਿੱਖਾਂ ਨੇ ਦੁਬਾਰਾ ਸੰਭਲਣ ਦੀ ਕੋਸ਼ਿਸ ਕੀਤੀ। ਭਾਈ ਕਾਹਨ ਸਿੰਘ ਨਾਭਾ, ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਗੁਰਦਿੱਤ ਸਿੰਘ ਵਰਗਿਆਂ ਨੇ ਸਿੱਖੀ ਨੂੰ ਆਪਣੀ ਪੁਰਾਤਨ ਸ਼ਾਨ ਨੂੰ ਕਾਇਮ ਰੱਖਣ ਲਈ ਉਪਰਾਲੇ ਕੀਤੇ। ਚੀਫ਼ ਖਾਲਸਾ ਦੀਵਾਨ ਨੇ ਵੀ ਸਿੱਖੀ ਦੀ ਚੜ੍ਹਤ ਵਿਚ ਭਾਗ ਲਿਆ। ਭਾਵੇਂ ਇਹ ਜਮਾਤ ਅੰਗਰੇਜ਼ਾਂ ਦੀ ਪਿੱਠੂ ਬਣ ਕੇ ਵਿਚਰਦੀ ਰਹੀ। ਸਿੱਖਾਂ ਨੇ ਆਪਣੀ ਬਹਾਦਰੀ ਦੇ ਜੌਹਰ ਪਹਿਲੀ ਤੇ ਦੂਜੀ ਆਲਮੀ ਜੰਗ ਵਿਚ ਖ਼ੂਬ ਵਿਖਾਏ ਅਤੇ ਸਾਰੀ ਦੁਨੀਆਂ ਵਿਚ ਆਪਣੀ ਸੈਨਿਕ ਸਮਰੱਥਾ ਦੀਆਂ ਧੁੰਮਾਂ ਪਾਈਆਂ। ਉਨ੍ਹਾਂ ਨੇ ਉੱਚੇ ਤੋਂ ਉੱਚੇ ਸੈਨਿਕ ਤਮਗੇ ਵੀ ਪ੍ਰਾਪਤ ਕੀਤੇ। ਅਮਰੀਕਾ, ਕੈਨੇਡਾ, ਬਰਤਾਨੀਆਂ ਅਤੇ ਮਲਾਇਆ, ਸਿੰਘਾਪੁਰ ਵਿਚ ਆਪਣੀ ਵੀਰਤਾ ਦੇ ਕੀਰਤੀਮਾਨ ਸਥਾਪਿਤ ਕੀਤੇ। ਸਿੱਖਾਂ ਨੇ ਆਪਣਾ ਜੋ ਸ਼ਾਨਦਾਰ ਇਤਿਹਾਸ ਰਚਿਆ ਸੀ, ਉਸ ਦੀ ਚਾਰ-ਚੁਫ਼ੇਰੇ ਚਰਚਾ ਹੋਣ ਲੱਗੀ। ਸਿੰਘਾਂ ਨੇ ਆਪਣੇ ਇਤਿਹਾਸ ਨੂੰ ਰੁਸ਼ਨਾਣ ਲਈ, ਨਨਕਾਣਾ ਸਾਹਿਬ, ਗੁਰੂ ਕਾ ਬਾਗ ਅਤੇ ਜੈਤੋ ਦੇ ਮੋਰਚੇ ਲਗਾ ਕੇ, ਸਿੱਖੀ ਦੀ ਆਨ ਤੇ ਸ਼ਾਨ ਨੂੰ ਹੋਰ ਦੂਣ ਸਵਾਇਆ ਕੀਤਾ।

ਪਰੰਤੂ ਅਜ਼ਾਦੀ ਤੋਂ ਬਾਅਦ, ਅਸੀਂ ਆਪਣੀਆਂ ਪ੍ਰਾਪਤੀਆਂ ਨੂੰ ਰਸਾਤਲ ਵੱਲ ਜਾਣਤੋਂ ਰੋਕ ਨਾ ਸਕੇ। ਸਮੇਂ ਦੀ ਸਰਕਾਰ ਨੇ ਸਾਡੇ ਧਰਮ ਨੂੰ ਖਵਾਰ ਕਰਨ ਵਿਚ ਕੋਈ ਕਸਰ ਨਾ ਛੱਡੀ। ਉਹ ਸਿੱਖਾਂ ਦੀ ਮਾਰਸ਼ਲ ਸ਼ਕਤੀ ਤੋਂ ਖੌਫ਼ਜ਼ਦਾ ਸਨ ਤੇ ਉਹ ਇਨ੍ਹਾਂ ਨੂੰ ਆਪਣੇ ਲਈ ਇਕ ਖ਼ਤਰਾ ਸਮਝਦੇ ਸਨ। ਸਿੱਖਾਂ ਵਿਚ ਸਿਆਸੀ ਸੂਝ ਦੀ ਘਾਟ ਕਾਰਨ, ਇਹ ਖਾਲਿਸਤਾਨ ਨੂੰ ਪ੍ਰਾਪਤ ਕਰਨ ਤੋਂ ਝਿਜਕਦੇ ਰਹੇ। ਜਦੋਂ ਇਨ੍ਹਾਂ ਨੂੰ ਸੁਰਤ ਆਈ ਤਾਂ ਸਹੀ ਸਮਾਂ ਗੁਜ਼ਰ ਚੁੱਕਾ ਸੀ। ਬਾਅਦ ਵਿਚ ਉਹ ਈਦ ਪਿੱਛੋਂ ਤੰਬਾ ਫੂਕਦੇ ਰਹੇ ਪਰ ਹੁਣ ਊਠਾਂ ਵਾਲੇ ਲੱਦ ਚੁੱਕੇ ਸਨ। ਚਿੜੀਆਂ ਖੇਤ ਚੁੱਗ ਚੁੱਕੀਆਂ ਸਨ।

ਹੌਲੀ-ਹੌਲੀ ਅਜੋਕੇ ਸਿੱਖਾਂ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ। ਉਹ ਆਪਣਾ ਪੁਰਾਤਨ ਵਿਰਸਾ ਤੇ ਗੌਰਵਮਈ ਇਤਿਹਾਸ ਵਿਸਾਰ ਬੈਠੇ। ਉਨ੍ਹਾਂ ਨੇ ਬ੍ਰਾਹਮਣਵਾਦੀ ਰੀਤਾਂ-ਰਿਵਾਜ਼ਾਂ ਨੂੰ ਅਪਨਾਉਣਾ ਆਰੰਭ ਕਰ ਦਿੱਤਾ। ਹਿੰਦੂ ਤਿਉਹਾਰਾਂ ਤੇ ਰੀਤਾਂ-ਰਿਵਾਜ਼ਾਂ ਨੂੰ ਆਪਣੇ ਰੋਜ਼ਮਰ੍ਹਾ ਜੀਵਨ ਵਿਚ ਜਗ੍ਹਾ ਦੇਣੀ ਸ਼ੁਰੂ ਕਰ ਦਿੱਤੀ। ਗੁਰਮੱਤ ਨੂੰ ਤਿਆਗ ਕੇ ਉਹ ਖੱਜਲ-ਖੁਆਰ ਹੋਣ ਲੱਗੇ। ਉਨ੍ਹਾਂ ਨੇ ਮੀਟ ਛੱਡ ਕੇ ਮੂੰਗੀ ਦੀ ਦਾਲ ਖਾਣੀ ਸ਼ੁਰੂ ਕਰ ਦਿੱਤੀ। ਉਹ ਚਲੀਹੇ, ਚੁਪਹਿਰੇ, ਅਖੰਡ ਪਾਠਾਂ ਤੇ ਹੋਰ ਹਿੰਦੂ ਕਰਮਕਾਂਡਾਂ ਨੂੰ ਅਪਨਾਉਣ ਲੱਗੇ। ਇਸ ਤਰ੍ਹਾਂ ਸਿੱਖੀ ਨੂੰ ਜਬਰਦਸਤ ਢਾਅ ਲੱਗੀ। ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਤੇ ਇਸ ਦੇ ਸਿਧਾਂਤ ਨੂੰ ਆਪਣੇ ਜੀਵਨ ਵਿਚ ਅਪਨਾਉਣ ਦੀ

ਜਗ੍ਹਾ, ਇਸ ਦੀ ਪੂਜਾ ਕਰਨ ਲੱਗੇ। ਗੁਰੂ ਸਾਹਿਬਾਨ ਨੇ ਜਿਸ ਕੁੰਭੀ ਨਰਕ ਵਿਚੋਂ ਇਨ੍ਹਾ ਨੂੰ ਕੱਢਿਆ ਸੀ, ਉਹ ਉਸ ਵਿਚ ਹੀ ਗਰਕਣ ਵਿਚ ਆਪਣੀ ਗਨੀਮਤ ਸਮਝਣ ਲੱਗੇ।

ਅੱਜ ਸਾਡਾ ਸਿੱਖ ਜਗਤ, ਕੇਸ ਦਾਹੜੀ ਤੇ ਮੁੱਛਾਂ ਰੱਖ ਕੇ ਹੀ ਆਪਣੇ ਆਪ ਨੂੰ ਸੰਪੂਰਨ ਸਿੱਖ ਸਮਝਣ ਲੱਗ ਪਿਆ ਹੈ। ਇਹ ਸਾਬਤ ਸੂਰਤ ਵਾਲੇ ਸਿੱਖ ਤਾਂ ਹਨ ਪਰੰਤੂ ਇਨ੍ਹਾਂ ਦੀ ਸੀਰਤ ਸਿੱਖਾਂ ਵਾਲੀ ਨਹੀਂ। ਸਿੱਖੀ ਸਪਿਰਟ ਦੀ ਇਨ੍ਹਾਂ ਵਿਚ ਸਖ਼ਤ ਘਾਟ ਹੈ। ਇਹ ਜਟਾਧਾਰੀ ਸਿੱਖ ਬਣ ਕੇ ਰਹਿ ਗਏ ਹਨ। ਗੁਰਮੱਤ ਇਨ੍ਹਾਂ ਤੋਂ ਕੋਹਾਂ ਦੂਰ ਹੈ। ਅਜਿਹੇ ਸਿੱਖਾਂ ਦੇ ਦਰਸ਼ਨ ਕਰਕੇ ਇਹ ਕਹਿਣਾ ਪੈਂਦਾ ਹੈ, "ਸਿੱਖੀ ਹਾਲੇ ਦੂਰ ਅਸਤ।" ਸਾਡੀ ਇਹ ਚਿੰਤਾ ਵਧਦੀ ਜਾਂਦੀ ਹੈ ਕਿ ਸਾਡੀ ਕੌਮ ਕਦ ਸਿੱਖਾਂ ਤੋਂ ਖਾਲਸਾ ਬਣੇਗੀ ?

# ਢੌਂਗੀਆਂ ਦੇ ਵੱਗ ਫਿਰਦੇ

ਸਾਡੇ ਸਿੱਖ ਜਗਤ ਵਿਚ ਅਜਿਹੇ ਅਨੇਕਾਂ ਸਿੱਖ ਹਨ ਜੋ ਸਿੱਖ ਹੋਣ ਦਾ ਭਰਮ ਪਾਲਣ ਲਈ ਦਾਹੜਾ ਤੇ ਕੇਸ ਰੱਖ ਲੈਂਦੇ ਹਨ ਅਤੇ ਆਪਣੇ ਆਪ ਨੂੰ ਸਾਬਤ ਸੂਰਤ ਸਿੱਖ ਹੋਣ ਦਾ ਦਾਹਵਾ ਕਰਦੇ ਹਨ। ਜਿਹੜੇ ਸਿੱਖਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕੀਤੀ ਹੋਵੇ, ਉਨ੍ਹਾਂ ਸਿੱਖਾਂ ਨੂੰ ਇਹ ਭੱਦਰਪੁਰਸ਼ ਪਤਿਤ ਸਿੱਖ ਆਖ ਕੇ, ਆਪਣੀ ਸਾਬਤ ਸੂਰਤ ਦਾ ਡਾਹਢਾ ਗੁਮਾਨ ਕਰਦੇ ਹਨ। ਇਨ੍ਹਾਂ ਨੇਕਬਖਤਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੋਈ ਗਿੱਦੜ ਕੇਵਲ ਸ਼ੇਰ ਦੀ ਖੱਲ ਪਹਿਨ ਕੇ ਹੀ ਬੱਬਰ ਸ਼ੇਰ ਨਹੀਂ ਬਣ ਜਾਂਦਾ। ਕੇਸ ਰੱਖਣੇ ਸਿੱਖੀ ਦਾ ਇਕ ਮਹੱਤਵਪੂਰਨ ਅੰਗ ਹੈ ਅਤੇ ਇਨ੍ਹਾਂ ਦੀ ਸੰਭਾਲਣ ਕਰਨੀ ਹਰੇਕ ਸਿੱਖ ਦਾ ਪ੍ਰਮੁੱਖ ਫਰਜ਼ ਹੈ ਪਰੰਤੂ ਕੇਵਲ ਦਾਹੜੀ ਪੱਗੜੀ ਰੱਖ ਕੇ ਹੀ ਕੋਈ ਸਾਬਤ ਸੂਰਤ ਸਿੱਖ ਨਹੀਂ ਬਣ ਸਦਾ। ਇਹ ਤਾਂ ਬਹੁਤ ਹੀ ਆਸਾਨ ਕਾਰਜ ਹੈ। ਇਸੇ ਲਈ ਬਹੁਤੇ ਸਿੱਖ ਦਾਹੜੀ ਮੁੱਛਾਂ ਰੱਖ ਕੇ ਤੇ ਪੱਗੜੀ ਪਹਿਨ ਕੇ ਹੀ ਆਪਣੇ ਆਪ ਨੂੰ ਸਿੱਖ ਅਖਵਾਉਣ ਲੱਗ ਪੈਂਦੇ ਹਨ। ਸਿੱਖ ਜਗਤ ਵਿਚ ਅੱਜਕਲ੍ਹ ਅਜਿਹੇ ਹੀ ਬਹੁਤੇ ਸਿੱਖ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਦੀ ਬੇਸ਼ਕ ਸ਼ਕਲ ਤਾਂ ਸਿੱਖਾਂ ਵਰਗੀ ਹੈ ਪਰੰਤੂ ਸੀਰਤ ਵਜੋਂ ਕੋਰੇ ਹਨ। ਇਨ੍ਹਾਂ ਦੀ ਆਤਮਾਂ ਵਿਚ ਹਾਲੇ ਸਿੱਖੀ ਨੇ ਪ੍ਰਵੇਸ਼ ਨਹੀਂ ਕੀਤਾ ਹੁੰਦਾ। ਅਜਿਹੇ ਸਿੱਖ ਜਦ ਰੋਜ਼ਮਰ੍ਹਾ ਜੀਵਨ ਵਿਚ ਵਿਚਰਦੇ ਹਨ ਤਾਂ ਉਨ੍ਹਾਂ ਦੇ ਵਿਹਾਰ ਵਿਚ ਗ਼ੈਰ-ਸਿੱਖਾਂ ਨਾਲੋਂ ਕੋਈ ਵਖਰੇਵਾਂ ਨਹੀਂ ਹੁੰਦਾ। ਫਿਰ ਅਜਿਹੇ ਸਿੱਖਾਂ ਨੂੰ ਸਿੱਖ ਕਹਿਣਾ ਗਲਤ ਬਿਆਨੀ ਹੋਵੇਗੀ। ਅਜੋਕਾ ਸਿੱਖ ਜਗਤ ਅਜਿਹੇ ਨਾਮ-ਨਿਹਾਦ ਸਿੱਖਾਂ ਨਾਲ ਭਰਿਆ ਪਿਆ ਹੈ। ਸਿੱਖਾਂ ਵਿਚ ਸਿੱਖ ਘੱਟ ਤੇ ਅਸਿੱਖ ਬਹੁਤੇ ਵੇਖਣ ਨੂੰ ਮਿਲਦੇ ਹਨ।

ਜਦੋਂ ਕੋਈ ਸਿੱਖ ਭਰਾ ਬਲਾਤਕਾਰ ਦੇ ਇਲਜ਼ਾਮ ਵਿਚ ਫੜ੍ਹਿਆ ਜਾਂਦਾ ਹੈ। ਜਦੋਂ ਕੋਈ ਸਿੱਖ ਸੱਜਣ ਬਣ ਕੇ ਠੱਗੀ ਮਾਰਦਾ ਹੈ। ਜਦੋਂ ਕੋਈ ਸਿੱਖ ਏਜੰਟ ਬਣ ਕੇ ਭੋਲੇ-ਭਾਲੇ ਲੋਕਾਂ ਕੋਲੋਂ ਲੱਖਾਂ ਰੁਪੈ ਬਟੋਰ ਕੇ ਉਨ੍ਹਾਂ ਨੂੰ ਵਿਦੇਸ਼ ਭੇਜਣ ਦਾ ਨਾਟਕ ਰਚਦਾ ਹੈ ਤਾਂ ਅਜਿਹੇ ਸਿੱਖਾਂ ਦੇ ਵਿਹਾਰ ਨੂੰ ਕਿਸੇ ਵੀ ਸੂਰਤ ਵਿਚ ਪੰਥਕ ਨਹੀਂ ਕਿਹਾ ਜਾ ਸਕਦਾ। ਇਹ ਲੋਕ ਸਿੱਖੀ ਦੇ ਭੇਖ ਵਿਚ ਸੱਜਣ ਠੱਗ ਹਨ। ਪੰਥ ਇਨ੍ਹਾਂ ਦੇ ਵਿਹਾਰ ਨੂੰ ਗ਼ੈਰ ਇਨਸਾਨੀ ਕਹਿਕੇ ਨਕਾਰੇਗਾ। ਅਸਾਂ ਆਪਣੇ ਟਕਸਾਲੀ ਸਿੰਘਾਂ ਬਾਰੇ ਸੁਣਿਆ ਹੈ ਕਿ ਉਹ ਬਹੁਤ ਕਿਰਦਾਰੀ ਸਨ। ਉਹ ਕਿਸੇ ਨਿਹੱਥੇ ਤੇ ਵਾਰ ਨਹੀਂ ਕਰਦੇ ਸਨ। ਉਹ ਕਿਸੇ ਔਰਤ ਨੂੰ ਬੁਰੀ ਨਜ਼ਰ ਨਾਲ ਕਦਾਚਿੱਤ ਨਹੀਂ ਵੇਖਦੇ ਸਨ। ਵੱਡੀਆਂ ਛੋਟੀਆਂ ਨੂੰ

ਮਾਵਾਂ-ਭੈਣਾਂ ਜਾਂ ਧੀਆਂ ਸਮਝਦੇ ਸਨ।

ਅਜੋਕੇ ਜਗਤ ਵਿਚ ਤਾਂ ਇਹ ਖ਼ੂਬੀ ਖ਼ਾਮੀ ਵਿਚ ਬਦਲ ਚੁੱਕੀ ਹੈ। ਅਸੀਂ ਸੁਣਦੇ ਹਾਂ ਕਿ ਸਿੱਖਾਂ ਦੇ ਲੜਕੇ ਰਾਹਜਨੀਆਂ ਕਰਦੇ ਹਨ। ਚੋਰੀਆਂ-ਯਾਰੀਆਂ ਕਰਦੇ ਹਨ। ਹਰ ਕਿਸਮਤ ਦੇ ਕੋਝੇ ਤੇ ਗ਼ੈਰ ਇਖ਼ਲਾਕੀ ਜ਼ੁਰਮ ਕਰਨ ਤੋਂ ਰਤਾ ਵੀ ਨਹੀਂ ਝਿਜਕਦੇ। ਸਾਡੇ ਸਿਆਸੀ ਲੋਕ ਸਾਰੀ ਦਿਹਾੜੀ ਝੂਠ ਜਾਂ ਕੁਫ਼ਰ ਤੋਲ ਕੇ ਹੀ ਆਪਣੀ ਸਿਆਸਤ ਚਲਾਉਂਦੇ ਹਨ। ਕੁਫ਼ਰ ਤੋਂ ਬਿਨਾਂ ਉਨ੍ਹਾਂ ਦੀ ਸਿਆਸਤ ਚੱਲ ਹੀ ਨਹੀਂ ਸਕਦੀ। ਉਹ ਝੂਠ ਬੋਲਣਾ ਆਪਣਾ ਅਧਿਕਾਰ ਸਮਝਦੇ ਹਨ। ਵੱਡੇ ਤੋਂ ਵੱਡਾ ਕੁਫ਼ਰ ਤੋਲਣ ਤੋਂ ਉਨ੍ਹਾਂ ਦੀ ਆਤਮਾ ਜ਼ਰਾ ਵੀ ਨਹੀਂ ਥਿੜਕਦੀ। ਸਾਡੇ ਅਜੋਕੇ ਸਿਆਸੀ ਲੋਕ ਅਜਿਹੀ ਨਸਲ ਦੇ ਸਿੱਖ ਹਨ। 'ਸਿੱਖ ਇਖ਼ਲਾਕ' ਇਨ੍ਹਾਂ ਦੇ ਸ਼ਬਦਕੋਸ਼ ਵਿਚੋਂ ਗਾਇਬ ਹੋ ਚੁੱਕਾ ਹੈ। ਚੰਦ ਕੁ ਸਿੱਖ ਸੱਚੇ ਸੁੱਚੇ ਨੇਤਾ ਨਜ਼ਰ ਆ ਰਹੇ ਹਨ। ਅਜਿਹੇ ਨੇਤਾਵਾਂ ਦੀ ਸਮਕਾਲੀ ਸਿਆਸਤ ਵਿਚ ਕੋਈ ਵੁਕਤ ਨਹੀਂ। ਇਨ੍ਹਾਂ ਨੂੰ ਖੋਟੇ ਸਿੱਕੇ ਸਮਝ ਕੇ ਹਾਸ਼ੀਏ ਵੱਲ ਧੱਕ ਦਿੱਤਾ ਜਾਂਦਾ ਹੈ। ਮਤਲਬ ਇਹੀ ਨਿਕਲਦਾ ਹੈ ਕਿ ਕੋਈ ਨੇਕ ਦਿਲ ਸਿੱਖ ਸਫ਼ਲ ਨੇਤਾ ਹੋਣ ਦਾ ਸੁਪਨਾ ਵੀ ਨਹੀਂ ਲੈ ਸਕਦਾ। ਪਖੰਡੀ ਸਿੱਖ ਨੇਤਾਵਾਂ ਲਈ ਮੈਦਾਨ ਖਾਲੀ ਹੈ। ਉਹ 'ਗੁਰੂ ਦੀ ਕ੍ਰਿਪਾ' ਨਾਲ, ਕੌਮ ਤੇ ਖਜ਼ਾਨਿਆਂ ਤੇ ਗੋਲਕਾਂ ਨੂੰ ਦਿਨ-ਰਾਤ ਸੰਨਾਂ ਲਾ ਰਹੇ ਹਨ। ਅਜਿਹਾ 'ਕੌਤਕ' ਅਸੀਂ ਨਿੱਤ ਵੇਖ ਰਹੇ ਹਾਂ।

ਗੁਰੂ ਘਰਾਂ ਵਿਚ ਖਲੋ ਕੇ, ਮਹਾਰਾਜ ਦੀ ਹਜ਼ੂਰੀ ਵਿਚ, ਇਹ ਸਿੱਖ ਨੇਤਾ ਇਕ ਦੂਜੇ ਦੀਆਂ ਪੱਗਾਂ ਉਛਾਲਦੇ ਹਨ। ਕ੍ਰਿਪਾਨਾਂ ਚਲਾਉਂਦੇ ਤੇ ਥਾਣੇ ਕਚਹਿਰੀਆਂ ਵਿਚ ਸਿੱਖ ਮਸਲਿਆਂ ਨੂੰ ਘਸੀਟਦੇ ਹਨ। ਸਾਰਾ ਜਗਤ ਵੇਖ ਰਿਹਾ ਹੈ। ਇਸ ਵਿਹਾਰ ਨੂੰ ਕਿਸੇ ਵੀ ਹਾਲਤ ਵਿਚ ਖੰਥਕ ਜਾਂ ਖਾਲਸਾਈ ਨਹੀਂ ਕਿਹਾ ਜਾ ਸਕਦਾ। ਇਸੇ ਲਈ ਗ਼ੈਰ ਸਿੱਖਾਂ ਵਿਚ ਅਸੀਂ ਮਜ਼ਾਕ ਦਾ ਕੇਂਦਰ ਬਣੇ ਹੋਏ ਹਾਂ। ਗ਼ੈਰ ਸਿੱਖ ਧਰਮਾਂ ਵਾਲੇ ਕਿਸੇ ਵੇਲੇ ਸਿੱਖਾਂ ਦੀ ਸੂਰਮਗਤੀ ਤੇ ਫ਼ਰਾਖਦਿਲੀ ਦੀਆਂ ਮਿਸਾਲਾਂ ਦਿੰਦੇ ਨਹੀਂ ਥੱਕਦੇ ਸਨ, ਉਹ ਅੱਜ ਸਿੱਖਾਂ ਦੇ ਵਿਹਾਰ ਦਾ ਕਿੰਤੂ-ਪ੍ਰੰਤੂ ਕਰਨ ਲੱਗ ਪਏ ਹਨ। ਸਿੱਖਾਂ ਦੇ ਗ਼ੈਰ ਜ਼ਿੰਮੇਵਾਰ ਵਿਹਾਰ ਕਾਰਨ, ਦੂਜੇ ਧਰਮਾਂ ਵਾਲੇ ਸਿੱਖਾਂ ਨੂੰ ਅੱਤਵਾਦੀ ਕਹਿਣ ਤੋਂ ਸੰਕੋਚ ਨਹੀਂ ਕਰ ਰਹੇ। ਸਰਬੱਤ ਦਾ ਭਲਾ ਮੰਗਣ ਵਾਲੇ ਨੂੰ ਅੱਤਵਾਦੀ ਕਹਿਣਾ, ਉਸ ਦੀ ਇਖ਼ਲਾਕੀ ਮੌਤ ਹੈ। ਜੇਕਰ ਬਾਹਰਲਾ ਜਗਤ ਸਿੱਖਾਂ ਨੂੰ ਦਹਿਸ਼ਤਗਰਦ ਸਮਝਣ ਲੱਗ ਪਿਆ ਹੈ ਤਾਂ ਇਸ ਵਿਚ ਕੁਝ ਹੱਦ ਤੱਕ ਸਿੱਖਾਂ ਦਾ ਵੀ ਕਸੂਰ ਹੋਵੇਗਾ। ਇਕਤਰਫ਼ਾ ਕਾਰਵਾਈ ਦੀ ਬਹੁਤੀ ਆਉਣ ਨਹੀਂ ਹੁੰਦੀ।

ਦੁਨੀਆਂ ਨੂੰ ਮੱਤਾਂ ਦੇਣ ਵਾਲਾ ਸਿੱਖ ਜਗਤ ਅੱਜ ਦੁਨੀਆਂ ਲਈ ਮਜ਼ਾਕ ਬਣ ਰਿਹਾ ਹੈ। ਕਿਹੜਾ ਦੁਨੀਆਂ ਵਿਚ ਅਪਰਾਧ ਹੈ ਜਿਹੜਾ ਸਿੱਖਾਂ ਨੇ ਨਹੀਂ ਕੀਤਾ ? ਸਾਡੇ ਬਹੁਤੇ ਸਾਰੇ ਸਿੱਖ ਆਪਣਾ ਗੌਰਵਮਈ ਵਿਰਸਾ ਤੇ ਇਤਿਹਾਸ ਵਿਸਾਰ ਚੁੱਕੇ ਹਨ। ਸਾਨੂੰ ਹੁਣ ਸਿੱਖ ਤੇ ਗ਼ੈਰ ਸਿੱਖ ਦੀ ਸ਼ਨਾਖ਼ਤ ਨਹੀਂ ਰਹੀ। ਕਿਹੜਾ ਗੁਨਾਹ ਜਾਂ ਦੁਰਵਿਹਾਰ ਹੈ, ਜੋ ਦੁਨੀਆਂ ਨੇ ਕੀਤਾ ਹੈ ਤੇ ਸਿੱਖਾਂ ਨੇ ਨਹੀਂ ਕੀਤਾ ? ਅਸੀਂ ਆਪਣੇ ਬਦਕਿਸਮਤ ਕਰਕੰਵਲਾਂ ਨਾਲ, ਆਪਣੇ ਹੀ ਸਿਰਜੇ ਇਤਿਹਾਸ ਨੂੰ ਕਲੰਕਿਤ ਕਰ ਰਹੇ ਹਾਂ। ਸਿੱਖ

ਨੇਤਾਵਾਂ ਨੂੰ ਸਿਖੀ ਦਾ ਕੋਈ ਫ਼ਿਕਰ ਨਹੀਂ। ਉਹ ਤਾਂ ਆਪ ਮੁਜ਼ਰਿਮ ਹਨ, ਉਨ੍ਹਾਂ ਨੇ ਕਿਸੇ ਨੂੰ ਕੀ ਨਸੀਹਤ ਕਰਨੀ ਹੈ ?

ਮੈਂ ਸਿਖੀ ਦੇ ਭਵਿੱਖ ਬਾਰੇ ਚਿੰਤਤ ਜ਼ਰੂਰ ਹਾਂ ਪਰ ਮਾਯੂਸ ਨਹੀਂ। ਮੈਨੂੰ ਪੂਰਨ ਗੁਰਸਿੱਖ ਵੀ ਨਜ਼ਰ ਆ ਰਹੇ ਹਨ। ਸਿੱਦਕੀ ਸਿੱਖਾਂ ਦਾ ਬੀਜ ਨਾਸ਼ ਨਹੀਂ ਹੋਇਆ। ਪਰ ਜਦੋਂ ਅਸੀਂ ਸਮੁੱਚੇ ਸਿੱਖ ਜਗਤ ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਆ ਰਹੀਆਂ ਕਮਜ਼ੋਰੀਆਂ ਦੀ ਵੀ ਚਰਚਾ ਕਰਨੀ ਲਾਜ਼ਮੀ ਹੋ ਜਾਂਦੀ ਹੈ। ਵੇਖ ਕੇ ਤਾਂ ਮੱਖੀ ਨਿਗਲੀ ਨਹੀਂ ਜਾਂਦੀ। ਸਾਡੇ ਧਰਮ ਵਿਚ ਅੰਦਰੂਨੀ ਸ਼ਕਤੀ ਹੈ, ਜਿਹੜੀ ਉਸ ਨੂੰ ਉਸ ਦੇ ਪੁਰਾਤ ਰੰਗ ਵਿਚ ਰੰਗੀਨ ਕਰ ਸਕਦੀ ਹੈ। ਜਿਸ ਕੌਮ ਨੇ ਭਾਰਤ ਦੇ ਇਤਿਹਾਸ ਨੂੰ ਇਕ ਨਿਵੇਕਲਾ ਮੋੜ ਦਿੱਤਾ ਹੋਵੇ ਅਤੇ ਉਸ ਦੀਆਂ ਜ਼ੰਜੀਰਾਂ ਤੇ ਹੱਥਕੜੀਆਂ ਤੋਂ ਉਸ ਨੂੰ ਅਜ਼ਾਦ ਕੀਤਾ ਹੋਵੇ, ਉਹ ਕੌਮ ਨੇਤਾਵਾਂ ਦੀ ਨਾਲਾਇਕ ਕਾਰਨ ਗੁੰਮਰਾਹ ਜਾਂ ਖੱਜਲ ਖੁਆਰ ਤਾਂ ਹੋ ਸਕਦੀ ਹੈ ਪਰੰਤੂ ਉਸ ਦੀ ਹਸਤੀ ਨੂੰ ਮਿਟਾਣਾ ਸੰਭਵ ਨਹੀਂ। ਜੋ ਡਿੱਗਦਾ ਹੈ, ਉਸ ਵਿਚ ਉੱਠਣ ਦੀ ਵੀ ਹਿੰਮਤ ਹੁੰਦੀ ਹੈ।

ਜੇ ਗੁਰੂ ਮਹਾਰਾਜ ਨੇ ਸਾਡੀ ਸ਼ਕਲ ਮੋਮਨਾਂ ਵਰਗੀ ਸਿਰਜੀ ਹੈ ਤਾਂ ਸਾਡਾ ਵਿਹਾਰ ਵੀ ਮੋਮਨਾਂ ਵਰਗਾ ਹੋਣਾ ਚਾਹੀਦਾ ਹੈ। ਸਿੱਖ ਕਾਫ਼ਿਰ ਨਹੀਂ ਹੋ ਸਕਦਾ। ਸਿੱਖ ਤਾਂ ਕਾਫ਼ਿਰਾਂ ਨੂੰ ਮੋਮਨ ਬਣਾਉਣ ਦੀ ਸਮਰੱਥਾ ਰੱਖਦਾ ਹੈ। ਕੌਮ ਤੇ ਜੋ ਇਹ ਸੰਕਟ ਦੇ ਬੱਦਲ ਮੰਡਰਾਅ ਰਹੇ ਹਨ, ਇਨ੍ਹਾਂ ਨੇ ਸਮੇਂ ਦੇ ਗੇੜ ਨਾਲ ਖਿੰਡ-ਪੁੰਡ ਜਾਣਾ ਹੈ। ਸਾਡੇ ਭਰਾਵਾਂ ਨੂੰ ਕੇਵਲ ਗੁਰੂ ਨਾਲ ਜੁੜਨ ਦੀ ਜ਼ਰੂਰਤ ਹੈ। ਸਾਡਾ ਗੁਰੂ 'ਆਦਿ ਗ੍ਰੰਥ ਸਾਹਿਬ' ਹੈ। ਇਸ ਨੇ ਪਹਿਲਾਂ ਸਾਨੂੰ ਬੁਲੰਦੀਆਂ ਤੇ ਪੁਚਾਇਆ ਸੀ ਤੇ ਇਸ ਨਾਲ ਜੁੜ ਕੇ ਅਸੀਂ ਦੋਬਾਰਾ ਆਪਣੇ ਗੌਰਵਮਈ ਇਤਿਹਾਸ ਨੂੰ ਦੁਹਰਾ ਸਕਦੇ ਹਾਂ। ਸਾਡਾ ਸਰਬ ਸਾਂਝਾ ਬਾਪ ਕਲਗੀਆਂ ਵਾਲਾ ਸਾਨੂੰ ਇਸ ਧੰਦੂਕਾਰੇ ਵਿਚ ਪੁਕਾਰ ਰਿਹਾ ਹੈ। ਆਓ ਉਸ ਵੱਲ ਵਹੀਰਾਂ ਘੱਤ ਕੇ, ਚੜ੍ਹਦੀਆਂ ਕਲਾਂ ਦਾ ਪੱਲਾ ਫੜ੍ਹ ਕੇ, ਆਪਣੀ ਬੇੜੀ ਨੂੰ ਮੰਝਧਾਰ ਵਿਚੋਂ ਬਾਹਰ ਕੱਢੀਏ। ਪਹਿਲਾਂ ਵਾਂਗ ਉਹ ਸਾਡੇ ਅੰਗ-ਸੰਗ ਰਹੇਗਾ।

# ਲਾਲੋ ਦੀ ਡੋਰ ਭਾਗੋ ਦੇ ਹੱਥ

ਸਿੱਖੀ ਤਾਂ ਗਰੀਬ, ਗੁਰਬਿਆਂ ਦੀ ਹਿਫ਼ਾਜਤ ਲਈ ਹੋਂਦ ਵਿਚ ਆਈ ਸੀ ਪਰ ਸਮੇਂ ਦੇ ਗੇੜ ਨਾਲ ਇਹ ਅਮੀਰਜ਼ਾਦਿਆਂ ਦੇ ਹੱਥ ਆ ਗਈ ਹੈ। ਇਹ ਗਰੀਬ-ਨਿਵਾਜ਼ ਧਰਮ ਦੌਲਤਮੰਦਾਂ ਦੀਆਂ ਕੋਝੀਆਂ ਚਾਲਾਂ ਕਾਰਨ, ਅੱਜ ਧਨਵਾਨਾਂ ਦੇ ਹੱਥ ਆ ਚੁੱਕਾ ਹੈ। ਇਹੀ ਇਸ ਦਾ ਗਿਰਾਵਟ ਤੇ ਢਹਿੰਦੀਆਂ ਕਲਾਂ ਦਾ ਕਾਰਨ ਹੈ। ਗਰੀਬਾਂ ਤੇ ਅਮੀਰਾਂ ਦੇ ਹਿੱਤ ਕਦੀ ਵੀ ਇਕ ਨਹੀਂ ਹੁੰਦੇ। ਜਦੋਂ ਧਰਮ ਇਕ ਸੰਸਥਾ ਬਣ ਜਾਂਦਾ ਹੈ ਤਾਂ ਸਮੇਂ ਦੇ ਅਮੀਰਜ਼ਾਦਿਆਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਸ ਧਰਮ ਦੀਆਂ ਸਮੁੱਚੀਆਂ ਸੰਸਥਾਵਾਂ ਉੱਪਰ ਕਬਜ਼ਾ ਕੀਤਾ ਜਾਵੇ। ਮਾਇਆ ਦੇ ਬਲਬੂਤੇ ਇਹ ਲੋਕ ਹੌਲੀ-ਹੌਲੀ ਉਸ ਧਰਮ ਦੇ ਸਮੱਸਤ ਗੁਰਧਾਮਾਂ ਅਤੇ ਸੰਸਥਾਵਾਂ ਉੱਪਰ ਜਾਇਜ਼ ਜਾਂ ਨਜਾਇਜ਼ ਢੰਗ ਨਾਲ ਕਬਜ਼ਾ ਕਰ ਲੈਂਦੇ ਹਨ। ਸਿੱਖ ਧਰਮ ਵਿਚ ਵੀ ਕੁਝ ਅਜਿਹਾ ਹੀ ਵਾਪਰਿਆ ਹੈ। ਗੁਰੂ ਮਹਾਰਾਜ ਨੇ ਆਪਣੇ ਵੇਲੇ ਤਾਂ ਮਲਿਕ ਭਾਗੋ ਨੂੰ ਭਾਈ ਲਾਲੋ ਉੱਪਰ ਹਾਵੀ ਨਹੀਂ ਹੋਣ ਦਿੱਤਾ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਪੂੜੀਆਂ ਹਲਵਿਆਂ ਤੋਂ ਘਟੀਆ ਸਮਝਿਆ। ਪਰ ਇਹ ਸਥਿਤੀ ਗੁਰੂ ਸਾਹਿਬਾਨ ਦੇ ਜੀਵਨ ਕਾਲ ਤੋਂ ਬਾਅਦ ਕਾਇਮ ਨਾ ਰਹਿ ਸਕੀ। ਦਿਨੋ-ਦਿਨ ਭਾਈ ਲਾਲੋ ਪਿੱਛੇ ਪੈਂਦੇ ਗਏ ਅਤੇ ਮਲਿਕ ਭਾਗੋ ਚੌਧਰੀ ਬਣਦੇ ਗਏ। ਇਹ ਸਿਲਸਿਲਾ ਬਾਦਸਤੂਰ ਅੱਜ਼ ਤੱਕ ਵੀ ਹਰੀ ਕਾਇਮ ਹੈ।

ਗੁਰੂ ਕਾਲ ਵੇਲੇ ਇਨ੍ਹਾਂ ਮਲਿਕਾਂ ਨੇ ਮਹੰਤਾਂ ਜਾਂ ਮਸੰਦਾਂ ਦਾ ਰੂਪ ਧਾਰਨ ਕਰ ਲਿਆ ਸੀ। ਜਦੋਂ ਦਸਵੇਂ ਪਾਤਸ਼ਾਹ ਨੂੰ ਇਨ੍ਹਾਂ ਦੇ ਭ੍ਰਿਸ਼ਟ ਵਿਹਾਰ ਦਾ ਪਤਾ ਲੱਗਾ ਤਾਂ ਇਨ੍ਹਾਂ ਨੂੰ ਅਨੰਦਪੁਰ ਸਾਹਿਬ ਬੁਲਾ ਕੇ ਜਿਉਂਦੇ ਸਾੜਿਆ ਗਿਆ। ਸਿੱਖੀ ਦਾ ਇਹ ਸਪੱਸ਼ਟ ਸੰਕੇਤ ਸੀ। ਪਰ ਗੁਰੂ ਸਾਹਿਬਾਨ ਤੋਂ ਬਾਅਦ ਜਦ ਖਾਲਸਾ ਪੰਥ ਨੂੰ ਘਰ ਬਾਰ ਛੱਡ ਕੇ ਜੰਗਲਾਂ ਵਿਚ ਜਾਣਾ ਪਿਆ ਤਾਂ ਸਿੱਖਾਂ ਦੇ ਗੁਰਧਾਮਾਂ ਦਾ ਪ੍ਰਬੰਧ ਹਿੰਦੂ ਮਹੰਤਾਂ ਜਾਂ ਸੇਵਾ ਪੰਥੀਆਂ ਦੇ ਹੱਥ ਆ ਗਿਆ। ਪਹਿਲਾਂ ਪਹਿਲ ਤਾਂ ਇਹ ਮਸੰਦ ਜਾਂ ਮਹੰਤ, ਗੁਰਮੱਤ ਅਨੁਸਾਰ ਚੱਲਦੇ ਰਹੇ ਪਰ ਕੁਝ ਕਾਲੀਆਂ ਭੇਡਾਂ ਆਉਣ ਕਾਰਨ, ਇਨ੍ਹਾਂ ਮਹੰਤਾਂ ਨੇ ਗੁਰਧਾਮਾਂ ਨੂੰ ਆਪਣੀ ਜਾਇਦਾਦ ਸਮਝ ਕੇ ਐਸ਼ ਪ੍ਰਸਤੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਮਹੰਤ ਨਰਾਇਣ ਦਾਸ ਦੀ ਮਿਸਾਲ ਸਾਡੇ ਸਾਹਮਣੇ ਹੈ। ਉਸ ਨੇ ਬੇਖੌਫ਼ ਹੋ ਕੇ, ਗੁਰਦੁਆਰੇ ਦੇ ਅੰਦਰ ਮੁਜਰੇ ਕਰਾਉਣੇ ਤੇ ਸ਼ਰਾਬਾਂ ਪੀਣੀਆਂ ਸ਼ੁਰੂ ਕਰ ਦਿੱਤੀਆਂ। ਪੈਸੇ ਦੀ ਬਹੁਲਤਾ ਕਾਰਨ, ਉਸ ਵਿਚ ਕਈ ਇਖ਼ਲਾਕੀ ਕਮਜ਼ੋਰੀਆਂ ਵੀ ਹਾਵੀ ਹੋ

ਗਈਆਂ। ਜਿਸ ਤਰ੍ਹਾਂ ਉਸ ਨੇ ਚਾਰ ਸੌ ਗੁੰਡੇ ਹਥਿਆਰਬੰਦ ਬਦਮਾਸ਼ਾਂ ਦੀ ਸਹਾਇਤਾ ਨਾਲ ਦੋ ਸੌ ਤੋਂ ਉੱਪਰ ਨਿਹੱਥੇ ਸਿੰਘਾਂ ਦੇ ਜਥੇ ਨੂੰ ਜਿਬ੍ਹਾ ਕੀਤਾ, ਇਹ ਸਿੱਖ ਧਰਮ ਦੇ ਕਾਲੇ ਇਤਿਹਾਸ ਦਾ ਅੰਗ ਬਣ ਚੁੱਕਾ ਹੈ।

ਇਸ ਸਾਕੇ ਤੋਂ ਬਾਅਦ ਸਿੱਖਾਂ ਨੂੰ ਹੋਸ਼ ਆਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਉਸ ਵਿਚ ਜਿਹੜੇ ਮੁੱਢਲੇ ਮੈਂਬਰ ਬਣੇ ਉਹ ਖਾਂਦੇ-ਪੀਂਦੇ ਘਰਾਂ ਵਿਚੋਂ ਸਨ। ਕਿਸੇ ਗਰੀਬ ਸਿੱਖ ਨੂੰ ਭਾਵੇਂ ਉਹ ਸਿੱਖੀ ਪ੍ਰਤੀ ਜਿੰਨੀ ਮਰਜ਼ੀ ਸ਼ਰਧਾ ਰੱਖਦਾ ਹੋਵੇ, ਕਦੀ ਵੀ ਇਸ ਕਮੇਟੀ ਦਾ ਮੈਂਬਰ ਨਾ ਬਣਾਇਆ ਗਿਆ। ਜੇਕਰ ਕਿਸੇ ਨੂੰ ਬਣਾਇਆ ਵੀ ਗਿਆ ਤਾਂ ਉਨ੍ਹਾਂ ਨੂੰ ਕੋਈ ਮਹੱਤਵਪੂਰਨ ਅਹੁਦਾ ਨਾ ਪ੍ਰਦਾਨ ਕੀਤਾ ਗਿਆ। ਹਮੇਸ਼ਾ ਪ੍ਰਧਾਨ ਤੇ ਜਨਰਲ ਸਕੱਤਰ ਹੀ ਚੁਣੇ ਗਏ। ਕਈ ਹਮਤਾੜ ਵੀ ਆਪਣੀ ਕੁਰਬਾਨੀ ਕਾਰਨ ਮੈਂਬਰ ਬਣਾਏ ਗਏ ਪਰੰਤੂ ਉਨ੍ਹਾਂ ਨੂੰ ਕੋਈ ਉੱਚਾ ਅਹੁਦਾ ਨਾ ਬਖਸ਼ਿਆ ਗਿਆ। ਬਹੁਤੇ ਸਰਦਾਰ ਬਹਾਦਰ ਤੇ ਰਈਸ ਸਿੱਖ ਹੀ ਸਿੱਖਾਂ ਦੀਆਂ ਸੰਸਥਾਵਾਂ ਦੇ ਉੱਚੇ ਅਹੁਦੇਦਾਰ ਬਣਨ ਦਾ ਸੁਭਾਗ ਪ੍ਰਾਪਤ ਕਰ ਸਕੇ। ਸੰਸਥਾਵਾਂ ਨੂੰ ਹਮੇਸ਼ਾ ਪੈਸੇ ਧੇਲੇ ਦੀ ਲੋੜ ਹੁੰਦੀ ਹੈ, ਇਸ ਲਈ ਰਈਸ ਲੋਕ ਅਜਿਹੀਆਂ ਲੋੜਾਂ ਪੂਰੀਆਂ ਕਰਨ ਉਪਰੰਤ ਆਪਣੀਆਂ ਸੇਵਾਵਾਂ ਦਾ ਭਰਪੂਰ ਲਾਹਾ ਲੈਂਦੇ ਹਨ।

ਬਾਅਦ ਵਿਚ ਸਿੱਖਾਂ ਦੇ ਗੁਰਧਾਮਾਂ ਦੀਆਂ ਚੋਣਾਂ ਹੁੰਦੀਆਂ ਰਹੀਆਂ। ਕਮੇਟੀਆਂ ਦੇ ਮੈਂਬਰ ਉਹੀ ਬਣਦੇ ਸਨ, ਜਿਹੜੇ ਚੋਣਾਂ ਵਿਚ ਅੰਧਾਧੁੰਦ ਮਾਇਆ ਦੇ ਗੱਫੇ ਵਰਤਾਉਂਦੇ ਹਨ। ਬਾਅਦ ਵਿਚ ਤਾਂ ਮੈਂਬਰ ਹੀ ਧਨਵਾਨ ਲੋਕ ਹੀ ਚੁਣੇ ਜਾਂਦੇ ਸਨ। ਗਰੀਬ ਸਿੱਖ ਤਾਂ ਅਜਿਹੀ ਫਜ਼ੂਲ ਖਰਚੀ ਨਹੀਂ ਕਰ ਸਕਦਾ ਸੀ। ਇਸ ਲਈ ਉਹ ਕੇਵਲ ਛੋਟੇ-ਮੋਟੇ ਅਹੁਦਿਆਂ ਨਾਲ ਹੀ ਸੰਤੁਸ਼ਟ ਹੋ ਜਾਂਦਾ ਸੀ। ਅਜਿਹੇ ਮਾਹੌਲ ਵਿਚ ਸਮੁੱਚਾ ਸਿੱਖ ਧਰਮ ਅਮੀਰਾਂ ਦੀ ਝੋਲੀ ਵਿਚ ਪੈ ਗਿਆ। ਇਸ ਵਰਗ ਦੇ ਲੋਕ ਬਹੁਤੇ ਅੰਗਰੇਜ਼ਾਂ ਦੇ ਪੁਜਾਰੀ ਸਨ। ਇਸ ਲਈ ਸਿੱਖ ਧਰਮ ਦੇ ਹਿੱਤਾਂ ਨੂੰ ਬਰਤਾਨਵੀ ਰਾਜ ਦੀ ਸਲਾਮਤੀ ਤੋਂ ਕੁਰਬਾਨ ਕੀਤਾ ਜਾਣ ਲੱਗਾ। ਅੰਗਰੇਜ਼ਾਂ ਨੇ ਇਕ-ਇਕ ਕਰਕੇ ਸਿੱਖ ਸੰਸਥਾਵਾਂ ਦਾ ਘਾਣ ਕਰਨਾ ਸ਼ੁਰੂ ਕਰ ਦਿੱਤਾ। ਚੀਫ਼ ਖਾਲਸਾ ਦੀਵਾਨ ਵਾਲਿਆਂ ਨੇ ਹਮੇਸ਼ਾ ਅੰਗਰੇਜ਼ਾਂ ਦੇ ਹਿੱਤਾਂ ਦੀ ਤਰਫ਼ਦਾਰੀ ਕੀਤੀ ਤੇ ਸਿੱਖ ਧਰਮ ਨੂੰ ਜ਼ਲੀਲ ਕਰਨ ਤੋਂ ਵੀ ਗੁਰੇਜ਼ ਨਾ ਕੀਤਾ। ਅੰਗਰੇਜ਼ਾਂ ਕੋਲੋਂ ਸਰਦਾਰ ਬਹਾਦਰ ਦਾ ਖਿਤਾਬ ਲੈ ਕੇ ਇਹ ਰਈਸ ਸਿੱਖ, ਹਮੇਸ਼ਾ ਪੰਥਕ ਹਿੱਤਾਂ ਨੂੰ ਬਰਤਾਨਵੀ ਹਿੱਤਾਂ ਤੋਂ ਕੁਰਬਾਨ ਕਰਦੇ ਰਹੇ। ਜ਼ੈਲਦਾਰ, ਸਫ਼ੈਦਪੋਸ਼ ਜਾਂ ਨੰਬਰਦਾਰ ਹਮੇਸ਼ਾ ਹੀ ਬਰਤਾਨਵੀ ਰਾਜ ਦੀ ਆਉਧ ਲੰਮੇਰੀ ਕਰਨ ਵਿਚ ਹੀ ਵਿਅਸਤ ਰਹੇ। ਖ਼ੁਸ਼ਾਮਦੀ ਢੇਰ ਲੱਗਣ ਲੱਗੇ।

ਇਧਰ ਅਕਾਲੀ ਦਲ ਜੋ ਕਿ ਸਿੱਖਾਂ ਦੀ ਬਿਹਤਰੀ ਤੇ ਸਲਾਮਤੀ ਵਾਸਤੇ ਹੋਂਦ ਵਿਚ ਆਇਆ ਸੀ, ਉਸ ਦੇ ਵੀ ਪ੍ਰਧਾਨ ਤੇ ਹੋਰ ਨੇਤਾ, ਅਮੀਰ ਸ਼੍ਰੇਣੀ ਵਿਚੋਂ ਹੀ ਚੁਣੇ ਜਾਣ ਲੱਗੇ। ਇਹ ਲੋਕ ਪੈਸੇ ਦੇ ਬਲਬੂਤੇ ਚੋਣਾਂ ਜਿੱਤ ਕੇ ਅਹੁਦੇ ਬਟੋਰ ਲੈਂਦੇ ਸਨ। ਗਰੀਬ ਸਿੱਖ ਹਮੇਸ਼ਾ ਹੀ ਸੇਵਾਦਾਰਾਂ ਵਾਂਗ ਹੀ ਵਿਚਰਦੇ ਰਹੇ। ਇਨ੍ਹਾਂ ਲੋਕਾਂ ਦੀ ਸਿੱਖ ਪੰਥ ਵਿਚ ਕੋਈ ਪੁੱਛ ਪ੍ਰਤੀਤ ਨਹੀਂ ਸੀ। ਇਨ੍ਹਾਂ ਵਿਚੋਂ ਕੋਈ ਵੀ ਪ੍ਰਧਾਨ, ਸਕੱਤਰ,

ਐਮ.ਐਲ.ਏ. ਜਾਂ ਐਮ.ਪੀ. ਨਾ ਬਣ ਸਕਿਆ। ਗਰੀਬ ਲੋਕ ਆਪਣੇ ਪੂਰਬਲੇ ਕਰਮਾਂ ਨਾਲ ਸਮਝੌਤਾ ਕਰਕੇ, ਸੰਤੁਸ਼ਟ ਹੋ ਗਏ ਸਨ।

ਅਜ਼ਾਦੀ ਤੋਂ ਬਾਅਦ ਤਾਂ ਆਵਾ ਹੀ ਊਤ ਗਿਆ। ਸ਼੍ਰੋਮਣੀ ਕਮੇਟੀ ਦੀਆ ਚੋਣਾਂ ਵੇਲੇ ਭ੍ਰਿਸ਼ਟਾਚਾਰ ਸ਼ੁਰੂ ਹੋ ਗਿਆ। ਚੋਣਾਂ ਵਿਚ ਵੋਟਾਂ ਬਟੋਰਨ ਲਈ ਪੈਸੇ, ਦਾਰੂ ਅਤੇ ਧੱਕੇਸ਼ਾਹੀ ਦਾ ਪ੍ਰਯੋਗ ਵੀ ਕੀਤਾ ਜਾਣ ਲੱਗਾ। ਜਿਹੜਾ ਵੀ ਉਮੀਦਵਾਰ ਵੱਧ ਤੋਂ ਵੱਧ ਪੈਸਾ ਖਰਚ ਸਕਦਾ ਸੀ, ਉਹੀ ਚੋਣ ਜਿੱਤ ਸਕਦਾ ਸੀ। ਗਰੀਬ ਸਿੱਖ, ਗੁਰੂ ਦੇ ਭਾਣੇ ਨੂੰ ਮੰਨ ਕੇ ਸੰਤੁਸ਼ਟ ਹੋ ਗਏ। ਪ੍ਰਧਾਨ ਜਾਂ ਸਕੱਤਰਗੀ ਦਾ ਆਹੁਦਾ ਤਾਂ ਆਕਲੀ ਦਲ ਦੇ ਨੇਤਾਵਾਂ ਦੇ ਹੱਥ ਆ ਚੁੱਕਾ ਸੀ। ਅਕਾਲੀ ਦਲ ਦੇ ਪ੍ਰਮੁੱਖ ਨੇਤਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਦੀ ਚੋਣ ਕਮੇਟੀ ਉੱਪਰ ਠੋਸਣ ਲੱਗੇ। ਅਕਾਲ ਤਖ਼ਤ ਦਾ ਜਥੇਦਾਰ ਵੀ ਅਕਾਲੀ ਦਲ ਦਾ ਪ੍ਰਧਾਨ ਹੀ ਥਾਪਦਾ ਸੀ। ਹੋਰਨਾਂ ਤਖ਼ਤਾਂ ਦੇ ਜਥੇਦਾਰ ਵੀ ਸਿਆਸੀ ਨੇਤਾ ਕਰਨ ਲੱਗੇ। ਇਹ ਜਥੇਦਾਰ ਆਮ ਤੌਰ 'ਤੇ ਖਾਂਦੇ-ਪੀਂਦੇ ਘਰਾਂ ਵਿਚੋਂ ਹੀ ਚੁਣੇ ਜਾਂਦੇ ਸਨ। ਇਸ ਤਰ੍ਹਾਂ ਸਮੁੱਚਾ ਸਿੱਖ ਜਗਤ ਅਮੀਰ ਸਿਆਸੀ ਨੇਤਾਵਾਂ ਦੇ ਸ਼ਿਕੰਜੇ ਵਿਚ ਆ ਚੁੱਕਾ ਹੈ। ਇਨ੍ਹਾਂ ਦੇ ਸ਼ਿਕੰਜੇ ਵਿਚੋਂ ਸਹੀ ਸਲਾਮਤ ਨਿਕਲਣਾ ਆਸਾਨ ਨਹੀਂ।

ਸਾਡੇ ਸਿਆਸੀ ਨੇਤਾ ਆਮ ਤੌਰ 'ਤੇ ਦੌਲਤਮੰਦ ਲੋਕ ਹੁੰਦੇ ਹਨ। ਜੇਕਰ ਦੌਲਤ ਵਿਚ ਕੋਈ ਕਸਰ ਹੋਵੇ ਤਾਂ ਉਹ ਇਕੋ ਵਾਰ ਮੰਤਰੀ ਜਾਂ ਵਿਧਾਇਕ ਬਣ ਕੇ ਸਾਰੀ ਕਸਰ ਕੱਢ ਲੈਂਦੇ ਹਨ। ਪਹਿਲਾਂ ਵੀ ਮਲਿਕ ਭਾਗੋ, ਭਾਈ ਲਾਲੋ ਨੂੰ ਟਿੱਚ ਸਮਝਦਾ ਸੀ, ਅੱਜ ਵੀ ਉਸ ਦੀ ਸੋਚ ਵਿਚ ਕੋਈ ਫ਼ਰਕ ਨਹੀਂ ਆਇਆ। ਗਰੀਬ ਸਿੱਖ ਤਾਂ ਅਮੀਰ ਸਿੱਖਾਂ ਦਾ ਖਾਜ਼ਾ । ਗਰੀਬ ਸਿੱਖਾਂ ਵਿਚ ਸਿੱਖੀ ਦੀਆਂ ਕਦਰਾਂ-ਕੀਮਤਾਂ ਹਮੇਸ਼ਾ ਵਧੇਰੇ ਹੁੰਦੀਆਂ ਹਨ। ਅਮੀਰ ਸਿੱਖਾਂ ਦਾ ਕੋਈ ਦੀਨ ਮਜ਼ਹਬ ਨਹੀਂ ਹੁੰਦਾ। ਪੈਸਾ ਹੀ ਉਨ੍ਹਾਂ ਦਾ ਮਜ਼ਹਬ ਹੁੰਦਾ ਹੈ। ਸਾਡੇ ਹਮਾਤੜਾਂ ਦਾ ਅੱਲ੍ਹਾ ਬੇਲੀ। ਨਿਮਾਣੇ ਸਿੱਖਾਂ ਦਾ ਗੁਰੂ ਰਾਖਾ !

# ਕੱਟੜਪੁਣਾ ਸਿੱਖੀ ਨਹੀਂ

ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਵਾਲਾ ਹੈ। ਸਿੱਖ ਜਗਤ ਵਿਚ ਹਰੇਕ ਅਰਦਾਸ ਜਾਂ ਅਰਜ਼ੋਈ ਕਰਨ ਵੇਲੇ ਸਰਬੱਤ ਦੇ ਭਲੇ ਦੀ ਮੰਗ ਕੀਤੀ ਜਾਂਦੀ ਹੈ। ਸਭਨਾਂ ਦਾ ਭਲਾ ਚਾਹੁਣ ਵਾਲਾ ਦੁਨੀਆਂ ਦਾ ਇਕ ਨਿਵੇਕਲਾ ਧਰਮ ਹੈ। ਬਾਕੀ ਬਹੁਤੇ ਧਰਮ ਆਪਣੇ ਭਗਤਾਂ ਦੀ ਹੀ ਜੈ ਮੰਗਦੇ ਹਨ ਅਤੇ ਉਨ੍ਹਾਂ ਲਈ ਹੀ ਹੂਰਾਂ ਤੇ ਜ਼ੰਨਤ ਦੀ ਕਾਮਨਾ ਕਰਦੇ ਹਨ। ਇਸੇ ਲਈ ਤਾਂ ਹਰੇਕ ਗੁਰਧਾਮ ਦੇ ਚਾਰ ਦਰਵਾਜ਼ੇ (ਖ਼ਾਸ ਕਰਕੇ ਇਤਿਹਾਸਕ ਗੁਰੂਦੁਆਰਿਆਂ ਦੇ) ਰੱਖੇ ਜਾਂਦੇ ਹਨ, ਤਾਂ ਕਿ ਹਰੇਕ ਮਜ਼ਹਬ ਦਾ ਪੁਜਾਰੀ ਇਨ੍ਹਾਂ ਵਿਚ, ਬਿਨਾਂ ਕਿਸੇ ਭੇਦ-ਭਾਵ ਦੇ, ਪ੍ਰਵੇਸ਼ ਕਰ ਸਕੇ। ਇਸਲਾਮ ਵਿਚ ਔਰਤਾਂ ਦੇ ਗ਼ੈਰ ਧਰਮਾਂ ਵਾਲਿਆਂ ਦੀ ਮਸਜਿਦ ਵਿਚ ਜਾਣ ਦੀ ਮਨਾਹੀ ਹੈ। ਹਿੰਦੂ ਧਰਮ ਵਿਚ ਵੀ ਖ਼ਾਸ ਕਰਕੇ ਸ਼ੂਦਰ ਲੋਕਾ ਨੂੰ ਮੰਦਰਾਂ ਵਿਚ ਜਾਣ ਤੋਂ ਰੋਕਿਆ ਜਾਂਦਾ ਹੈ। ਹੋਰਨਾਂ ਧਰਮਾਂ ਵਿਚ ਵੀ ਕਈ ਪ੍ਰਕਾਰ ਦੀਆਂ ਪਾਬੰਦੀਆਂ ਹਨ। ਸਿੱਖ ਗੁਰਧਾਮਾਂ ਵਿਚ ਜੇਕਰ ਕੋਈ ਪਾਬੰਦੀ ਹੈ ਤਾਂ ਉਹ ਹੈ ਸਿਰ ਢੱਕ ਕੇ ਜਾਣ ਅਤੇ ਜੋੜਿਆਂ ਨੂੰ ਬਾਹਰ ਛੱਡ ਕੇ ਜਾਣਾ। ਇਹ ਪਾਬੰਦੀ ਕੇਵਲ ਗੁਰਧਾਮ ਦੀ ਮਾਣ-ਮਰਿਆਦਾ ਤੇ ਸਫ਼ਾਈ ਕਾਇਮ ਰੱਖਣ ਲਈ ਲਾਈ ਗਈ ਹੈ। ਇਹ ਗੁਰਧਾਮ ਚੌਵੀ ਘੰਟੇ ਤੇ ਸਾਰਾ ਸਾਲ ਦਰਸ਼ਨਾਂ ਲਈ ਖੁੱਲ੍ਹੇ ਰਹਿੰਦੇ ਹਨ। ਬਾਕੀ ਧਰਮਾ ਵਿਚ ਅਜਿਹਾ ਨਹੀਂ ਹੈ।

ਹਰੇਕ ਸਿੱਖ ਗੁਰਦੁਆਰੇ ਵਿਚ ਲੰਗਰ ਦੀ ਪ੍ਰਥਾ ਹੁੰਦੀ ਹੈ। ਇਹ ਗੁਰੂ ਦਾ ਲੰਗਰ, ਬਿਨਾਂ ਕਿਸੇ ਵਿਤਕਰੇ ਦੇ, ਸਭਨਾਂ ਨੂੰ ਵਰਤਾਇਆ ਜਾਂਦਾ ਹੈ। ਉੱਚੇ ਨੀਵੇਂ ਜਾਂ ਜਾਤ-ਪਾਤ ਦਾ ਇਸ ਵਿਚ ਕੋਈ ਵਿਤਕਰਾ ਨਹੀਂ ਹੁੰਦਾ। ਗੁਰੂ ਦਾ ਹੁਕਮ ਹੈ ਕਿ ਸਭ ਸਿੱਖ ਜਾਂ ਸ਼ਰਧਾਲੂ ਇਕ ਹੀ ਪੰਗਤ ਵਿਚ ਬੈਠ ਕੇ ਖਾਣ। ਦਸਵੇਂ ਗੁਰੂ ਸਾਹਿਬ ਦੇ ਜ਼ਮਾਨੇ ਬਾਈਧਾਰ ਦੇ ਕਸ਼ੱਤਰੀ ਰਾਜਿਆਂ ਨੇ ਸ੍ਰੀ ਕਲਗੀਧਰ ਜੀ ਨੂੰ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਆਪਣੇ ਧਰਮ 'ਚੋਂ, ਛੋਟੀਆਂ ਜਾਤਾਂ ਵਾਲਿਆਂ ਨੂੰ, ਛੇਕ ਦੇਣ ਤਾਂ ਉਹ ਵੀ ਸਿੱਖ ਧਰਮ ਗ੍ਰਹਿਣ ਕਰ ਸਕਦੇ ਹਨ। ਪਰ ਦਸਵੇਂ ਪਾਤਸ਼ਾਹ ਨੇ ਇਸ ਪੇਸ਼ਕਸ਼ ਨੂੰ ਗ਼ੈਰ ਮਨੁੱਖੀ ਸਮਝ ਕੇ ਤੁਰੰਤ ਰੱਦ ਕੀਤਾ ਅਤੇ ਭਵਿੱਖ ਵਿਚ ਇਨ੍ਹਾਂ ਹਿੰਦੂ ਰਾਜਿਆਂ ਦੀ ਵਿਰੋਧਤਾ ਸਹਿਣ ਕਰਨ ਲਈ ਤਿਆਰ ਹੋ ਗਏ। ਸਿੱਖ ਧਰਮ ਹਰੇਕ ਇਨਸਾਨ ਦੀ ਕਦਰ ਕਰਦਾ ਹੈ ਤੇ ਉਸ ਲਈ ਬਰਾਬਰ ਹੱਕ-ਹਕੂਕਾਂ ਦੀ ਵਕਾਲਤ ਕਰਦਾ ਹੈ। ਇਸ ਵਿਚ ਜਾਤ-ਪਾਤ ਲਈ ਕੋਈ ਜਗ੍ਹਾ ਨਹੀਂ।

ਕਿਸੇ ਵੀ ਸਿੱਖ ਲਈ ਪੰਜ ਕਕਾਰਾਂ ਦਾ ਪਹਿਨਣਾ ਲਾਜ਼ਮੀ ਹੈ। ਪਰੰਤੂ ਜੇਕਰ

ਕੋਈ ਗੁਰੂ ਦਾ ਪਿਆਰਾ ਕੇਸ ਨਹੀਂ ਰੱਖ ਸਕਦਾ ਜਾਂ ਹਥਿਆਰਬੰਦ ਨਹੀਂ ਹੋ ਸਕਦਾ ਤਾਂ ਉਸ ਨੂੰ ਪੂਰਨ ਸਿੱਖ ਦੀ ਜਗ੍ਹਾ, ਸਹਿਜਧਾਰੀ ਸਿੱਖ ਕਿਹਾ ਜਾ ਸਕਦਾ ਹੈ। ਕਈ ਕੱਟੜ ਸਿੱਖ, ਜਨੂੰਨਪੁਣੇ ਵਿਚ ਮੂਲਵਾਦੀ ਹੋ ਜਾਂਦੇ ਹਨ। ਉਹ ਅਜਿਹੇ ਸਾਬਤ ਸੂਰਤ ਸਿੱਖਾਂ ਨੂੰ ਸਿੱਖ ਮੰਨਣ ਲਈ ਤਿਆਰ ਨਹੀਂ। ਇਹ ਕੱਟੜਪੁਣਾ ਹੈ। ਸਿੱਖੀ ਵਿਚ ਅਜਿਹੇ ਤੁਅੱਸਬਪੁਣੇ ਲਈ ਕੋਈ ਜਗ੍ਹਾ ਨਹੀਂ। ਜੇਕਰ ਕੋਈ ਕਿਸੇ ਕਾਰਨ ਕਰਕੇ ਪੂਰੀ ਤਰ੍ਹਾਂ ਸਿੱਖ ਨਹੀਂ ਸੱਜ ਸਕਦਾ ਤਾਂ ਉਸ ਨੂੰ ਸਹਿਜਧਾਰੀ ਮੰਨ ਕੇ, ਉਸ ਲਈ ਸਿੱਖੀ ਦੇ ਦੁਆਰ ਬੰਦ ਨਹੀਂ ਕਰਨੇ ਚਾਹੀਦੇ। ਇਹ ਇਕ ਸੌੜੀ ਸਿਆਸਤ ਹੈ। ਜਿਸ ਨੂੰ ਅਜੇ ਗੁਰੂ ਦਾ ਮਾਰਗ ਸਪੱਸ਼ਟ ਨਹੀਂ ਹੋਇਆ। ਉਹ ਕੱਲ੍ਹ ਨੂੰ ਗੁਰਮੱਤ ਨੂੰ ਅਪਨਾ ਸਕਦਾ ਹੈ। ਇਹ ਧਰਮ ਲੋਕਤੰਤਰਿਕ ਹੈ। ਇਸ ਵਿਚ ਜ਼ੋਰਾ ਜ਼ਬਰੀ ਦੀ ਕੋਈ ਜਗ੍ਹਾ ਨਹੀਂ।

ਸਿੱਖ ਇਤਿਹਾਸ ਵਿਚ ਕਿਸੇ ਨੂੰ ਵੀ ਜ਼ਬਰਨ ਸਿੱਖ ਨਹੀਂ ਬਣਾਇਆ ਗਿਆ। ਜਦ ਵੀ ਕਿਸੇ ਸਿੱਖ ਭਗਤ ਵਿਚ ਅੰਦਰੂਨੀ ਉਬਾਲ ਜਾਂ ਕ੍ਰਾਂਤੀ ਆਈ, ਉਹ ਆਪਣੇ ਆਪ ਸਿੰਘ ਸੱਜ ਕੇ ਸਿੰਘਾਂ ਦੇ ਜਥਿਆਂ ਵਿਚ ਜਾ ਰਲਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵੇਲੇ, ਸਰਕਾਰ ਖਾਲਸਾ ਦੀਆਂ ਪਾਬੰਦੀਆਂ ਕਾਰਨ, ਸਿੰਘ ਸੱਜ ਗਏ ! ਪੰਜਾਬ ਦੇ ਗਵਾਢੀ ਸੂਬਿਆਂ ਵਾਲੇ ਵੀ ਕੇਸ ਦਾਹੜੀ ਰੱਖ ਕੇ ਸਿੱਖ ਬਣ ਗਏ। ਇਸ ਤਰ੍ਹਾਂ ਕਈ ਮੁਸਲਮਾਨ ਵੀ ਸਿੱਖੀ ਸਰੂਪ ਧਾਰਨ ਕਰਨ ਲੱਗ ਪਏ। ਕਈ ਯੂਰਪੀਨ ਈਸਾਈ ਵੀ ਸਿੱਖ ਧਰਮ ਵਿਚ ਦਿਲਚਸਪੀ ਜਾਂ ਸਿੱਖੀ ਸਰੂਪ ਧਾਰਨ ਕਰ ਗਏ। ਇਸ ਵੇਲੇ ਸਿੱਖਾਂ ਦੀ ਗਿਣਤੀ ਨੱਬੇ ਲੱਖ ਤੋਂ ਉੱਪਰ ਹੋ ਗਈ ਸੀ। ਇਸ ਵਿਚ ਬਹੁਤੇ ਖਾਲਸਾ ਸਰਕਾਰ ਦੀ ਪਾਬੰਦੀ ਕਾਰਨ ਬਣੇ ਸਨ। ਜਦ ਹੀ ਸਿੱਖ ਰਾਜ ਖਤਮ ਹੋਇਆ ਤੇ ਅੰਗਰੇਜ਼ੀ ਸਰਕਾਰ ਸਿੱਖ ਸਲੱਤਨਤ ਉੱਪਰ ਕਾਬਜ਼ ਹੋ ਗਈ ਤਾਂ ਬਹੁਤ ਸਾਰੇ ਸਿੱਖ ਦੋਬਾਰਾ ਆਪਣੇ ਪਹਿਲੇ ਧਰਮਾਂ ਵੱਲ ਪਰਤ ਗਏ। 1861 ਦੀ ਮਰਦਮਸ਼ੁਮਾਰੀ ਅਨੁਸਾਰ ਉਸ ਵੇਲੇ ਸਿੱਖ ਕੇਵਲ 18 ਲੱਖ ਹੀ ਰਹਿ ਗਏ। ਇਹ ਵੇਖ ਕੇ ਕੱਟੜ ਫ਼ਿਰਕਾਪ੍ਰਸਤ ਆਰੀਆ ਸਮਾਜੀ ਇਹ ਕਹਿਣ ਲੱਗ ਪਏ ਕਿ "ਹੁਣ ਸਿੱਖ ਕੇਵਲ ਇਤਿਹਾਸ ਦੇ ਪੰਨਿਆਂ ਤੱਕ ਹੀ ਸੀਮਤ ਹੋ ਜਾਣਗੇ।" ਜ਼ਬਰਦਸਤੀ ਕਰਨ ਦੇ ਨਤੀਜੇ ਅਜਿਹੇ ਹੀ ਨਿਕਲਦੇ ਹਨ।

ਸਿੱਖਾਂ ਦੀ ਗਿਣਤੀ ਸਾਰੇ ਜਗਤ ਵਿਚ ਚਾਰ ਕਰੋੜ ਤੋਂ ਵੱਧ ਨਹੀਂ। ਇਸ ਵਿਚ ਸਹਿਜਧਾਰੀ ਸਿੱਖ ਵੀ ਸ਼ਾਮਿਲ ਹਨ। ਪਰ ਜੇਕਰ ਕਿਸੇ ਕੱਟੜ ਸੋਚ ਕਾਰਨ, ਸਹਿਜਧਾਰੀਆਂ ਨੂੰ ਸੌੜੇ ਸਿਆਸੀ ਹਿੱਤਾਂ ਕਾਰਨ, ਪੰਥ ਵਿਚੋਂ ਬਾਹਰ ਕੱਢ ਦੇਈਏ ਤਾਂ ਸਿੱਖਾਂ ਦੀ ਗਿਣਤੀ ਬਹੁਤ ਘੱਟ ਜਾਵੇਗੀ। ਇਸਲਾਮ ਨੇ ਤਲਵਾਰ ਦੇ ਬਲਬੂਤੇ ਕਰੋੜਾਂ ਲੋਕਾਂ ਨੂੰ ਇਸਲਾਮ ਵਿਚ ਸ਼ਾਮਿਲ ਕੀਤਾ ਹੈ। ਈਸਾਈਆਂ ਨੇ ਇਹ ਕੰਮ ਲਾਲਚ ਤੇ ਧੱਕੇਸ਼ਾਹੀ ਦੋਹਾਂ ਵਿਧੀਆਂ ਨਾਲ ਕੀਤਾ ਹੈ। ਇਸੇ ਕਾਰਨ ਇਨ੍ਹਾਂ ਦੀ ਗਿਣਤੀ ਸੰਸਾਰ ਵਿਚ ਬਹੁਤ ਹੈ। ਪਹਿਲੇ ਦਰਜੇ ਤੇ ਈਸਾਈ ਤੇ ਦੂਜੇ ਦਰਜੇ ਤੇ ਮੁਸਲਮਾਨ ਆਉਂਦੇ ਹਨ। ਸਿੱਖਾਂ ਦੀ ਗਿਣਤੀ, ਯਹੂਦੀਆਂ ਵਾਂਗ ਨਿਗੂਣੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਦੋਹਾਂ ਮਜ਼ਹਬਾਂ ਵਿਚ ਜ਼ੋਰਾ-ਜ਼ਬਰੀ ਦਾ ਕੋਈ ਸਿਧਾਂਤ ਨਹੀਂ।

ਪਿਆਰ ਦਾ ਸਿਧਾਂਤ ਹੈ। ਜਿਸ ਨੂੰ ਗੁਰਮਤਿ ਨਾਲ ਸਨੇਹ ਹੈ, ਉਹ ਸਿਖ ਬਣ ਜਾਂਦਾ ਹੈ। ਪਿਆਰ ਨਾਲ ਉਸਰਿਆ ਕੋਈ ਵੀ ਮਜ਼ਹਬ ਪਾਇਦਾਰ ਤੇ ਟਿਕਾਊ ਹੁੰਦਾ ਹੈ।

ਸਿੱਖਾਂ ਵਿਚ ਨਿਹੰਗ ਤੇ ਪਿਸ਼ੌਰੀਏ ਬਹੁਤ ਕੱਟੜ ਹਨ। ਇਹ ਲੋਕ ਜਿਹੜੇ ਸਿੱਖ ਪੰਜ ਕਕਾਰਾਂ ਦੀ ਪਾਲਣਾ ਨਹੀਂ ਕਰਦੇ, ਉਨ੍ਹਾਂ ਨੂੰ ਪਤਿਤ ਜਾਂ ਅਧੂਰੇ ਸਿੱਖ ਸਮਝਦੇ ਹਨ। ਇਹ ਸੋਚ, ਸਿੱਖੀ ਦੀ ਮੂਲ ਧਾਰਾ ਨਾਲ ਮੇਲ ਨਹੀਂ ਖਾਂਦੀ। ਸਿੱਖੀ ਭੁੱਲੇ ਭਟਕੇ ਸਿੱਖਾਂ ਨਾਲ ਨਫ਼ਰਤ ਨਹੀਂ ਸਿਖਾਉਂਦੀ। ਸਗੋਂ ਅਜਿਹੇ ਤੱਤਾਂ ਨੂੰ ਸੁਧਾਰਨ ਤੇ ਪ੍ਰੇਰਨ ਵਿਚ ਯਕੀਨ ਰੱਖਦੀ ਹੈ। ਜੇ ਸਵੇਰ ਦਾ ਭੁੱਲਿਆ ਭਟਕਿਆ ਸ਼ਾਮ ਨੂੰ ਘਰ ਪਰਤ ਆਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਿਹਾ ਜਾਂਦਾ। ਜਿਹੜੇ ਸਿੱਖ ਅੱਜ ਰਹਿਤ-ਮਰਿਯਾਦਾ ਦੀ ਉਲੰਘਣਾ ਕਰਦੇ ਹਨ, ਜੇਕਰ ਉਹ ਭੁੱਲ ਕੇ ਆਪਣੀ ਖ਼ਤਾ ਨੂੰ ਕਬੂਲ ਕਰ ਲੈਣ ਤਾਂ ਉਨ੍ਹਾਂ ਨੂੰ ਸਿੱਖੀ ਤੋਂ ਖਾਰਿਜ਼ ਕਰਨਾ ਗੁਰਮੱਤ ਨਹੀਂ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿਚ ਭੁੱਲਿਆਂ-ਭਟਕਿਆਂ, ਠੱਗਾਂ, ਕਾਤਲਾਂ ਤੇ ਲੁਟੇਰਿਆਂ ਨੂੰ ਆਪਣੀ ਬਾਣੀ ਦੇ ਰਸ ਨਾਲ ਆਪਣੇ ਗਲੇ ਲਗਾਇਆ ਸੀ। ਸਾਨੂੰ ਸਿੱਖਾਂ ਨੂੰ ਸਹਿਜਧਾਰੀ ਤੇ ਭਟਕੇ ਸਿੱਖਾਂ ਨੂੰ ਆਪਣੀ ਗੁਰਮੱਤ ਨਾਲ ਸਿੱਖੀ ਦੇ ਘੇਰੇ ਵਿਚ ਲਿਆਉਣਾ ਚਾਹੀਦਾ ਹੈ। ਨਫ਼ਰਤ ਤੇ ਕਰੋਧ ਦਾ ਮਾਰਗ ਸਿੱਖੀ ਦਾ ਮਾਰਗ ਨਹੀਂ। ਸਿੱਖੀ ਪ੍ਰੇਮ ਦਾ ਧਰਮ ਹੈ।

ਸਾਡੇ ਅਮੀਰ ਤੇ ਸਿਆਸੀ ਸ਼ਕਤੀ ਵਾਲੇ ਸਿੱਖ ਕੇਵਲ ਸਾਬਤ ਸੂਰਤ ਹੋਣ ਨੂੰ ਹੀ ਸਿੱਖੀ ਸਮਝਦੇ ਹਨ। ਇਨ੍ਹਾਂ ਸਿੱਖਾਂ ਵਿਚ ਗੁਰਮੱਤ ਦਾ ਡਾਹਢਾ ਅਭਾਵ ਹੁੰਦਾ ਹੈ। ਅਸਲੀ ਗੁਰੂ ਦਾ ਸਿੱਖ ਉਹੀ ਹੈ ਜਿਹੜਾ ਗੁਰੂ ਦੀ ਮੱਤ ਨੂੰ ਆਪਣੀ ਜੀਵਨ ਜਾਚ ਬਣਾ ਕੇ ਚੱਲਦਾ ਹੈ। ਸਿੱਖ ਜਗਤ ਵਿਚ ਪੂਰਨ ਸਿੱਖ ਕੇਵਲ ਪੰਜ-ਸੱਤ ਪ੍ਰਤੀਸ਼ਤ ਹਨ, ਬਾਕੀ ਸਭ ਅਧੂਰੇ ਤੇ ਕੱਚੇ ਸਿੱਖ ਹਨ। ਕਿਹਨੂੰ-ਕਿਹਨੂੰ ਅਸੀਂ ਸਿੱਖੀ ਵਿਚੋਂ ਕੱਢਦੇ ਫਿਰਾਂਗੇ ? ਅਜਿਹੀ ਕੱਟੜਤਾ ਸਿੱਖੀ ਦੇ ਅਨੁਕੂਲ ਨਹੀਂ ਹੈ। ਨਿਆਸਰਿਆਂ, ਨਿਮਾਣਿਆਂ ਤੇ ਬੇਪਤਿਆਂ ਦੀ ਪਨਾਹ, ਮਾਣ ਤੇ ਸਨਮਾਨ ਹੀ ਸਿੱਖੀ ਦਾ ਮੂਲ ਹੈ। ਭਟਕਿਆਂ ਨੂੰ ਗੁਰੂ ਘਰ ਵੱਲ ਮੋੜਨਾ ਹੀ ਖਾਲਸ ਸਿੱਖੀ ਹੈ ਤੇ ਇਹੀ ਨਿਰੋਲ ਖਾਲਸਾ ਪੰਥ।

# ਅਜੀਬੋ ਗਰੀਬ ਸਿੱਖੀ

ਹਜ਼ਰਤ ਈਸਾ ਨੇ ਆਪਣੇ ਸ਼ਿਸ਼ਆਂ ਨੂੰ ਆਖਿਆ ਸੀ, "ਜੇਕਰ ਕੋਈ ਮੈਨੂੰ ਕਹੇ ਕਿ ਸੂਈ ਦੇ ਨੱਕੇ ਵਿਚੋਂ ਹਾਥੀ ਲੰਘ ਗਿਆ ਹੈ ਤਾਂ ਮੈਂ ਮੰਨ ਲਵਾਂਗਾ। ਐਪਰ ਜੇਕਰ ਕੋਈ ਕਹੇ ਕਿ ਕੋਈ ਅਮੀਰ ਆਦਮੀ ਜ਼ੰਨਤ ਵਿਚ ਗਿਆ ਹੈ ਤਾਂ ਮੈਂ ਕਦਾਚਿਤ ਇਹ ਦਾਅਵਾ ਪ੍ਰਵਾਨ ਨਹੀਂ ਕਰਾਂਗਾ।" ਬਾਕੀ ਧਰਮਾਂ ਵਾਂਗ ਸਿੱਖ ਧਰਮ ਵੀ ਅਮੀਰਾਂ ਦੇ ਸ਼ਿਕੰਜੇ ਵਿਚ ਜਕੜਿਆ ਜਾ ਚੁੱਕਾ ਹੈ। ਅਮੀਰ ਲੋਕ ਆਮ ਤੌਰ ਤੇ ਨਾਸਤਿਕ ਹੁੰਦੇ ਹਨ ਭਾਵੇਂ ਉਹ ਹਮੇਸ਼ਾ ਪ੍ਰੇਮਸ਼ਰ-ਭਗਤ ਹੋਣ ਦਾ ਦਾਅਵਾ ਕਰਦੇ ਹਨ। ਅਮੀਰਾਂ ਲਈ ਪੈਸਾ ਹੀ ਪ੍ਰਮੇਸ਼ਰ ਹੁੰਦਾ ਹੈ। ਉਹ ਇਸ ਲਈ ਕਈ ਪ੍ਰੇਮਸ਼ਰ ਨਿਛਾਵਰ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਸਿੱਖ ਧਰਮ ਤਾਂ ਉਸ ਦੇ ਬਾਨੀ ਨੇ ਗਰੀਬਾਂ, ਕੁਚਲਿਆਂ, ਦਲਿਤਾਂ ਅਤੇ ਨਿਮਾਣਿਆਂ ਲਈ ਸਿਰਜਿਆ ਸੀ। ਭਾਵੇਂ ਬਾਬੇ ਨਾਨਕ ਦੇ ਨਾਮ ਤੇ ਰਾਏ ਭੋਂਏ ਦੀ ਤਲਵੰਡੀ ਦੀ ਸਾਰੀ ਜ਼ਮੀਨ, ਰਾਏ ਬੁਲਾਰ ਨੇ ਲਗਵਾ ਦਿੱਤੀ ਸੀ, ਪਰੰਤੂ ਬਾਬਾ ਜੀ ਕਦੀ ਵੀ ਇਸ ਜ਼ਮੀਨ ਉੱਪਰ ਕਾਬਜ਼ ਹੋਣ ਲਈ ਨਹੀਂ ਆਏ। ਇਕ ਉਨ੍ਹਾਂ ਦੀ ਮਾਇਆ ਪ੍ਰਤੀ ਉਦਾਸੀਨਤਾ ਸੀ। ਪਰੰਤੂ ਅਜੋਕੇ ਸਿੱਖ ਨੇਤਾ ਭਾਵੇਂ ਉਹ ਧਾਰਮਿਕ ਜਾਂ ਸਿਆਸੀ ਹੋਣ, ਕਦੀ ਵੀ ਗੋਲਕਾਂ ਦਾ ਖਹਿੜਾ ਨਹੀਂ ਛੱਡਦੇ। ਕਈ ਲੋਕ ਸ਼੍ਰੋਮਣੀ ਗੁਰੂ ਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ ਕਹਿਣਾ ਹੀ ਵਾਜਿਬ ਸਮਝਦੇ ਹਨ। ਹੈ ਵੀ ਇਹ ਦਰੁੱਸਤ।

ਅੰਗਰੇਜ਼ਾਂ ਵੇਲੇ ਸਾਡੇ ਗੁਰੂਦੁਆਰਿਆਂ ਦੇ ਪ੍ਰਬੰਧਕ ਤੇ ਚੀਫ਼ ਖਾਲਸਾ ਦੀਵਾਨ ਦੇ ਰਈਸ ਸਿੱਖ, ਜਿਥੇ ਸਿੱਖੀ ਦਾ ਪ੍ਰਚਾਰਕ ਹੋਣ ਦਾ ਦਾਅਵਾ ਕਰਦੇ ਸਨ, ਉਥੇ ਉਹ ਬਰਤਾਨਵੀ ਸਰਕਾਰ ਦੇ ਸੂਹੀਏ ਤੇ ਭਗਤ ਸਨ। ਉਨ੍ਹਾਂ ਨੂੰ ਜ਼ੈਲਦਾਰੀਆਂ, ਸਫ਼ੈਦਪੋਸ਼ੀਆਂ ਅਤੇ ਸਰਦਾਰ ਬਹਾਦਰਾਂ ਦੇ ਖ਼ਿਤਾਬ ਨਾਲ ਨਿਵਾਜ਼ ਕੇ ਅੰਗਰੇਜ਼ ਅਜਿਹੇ ਸਿੱਖਾਂ ਦੇ ਡੰਗ ਬੰਨ੍ਹ ਦਿੰਦੇ ਸਨ ਤੇ ਫਿਰ ਅਜਿਹੇ ਮਿੱਟੀ ਦੇ ਮਾਧੋ ਸਿੱਖ ਵੇਖਣ ਨੂੰ ਤਾਂ ਸਿੱਖੀ ਸਰੂਪ ਵਿਚ ਲੱਗਦੇ ਸਨ ਪਰ ਉਨ੍ਹਾਂ ਦਾ ਕਿਰਦਾਰ ਬਾਗੀ ਤੇ ਕ੍ਰਾਂਤੀਕਾਰੀ ਸਿੱਖਾਂ ਦੀ ਮੁਖਬਰੀ ਵਾਲਾ ਹੁੰਦਾ ਸੀ। ਸਾਡੀ ਅਜ਼ਾਦੀ ਦੀ ਲੜਾਈ ਵਿਚ ਅਜਿਹੇ ਕੱਚ-ਘਰੜ ਸਿੱਖ ਅਕਸਰ ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਵਾ ਕੇ ਅੰਗਰੇਜ਼ਾਂ ਕੋਲੋਂ ਜ਼ਮੀਨਾਂ ਤੇ ਜਾਇਦਾਦਾਂ ਪ੍ਰਾਪਤ ਕਰਕੇ ਰਈਸ ਅਖਵਾਉਣ ਵਿਚ ਫ਼ਖਰ ਮਹਿਸੂਸ ਕਰਦੇ ਸਨ। ਅਜਿਹੇ ਸਿੱਖ ਸਿੱਖੀ ਲਈ ਕਲੰਕ ਸਨ ਤੇ ਇਨ੍ਹਾਂ ਹੀ ਲੋਕਾਂ ਨੇ ਸਿੱਖੀ ਨੂੰ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਅਜਿਹੇ ਸਿੱਖ ਅੰਗਰੇਜ਼ੀ ਰਾਜ ਵਿਚ ਵੀ ਸਿੱਖਾਂ ਦੇ

ਨੇਤਾ ਤੇ ਰਹਿਨੁਮਾ ਸਨ ਅਤੇ ਅਜੋਕੇ ਦੌਰ ਵਿਚ ਸਿੱਖ ਸੰਸਥਾਵਾਂ ਉੱਪਰ ਪਥੱਲਾ ਮਾਰ ਕੇ ਬੈਠੇ ਹੋਏ ਸਨ। ਇਨ੍ਹਾਂ ਲੋਕਾਂ ਦੀ 'ਰਹਿਨੁਮਾਈ' ਨੇ ਸਿੱਖੀ ਨੂੰ ਕਿਸੇ ਪੱਤਣ ਨਹੀਂ ਲੱਗਣ ਦੇਣਾ ਹੈ।

ਸਿੱਖੀ ਮੁੱਢਲੇ ਦੌਰ ਵਿਚ ਬ੍ਰਾਹਮਣਵਾਦ ਦੀ ਮੜੀ ਤੇ ਉਸਰੀ ਸੀ। ਸਿੱਖ ਬੁੱਤ ਪੂਜਕ ਨਹੀਂ ਸਨ। ਉਹ ਕਿਸੇ ਦੇਵੀ ਦੇਵਤੇ ਵਿਚ ਕੋਈ ਆਸਥਾ ਨਹੀਂ ਰੱਖਦੇ ਸਨ। ਉਹ ਜਾਤ-ਪਾਤ, ਛੂਤ-ਛਾਤ ਤੇ ਪਾਠ-ਪੂਜਾ ਵਿਚ ਕੱਤਈ ਯਕੀਨ ਨਹੀਂ ਰੱਖਦੇ ਸਨ। ਭਾਵੇਂ ਇਨ੍ਹਾਂ ਸਿੱਖਾਂ ਦੇ ਵੱਡੇ-ਵਡੇਰੇ ਬ੍ਰਾਹਮਣਵਾਦ ਦੇ ਸ਼ਿਕੰਜ਼ੇ ਵਿਚ ਜਕੜੇ ਹੋਏ ਸਨ ਪਰ ਗੁਰੂ ਸਾਹਿਬਾਨ ਨੇ ਇਨ੍ਹਾਂ ਸਭਨਾਂ ਕਿਰਿਆਵਾਂ ਨੂੰ ਮਹਿਜ਼ ਕਰਮਕਾਂਡ ਸਮਝ ਕੇ ਸਿੱਖਾਂ ਨੂੰ ਇਨ੍ਹਾਂ ਤੋਂ ਕਿਨਾਰਾ ਕਰਨ ਲਈ ਆਖਿਆ ਸੀ। ਪਰ ਕੇਂਦਰ ਸਰਕਾਰਾਂ ਦੀ ਦਖ਼ਲਅੰਦਾਜ਼ੀ ਕਾਰਨ, ਸਿੱਖੀ ਨੂੰ ਧੱਕਾ ਲੱਗਦਾ ਰਿਹਾ ਹੈ ਤੇ ਅੱਜ ਵੀ ਜਾਰੀ ਹੈ। ਰਾਸ਼ਟਰੀ ਸਿੱਖ ਸੰਗਤ ਨੂੰ ਪੈਦਾ ਕਰਨਾ ਕੇਂਦਰ ਦੀ ਗ਼ੈਰ ਪੰਥਕ ਨੀਤੀ ਲਈ ਪੁੱਟਿਆ ਇਕ ਕਦਮ ਹੈ। ਇਸ ਸੰਸਥਾ ਨੇ ਓਨਾ ਸਿੱਖੀ ਦਾ ਫ਼ਾਇਦਾ ਨਹੀਂ ਕੀਤਾ ਜਿੰਨਾ ਨੁਕਸਾਨ ਪੁਚਾਇਆ ਹੈ। ਇਸ ਦਾ ਮੁੱਖ ਮੰਤਵ ਸਿੱਖੀ ਦੇ ਪ੍ਰਚਾਰ ਨੂੰ ਰੋਕਣਾ, ਸਿੱਖੀ ਵਿਚ ਬ੍ਰਾਹਮਣਵਾਦ ਦੀ ਮਿਲਾਵਟ ਕਰਕੇ, ਉਸ ਦੇ ਸਰੂਪ ਨੂੰ ਵਿਗਾੜਨਾ। ਇਸੇ ਹੀ ਸੰਸਥਾ ਨੇ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਦਾ ਘਾਣ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਵਰਗੀਆਂ ਸੰਸਥਾਵਾਂ ਭ੍ਰਿਸ਼ਟ ਹੋ ਗਈਆਂ ਹਨ। ਇਹ ਸੰਸਥਾਵਾਂ ਕੇਵਲ ਆਪਣੇ ਸਿਆਸੀ ਅਕਾਵਾਂ ਦੇ ਇਸ਼ਾਰੇ ਤੇ ਚੱਲਦੀਆਂ ਹਨ। ਪੰਥ ਕਿਨਾਰੇ ਰਹਿ ਗਿਆ ਹੈ। ਅਜਿਹੇ ਸਿੱਖ ਨੇਤਾਵਾਂ ਨੂੰ ਜ਼ਬਰਨ ਪੰਥ ਰਤਨ ਤੇ ਫ਼ਖਰੇ ਖਾਲਸਾ ਦੇ ਖ਼ਿਤਾਬਾਂ ਨਾਲ ਨਿਵਾਜ਼ਸ ਕੇ ਉਨ੍ਹਾਂ ਦੀ ਪੰਥ ਪ੍ਰਤੀ ਸੇਵਾਵਾਂ ਦਾ ਰਾਤ ਦਿਨ ਗੁਣ ਗਾਣ ਕੀਤਾ ਜਾਂਦਾ ਹੈ। ਇਸ ਨਾਲੋਂ ਵੱਡੀ ਪੰਥ ਦੀ ਬਦਕਿਸਮਤੀ ਕੀ ਹੋ ਸਕਦੀ ਹੈ ? ਕਹਿਣ ਨੂੰ ਇਹ ਲੋਕਾਂ ਦੇ ਹੀ ਚੁਣੇ ਨੁਮਾਇੰਦੇ ਹਨ। "ਆਪੂੰ ਫਾਥੜੀਏ ਤੈਨੂੰ ਕੌਣ ਛੁਡਾਵੇ ? ਤੇਰਾ ਅੱਲ੍ਹਾ ਬੇਲੀ।"

ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਨਾਮ ਤੇ ਕਰੋੜਾਂ ਅਰਬਾਂ ਦੀਆਂ ਜ਼ਮੀਨਾਂ ਜਾਇਦਾਦਾਂ ਹਨ। ਸਾਡੇ ਸ਼੍ਰੋਮਣੀ ਕਮੇਟੀ ਦੇ ਬਹੁਤੇ ਮੈਂਬਰ ਪੈਸੇ, ਨਸ਼ੇ ਤੇ ਧੱਕੇਸ਼ਾਹੀ ਨਾਲ ਮੈਂਬਰ ਬਣਨ ਵਿਚ ਕਾਮਯਾਬ ਹੋ ਜਾਂਦੇ ਹਨ। ਕਮੇਟੀ ਦੀਆਂ ਜਾਇਦਾਦਾਂ ਦਾ ਪੈਸਾ ਜਿਹੜਾ ਕਿ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਲਈ ਨਿਰਧਾਰਤ ਕੀਤਾ ਗਿਆ ਸੀ, ਉਸ ਦਾ ਦੁਰਉਪਯੋਗ ਕੀਤਾ ਜਾਂਦਾ ਹੈ। ਕਿਸੇ ਸਮਾਗਮ ਤੇ ਜੇਕਰ ਇਹ ਸ਼੍ਰੋਮਣੀ ਕਮੇਟੀ ਲੱਖਾਂ ਰੁਪੈ ਖਰਚ ਕਰਦੀ ਹੈ ਤਾਂ ਕਰੋੜਾਂ ਰੁਪੈ ਦੇ ਬਿੱਲ ਬਣਾਉਂਦੀ ਹੈ। ਧਰਮ ਪ੍ਰਚਾਰ ਦੇ ਨਾਮ ਤੇ ਕਰੋੜਾਂ ਰੁਪੈ ਡਕਾਰੇ ਜਾਂਦੇ ਹਨ। ਇਹ ਮੈਂਬਰ ਤੇ ਇਨ੍ਹਾਂ ਦੇ ਸਿਆਸੀ ਗੁਰੂ, ਗੁਰੂ ਦੀ ਗੋਲਕ ਨੂੰ ਦੋਵੇਂ ਹੱਥੀਂ ਲੁੱਟਦੇ ਹਨ। ਇਹ ਕੈਸੀ ਪੰਥ ਦੀ ਸੇਵਾ ਹੈ ? ਅਜਿਹੀ ਕਮੇਟੀ ਜੇਕਰ ਨਾ ਹੁੰਦੀ ਤਾਂ ਪੰਥ ਦੇ ਕੀਮਤੀ ਚੜ੍ਹਾਵੇ ਦੀ ਇਸ ਤਰ੍ਹਾਂ ਦੀ ਦੁਰਗੱਤ ਨਾ ਹੁੰਦੀ। ਗੁਰੂ ਦੀ ਮੱਤ ਰੱਖਣ ਵਾਲੇ ਸਿੱਖ ਤਾਂ ਲੱਭਿਆਂ ਵੀ ਘੱਟ ਲੱਭਦੇ। ਜੇਕਰ ਕੁਝ ਸਹੀ ਪੰਥਕ ਸੋਚ ਰੱਖਦੇ ਹਨ ਤਾਂ ਸਿਆਸਤ ਵਿਚ ਉਨ੍ਹਾਂ ਨੂੰ ਖੁੱਡੇ ਲਗਾ ਕੇ

ਰੱਖਿਆ ਜਾਂਦਾ ਹੈ। ਕੁਝ ਅਮੀਰ ਸਿੱਖ ਸਹੀ ਪੰਥਕ ਸੋਚ ਵਾਲੇ ਹਨ ਪਰੰਤੂ ਇਨ੍ਹਾਂ ਦੀ ਸਾਡੇ 'ਅਜੋਕੇ ਨੇਤਾ' ਕੋਈ ਪੇਸ਼ ਨਹੀਂ ਜਾਣ ਦਿੰਦੇ। ਪੰਥ, ਗ਼ੈਰ ਪੰਥਕ ਸੋਚ ਵਾਲੇ ਨਾਮ-ਨਿਹਾਦ ਸਿੱਖਾਂ ਦੀ ਝੋਲੀ ਵਿਚ ਪੈ ਚੁੱਕਾ ਹੈ।

ਅਜੋਕੇ ਸਿੱਖਾਂ ਵਿਚੋਂ ਬਹੁਤੇ ਮਨਮੁਖ ਹਨ, ਗੁਰਮੁਖ ਨਹੀਂ। ਕੋਈ ਸਰਮੁਖ ਜਾਂ ਗੁਰਮੁਖ ਨਾਮ ਰੱਖਣ ਨਾਲ ਤਾਂ ਗੁਰੂ ਦਾ ਸਿੱਖ ਨਹੀਂ ਬਣ ਜਾਂਦਾ। ਗੁਰਮਤ ਜਾਂ ਸਿੱਖੀ ਸਿਧਾਤਾਂ ਦੀ ਪੂਰੀ ਸੋਝੀ ਹੋਣੀ ਚਾਹੀਦੀ ਹੈ। ਬਹੁਤੇ ਸਿੱਖ ਤਾਂ ਗੁਰਬਾਣੀ ਦਾ ਪਾਠ ਕਰਦੇ ਹਨ ਪਰ ਕੇਵਲ ਮੰਤਰ ਪੜ੍ਹਨ ਦੀ ਨਿਆਈਂ ਹੁੰਦਾ ਹੈ। ਬਿਨਾਂ ਸਮਝਣ ਤੋਂ ਭਾਵੇਂ ਸਾਰੀ ਉਮਰ ਪਾਠ ਕਰੀ ਚਲੋ, ਕੋਈ ਪ੍ਰਾਪਤ ਨਹੀਂ ਹੋਵੇਗਾ। ਇਹ ਮਹਿਜ਼ ਪੱਥਰਾਂ 'ਤੇ ਪਾਣੀ ਪਾਉਣ ਦੇ ਬਰਾਬਰ ਹੈ। ਗੁਰਬਾਣੀ ਦੀ ਭਾਸ਼ਾ ਤਾਂ ਬਹੁਤਿਆਂ ਦੀ ਪਕੜ ਵਿਚ ਨਹੀਂ ਆਉਂਦੀ। ਕੇਵਲ ਬਾਣੀ ਦਾ ਰਟਨ ਕਰੀ ਜਾਣਾ, ਲਾਹੇਵੰਦਾ ਨਹੀਂ ਹੋਵੇਗਾ। ਇਸੇ ਲਈ ਬਹੁਤੇ ਸਿੱਖ ਅੱਜ ਗੁਰਮੱਤ ਤੋਂ ਕੋਰੇ ਹਨ। ਇਨ੍ਹਾਂ ਕੋਰਿਆਂ ਨੇ ਪੰਥ ਦੀ ਕੀ ਸੇਵਾ ਕਰਨੀ ਹੈ ? ਗੁਰਮੁਖ ਹੋਣ ਦਾ ਕੇਵਲ ਢੌਂਗ ਹੀ ਰਚਿਆ ਜਾ ਰਿਹਾ ਹੈ। ਗੁਰਮੁਖ ਹੋਣਾ ਕੋਹਾਂ ਦੂਰ ਹੈ। ਸਭ ਜ਼ਬਾਨੀ ਜਮਾਂ ਖਰਚ ਹੋ ਰਿਹਾ ਹੈ। ਬੁੱਕੀਂ ਵੜੇ ਪੱਕ ਰਹੇ ਹਨ। ਇਸ ਨਾਲ ਸਮੇਂ ਦੀ ਬਰਬਾਦੀ ਹੋ ਰਹੀ ਹੈ, ਪੰਥ ਨੂੰ ਇਸ ਨਾਲ ਕੋਈ ਫ਼ਾਇਦਾ ਨਹੀਂ ਹੋਣ ਵਾਲਾ।

ਸਾਡੇ ਸਿੱਖ ਨੇਤਾ, ਜੋ ਕਿ ਹਮੇਸ਼ਾ ਸਿੱਖੀ ਦੀ ਚੜ੍ਹਦੀ ਕਲਾ ਦੀਆਂ ਗੱਲਾਂ ਕਰਦੇ ਹਨ ਪਰ ਅਜਿਹੇ ਲੋਕ ਹਮੇਸ਼ਾ ਹੀ ਆਪਣੀ ਨਿੱਜੀ ਬਿਹਤਰੀ ਤੇ ਵਿਕਾਸ ਵੱਲ ਪੂਰੇ ਕੇਂਦਰਿਤ ਹੁੰਦੇ ਹਨ। ਇਨ੍ਹਾਂ ਲੋਕਾਂ ਨੇ ਸੌ ਸਵਾਂਗ ਰਚਾ ਕੇ ਆਪਣੇ ਮਹਿਲ-ਮੁਨਾਰੇ ਤਾਂ ਉਸਾਰ ਲਏ ਹਨ, ਆਪਣੇ ਪਰਿਵਾਰ ਲਈ ਤਾਂ ਕਈਆਂ ਪੁਸ਼ਤਾਂ ਦੀ ਦੌਲਤ ਇਕੱਠੀ ਕਰ ਲਈ ਹੈ ਪਰ ਸਿੱਖੀ ਦੀ ਬਿਖਰੀ ਜ਼ੁਲਫ਼ ਨੂੰ ਸੰਵਾਰਨ ਲਈ ਕੋਈ ਕਦਮ ਨਹੀਂ ਚੁੱਕਿਆ। ਪੰਥਕ ਤੇ ਖਾਲਸਾਈ ਹੋਣ ਦੇ ਸੌ ਢਕਵੰਜ ਤਾਂ ਰਚੇ ਹਨ ਪਰੰਤੂ ਅਸਲੀਅਤ ਤੋਂ ਬਹੁਤ ਦੁਰਾਡੇ ਰਹੇ ਹਨ। ਅੰਤ ਵਿਚ ਇਹੀ ਕਹਿਣਾ ਮੁਨਾਸਿਬ ਹੋਵੇਗਾ ਕਿ ਅਜੋਕੇ ਸਿੱਖਾਂ ਨੇ ਅਜੀਬੋ-ਗਰੀਬ ਸਾਧਨ ਅਪਣਾ ਕੇ ਸਿੱਖੀ ਨੂੰ ਸੰਵਾਰਨ ਲਈ ਉਪਰਾਲੇ ਕੀਤੇ ਹਨ ਪਰ ਇਨ੍ਹਾਂ ਨਾਲ ਪੰਥ ਦਾ ਡਾਹਢਾ ਨੁਕਸਾਨ ਹੀ ਹੋਇਆ। ਭਰਾ ਜੀ ਬਚ ਕੇ !

# ਵਾਲੋਂ ਨਿੱਕੀ—ਖੰਡਿਓਂ ਤਿੱਖੀ

ਸਿੱਖ ਬਣਨਾ ਖਾਲਾ ਜੀ ਦਾ ਵਾੜਾ ਨਹੀਂ। ਗੁਰੂ ਸਾਹਿਬਾਨ ਵੇਲੇ ਪੰਜਾਬ ਵਿਚ ਲੱਖਾਂ ਲੋਕ ਸਨ ਪਰੰਤੂ ਸਿੱਖ ਕੋਈ ਟਾਵਾਂ ਟਾਵਾਂ ਹੀ ਬਣਿਆ। ਸਿੱਖ ਬਣਨਾ ਆਪਣੀ ਹਸਤੀ ਤੇ ਜਾਨ ਨੂੰ ਖ਼ਤਰੇ ਵਿਚ ਪਾਉਣਾ ਸੀ। ਸਮੇਂ ਦੀ ਹਕੂਮਤ ਨਾਲ ਸਿੱਧੀ ਟੱਕਰ। ਫੜੇ ਜਾਓ ਤਾਂ ਸਿੱਧੀ ਮੌਤ। ਇਸ ਲਈ ਉਸ ਵੇਲੇ ਕੁਝ ਗਿਣਤੀ ਦੇ ਹੀ ਲੋਕ ਸਿੰਘ ਸੱਜੇ ਸਨ। ਬਹੁਤੇ ਤਾਂ ਬੁਜ਼ਦਿਲੀ ਦੇ ਆਲਮ ਵਿਚ ਲੁਕ ਛਿਪ ਕੇ, ਦੜ ਵੱਟ ਕੇ ਹਾਲਾਤ ਨਾਲ ਸਮਝੌਤਾ ਕਰਨਾ ਹੀ ਆਪਣੇ ਲਈ ਬਿਹਤਰ ਸਮਝਦੇ ਸਨ। ਉਸ ਕਾਲ ਦੇ ਹਿੰਦੂ ਵੀਰ, ਤਕਲੀਫ਼ਾਂ, ਮੁਸੀਬਤਾਂ ਤੇ ਔਕੜਾਂ ਤੋਂ ਡਰ ਕੇ, ਹਕੂਮਤ ਵਿਰੁੱਧ ਅਵਾਜ਼ ਨਾ ਉਠਾ ਸਕੇ। ਇਹ ਲੋਕ, ਉਸ ਵਕਤ ਮੁਸਲਮਾਨਾਂ ਦੇ ਮਤੀਹ ਕੰਮ ਕਾਜ ਕਰਕੇ ਹੀ ਆਪਣਾ ਰੋਜ਼ ਮਰ੍ਹਾ ਜੀਵਨ ਬਤੀਤ ਕਰਨ ਲੱਗੇ। ਇਨ੍ਹਾਂ ਲੋਕਾਂ ਨੇ ਆਪਣੀ ਜਾਨ ਤਾਂ ਬਚਾ ਲਈ ਪਰ ਇਨ੍ਹਾਂ ਦੀ ਜ਼ਮੀਰ ਜ਼ਿੰਦਾ ਨਾ ਰਹਿ ਸਕੀ। ਇਹ ਪੰਜਾਬੀਆਂ ਲਈ ਨਮੋਸ਼ੀ ਦੀ ਗੱਲ ਸੀ। "ਵਿਚ ਗ਼ੁਲਾਮੀ, ਹੋਏ ਖੁਨਾਮੀ, ਸੁੱਕਣ ਲਹੂ ਸਗੀਰਾਂ ਦਾ। ਬੰਦੀਜ਼ਨਾਂ ਦੇ ਹਲਵੇ ਨਾਲੋਂ ਭਲੇ ਟੁੱਕਰ ਫ਼ਕੀਰਾਂ ਦੇ।" ਸਾਡੇ ਪੰਜਾਬੀ ਹਿੰਦੂ ਵੀਰਾਂ ਨੇ ਖੱਜਲ ਖੁਆਰ ਤੇ ਜ਼ਲੀਲ ਹੋ ਕੇ ਵੀ ਜੀਣ ਨੂੰ ਤਰਜ਼ੀਹ ਦਿੱਤੀ। ਸਿੱਖੀ ਨੂੰ ਨਹੀਂ।

ਸਿੱਖ ਜਿਉਂ ਹੀ ਜੰਮੇ, ਬੋਦੀਓਂ ਲੰਮੇ। ਸਮੇਂ ਦੀ ਜ਼ਾਲਮ ਮੁਗ਼ਲ ਸਰਕਾਰ ਸਿੱਖਾਂ ਦਾ ਮਲੀਆਮੇਟ ਕਰਨ ਦੇ ਮਨਸੂਬੇ ਬਣਾਉਂਦੀ ਰਹੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਸਿੱਖ ਬੀਬੀਆਂ ਨੂੰ ਪਿੱਛੇ ਸੌ ਸੌ ਸਿੱਤਮ ਸਹਿਣੇ ਪਏ। ਉਨ੍ਹਾਂ ਨੂੰ ਸਵਾ ਸਵਾ ਮਣ ਆਟਾ ਪੀਸਣ ਦੀ ਮੁਸ਼ੱਕਤ ਸਹਿਣੀ ਪਈ। ਆਪਣੇ ਮਾਸੂਮ ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀ ਪਵਾਉਣੇ ਪਏ। ਇਹ ਸਿੱਖੀ ਦਾ ਕਾਲਾ ਦੌਰ ਸੀ। ਇਸੇ ਦੌਰ ਵਿਚ ਹੀ ਮੀਰ ਮੰਨੂੰ ਨੇ ਦੋ ਘੱਲੂਘਾਰੇ ਕਰਕੇ, ਸਿੱਖਾਂ ਦੀ ਸਮੁੱਚੀ ਸ਼ਕਤੀ ਨੂੰ ਤਬਾਹ ਕਰਨ ਦੀਆਂ ਸਾਜਿਸ਼ਾਂ ਘੜੀਆਂ। ਸਿੱਖ ਘਰ ਘਾਟ ਛੱਡ ਕੇ ਜੰਗਲਾਂ ਤੇ ਪਹਾੜਾਂ ਵਿਚ ਨਿਵਾਸ ਕਰਨ ਲੱਗੇ। ਇਸ ਵਕਤ ਕਈ ਹਿੰਦੂ ਵੀਰ ਸਿੱਖਾਂ ਦੀਆਂ ਮੁਖਬਰੀਆਂ ਕਰਕੇ, ਮੁਗ਼ਲ ਹਕੂਮਤ ਕੋਲੋਂ ਇਨਾਮ ਪ੍ਰਾਪਤ ਕਰਦੇ ਰਹੇ। ਇਨ੍ਹਾਂ ਘੱਲੂਘਾਰਿਆਂ ਵਿਚ ਤਕਰੀਬਨ ਅੱਧੇ ਕੁ ਤਿਆਰ ਬਰ-ਤਿਆਰ ਸਿੰਘ ਸ਼ਹੀਦੀਆਂ ਪਾ ਗਏ ਪਰੰਤੂ ਉਨ੍ਹਾਂ ਦੇ ਹੌਂਸਲੇ ਕਦਾਚਿਤ ਪਸਤ ਨਹੀਂ ਹੋਏ। ਉਨ੍ਹਾਂ ਦੀਆਂ ਸੁੱਤੀਆਂ ਕਲਾ ਜਾਗ ਪਈਆਂ ਤੇ ਉਹ ਜੰਗਾਂ-ਯੁੱਧਾਂ ਲਈ ਕਮਰ-ਕੱਸੇ ਕਰਨ ਲੱਗੇ। ਉਹ ਸਗੋਂ ਦੂਣ-ਸਵਾਏ ਹੋ ਗਏ। ਉਹ ਹੋਰ ਸ਼ਕਤੀਸ਼ਾਲੀ ਹੋ ਕੇ ਮੈਦਾਨ ਵਿਚ ਆਏ।

ਜੰਗਲਾਂ ਤੇ ਪਹਾੜਾਂ ਵਿਚ ਰਹਿਣਾ ਸੌਖਾ ਨਹੀਂ। ਘੋੜਿਆਂ ਦੀਆਂ ਕਾਠੀਆਂ ਤੇ ਰਾਤਾਂ ਗੁਜ਼ਾਰਨੀਆਂ ਆਸਾਨ ਨਹੀਂ। ਚੌਵੀ ਘੰਟੇ ਖੌਫ਼ਜ਼ਦਾ ਰਹਿਣਾ ਕੋਈ ਅਸਾਨ ਨਹੀਂ। ਪਰ ਹਕੀਕਤ ਹੈ ਕਿ ਸਿੰਘ ਇਸ ਦੌਰ ਵਿਚੋਂ ਸਫ਼ਲ ਹੋ ਕੇ ਨਿੱਤਰੇ। ਕੁਝ ਵਰ੍ਹਿਆਂ ਬਾਅਦ ਹੀ ਉਹ ਪੰਜਾਬ ਦੇ ਮਾਲਕ ਬਣ ਗਏ। ਕਹਿਣ ਦਾ ਭਾਵ ਇਹ ਹੈ ਕਿ ਸਿੱਖ ਬਣਨਾ ਅਸਾਨ ਨਹੀਂ। ਜਾਨ ਤਲੀ ਤੇ ਰੱਖਣੀ ਪੈਂਦੀ ਹੈ। ਮੌਤ ਨੂੰ ਮਖੌਲ ਕਰਨੇ ਪੈਂਦੇ ਹਨ। ਹਕੂਮਤ ਨੂੰ ਲਲਕਾਰ ਕੇ, ਉਸ ਨਾਲ ਟੱਕਰ ਲੈਣੀ ਪੈਂਦੀ ਹੈ। ਸਿੱਖੀ ਇਸ ਦੌਰ ਵਿਚੋਂ ਸਾਬਤ ਵਾਪਸ ਆਈ ਹੈ। ਸਿੱਖੀ ਇਸ ਅਗਨ ਪ੍ਰੀਖਿਆ ਵਿਚੋਂ ਪਾਸ ਹੋਈ ਹੈ। ਜਦੋਂ ਉਸ ਵਕਤ ਪੰਜਾਬ ਦੇ ਉਹ ਲੋਕ ਜਿੰਨ੍ਹਾਂ ਨੇ ਸਿੱਖੀ ਦਾ ਮਾਰਗ ਨਹੀਂ ਚੁਣਿਆ, ਉਹ ਮੁਸਲਮਾਨਾਂ ਕੋਲੋਂ ਨਿੱਤ ਜ਼ਲੀਲ ਹੋਣਾ ਸਵੀਕਾਰ ਕਰਦੇ ਰਹੇ। ਇਹ ਇਕ ਇਤਿਹਾਸਕ ਸੱਚਾਈ ਹੈ।

ਗੁਰੂ ਦੇ ਸਿੱਖ ਕਿਸੇ ਹੋਰ ਹੀ ਮਿੱਟੀ ਦੇ ਬਣੇ ਹੋਏ ਹਨ। ਇਨ੍ਹਾਂ ਨੇ ਸਮੇਂ ਦੀ ਹਰੇਕ ਲਲਕਾਰ ਤੇ ਚੁਣੌਤੀ ਨੂੰ ਸਵੀਕਾਰ ਕੀਤਾ ਹੈ। ਇਹ ਲੋਕ ਕਿਸੇ ਕਿਰਦਾਰ ਤੇ ਇਖ਼ਲਾਕੀ ਕੀਮਤਾਂ ਨਾਲ ਬੱਝੇ ਹੋਏ ਹਨ। ਇਨ੍ਹਾਂ ਲਈ ਮਰਨਾ ਬਿਹਤਰ ਹੈ ਪਰ ਆਪਣੇ ਸਿੱਖੀ ਸਿਧਾਂਤਾਂ ਨੂੰ ਤਿਲਾਂਜ਼ਲੀ ਦੇਣੀ ਕਬੂਲ ਨਹੀਂ। ਭਾਵੇਂ ਮਹਾਰਾਜਾ ਰਣਜੀਤ ਸਿੰਘ ਵੇਲੇ ਸਿੱਖ, ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਘੱਟ ਗਿਣਤੀ ਵਿਚ ਸਨ ਪਰੰਤੂ ਸਿੱਖਾਂ ਦੇ ਜਲਵੇ ਜ਼ਮਾਨੇ ਨੇ ਵੇਖੇ ਪਰਖੇ ਸਨ। ਇਸੇ ਲਈ ਰਣਜੀਤਂ ਸਿੰਘ ਦੀ ਲੰਮੀ ਚੌੜੀ ਹਕੂਮਤ ਪੰਜਾਹ ਸਾਲ ਨਿਰਵਿਘਨ ਚੱਲਦੀ ਰਹੀ।

ਸਿੱਖ ਕੋਈ ਵਿਰਲਾ, ਬਹਾਦਰ ਤੇ ਗ਼ੈਰਤਮੰਦ ਹੀ ਬਣ ਸਕਦਾ ਹੈ। ਮੁਸੀਬਤ ਵੇਲੇ ਆਮ ਤੌਰ ਤੇ ਹਿੰਦੂ ਵੀਰ ਦੁੰਮ-ਦਬਾ ਕੇ ਦੌੜ ਜਾਂਦੇ ਸਨ। 1965 ਦੀ ਲੜਾਈ ਵੇਲੇ ਵੀ ਬਹੁਤ ਸਾਰੀ ਹਿੰਦੂ ਫੌਜ ਵਾਹਗਾ ਬਾਰਡਰ ਪਾਰ ਕਰਨ ਤੋਂ ਝਿਜਕਦੀ ਸੀ। ਕਸ਼ਮੀਰ ਤੇ ਸਿੱਕਮ ਵਰਗੇ ਸਿਆਸੀ ਮਸਲੇ ਕੇਵਲ ਸਿੱਖ ਹੀ ਨਜਿੱਠ ਸਕਦੇ ਹਨ। ਇਹੀ ਕਾਰਨ ਹੈ ਕਿ ਭਾਵੇਂ ਅੰਗਰੇਜ਼ ਹੋਣ ਜਾਂ ਆਪਣੀ ਕੌਮੀ ਸਰਕਾਰ ਸਿੱਖਾਂ ਦੀ ਖੁਸ਼ਾਮਦੀ ਕਰਕੇ, ਇਨ੍ਹਾਂ ਨੂੰ ਗ਼ੈਰ ਕੌਮਾਂ ਦੇ ਵਿਰੁੱਧ ਲੜਾਉਂਦੀ ਹੈ। ਸਿੱਖਾਂ ਨੇ ਖਾਹ-ਮਖਾਹ ਯੂਰਪੀਨ ਕੌਮਾਂ ਨਾਲ ਦੁਸ਼ਮਣੀ ਮੁੱਲ ਲਈ। ਇਹ ਲੋਕ ਅੰਗਰੇਜ਼ਾਂ ਦੀ ਖ਼ਾਤਰ ਕਈ ਪੱਛਮੀ ਮੁਲਕਾਂ ਦੇ ਮੁਹਾਜ਼ਾਂ ਉੱਪਰ ਲੜਦੇ ਰਹੇ ਤੇ ਸ਼ਹੀਦੀਆਂ ਪਾ ਗਏ। ਸੰਸਾਰ ਦੀ ਪਹਿਲੀ ਤੇ ਦੂਜੀ ਆਲਮੀ ਜੰਗ ਵਿਚ ਸਿੱਖਾਂ ਨੇ ਵੱਧ ਚੜ੍ਹ ਕੇ ਅੰਗਰੇਜ਼ਾਂ ਦੀ ਮਦਦ ਕੀਤੀ। ਇਹ ਮਦਦ ਕਰਨ ਦੀ ਲੋੜ ਕੀ ਸੀ ? ਪਠਾਣਾਂ ਵਿਰੁੱਧ ਸਾਰਾਗੜ੍ਹੀ ਦੇ ਮੋਰਚੇ ਤੇ ਇੰਨੀ ਵੱਡੀ ਗਿਣਤੀ ਵਿਚ ਆਢਾ ਲੈਣ ਦੀ ਕੀ ਜ਼ਰੂਰਤ ਸੀ ? ਪਰ ਸਿੱਖ ਲੋਕ ਆਪਣੀ ਸਲਤੱਨਤ ਦੀ ਹਿਫਾਜ਼ਿਤ ਨਾ ਕਰ ਸਕੇ ਪਰ ਬਰਤਾਨਵੀ ਸਾਮਰਾਜ ਦੀ ਅਉਧ ਵਧਾਉਣ ਲਈ ਇੱਟ-ਚੋਟੀ ਦਾ ਜ਼ੋਰ ਲਗਾਉਂਦੇ ਰਹੇ। ਇਹ ਮਹਿਜ਼ ਭਾਵੁਕਤਾ ਸੀ। 1965 ਤੇ 1971 ਦੀ ਲੜਾਈ ਵਿਚ ਇਤਨੀ ਗਿਣਤੀ ਵਿਚ ਕੁਰਬਾਨੀਆਂ ਦੇਣੀਆਂ ਮਹਿਜ਼ ਇਕ ਭਾਵੁਕਤਾ ਸੀ। ਇਸ ਵੇਲੇ ਭਾਰਤ ਦੀਆਂ ਦੂਜੀਆਂ ਕੌਮਾਂ ਦੇ ਕੰਨਾਂ ਵਿਚ ਜੂੰ ਨਹੀਂ ਸਰਕੀ। ਇਹ ਲੋਕ ਫੌਜ ਵਿਚ ਭਰਤੀ ਤਾਂ ਹੋ

ਜਾਂਦੇ ਹਨ ਪਰ ਇਨ੍ਹਾਂ ਵਿਚ ਸੈਨਿਕ ਸਪਿਰਟ ਦੀ ਸਖ਼ਤ ਘਾਟ ਹੈ। ਇਹ ਲੋਕ 1965 ਤੇ 1971 ਦੀ ਲੜਾਈ ਵਿਚ ਲੜਾਈ ਦੇ ਮੁਹਾਜ਼ ਤੋਂ ਵਾਪਸ ਆਉਂਦੇ ਵੀ ਵੇਖੇ ਗਏ ਹਨ। ਲੜਾਈ ਕਰਨਾ ਹਾਰੀ-ਸਾਰੀ ਦਾ ਕੰਮ ਨਹੀਂ। ਹਟਵਾਣੀਏ, ਬਾਣੀਏ ਤੇ ਬ੍ਰਾਹਮਣ ਇਸ ਵਿਭਾਗ ਵਿਭਾਗ ਵਿਚ ਕੰਮ ਨਹੀਂ ਕਰ ਸਕਦੇ। ਇਨ੍ਹਾਂ ਨੂੰ ਸੈਨਿਕਾਂ ਦੇ ਫਰਜ਼ਾਂ ਦੀ ਜਾਣਕਾਰੀ ਨਹੀਂ। ਜਾਨ ਦੇਣਾ ਤੇ ਜਾਨ ਲੈਣਾ ਹਾਰੀ-ਸਾਰੀ ਦਾ ਕੰਮ ਨਹੀਂ। ਲੜਾਈ ਦੇ ਮੈਦਾਨ ਵਿਚ ਵੱਡਿਆਂ ਵੱਡਿਆਂ ਜਰਨੈਲਾਂ ਦੀ ਸ਼ਿਕੱਸਤ ਹੋ ਜਾਂਦੀ ਹੈ। ਸਿੰਘਾਂ ਨੇ ਇਹ ਸਾਰੇ ਮੋਰਚੇ ਫਤਹਿ ਕੀਤੇ ਹੋਏ ਹਨ। ਇਹ ਇਨ੍ਹਾਂ ਦੇ ਖੱਬੇ ਹੱਥ ਦਾ ਕੰਮ ਹੈ।

ਸਿੱਖੀ ਸਾਡੇ ਜੀਵਨ ਤੋਂ ਜਾਂਚੀ ਜਾਣੀ ਚਾਹੀਦੀ ਹੈ ਨਾ ਕਿ ਜਨਮ ਤੋਂ। ਸਿੱਖਾਂ ਦੇ ਘਰ ਪੈਦਾ ਹੋਣ ਕਰਕੇ ਹੀ ਲੋਕ ਆਪਣੇ ਆਪ ਨੂੰ ਸਿੱਖ ਅਖਵਾਉਣਾ ਸ਼ੁਰੂ ਕਰ ਦਿੰਦੇ ਹਨ। ਉਹ ਗੁਰਮੱਤ ਨੂੰ ਆਪਣੇ ਜੀਵਨ ਦਾ ਅੰਗ ਬਣਾਉਣ ਲਈ ਕੋਈ ਉਪਰਾਲਾ ਨਹੀਂ ਕਰਦੇ। ਗੁਰਬਾਣੀ ਨਹੀਂ ਪੜ੍ਹਦੇ। ਸਿੱਖ ਇਤਿਹਾਸ ਦਾ ਅਧਿਐਨ ਕਰਨਾ ਨਹੀਂ ਚਾਹੁੰਦੇ। ਇਸ ਤਰ੍ਹਾਂ ਉਹ ਅਧੂਰੇ ਤੇ ਕਚ-ਘਰੜ ਸਿੱਖ ਬਣ ਕੇ ਰਹਿ ਜਾਂਦੇ ਹਨ। ਅਜਿਹੇ ਸਿੱਖੀ ਜਾਂ ਖਾਲਸਾ ਪੰਥ ਦਾ ਕੁਝ ਨਹੀਂ ਸੰਵਾਰ ਸਕਦੇ। ਸਗੋਂ ਉਸ ਦੇ ਪਸਾਰ ਵਿਚ ਅੜਿੱਕਾ ਬਣਦੇ ਹਨ। ਗੱਲ ਕੀ ਸਿੱਖ ਬਣਨਾ ਅਸਾਨ ਨਹੀਂ ਜਿੰਨਾ ਸਿੱਖਾਂ ਨੂੰ ਸਮਝ ਲਿਆ ਹੈ। ਸਿੱਖਾਂ ਨੇ ਪੂਰਾ ਜ਼ੋਰ ਸੂਰਤ ਉੱਪਰ ਹੀ ਲਗਾ ਦਿੱਤਾ ਹੈ। ਸੀਰਤ ਜਾਂ ਜ਼ਿਹਨ ਨੂੰ ਬਦਲਣਾ ਹੀ ਸਿੱਖੀ ਦਾ ਮੁੱਢਲਾ ਨਿਯਮ ਹੈ। ਸਾਡੇ ਅਜੋਕੇ ਸਿੱਖ ਇਸ ਕਿਸਮ ਦੇ ਹੀ ਸਿੱਖ ਹਨ। ਬਸ ਬਹੁਤੇ ਸਾਡੇ ਭਰਾ, ਸ਼ੇਰ ਦੀ ਖੱਲ ਪਹਿਨ ਕੇ ਹੀ ਆਪਣੇ ਆਪ ਨੂੰ ਬੱਬਰ ਸ਼ੇਰ ਹੋਣ ਦਾ ਭਰਮ ਪਾਲ ਰਹੇ ਹਨ। ਸਰਕਸੀ ਸ਼ੇਰਾਂ ਲਈ ਖਾਲਸਾ ਪੰਥ ਵਿਚ ਕੋਈ ਸਥਾਨ ਨਹੀਂ।

# ਸਿਆਸੀ ਤੇ ਸਰਕਾਰੀਏ ਸਿੱਖ

ਸਿਆਸਤ ਧਰਮ ਦੀ ਕੋਈ ਦੁਸ਼ਮਣ ਨਹੀਂ। ਸਹੀ ਸਿਆਸਤ ਦੁਆਰਾ ਵੀ ਧਰਮ ਦੀ ਸੇਵਾ ਕੀਤੀ ਜਾ ਸਕਦੀ ਹੈ। ਸਿੱਖ ਯੋਧਿਆਂ ਜਿਵੇਂ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਜ਼ੀਨਤ ਬਘੇਲ ਸਿੰਘ ਅਤੇ ਅਕਾਲੀ ਫੂਲਾ ਸਿੰਘ ਨੇ ਆਪਣੇ ਕਾਰਨਾਮਿਆਂ ਨਾਲ ਪੰਥ ਦੀ ਵੀ ਸੇਵਾ ਕੀਤੀ। ਇਨ੍ਹਾਂ ਦੇ ਕਾਲ ਵਿਚ ਖਾਲਸਾ ਪੰਥ ਦੀ ਮਹਿਮਾ ਆਪਣੀ ਚਰਮ ਸੀਮਾਂ ਤੇ ਸੀ। ਬਾਅਦ ਵਿਚ, ਸੌ ਹੱਥ ਰੱਸਾ ਤੇ ਸਿਰੇ ਤੇ ਗੰਢ ਵਾਂਗ ਮਹਾਰਾਜਾ ਰਣਜੀਤ ਸਿੰਘ ਨੇ ਸਰਬੱਤ ਮਿਸਲਾਂ ਨੂੰ ਇਕੱਠਿਆਂ ਕਰਕੇ ਇਕ ਸ਼ਕਤੀਸ਼ਾਲੀ ਸਿੱਖ ਸਲਤੱਨਤ ਨੂੰ ਜਨਮ ਦਿੱਤਾ। ਆਮ ਤੌਰ ’ਤੇ ਮੁਸਲਮਾਨ ਜਿਥੇ ਭਾਰਤ ਵਿਚ ਡੰਡੇ ਨਾਲ ਹਕੂਮਤ ਕਰਦੇ ਰਹੇ, ਉਥੇ ਆਪਣੇ ਮਜ਼ਹਬ ਦਾ ਪ੍ਰਚਾਰ ਵੀ ਉਨ੍ਹਾਂ ਜਾਰੀ ਰੱਖਿਆ। ਉੱਤਰੀ ਭਾਰਤ ਵਿਚ ਸੂਫ਼ੀ ਮੁਸਲਮਾਨ ਫ਼ਕੀਰਾਂ ਨੇ ਇਹ ਸੇਵਾ ਨਿਭਾਈ। ਬਾਦਸ਼ਾਹਾਂ ਨੇ ਤਲਵਾਰ ਨਾਲ ਇਸਲਾਮ ਫਲਾਇਆ, ਜਦੋਂ ਕਿ ਇਨ੍ਹਾਂ ਸੂਫ਼ੀ ਦਰਵੇਸ਼ਾਂ ਨੂੰ ਪਿਆਰ ਤੇ ਹਮਦਰਦੀ ਨਾਲ ਇਸਲਾਮ ਦਾ ਪ੍ਰਚਾਰ ਕੀਤਾ। ਅੰਗਰੇਜ਼ ਵੀ ਜਦ ਭਾਰਤ ਵਿਚ ਸ਼ਾਸਕ ਬਣ ਗਏ ਤਾਂ ਉਨ੍ਹਾਂ ਨੇ ਵੀ ਈਸਾਈ ਮਿਸ਼ਨਰੀਆਂ ਰਾਹੀਂ ਈਸਾਈਅਤ ਦਾ ਭਾਰਤੀਆਂ ਨੂੰ ਲਾਲਚ ਤੇ ਸਹੂਲਤਾਂ ਪ੍ਰਦਾਨ ਕਰਕੇ, ਪ੍ਰਚਾਰ ਕੀਤਾ। ਭਾਰਤ ਵਿਚ ਅੱਜ ਵੀਹ ਕਰੋੜ ਤੋਂ ਉੱਪਰ ਮੁਸਲਮਾਨ ਤੇ ਚਾਰ ਕਰੋੜ ਈਸਾਈ, ਮੁਸਲਮਾਨਾਂ ਤੇ ਅੰਗਰੇਜ਼ਾਂ ਦੀ ਧਰਮ ਪ੍ਰਤੀ ਸੇਵਾ ਦਾ ਸਿੱਟਾ ਹੈ।

ਖਾਲਸਾ ਪੰਥ ਦਾ ਜਨਮ ਹੀ ਕੁਝ ਇਸ ਤਰ੍ਹਾਂ ਹੋਇਆ ਕਿ ਮੀਰੀ ਤੇ ਪੀਰੀ ਸਾਥ-ਸਾਥ ਰਹੀਆਂ। ਸੰਤ ਤੇ ਸਿਪਾਹੀ ਦਾ ਸੰਕਲਪ ਵੀ ਇਸੇ ਦਿਸ਼ਾ ਵੱਲ ਇਕ ਜ਼ੋਰਦਾਰ ਕਦਮ ਹੈ। ਸਿੱਖ ਗੁਰੂ ਸਾਹਿਬਾਨ ਨੇ ਖ਼ਾਸ ਕਰਕੇ ਛੇਵੇਂ ਤੇ ਦੱਸਵੇਂ ਪਾਤਸ਼ਾਹ ਨੇ ਜਿਥੇ ਜ਼ੁਲਮ ਖਿਲਾਫ਼ ਜਹਾਦ ਛੇੜਿਆ ਉਥੇ ਨਾਲ ਨਾਲ ਧਰਮ ਦਾ ਪ੍ਰਚਾਰ ਵੀ ਕੀਤਾ। ਯੁੱਧਾਂ ਵਿਚ ਵੀ ਆਪਣਾ ਨਿੱਤਨੇਮ ਨਾ ਛੱਡਿਆ ਤੇ ਆਪਣੇ ਧਰਮ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਿਆ। ਧਰਮ ਦੀ ਸੇਵਾ ਸਿੱਖਾਂ ਨੂੰ ਗੁੜ੍ਹਤੀ ਵਿਚ ਮਿਲੀ ਹੈ। ਅਜੋਕੇ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਨਾਲ ਪੂਰਾ ਸਹਿਯੋਗ ਕਰਕੇ ਜਿਥੇ ਸਿੱਖਾਂ ਨੂੰ ਸਿਆਸੀ ਤੌਰ ’ਤੇ ਚੌਕਸ ਕੀਤਾ ਹੈ ਉਥੇ ਧਰਮ ਦੇ ਸਿਧਾਂਤਾਂ ਦਾ ਵੀ ਪੱਲਾ ਨਹੀਂ ਛੱਡਿਆ। ਗੁਰਦੁਆਰਿਆਂ ਨੂੰ ਮਹੰਤਾਂ ਤੇ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣਾ ਵੀ ਸਿੱਖ ਸਿਆਸਤ ਨੂੰ ਧਰਮ ਲਈ ਇਸਤੇਮਾਲ ਕਰਨਾ ਹੀ ਸੀ। ਇਹ ਸਭ ਕੁਝ ਇਸ ਸੋਚੀ ਸਮਝੀ ਸਕੀਮ ਅਧੀਨ ਚੱਲਦਾ ਰਿਹਾ।

ਭਾਵੇਂ ਸਿੰਘ ਸਭਾ ਲਹਿਰ ਵੇਲੇ ਵੀ ਸਿੱਖਾਂ ਨੇ ਆਰੀਆ ਸਮਾਜ ਵਲੋਂ ਕੀਤੇ ਹਮਲਿਆਂ ਦਾ ਡੱਟ ਕੇ ਜਵਾਬ ਦਿੱਤਾ ਅਤੇ ਗਿਆਨੀ ਦਿੱਤ ਸਿੰਘ ਤੇ ਪ੍ਰੋਫ਼ੈਸਰ ਗੁਰਮੁਖ ਸਿੰਘ ਵਰਗਿਆਂ ਬਹਿਸਾਂ ਤੇ ਗੋਸ਼ਟੀਆਂ ਰਾਹੀਂ ਸਵਾਮੀ ਦਇਆਨੰਦ ਦੇ ਕੋਝੇ ਹਮਲਿਆਂ ਤੇ ਟਿੱਪਣੀਆਂ ਦਾ ਜਵਾਬ ਦਿੱਤਾ। ਭਾਈ ਕਾਹਨ ਸਿੰਘ ਨਾਭਾ ਨੇ ਵੀ 'ਹਮ ਹਿੰਦੂ ਨਹੀਂ' ਲਿਖ ਕੇ ਪੰਥ ਦੋਖੀਆਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ। ਇਸੇ ਕਾਲ ਵਿਚ ਭਾਵੇਂ ਚੀਫ਼ ਖਾਲਸਾ ਦੀਵਾਨ ਨੇ ਸਿੱਖ ਮਹਾਰਾਜਿਆਂ ਦੀ ਸਹਾਇਤਾ ਨਾਲ, ਖਾਲਸਾ ਕਾਲਜ ਦੀ 1893 ਵਿਚ ਸਥਾਪਨਾ ਕੀਤੀ ਅਤੇ ਹਰ ਵਰ੍ਹੇ ਸਿੱਖ ਕਾਨਫ਼ਰੰਸਾਂ ਆਯੋਜਿਤ ਕਰਵਾ ਕੇ ਸਿੱਖ ਜਗਤ ਵਿਚ ਜਾਗ੍ਰਤਿ ਲਿਆਂਦੀ ਅਤੇ ਕੌਮ ਦੀ ਵਿਦਿੱਅਕ ਖੇਤਰ ਵਿਚ ਖਿਦਮਤ ਕੀਤੀ ਪਰ ਇਹ ਸਭਾ ਨਾਲ ਨਾਲ ਅੰਗਰੇਜ਼ ਹਕੂਮਤ ਨਾਲ ਵੀ ਗਿਟਮਿਟ ਰੱਖਦੀ ਰਹੀ। ਇਨ੍ਹਾਂ ਹੀ ਸਿੱਖਾਂ ਨੇ ਆਪਣੇ ਜਾਤੀ ਹਿੱਤਾਂ ਲਈ, ਸਿੱਖੀ ਦੇ ਵਿਸ਼ਾਲ ਹਿੱਤ ਕੁਰਬਾਨ ਕੀਤੇ ਸਨ। ਅੰਗਰੇਜ਼ ਹਕੂਮਤ ਦੀ ਖ਼ੁਸ਼ਾਮਦ ਤੇ ਮੁਖਬਰੀ ਕਰਕੇ, ਇਨ੍ਹਾਂ ਲੋਕਾਂ ਨੇ ਜ਼ਮੀਨਾਂ, ਜਾਇਦਾਦਾਂ ਤੇ ਅਹੁਦੇਦਾਰੀਆਂ ਪ੍ਰਾਪਤ ਕੀਤੀਆਂ। ਅੱਜ ਕਲ੍ਹ ਵੀ ਇਹ ਸਿੱਖ ਸਮੇਂ ਦੀ ਹਕੂਮਤ ਨਾਲ ਤਾਲ ਮੇਲ ਰੱਖਣਾ ਆਪਣੀ ਰਣਨੀਤੀ ਹੀ ਸਮਝਦੇ ਹਨ।

ਪੰਜਾਬ ਵਿਚ ਅਕਾਲੀ ਦਲ ਦੀ ਹੀ ਅਜਿਹੀ ਸਰਕਾਰ ਹੈ, ਜੋ ਪੰਥ ਦੀ ਸੇਵਾ ਸੰਭਾਲ ਦਾ ਦਾਅਵਾ ਵੀ ਕਰਦੀ ਹੈ। ਇਸ ਦਲ ਦੀ ਪੰਜਾਬ ਵਿਚ ਕਈ ਵਾਰ ਹਕੂਮਤ ਬਣੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦਾ ਸਲਾਨਾ ਬਜਟ ਅਰਬਾਂ ਰੁਪੈ ਹੁੰਦਾ ਹੈ, ਦਾ ਸਹਿਯੋਗ ਵੀ ਹਾਕਮ ਅਕਾਲੀ ਦਲ ਨਾਲ ਰਿਹਾ ਹੈ। ਪੰਥ ਦੀ ਸੇਵਾ ਦਾ ਇਹ ਸੁਨਹਿਰੀ ਮੌਕਾ ਸੀ। ਪਰ ਹਕੂਮਤ ਦੇ ਨਸ਼ੇ ਨੇ, ਅਕਾਲੀ ਦਲ ਦੇ ਬਹੁਤੇ ਸਿੱਖ ਨੇਤਾਵਾਂ ਦੀ ਬੁੱਧੀ ਭ੍ਰਿਸ਼ਟ ਕਰ ਰੱਖੀ ਹੈ। ਚਾਹੀਦਾ ਤਾਂ ਸੀ ਕਿ ਸ਼੍ਰੋਮਣੀ ਕਮੇਟੀ ਦੇ ਵਿਸ਼ਾਲ ਬਜਟ ਨਾਲ, ਸਿੱਖੀ ਦਾ ਅੰਧਾਧੁੰਦ ਪ੍ਰਚਾਰ ਕਰਕੇ, ਸਿੱਖਾਂ ਨੂੰ ਗਰੀਬੀ, ਬੇਕਾਰੀ ਤੇ ਅਨਪੜ੍ਹਤਾ ਦੇ ਚੰਦਰੇ ਚੱਕਰ ਵਿਚੋਂ ਕੱਢਿਆ ਜਾਂਦਾ ਪਰ ਅਫ਼ਸੋਸ ਕਿ ਸਾਡੇ ਬਹੁਤੇ ਨੇਤਾਵਾਂ ਨੇ ਧਰਮ ਦੀ ਬਿਹਤਰੀ ਨਾਲੋਂ ਆਪਣੀ ਬਿਹਤਰੀ ਨੂੰ ਤਰਜ਼ੀਹ ਦਿੱਤੀ। ਜੇਕਰ ਸਾਡੀ ਇਹ ਸ਼੍ਰੋਮਣੀ ਕਮੇਟੀ ਪੂਰੀ ਵਫ਼ਾਦਾਰੀ ਤੇ ਨੇਕਨੀਤੀ ਨਾਲ, ਆਪਣੇ ਵਿਸ਼ਾਲ ਸਾਧਨਾਂ ਦੀ ਵਰਤੋਂ ਪੰਥ ਦੀ ਬਿਹਤਰੀ ਤੇ ਵਿਕਾਸ ਲਈ ਕਰਦੀ ਤਾਂ ਅੱਜ ਸਿੱਖਾਂ ਵਿਚ ਗਰੀਬੀ ਬੇਰੋਜ਼ਗਾਰੀ ਤੇ ਅਨਪੜ੍ਹਤਾ ਬਿਲਕੁਲ ਖਤਮ ਹੋ ਜਾਣੀ ਸੀ। ਸਿੱਖਾਂ ਵਿਚ ਧਾਰਮਿਕ ਪੱਖੋਂ ਜੋ ਕਮਜ਼ੋਰੀਆਂ ਆਈਆਂ ਸਨ, ਉਹ ਵੀ ਰਫਾ-ਦਫ਼ਾ ਹੋ ਜਾਣੀਆਂ ਸਨ। ਇਹ ਸਾਰੀਆਂ ਕਮਜ਼ੋਰੀਆਂ ਅੱਜ ਦੀ ਤਰੀਕ ਵਿਚ ਵਧੀਆਂ ਹਨ, ਘਟੀਆਂ ਨਹੀਂ। ਸਿੱਖਾਂ ਦੇ ਕਿਰਦਾਰ ਤੇ ਵਿਸ਼ਾਲ ਹਿਰਦੇ ਦੀਆਂ, ਦੁਨੀਆਂ ਵਿਚ ਮਿਸਾਲਾਂ ਦਿੱਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੀ ਵੀਰਤਾ ਤੇ ਆਲਮੀ ਜੰਗਾਂ ਵਿਚ ਡੰਕੇ ਵੱਜੇ ਸਨ। ਅੱਜ ਇਹ ਦ੍ਰਿਸ਼ ਮੁਕੰਮਲ ਤੌਰ 'ਤੇ ਬਦਲ ਗਿਆ ਹੈ। ਸਿੱਖਾਂ ਨੂੰ ਅੱਜ, ਭਾਰਤ ਦੀ ਕੇਂਦਰੀ ਸਰਕਾਰਾਂ ਦੁਆਰਾ ਕੀਤੇ ਜ਼ਹਿਰੀਲੇ ਪ੍ਰਚਾਰ ਦੁਆਰਾ, ਦਹਿਸ਼ਤਗਰਦ ਕਰਕੇ ਭੰਡਿਆ ਗਿਆ। ਸਭ ਦਾ ਭਲਾ ਚਾਹੁਣ ਵਾਲਿਆਂ ਨੂੰ ਜੇਕਰ ਅੱਤਿਵਾਦੀ ਕਿਹਾ

ਜਾਵੇ ਤਾਂ ਇਸ ਤੋਂ ਵੱਡੀ ਬਦਕਿਸਮਤੀ ਸਿੱਖਾਂ ਲਈ ਕੀ ਹੋ ਸਕਦੀ ਹੈ ?

ਆਪਣੇ ਆਪ ਨੂੰ ਪੰਥ-ਹਿਤੈਸ਼ੀ ਦੱਸਣ ਵਾਲੇ ਨੇਤਾ ਜਦ ਸਰਕਾਰਾਂ ਬਣਾਉਣ ਲੱਗੇ ਤਾਂ ਉਨ੍ਹਾਂ ਦਾ ਵਿਹਾਰ ਵੀ ਬੁਨਿਆਦੀ ਤੌਰ ਤੇ ਬਦਲ ਗਿਆ। ਚਾਹੁੰਦੇ ਤਾਂ ਉਹ ਸਰਕਾਰ ਵਿਚ ਰਹਿ ਕੇ ਆਪਣੀ ਕੌਮ ਦੀ ਜ਼ੁਲਫ਼ ਸੰਵਾਰ ਸਕਦੇ ਸਨ। ਉਸ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰ ਸਕਦੇ ਸਨ ਅਤੇ ਵਿਦਿਆ ਦੇ ਪਸਾਰ ਨਾਲ ਸਮੁੱਚੇ ਸਿੱਖ ਜਗਤ ਨੂੰ ਸ਼ਿਕਸ਼ਤ ਕਰਕੇ, ਖੁਸ਼ਹਾਲ ਤੇ ਉੱਦਮੀ ਬਣਾ ਸਕਦੇ ਸਨ ਪਰ ਇਸ ਪਾਸੇ ਇਨ੍ਹਾਂ ਭੱਦਰਪੁਰਸ਼ਾਂ ਦਾ ਖ਼ਿਆਲ ਹੀ ਨਹੀਂ ਆਇਆ। ਪੰਥ ਸੇਵਾ ਨੂੰ ਨਜ਼ਰਅੰਦਾਜ਼ ਕਰਕੇ, ਇਨ੍ਹਾਂ ਮਹਾਂਪੁਰਸ਼ਾਂ ਨੇ ਆਪਣੇ ਘਰ ਭਰਨੇ ਸ਼ੁਰੂ ਕਰ ਦਿੱਤੇ ਸਨ। ਕੌਮ ਦੇ ਖਜ਼ਾਨੇ ਤੇ ਭੰਡਾਰਾਂ ਨੂੰ ਲੁੱਟ ਲੁੱਟ ਕੇ, ਸਵਿਟਜ਼ਰਲੈਂਡ, ਦੂਬਈ ਤੇ ਹੋਰਨਾਂ ਪੱਛਮੀ ਦੇਸ਼ਾਂ ਦੇ ਬੈਂਕਾਂ ਨੂੰ ਭਰਨ ਲੱਗੇ ਹਨ। ਸਿੱਖਾਂ ਦਾ ਇਤਿਹਾਸ ਤੇ ਗੁਰਮੱਤ, ਸਾਡੇ ਸਿਆਸੀ ਨੇਤਾਵਾਂ ਦੇ ਇਸ ਖ਼ੁਦਗਰਜ਼ ਵਿਹਾਰ ਦਾ ਘੋਰ ਖੰਡਨ ਕਰਦੇ ਹਨ। ਸਿੱਖੀ ਦਾ ਇਹ ਦਸਤੂਰ ਨਹੀਂ। ਕਹਿੰਦੇ ਨੇ 'ਛੜਾ ਕਰਨ ਗਿਆ ਕੁੜਮਾਈ, ਆਪਣੀ ਕਰੇ ਜਾਂ ਪਰਾਈ।' ਇਹੀ ਕਹਾਣੀ ਸਾਡੇ ਸਿਆਸੀ ਨੇਤਾਵਾਂ ਤੇ ਪੰਥ ਸਰਕਾਰਾਂ ਨਾਲ ਵਾਪਰੀ। ਹਰੇਕ ਨੂੰ ਆਪੋ-ਆਪਣੀ ਪੈ ਗਈ। ਪੰਥ ਵਿਚਾਰਾ ਤਾਂ ਪਿੱਛੇ ਰਹਿ ਗਿਆ। ਪੁਰਾਤਨ ਸਿੱਖਾਂ ਦਾ ਕਦੀ ਵੀ ਇਹ ਦਸਤੂਰ ਨਹੀਂ ਸੀ। ਉਹ ਪੰਥ ਲਈ ਜਿਉਂਦੇ ਤੇ ਮਰਦੇ ਸਨ।

ਅੱਜ ਦੀਆਂ ਅਖ਼ਬਾਰਾਂ ਪੜ੍ਹੋ। ਸਿੱਖ ਮੰਤਰੀਆਂ ਤੇ ਉੱਚ ਅਫ਼ਸਰਾਂ ਉੱਪਰ ਭ੍ਰਿਸ਼ਟਾਚਾਰ ਦੇ ਆਰੋਪ ਲੱਗ ਰਹੇ ਹਨ। ਸਮਾਜ ਦੀ ਸੇਵਾ ਦੇ ਬਦਲੇ, ਉਨ੍ਹਾਂ ਨੇ ਸਵੈ ਸੇਵਾ ਦੇ ਨੱਕੇ ਆਪਣੇ ਘਰਾਂ ਨੂੰ ਮੋੜ ਲਏ ਹਨ। ਕਿਸੇ ਉੱਪਰ ਨਸ਼ਿਆਂ ਦੇ ਵਪਾਰ ਦਾ ਦੋਸ਼ ਲੱਗ ਰਿਹਾ ਹੈ। ਕਿਸੇ ਉੱਪਰ ਤਸਕਰੀ ਦਾ। ਕਿਸੇ ਉੱਪਰ ਬਲਾਤਕਾਰ ਤੇ ਛੇੜਛਾੜ ਦਾ। ਕੋਈ ਕਤਲ ਵਿਚ ਫਸਿਆ ਹੈ ਤੇ ਕਿਸੇ ਉੱਪਰ ਕਾਲਾ ਧਨ ਇਕੱਤਰ ਕਰਨ ਦਾ ਦੋਸ਼ ਲੱਗ ਰਿਹਾ ਹੈ। ਇਸ ਨਾਲ ਸਿੱਖੀ ਡਾਢੀ ਬਦਨਾਮ ਹੋਈ ਹੈ। ਸਿੱਖਾਂ ਦੇ ਇਤਿਹਾਸ ਵਿਚ ਠੱਗ, ਡਕੈਤ, ਕਾਤਲ ਤੇ ਇਖ਼ਲਾਕੀ ਜ਼ੁਰਮਾਂ ਦਾ ਕੋਈ ਵੇਰਵਾ ਨਹੀਂ ਮਿਲਦਾ। ਅਜੋਕੇ ਨੇਤਾਵਾਂ ਨੇ ਆਪਣੇ ਕਲੰਕਿਤ ਵਿਹਾਰ ਨਾਲ ਪੰਥ ਦਾ ਸਿਰ ਨੀਵਾਂ ਕੀਤਾ ਹੈ। ਸਿੱਖ ਸਦਾ ਤੋਂ ਸਾਂਝੀਵਾਲਤਾ ਤੇ ਸਮਾਜ ਸੇਵਾ ਦੇ ਮੁਦੱਈ ਰਹੇ ਹਨ। ਅੱਜ ਇਨ੍ਹਾਂ ਨੂੰ ਗ਼ੈਰ ਸਮਾਜੀ ਜ਼ੁਰਮਾਂ ਨਾਲ ਜੋੜਿਆ ਜਾ ਰਿਹਾ ਹੈ। ਵਾਹਿਗੁਰੂ ਸੁਮੱਤ ਬਖਸ਼ੇ।

# ਇਕ ਸਿੱਖ ਵੀਰ ਦੀ ਦਾਸਤਾਨ

ਜਦੋਂ ਅਸੀਂ ਇਕੋ ਗੁਰੂ ਦੇ ਸਿੱਖ ਹੋਏ ਤਾਂ ਸਾਡਾ ਇਨਸਾਨੀ ਰਿਸ਼ਤਾ ਭਰਾ-ਭਰਾ ਦਾ ਹੋ ਜਾਂਦਾ ਹੈ। ਇਸੇ ਲਈ ਪਿਛਲੇ ਸਮੇਂ ਵਿਚ ਸਿੱਖਾਂ ਨੂੰ ਭਾਈ ਕਹਿ ਕੇ ਪੁਕਾਰਿਆ ਜਾਂਦਾ ਸੀ। ਸਿੱਖ ਭਾਵੇਂ ਲਿਆਕਤ ਤੇ ਵਿਦਵਤਾ ਵਿਚ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਉਸ ਦੇ ਨਾਮ ਨਾਲ ਭਾਈ ਕਹਿ ਕੇ ਉਸ ਨੂੰ ਪੁਕਾਰਿਆ ਜਾਵੇਗਾ। ਦੱਸਵੇਂ ਗੁਰੂ ਵੇਲੇ ਤਾਂ ਜਦ ਸਮੇਂ ਦੀ ਜ਼ਾਲਿਮ ਸਰਕਾਰ ਉਨ੍ਹਾਂ ਦਾ ਅਤਾ-ਪਤਾ ਪੁੱਛਦੀ ਤਾਂ ਉਹ ਇਹੀ ਜਵਾਬ ਦਿੰਦੇ ਸਨ। "ਸਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਮਾਤਾ ਸਾਹਿਬ ਕੌਰ ਹੈ।" ਇਸ ਬਿਆਨ ਵਿਚੋਂ ਸਿੰਘਾਂ ਦੀ ਸਿੱਖੀ ਪ੍ਰਤੀ ਸ਼ਰਧਾ, ਸਿੱਦਕ ਤੇ ਇਕਜੁੱਟਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਇਹੀ ਕਾਰਨ ਹੈ ਕਿ ਉਸ ਵਕਤ ਸਿੱਖ ਲੱਖਾਂ ਦੀ ਫੌਜ ਨਾਲ ਆਢਾ ਲੈਣ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਨੇ ਇਕ ਨਿਗੂਣੀ ਗਿਣਤੀ ਵਿਚ ਹੁੰਦਿਆਂ ਮੁਗਲਾਂ ਦੀਆਂ ਲੱਖਾਂ ਦੀਆਂ ਫੌਜਾਂ ਨੂੰ ਭਾਜੜਾਂ ਪਾ ਛੱਡੀਆਂ। ਦਸਵੇਂ ਪਾਤਸ਼ਾਹ ਤੇ ਉਨ੍ਹਾਂ ਦੇ ਸਿੰਘ, ਹਰ ਮੈਦਾਨ ਫ਼ਤਹਿ ਕਰਦੇ ਰਹੇ ਅਤੇ ਆਖਰੀ ਦਮ ਤੱਕ ਜੂਝਦੇ ਰਹੇ। ਖਿਦਰਾਣੇ ਦੀ ਢਾਬ ਅਤੇ ਚਮਕੌਰ ਸਾਹਿਬ ਦੀਆਂ ਲੜਾਈਆਂ ਵਿਚ ਸਿੱਖ ਫੌਜਾਂ ਜਿਸ ਬਹਾਦਰੀ ਨਾਲ ਲੜੀਆਂ ਹਰੇਕ ਨੂੰ ਹੈਰਾਨ ਕਰਨ ਵਾਲੀ ਕਹਾਣੀ ਸੀ। ਸਿੱਖੀ ਸਿੱਦਕ ਤੇ ਵੀਰਤਾ ਤੋਂ ਬਗ਼ੈਰ ਇਹ ਮੁਹਿੰਮਾਂ ਜਿੱਤਣੀਆਂ ਮੁਸ਼ਕਿਲ ਸਨ। ਸਿੱਖ ਆਪਸ ਵਿਚ ਤਾਂ ਭਾਈ-ਭਾਈ ਸਨ ਪਰ ਗ਼ੈਰਾਂ ਦੀ ਮਰਹੱਮ-ਪੱਟੀ ਕਰਨ ਤੋਂ ਵੀ ਗੁਰੇਜ਼ ਨਹੀਂ ਸਨ ਕਰਦੇ। ਉਹ ਬਾਲ, ਇਸਤਰੀ, ਬ੍ਰਿਧ ਤੇ ਨਿਹੱਥੇ ਉੱਪਰ ਵਾਰ ਕਰਨਾ ਪਾਪ ਸਮਝਦੇ ਸਨ।

ਹੁਣ ਆਪਾਂ ਅੱਜ ਦੀ ਗੱਲ ਕਰਦੇ ਹਾਂ। ਮੈਂ ਉੱਨੀ ਸੌ ਚੌਰਾਸੀ ਤੱਕ ਦਿੱਲੀ ਵਿਚ ਇਕ ਗੁਰਦੁਆਰੇ ਸਾਹਿਬ ਦਾ ਸੇਵਾਦਾਰ ਸੀ। ਮੈਂ ਆਪਣੇ ਪਰਿਵਾਰ ਸਮੇਤ ਗੁਰਦੁਆਰੇ ਦੇ ਇਕ ਕੁਆਟਰ ਵਿਚ ਰਹਿੰਦਾ ਸੀ। ਜਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਸ ਦੇ ਦੋ ਅੰਗ-ਰੱਖਿਅਕਾਂ ਰਾਹੀਂ ਕਤਲ ਕੀਤਾ ਗਿਆ ਤਾਂ ਬਾਕੀ ਸਿੱਖਾਂ ਵਾਂਗ ਸਾਡੇ ਪਰਿਵਾਰ ਉੱਪਰ ਵੀ ਆਫ਼ਤ ਆਣ ਪਈ। ਘਰ ਵਿਚ ਮੈਂ, ਮੇਰੀ ਬ੍ਰਿਧ ਮਾਤਾ, ਮੇਰੇ ਦੋ ਛੋਟੇ ਭਰਾ ਤੇ ਦੋ ਭੈਣਾਂ ਅਰਾਮ ਨਾਲ ਰਹਿ ਰਹੇ ਸੀ। ਇਲਾਕੇ ਦੇ ਲੋਕ ਮੇਰੇ ਪਰਿਵਾਰ ਦੀ ਬੜੀ ਇੱਜ਼ਤ ਕਰਦੇ ਸਨ ਤੇ ਆਪਣੇ ਪਰਿਵਾਰਿਕ ਸਮਾਗਮਾਂ ਤੇ ਸਾਨੂੰ ਬੁਲਾਉਂਦੇ ਸਨ। ਮੇਰੇ ਪਿਤਾ ਦੀ 1976 ਵਿਚ ਇਕ ਦੁਰਘਟਨਾ ਵਿਚ ਮੌਤ ਹੋ ਚੁੱਕੀ ਸੀ। ਘਰ ਵਿਚ ਹਾਲੇ ਕਿਸੇ ਦੀ ਸ਼ਾਦੀ ਨਹੀਂ ਹੋਈ ਸੀ। ਮੇਰੀ ਸ਼ਾਦੀ 22 ਨਵੰਬਰ ਨੂੰ ਹੋਣੀ ਸੀ, ਜੋ ਬਾਅਦ

ਵਿਚ ਖਟਾਈ ਵਿਚ ਪੈ ਗਈ।

ਸਾਰੀ ਰਾਤ ਰੌਲੇ-ਰੱਪੇ ਤੇ ਅਫ਼ਵਾਹਾਂ ਦੇ ਦੌਰ ਵਿਚ ਗੁਜ਼ਰੀ। ਪਹਿਲੀ ਨਵੰਬਰ ਦਾ ਦਿਨ ਚੜ੍ਹਿਆ। ਸਾਡੇ ਗਵਾਂਢ ਵਿਚ ਇਕ ਸਿੰਧੀਆਂ ਦਾ ਘਰ ਸੀ। ਉਹ ਗੁਰੂ ਘਰ ਦੇ ਬਹੁਤ ਪਿਆਰੇ ਸਨ। ਉਨ੍ਹਾਂ ਦੇ ਹੀ ਇਕ ਬਜ਼ੁਰਗ ਨੇ ਸਾਨੂੰ ਦੱਸਿਆ ਕਿ ਸਾਰੀ ਦਿੱਲੀ ਵਿਚ ਸਿੱਖਾਂ ਨੂੰ ਲੱਭ-ਲੱਭ ਕੇ ਮਾਰਿਆ ਜਾ ਰਿਹਾ ਹੈ। ਬਦਮਾਸ਼ਾਂ ਨੇ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਪਹਿਲਾਂ ਹੀ ਕੀਤੀ ਹੋਈ ਸੀ। ਸਾਨੂੰ ਸਿੰਧੀ ਬਜ਼ੁਰਗ ਨੇ ਨੇਕ ਸਲਾਹ ਦਿੱਤੀ ਕਿ ਅਸੀਂ ਮੇਰੇ ਤੇ ਛੋਟੇ ਭਰਾਵਾਂ ਤੇ ਭੈਣਾਂ ਨੂੰ ਉਨ੍ਹਾਂ ਦੇ ਘਰ ਭੇਜ ਦੇਈਏ। ਨੇਕ ਸਲਾਹ ਸਮਝ ਕੇ ਚਾਰੇ ਜਣੇ ਸਿੰਧੀ ਦੇ ਘਰ ਚਲੇ ਗਏ। ਮੈਂ ਤੇ ਮੇਰੀ ਮਾਤਾ ਗੁਰਦੁਆਰਾ ਸਾਹਿਬ ਵਿਚ ਹੀ ਰਹੇ। ਸਾਨੂੰ ਉਮੀਦ ਸੀ ਕਿ ਭੀੜ ਗੁਰਦੁਆਰੇ ਨੂੰ ਅੱਗ ਲਗਾਉਣ ਤੋਂ ਪਹਿਲਾਂ ਸੋਚੇਗੀ। ਸਾਡੀ ਉਮੀਦ ਦੇ ਉਲਟ ਦੰਗਈਆਂ ਦੀ ਭੀੜ ਗਿਆਰਾਂ ਕੁ ਵਜੇ ਗੁਰਦੁਆਰਾ ਸਾਹਿਬ ਦੇ ਅੰਦਰ ਆ ਗਈ। ਲੱਭਦੇ-ਲੱਭਦੇ ਕੁਝ ਸ਼ਸਤਰਧਾਰੀ ਲੋਕ ਸਾਡੇ ਕੁਆਟਰ ਵਿਚ ਆ ਗਏ। ਮੈਂ ਡਰਦਾ ਮਾਰਾ ਲੈਟਰੀਨ ਵਿਚ ਲੁਕ ਗਿਆ। ਉਨ੍ਹਾਂ ਮੇਰੀ ਮਾਂ ਕੋਲੋਂ ਬਾਕੀ ਜੀਆਂ ਬਾਰੇ ਪੁੱਛਗਿੱਛ ਕੀਤੀ। ਮੇਰੀ ਮਾਂ ਨੇ ਕਿਹਾ ਕਿ ਉਹ ਕਿਸੇ ਰਿਸ਼ਤੇਦਾਰ ਦੀ ਸ਼ਾਦੀ ਤੇ ਪੰਜਾਬ ਗਏ ਹੋਏ ਹਨ। ਉਨ੍ਹਾਂ ਮੇਰੀ ਮਾਂ ਨੂੰ ਗੰਦੀਆਂ ਗਾਲ੍ਹਾਂ ਕੱਢੀਆਂ। ਮੈਂ ਲੈਟਰੀਨ ਵਿਚੋਂ ਸੁਣ ਰਿਹਾ ਸੀ। ਉਹ ਗਾਲ੍ਹਾਂ ਕੱਢਦੇ, ਗੁਰਦੁਆਰਾ ਸਾਹਿਬ ਨੂੰ ਅੱਗ ਦੇ ਹਵਾਲੇ ਕਰਕੇ ਬਾਹਰ ਚਲੇ ਗਏ।

ਮੈਂ ਜਦੋਂ ਲੈਟਰੀਨ ਵਿਚੋਂ ਨਿਕਲ ਕੇ ਮਾਤਾ ਕੋਲ ਆਇਆ ਤਾਂ ਮਾਤਾ ਨੂੰ ਕੁਝ ਹੌਂਸਲਾ ਹੋਇਆ। ਮਾਤਾ ਨੇ ਮੈਨੂੰ ਫਿਰ ਲੁਕਣ ਲਈ ਕਿਹਾ। ਪਰ ਭੀੜ ਲਾਗੇ ਸਿੰਧੀ ਦੇ ਮਕਾਨ ਵਿਚ ਪ੍ਰਵੇਸ਼ ਕਰ ਚੁੱਕੀ ਸੀ। ਮੇਰਾ ਸਾਹ ਉਥੇ ਹੀ ਰੁਕ ਗਿਆ। ਘਰ ਵਿਚੋਂ ਧੂੰਆਂ ਬਾਹਰ ਆ ਰਿਹਾ ਸੀ। ਮੇਰੀ ਮਾਂ ਵੀ ਘਬਰਾ ਗਈ। ਅਸੀਂ ਦੋਵੇਂ ਜਾਣੇ ਵਾਹਿਗੁਰੂ ਵਾਹਿਗੁਰੂ ਕਰ ਰਹੇ ਸੀ ਅਤੇ ਭੈਣ-ਭਰਵਾਂ ਦੀ ਸਲਾਮਤੀ ਬਾਰੇ ਅਰਦਾਸਾਂ ਕਰ ਰਹੇ ਸਾਂ। ਦਸ ਕੁ ਮਿੰਟ ਬਾਅਦ ਭੀੜ ਚੜਗਿੱਲੀਆਂ ਮਾਰਦੀ ਅੱਗੇ ਨਿਕਲ ਗਈ। ਅਸੀਂ ਸਹਿਮੇ ਹੋਏ ਸਿੰਧੀਆਂ ਦੇ ਘਰ ਵਿਚ ਗਏ। ਵਿਹੜੇ ਵਿਚ ਸਿਆਪਾ ਪਿਆ ਹੋਇਆ ਸੀ। ਮੇਰੇ ਦੋ ਭਰਾ ਤੇ ਇਕ ਸਿੰਧੀ ਲੋਕ ਨਾਥ ਦਾ ਲੜਕਾ ਜੋ ਹਾਲੇ ਪਿਛਲੇ ਸਾਲ ਹੀ ਸਿੰਘ ਸੱਜਿਆ ਸੀ, ਉਨ੍ਹਾਂ ਦੇ ਸਰੀਰ ਸੜ ਰਹੇ ਸਨ। ਭੀੜ ਨੇ ਉਨ੍ਹਾਂ ਦੇ ਗਲਾਂ ਵਿਚ ਟਾਇਰ ਪਾ ਕੇ, ਉੱਪਰ ਮਿੱਟੀ ਦਾ ਤੇਲ ਛਿੜਕ ਕੇ ਉਨ੍ਹਾਂ ਨੂੰ ਮਾਰਿਆ ਸੀ। ਤਿੰਨਾਂ ਦੇ ਸਰੀਰ ਪੂਰੀ ਤਰ੍ਹਾਂ ਜਲ ਚੁੱਕੇ ਸਨ। ਸਾਰਾ ਸਿੰਧੀ ਪਰਿਵਾਰ ਤੇ ਮੇਰੀਆਂ ਛੋਟੀਆਂ ਭੈਣਾਂ ਅਸਮਾਨ ਨੂੰ ਚੀਰਨ ਵਾਲੇ ਕੀਰਨੇ ਪਾ ਰਹੀਆਂ ਸਨ। ਮੈਂ ਆਪਣੀ ਮਾਂ ਵੱਲ ਤੱਕਿਆ ਤਾਂ ਉਹ ਬੇਹੋਸ਼ ਪਈ ਸੀ। ਮੇਰੀਆਂ ਲੱਤਾਂ ਹੇਠੋਂ ਜ਼ਮੀਨ ਖਿਸਕ ਰਹੀ ਸੀ।

ਕੁਝ ਦਿਨ ਬਾਅਦ ਸਾਨੂੰ ਫੌਜੀ ਕੈਂਪ ਵਿਚ ਲਿਜਾਇਆ ਗਿਆ। ਮੇਰੀਆਂ ਭੈਣਾਂ ਤੇ ਅਸੀਂ ਮਾਂ-ਪੁੱਤ ਇਕ ਦਿਨ ਜਦ ਕੈਂਪ ਵਿਚ ਹੀ ਸਾਂ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਸਾਨੂੰ ਹੌਂਸਲਾ ਤੇ ਰਸਦ ਦੇਣ ਆਇਆ। ਕਈਆਂ ਨੇ ਬੂਟਾ ਸਿੰਘ ਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢੀਆਂ ਤੇ ਕਈਆਂ ਤੇ ਉਸ ਦੇ ਮੂੰਹ ਤੇ ਥੁੱਕਿਆ। ਮਹੀਨੇ ਕੁ ਬਾਅਦ

ਸਾਨੂੰ ਪਤਾ ਲੱਗਾ ਕਿ ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਦਿੱਲੀ ਦੇ ਪੀੜਤ ਸਿੱਖਾਂ ਦੀ ਮਦਦ ਕਰ ਰਹੀ ਹੈ। ਅਸੀਂ ਪਰਿਵਾਰ ਸਮੇਤ ਅੰਮ੍ਰਿਤਸਰ ਆ ਗਏ। ਅਸੀਂ ਸਰਾਂ ਵਿਚ ਠਹਿਰੇ ਹੋਏ ਸਾਂ। ਇਕ ਸਾਬਤ ਸੂਰਤ ਸਰਦਾਰ ਸਾਡੇ ਕਮਰੇ ਵਿਚ ਆਇਆ ਤੇ ਕਹਿਣ ਲੱਗਾ, "ਮੈਂ ਦਿੱਲੀ ਦੇ ਦੰਗਿਆਂ ਦੇ ਪੀੜਤ ਪਰਿਵਾਰਾਂ ਦੀ ਮਦਦ ਕਰਨਾ ਚਾਹੁੰਦਾ ਹਾਂ। ਉਸ ਦੀ ਉਮਰ ਹਾਲੇ ਪੱਚੀ ਛੱਬੀ ਸਾਲ ਦੀ ਸੀ। ਉਸ ਨੇ ਪੇਸ਼ਕਸ਼ ਕੀਤੀ ਉਹ ਮੇਰੀ ਵੱਡੀ ਭੈਣ ਦਾ ਹੱਥ ਫੜਨਾ ਚਾਹੁੰਦਾ ਹੈ। ਉਸ ਦਾ 'ਪਿਤਾ' ਵੀ ਨਾਲ ਸੀ। ਮੇਰੀ ਮਾਂ ਮੰਨ ਗਈ ਤੇ ਅਸਾਂ ਮੇਰੀ ਭੈਣ ਸਿਮਰਨ ਦਾ ਹੱਥ ਉਸ ਨੌਜਵਾਨ ਦੇ ਹੱਥ ਦੇ ਦਿੱਤਾ ਤੇ ਪ੍ਰਮਾਤਮਾ ਦਾ ਸੌ ਸੌ ਸ਼ੁਕਰਾਨਾ ਕੀਤਾ। ਅਸਾਂ ਸੋਚਿਆ ਕਿ ਪੰਜਾਬ ਦੇ ਸਿੱਖ, ਸਾਡੇ ਭਰਾ ਸਾਡੇ ਅੰਗ-ਸੰਗ ਸਹਾਈ ਹਨ।

ਮੇਰੇ ਜੀਜੇ ਦਾ ਪਰਿਵਾਰ ਸ਼੍ਰੋਮਣੀ ਕਮੇਟੀ ਦੇ ਪਰਿਵਾਰਾਂ ਵਿਚ ਰਹਿੰਦਾ ਸੀ। ਮੇਰੀ ਛੋਟੀ ਭੈਣ ਵੀ ਆਪਣੀ ਵੱਡੀ ਭੈਣ ਦੇ ਘਰ ਆਉਣ ਜਾਣ ਲੱਗੀ। ਇਕ ਦਿਨ ਜਦ ਛੋਟੀ ਭੈਣ ਸਾਡੇ ਕੋਲ ਸਰਾਂ ਵਿਚ ਵਾਪਸ ਨਾ ਪਰਤੀ ਤਾਂ ਅਸੀਂ ਸਾਰੇ ਫ਼ਿਕਰ ਕਰਨ ਲੱਗੇ। ਅਗਲੀ ਸਵੇਰ ਜਦ ਵੱਡੀ ਦੇ ਘਰ ਗਏ ਤਾਂ ਕੁਆਟਰ ਖਾਲੀ ਸੀ। ਅਸਾਂ ਆਂਢ-ਗੁਆਂਢ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਕਿਧਰੇ ਬਾਹਰ ਚਲੇ ਗਏ ਹਨ। ਘਰ ਵਿਚ ਕੋਈ ਨਹੀਂ ਸੀ ਤੇ ਬਾਹਰ ਜਿੰਦਰਾ ਲੱਗਾ ਹੋਇਆ ਸੀ। ਦੋ ਕੁ ਦਿਨ ਇੰਤਜ਼ਾਰ ਕਰਕੇ ਅਸੀਂ ਜਦ ਥਾਣੇ ਸ਼ਿਕਾਇਤ ਕੀਤ ਤਾਂ ਉਨ੍ਹਾਂ ਨੂੰ ਵੀ ਕੋਈ ਉੱਘ-ਸੁੱਘ ਨਾ ਨਿਕਲੀ। ਪਤਾ ਨਹੀਂ ਉਹ ਕਿਧਰ ਚਲੇ ਗਏ ਹਨ, ਸਾਨੂੰ ਅੱਜ ਤੱਕ ਪਤਾ ਨਹੀਂ ਲੱਗਾ। ਅਸੀਂ ਸੰਬੰਧਿਤ ਠਾਣੇ ਵਿਚ ਬੜੇ ਫੇਰੇ ਮਾਰਦੇ ਰਹੇ। ਪਰ ਪੁਲਿਸ ਦੇ ਇਕ ਮੁਨਸ਼ੀ ਨੇ ਸਾਨੂੰ ਦੱਸਿਆ ਕਿ ਲੱਗਦਾ ਹੈ ਕਿ ਉਹ ਕਿਸੇ ਗ੍ਰੋਹ ਦੇ ਕਾਬੂ ਆ ਗਈਆਂ ਹਨ। ਉਨ੍ਹਾਂ ਨੂੰ ਕੁਝ ਸੁੰਘਾ ਕੇ ਦੂਰ-ਦੁਰਾਡੇ ਲਿਜਾਇਆ ਗਿਆ ਹੈ ਜਾਂ ਵੇਚ ਦਿੱਤਾ ਗਿਆ ਹੈ। ਕੁਝ ਵੀ ਹੋਇਆ ਹੋਵੇ, ਦਿੱਲੀ ਤੋਂ ਬਾਅਦ ਸਾਡੇ ਨਾਲ ਇਹ ਦੂਜੀ ਦੁਰਘਟਨਾ ਹੋ ਚੁੱਕੀ ਸੀ। ਸਿੱਖ ਭਰਾਵਾਂ ਤੋਂ ਮੈਨੂੰ ਹਮਦਰਦੀ ਦੀ ਉਮੀਦ ਸੀ, ਉਹ ਵੀ ਨਕਾਮ ਸਾਬਤ ਹੋਈ। ਅਸਾਂ ਸੋਚਿਆ ਇਸ ਨਾਲੋਂ ਤਾਂ ਇਹ ਕੁੜੀਆਂ, ਦਿੱਲੀ ਦੇ ਕਤਲੇਆਮ ਵਿਚ ਮਰ ਜਾਂਦੀਆਂ ਤਾਂ ਫਿਰ ਵੀ ਉਨ੍ਹਾਂ ਦੀ ਕੋਈ ਸੁਣਵਾਈ ਤੇ ਪੁੱਛ-ਗਿੱਛ ਹੁੰਦੀ। ਮੇਰੀ ਮਾਂ ਇਸ ਵਿਛੋੜੇ ਦੀ ਤਾਬ ਨਾ ਝੱਲਦੀ ਹੋਈ ਦਮ ਤੋੜ ਗਈ। ਕਲੇਸ਼ਾਂ ਤੋਂ ਛੁੱਟ ਗਈ।

ਮੈਂ ਜਹਾਨ ਵਿਚ ਸਵਾ ਲੱਖ ਰਹਿ ਗਿਆ ਸੀ। ਭਾਵੇਂ ਮੇਰੇ ਰਿਸ਼ਤੇਦਾਰ ਜਿਉਂਦੇ ਜਾਗਦੇ ਸਨ। ਕੁਝ ਚਿਰ ਤਾਂ ਉਹ ਸਰਾਂ ਵਿਚ ਸਾਡਾ ਪਤਾ ਕਰਨ ਆਉਂਦੇ ਰਹੇ। ਬਾਅਦ ਵਿਚ ਉਹ ਵੀ ਗੁੰਮ-ਸੁੰਮ ਹੋ ਗਏ। ਉਹ ਜਿਉਂਦੇ ਹੋਏ ਵੀ ਮੇਰੇ ਲਈ ਮਰ ਚੁੱਕੇ ਸਨ। ਕਾਹਦੇ ਨੇ ਰਿਸ਼ਤੇਦਾਰ ? ਕਾਹਦੇ ਨੇ ਭਾਈਚਾਰੇ ਤੇ ਕਾਹਦਾ ਏ ਸਿੱਖ ਪੰਥ ? ਮੇਰੇ ਲਈ ਇਹ ਛਲਾਵਿਆਂ ਦੇ ਦੂਰੇ ਨਾਮ ਬਣ ਚੁੱਕੇ ਸਨ। ਮੈਂ ਆਪਣੇ ਪਰਿਵਾਰ ਦੀ ਵਿਥਿਆ ਕਈ ਜਗ੍ਹਾ ਰੋ-ਰੋ ਕੇ ਸੁਣਾਈ। ਗੱਲ ਤਾਂ ਹਰੇਕ ਨੇ ਸੁਣੀ ਪਰ ਇਮਦਾਦ ਕਿਸੇ ਨਾ ਕੀਤੀ। ਸਾਰੇ ਲਾਰੇ-ਲੱਪੇ ਲਾਉਂਦੇ ਰਹੇ। ਮੇਰੇ ਦਿਮਾਗ ਉੱਪਰ ਵੀ ਇਨ੍ਹਾਂ

ਦੁਰਘਟਨਾਵਾਂ ਦਾ ਮਾਰੂ ਅਸਰ ਹੋਇਆ। ਮੈਂ ਵੀ ਅੱਪਲ-ਟੱਪਲੀਆਂ ਮਾਰਨ ਲੱਗ ਪਿਆ। ਮੇਰੇ ਇਕ ਰਿਸ਼ਤੇਦਾਰ ਨੇ ਮੈਨੂੰ ਮਾਨਸਿਕ ਰੋਗੀਆਂ ਦੇ ਹਸਪਾਤਲ ਦਾਖਲ ਕਰਵਾਇਆ ਤੇ ਮੇਰਾ ਇਲਾਜ ਕਰਵਾਇਆ। ਮੈਨੂੰ ਤੰਦਰੁਸਤ ਹੋਣ ਉਪਰੰਤ ਵਾਪਸ ਘਰ ਭੇਜਿਆ ਗਿਆ। ਅੱਜਕਲ੍ਹ ਮੈਂ ਇਕ ਜਾਣੂ ਦੇ ਪਿੰਡ ਗੁਰਦੁਆਰਾ ਸਾਹਿਬ ਦੀ ਸੇਵਾ ਕਰ ਰਿਹਾ ਹਾਂ। ਸਾਰਾ ਪਿੰਡ ਘੁੱਗ ਵੱਸ ਰਿਹਾ ਹੈ। ਜਦ ਕਦੀ ਮੈਂ ਆਪਣਾ ਅਤੀਤ ਕਿਸੇ ਨਾਲ ਸਾਂਝਾ ਕਰਦਾ ਹਾਂ ਹਰ ਕੋਈ ਇਕ ਕੰਨੋਂ ਸੁਣ ਕੇ ਦੂਜੇ ਕੰਨੋਂ ਕੱਢ ਛੱਡਦਾ ਹੈ। ਮੈਂ ਹੁਣ ਕਿਸੇ ਨਾਲ ਆਪਣਾ ਦੁੱਖ ਨਹੀਂ ਫੋਲਦਾ। ਇਸੇ ਵਿਚ ਹੀ ਸ਼ਾਇਦ ਮੇਰਾ ਭਲਾ ਹੈ। ਸਾਰਾ ਪਿੰਡ ਮੌਜ ਨਾਲ ਸੁੱਤਾ ਪਿਆ ਹੁੰਦਾ ਹੈ ਤੇ ਮੈਂ ਆਪਣੇ ਵਿਛੜੇ ਵੀਰਾਂ-ਭੈਣਾਂ ਨੂੰ ਯਾਦ ਕਰਕੇ ਰੋਂਦਾ ਰਹਿੰਦਾ ਹਾਂ।

# ਪੇਂਡੂ ਸਿੱਖ—ਸ਼ਹਿਰੀ ਸਿੱਖ

ਸ੍ਰੀ ਗੁਰੂ ਅਰਜਨ ਦੇਵ ਤੱਕ ਸਿੱਖਾਂ ਵਿਚ ਸ਼ਹਿਰੀ ਸਿੱਖਾਂ ਦਾ ਹੀ ਗਲਬਾ ਰਿਹਾ। ਇਹ ਸਿੱਖ ਸੇਵਾ ਤੇ ਸ਼ਰਧਾ ਨਾਲ ਭਰਪੂਰ ਸਨ। ਸਿਮਰਨ ਕਰਨਾ ਤੇ ਗੁਰੂ ਦੇ ਮਾਰਗ ਉੱਪਰ ਚੱਲਣਾ ਇਨ੍ਹਾਂ ਦਾ ਮੀਰੀ ਗੁਣ ਸੀ। ਜਦੋਂ ਪੰਜਵੇਂ ਪਾਤਸ਼ਾਹ ਨੂੰ ਆਪਣੇ ਨਿਵੇਕਲੇ ਪੰਥਕ ਮਾਰਗ ਕਾਰਨ ਸ਼ਹਾਦਤ ਦਾ ਜਾਮ ਪੀਣਾ ਪਿਆ ਤਾਂ ਬਾਅਦ ਵਿਚ ਛੇਵੇਂ ਪਾਤਸ਼ਾਹ ਨੇ ਮੀਰੀ ਤੇ ਪੀਰੀ ਦੀਆਂ ਦੋ ਅਲੱਗ ਕਿਰਪਾਨਾਂ ਨੂੰ ਆਪਣੇ ਕਮਰਕੱਸੇ ਦਾ ਅਟੁੱਟ ਅੰਗ ਬਣਾ ਲਿਆ। ਗੁਰੂ ਜੀ ਨੇ ਘੋੜੇ ਤੇ ਸ਼ਸ਼ਤਰ ਰੱਖਣੇ ਸ਼ੁਰੂ ਕਰ ਦਿੱਤੇ ਅਤੇ ਮੁਗ਼ਲਾਂ ਦੀਆਂ ਵਧੀਕੀਆਂ ਦਾ ਟਾਕਰਾ ਕਰਨ ਲਈ ਯੁੱਧ ਕਰਨੇ ਸ਼ੁਰੂ ਕਰ ਦਿੱਤੇ। ਸ਼ਹਿਰੀ ਸਿੱਖ ਲੜਾਈ-ਭਿੜਾਈ ਦੇ ਕੰਮਾਂ ਤੋਂ ਦੂਰ ਰਹਿਣ ਲੱਗੇ। ਇਸ ਵਕਤ ਸਿੱਖੀ ਦੀ ਬਾਂਹ ਪੇਂਡੂ ਲੋਕਾਂ ਨੇ ਫੜਨੀ ਸ਼ੁਰੂ ਕਰ ਦਿੱਤੀ। ਵੱਡੀ ਗਿਣਤੀ ਵਿਚ ਪੇਂਡੂ ਲੋਕ ਗੁਰੂ ਦੇ ਸਿੱਖ ਬਣਨ ਲੱਗੇ। ਪੇਂਡੂ ਲੋਕਾਂ ਨੂੰ ਆਪਣੀ ਜੀਵਨ ਜਾਂਚ ਵਿਚ ਹੀ ਲੜਨਾ ਮਰਨਾ ਪਸੰਦ ਹੁੰਦਾ ਹੈ। ਸ਼ਹਿਰੀ ਲੋਕ ਗੁਰੂ ਜੀ ਦੇ ਨਾਲ ਨਾਲ ਹੀ ਸਨ ਪਰ ਉਨ੍ਹਾਂ ਦੀ ਪੰਥਕ ਸੇਵਾ ਸ਼ਾਂਤਮਈ ਜੀਵਨ ਨਾਲ ਸੰਬੰਧਿਤ ਸੀ।

ਦਸਵੇਂ ਪਾਤਸ਼ਾਹ ਵੇਲੇ ਤਾਂ ਜਦ ਉਨ੍ਹਾਂ ਨੂੰ ਸਮੇਂ ਦੀ ਹਕੂਮਤ ਤੋਂ ਬਾਈਧਾਰ ਦੇ ਰਾਜਿਆਂ ਨਾਲ ਜੂਝਣਾ ਪਿਆ ਤਾਂ ਸਿੱਖ ਕੌਮ ਇਕ ਜੰਗਜੂ ਸ਼ਕਲ ਇਖ਼ਤਿਆਰ ਕਰਨ ਗਈ। ਗੁਰੂ ਜੀ ਦੇ ਸਿੱਖਾਂ ਵਿਚ ਜਿਥੇ ਬਚਿੱਤਰ ਸਿੰਘ ਵਰਗੇ ਕਈ ਸਿਰਲੱਥ ਸੂਰਮੇ ਸਨ, ਉਥੇ ਸਧਾਰਨ ਪੇਂਡੂ ਵੀ ਸਨ, ਜਿਹੜੇ ਅੰਮ੍ਰਿਤ ਪਾਨ ਕਰਕੇ ਗਿੱਦੜਾਂ ਤੋਂ ਸ਼ੇਰ ਬਣ ਚੁੱਕੇ ਸਨ। ਉਹ ਪਹਾੜਾਂ ਨਾਲ ਮੱਥਾ ਲਾਉਣ ਤੋਂ ਗੁਰੇਜ਼ ਨਹੀਂ ਕਰਦੇ ਸਨ। ਉਨ੍ਹਾਂ ਦੀ ਖਲੜੀ ਵਿਚ ਡਰ ਨਾਮ ਦੀ ਕੋਈ ਚੀਜ਼ ਨਹੀਂ ਸੀ। ਗੁਰੂ ਜੀ ਵੀ ਸਿੰਘਾਂ ਦੇ ਹੌਂਸਲੇ ਬੁਲੰਦ ਕਰਨ ਲਈ, ਉਨ੍ਹਾਂ ਨਾਲ ਸ਼ਿਕਾਰ ਖੇਡਣ ਜਾਂਦੇ। ਸ਼ੇਰ ਤੇ ਹੋਰ ਖ਼ੂੰਖਾਰ ਜਾਨਵਰਾਂ ਨੂੰ ਮਾਰਨਾ ਹੀ ਉਨ੍ਹਾਂ ਨੂੰ ਸ਼ੇਰਦਿਲ ਬਣਾ ਸਕਿਆ। ਉਹ ਸਹੀ ਅਰਥਾਂ ਵਿਚ 'ਸਿੰਘ' ਬਣ ਚੁੱਕੇ ਸਨ।

ਪਰ ਇਸ ਸਮੇਂ ਸੇਵਾਪੰਥੀ ਨਿਰਮਲਿਆਂ, ਉਦਾਸੀਆਂ ਤੇ ਮਹੰਤਾਂ ਦਾ ਸਿੱਖੀ ਵੱਲ ਕੋਈ ਘੱਟ ਯੋਗਦਾਨ ਨਹੀਂ ਸੀ। ਸਿੱਖੀ ਦਾ ਪ੍ਰਚਾਰ ਕਰਨਾ ਇਨ੍ਹਾਂ ਦਾ ਹੀ ਕੰਮ ਸੀ। ਗੁਰੂ ਜੀ ਨੇ ਪੰਜ ਵਿਦਵਾਨ ਸਿੱਖਾਂ ਨੂੰ ਬਨਾਰਸ ਭੇਜਿਆ ਸੀ ਤਾਂ ਕਿ ਉਹ ਸੰਸਕ੍ਰਿਤ ਪੜ੍ਹ ਕੇ ਮਹਾਨ ਗ੍ਰੰਥਾਂ ਦਾ ਅਧਿਐਨ ਕਰ ਸਕਣ। ਇਨ੍ਹਾਂ ਪੰਜਾਂ ਸਿੰਘਾਂ ਨੇ ਸਿੱਖਾਂ ਵਿਚ ਵਿਦਿਆ ਦਾ ਪਸਾਰ ਸ਼ੁਰੂ ਕੀਤਾ। ਇਨ੍ਹਾਂ ਦੇ ਨਾਲ ਹੀ ਨਿਰਮਲੇ ਸੇਵਾਪੰਥੀਆਂ ਦੀ

ਇਕ ਸ਼੍ਰੇਣੀ ਸਥਾਪਿਤ ਹੋ ਗਈ, ਜਿਹੜੇ ਸਦੀਆਂ ਤੱਕ ਸਿੱਖਾਂ ਵਿਚ ਪੁਰਾਤਨ ਗ੍ਰੰਥਾਂ ਦਾ ਗਿਆਨ ਵੰਡਦੇ ਰਹੇ। ਇਸੇ ਤਰ੍ਹਾਂ ਉਦਾਸੀ ਸਿੱਖ ਵੀ, ਗ੍ਰਿਹਸਥ ਵਿਚ ਪ੍ਰਵੇਸ਼ ਨਹੀਂ ਸਨ ਕਰਦੇ, ਤੇ ਸਾਰਾ ਜੀਵਨ ਸਿੱਖ ਮੱਤ ਦਾ ਪ੍ਰਚਾਰ ਹੀ ਕਰਦੇ ਰਹੇ। ਇਹ ਸੇਵਾ ਆਪਣੀ ਜਗ੍ਹਾ ਸੀ, ਜਿਸ ਦਾ ਕੋਈ ਬਦਲ ਨਹੀਂ ਸੀ। ਇਸ ਦੇ ਸਦਕਾ ਸਿੱਖ ਧਰਮ ਵਿਚ ਭਾਈ ਮਨੀ ਸਿੰਘ, ਸੰਤੋਖ ਸਿੰਘ ਕਵੀ, ਭਾਈ ਗਿਆਨ ਸਿੰਘ ਤੇ ਭਾਈ ਕਾਹਨ ਸਿੰਘ ਵਰਗੇ ਵਿਦਵਾਨ ਹੋਏ ਹਨ। ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਸਿੱਖਾਂ ਲਈ ਪ੍ਰੇਰਨਾ ਸਰੋਤ ਹਨ।

ਪਹਿਲਾਂ ਪਹਿਲ ਪਿੰਡਾਂ ਦੇ ਸਿੱਖ, ਥੋੜ੍ਹੀ ਕੀਤਿਆਂ ਸਿੱਖ ਮਰਿਯਾਦਾ ਨੂੰ ਨਹੀਂ ਮੰਨਦੇ ਸਨ। ਨਸ਼ਿਆਂ ਦਾ ਸੇਵਨ ਕਰਨਾ ਤੇ ਕੇਸਾਂ ਦੀ ਬੇਅਦਬੀ ਕਰਨੀ ਇਨ੍ਹਾਂ ਲਈ ਇਕ ਜੀਵਨ ਜਾਚ ਹੀ ਸੀ। ਜਦੋਂ ਦਸਵੇਂ ਪਾਤਸ਼ਾਹ ਚਾਰ-ਚੁਫ਼ੇਰੇ ਦੁਸ਼ਮਣਾਂ ਨਾਲ ਘਿਰ ਗਏ ਤਾਂ ਇਨ੍ਹਾਂ ਸਹਿਜਧਾਰੀ ਮਲਵਈ ਸਿੰਘਾਂ ਨੂੰ ਗੁਰੂ ਜੀ ਨੇ ਥਾਪਣਾ ਦੇ ਕੇ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਆਪਣੀ ਫ਼ੌਜ ਵਿਚ ਸ਼ਾਮਿਲ ਕੀਤਾ ਤਾਂ ਸਿੰਘ ਲੱਖਾਂ ਦੇ ਲਸ਼ਕਰਾਂ ਨਾਲ ਜੂਝਣ ਲਈ ਤਤਪਰ ਹੋ ਗਏ। ਚਾਲੀ ਮੁਕਤੇ ਮਾਝੇ ਦੇ ਪਿੰਡਾਂ ਵਿਚੋਂ ਹੀ ਗਏ ਸਨ, ਜਿਨ੍ਹਾਂ ਨੇ ਮੁਕਤਸਰ ਦੀ ਜੰਗ ਵਿਚ ਸ਼ਹੀਦੀਆਂ ਪਾ ਕੇ ਇਕ ਸੁਨਹਿਰੀ ਇਤਿਹਾਸ ਰਚਿਆ ਸੀ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਜਿੰਨੀਆਂ ਵੀ ਲੜਾਈਆਂ ਲੜੀਆਂ ਸਨ, ਉਨ੍ਹਾਂ ਸਭਨਾਂ ਵਿਚ, ਉਨ੍ਹਾਂ ਦੀ ਫ਼ਤਹਿ ਕਾਰਨ ਅਜਿਹੇ ਸਿੱਧੇ ਸਾਧੇ ਪੇਂਡੂ ਸਿੱਖ ਸਨ। ਇਨ੍ਹਾਂ ਸਿੱਖਾਂ ਦਾ ਇਕੋ ਇਕ ਉਦੇਸ਼ ਸੀ—ਪੰਥ ਲਈ ਜੂਝਣਾ ਤੇ ਅੰਤ ਵਿਚ ਜੂਝਦਿਆਂ ਹੀ ਸ਼ਹਾਦਤ ਪ੍ਰਾਪਤ ਕਰ ਲੈਣੀ। ਇਨ੍ਹਾਂ ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੋਢੇ ਨਾਲ ਮੋਢਾ ਜੋੜ ਕੇ, ਮੁਗ਼ਲ ਸੂਬੇਦਾਰਾਂ ਨਾਲ ਯੁੱਧ ਲੜੇ ਸਨ ਤੇ ਪੰਜਾਬ ਵਿਚ ਪਹਿਲੇ ਸਿੱਖ ਰਾਜ-ਬੁਨਿਆਦ ਰੱਖੀ ਸੀ। ਬਿਨਾਂ ਯੋਗ ਸਿਖਲਾਈ ਦੇ ਅਤੇ ਬਿਨਾਂ ਯੋਗ ਹਥਿਆਰਾਂ ਤੇ ਗੋਲੀ ਸਿੱਕੇ ਦੇ, ਨਿਰੋਲ ਕਿਰਪਾਨਾਂ ਨਾਲ, ਵੱਡੇ ਵੱਡੇ ਜਰਨੈਲਾਂ ਨੂੰ ਭਾਜੜਾਂ ਪਾਉਣੀਆਂ ਸਿੰਘਾਂ ਦਾ ਹੀ ਕਾਰਨਾਮਾ ਸੀ। ਅਜਿਹੇ ਹੀ ਸਿੰਘਾਂ ਨੇ ਘੱਲੂਘਾਰਿਆਂ ਦਾ ਸਾਹਮਣਾ ਕੀਤਾ ਤੇ ਅਬਦਾਲੀ ਵਰਗੇ ਮਹਾਨ ਜਰਨੈਲਾਂ ਨੂੰ ਭਾਜੜਾਂ ਪਾਈਆਂ ਸਨ। ਅਜਿਹੇ ਹੀ ਸਿੰਘਾਂ ਨੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤੱਨਤ ਦੀ ਨੀਂਹ ਰੱਖੀ ਸੀ। ਅਜਿਹੇ ਹੀ ਸਿੰਘਾਂ ਨੇ ਸਾਰਾਗੜ੍ਹੀ ਦੇ ਮੈਦਾਨ ਵਿਚ ਹਜ਼ਾਰਾਂ ਖ਼ੂੰਖਾਰ ਪਠਾਣਾਂ ਦੇ ਛੱਕੇ ਛੁਡਾਏ ਸਨ। ਅਜਿਹੇ ਹੀ ਸੂਰਬੀਰ ਸਿੰਘਾਂ ਨੇ ਵੀਹਵੀਂ ਸਦੀ ਵਿਚ ਦੋ ਆਲਮੀ ਜੰਗਾਂ ਵਿਚ, ਵੱਖਰੇ ਵੱਖਰੇ ਯੁੱਧਾਂ ਵਿਚ ਆਪਣੀ ਵੀਰਤਾ ਦੇ ਡੰਕੇ ਵਜਾਏ ਸਨ।

ਅਜੋਕੇ ਸਮੇਂ ਵਿਚ ਸ਼ਹਿਰੀ ਸਿੱਖਾਂ ਦਾ ਸਿੱਖ ਜਗਤ ਵਿਚ ਆਪਣਾ ਹੀ ਨਿਵੇਕਲਾ ਕਲਾ ਕਿਰਦਾਰ ਹੈ। ਸ਼ਹਿਰਾਂ ਵਿਚ ਇਹ ਸਿੱਖ ਹਿੰਦੂ ਵੀਰਾਂ ਦੇ ਨਾਲ-ਨਾਲ, ਸ਼ਾਂਤੀ ਨਾਲ ਰਹਿੰਦੇ ਹਨ। ਦੋਹਵਾਂ ਕੌਮਾਂ ਦੇ ਆਪਸੀ ਸਮਾਜਿਕ, ਸਭਿਆਚਾਰਕ ਤੇ ਤਜ਼ਾਰਤੀ ਸੰਬੰਧ ਹਨ। ਬਹੁਤ ਸਮਾਂ ਇਕੱਠੇ ਤੇ ਨਾਲ-ਨਾਲ ਰਹਿਣ ਕਾਰਨ, ਸ਼ਹਿਰੀ ਸਿੱਖਾਂ ਵਿਚ ਬ੍ਰਾਹਮਣਵਾਦੀ ਕਲਚਰ ਦਾ ਘੁਸਪੈਠ ਹੋ ਰਿਹਾ ਹੈ। ਸਿੱਖ ਵੀ ਦੁਸ਼ਹਿਰਾ, ਰੱਖੜੀ,

ਕਰਵਚੌਥ ਤੇ ਹੋਰ ਵੰਨ-ਸੁਵੰਨੀਆਂ ਹਿੰਦੂ ਰੀਤੀ-ਰਿਵਾਜ਼ਾਂ ਵਿਚ ਸ਼ਾਮਿਲ ਹੋ ਰਹੇ ਹਨ। ਸਿੱਖ ਸ਼ਹਿਰਾਂ ਵਿਚ ਟੇਵੇ, ਜਨਮ-ਪੱਤਰੀ ਤੇ ਹੋਰ ਕਰਮਕਾਂਡਾਂ ਵਿਚ ਦਿਲਚਸਪੀ ਲੈਣ ਲੱਗ ਪਏ ਹਨ। ਵਿਆਹਾਂ ਵਿਚ ਸਾਹੇ ਤੇ ਮਹੂਰਤਾਂ ਨੂੰ ਬੜੀ ਸੰਜੀਦਗੀ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੇ ਵੇਖੋ ਵਿਖਾਏ ਉਹ ਵੈਸ਼ਨੋਵਾਦਾ ਵੱਧ ਵੱਧ ਰਹੇ ਹਨ। ਇਸ ਵਿਹਾਰ ਨਾਲ ਸ਼ਹਿਰੀ ਸਿੱਖਾਂ ਦੀ ਸਿੱਖੀ, ਗੁਰਮੱਤ ਨਾਲੋਂ ਵੱਖਰਾ ਰੂਪ ਧਾਰਨ ਕਰ ਗਈ ਹੈ। ਇਸੇ ਲਈ ਸ਼ਹਿਰੀ ਸਿੱਖਾਂ ਵਿਚ ਅਣਖ ਤੇ ਸਿੱਖੀ ਸਿੱਦਕ ਦੀ ਘਾਟ ਮਹਿਸੂਸ ਹੋ ਰਹੀ ਹੈ। ਸਿੱਖੀ ਨਾਲੋਂ ਆਪਣੇ ਵਪਾਰਕ ਹਿੱਤਾਂ ਦੀ ਪੂਰਤੀ ਵੱਲ ਵਧੇਰੇ ਤਵਜੋਂ ਦਿੱਤੀ ਜਾ ਰਹੀ ਹੈ। ਬ੍ਰਾਹਮਣਵਾਦ ਦੇ ਮਾਰੂ ਪ੍ਰਭਾਵ ਕਾਰਨ, ਸ਼ਹਿਰੀ ਸਿੱਖਾਂ ਵਿਚ ਖਾਲਸਾ ਪੰਥ ਦੀ ਨੁਹਾਰ ਮੱਠੀ ਤੇ ਮੱਧਮ ਪੈ ਰਹੀ ਹੈ। ਇਹ ਪੰਥ ਦੀ ਚਿੰਤਾ ਦਾ ਵਿਸ਼ਾ ਹੈ। ਭਾਵੇਂ ਸ਼ਹਿਰੀ ਸਿੱਖਾਂ ਵਿਚ ਵੀ ਟਾਵੇਂ ਟਾਵੇਂ ਟਕਸਾਲੀ ਵਿਚਾਰਧਾਰਾ ਵਾਲੇ ਸਿੱਖ ਮੌਜੂਦ ਹਨ ਪਰ ਇਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਅੰਤਰ ਹੋਣ ਕਰਕੇ, ਸ਼ਹਿਰਾਂ ਵਿਚ ਸਿੱਖੀ ਅਧੋਗਤੀ ਵੱਲ ਵੱਧ ਰਹੀ ਹੈ।

ਅਜੋਕੇ ਪਿੰਡਾਂ ਵਿਚ ਸਿੱਖ ਪਰਿਵਾਰਾਂ ਵਿਚ ਪਤਿਤ-ਪੁਣਾ ਵੱਧ ਰਿਹਾ ਹੈ। ਤਕਰੀਬਨ 65 ਪ੍ਰਤੀਸ਼ਤ ਸਿੱਖਾਂ ਦੇ ਲੜਕਿਆਂ ਨੇ ਕੇਸ ਕਟਾਏ ਹੋਏ ਹਨ। ਉਹ ਪਗੜੀ ਬੰਨਣਾ ਆਪਣੀ ਮਜ਼ਬੂਰੀ ਸਮਝਦੇ ਹਨ। ਇਨ੍ਹਾਂ ਨੌਜਵਾਨਾਂ ਵਿਚ ਵੱਧ ਰਹੀ ਬੇਕਾਰੀ ਤੇ ਮਹਿੰਗਾਈ ਕਾਰਨ ਨਸ਼ਿਆਂ ਦਾ ਰੁਝਾਨ ਵੱਧ ਰਿਹਾ ਹੈ। ਨਸ਼ਿਆਂ ਲਈ ਮਾਇਆ ਦੇ ਸਾਧਨ ਜੁਟਾਉਣ ਲਈ ਉਨ੍ਹਾਂ ਨੂੰ ਰਾਹਜ਼ਨੀਆਂ, ਚੋਰੀਆਂ, ਡਾਕਿਆਂ ਤੇ ਹਿੰਸਕ ਕਾਰਵਾਈਆਂ ਦਾ ਮਾਰਗ ਚੁਣਨਾ ਪੈ ਰਿਹਾ ਹੈ। ਹਰ ਤਰ੍ਹਾਂ ਦੇ ਨਸ਼ਿਆਂ ਨੇ ਪਿੰਡਾਂ ਦੀ ਜਵਾਨੀ ਤਬਾਹੀ ਵੱਲ ਤੋਰ ਦਿੱਤੀ ਹੈ। ਕੇਂਦਰੀ ਸਰਕਾਰਾਂ ਚਾਹੁੰਦੀਆਂ ਹਨ ਕਿ ਅਜਿਹੀ ਸਥਿਤੀ ਕਾਇਮ ਰਹੇ। ਭਾਰਤ ਦੇ ਹਿੰਦੂ ਵੀਰ ਜੋ ਕਿ ਲਗਭਗ 80 ਪ੍ਰਤੀਸ਼ਤ ਹਨ, ਉਹ ਸਿੱਖ ਨੌਜੁਆਨਾਂ ਦੀ ਸ਼ਕਤੀ ਤੋਂ ਖੌਫ਼ਜ਼ਦਾ ਹਨ। ਉਹ ਸਿੱਖਾਂ ਦੀ ਮਾਰਸ਼ਲ ਸਪਿਰਟ ਤੇ ਕ੍ਰਾਂਤੀਕਾਰੀ ਸੁਭਾਅ ਤੋਂ ਭਲੀਭਾਂਤ ਜਾਣੂ ਹਨ। ਇਸ ਲਈ ਇਨ੍ਹਾਂ ਦੀ ਬਾਗੀਆਨਾ ਸਿਰੀ ਨੂੰ ਹਰ ਹੀਲੇ ਨੱਪਣਾ ਚਾਹੁੰਦੇ ਹਨ। ਪੰਥ ਦੇ ਹਿਤੈਸ਼ੀਆਂ ਨੂੰ ਇਸ ਖ਼ਤਰੇ ਤੋਂ ਫੌਰਨ ਸੁਚੇਤ ਹੋਣਾ ਚਾਹੀਦਾ ਹੈ। ਆਪਣੀ ਜਵਾਨੀ ਦੀ ਸੰਭਾਲ ਕਰਨੀ ਚਾਹੀਦੀ ਹੈ। ਅਜਿਹਾ ਨਾ ਹੋਵੇ ਕਿ ਸੋਮੀ ਰੂਪੀ ਸਿੱਖੀ ਆਪਣੀ ਹੋਂਦ ਨੂੰ ਤਲਾਸ਼ਦੀ ਹੋਈ, ਸੌੜੀ ਸਿਆਸਤ ਦੇ ਮਾਰੂਥਲ ਵਿਚ ਸਹਿਕਦੀ ਸਹਿਕਦੀ ਦਮ ਤੋੜ ਦੇਵੇ।

# ਮੈਂ ਜੀਵਾਂ ਮਰੇ ਪੰਥ

ਗੁਰੂਕਾਲ ਵੇਲੇ ਇਸ ਤਰ੍ਹਾਂ ਨਹੀਂ ਸੀ ਹੁੰਦਾ। ਉਸ ਵਕਤ ਸਿੱਖ ਸੋਚਦੇ ਸਨ ਕਿ ਜਦ ਤੱਕ ਪੰਥ ਸਹੀ ਸਲਾਮਤ ਹੋਵੇਗਾ, ਸਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਪੁਰਾਣੇ ਸਿੱਖਾਂ ਦਾ ਜੀਵਨ ਪੰਥ ਨਾਲ ਬੱਝਾ ਹੋਇਆ ਸੀ। ਪੰਥ ਜਿਊਂਦਾ ਸੀ ਤਾਂ ਉਹ ਜਿਊਂਦੇ ਸਨ ਤੇ ਪੰਥ ਖ਼ਤਰੇ ਵਿਚ ਹੁੰਦਾ ਸੀ ਤਾਂ ਉਹ ਆਪਣੀ ਸਮੁੱਚੀ ਹਸਤੀ ਨੂੰ ਖ਼ਤਰਿਆਂ ਵਿਚ ਘਿਰਿਆ ਮਹਿਸੂਸ ਕਰਦੇ ਸਨ। ਇਹ ਕਾਲ ਖਾਲਸਾ ਪੰਥ ਦਾ ਸੁਨਹਿਰੀ ਜ਼ਮਾਨਾ ਸੀ। ਸਮੇਂ ਦੇ ਗੇੜ ਨਾਲ ਇਹ ਅੱਜ ਤੱਕ ਵਾਪਸ ਨਹੀਂ ਪਰਤਿਆ। ਇਸ ਵਿਚ ਸਮੇਂ ਦਾ ਨਹੀਂ, ਸਿੱਖਾਂ ਦਾ ਕਸੂਰ ਹੈ। ਇਹ ਕਮਜ਼ੋਰੀ ਖਾਲਸਾ ਪੰਥ ਵਿਚ ਕਿਉਂ ਆਈ ਤੇ ਕਦੋਂ ਆਈ ? ਇਸ ਦਾ ਵਿਸ਼ਲੇਸ਼ਣ ਕਰਨਾ ਇਸ ਨਿਬੰਧ ਦਾ ਮੂਲ ਵਿਸ਼ਾ ਹੈ।

ਸਭ ਤੋਂ ਪਹਿਲਾਂ ਜਦੋਂ ਬਾਬਾ ਰਾਮ ਰਾਏ ਨੇ ਮੁਗ਼ਲ ਹਕੂਮਤ ਕੋਲੋਂ ਖੌਫ਼ ਖਾ ਕੇ, ਗੁਰਬਾਣੀ ਦੇ ਗਲਤ ਅਰਥ ਕੱਢੇ ਤੇ ਬਾਅਦ ਵਿਚ ਉਹ ਮੁਗ਼ਲ ਸਰਕਾਰ ਕੋਲੋਂ ਜਾਗੀਰ ਲੈ ਕੇ ਸਿੱਖ ਪੰਥ ਤੋਂ ਕਿਨਾਰਾ ਕਰ ਗਿਆ। ਜਦੋਂ ਸੱਤਵੇਂ ਪਾਤਸ਼ਾਹ ਨੇ ਇਹ ਸਮਾਚਾਰ ਸੁਣਿਆ ਤਾਂ ਉਨ੍ਹਾਂ ਨੇ ਬਾਬਾ ਰਾਮ ਰਾਏ ਨੂੰ ਆਪਣੇ ਪਰਿਵਾਰ ਤੋਂ ਛੇਕ ਦਿੱਤਾ ਤੇ ਉਸ ਕੋਲੋਂ ਅੱਠਵੇਂ ਗੁਰੂ ਦਾ ਹੱਕ ਖੋਹ ਲਿਆ। ਇਸ ਘਟਨਾ ਦੀ ਬਦੌਲਤ ਅੱਠਵੇਂ ਗੁਰੂ ਦੀ ਗੱਦੀ ਉਨ੍ਹਾਂ ਦੇ ਛੋਟੇ ਵੀਰ ਸ੍ਰੀ ਹਰਿਕ੍ਰਿਸ਼ਨ ਨੂੰ ਸੌਂਪੀ ਗਈ। ਉਹ ਉਸ ਵਕਤ ਕੇਵਲ ਸੱਤ ਸਾਲ ਦੇ ਸਨ। ਸ੍ਰੀ ਹਰ ਕ੍ਰਿਸ਼ਨ ਜੀ ਵੀ ਮਾਤਾ ਦੇ ਰੋਗ ਕਾਰਨ ਜਲਦੀ ਹੀ ਪ੍ਰਭੂ ਨੂੰ ਪਿਆਰੇ ਹੋ ਗਏ। ਇਸ ਤਰ੍ਹਾਂ ਸਿੱਖੀ ਦਾ ਬੇਤਹਾਸ਼ਾ ਨੁਕਸਾਨ ਹੋਇਆ। ਬਾਬਾ ਰਾਮਦੇਵ ਨੇ ਆਪਣੇ ਨਿੱਜੀ ਹਿੱਤਾਂ ਨੂੰ ਪਾਲਿਆ ਤੇ ਸਿੱਖੀ ਨੂੰ ਕਿਨਾਰੇ ਕਰ ਦਿੱਤਾ। ਸਿੱਖੀ ਨੂੰ ਹੋਰ ਢਾਹ ਲੱਗੀ ਜਦੋਂ ਉਹ ਮੁਗ਼ਲਾਂ ਦੀ ਝੋਲੀ ਵਿਚ ਪੈ ਗਏ ਤੇ ਸਿੱਖ ਪੰਥ ਨੂੰ ਜ਼ਾਲਮਾਂ ਦੇ ਵੱਸ ਪੈਣ ਲਈ ਮਜਬੂਰ ਕਰ ਦਿੱਤਾ।

ਸਿੱਖ ਪੰਥ ਬਾਬੇ ਰਾਮ ਰਾਏ ਦੀ ਇਸ ਗੁਸਤਾਖ਼ੀ ਤੇ ਗ਼ਦਾਰੀ ਨੂੰ ਕਦੀ ਮੁਆਫ ਨਹੀਂ ਕਰੇਗਾ। ਜੇਕਰ ਸ੍ਰੀ ਰਾਮ ਰਾਏ ਜੀ ਆਪਣੇ ਨਿੱਜੀ ਹਿੱਤਾਂ ਨੂੰ ਸਿੱਖੀ ਤੋਂ ਕੁਰਬਾਨ ਕਰ ਦਿੰਦੇ ਤਾਂ, ਅੱਜ ਸਿੱਖ ਇਤਿਹਾਸ ਕੁਝ ਹੋਰ ਹੀ ਹੋਣਾ ਸੀ।

ਬਾਅਦ ਵਿਚ ਜਦ ਬਾਬਾ ਬੰਦਾ ਸਿੰਘ ਬਹਾਦਰ ਜਦੋਂ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਘਿਰ ਗਏ ਸਨ ਤਾਂ ਲੱਖਾਂ ਦੀ ਸੰਖਿਆ ਵਿਚ ਮੁਗ਼ਲ ਫ਼ੌਜ ਨੇ ਦੁਆਲੇ ਘੇਰਾ ਘੱਤ ਲਿਆ ਸੀ ਤਾਂ ਬਾਬਾ ਬਿਨੋਦ ਸਿੰਘ ਤੇ ਉਨ੍ਹਾਂ ਦੇ ਪੁੱਤਰ ਕਾਹਨ ਸਿੰਘ ਨੇ ਪੰਥ ਨਾਲ ਗ਼ਦਾਰੀ ਕੀਤੀ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨਾਲ ਈਰਖਾ ਤੇ ਨਫ਼ਰਤ ਦਾ ਮੁਜ਼ਾਹਿਰਾ

ਕਰਦੇ ਹੋਏ, ਆਪਣੇ ਸੰਬੰਧ ਵਿਚੋਂ ਵਿਚੀ ਲਾਹੌਰ ਦੇ ਸੂਬੇਦਾਰ ਨਾਲ ਜੋੜ ਲਏ ਤੇ ਉਨ੍ਹਾਂ ਦੀ ਸਹਾਇਤਾ ਤੇ ਸਹਿਯੋਗ ਨਾਲ ਸਹੀ ਸਲਾਮਤ ਗੁਰਦਾਸ ਨੰਗਲ ਦੇ ਕਿਲੇ ਵਿਚੋਂ ਸਹੀ ਸਲਾਮਤ ਬਾਹਰ ਨਿਕਲ ਕੇ ਅੰਮ੍ਰਿਤਸਰ ਪਹੁੰਚ ਗਏ। ਭਾਈ ਕਾਹਨ ਸਿੰਘ ਨੇ ਲਾਹੌਰ ਸਰਕਾਰ ਦੀ ਨੌਕਰੀ ਕਰ ਲਈ ਤੇ ਆਪਣੇ ਸਿੱਖ ਦਸਤੇ ਨਾਲ ਲਾਹੌਰ ਰਹਿਣ ਲੱਗੇ। ਬੰਦਾ ਸਿੰਘ ਬਹਾਦਰ ਨਾਲ ਜੋ ਪਿੱਛੋਂ ਬੀਤੀ ਉਹ ਸਿੱਖ ਭਲੀ-ਭਾਂਤ ਜਾਣਦੇ ਹਨ। ਜੇਕਰ ਬਾਬਾ ਬਿਨੋਦ ਸਿੰਘ ਆਪਣੀ ਫ਼ੌਜ ਨਾਲ ਬੰਦਾ ਸਿੰਘ ਦਾ ਸਾਥ ਨਾ ਛੱਡਦਾ ਤਾਂ ਅੱਜ ਸਿੱਖ ਇਤਿਹਾਸ ਕੁਝ ਹੋਰ ਹੁੰਦਾ। ਇਨ੍ਹਾਂ ਪਿਓ ਪੁੱਤਰਾਂ ਦੀ ਗ਼ਦਾਰੀ ਕਾਰਨ, ਸੈਂਕੜੇ ਸਿੱਖਾਂ ਨੂੰ ਬੰਦਾ ਸਿੰਘ ਸਣੇ ਸ਼ਹੀਦ ਹੋਣਾ ਪਿਆ। ਜੇਕਰ ਬਾਬਾ ਬਿਨੋਦ ਸਿੰਘ ਪੰਥ ਦੀ ਚੜ੍ਹਦੀ ਕਲਾ ਵਿਚ ਯਕੀਨ ਰੱਖਦਾ ਹੁੰਦਾ ਤਾਂ ਉਸ ਦੇ ਬਾਅਦ ਸਿੰਘਾਂ ਨੂੰ ਜ਼ਾਲਮ ਮੁਗ਼ਲਾਂ ਕੋਲੋਂ ਇੰਨਾ ਜ਼ਲੀਲ ਕਦੇ ਨਾ ਹੋਣਾ ਪੈਂਦਾ।

ਜਦੋਂ ਮਹਾਰਾਜਾ ਰਣਜੀਤ ਸਿੰਘ ਸਾਰੀਆਂ ਮਿਸਲਾਂ ਨੂੰ ਇਕ ਜੁੱਟ ਕਰਕੇ, ਸਰਕਾਰ ਖ਼ਾਲਸਾ ਬਣਾਉਣ ਵਿਚ ਮਸ਼ਰੂਫ਼ ਸੀ ਤਾਂ ਪੰਜਾਬ ਦੇ ਕੁਝ ਸਿੱਖ ਮਿਸਲਦਾਰਾਂ ਨੇ, ਰਣਜੀਤ ਸਿੰਘ ਨੂੰ ਪਿੱਠ ਦੇ ਕੇ, ਅੰਗਰੇਜ਼ਾਂ ਨਾਲ ਰਾਤੋ-ਰਾਤ ਸੰਧੀ ਕਰ ਲਈ। ਰਣਜੀਤ ਸਿੰਘ ਨੇ ਇਨ੍ਹਾਂ ਮਿਸਲਦਾਰਾਂ ਨੂੰ ਆਪਣੀ ਸਲਤਨੱਤ ਵਿਚ ਮਿਲਾ ਕੇ, ਉਨ੍ਹਾਂ ਦੀ ਸਰਦਾਰੀ ਨੂੰ ਬਰਕਰਾਰ ਰੱਖਣਾ ਸੀ। ਪਰ ਉਨ੍ਹਾਂ ਨੇ ਡਰਦੇ ਮਾਰਿਆਂ, ਆਪਣੇ ਭਰਾ ਦੀ ਈਨ ਮੰਨਣ ਨਾਲੋਂ ਗ਼ੈਰਾਂ ਦੀ ਈਨ ਮੰਨਣ ਨੂੰ ਤਰਜ਼ੀਹ ਦਿੱਤੀ। ਰਣਜੀਤ ਸਿੰਘ ਨੇ ਹਾਰੇ ਹੋਏ ਮਿਸਲਦਾਰਾਂ ਨੂੰ ਸ਼ਾਨਦਾਰ ਜਗੀਰਾਂ ਪ੍ਰਦਾਨ ਕਰਕੇ ਉਨ੍ਹਾਂ ਦੇ ਮਾਣ ਸਨਮਾਨ ਨੂੰ ਕਾਇਮ ਰੱਖਿਆ ਸੀ। ਪਰ ਸ਼ਰੀਕਾਚਾਰੀ ਅਧੀਨ ਪੰਜ ਸੱਤ ਮਿਸਲਦਾਰਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਹੇਠ ਨਾਮ-ਨਿਹਾਦ ਰਾਜੇ ਬਣਨਾ ਕਬੂਲ ਕੀਤਾ। ਇਹ ਪੰਥ ਨਾਲ ਇਕ ਤਰ੍ਹਾਂ ਦੀ ਗ਼ਦਾਰੀ ਸੀ। ਇਨ੍ਹਾਂ ਹੀ ਰਾਜਿਆਂ ਨੇ 1857 ਦੀ ਅਜ਼ਾਦੀ ਵਿਚ ਭਾਰਤ ਦੀ ਜੰਗੇ ਅਜ਼ਾਦੀ ਵਿਚ, ਦੇਸ਼ ਭਗਤਾਂ ਦੀ ਵਿਰੋਧਤਾ ਕਰਕੇ ਅਜ਼ਾਦੀ ਨੂੰ ਪਿੱਛੇ ਪਾਇਆ। ਇਹ ਪੰਥ ਨਾਲ ਘੋਰ ਗ਼ਦਾਰੀ ਸੀ।

ਸਿੰਘ ਸਭਾ ਲਹਿਰ ਨੇ ਸਿੱਖਾਂ ਦੀ ਜਾਗ੍ਰਿਤਿ ਲਈ ਜਦੋ-ਜਹਿਦ ਕੀਤੀ। ਇਨ੍ਹਾਂ ਵਿਚੋਂ ਚੀਫ਼ ਖਾਲਸਾ ਦੀਵਾਨ ਪੈਦਾ ਹੋਇਆ। ਇਹ ਅੰਗਰੇਜ਼ੀ ਪਿੱਠੂਆਂ ਦੀ ਇਕ ਜਮਾਤ ਸੀ। ਇਸ ਖਾਲਸਾ ਦੀਵਾਨ ਨੇ ਜੋ ਖਾਲਸਾ ਪੰਥ ਦੀ ਪਿੱਠ ਲਵਾਈ ਹੈ, ਉਹ ਪੰਥ ਭੁੱਲ ਨਹੀਂ ਸਕੇਗਾ। ਇਹ ਦੀਵਾਨ ਵਾਲੇ ਬਰਤਾਨਵੀ ਰਾਜ ਦੇ ਹਿਤੈਸ਼ੀ ਤੇ ਪਿੱਠੂ ਸਨ। ਇਨ੍ਹਾਂ ਲੋਕਾਂ ਨੇ ਖਾਲਸਾ ਪੰਥ ਦਾ ਨਾਮ ਵਰਤ ਕੇ, ਆਪਣੇ ਨਿੱਜੀ ਹਿੱਤਾਂ ਦੀ ਪਾਲਣਾ ਕੀਤੀ। ਜਗੀਰਾਂ, ਜਾਇਦਾਦਾਂ ਤੇ ਨੌਕਰੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਹੀ ਲੋਕਾਂ ਨੇ ਅੰਗਰੇਜ਼ੀ ਹਕੂਮਤ ਦੀ ਖ਼ੁਸ਼ਾਮਦੀ ਦੇ ਚੱਕਰ ਵਿਚ ਬੱਬਰ ਅਕਾਲੀਆਂ ਤੇ ਦੇਸ਼ ਭਗਤਾਂ ਦੀਆਂ ਮੁਖਬਰੀਆਂ ਕੀਤੀਆਂ ਤੇ ਕ੍ਰਾਂਤੀਕਾਰੀਆਂ ਨੂੰ ਲੱਭ ਲੱਭ ਕੇ ਮਰਵਾਇਆ। ਇਹ ਮਾਇਆਧਾਰੀ ਸਿੱਖ ਆਪਣੇ ਰੋਜ਼ ਮਰ੍ਹਾ ਜੀਵਨ ਵਿਚ ਐਸ਼ ਪ੍ਰਸਤੀਆਂ ਕਰਦੇ-ਸਨ ਅਤੇ ਵਲਾਇਤ ਦੀਆਂ ਸੈਰਾਂ ਕਰਦੇ ਸਨ।

ਇਨ੍ਹਾਂ ਹੀ ਲੋਕਾਂ ਨੇ ਜ਼ਲ੍ਹਿਆਂਵਾਲੇ ਬਾਗ ਦੇ ਹਤਿਆਰੇ ਦਾ ਦਰਬਾਰ ਸਾਹਿਬ

ਵਿਚ ਸ਼ਾਹੀ ਸਵਾਗਤ ਕੀਤਾ ਤੇ ਉਸ ਨੂੰ ਸਿੱਖ ਬਣਨ ਦੀ ਪੇਸ਼ਕਸ਼ ਕੀਤੀ। ਉਸ ਨੇ ਕਿਹਾ, "ਮੈਂ ਤਾਂ ਸਿਗਰਟ ਪੀਂਦਾ ਹਾਂ, ਮੈਂ ਕਿਵੇਂ ਸਿੱਖ ਬਣ ਸਕਦਾ ਹਾਂ ?" ਜਥੇਦਾਰ ਅਰੂੜ ਸਿੰਘ ਨੇ ਕਿਹਾ, "ਤੁਸੀਂ ਦੇਸ਼ ਭਗਤ ਹੋ। ਤੁਸਾਂ ਖਰੂਦੀ ਬੰਦਿਆਂ ਨੂੰ ਖਰੂਦ ਮਚਾਉਣ ਤੋਂ ਰੋਕਿਆ ਹੈ ! ਸ਼ਾਬਾਸ਼ ?" ਅਜਿਹੇ ਪੰਥ ਹਿਤੈਸ਼ੀਆਂ ਦੀਆ ਕਰਤੂਤਾਂ ਨੂੰ ਖਾਲਸਾ ਪੰਥ ਕਦੀ ਭੁੱਲ ਨਹੀਂ ਸਕੇਗਾ। ਹਜ਼ਾਰਾਂ ਨਿਰਦੋਸ਼ਾਂ ਦੇ ਕਾਤਿਲ ਨੂੰ ਅਜਿਹੇ ਗ਼ਦਾਰਾਂ ਨੇ ਰਾਤ ਦਾ ਭੋਜਨ ਛਕਾਇਆ। ਉਨ੍ਹਾਂ ਨੂੰ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਕੁਰਬਾਨੀ ਯਾਦ ਨਾ ਆਈ। ਬਸ ਕੇਵਲ ਗੋਰਿਆਂ ਦੀ ਜੀ ਹਜ਼ੂਰੀ ਕਰਕੇ ਜਗੀਰਾਂ ਲੈਣੀਆਂ ਕਬੂਲ ਕੀਤੀਆਂ। ਅਜਿਹੇ ਕਲੰਕਿਤ ਸਿੱਖਾਂ ਨੂੰ ਰਹਿੰਦੀ ਦੁਨੀਆਂ ਤੱਕ ਦੁਰਕਾਰਿਆ ਜਾਵੇਗਾ।

ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਕਰਦੀ ਆਈ ਹੈ। ਬਹੁਤ ਸਾਰੇ ਸਿੱਖ ਨੇਤਾ ਪਹਿਲਾਂ ਪਹਿਲ ਅਕਾਲੀ ਦਲ ਵਿਚ ਹੀ ਸ਼ਾਮਿਲ ਹੋਏ ਸਨ। ਬਹੁਤੇ ਸਿੱਖ ਨੇਤਾਵਾਂ ਨੇ ਇਹ ਮਾਰਗ ਅਪਨਾਇਆ। ਉਹ ਪਹਿਲਾਂ ਗੁਰਦੁਆਰਿਆਂ ਦੇ ਪ੍ਰਧਾਨ, ਸਕੱਤਰ ਬਣਦੇ ਸਨ ਬਾਅਦ ਵਿਚ ਇਹ ਸ਼੍ਰੋਮਣੀ ਕਮੇਟੀ ਵਿਚ ਪ੍ਰਧਾਨ ਤੇ ਸਕੱਤਰ ਦੇ ਅਹੁਦਿਆਂ ਤੇ ਕਾਬਜ਼ ਹੋਣ ਲੱਗੇ। ਬਾਅਦ ਵਿਚ ਇਹ ਸਿੱਖ ਨੇਤਾ ਵਿਧਾਇਕ ਤੇ ਮੰਤਰੀ ਬਣਨ ਲੱਗੇ। ਜਦੋਂ ਭਾਰਤ ਅਜ਼ਾਦ ਹੋਇਆ ਤਾਂ ਉਸ ਵਕਤ ਕਾਂਗਰਸ ਦਾ ਬੋਲਬਾਲਾ ਸੀ। ਇਹ ਬਹੁਤੇ ਸਿੱਖ ਨੇਤਾ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਣ ਲੱਗੇ। ਪੰਥ ਦੀ ਸੇਵਾ ਵਿਚੇ ਹੀ ਰਹਿ ਗਈ। ਪੰਜਾਬ ਦੇ ਬਹੁਤੇ ਕਾਂਗਰਸੀ ਸਿੱਖ ਨੇਤਾ ਪਹਿਲਾਂ ਅਕਾਲੀ ਦਲ ਵਿਚ ਸਨ ਜੋ ਸਮੇਂ ਦੇ ਗੇੜ ਨਾਲ ਕਾਂਗਰਸ ਵਿਚ ਸ਼ਾਮਿਲ ਹੋ ਗਏ। ਕੇਵਲ ਇਕ ਸ੍ਰ. ਦਰਬਾਰਾ ਸਿੰਘ ਨੂੰ ਛੱਡ ਕੇ, ਬਾਕੀ ਸਾਰੇ ਸਿੱਖ ਕਾਂਗਰਸੀ ਅਕਾਲੀ ਦਲ ਵਿਚੋਂ ਹੀ ਆਏ ਹਨ। ਕਿਥੇ ਹੈ ਪੰਥ ਪਿਆਰ ? ਕਿਥੇ ਹੈ ਸਿੱਖੀ ਤੇ ਪੰਥ ਦਾ ਦਰਦ ? ਕੀ ਇਹ ਲੋਕ ਅਕਾਲੀ ਦਲ ਵਿਚ ਰਹਿ ਕੇ ਕੀ ਪੰਥ ਦੀ ਸੇਵਾ ਨਹੀਂ ਕਰ ਸਕਦੇ ਸਨ ? ਅਸਲ ਵਿਚ ਇਨ੍ਹਾਂ ਲੋਕਾਂ ਦੇ ਦਿਲ ਵਿਚ ਕੋਈ ਪੰਥਕ ਵੇਦਨਾ ਜਾਂ ਦਰਦ ਨਹੀਂ ਸੀ। ਇਹ ਲੋਕ ਤਾਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਪੰਥ ਵਿਚ ਆਏ ਸਨ। 'ਕੱਚੀ ਯਾਰੀ ਲੱਡੂਆਂ ਦੀ, ਲੱਡੂ ਮੁੱਕ ਗਏ ਤੇ ਯਰਾਨੇ ਟੁੱਟ ਗਏ।' ਇਨ੍ਹਾਂ ਲੋਕਾਂ ਨੇ ਸਰਾਸਰ ਪੰਥ ਨਾਲ ਗ਼ਦਾਰੀ ਕਰਕੇ ਆਪਣੇ ਹਿੱਤਾਂ ਨੂੰ ਪਾਲਿਆ।

ਕਹਿੰਦੇ ਹਨ ਕਿ ਜਦੋਂ ਪੰਜਾਬੀ ਸੂਬੇ ਦੀ ਨਿਸ਼ਾਨਦੇਈ ਹੋ ਰਹੀ ਸੀ ਤਾਂ ਸੰਤ ਫ਼ਤਹਿ ਸਿੰਘ ਇੰਗਲੈਂਡ ਘੁੰਮ ਰਹੇ ਸਨ। ਪੰਜਾਬੀ ਸੂਬੇ ਦੀ ਨਿਸ਼ਾਨਦੇਈ ਫ਼ਿਰਕਾਪ੍ਰਸਤ ਹਿੰਦੂਆਂ ਨੇ ਆਪਣੇ ਸੌੜੇ ਹਿੱਤਾਂ ਨੂੰ ਮੁੱਖ ਰੱਖ ਕੇ ਕੀਤੀ। ਇਕ ਲੰਗੜਾ ਪੰਜਾਬੀ ਸੂਬਾ ਸਿੱਖਾਂ ਦੇ ਸਿਰ ਮੜ੍ਹਿਆ ਗਿਆ। ਸਾਡੇ ਅਕਾਲੀ ਸਿੱਖ ਲੀਡਰ, ਸਾਕਾ ਨੀਲਾ ਤਾਰਾ ਵੇਲੇ ਵੀ ਪੰਥ ਦੇ ਵਫ਼ਾਦਾਰ ਨਹੀਂ ਸਨ। ਇਹ ਲੋਕ ਕੇਂਦਰੀ ਸਰਕਾਰ ਨਾਲ ਮਿਲ ਕੇ ਸਿੱਖਾਂ ਨੂੰ ਬੇਵਕੂਫ਼ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਦੀਆਂ ਕਲਾਬਾਜ਼ੀਆਂ ਨੂੰ ਸਿੱਖ ਪੰਥ ਸਮਝ ਗਿਆ ਹੈ। ਇਹ ਲੋਕ ਆਪਣੇ ਮੁਫ਼ਾਦਾਂ ਦੀ ਖ਼ਾਤਰ ਪੰਥ ਨੂੰ ਟਕੇ ਕਿਲੋ ਵੇਚ ਸਕਦੇ ਹਨ। ਇਨ੍ਹਾਂ ਦਾ ਮੁੱਖ ਮਕਸਦ ਪੰਜਾਬ ਨੂੰ ਲੁੱਟ ਲੈਣਾ ਹੈ। ਇਸ ਦੇ ਖਜ਼ਾਨਿਆਂ

ਦੀਆਂ ਗੋਲਕਾਂ ਨੂੰ ਸੰਨ ਲਾਉਣੀ ਹੈ। ਆਪਣੇ ਸੌੜੇ ਹਿੱਤਾਂ ਦੀ ਖ਼ਾਤਰ ਕੇਂਦਰੀ ਮੁੱਖ ਮੰਤਰੀ ਤੇ ਕੇਂਦਰੀ ਵਜ਼ੀਰ ਸਿੱਖਾਂ ਦੀ ਆੜ ਲੈ ਕੇ ਆਪਣੇ ਨਿੱਜੀ ਮੁਫ਼ਾਦਾਂ ਨੂੰ ਪਾਲਣਾ ਚਾਹੁੰਦੇ ਹਨ। ਇਨ੍ਹਾਂ ਨੂੰ ਪੰਥ ਹਮੇਸ਼ਾ ਫਿਟਕਾਰਾਂ ਪਾਉਂਦਾ ਰਹੇਗਾ। ਬਾਤ ਉਸ ਵਕਤ ਬਣੇਗੀ ਜਦੋਂ ਖਾਲਸੇ ਇਹ ਆਖਣਗੇ, "ਮੈਂ ਨਿੱਤ ਮਰਾਂ ਪਰ ਪੰਥ ਜੁੱਗ ਜੁੱਗ ਜਿਊਂਦਾ ਰਹੇ।"

## ਸਿੰਘੋ ਤੁਹਾਡਾ ਮੁੱਲ ਨਾ ਕਿਸੇ ਪਾਇਆ

ਸਿੱਖ ਭਾਰਤ ਵਿਚ ਪਹਿਲੀ ਕੌਮ ਹੈ, ਜਿਸ ਨੇ ਪੱਛਮੀ ਸਰਹੱਦ ਨੂੰ ਸਦਾ ਲਈ ਸੀਲ ਕਰ ਦਿੱਤਾ। ਅੱਠਵੀਂ ਸਦੀ ਤੋਂ ਖ਼ੈਬਰ ਦਰੇ ਰਾਹੀਂ ਮੁਸਲਮਾਨ ਲੋਕ ਭਾਰਤ ਵਿਚ ਆ ਕੇ ਹਮਲੇ ਕਰਨ ਲੱਗੇ। ਪਹਿਲਾਂ ਪਹਿਲ ਇਨ੍ਹਾਂ ਧਾੜਵੀਆਂ ਦਾ ਨਿਰੋਲ ਮਕਸਦ ਸੀ, ਲੁੱਟਣਾ ਤੇ ਲੁੱਟ ਦਾ ਮਾਲ ਲੈ ਕੇ ਚੱਲਦੇ ਬਣਨਾ। ਦੋ-ਤਿੰਨ ਸਦੀਆਂ ਉਹ ਇਸ ਤਰ੍ਹਾਂ ਹੀ ਕਰਦੇ ਰਹੇ। ਮੁਹੰਮਦ ਗੌਰੀ ਤੋਂ ਲੈ ਕੇ ਇਬਰਾਹੀਮ ਲੋਧੀ ਤੱਕ ਤੁਰਕਾਂ ਨੇ ਪਠਾਣਾਂ ਦੇ ਰੂਪ ਵਿਚ ਇਹ ਧਾੜਵੀ ਇਥੋਂ ਦੇ ਸ਼ਾਸ਼ਕ ਬਣ ਬੈਠੇ। ਬਾਅਦ ਵਿਚ ਬਾਬਰ ਦਾ ਵੰਸ਼, ਮੁਗਲਾਂ ਦੇ ਰੂਪ ਵਿਚ ਭਾਰਤ ਵਿਚ ਕਈ ਸਦੀਆਂ, ਜ਼ੁਲਮਾਂ ਸਿਤਮਾਂ ਨਾਲ ਭਾਰਤੀਆਂ ਉੱਪਰ ਹਕੂਮਤ ਕਰਦੇ ਰਹੇ। ਅਠਾਰਵੀਂ ਸਦੀ ਵਿਚ ਅਬਦਾਲੀ ਤੇ ਨਾਦਿਰ ਸ਼ਾਹ ਨੇ ਆਪਣੀ ਲੋਧੀਆਂ ਵੇਲੇ ਖੁੱਸੀ ਹਕੂਮਤ ਨੂੰ ਦੋਬਾਰਾ ਹਥਿਆਉਣ ਦੇ ਸਿਰ ਤੋੜ ਯਤਨ ਕੀਤੇ। ਇਨ੍ਹਾਂ ਧਾੜਵੀਆਂ ਨੇ ਮਨੁੱਖੀ ਇਖ਼ਲਾਕ ਦੀਆਂ ਸਭੇ ਹੱਦਾਂ ਪਾਰ ਕਰਕੇ, ਲੁੱਟ ਕੇ ਮਾਲ ਦੇ ਨਾਲ-ਨਾਲ ਇਸ ਮੁਲਕ ਦੀਆਂ ਔਰਤਾਂ ਨੂੰ ਆਪਣੇ ਮੁਲਕ ਜਾ ਕੇ ਵੇਚਣ ਵੱਟਣ ਲੱਗੇ। ਗਜ਼ਨੀ ਤੇ ਕੰਧਾਰ ਦੇ ਬਜ਼ਾਰਾਂ ਵਿਚ ਹਿੰਦੋਸਤਾਨੀ ਔਰਤਾਂ ਤੇ ਮਰਦਾਂ ਨੂੰ ਸ਼ਰੇਆਮ ਨਿਲਾਮ ਕਰਕੇ, ਉਨ੍ਹਾਂ ਦਾ ਮੁੱਲ ਵੱਟ ਕੇ ਜ਼ਲੀਲ ਕਰਨ ਲੱਗੇ। ਇਹ ਭਾਰਤੀ ਸਮਾਜ ਵਾਸਤੇ ਸਭ ਤੋਂ ਸ਼ਰਮਨਾਕ ਘਟਨਾ ਸੀ। ਲੋਕ ਹਾਲਾਤ ਨਾਲ ਸਮਝੌਤਾ ਕਰ ਚੁੱਕੇ ਸਨ।

ਪੰਜਾਬ ਦੇ ਸਿੱਖ ਪਹਿਲੇ ਪੰਜਾਬੀ ਸਨ, ਜਿਨ੍ਹਾਂ ਨੇ ਇਨ੍ਹਾਂ ਧਾੜਵੀਆਂ ਨੂੰ ਲਲਕਾਰਿਆ ਤੇ ਇਨ੍ਹਾਂ ਕੋਲੋਂ ਔਰਤਾਂ ਨੂੰ ਅਜ਼ਾਦ ਕਰਵਾਇਆ ਤੇ ਉਨ੍ਹਾਂ ਨੂੰ ਘਰੋ-ਘਰੀ ਪੁਚਾਇਆ। ਇਹ ਇਕ ਬਹੁਤ ਹੀ ਜ਼ੋਖਮ ਭਰਿਆ ਪ੍ਰਉਪਕਾਰ ਸੀ। ਸਿੱਖ ਇਨ੍ਹਾਂ ਪਠਾਣਾ ਕੋਲੋਂ ਲੁੱਟ ਦਾ ਮਾਲ ਵੀ ਖੋਹ ਲੈਂਦੇ ਸਨ। ਅਹਿਮਦ ਸ਼ਾਹ ਅਬਦਾਲੀ ਨਾਦਰਸ਼ਾਹ ਦਾ ਮੁੱਖ ਜਰਨੈਲ ਸੀ, ਜੋ ਨਾਦਰ ਤੋਂ ਬਾਅਦ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਿਆ। ਅਬਦਾਲੀ ਆਪਣੇ ਆਪ ਨੂੰ ਬੜਾ ਫ਼ੰਨੇ ਖਾਂ ਸਮਝਦਾ ਸੀ। ਉਸ ਨੇ ਮਰਹੱਟਿਆਂ ਨੂੰ ਪਾਣੀ ਪੱਤ ਦੀ ਲੜਾਈ ਵਿਚ ਹਰਾਇਆ ਸੀ ਤੇ ਉਨ੍ਹਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਜਦੋਂ ਅਬਦਾਲੀ ਨੂੰ ਖ਼ਬਰ ਮਿਲਦੀ ਸੀ ਕਿ ਸਿੱਖਾਂ ਨੂੰ ਉਸ ਦੇ ਕੈਂਪ ਤੇ ਹਮਲਾ ਕਰਕੇ, ਉਸ ਕੋਲੋਂ ਲੁੱਟੇ ਮਾਲ ਤੇ ਔਰਤਾਂ ਨੂੰ ਛੁਡਾਇਆ ਹੈ ਤਾਂ ਉਹ ਬੜੇ ਕ੍ਰੋਧ ਵਿਚ ਆ ਕੇ, ਸਿੱਖਾਂ ਨੂੰ ਸਬਕ ਸਿਖਾਉਣ ਲਈ ਬੜੀ ਫੁਰਤੀ ਨਾਲ ਪੰਜਾਬ ਵੱਲ ਲੱਖਾਂ ਦਾ ਲਸ਼ਕਰ ਲੈ ਕੇ ਸਿੱਖਾਂ ਉੱਪਰ ਚਾਣਚੱਕ ਹੱਲਾ ਬੋਲਦਾ।

ਅਸਲ ਵਿਚ ਉਹ ਸਿੱਖਾਂ ਦਾ ਮਲੀਆਮੇਟ ਕਰਨਾ ਚਾਹੁੰਦਾ ਸੀ। ਉਸ ਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਸਨ ਤੇ ਪੰਜਾਬ ਉੱਤੇ ਆਪਣਾ ਕਬਜ਼ਾ ਜਮਾ ਲਿਆ ਸੀ। ਉਸ ਨੇ ਸਿੱਖਾਂ ਦੇ ਮੁਕੱਦਸ ਸਥਾਨ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਕੇ, ਗੰਦ ਨਾਲ ਪੂਰ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਦੋ ਘੱਲੂਘਾਰਿਆਂ ਰਾਹੀਂ ਸਿੱਖਾਂ ਦੀ ਸਮੁੱਚੀ ਸ਼ਕਤੀ ਨੂੰ ਫਨਾਹ ਕਰਨ ਲਈ ਸਿੱਖਾਂ ਨਾਲ ਟੱਕਰ ਲਈ। ਭਾਵੇਂ ਇਨ੍ਹਾਂ ਭਿਆਨਕ ਲੜਾਈਆਂ ਵਿਚ ਪੰਜਾਹ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ, ਪਰੰਤੂ ਸਿੱਖਾਂ ਨੇ ਹਿੰਮਤ ਨਾ ਹਾਰੀ ਤੇ ਅਬਦਾਲੀ ਦੇ ਅਫ਼ਗਾਨਿਸਤਾਨ ਜਾਣ ਤੋਂ ਫੌਰਨ ਬਾਅਦ ਫਿਰ ਲਾਹੌਰ ਤੇ ਕਬਜ਼ਾ ਕਰ ਲਿਆ ਤੇ ਉਸ ਦੇ ਪੁੱਤਰ ਤੈਮੂਰ ਨੂੰ ਲਾਹੌਰ ਛੱਡਣ ਲਈ ਮਜ਼ਬੂਰ ਕਰ ਦਿੱਤਾ। ਹੌਲੀ-ਹੌਲੀ ਸਿੱਖ ਸਾਰੇ ਉਤਰੀ ਤੇ ਪੱਛਮੀ ਭਾਰਤ ਉੱਪਰ ਕਾਬਜ਼ ਹੋ ਗਏ। ਕੋਈ ਵੇਲਾ ਸੀ ਪਠਾਣਾਂ ਦੀ ਸ਼ਕਲ ਵੇਖ ਕੇ ਭਾਰਤੀ ਲੋਕ ਤ੍ਰਬਕ ਜਾਂਦੇ ਸਨ ਪਰੰਤੂ ਫਿਰ ਉਹ ਵੇਲਾ ਵੀ ਆਇਆ ਜਦੋਂ ਪਠਾਣੀਆਂ ਆਪਣੇ ਬੱਚਿਆਂ ਨੂੰ ਵਰਾਉਣ ਲਈ ਹਰੀਏ ਦਾ ਨਾਮ ਲੈਂਦੀਆਂ। ਹਰੀ ਸਿੰਘ ਨਲੂਏ ਦੇ ਨਾਮ ਤੋਂ ਅਬਦਾਲੀ ਤੇ ਨਾਦਿਰ ਦੇ ਪੁੱਤ-ਪੋਤਰੇ ਥਰ-ਥਰ ਕੰਬਣ ਲੱਗੇ। ਇਹ ਇਕ ਚਮਤਕਾਰੀ ਤੇ ਕ੍ਰਾਂਤੀਕਾਰੀ ਤਬਦੀਲੀ ਸੀ।

ਭਾਰਤ ਦੇ ਇਤਿਹਾਸ ਵਿਚ ਸਿੱਖਾਂ ਦੀ ਬਹਾਦਰੀ ਦਾ ਜ਼ਿਕਰ ਆਉਂਦਾ ਹੈ ਪਰੰਤੂ ਜਿਸ ਪੱਛਮੀ ਸਰਹੱਦ ਨੇ ਭਾਰਤ ਦੇ ਲੋਕਾਂ ਲਈ ਸਦੀਆਂ ਭਰ ਮੁਸੀਬਤਾਂ ਖੜੀਆਂ ਕਰ ਰੱਖੀਆਂ ਸਨ, ਉਨ੍ਹਾਂ ਦਾ ਭਾਰਤ ਵੱਲ ਮੂੰਹ ਕਰਨਾ, ਸਦਾ ਲਈ ਬੰਦ ਹੋ ਗਿਆ। ਇਤਿਹਾਸ ਨੇ ਇਕ ਨਵਾਂ ਮੋੜ ਕੱਟਿਆ। ਜਿਨ੍ਹਾਂ ਲੋਕਾਂ ਨੇ ਆਪਣੇ ਸਿਰਾਂ ਦੇ ਮੁੱਲ ਪਵਾ ਕੇ ਭਾਰਤੀਆਂ ਨੂੰ ਮੁਗ਼ਲਾਂ ਤੇ ਪਠਾਣਾਂ ਦੇ ਸ਼ਿਕੰਜੇ ਵਿਚੋਂ ਕੱਢਿਆ ਸੀ। ਜਦੋਂ 1857 ਦਾ ਗ਼ਦਰ ਮੱਚਿਆ ਤਾਂ ਹਿੰਦੂ ਇਤਿਹਾਸਕਾਰਾਂ ਨੇ ਸਿੱਖ ਕੌਮ ਨੂੰ ਇਸ ਕਰਕੇ ਭੰਡਣਾ ਸ਼ੁਰੂ ਕਰ ਦਿੱਤਾ ਕਿ ਇਨ੍ਹਾਂ ਨੇ ਇਸ ਗ਼ਦਰ ਵਿਚ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਹ ਗਲਤ ਬਿਆਨੀ ਸੀ। ਇਸ ਗ਼ਦਰ ਵਿਚ ਕੇਵਲ ਪੈਪਸੂ ਦੇ ਸਿੱਖ ਰਾਜਿਆਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਹ ਰਾਜੇ ਪੰਥ ਨੂੰ ਛੱਡ ਕੇ ਮਿਸਲਾਂ ਵੇਲੇ ਅੰਗਰੇਜ਼ਾਂ ਦੀ ਸ਼ਰਨ ਪੈ ਚੁੱਕੇ ਸਨ। ਅੰਗਰੇਜ਼ਾਂ ਨੇ ਸਾਰੀ ਖਾਲਸਾ ਫੌਜ ਤੋੜ ਕੇ ਘਰਾਂ ਨੂੰ ਰਵਾਨਾ ਕਰ ਦਿੱਤੀ ਤੇ ਉਨ੍ਹਾਂ ਕੋਲੋਂ ਹਥਿਆਰ ਵੀ ਖੋਹ ਲਏ ਸਨ। ਉਹ ਕਦੇ ਵੀ ਅੰਗਰੇਜ਼ਾਂ ਦੇ ਹੱਕ ਵਿਚ ਨਹੀਂ ਲੜੇ। ਸਗੋਂ ਸਿੱਖ ਫ਼ੌਜ ਦੇ ਕੁਝ ਦਸਤਿਆਂ ਨੇ 1857 ਵਿਚ ਅੰਗਰੇਜ਼ਾਂ ਵਿਰੁੱਧ ਖੁੱਲ੍ਹੀ ਬਗ਼ਾਵਤ ਕੀਤੀ ਸੀ। ਕਾਲਿਆਂ ਵਾਲੇ ਖੂਹ (ਅਜਨਾਲੇ) ਦੀ ਦੁਰਘਟਨਾ ਸਿੱਖਾਂ ਦੀ ਗ਼ੈਰਤ ਦੀ ਸ਼ਾਹਦੀ ਭਰਦੀ ਹੈ। ਭਾਈ ਮਹਿਰਾਜ ਸਿੰਘ ਦੀ ਬਗ਼ਾਵਤ ਵੀ ਸਿੱਖਾਂ ਦੇ ਰੋਸ ਦਾ ਪ੍ਰਤੀਕ ਸੀ। ਲੋਕ ਰੋਹ ਨਾਲ ਉਬਲ ਰਹੇ ਸਨ।

ਮਲੇਰਕੋਟਲੇ ਵਿਚ ਬਾਬਾ ਰਾਮ ਸਿੰਘ ਦੇ ਸਿੱਖ ਭਗਤਾਂ ਨੇ ਬੁੱਚੜਾਂ ਵਿਰੁੱਧ ਜ਼ਹਾਦ ਖੜਾ ਕੀਤਾ ਸੀ ਤੇ ਅੰਮ੍ਰਿਤਸਰ ਵਿਚ ਕਈ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਅੰਗਰੇਜ਼ਾਂ ਨੇ ਬਦਲੇ ਵਜੋਂ ਮਲੇਰਕੋਟਲੇ ਵਿਚ ਸਿੰਘ ਕੂਕਿਆਂ ਨੂੰ ਤੋਪਾਂ ਲਾਲ ਉਡਾਇਆ

ਤੇ ਮਹਾਤਮਾਂ ਗਾਂਧੀ ਤੋਂ ਪਹਿਲਾਂ ਅੰਗਰੇਜ਼ਾਂ ਵਿਰੁੱਧ ਬਾਈਕਾਟ ਦਾ ਝੰਡਾ ਬੁਲੰਦ ਕੀਤਾ ਸੀ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਸਣੇ, ਅੰਗਰੇਜ਼ਾਂ ਦੀ ਹਰੇਕ ਚੀਜ਼ ਦਾ ਬਾਈਕਾਟ ਕਰਕੇ, ਹਕੂਮਤ ਨੂੰ ਪ੍ਰੇਸ਼ਾਨ ਕਰ ਰੱਖਿਆ ਸੀ। ਸਾਰਾਗੜ੍ਹੀ ਦੇ ਸ਼ਹੀਦਾਂ ਨੇ ਆਪਣੀ ਬੇਮਿਸਾਲ ਬਹਾਦਰੀ ਦਾ ਇਤਿਹਾਸ ਰਚਿਆ ਸੀ। ਉਨ੍ਹਾਂ ਸ਼ਹੀਦਾਂ ਦੀ ਅੰਗਰੇਜ਼ਾਂ ਨੇ ਇਨਾਮ ਦੇ ਕੇ ਬੜੀ ਵਾਹ-ਵਾਹੀ ਕੀਤੀ ਪਰੰਤੂ ਉਨ੍ਹਾਂ ਦੇ ਭਰਾਵਾਂ ਨੂੰ ਗ਼ਦਰੀਆਂ, ਬੱਬਰ ਅਕਾਲੀਆਂ ਤੇ ਸਿੱਖ ਇਨਕਲਾਬੀਆਂ ਨੂੰ ਲੱਭ-ਲੱਭ ਕੇ ਗੋਲੀਆਂ ਨਾਲ ਭੁੰਨਿਆ। ਅੰਗਰੇਜ਼ ਸਿੱਖਾਂ ਦੀ ਖੁਸ਼ਾਮਦ ਕਰਕੇ, ਉਨ੍ਹਾਂ ਦੀ ਵੀਰਤਾ ਦਾ ਲਾਹਾ ਲੈਣਾ ਚਾਹੁੰਦੇ ਸਨ। ਇਕ ਪਾਸੇ ਉਨ੍ਹਾਂ ਨੂੰ ਸਿੱਖਾਂ ਨੂੰ ਧੜਾ-ਧੜ ਭਰਤੀ ਕਰਕੇ, ਵਿਸ਼ਵ ਜੰਗਾਂ ਦੇ ਖ਼ਤਰਨਾਕ ਮੁਹਾਜ਼ਾਂ ਵੱਲ ਭੇਜਿਆ ਤੇ ਜਿੱਤ ਹਾਸਿਲ ਕਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਲੱਖ ਤੋਂ ਉੱਪਰ ਸਿੱਖ ਫੌਜੀ ਬਰਤਾਨੀਆਂ ਸਾਮਰਾਜ ਦੀ ਉਮਰ ਲੰਮੀ ਕਰਨ ਲਈ ਸ਼ਹੀਦੀਆਂ ਪਾ ਗਏ। ਇਕ ਮਾਮੂਲੀ ਤਨਖਾਹ ਦੇ ਕੇ ਉਨ੍ਹਾਂ ਕੋਲੋਂ ਬੜੇ ਮੁਸ਼ਕਿਲ ਮੁਹਾਜ਼ਾਂ ਨੂੰ ਫ਼ਤਹਿ ਕਰਵਾਇਆ। ਇਹੀ ਅੰਗਰੇਜ਼ਾਂ ਨੇ ਜਲ੍ਹਿਆਂ ਵਾਲੇ ਬਾਗ ਵਿਚ ਹਜ਼ਾਰਾਂ ਸਿੱਖਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਨਿਹੱਥੇ ਸਿੰਘਾਂ ਨੂੰ ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਕਰਵਾਇਆ। ਗੁਰੂ ਕੇ ਬਾਗ ਦੇ ਅਣਖੀ ਸਿੰਘਾਂ ਨੂੰ ਡਾਂਗਾਂ ਨਾਲ ਲਹੂ-ਲੁਹਾਨ ਕੀਤਾ। ਜੈਤੋ ਦੇ ਮੋਰਚੇ ਵਿਚ ਸੈਂਕੜੇ ਸਿੱਖ ਕਈ ਮੁਸੀਬਤਾਂ ਝੱਲਦੇ ਮੌਤ ਦੇ ਮੂੰਹ ਵਿਚ ਪੈ ਗਏ। ਉਹ ਕੌਮ ਜਿਸ ਨੇ ਸੰਪੂਰਨ ਵਫ਼ਾਦਾਰੀ ਤੇ ਵੀਰਤਾ ਨਾਲ ਅੰਗਰੇਜ਼ਾਂ ਨੂੰ ਦੋ ਆਲਮੀ ਜੰਗਾਂ ਜਿੱਤ ਕੇ ਦਿੱਤੀਆਂ ਸਨ, ਉਸ ਕੌਮ ਦੇ ਧਰਮੀ ਤੇ ਅਣਖੀਲੇ ਸਿੱਖਾਂ ਨੂੰ ਅੰਗਰੇਜ਼ਾਂ ਨੇ ਕੋਹ-ਕੋਹ ਕੇ ਮਾਰਿਆ।

ਅਜ਼ਾਦੀ ਬਾਅਦ, ਜਿਸ ਕੌਮ ਨੇ ਭਾਰਤ ਦੀ ਜੰਗੇ-ਅਜ਼ਾਦੀ ਵਿਚ ਸਭ ਤੋਂ ਵੱਧ ਫਾਂਸੀਆਂ ਦੇ ਰੱਸੇ ਚੁੰਮੇ ਸਨ ਤੇ ਜੇਲ੍ਹਾਂ ਕੱਟੀਆਂ ਸਨ, ਉਸ ਨੂੰ ਪੰਜਾਬੀ ਬੋਲਣ ਵਾਲਾ ਸੂਬਾ ਦੇਣ ਲਈ ਸੈਂਕੜੇ ਸਿੱਖਾਂ ਦੀ ਜਾਨ ਦੀ ਕੀਮਤ ਤਾਰਨੀ ਪਈ। ਉਸੇ ਕੌਮ ਦੇ ਨਿਰਦੋਸ਼ੇ ਮਰਦਾਂ ਤੇ ਔਰਤਾਂ ਨੂੰ ਗਲਾਂ ਵਿਚ ਟਾਇਰ ਪਾ ਕੇ, ਸਾੜਿਆ ਗਿਆ ਤੇ ਉਨ੍ਹਾਂ ਦੁਆਲੇ ਭੰਗੜੇ ਪਾਏ ਗਏ। ਉਸੇ ਕੌਮ ਦੇ ਮੱਕੇ ਨੂੰ ਢਹਿ-ਢੇਰੀ ਕੀਤਾ ਗਿਆ ਤੇ ਹਜ਼ਾਰਾਂ ਸਿੱਖਾਂ ਨੂੰ ਆਪਣੀ ਹੀ ਫੌਜ ਦੁਆਰਾ ਉਨ੍ਹਾਂ ਦੇ ਪਵਿੱਤਰ ਸਥਾਨਾਂ ਵਿਚ ਸ਼ਹੀਦ ਕੀਤਾ ਗਿਆ। ਜਦੋਂ ਉਨ੍ਹਾਂ ਦੇ ਧਰਮੀ ਫੌਜੀ ਬੈਰਕਾਂ ਛੱਡ ਕੇ ਦਰਬਾਰ ਸਾਹਿਬ ਵੱਲ ਆਏ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ, ਬਾਅਦ ਵਿਚ ਭਾਰਤੀ ਫੌਜ ਵਿਚੋਂ ਛੇਕ ਦਿੱਤਾ ਗਿਆ। ਜਿਨ੍ਹਾਂ ਫ਼ੌਜੀ ਜਰਨੈਲਾਂ ਨੇ ਨੀਲਾ ਤਾਰਾ ਸਾਕਾ ਵਿਚ ਸਿੰਘਾਂ ਦਾ ਸ਼ਰੇਆਮ ਘਾਣ ਕੀਤਾ, ਉਨ੍ਹਾਂ ਫ਼ੌਜੀ ਅਫ਼ਸਰਾਂ ਨੂੰ ਇਕ 'ਮਿੱਟੀ ਦੇ ਮਾਧੋ' ਸਿੱਖ ਰਾਸ਼ਟਰਪਤੀ ਕੋਲੋਂ ਸਨਮਾਨਿਤ ਕਰਵਾਇਆ ਗਿਆ।

ਸਿੱਖਾਂ ਦੇ ਨੌਵੇਂ ਪਾਤਸ਼ਾਹ ਨੇ ਹਿੰਦੂ ਧਰਮ ਦੀ ਖ਼ਾਤਰ, ਜੰਞੂ ਤੇ ਤਿਲਕ ਦੀ ਸਲਾਮਤੀ ਲਈ, ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹਾਦਤ ਦਿੱਤੀ ਸੀ ਤੇ ਭਾਰਤੀ ਸੰਸਕ੍ਰਿਤੀ ਤੇ ਸਭਿਆਚਾਰ ਨੂੰ ਤਬਾਹ ਹੋਣ ਤੋਂ ਰੋਕਿਆ ਸੀ। ਜਿਸ ਦਸਵੇਂ ਪਾਤਸ਼ਾਹ ਨੇ, ਭਾਰਤੀ ਸਭਿਆਚਾਰ ਤੇ ਧਰਮ ਦੀ ਰਖਵਾਲੀ ਲਈ, ਮੁਗ਼ਲਾਂ ਨਾਲ ਟੱਕਰ ਲਈ

ਤੇ ਕਈ ਯੁੱਧ ਕੀਤੇ। ਜਿਸ ਨੇ ਇਸ ਧਰਮ ਯੁੱਧ ਵਿਚ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਸੀ। ਉਸ ਕੌਮ ਦਾ ਭਾਰਤੀ ਲੋਕਾਂ ਨੇ ਕੀ ਮੁੱਲ ਪਾਇਆ ਹੈ ? ਗੁਰੂ ਤੇਗ ਬਹਾਦਰ ਸਾਹਿਬ ਤੇ ਦਸਵੇਂ ਪਾਤਸ਼ਾਹ ਦੇ ਜਨਮ ਦਿਨ ਕੇਵਲ ਸਿੱਖ ਜਗਤ ਹੀ ਮਨਾਉਂਦਾ ਹੈ। ਹਿੰਦੂਆਂ ਨੂੰ ਇਨ੍ਹਾਂ ਪੁਰਬਾਂ ਦਾ ਚਿੱਤ ਚੇਤਾ ਵੀ ਨਹੀਂ ਹੁੰਦਾ। ਸਿੱਖਾਂ ਨੇ ਇਹ ਲਾਸਾਨੀ ਕੁਰਬਾਨੀਆਂ ਆਪਣੇ ਹਿੱਤਾਂ ਲਈ ਨਹੀਂ ਦਿੱਤੀਆਂ ਸਨ। ਸਮੁੱਚੀ ਕੌਮ ਲਈ ਘੱਲੂਘਾਰਿਆਂ ਦਾ ਸਾਹਮਣਾ ਕੀਤਾ ਸੀ। ਅੱਜ ਉਹੀ ਕੌਮ ਸਿੱਖਾਂ ਨੂੰ ਟਿੱਚਰਾਂ ਤੇ ਮਜ਼ਾਕ ਕਰ ਰਹੀ ਹੈ। ਇਹ ਸਿੱਖਾਂ ਨੂੰ ਇਕ ਕੌਮ ਮੰਨਣ ਲਈ ਹਾਲੇ ਤਤਪਰ ਨਹੀਂ ਹੋਏ। ਸਿੱਖਾਂ ਨੂੰ ਹਿੰਦੂਆਂ ਦਾ ਇਕ ਹਿੱਸਾ ਹੀ ਸਮਝਿਆ ਜਾਂਦਾ ਹੈ। ਕਈ ਤਰ੍ਹਾਂ ਦੀਆਂ ਸਾਜਿਸ਼ਾਂ ਕਰਕੇ, ਇਸ ਕੌਮ ਨੂੰ ਕੁਰਾਹੇ ਪਾਉਣ ਦੀਆਂ ਸਿਰਤੋੜ ਕੋਸ਼ਿਸ਼ਾਂ ਹੋ ਰਹੀਆਂ ਹਨ। ਬ੍ਰਾਹਮਣਵਾਦੀ ਕਰਮਕਾਂਡਾਂ ਨਾਲ ਸਿੱਖੀ ਦਾ ਸਰੂਪ ਤੇ ਸੀਰਤ ਵਿਗਾੜਨ ਦੀ ਜੰਗੀ ਪੱਧਰ ਤੇ ਕੋਸ਼ਿਸ਼ ਜਾਰੀ ਹੈ। ਆਰ.ਐਸ.ਐਸ. ਵਾਲੇ ਜਿਹੜੇ ਅੰਗਰੇਜ਼ ਭਗਤ ਸਨ ਤੇ ਮਹਾਤਮਾ ਗਾਂਧੀ ਦੇ ਹਤਿਆਰੇ ਸਨ, ਉਹ ਸਿੱਖਾਂ ਨੂੰ ਹਿੰਦੂ ਹੀ ਮੰਨਦੇ ਹਨ। ਸਿੱਖਾਂ ਦੀ ਨਿਆਰੀ ਹਸਤੀ ਉਨ੍ਹਾਂ ਦੇ ਸ਼ਬਦਕੋਸ਼ ਵਿਚ ਨਹੀਂ। ਉਹ ਸਿੱਖੀ ਨੂੰ ਕਮੀਨ ਜ਼ਾਤੀਆਂ ਦਾ ਧਰਮ ਸਮਝਦੇ ਹਨ।

ਸਿੰਘਾਂ ਨੂੰ ਪੁਚਕਾਰ ਕੇ ਸਭ ਨੇ ਵਰਤਿਆ ਹੈ। ਇਨ੍ਹਾਂ ਦਾ ਮਣਾਂ-ਮੂੰਹੀਂ ਖ਼ੂਨ ਡੋਲ੍ਹਿਆ ਹੈ। ਇਨ੍ਹਾਂ ਦਾ ਸ਼ੋਸ਼ਣ ਕੀਤਾ ਹੈ। ਇਨ੍ਹਾਂ ਦਾ ਸਹੀ ਮੁੱਲ ਭਾਰਤੀ ਸਮਾਜ ਨੇ ਨਹੀਂ ਪਾਇਆ। ਮੁੱਲ ਪਾਉਣ ਦੀ ਜਗ੍ਹਾ, ਇਨ੍ਹਾਂ ਦੀ ਹਸਤੀ ਨੂੰ ਮਿਟਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅਕਾਲ ਤਖ਼ਤ ਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਇਸੇ ਕਰਕੇ ਅਗਨ ਭੇਂਟ ਕੀਤੇ ਗਏ ਸਨ।

# ਪ੍ਰਦੇਸੀ ਸਿੱਖ

ਆਪਣਾ ਘਰ ਹਰੇਕ ਨੂੰ ਪਿਆਰਾ ਹੁੰਦਾ ਹੈ। ਹਰੇਕ ਮਨੁੱਖ ਮਜ਼ਬੂਰੀ ਵੱਸ ਹੀ ਦੇਸ਼ ਛੱਡ ਕੇ ਪ੍ਰਦੇਸ਼ ਜਾਂਦਾ ਹੈ। ਕੋਈ ਉੱਚੀ ਅਵਸਥਾ ਵਾਲਾ ਹੀ ਸ਼ੌਂਕ ਨਾਲ ਵਿਦੇਸ਼ਾਂ ਲਈ ਨਿਕਲਦਾ ਹੈ। ਕੇਵਲ ਮਹਾਂਪੁਰਸ਼ ਹੀ ਘਰ ਦੇ ਸੌ ਸੁੱਖ ਤਿਆਗ ਕੇ, ਧਰਤ ਹੈ ਸੋਧਣ ਲਈ ਸੰਸਾਰ ਦਾ ਭਰਮਣ ਕਰਦੇ ਹਨ। ਪਰੰਤੂ ਮਜ਼ਬੂਰੀ ਵਾਲਿਆਂ ਦੀ ਗਿਣਤੀ 99% ਤੋਂ ਵੀ ਜ਼ਿਆਦਾ ਹੋਵੇਗੀ। ਇੰਗਲੈਂਡ ਇਕ ਨੀਮ ਪਹਾੜੀ ਮੁਲਕ ਹੈ। ਇਥੇ ਜੀਵਨ ਦੀ ਉਪਜੀਵਕਾ ਦੇ ਸਾਧਨ ਸੀਮਤ ਹਨ। ਇਸੇ ਲਈ ਅੰਗਰੇਜ਼ ਲੋਕ ਬਿਹਤਰ ਜੀਵਨ ਲਈ ਆਪਣਾ ਮੁਲਕ ਤਿਆਗ ਕੇ ਸੰਸਾਰ ਦੇ ਕਈ ਭਾਗਾਂ ਵਿਚ ਗਏ। ਉਨ੍ਹਾਂ ਨੇ ਇਕ ਮਕਸਦ ਲਈ ਆਪਣੀ ਸ਼ਕਤੀਸ਼ਾਲੀ ਜਲ ਸੈਨਾ ਬਣਾਈ, ਜਿਸ ਸਦਕਾ ਉਹ ਹਰੇਕ ਮੁਲਕ ਵਿਚ ਜਾ ਵੜਦੇ ਸਨ। ਉਨ੍ਹਾਂ ਨੇ ਆਪਣੇ ਬਲਬੂਤੇ ਵਿਸ਼ਵ ਵਿਚ ਇਕ ਤਗੜਾ ਸਾਮਰਾਜ ਕਾਇਮ ਕੀਤਾ, ਜਿਸ ਵਿਚ ਕਹਿੰਦੇ ਹਨ ਕਦੀ ਸੂਰਜ ਅਸਤ ਨਹੀਂ ਸੀ ਹੁੰਦਾ।

ਇਸੇ ਤਰ੍ਹਾਂ ਅਰਬੀ ਲੋਕ, ਜੀਵਨ ਨੂੰ ਸੁਹਾਵਣਾ ਤੇ ਜਿਊਣ ਯੋਗ ਬਣਾਉਣ ਲਈ ਚਾਰ-ਚੁਫ਼ੇਰੇ ਗਵਾਂਢੀ ਮੁਲਕਾਂ ਵੱਲ ਨਿਕਲੇ। ਇਨ੍ਹਾਂ ਦੇ ਮੁਲਕ ਵਿਚ ਰੇਤ ਦੇ ਅੰਬਾਰ ਲੱਗੇ ਹੋਏ ਸਨ ਤੇ ਮੀਂਹ ਨਾ-ਮਾਤਰ ਪੈਣ ਕਾਰਨ ਬਨਸਪਤੀ ਤੇ ਜੰਗਲਾਂ ਦੀ ਸਖ਼ਤ ਘਾਟ ਸੀ। ਆਪਣੇ ਮੁਰਦੇ ਜਲਾਉਣ ਲਈ ਉਨ੍ਹਾਂ ਕੋਲ ਕੋਈ ਲੱਕੜੀ ਨਹੀਂ ਸੀ। ਇਸ ਲਈ ਉਥੇ ਦਫਨਾਉਣ ਦਾ ਰਿਵਾਜ਼ ਸੀ। ਇਹ ਅਰਬੀ ਲੋਕ ਘੋੜੇ ਰੱਖਦੇ ਸਨ ਤੇ ਸਰੀਰ ਦੇ ਬਹੁਤ ਰਿਸ਼ਟ-ਪੁਸ਼ਟ ਸਨ। ਯੂਰਪੀਨਾਂ ਵਾਂਗ ਇਨ੍ਹਾਂ ਨੇ ਵੀ ਪੜੋਸੀ ਖੁਸ਼ਹਾਲ ਮੁਲਕਾਂ ਉੱਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਸਲਾਮ ਦੇ ਪ੍ਰਚਾਰ ਦੇ ਬਹਾਨੇ ਬਹੁਤ ਸਾਰੇ ਏਸ਼ੀਅਨ ਤੇ ਅਫ਼ਰੀਕੀ ਮੁਲਕਾਂ ਨੂੰ ਇਨ੍ਹਾਂ ਨੇ ਦੋਵੇਂ ਹੱਥੀਂ ਲੁੱਟਿਆ। ਹੌਲੀ-ਹੌਲੀ ਇਹ ਲੋਕ ਵੀ ਅੰਗਰੇਜ਼ਾਂ ਵਾਂਗ ਖੁਸ਼ਹਾਲ ਹੋਣ ਲੱਗੇ। ਪ੍ਰਦੇਸਾਂ ਵਿਚ ਜਾਣਾ ਇਨ੍ਹਾਂ ਦਾ ਸ਼ੌਂਕ ਨਹੀਂ ਮਜ਼ਬੂਰੀ ਸੀ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿੱਖਾਂ ਨੇ ਪ੍ਰਦੇਸ਼ਾਂ ਵੱਲ ਰੁਖ਼ ਕੀਤਾ। ਅਸਲ ਵਿਚ ਸਿੱਖ ਲੋਕ ਬਹੁਤ ਯੋਗ ਤੇ ਸੂਰਬੀਰ ਸੈਨਿਕ ਸਨ। ਅੰਗਰੇਜ਼ਾਂ ਨੇ ਵੱਡੀ ਗਿਣਤੀ ਵਿਚ ਇਨ੍ਹਾਂ ਨੂੰ ਆਪਣੀ ਸੈਨਾ ਵਿਚ ਭਰਤੀ ਕਰਕੇ, ਆਪਣੀਆਂ ਬਸਤੀਆਂ ਦੀ ਸੁਰੱਖਿਆ ਲਈ ਇਨ੍ਹਾਂ ਨੂੰ ਸੰਸਾਰ ਦੇ ਕਈ ਮੁਹਾਜ਼ਾਂ ਤੇ ਭੇਜਿਆ। ਸਿੱਖ ਮਲਾਇਆ, ਸਿੰਗਾਪੁਰ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਫ਼ਿਜੀ ਤੱਕ ਗਏ। ਪੱਛਮ ਵੱਲ ਇਹ ਅਮਰੀਕਾ,

ਕੈਨੇਡਾ ਤੇ ਬਰਤਾਨੀਆ ਵਿਚ ਸੈਨਿਕਾਂ ਵਜੋਂ ਗਏ ਤੇ ਪੈਨਸ਼ਨ ਪਾ ਕੇ ਉਥੇ ਹੀ ਵੱਸ ਗਏ। ਅੰਗਰੇਜ਼ਾਂ ਦੀਆਂ ਬਸਤੀਆਂ ਵਿਚ ਉਹ ਮਜ਼ਦੂਰ ਵਜੋਂ ਕੰਮ ਕਰਨ ਲੱਗੇ। ਉਹ ਖੇਤੀ ਵਿਚ ਵੀ ਨਿਪੁੰਨ ਸਨ। ਇਸ ਲਈ ਇਨ੍ਹਾਂ ਮੁਲਕਾਂ ਖ਼ਾਸ ਕਰਕੇ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਵਿਚ ਉਹ ਖੇਤੀਬਾੜੀ ਦਾ ਕੰਮ ਕਰਨ ਲੱਗੇ।

ਆਪਣੇ ਮੁਲਕ ਵਿਚ ਉਹ ਗ਼ੁਲਾਮ ਸਨ। ਬਾਹਰ ਜਾ ਕੇ ਉਹ ਅਜ਼ਾਦੀ ਮਹਿਸੂਸ ਕਰਨ ਲੱਗੇ। ਇਸ ਅਜ਼ਾਦੀ ਦਾ ਨਿੱਘ ਮਾਨਣ ਤੋਂ ਬਾਅਦ, ਉਨ੍ਹਾਂ ਨੂੰ ਆਪਣੇ ਮੁਲਕ ਵਿਚ ਵੀ ਅਜ਼ਾਦੀ ਦੀ ਜੰਗ ਛੇੜ ਦਿੱਤੀ। ਉਨ੍ਹਾਂ ਨੇ ਗ਼ਦਰੀਆਂ ਦੇ ਰੂਪ ਵਿਚ ਅਮਰੀਕਾ ਵਿਚ ਲਾਮਬੰਦ ਹੋ ਕੇ, ਭਾਰਤ ਵਿਚ ਆਪਣੀਆਂ ਸਰਗਰਮੀਆਂ ਆਰੰਭ ਕਰ ਦਿੱਤੀਆਂ। ਇਨ੍ਹਾਂ ਨੇ ਫ਼ੌਜੀ ਛਾਉਣੀਆਂ ਵਿਚ ਬਗ਼ਾਵਤ ਕਰਵਾਉਣੀ ਸੀ ਪਰ ਇਕ ਗ਼ਦਾਰ ਸਿੱਖ ਨੇ ਇਨ੍ਹਾਂ ਦੀ ਸਾਰੀ ਯੋਜਨਾ ਲੀਕ ਕਰ ਦਿੱਤੀ ਤੇ ਬਹੁਤ ਸਾਰੇ ਸਿੱਖ ਅਚਨਚੇਤ ਪਕੜੇ ਗਏ। ਗ਼ਦਰੀ ਬਾਬੇ ਤੇ ਉਨ੍ਹਾਂ ਤੇ ਸੈਂਕੜੇ ਫ਼ੌਜੀ ਸਾਥੀ ਹਥਿਆਰਾਂ ਸਮੇਤ ਪਕੜੇ ਗਏ। ਕਰਤਾਰ ਸਿੰਘ ਸਰਾਭਾ ਨੂੰ ਵੀ ਇਨ੍ਹਾਂ ਵਿਚੋਂ ਫਾਂਸੀ ਦਾ ਰੱਸਾ ਚੁੰਮਣਾ ਪਿਆ। ਪਰ ਅਮਰੀਕਾ ਦੇ ਸਿੱਖ ਹੁਣ ਕੈਨੇਡਾ ਵੀ ਜਾਣ ਲੱਗੇ। ਉਥੇ ਉਨ੍ਹਾਂ ਨੇ ਖੇਤੀਬਾੜੀ ਦੇ ਨਾਲ, ਕਾਰੋਬਾਰ ਵੀ ਆਰੰਭ ਕਰ ਦਿੱਤੇ। ਇਹੀ ਕਾਰਨ ਹੈ ਕਿ ਅੱਜ ਕੈਨੇਡਾ ਦੀ ਕੇਂਦਰੀ ਸਰਕਾਰ ਵਿਚ ਪੰਜ ਸਿੱਖ ਕੇਂਦਰੀ ਮੰਤਰੀ ਹਨ। ਇਸ ਮੁਲਕ ਦੇ ਸਿੱਖਾਂ ਨੇ ਸੰਸਾਰ ਭਰ ਵਿਚ ਸਿੱਖਾਂ ਦਾ ਨਾਮ ਉੱਚਾ ਕੀਤਾ ਹੈ। ਇੰਨਾਂ ਸਨਮਾਨ ਤਾਂ ਭਾਰਤ ਸਰਕਾਰ ਨੇ ਕਦੀ ਸਿੱਖਾਂ ਨੂੰ ਨਹੀਂ ਦਿੱਤਾ। ਅੱਜ ਇਕ ਸਿੱਖ ਮਹਿਲਾ ਮੰਤਰੀ ਹੈ, ਉਸ ਵੀ ਅੱਧ-ਪਚੱਧੀ। ਭਾਰਤ ਵਿਚ ਕੇਂਦਰੀ ਸਰਕਾਰਾਂ ਸਿੱਖਾਂ ਨੂੰ ਅੰਦਰੋਂ ਨਫ਼ਰਤ ਕਰਦੀਆਂ ਹਨ ਅਤੇ ਉਨ੍ਹਾਂ ਦੀ ਦੇਸ਼ ਪ੍ਰਤੀ ਵਫ਼ਾਦਾਰੀ ਉੱਤੇ ਪੂਰਾ ਵਿਸ਼ਵਾਸ ਨਹੀਂ ਕਰਦੀਆਂ। ਕੈਨੇਡਾ ਵਿਚ ਭਾਰਤੀ ਮੂਲ ਦੇ ਸਿੱਖਾਂ ਨੂੰ ਉਥੋਂ ਦੀ ਸਰਕਾਰ ਦੀ ਪੂਰਨ ਹਮਾਇਤ ਤੇ ਵਿਸ਼ਵਾਸ ਹਾਸਿਲ ਹੈ।

ਭਾਵੇਂ ਪ੍ਰਦੇਸੀ ਸਿੱਖਾਂ ਵਿਚੋਂ ਬਹੁਤਿਆਂ ਨੇ ਕੇਸ ਕਟਵਾ ਲਏ ਹਨ ਪਰ ਉਨ੍ਹਾਂ ਦੀ ਸਿੱਖ ਸਪਿਰਟ ਜਿਉਂ ਦੀ ਤਿਉਂ ਕਾਇਮ ਹੈ। ਉਨ੍ਹਾਂ ਨੇ ਥਾਂ-ਥਾਂ ਗੁਰਦੁਆਰਾ ਸਾਹਿਬ ਕਾਇਮ ਕਰਕੇ, ਸਿੱਖ ਸੰਗਤ ਨੂੰ ਸੰਗਠਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਵਿਸਾਖੀ ਤੇ ਦਿਵਾਲੀ ਦੇ ਤਿਉਹਾਰ ਪੂਰੀ ਸੱਜ-ਧੱਜ ਨਾਲ ਮਨਾਏ ਜਾਂਦੇ ਹਨ। ਪਰ ਇਹ ਗੱਲ ਅਗਲੀ ਪੀੜ੍ਹੀ ਵਿਚ ਨਹੀਂ ਮਿਲ ਰਹੀ। ਸਿੱਖਾਂ ਦੀ ਨੌਜਵਾਨ ਪੀੜ੍ਹੀ ਨੇ ਗੋਰਿਆਂ ਦੇ ਮੁਲਕ ਵਿਚ ਮਕਬੂਲ ਹੋਣ ਲਈ ਕੇਸ ਦਾਹੜੀ ਕਟਵਾ ਕੇ ਉਨ੍ਹਾਂ ਵਰਗਾ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਸਿੱਖੀ ਨੂੰ ਵੱਡੀ ਢਾਹ ਲੱਗੀ ਹੈ। ਲੰਡਨ ਦੇ ਗੁਰਦੁਆਰਾ ਸਾਹਿਬ ਵਿਚ ਦਾਸ ਨੇ ਸਿੱਖ ਸੰਗਤ ਨੂੰ ਟੁੰਡ-ਮਰੁੰਡ ਹੀ ਵੇਖਿਆ ਸੀ। ਕੇਵਲ ਬਜ਼ੁਰਗ ਲੋਕਾਂ ਨੇ ਹੀ ਦਾਹੜੀ ਕੇਸ ਰੱਖੇ ਹੋਏ ਸਨ। ਕੇਸਾਂ ਤੋਂ ਬਗ਼ੈਰ ਸਿੱਖੀ ਦਾ ਕਿਆਸ ਕਰਨਾ ਮੁਸ਼ਕਿਲ ਹੈ। ਇਸ ਲਈ ਪੱਛਮੀ ਮੁਲਕਾਂ ਵਿਚ ਸਿੱਖੀ ਦਾ ਭਵਿੱਖ ਇਤਨਾ ਉਜਾਲਾ ਨਹੀਂ ਹੋਵੇਗਾ ਜਿਨਾ ਕਿ ਇਸ ਦੀ ਆਸ ਸੀ। ਇਨ੍ਹਾਂ ਮੁਲਕਾਂ ਵਿਚ ਮਾਇਆ ਨੇ ਅਜਗਰ ਸੱਪ ਵਾਂਗ ਸਿੱਖੀ ਨੂੰ ਘੇਰਾ ਪਾ ਰੱਖਿਆ ਹੈ। ਸਵੈ-ਵਿਸ਼ਵਾਸ ਨੇ ਸਿੱਖੀ ਸਿੱਦਕ

ਦੀ ਘਾਟ ਕਾਰਨ, ਸਿੱਖ ਸਭਿਆਚਾਰ ਵੀ ਖ਼ਤਰੇ ਵਿਚ ਪੈ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਜੰਗੀ ਪੱਧਰ ਤੇ ਇਨ੍ਹਾਂ ਮੁਲਕਾਂ ਵਿਚ ਸਿੱਖੀ ਦਾ ਧੂੰਆਂਧਾਰ ਪ੍ਰਚਾਰ ਕਰਨ ਦੀ ਜ਼ਰੂਰਤ ਹੈ। ਇਹ ਸ਼੍ਰੋਮਣੀ ਕਮੇਟੀ ਦੇਸ਼ ਵਿਚ ਆਪਣਾ ਸਹੀ ਫਰਜ਼ ਨਹੀਂ ਨਿਭਾਅ ਰਹੀ। ਇਸ ਨੇ ਬਾਹਰ ਕੀ ਪੂਰੀਆਂ ਪਾਉਣੀਆਂ ਹਨ ?

ਹੁਣ ਸਵਾਲ ਹੈ ਕਿ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਜਾਣ ਦੀ ਲੋੜ ਕਿਉਂ ਪਈ ? ਪ੍ਰਦੇਸ ਵਿਚ ਤਾਂ ਜੀਵਨ ਹੋਰ ਕਠਿਨ ਹੁੰਦਾ ਹੈ। ਅਜ਼ਾਦੀ ਤੋਂ ਬਾਅਦ ਵਿਚ ਨਿਕੰਮੀਆਂ ਸਰਕਾਰਾਂ ਬਣੀਆਂ ਹਨ। ਸਾਡੇ ਕੌਮੀ ਲੀਡਰਾਂ ਨੇ ਸਾਡੇ ਮੁਲਕ ਨੂੰ ਲੰਡਨ, ਅਮਰੀਕਾ ਵਰਗਾ ਬਣਾਉਣ ਦੇ ਸੁਪਨੇ ਲਏ ਸਨ। ਪਰ ਨੀਯਤ ਖੋਟੀ ਹੋਣ ਕਰਕੇ ਦੇਸ਼ ਦੇ ਗਰੀਬ ਹੋਰ ਗਰੀਬ ਹੁੰਦੇ ਗਏ ਅਤੇ ਅਮੀਰ ਹੋਰ ਅਮੀਰ। ਆਰਥਿਕ ਹਾਲਤ ਅੰਗਰੇਜ਼ਾਂ ਦੇ ਵੇਲੇ ਨਾਲੋਂ ਵੀ ਬਦਤਰ ਹੋ ਗਈ ਹੈ। ਪੰਜਾਬ ਵਿਚ ਵੀ ਹਾਲਤ ਅਜਿਹੇ ਹੀ ਹਨ। ਇਸ ਲਈ ਲੱਖਾਂ ਦੀ ਸੰਖਿਆ ਵਿਚ ਸਾਡੇ ਨੌਜੁਆਨ ਵਿਦੇਸ਼ਾਂ ਵੱਲ ਕੂਚ ਕਰਨ ਲੱਗੇ। ਇਹ ਕਿਰਿਆ ਹੋਰ ਵੀ ਤੇਜ਼ ਹੋ ਗਈ ਜਦੋਂ ਨੀਲਾ ਤਾਰਾ ਸਾਕਾ ਵਾਪਰਿਆ। ਸਿੱਖਾਂ ਨੂੰ ਅਤਿਵਾਦੀ ਗਰਦਾਨ ਕੇ ਉਨ੍ਹਾਂ ਦਾ ਖਾਤਮਾ ਕਰਨ ਲਈ ਚਾਲਾਂ ਚੱਲੀਆਂ ਜਾਣ ਲੱਗੀਆਂ। ਸਿੱਖਾਂ ਦੀ ਨੌਜਵਾਨ ਪੀੜ੍ਹੀ ਕਿਸੇ ਨਾ ਕਿਸੇ ਬਹਾਨੇ, ਆਪਣੀਆਂ ਜਾਇਦਾਦਾਂ ਗਹਿਣੇ ਪਾ ਕੇ, ਵਿਦੇਸ਼ ਜਾਣ ਬਾਰੇ ਬੜੀ ਸ਼ਿੱਦਤ ਨਾਲ ਸੋਚਣ ਲੱਗੀ। ਉਨ੍ਹਾਂ ਨੂੰ ਦੇਸ਼ ਨਰਕ ਦੇ ਪ੍ਰਦੇਸ਼ ਸਵਰਗ ਨਜ਼ਰ ਆਉਣ ਲੱਗਾ। ਬਾਹਰ ਜਾ ਕੇ ਉਹ ਵਧੇਰੇ ਸੁਰੱਖਿਅਤ ਮਹਿਸੂਸ ਕਰਨ ਲੱਗੇ। ਪੰਜਾਬ ਵਿਚ ਤਾਂ ਉਨ੍ਹਾਂ ਦੇ ਹਜ਼ਾਰਾਂ ਭਾਈ ਕਾਲ ਕੋਠੜੀਆਂ ਵਿਚ ਆਪਣੀਆਂ ਜਵਾਨੀਆਂ ਰੋਲ ਰਹੇ ਹਨ। ਵਿਦੇਸ਼ ਵਿਚ ਉਹ ਮਿਹਨਤੀ ਹੋਣ ਕਰਕੇ, ਮੋਟੀਆਂ ਕਮਾਈਆਂ ਕਰ ਰਹੇ ਹਨ ਤੇ ਵਾਪਸ ਕਮਾਈ ਨਾਲ ਪੰਜਾਬ ਵਿਚ ਜ਼ਮੀਨਾਂ ਜਾਇਦਾਦਾਂ ਖਰੀਦ ਰਹੇ ਹਨ। ਜਿਹੜੀਆਂ ਉਨ੍ਹਾਂ ਨੇ ਕੁਝ ਦਹਾਕੇ ਪਹਿਲਾਂ ਗਹਿਣੇ ਪਾਈਆਂ ਸਨ।

ਸਾਫ਼ ਜ਼ਾਹਿਰ ਹੈ ਕਿ ਸਿੱਖਾਂ ਦਾ ਪ੍ਰਦੇਸ ਜਾਣਾ ਲਾਜ਼ਮੀ ਬਣ ਗਿਆ ਹੈ। ਇਹ ਸਿੱਖਾਂ ਦੇ ਭਵਿੱਖ ਨੂੰ ਸੁਨਹਿਰੀ ਰੱਖਣ ਲਈ ਸਮੇਂ ਸਿਰ ਉਠਾਇਆ ਸਹੀ ਕਦਮ ਹੈ। ਇਕ ਨਿਮਾਣੇ ਸਿੱਖ ਵਜੋਂ ਮੇਰੀ ਸਿੱਖਾਂ ਨੂੰ ਇਕ ਨਿਮਾਣੀ ਰਾਏ ਹੈ ਕਿ ਉਹ ਜਿਥੇ ਵੀ ਵੱਸਣ, ਇਹ ਉਨ੍ਹਾਂ ਦੀ ਖੁਸ਼ੀ ਹੈ ਪਰੰਤੂ ਦੇਸ਼ ਹੋਣ ਜਾਂ ਪ੍ਰਦੇਸ਼, ਉਨ੍ਹਾਂ ਦਾ ਪਰਮ ਫਰਜ਼ ਹੈ ਕਿ ਉਹ ਸਿੱਖੀ ਸਿੱਦਕ ਤੇ ਸਰੂਪ ਵਿਚ ਭੋਰਾ ਵੀ ਫ਼ਰਕ ਨਾ ਪੈਣ ਦੇਣ। ਸਰਬੱਤ ਦਾ ਭਲਾ ਮੰਗਣ ਵਾਲੇ ਸਾਡੇ ਧਰਮ ਨੂੰ ਸਾਰਾ ਵਿਸ਼ਵ ਮਾਣ ਤੇ ਸਨਮਾਨ ਬਖਸ਼ ਰਿਹਾ ਹੈ। 'ਸਭੈ ਸਾਂਝੀਵਾਲ ਸਦਾਇਨ, ਕੋਈ ਨਾ ਦੀਸੈ ਬਾਹਿਰਾ ਜੀਓ।' ਵਾਲੇ ਗੁਰਵਾਕ ਅਨੁਸਾਰ ਸਾਰਾ ਜਗਤ ਹੀ ਆਪਣਾ ਹੈ ਤੇ 'ਮਾਨਸਿ ਕੀ ਜਾਤਿ ਸਭੈ ਏਕੇ ਪਹਿਚਾਨਬੋ।' ਸਾਰੇ ਜਾਤਾਂ ਧਰਮਾਂ ਦੇ ਲੋਕ ਵੀ ਸਾਡੇ ਭੈਣ-ਭਰਾ ਹੀ ਹਨ। ਸਿੱਖਾਂ ਲਈ ਕੋਈ ਦੇਸ਼ ਬੇਗਾਨਾ ਨਹੀਂ।

## ਪੰਥ ਨੂੰ ਮੁਕਾਣ ਵਾਲਾ ਕੋਈ ਜੰਮਿਆ ਨਹੀਂ

ਜਦੋਂ ਦੇ ਜੰਮੇ ਬੋਦਿਓਂ ਲੰਮੇ। ਜਦੋਂ ਦਾ ਖਾਲਸਾ ਪੰਥ ਹੋਂਦ ਵਿਚ ਆਇਆ ਹੈ, ਉਸ ਵੇਲੇ ਤੋਂ ਹੀ ਇਸ ਦੇ ਦੋਖੀ ਇਸ ਨੂੰ ਮਾਰ ਮੁਕਾਣ ਦੀਆਂ ਨਿਰੰਤਰ ਸਾਜਿਸ਼ਾਂ ਘੜ ਰਹੇ ਹਨ। "ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ, ਜਿਉਂ ਜਿਉਂ ਉਹ ਸਾਨੂੰ ਵੱਢਦਾ, ਅਸੀਂ ਦੂਣ ਸਿਵਾਏ ਹੋਏ।" ਅਸਲ ਵਿਚ ਖਾਲਸਾ ਪੰਥ ਅਕਾਲ ਪੁਰਖ ਦੀ ਫ਼ੌਜ ਹੈ ਤੇ ਅਕਾਲ ਪੁਰਖ ਨੇ ਇਸ ਨੂੰ ਆਪਣੇ ਕਰਕੰਵਲਾਂ ਨਾਲ ਸਾਜਿਆ ਹੈ। ਇਸ ਦਾ ਖਾਤਮਾ ਕਰਨ ਵਾਲੇ ਖੁਦ ਖਤਮ ਹੋ ਜਾਣਗੇ ਪਰੰਤੂ ਇਹ ਪੰਥ ਜੁੱਗੋ ਜੁੱਗ ਅਟੱਲ ਰਹੇਗਾ। ਕਈ ਖੱਬੀ ਖਾਨ ਤੇ ਟੁੰਡੇ ਲਾਟ ਆਪਣਾ ਤਾਣ ਲਗਾ ਚੁੱਕੇ ਹਨ ਪਰੰਤੂ ਸਭ ਨੂੰ ਮੂੰਹ ਦੀ ਖਾਣੀ ਪਈ ਹੈ। ਭਵਿੱਖ ਵਿਚ ਵੀ ਜੇ ਕੋਈ ਖਾਲਸਾ ਪੰਥ ਦੀ ਹਸਤੀ ਨੂੰ ਮਿਟਾਣ ਦਾ ਖਾਬ੍ਹ ਲਵੇਗਾ, ਉਸ ਦਾ ਇਹ ਖਾਬ੍ਹ ਚੂਰ ਹੋ ਜਾਵੇਗਾ।

ਸਿੱਖ ਆਪਣੇ ਲਈ ਹੀ ਨਹੀਂ ਜਿਊਂਦੇ। ਉਹ ਸਰਬੱਤ ਲਈ ਜਿਊਂਦੇ ਹਨ। ਜਿਹੜੇ ਸਭਨਾਂ ਲਈ ਜਿਊਂਦੇ ਹਨ, ਉਹ ਅਮਰ ਹੁੰਦੇ ਹਨ। ਉਨ੍ਹਾਂ ਦਾ ਅੰਤ ਨਹੀਂ ਹੁੰਦਾ। ਇਸ ਲਈ ਖਾਲਸਾ ਪੰਥ ਨੂੰ ਇਹ ਮਨੋਵਿਗਿਆਨਕ ਬਲ ਮਿਲਦਾ ਹੈ ਕਿ ਉਸ ਦੇ ਸਰਬੱਤ ਕਾਰਜਾਂ ਵਿਚ ਅਕਾਲ ਪੁਰਖ ਆਪ ਸਹਾਈ ਹੁੰਦਾ ਹੈ। ਇਸੇ ਹੀ ਬਲ ਨਾਲ ਦਸਵੇਂ ਪਾਤਸ਼ਾਹ ਤੇ ਬੰਦਾ ਸਿੰਘ ਬਹਾਦਰ ਵੇਲੇ ਸਿੰਘਾਂ ਨੇ ਅਸੰਭਵ ਨੂੰ ਸੰਭਵ ਬਣਾ ਦਿੱਤਾ ਸੀ। ਜਿਹੜਾ ਸ਼ਕਸ਼ ਇਕੱਲਾ ਲੱਖਾਂ ਦੇ ਲਸ਼ਕਰ ਨਾਲ ਜੂਝਣ ਲਈ ਹਸ਼ਰਤ ਰੱਖਦਾ ਹੈ ਉਸ ਦੀ ਇੱਛਾ ਸ਼ਕਤੀ ਕਿੰਨੀ ਬਲਵਾਨ ਹੋਵੇਗੀ ? ਉਹੀ ਤੁਰਕ, ਪਠਾਣ ਤੇ ਮੁਗ਼ਲ, ਜਿਨ੍ਹਾਂ ਦੀਆਂ ਰਗਾਂ ਵਿਚ ਮਹਾਨ ਜਰਨੈਲਾਂ ਦਾ ਖ਼ੂਨ ਖੌਲ ਰਿਹਾ ਸੀ। ਇਨ੍ਹਾਂ ਤੋਂ ਭਾਰਤੀ ਲੋਕ ਇਵੇਂ ਡਰਦੇ ਸਨ ਜਿਵੇਂ ਕਾਂ ਗਲੇਲਿਆਂ ਤੋਂ, ਭੇਡਾਂ ਬੱਕਰੀਆਂ ਸ਼ੇਰਾਂ ਤੋਂ ਤੇ ਹਿਰਨ ਬਘਿਆੜਾਂ ਤੋਂ। ਪਰ ਖੰਡੇ ਬਾਟੇ ਦੇ ਅੰਮ੍ਰਿਤ ਛਕਣ ਵਾਲਿਆਂ, ਇਨ੍ਹਾਂ ਹਤਿਆਰਿਆਂ ਨੂੰ ਨਾਨੀ ਚੇਤੇ ਕਰਵਾ ਦਿੱਤੀ। ਹਰੀ ਸਿੰਘ ਨਲੂਏ ਤੇ ਬੰਦਾ ਸਿੰਘ ਬਹਾਦਰ ਦੀ ਬਿੜਕ ਸੁਣ ਕੇ ਖ਼ੂੰਖਾਰ ਪਠਾਣ ਤਿੱਤਾਂ ਬੰਨ ਜਾਂਦੇ ਸਨ। ਦਸਵੇਂ ਪਾਤਸ਼ਾਹ ਨੇ ਆਪਣੇ ਜੀਵਨ ਕਾਲ ਵਿਚ ਗਿੱਦੜਾਂ ਤੋਂ ਸ਼ੇਰ ਬਣਾਏ ਸਨ। ਚਿੜੀਆਂ ਤੋਂ ਬਾਜ ਤੁੜਾਏ ਸਨ ਅਤੇ ਸਵਾ ਲੱਖ ਨਾਲ ਇਕ ਨੂੰ ਲੜਾ ਕੇ ਖਾਲਸੇ ਦੀ ਸਾਰੇ ਭਾਰਤ ਵਿਚ ਧਾਂਕ ਜਮਾ ਦਿੱਤੀ ਸੀ।

ਦਿੱਲੀ ਦੀ ਮੁਗਲੀਆ ਸਰਕਾਰ ਤੇ ਬਾਈਧਾਰ ਦੇ ਮੌਕਾ ਪ੍ਰਸਤ ਹਿੰਦੂ ਰਾਜੇ ਪੰਜਾਬ ਵਿਚ ਸਿੱਖਾਂ ਦੀ ਉੱਭਰ ਰਹੀ ਸ਼ਕਤੀ ਨੂੰ ਕੁਚਲਣਾ ਚਾਹੁੰਦੇ ਸਨ। ਅੱਡੀ ਚੋਟੀ ਦਾ ਜ਼ੋਰ

ਲਾਉਣ ਉਪਰੰਤ ਵੀ ਉਹ ਆਪਣੇ ਨਾਪਾਕ ਇਰਾਦਿਆਂ ਵਿਚ ਸਫ਼ਲ ਨਾ ਹੋ ਸਕੇ। ਬੰਦਾ ਸਿੰਘ ਬਹਾਦਰ ਦੀ ਜਦ ਸ਼ਕਤੀ ਦਿਨੋ-ਦਿਨ ਵੱਧ ਰਹੀ ਸੀ ਤਾਂ ਵਜ਼ੀਰ ਖਾਨ ਇਕ ਤਗੜਾ ਲਸ਼ਕਰ ਲੈ ਕੇ, ਸਿੱਖਾਂ ਨੂੰ ਪੂਰੀ ਤਰ੍ਹਾਂ ਕੁਚਲਣ ਲਈ ਚੱਪੜਚਿੜੀ ਦੇ ਮੈਦਾਨ ਵੱਲ ਵਧਿਆ ਸੀ। ਸਿੰਘਾਂ ਨੇ ਉਹਨੂੰ ਕਤਲ ਕਰਕੇ ਉਸ ਦੀ ਲਾਸ਼ ਨੂੰ ਘੋੜੇ ਦੀ ਪੂਛ ਨਾਲ ਬੰਨ ਕੇ ਸਰਹੰਦ ਲਿਆਂਦਾ ਸੀ। ਸਿੱਖਾਂ ਨੂੰ ਤਬਾਹ ਕਰਦਾ ਉਹ ਖੁਦ ਤਬਾਹ ਹੋ ਗਿਆ। ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਸਿੱਖਾਂ ਵਿਰੁੱਧ ਹਨੇਰੀ ਝੁੱਲ ਪਈ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਸਿੱਖਾਂ ਨੂੰ ਸ਼ਹਿਰ ਪਿੰਡ ਛੱਡ ਕੇ ਜੰਗਲਾਂ ਪਹਾੜਾਂ ਵਿਚ ਜਾਣਾ ਪਿਆ। ਪਰ ਮੀਰ ਮੰਨੂੰ ਇੰਨੀ ਸਖ਼ਤਾਈਕਰਕੇ ਵੀ ਸਿੱਖਾਂ ਦਾ ਪੂਰਾ ਵਿਨਾਸ਼ ਨਾ ਕਰ ਸਕਿਆ। ਅਬਦਾਲੀ ਨੇ ਤੈਸ਼ ਵਿਚ ਆ ਕੇ ਪਹਿਲਾਂ ਸਿੱਖਾਂ ਦਾ ਮੱਕਾ ਪੂਰਿਆ ਤੇ ਫਿਰ ਘੱਲੂਘਾਰਿਆਂ ਰਾਹੀਂ ਪੰਥ ਦਾ ਮਲੀਆਮੇਟ ਨਾ ਕਰ ਸਕਿਆ। ਵੱਡੀਆਂ-ਵੱਡੀਆਂ ਹਕੂਮਤਾਂ ਤੇ ਉਨ੍ਹਾਂ ਦੇ ਅਕਿਹ ਤੇ ਅਸਹਿ ਜ਼ੁਲਮੋ-ਸਿੱਤਮ ਵੀ ਸਿੰਘਾਂ ਦੇ ਹੌਂਸਲੇ ਪਸਤ ਨਾ ਕਰ ਸਕੇ। ਸਿੱਖਾਂ ਦੀ ਹੋਂਦ ਖਤਮ ਕਰਨ ਵਾਲੇ, ਦੁੰਮ-ਦਬਾ ਕੇ ਆਪਣੇ ਵਤਨਾਂ ਨੂੰ ਚਾਲੇ ਪਾ ਗਏ। ਮਾਮੇ ਹੀਰ ਦੇ।

1861 ਵਿਚ ਜਦ ਮਰਦਮ ਸ਼ੁਮਾਰੀ ਹੋਈ ਤਾਂ ਸਿੱਖਾਂ ਦੀ ਗਿਣਤੀ 90 ਲੱਖ ਤੋਂ ਘੱਟ ਕੇ ਕੇਵਲ ਅਠਾਰਾਂ ਲੱਖ ਹੀ ਰਹਿ ਗਈ। ਉਸ ਵਕਤ ਪੰਜਾਬ ਦੇ ਆਰੀਆ ਸਮਾਜੀ, ਈਰਖਾ ਵੱਸ ਇਹ ਕਹਿਣ ਲੱਗੇ ਕਿ ਹੁਣ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਹੀ ਰਹਿ ਜਾਣਗੇ। ਪਰ ਇਸ ਚੁਣੌਤੀ ਦਾ ਸਿੱਖਾਂ ਨੇ ਸਿੰਘ ਸਭਾਵਾਂ ਤੇ ਖਾਲਸਾ ਦੀਵਾਨਾਂ ਰਾਹੀਂ ਇਸ ਭੰਡੀ ਪ੍ਰਚਾਰ ਦਾ ਡੱਟ ਕੇ ਮੁਕਾਬਲਾ ਕੀਤਾ। ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਵੀਰ ਸਿੰਘ ਤੇ ਭਾਈ ਕਾਹਨ ਸਿੰਘ ਨਾਭਾ ਵਰਗੇ ਸਿੱਖ ਵਿਦਵਾਨਾਂ ਨੇ ਸਿੱਖੀ ਦੀ ਕਮਾਨ ਸੰਭਾਲੀ। ਮਹੰਤਾਂ ਦੇ ਵੱਸ ਪਏ ਆਪਣੇ ਪਵਿੱਤਰ ਗੁਰਧਾਮਾਂ ਨੂੰ ਕਰੜੇ ਸੰਘਰਸ਼ ਤੇ ਕੁਰਬਾਨੀਆਂ ਸਹਿਤ ਅਜ਼ਾਦ ਕਰਵਾਇਆ। ਇਸ ਤਰ੍ਹਾਂ ਕੋਈ ਪੰਜਾਹਾ ਕੁ ਸਾਲਾਂ ਵਿਚ, ਸਿੱਖੀ ਨੂੰ ਮੁੜ ਆਪਣੇ ਪੁਰਾਤਨ ਜਲੌਅ ਵਿਚ ਲਿਆਉਣ ਲਈ ਭਰਪੂਰ ਕੋਸ਼ਿਸ਼ ਕੀਤੀ ਗਈ। ਸਿੱਖੀ ਦਾ ਪੁਨਰ ਨਿਰਮਾਣ ਹੋਇਆ।

ਵਿਦੇਸ਼ਾਂ ਵਿਚ ਖ਼ਾਸ ਕਰਕੇ ਬਰਤਾਨੀਆ ਵਿਚ ਜਾ ਕੇ ਸਿੱਖਾਂ ਨੇ ਕਈ ਕਾਰੋਬਾਰ ਕੀਤੇ ਤੇ ਉਦਯੋਗਿਕ ਅਦਾਰਿਆਂ ਵਿਚ ਕੰਮ ਕਰਕੇ ਆਪਣੀ ਆਰਥਿਕਤਾ ਨੂੰ ਸੁਧਾਰਿਆ। ਪਹਿਲੀ ਆਲਮੀ ਜੰਗ ਤੋਂ ਬਾਅਦ ਲੱਖਾਂ ਹੀ ਸਿੱਖ ਫੌਜੀ ਵਲਾਇਤ ਤੇ ਉਸ ਦੀਆਂ ਬਸਤੀਆਂ ਵਿਚ ਵੱਸਣ ਲੱਗੇ। ਸਿੱਖਾਂ ਦੀ ਯੂਰਪ, ਅਮਰੀਕਾ ਤੇ ਕੈਨੇਡਾ ਵਿਚ ਚਰਚਾ ਹੋਣ ਲੱਗੀ। ਇਸ ਤਰ੍ਹਾਂ ਉਹ ਸਿੱਖੀ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਖ਼ਤਰੇ ਵਿਚ ਪੈ ਗਈ ਸੀ, ਹੌਲੀ-ਹੌਲੀ ਪੂਰੀ ਤਰ੍ਹਾਂ ਸੰਭਲ ਗਈ। ਸਿੰਘਾਂ ਦੇ ਤੌਰ ਨਿਰਾਲੇ ਹਨ। ਜਿਥੇ ਉਨ੍ਹਾਂ ਬਰਤਾਨੀਆ ਸਾਮਰਾਜ ਨੂੰ ਦੋਹਾਂ ਵਿਸ਼ਵ ਜੰਗਾਂ ਵਿਚ ਜਿੱਤ ਦਿਵਾਈ ਸੀ, ਉਥੇ ਉਸੇ ਕੌਮ ਦੇ ਦੇਸ਼ ਭਗਤਾਂ ਤੇ ਕ੍ਰਾਂਤੀਕਾਰੀਆਂ ਨੇ ਭਾਰਤ ਵਿਚ ਅੰਗਰੇਜ਼ੀ ਰਾਜ ਦੀ ਬੇੜੀ ਨੂੰ ਖਾਰੇ ਪਾਣੀਆਂ ਵਿਚ ਡੁਬਾਉਣ ਲਈ ਕਾਮਯਾਬ ਹੋਏ। ਭਾਰਤ ਵਿਚ ਵੀ ਸਿੰਘਾਂ ਨੇ ਆਪਣੀ ਦੇਸ਼ ਭਗਤੀ ਦਾ ਸਬੂਤ ਸਭ ਤੋਂ ਵੱਧ

ਫਾਂਸੀਆਂ ਦੇ ਰੱਸੇ ਚੁੰਮ ਕੇ ਦਿੱਤਾ। ਅਜ਼ਾਦ ਹਿੰਦ ਫੌਜ ਵਿਚ ਵੀ ਬਹੁਤੇ ਸਿੱਖ ਸਰਦਾਰ ਹੀ ਸਨ।

ਦੇਸ਼ ਅਜ਼ਾਦ ਹੋਇਆ। ਚਾਹੀਦਾ ਤਾਂ ਸੀ ਕਿ ਅਜ਼ਾਦੀ ਦੀ ਜੰਗ ਵੇਲੇ ਸਿੱਖਾਂ ਨਾਲ ਕੀਤੇ ਕੌਲ-ਕਰਾਰ ਕਾਇਮ ਰੱਖੇ ਜਾਂਦੇ ਅਤੇ ਉਨ੍ਹਾਂ ਦੇ ਸਨਮਾਨ ਤੇ ਗੌਰਵ ਨੂੰ ਕਾਇਮ ਰੱਖਿਆ ਜਾਂਦਾ ਪਰ ਦਿੱਲੀ ਦੀਆਂ ਫ਼ਿਰਕਾ ਪ੍ਰਸਤ ਹਿੰਦੂ ਸਰਕਾਰਾਂ ਸਿੱਖਾਂ ਦੀ ਬਹਾਦਰੀ ਤੋਂ ਖੌਫ਼ ਖਾਣ ਲੱਗੇ। ਗ੍ਰਹਿ ਮੰਤਰੀ ਸਰਦਾਰ ਪਟੇਲ ਵਰਗੇ ਹਿੰਦੂ ਫ਼ਿਰਕਾ-ਪ੍ਰਸਤਾਂ ਨੇ ਸਿੱਖ ਕੌਮ ਨੂੰ 'ਜ਼ਰਾਇਮ ਪੇਸ਼ਾ ਕੌਮ' ਕਰਾਰ ਦੇ ਕੇ, ਸਾਰੇ ਮੁਲਕ ਦੇ ਡੀ.ਸੀਆਂ ਨੂੰ ਹਦਾਇਤ ਕੀਤੀ ਕਿ ਸਿੱਖ ਨੂੰ ਹਰ ਹੀਲੇ ਸਖ਼ਤੀ ਨਾਲ ਦਬਾਇਆ ਜਾਵੇ। ਦਰਅਸਲ ਬਹੁਗਿਣਤੀ ਵਾਲੇ ਹਿੰਦੂ ਸਿੱਖਾਂ ਦੀ ਅਦੁੱਤੀ ਬਹਾਦਰੀ ਤੇ ਨਿਡਰਤਾ ਤੋਂ ਦਹਿਲ ਗਏ ਸਨ। ਉਹ ਅੰਗਰੇਜ਼ਾਂ ਦੀ ਤਰ੍ਹਾਂ, ਸਿੱਖਾਂ ਨੂੰ ਆਪਣੇ ਕੰਟਰੋਲ ਵਿਚ ਰੱਖਣਾ ਚਾਹੁੰਦੇ ਸਨ। ਉਹ ਸਮਝਦੇ ਸਨ ਕਿ ਇਹ ਕੌਮ ਕਿਸੇ ਵੇਲੇ ਵੀ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਸਕਦੀ ਹੈ ਤੇ ਉਨ੍ਹਾਂ ਦੀ ਪ੍ਰਭੂਸੱਤਾ ਨੂੰ ਵੰਗਾਰ ਸਕਦੀ ਹੈ। ਕਾਂਗਰਸੀ ਨੇਤਾ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਸਾਫ਼ ਮੁੱਕਰ ਗਏ। ਬਾਕੀ ਰਾਜਾਂ ਨੂੰ ਤਾਂ ਬੋਲੀ ਦੇ ਆਧਾਰ ਤੇ ਅਰਾਮ ਨਾਲ ਵੰਡ ਦਿੱਤਾ ਗਿਆ ਪਰ ਪੰਜਾਬ ਵਿਚ ਕੇਂਦਰੀ ਸਰਕਾਰ ਸਿੱਖਾਂ ਦੀ ਨੀਯਤ ਉੱਪਰ ਸ਼ੱਕ ਕਰਦੀ ਸੀ। ਉਨ੍ਹਾਂ ਨੇ ਸਿੱਖਾਂ ਦੀਆਂ ਸੈਂਕੜੇ ਸ਼ਹਾਦਤਾਂ ਬਾਅਦ ਹੀ ਇਕ ਲੰਗੜਾ ਜਿਹਾ ਪੰਜਾਬੀ ਸੂਬਾ, ਸਿੱਖਾਂ ਦੇ ਮੱਥੇ ਮਾਰਿਆ। ਜਦ ਸਿੱਖਾਂ ਨੇ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਆਪਣੇ ਲਈ ਵਿਸ਼ੇਸ਼ ਦਰਜੇ ਦੀ ਮੰਗ ਕੀਤੀ ਤਾਂ ਸਿੱਖਾਂ ਨੂੰ ਖਾਲਿਸਤਾਨੀ ਕਹਿ ਕੇ ਚੁਰਾਹੇ ਵਿਚ ਭੰਡਿਆ ਗਿਆ। ਦਿੱਲੀ ਸਰਕਾਰ ਨੇ ਸਿੱਖ ਰੈਂਫਰੈਂਸ ਲਾਇਬ੍ਰੇਰੀ ਨੂੰ ਅਗਨ ਭੇਂਟ ਕਰਕੇ ਤੇ ਹੋਰ ਜ਼ਰੂਰੀ ਪੁਰਾਤਨ ਸਿੱਖ ਗ੍ਰੰਥਾਂ ਨੂੰ ਜਾਣ ਬੁੱਝ ਕੇ ਆਪਣੇ ਕਬਜ਼ੇ ਵਿਚ ਰੱਖਿਆ ਤਾਂ ਕਿ ਸਿੱਖ ਆਪਣੇ ਵਿਰਸੇ ਨਾਲੋਂ ਟੁੱਟ ਜਾਣ। ਦਿੱਲੀ ਦੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਸਰੀਏ, ਟਾਇਰ ਤੇ ਮਿੱਟੀ ਦਾ ਤੇਲ ਇਕੱਠਾ ਕੀਤਾ ਗਿਆ ਸੀ। ਪਰ ਇਹ ਸਾਜਿਸ਼ਾਂ ਇਕ ਇਕ ਕਰਕੇ ਅਸਫ਼ਲ ਹੋਈਆਂ ਕਿਉਂਕਿ ਸਿੱਖ ਕੌਮ ਨੂੰ ਮਾਰਨ ਵਾਲਾ ਕੋਈ ਜੰਮਿਆ ਨਹੀਂ।

ਬਹਾਦਰ ਕੌਮਾਂ ਕਦੀ ਨਹੀਂ ਮਰਦੀਆਂ। ਯਹੂਦੀਆਂ ਨੂੰ ਈਸਾਈਆਂ ਨੇ ਉਨ੍ਹਾਂ ਦਾ ਮੁਲਕ ਖੋਹ ਕੇ, ਸਦੀਆਂ ਭਰ ਖੱਜਲ-ਖੁਆਰ ਕੀਤਾ ਪਰ ਉਹ ਅੱਜ ਵੀ ਪੂਰੇ ਗੌਰਵ ਨਾਲ ਇਜ਼ਰਾਈਲ ਵਿਚ ਜੀ ਰਹੇ ਹਨ। ਸਿੱਖਾਂ ਦਾ ਵੀ ਸਿਤਾਰਾ ਉਨ੍ਹਾਂ ਵਾਂਗ ਬੁਲੰਦ ਹੈ। ਸਿੱਖਾਂ ਦੇ ਕਤਲ ਕੀਤੇ ਜਾ ਸਕਦੇ ਹਨ, ਉਨ੍ਹਾਂ ਨੂੰ ਜ਼ਿੰਦਾ ਜਲਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਘਰੋਂ-ਬੇਘਰ ਕਰਕੇ ਜ਼ਲੀਲ ਕੀਤਾ ਜਾ ਸਕਦਾ ਹੈ ਪਰ ਸਿੱਖ ਕੌਮ ਦਾ ਖਮੀਰ ਹੀ ਕੁਝ ਐਸਾ ਹੈ ਕਿ ਇਸ ਦਾ ਮੁਕੰਮਲ ਖਾਤਮਾਂ ਕਿਸੇ ਮਨੁੱਖੀ ਤਾਕਤ ਤੋਂ ਬਾਹਰ ਹੈ। ਸਿੱਖਾਂ ਨਾਲ ਪੰਗਾ ਲੈਣ ਵਾਲੇ ਹਰੇਕ ਧਿਰ ਦੇ ਪਛਤਾਵਾ ਹੀ ਪੱਲੇ ਪਿਆ ਹੈ। ਜਿਹੜੀ ਕੌਮ ਸਰਬੱਤ ਦਾ ਭਲਾ ਰਾਤ ਦਿਨ ਮੰਗਦੀ ਹੈ। ਅਕਾਲ ਪੁਰਖ ਨੂੰ ਉਸ ਦੀ ਹਰਦਮ ਲੋੜ ਹੈ। ਅਜਿਹੀ ਕੌਮ ਦਾ ਜ਼ਿੰਦਾ ਰਹਿਣਾ ਹੀ ਵਿਸ਼ਵ ਕਲਿਆਣ ਤੇ ਸ਼ਾਂਤੀ ਲਈ ਲਾਜ਼ਮੀ ਹੈ। ਇਹ ਅਕਾਲ ਪੁਰਖ ਦੀ ਫੌਜ ਹੈ। ਅਕਾਲ ਪੁਰਖ ਨਾਲ ਲੋਹੇ ਲੈਣ ਤੋਂ

ਹਰ ਕੋਈ ਗੁਰੇਜ਼ ਕਰਦਾ ਹੈ।

ਅਜ਼ਾਦੀ ਤੋਂ ਬਾਅਦ ਭਾਰਤ ਵਿਚ ਸਿੱਖਾਂ ਦਾ ਮਲੀਆਮੇਟ ਕਰਨ ਲਈ ਕੇਂਦਰ ਸਰਕਾਰਾਂ ਵਲੋਂ ਕਈ ਗੋਂਦਾਂ ਗੁੰਦੀਆਂ ਗਈਆਂ। ਪਹਿਲਾਂ ਤਾਂ ਇਹ ਇਕ ਚੰਗੀ ਭਲੀ ਕੌਮ ਹੈ, ਜਿਸ ਦੁਨੀਆਂ ਦੀਆਂ ਮਹਾਨ ਕੌਮਾਂ ਵਾਲੇ ਗੁਣ ਹਨ, ਉਸ ਕੋਲੋਂ ਕੌਮੀਅਤ ਦਾ ਦਰਜਾ ਖੋਹਿਆ ਗਿਆ ਤੇ ਉਸ ਨੂੰ ਹਿੰਦੂ ਧਰਮ ਦੀ ਇਕ ਸ਼ਾਖਾ ਵਜੋਂ ਮੰਨਿਆ ਗਿਆ। ਉਸ ਵਕਤ ਸਿੱਖ ਲੀਡਰਾਂ ਨੇ ਬੜੀ ਹਾਲ ਦੁਹਾਈ ਪਾਈ ਪਰ ਕਿਸੇ ਭੜੂਏ ਨੇ, ਸਿੱਖਾਂ ਦੀ ਬਾਂਹ ਨਾ ਫੜੀ। 1965 ਵਿਚ ਜਦ ਹਿੰਦ-ਪਾਕਿ ਯੁੱਧ ਹੋਇਆ ਤਾਂ ਕੇਂਦਰੀ ਨੇਤਾਵਾਂ ਦੇ ਕਹਿਣ ਤੇ ਜਨਰਲ ਚੌਧਰੀ ਜੋ ਕਿ ਉਸ ਵਕਤ ਸਾਡੀਆਂ ਫੌਜਾਂ ਦਾ ਮੁਖੀ ਸੀ, ਨੇ ਆਪਣੇ ਅਧੀਨ ਜਨਰਲ ਹਰਬਖਸ਼ ਸਿੰਘ ਨੂੰ ਹੁਕਮ ਕੀਤਾ ਕਿ ਉਹ ਆਪਣੀਆਂ ਫੌਜਾਂ ਬਿਆਸ ਪੁਲ ਤੋਂ ਪਿੱਛੇ ਲੈ ਜਾਵੇ। ਕੇਂਦਰੀ ਨੇਤਾਵਾਂ ਦਾ ਵਿਚਾਰ ਸੀ ਕਿ ਹਿੰਦ-ਪਾਕਿ ਦੀ ਲੜਾਈ ਪੰਜਾਬ ਦੇ ਖਿੱਤੇ ਵਿਚ ਹੋਵੇਗੀ ਤੇ ਜੰਗ ਦੌਰਾਨ ਸਿੱਖਾਂ ਦਾ ਮੱਕਾ ਸੁਨਹਿਰੀ ਮੰਦਰ ਵੀ ਇਸ ਲੜਾਈ ਦੀ ਭੇਂਟ ਚੜ੍ਹ ਜਾਵੇਗਾ। ਜਦ ਜਨਰਲ ਹਰਬਖਸ਼ ਸਿੰਘ ਨੇ ਜਨਰਲ ਚੌਧਰੀ, ਕੋਲੋਂ ਲਿਖਤੀ ਹੁਕਮ ਮੰਗਿਆ ਤਾਂ ਉਹ ਪਿਛਾਂਹ ਹਟ ਗਿਆ। ਸਿੱਖ ਇੰਨੀ ਵੀਰਤਾ ਨਾਲ ਲੜੇ ਕਿ ਉਨ੍ਹਾਂ ਪਾਕਿਸਤਾਨ ਨੂੰ ਭਾਰਤ ਵਿਚ ਪ੍ਰਵੇਸ਼ ਵੀ ਹੋਣ ਨਾ ਦਿੱਤਾ। ਇਸ ਤਰ੍ਹਾਂ ਪੰਜਾਬ ਲੜਾਈ ਦਾ ਮੈਦਾਨ ਬਣਨ ਤੋਂ ਬਚ ਗਿਆ। ਇਸ ਤਰ੍ਹਾਂ ਨੀਲਾ ਤਾਰਾ ਸਾਕਾ ਰਾਹੀਂ ਫਿਰ ਸਿੱਖਾਂ ਦੇ ਸਿਰਮੌਰ ਪਵਿੱਤਰ ਸਥਾਨ ਸ੍ਰੀ ਅਕਾਲ ਤਖਤ ਨੂੰ ਬੰਬਾਂ ਨਾਲ ਉਡਾਇਆ ਤੇ ਹਰਿਮੰਦਰ ਸਾਹਿਬ ਦੀ ਮਰਿਯਾਦਾ ਨੂੰ ਬੁਰੀ ਤਰ੍ਹਾਂ ਭੰਗ ਕੀਤਾ ਗਿਆ। ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਸਿੱਖ ਕੌਮ ਅਡੋਲ ਰਹੀ ਤੇ ਹਮੇਸ਼ਾ ਵਾਂਗ ਚੜ੍ਹਦੀਆਂ ਕਲਾਂ ਵਿਚ ਰਹੀ। ਪੰਜਾਬ ਵਿਚ ਸਿੱਖਾਂ ਨੂੰ ਚਾਰ ਪਾਕਿਸਤਾਨ ਨਾਲ ਯੁੱਧਾਂ ਵਿਚ ਭਾਰੀ ਨੁਕਸਾਨ ਉਠਾਉਣਾ ਪਿਆ। ਅੱਜ ਵੀ ਸਾਡੀ ਕੇਂਦਰੀ ਸਰਕਾਰ ਦੀ ਨੀਤੀ ਪੰਜਾਬ ਦੇ ਸਿੱਖਾਂ ਪ੍ਰਤੀ ਸਪੱਸ਼ਟ ਨਹੀਂ। ਅੱਜ ਵੀ ਉਨ੍ਹਾਂ ਨੂੰ ਭਾਰਤ ਦੇ ਸਿੱਖਾਂ ਉੱਪਰ, ਭਾਰਤੀ ਮੁਸਲਮਾਨਾਂ ਵਾਂਗ, ਉਨ੍ਹਾਂ ਨੂੰ ਕੋਈ ਭਰੋਸਾ ਨਹੀਂ। ਸਿੱਖ ਵੀ ਖੌਫ਼ ਵਿਚ ਰਹਿੰਦੇ ਹਨ। ਆਪਸ ਵਿਚ ਸਾਡਾ ਉਹ ਸੰਬੰਧ ਕਾਇਮ ਨਹੀਂ ਹੋ ਸਕਿਆ ਜਿਸ ਦੇ ਅਸੀਂ ਹੱਕਦਾਰ ਸਾਂ। ਰੱਬ ਖ਼ੈਰ ਕਰੇ !

# ਸਿੱਖ ਤੇ ਖਾਲਿਸਤਾਨ

•ਸਿਆਣੇ ਕਹਿੰਦੇ ਨੇ—'ਵੇਲੇ ਦੀ ਨਮਾਜ਼-ਕੁਵੇਲੇ ਦੀਆਂ ਟੱਕਰਾਂ।' ਈਦ ਪਿੱਛੋਂ ਤੁੰਬਾ ਫੂਕਣ ਦਾ ਕੋਈ ਲਾਭ ਨਹੀਂ ਹੁੰਦਾ। ਸਿਆਣੇ ਇਹ ਵੀ ਕਹਿੰਦੇ ਨੇ—'ਜਾਗਦਿਆਂ ਦੀਆਂ ਕੱਟੀਆਂ ਤੇ ਸੁੱਤਿਆਂ ਦੇ ਕੱਟੇ।' ਸਿੱਖਾਂ ਦੀ ਉਨਵੀਂ ਸਦੀ ਦੇ ਪਹਿਲੇ ਅੱਧ ਵਿਚ ਇਕ ਸਲੱਤਨਤ ਸੀ। ਕੁਝ ਅੰਦਰੂਨੀ ਕਮਜ਼ੋਰੀਆਂ ਤੇ ਗਲਤੀਆਂ ਕਾਰਨ ਇਹ ਵਿਸ਼ਾਲ ਰਿਆਸਤ ਇਨ੍ਹਾਂ ਕੋਲੋਂ ਖੁੱਸ ਕੇ, ਕੁਟਲਨੀਤੀ ਦੇ ਮਾਹਰ ਅੰਗਰੇਜ਼ਾਂ ਕੋਲ ਚਲੀ ਗਈ। ਅੰਗਰੇਜ਼ਾਂ ਨੇ ਇਸ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਕਈ ਇਲਾਕੇ ਜਿੱਤ ਕੇ ਮਹਾਂ-ਭਾਰਤ ਬਣਾਇਆ ਸੀ। 1947 ਵਿਚ ਜਦੋਂ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜ਼ਬੂਰ ਹੋਣਾ ਪਿਆ ਤਾਂ ਉਨ੍ਹਾਂ ਨੇ ਜਿੱਤੀਆਂ ਰਿਆਸਤਾਂ ਮਾਲਕਾਂ ਦੇ ਹਵਾਲੇ ਕਰ ਦਿੱਤੀਆਂ। ਇਹ ਵੱਖਰੀ ਗੱਲ ਹੈ ਕਿ ਸਰਦਾਰ ਪਟੇਲ ਨੇ ਪਿਆਰ ਤੇ ਜ਼ਬਰ ਨਾਲ ਉਨ੍ਹਾਂ ਕੋਲੋਂ ਇਹ ਰਿਆਸਤਾਂ ਖੋਹ ਕੇ, ਅੰਗਰੇਜ਼ਾਂ ਵਲੋਂ ਸਿੱਧੇ ਰਾਜ ਕਰਨ ਵਾਲੇ ਇਲਾਕੇ ਵਿਚ ਮਿਲਾ ਲਈਆਂ ਤੇ ਭਾਰਤ ਨਵੇਂ ਰੂਪ ਵਿਚ ਅਜ਼ਾਦ ਹੋਇਆ।

ਜਦੋਂ ਅੰਗਰੇਜ਼ ਭਾਰਤ ਦੀ ਵੰਡ ਕਰਨ ਲਈ ਇਥੇ ਦੇ ਨੇਤਾਵਾਂ ਨਾਲ ਸਲਾਹ ਮਸ਼ਵਰੇ ਕਰ ਰਹੇ ਸਨ ਤਾਂ ਉਸ ਵਕਤ ਸਿੱਖਾਂ ਦੀ ਨੁਮਾਇੰਦਗੀ ਸ੍ਰ. ਬਲਦੇਵ ਸਿੰਘ, ਹਿੰਦੂਆਂ ਦੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮੁਸਲਮਾਨਾਂ ਦੀ ਅਗਵਾਈ ਮਿਸਟਰ ਮੁਹੰਮਦ ਅਲੀ ਜਿਨਾਹ ਕਰ ਰਹੇ ਸਨ। ਲੰਡਨ ਵਿਚ ਇਨ੍ਹਾਂ ਦੀ ਉਸ ਵਕਤ ਦੇ ਪ੍ਰਧਾਨ ਮੰਤਰੀ ਸ੍ਰੀ ਵਿਨਸਟਨ ਚਰਚਿਲ ਨਾਲ ਹੋਈ। ਗੱਲਬਾਤ ਤੋਂ ਬਾਅਦ, ਮਿਸਟਰ ਚਰਚਿਲ ਨੇ ਸ੍ਰ. ਬਲਦੇਵ ਸਿੰਘ ਨਾਲ ਵਿਸ਼ੇਸ ਮੁਲਾਕਾਤ ਲਈ ਸ੍ਰ. ਬਲਦੇਵ ਸਿੰਘ ਨੂੰ ਬੁਲਾਇਆ। ਜਦ ਸਰਦਾਰ ਸਾਹਿਬ ਸੱਦੇ ਮੁਤਾਬਿਕ ਮਿਸਟਰ ਚਰਚਿਲ ਕੋਲ ਜਾਣ ਲੱਗੇ ਤਾਂ ਪੰਡਿਤ ਨਹਿਰੂ ਵਿਚਲੀ ਗੱਲ ਸਮਝ ਗਿਆ ਸੀ। ਉਸ ਨੇ ਇਹ ਕਹਿ ਕੇ ਸ੍ਰ. ਬਲਦੇਵ ਸਿੰਘ ਨੂੰ ਰੋਕ ਲਿਆ, "ਸਰਦਾਰ ਸਾਹਿਬ ਅੰਗਰੇਜ਼ ਬੜੀ ਸ਼ਾਤਰ ਕੌਮ ਹੈ। ਐਵੇਂ ਤੁਹਾਨੂੰ ਕੋਈ ਪੁੱਠਾ ਸਿੱਧਾ ਪਾਠ ਪੜ੍ਹਾਉਣਗੇ। ਜਿਸ ਨਾਲ ਮੁਲਕ ਦੀ ਅਜ਼ਾਦੀ ਹੋਰ ਅੱਗੇ ਪੈ ਜਾਵੇਗੀ। ਇਸ ਲਈ ਤੁਹਾਡਾ ਜਾਣਾ ਮੁਨਾਸਿਬ ਨਹੀਂ।" ਸਰਦਾਰ ਬਲਦੇਵ ਸਿੰਘ ਬੁਨਿਆਦੀ ਤੌਰ 'ਤੇ ਇਕ ਉਦਯੋਗਪਤੀ ਤੇ ਤਜ਼ਾਰਤੀ ਵਿਚਾਰਾਂ ਦਾ ਮਾਲਕ ਸੀ। ਸਿਆਸਤ ਉਸ ਦੇ ਵੱਸ ਦੀ ਗੱਲ ਨਹੀਂ ਸੀ। ਜਿਨਾਹ ਤੇ ਨਹਿਰੂ ਵਰਗੇ ਘਾਗ ਸਿਆਸਤਦਾਨਾਂ ਸਾਹਮਣੇ ਉਹ ਅਨਾੜੀ ਸੀ। ਉਸ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਹ ਮਾਸਟਰ ਤਾਰਾ ਸਿੰਘ ਨੂੰ ਪੰਥ ਦੀ ਸੇਵਾਦਾਰੀ ਲਈ ਆਰਥਿਕ ਤੌਰ ਤੇ ਮਦਦ ਕਰਦਾ ਸੀ।

ਮਿਸਟਰ ਚਰਚਿਲ ਉਡੀਕਦਾ ਰਿਹਾ ਪਰ ਸਰਦਾਰ ਹੋਰੀਂ ਬਾਕੀ ਦੋਹਾਂ ਪ੍ਰੌੜ ਨੇਤਾਵਾਂ ਨਾਲ ਜਹਾਜ਼ੇ ਬੈਠ ਕੇ ਭਾਰਤ ਆ ਗਏ। ਸਿੱਖ ਕੌਮ ਨੂੰ ਸਰਦਾਰ ਬਲਦੇਵ ਸਿੰਘ ਦੀ ਨਲਾਇਕੀ ਦਾ ਬੜੀ ਦੇਰ ਬਾਅਦ ਪਤਾ ਲੱਗਾ ਸੀ। ਉਸ ਵਕਤ ਪਾਣੀ ਪੁਲਾਂ ਦੇ ਹੇਠੋਂ ਲੰਘ ਚੁੱਕਾ ਸੀ। ਕਹਿੰਦੇ ਹਨ ਸ੍ਰ. ਬਲਦੇਵ ਸਿੰਘ ਨੇ ਆਪਣੇ ਨਿੱਜੀ ਸਰਕਲ ਵਿਚ ਇਸ ਮਹਾਨ ਗਲਤੀ ਦਾ ਅਹਿਸਾਸ ਕੀਤਾ ਸੀ ਪਰ ਉਸ ਵਕਤ ਪਛਤਾਵੇ ਤੋਂ ਬਿਨਾਂ ਕੁਝ ਵੀ ਨਹੀਂ ਕੀਤਾ ਜਾ ਸਕਦਾ ਸੀ। ਚਿੜੀਆਂ ਖੇਤ ਚੁੱਗ ਚੁੱਕੀਆ ਸਨ।

ਅਜ਼ਾਦੀ ਤੋਂ ਫੌਰਨ ਬਾਅਦ ਭਾਰਤ ਸਰਕਾਰ ਨੂੰ ਹਿੰਦੂ ਨੇਤਾਵਾਂ ਦੀ ਅੰਦਰੂਨੀ ਸੋਚ ਦੀ ਭਿਣਕ ਪੈਣੀ ਸ਼ੁਰੂ ਹੋ ਗਈ। ਪਹਿਲਾਂ ਤਾਂ ਵਿਧਾਨ ਸਭਾ ਵਿਚ ਸਿੱਖਾਂ ਨੂੰ ਇਕ ਸੰਪੂਰਨ ਕੌਮ ਦੇ ਦਰਜੇ ਤੋਂ ਵਿਰਵੇ ਕੀਤਾ ਗਿਆ। ਮੈਂਬਰ ਸਿੱਖਾਂ ਨੇ ਵਿਧਾਨ ਅਸਹਿਮਤੀ ਵਜੋਂ ਆਪਣੇ ਦਸਤਖ਼ਤ ਨਾ ਕੀਤੇ। ਪਰ ਇਸ ਦਾ ਦਿੱਲੀ ਦੇ ਨੇਤਾਵਾਂ ਨੇ ਕੋਈ ਖ਼ਾਸ ਨੋਟਿਸ ਨਾ ਲਿਆ। ਤਕਰੀਬਨ ਇਸ ਸਮੇਂ ਫ਼ਿਰਕੂ ਕਾਂਗਰਸੀ ਲੀਡਰ ਸਰਦਾਰ ਪਟੇਲ ਨੇ, ਜੋ ਕਿ ਉਸ ਵਕਤ ਦਾ ਗ੍ਰਹਿ ਮੰਤਰੀ ਸੀ ਨੇ ਇਕ ਗੁਪਤ ਸਰਕੂਲਰ ਰਾਹੀਂ ਸਿੱਖ ਅਬਾਦੀ ਵਾਲੇ ਡੀ.ਸੀਆਂ ਨੂੰ ਸੂਚਿਤ ਕੀਤਾ ਸੀ ਕਿ ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹੈ ਤੇ ਇਸ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇ। ਇਸ ਲਈ ਸਿੱਖਾਂ ਦੇ ਰੋਸ ਨੂੰ ਸਖ਼ਤੀ ਨਾਲ ਦਬਾ ਦਿੱਤਾ ਗਿਆ ਅਤੇ ਜਿਸ ਸਿੱਖ ਡੀ.ਸੀ. ਸ੍ਰ. ਕਪੂਰ ਸਿੰਘ ਨੇ ਇਸ ਗੁਪਤ ਕਾਰਵਾਈ ਨੂੰ ਜ਼ਾਹਿਰ ਕੀਤਾ ਸੀ, ਉਸ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿੱਤਾ ਗਿਆ। ਸਿੱਖਾਂ ਦੇ ਲੀਡਰਾਂ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਯਾਦ ਕਰਵਾਇਆ ਉਸ ਨੇ ਕਲਕੱਤਾ ਵਿਖੇ ਸਿੱਖਾਂ ਨੂੰ ਉਤਰੀ ਭਾਰਤ ਵਿਚ ਇਕ ਵੱਖਰਾ ਖਿੱਤਾ ਸੌਂਪਣ ਦਾ ਵਾਅਦ ਕੀਤਾ ਕਿਉਂਕਿ ਸਿੱਖਾਂ ਨੇ ਦੇਸ਼ ਲਈ ਅਜ਼ੀਮ ਕੁਰਬਾਨੀਆਂ ਦਿੱਤੀਆਂ ਸਨ ਪਰ ਪ੍ਰਧਾਨ ਮੰਤਰੀ ਨੇ ਸਾਫ਼ ਮੁਕਰਦੇ ਹੋਏ ਆਖਿਆ, "ਹੁਣ ਹਾਲਾਤ ਬਦਲ ਚੁੱਕੇ ਹਨ। ਅਜਿਹੇ ਮੌਕੇ ਉਨ੍ਹਾਂ ਦਾ ਇਹ ਮੰਗ ਮੰਨਣੀ ਅਸੰਭਵ ਹੈ। ਕਿਉਂਕਿ ਇਸ ਨਾਲ ਦੇਸ਼ ਦੇ ਹੋਰ ਟੋਟੇ ਹੋ ਸਕਦੇ ਹਨ।" ਸਿੱਖ ਲੀਡਰ ਨਿੰਮੂਝੂਣੇ ਹੋ ਕੇ ਵਾਪਸ ਆ ਗਏ।

ਸਿੱਖਾਂ ਦੀਆ ਜਾਇਜ਼ ਮੰਗਾਂ ਤਾਂ ਠੁਕਰਾ ਦਿੱਤੀਆਂ ਗਈਆਂ। ਸਗੋਂ ਦਿੱਲੀ ਦੇ ਲੀਡਰਾਂ ਦੇ ਦਿਲਾਂ ਵਿਚ ਸਿੱਖਾਂ ਪ੍ਰਤੀ ਸ਼ੱਕ-ਸ਼ਭੇ ਹੋਣ ਲੱਗੇ। ਉਨ੍ਹਾਂ ਜੇ ਪੰਜਾਬੀ ਸੂਬੇ ਦੀ ਗੱਲ ਕੀਤੀ ਤਾਂ ਉਹ ਸਮਝਣ ਲੱਗੇ ਕਿ ਸਿੱਖ ਵੱਖ ਹੋਣਾ ਚਾਹੁੰਦੇ ਹਨ। ਬੜੀਆਂ ਕੁਰਬਾਨੀਆਂ ਤੇ ਸੰਘਰਸ਼ ਬਾਅਦ ਹੀ ਇਕ ਲੰਗੜਾ ਜਿਹਾ ਪੰਜਾਬੀ ਸੂਬਾ ਹੋਂਦ ਵਿਚ ਆਇਆ। ਕਾਣੀ ਵੰਡ ਕਰਕੇਂ ਸਿੱਖਾਂ ਨਾਲ ਧੱਕੇਸ਼ਾਹੀ ਕੀਤੀ ਗਈ। ਇਵੇਂ ਹੀ ਜਦੋਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਨ ਦੀ ਗੱਲ ਤੁਰੀ ਤਾਂ ਕੇਂਦਰ ਸਰਕਾਰ ਆਖਣ ਲੱਗੀ, "ਸਿੱਖ ਖਾਲਿਸਤਾਨ ਚਾਹੁੰਦੇ ਹਨ।" ਹਾਲਾਂਕਿ ਸਿੱਖਾਂ ਵਲੋਂ ਅਜਿਹੀ ਕੋਈ ਮੰਗ ਨਹੀਂ ਸੀ। 1984 ਵਿਚ ਵੀ ਖਾਲਿਸਤਾਨ ਸਿੱਖ ਕੌਮ ਦੇ ਮੂੰਹ ਵਿਚ ਜ਼ਬਰਦਸਤੀ ਪਾਈ ਗਈ ਤੇ ਉਨ੍ਹਾਂ ਨੂੰ ਸਾਰੇ ਆਲਮ ਵਿਚ ਅੱਤਵਾਦੀ ਤੇ ਦਹਿਸ਼ਤਗਰਦ ਕਰਕੇ ਭੰਡਿਆ ਗਿਆ। ਹਜ਼ਾਰਾਂ ਸਿੱਖ ਪੁਲੀਸ ਤੇ ਸੈਨਾਂ ਦੀਆਂ ਗੋਲੀਆਂ ਦਾ ਸ਼ਿਕਾਰ

ਹੋਏ ਤੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ ਰੱਖਿਅਕਾਂ ਦੁਆਰਾ ਕਤਲ ਕੀਤੇ ਜਾਣ ਉਪਰੰਤ, ਸਾਰੀ ਸਿੱਖ ਕੌਮ ਨੂੰ ਇਸ ਦਾ ਕਾਤਲ ਸਮਝ ਕੇ ਦਿੱਲੀ ਦੇ ਬਾਜ਼ਾਰਾਂ ਵਿਚ ਸਿੱਖਾਂ ਨੂੰ ਜਿਊਂਦੇ ਅੱਗ ਲਗਾ ਕੇ ਮਾਰਿਆ ਗਿਆ। ਸਿੱਖਾਂ ਨੂੰ ਇਹ ਭਾਰੀ ਸਬਕ ਸਿਖਾਉਣ ਵਾਲੀ ਗੱਲ ਸੀ।

ਅਸਲ ਵਿਚ ਜਦੋਂ ਇਕ ਵਾਰੀ ਵਤਰ ਖੁੰਝ ਜਾਵੇ ਤਾਂ ਵਕਤ ਫਿਰ ਹੱਥ ਨਹੀਂ ਆਉਂਦਾ। 1947 ਵੇਲੇ ਜੇਕਰ ਸਿੱਖ ਨੇਤਾ ਚੇਤੰਨ ਤੇ ਚੌਕਸ ਰਹਿੰਦੇ ਤੇ ਸਿੱਖ ਰਿਆਸਤ ਨੂੰ ਦੋਬਾਰਾ ਸਿੱਖਾਂ ਹਵਾਲੇ ਕਰਨ ਦੀ ਗੱਲਬਾਤ ਚੱਲ ਸਕਦੀ ਸੀ ਤੇ ਕੱਟ ਵੱਢ ਕਰਕੇ ਸਿੱਖ ਰਿਆਸਤਾਂ ਦਾ ਵੱਡਾ ਹਿੱਸਾ ਸਿੱਖਾਂ ਨੂੰ ਵਾਪਸ ਸੌਂਪਿਆ ਜਾ ਸਕਦਾ ਸੀ। ਹੈਦਰਾਬਾਦ ਤੇ ਜੰਮੂ ਕਸ਼ਮੀਰ ਵਰਗੀਆਂ ਰਿਆਸਤਾਂ, ਉਨ੍ਹਾਂ ਦੇ ਹਾਕਮਾਂ ਨੂੰ ਸੌਂਪੀਆਂ ਗਈਆਂ ਸਨ। ਇਸੇ ਤਰ੍ਹਾਂ ਸਿੱਖ ਸਲਤੱਨਤ ਪੰਥ ਨੂੰ ਮੋੜੀ ਜਾ ਸਕਦੀ ਸੀ। ਉਹ ਵੇਲਾ ਸਦਾ ਲਈ ਖੁੰਝ ਗਿਆ। ਜੋ ਬੀਤ ਗਈ ਉਹ ਬਾਤ ਗਈ। ਹੁਣ ਕੱਚੀਆਂ ਛੇੜਾਂ ਛੇੜਨਾ ਬਚਕਾਨਾਪਨ ਹੈ। ਅਜਿਹਾ ਕਰਕੇ ਅਸੀਂ ਆਪਣਾ ਬੇਪਨਾਹ ਨੁਕਸਾਨ ਕਰ ਚੁੱਕੇ ਹਾਂ। ਹੋਰ ਨੁਕਸਾਨ ਦੀ ਕੱਤਈ ਗੁੰਜਾਇਸ਼ ਨਹੀਂ। ਸਗੋਂ ਸੰਭਲਣ ਦੀ ਲੋੜ ਹੈ।

ਹੁਣ ਸਾਨੂੰ ਸੰਭਾਲ ਕੇ ਵੇਲੇ ਦੇ ਹਾਣੀ ਬਣਨਾ ਚਾਹੀਦਾ ਹੈ। ਸਾਨੂੰ ਗੁਰੂ ਸਾਹਿਬਾਨ ਦੇ ਦਰਸਾਏ ਹੋਏ ਮਾਰਗ ਉੱਪਰ ਚੱਲ ਕੇ ਆਪਣੇ ਜੀਵਨ ਨੂੰ ਸੁਧਾਰਨਾ ਤੇ ਸੰਵਾਰਨਾ ਚਾਹੀਦਾ ਹੈ। ਗੁਰਬਾਣੀ ਸਾਡੇ ਜੀਵਨ ਦਾ ਪੂਰਾ ਮਾਰਗ ਦਰਸ਼ਨ ਕਰਦੀ ਹੈ। ਅਸੀਂ ਇਸ ਦੇ ਮਾਰਗ ਤੋਂ ਭਟਕੇ ਬਹੁਤ ਖੱਜਰ ਖਵਾਰ ਹੋਏ ਹਾਂ। ਅਸੀਂ ਪਾਣੀ ਨੂੰ ਰਿੜਕ ਰਹੇ ਹਾਂ। ਸਾਡੇ ਖੁਦਗਰਜ਼ ਤੇ ਨਾਲਾਇਕ ਆਗੂਆਂ ਨੇ ਸਾਨੂੰ ਲੁੱਟਣ ਤੋਂ ਸਿਵਾ ਹੋਰ ਕੋਈ ਕਾਰਜ ਨਹੀਂ ਕੀਤਾ। ਸਿੱਖ ਜਿਥੇ ਵੀ ਵੱਸਦੇ ਹਨ, ਦੇਸ਼ ਜਾਂ ਵਿਦੇਸ਼ ਵਿਚ, ਉਹੀ ਸਾਡੇ ਲਈ ਖਾਲਿਸਤਾਨ ਹੈ। ਜਿਥੇ ਅਸੀਂ ਭਾਰਤ ਨੂੰ ਵੀ ਸਿੱਖ ਕੌਮ ਉੱਪਰ ਗੌਰਵ ਹੋਣਾ ਚਾਹੀਦਾ ਹੈ। ਜੇਕਰ ਕੁਝ ਮਤਲਬੀ ਹਿੰਦੂ ਨੇਤਾ ਸਿੱਖਾਂ ਨਾਲ ਵਿਤਕਰੇਬਾਜ਼ੀ ਕਰਨਗੇ ਜਾਂ ਉਨ੍ਹਾਂ ਦੇ ਧਰਮ ਵਿਚ ਖਾਹ-ਮਖਾਹ ਦਖਲਅੰਦਾਜ਼ੀ ਕਰਨਗੇ ਤਾਂ ਇਸ ਤਰ੍ਹਾਂ ਦੋਹਾਂ ਕੌਮਾਂ ਵਿਚ ਮੱਤਭੇਦ ਪੈਦਾ ਹੋ ਸਕਦੇ ਹਨ। ਪਹਿਲਾਂ ਹੀ ਦੋਹਾਂ ਕੌਮਾਂ ਵਿਚ ਕੁਝ ਮੱਤਭੇਦ ਪੈਦਾ ਹੋ ਚੁੱਕੇ ਹਨ। ਸਾਨੂੰ ਇਕ ਦੂਜੇ ਨਾਲ ਸੰਪੂਰਨ ਸਹਿਯੋਗ ਰਾਹੀਂ ਭਾਰਤ ਨੂੰ ਸ਼ਕਤੀਸ਼ਾਲੀ ਬਣਾਉਣਾ ਚਾਹੀਦਾ ਹੈ। ਗੁੱਸੇ ਗਿਲ੍ਹੇ ਤੇ ਇਕ ਦੂਜੇ ਦੀਆਂ ਗੁਸਤਾਖ਼ੀਆਂ ਛੱਡ ਕੇ, ਆਪਣੇ ਆਪ ਨੂੰ ਪੂਰੀ ਤਰ੍ਹਾਂ ਭਾਰਤ ਦੇ ਸਮਰਪਿਤ ਕਰਨਾ ਚਾਹੀਦਾ ਹੈ।

ਸਿੱਖ ਸਰਬੱਤ ਦੇ ਭਲੇ ਅਤੇ ਆਪਸੀ ਸਾਂਝੀਵਾਲਤਾ ਵਿਚ ਯਕੀਨ ਰੱਖਦੇ ਹਨ। ਸਾਡੇ ਲਈ ਭਾਰਤ ਵਿਚ ਕੋਈ ਬੇਗਾਨਾ ਨਹੀਂ। ਸਿੱਖ ਪੂਰੀ ਤਰ੍ਹਾਂ ਭਾਰਤ ਨਾਲ ਆਪਣੀ ਕਿਸਮਤ ਜੋੜ ਚੁੱਕੇ ਹਨ। ਸਿੱਖਾਂ ਨਾਲ ਜੋ ਹਿੰਦੂ ਵੀਰਾਂ ਨੇ ਵਧੀਕੀਆਂ ਜਾਂ ਬਦਤਮੀਜ਼ੀਆਂ ਕੀਤੀਆਂ ਹਨ, ਉਨ੍ਹਾਂ ਲਈ ਸੱਚੇ ਦਿਲੋਂ ਸਿੱਖ ਕੌਮ ਕੋਲੋਂ ਮਾਫ਼ੀ ਮੰਗਣੀ ਚਾਹੀਦੀ ਹੈ। ਹਿੰਦੂਆਂ ਵਿਚ ਜੋ ਫ਼ਿਰਕੂ ਤੇ ਜਨੂੰਨੀ ਜਥੇਬੰਦੀਆਂ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਨੱਥ ਪਾ ਕੇ ਰੱਖਣੀ ਚਾਹੀਦੀ ਹੈ ਤਾਂ ਕਿ ਉਹ ਭਾਰਤ ਦੀ ਫ਼ਿਰਕੂ ਸਦਭਾਵਨਾ ਨੂੰ ਕਾਇਮ ਰੱਖ ਸਕਣ। ਕਾਲੀਆਂ ਭੇਡਾਂ ਹਰੇਕ ਧਰਮ ਵਿਚ ਹੁੰਦੀਆਂ ਹਨ, ਉਨ੍ਹਾਂ ਨੂੰ

ਨਕੇਲ ਪਾ ਕੇ ਮੁੱਖ ਧਾਰਾ ਵਿਚ ਲਿਆਉਣਾ ਚਾਹੀਦਾ ਹੈ। ਫ਼ਿਰਕੂ ਏਕਤਾ ਇਸ ਵੇਲੇ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਸਿੱਖਾਂ ਦੀ ਸੋਚ ਹੀ ਨਿਰਾਲੀ ਹੈ। ਭਾਰਤ ਕੀ ਇਨ੍ਹਾਂ ਲਈ ਸਾਰਾ ਵਿਸ਼ਵ ਹੀ ਖ਼ਾਲਿਸਤਾਨ ਹੈ। ਖਾਲਸਾ ਪੰਥ ਅਕਾਲ ਪੁਰਖ ਦਾ ਰੂਪ ਹੈ—ਇਸ ਕੋਲੋਂ ਮਹਾਨ ਤੇ ਵਿਸ਼ਾਲੀ ਹਿਰਦੇ ਦੀ ਉਮੀਦ ਰੱਖਣੀ ਚਾਹੀਦੀ ਹੈ। ਸਿੱਖ ਤਾਂ ਸਾਰੇ ਹਿੰਦੂ-ਮੁਸਲਿਮ ਵੀਰਾਂ ਨੂੰ ਖ਼ਾਲਸੇ ਸਾਜ ਕੇ, ਭਾਰਤ ਦੇ ਸੱਚੇ ਸਪੂਤ ਬਣਾਉਣਾ ਚਾਹੁੰਦੇ ਹਨ।

# ਸਿੱਖਾਂ ਦੀ ਬਾਰ-ਬਾਰ ਦੁਰਗੱਤ ਕਿਉਂ ਹੁੰਦੀ ਹੈ ?

ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ? ਆਮ ਜੀਵਨ ਵਿਚ ਅਸੀਂ ਆਪਣੀ ਮੰਦੀ ਹਾਲਤ ਦੀ ਜ਼ਿੰਮੇਵਾਰ ਕਿਸਮਤ ਨੂੰ ਮੰਨਦੇ ਹਾਂ। ਚੰਗੇ ਦਿਨਾਂ ਲਈ ਅਸੀਂ ਆਪਣੇ ਆਪ ਨੂੰ ਸਲਾਹੁੰਦੇ ਹਾਂ। ਇਹ ਰਵੱਈਆ ਜਿਥੇ ਕਿਸੇ ਵਿਅਕਤੀ ਲਈ ਗਲਤ ਹੈ, ਉਸੇ ਤਰ੍ਹਾਂ ਕਿਸੇ ਕੌਮ ਦੀ ਅਧੋਗਤੀ ਤੇ ਢਹਿੰਦੀ ਕਲਾ ਦਾ ਜ਼ਿੰਮੇਵਾਰ ਉਸ ਕੌਮ ਨੂੰ ਹੀ ਮੰਨਦੇ ਹਾਂ। ਨਾਨੀ ਖਸਮ ਕਰੇ ਦੋਹਤਰਾ ਕਾਹਦੇ ਲਈ ਉਸ ਦੀ ਚੱਟੀ ਭਰੇ ? ਨਾਨੀ ਨੂੰ ਹੀ ਚੱਟੀ ਭਰਨੀ ਪਵੇਗੀ। ਆਮ ਇਤਿਹਾਸਕਾਰਾਂ ਦਾ ਰੁਝਾਨ ਹੈ ਕਿ ਜਦੋਂ ਵੀ ਪੰਥ ਉੱਪਰ ਖ਼ਤਰੇ ਦੇ ਬੱਦਲ ਮੰਡਰਾਏ ਤਾਂ ਇਸ ਦਾ ਜ਼ਿੰਮੇਵਾਰ ਉਸ ਵਕਤ ਦੇ ਧਰਮ ਜਾਂ ਹਾਕਿਮ ਨੂੰ ਮੰਨਿਆ ਗਿਆ। ਅਠਾਰਵੀਂ ਸਦੀ ਵਿਚ ਸਿੱਖਾਂ ਨੂੰ ਕੁਠਾਲੀ ਵਿਚੋਂ ਲੰਘਣਾ ਪਿਆ। ਅਸੀਂ ਇਸ ਮੁਸੀਬਤ ਦਾ ਕਾਰਨ ਕੇਵਲ ਮੁਸਲਮਾਨਾਂ ਨੂੰ ਮੰਨਦੇ ਹਾਂ। ਇਹ ਦੋਸ਼ ਪੂਰਾ ਦਰੁੱਸਤ ਨਹੀਂ ਹੈ। ਉਸ ਵਕਤ ਦੇ ਸਾਡੇ ਹਿੰਦੂ ਭਰਾ ਵੀ ਸਿੱਖਾਂ ਨੂੰ ਜ਼ਲੀਲ ਤੇ ਖਤਮ ਕਰਨ ਵਿਚ ਤੁੱਲੇ ਹੋਏ ਸਨ। ਦੀਵਾਨ ਸੁੱਚਾਨੰਦ, ਚੰਦੂ ਲਾਲ ਤੇ ਦੀਵਾਨ ਲੱਖਪਤ ਰਾਏ ਸਿੱਖਾਂ ਦੇ ਜਾਨੀ ਦੁਸ਼ਮਣ ਸਨ ਤੇ ਉਹ ਹਰ ਹੀਲੇ ਸਿੱਖ ਧਰਮ ਨੂੰ ਨੀਵਾਂ ਵਿਖਾਉਣ ਲਈ ਤਿਆਰ ਰਹਿੰਦੇ ਸਨ। ਇਸ ਤੋਂ ਇਲਾਵਾ ਗੁਰੂ ਘਰ ਦੇ ਦੋਖੀ ਸੋਢੀ ਪਰਿਵਾਰ ਦੇ ਉਹ ਮੈਂਬਰ ਜਿਨ੍ਹਾਂ ਨੂੰ ਗੁਰਗੱਦੀ ਨਸੀਬ ਨਹੀਂ ਹੋਈ ਸੀ, ਉਹ ਸਾਡੇ ਗੁਰੂ ਸਾਹਿਬਾਨ ਨੂੰ ਪ੍ਰੇਸ਼ਾਨ ਕਰਨ ਲਈ ਪੂਰੀ ਵਾਹ ਲਗਾ ਰਹੇ ਸਨ। ਗੁਰੂ ਅਰਜਨ ਦੇਵ ਦੇ ਵੱਡੇ ਭਰਾ ਭਾਈ ਭਗਤਾ ਸ੍ਰੀ ਪ੍ਰਿਥੀ ਚੰਦ ਨੇ ਤਲਖ਼ੀ ਤੇ ਨਫ਼ਰਤ ਸਹਿਤ ਆਪਣੇ ਆਪ ਨੂੰ ਗੁਰੂ ਘੋਸ਼ਿਤ ਕਰ ਦਿੱਤਾ ਸੀ ਤੇ ਉਹ ਆਪਣੀ ਬਾਣੀ ਲਿਖ ਕੇ ਸਿੱਖਾਂ ਨੂੰ ਗੁੰਮਰਾਹ ਕਰ ਰਹੇ ਸਨ। ਇਸੇ ਤਰ੍ਹਾਂ ਗੁਰੂ ਹਰਗੋਬਿੰਦ ਵੇਲੇ ਜਦੋਂ ਬਾਬਾ ਗੁਰਦਿੱਤਾ ਦੇ ਪੁੱਤਰ ਹਰਿ ਰਾਏ ਨੂੰ ਗੁਰਗੱਦੀ ਨੂੰ ਬਖਸ਼ੀ ਗਈ ਤਾਂ ਧੀਰ ਮੱਲ ਨੇ ਉਨ੍ਹਾਂ ਵਿਰੁੱਧ ਪੂਰਾ ਜ਼ਹਿਰ ਉਗਲਿਆ। ਇਸੇ ਤਰ੍ਹਾਂ ਜਦੋਂ ਰਾਮ ਰਾਏ ਦੀ ਜਗ੍ਹਾ ਸ੍ਰੀ ਹਰਿ ਕ੍ਰਿਸ਼ਨ ਨੂੰ ਗੱਦੀ ਸੌਂਪੀ ਗਈ ਤਾਂ ਰਾਮ ਰਾਏ ਨੇ ਦਿੱਲੀ ਵਿਚ ਜਾ ਕੇ ਆਪਣੇ ਆਪ ਨੂੰ ਅੱਠਵਾਂ ਗੁਰੂ ਘੋਸ਼ਿਤ ਕਰ ਦਿੱਤਾ। ਮੁਗ਼ਲ ਸਰਕਾਰ ਉਸ ਦੀ ਪਿੱਠ ਤੇ ਸੀ। ਪਰ ਸੱਚਾਈ ਦੇ ਆਪਣੇ ਰੰਗ ਹੁੰਦੇ ਹਨ। ਝੂਠ ਤੇ ਪਾਖੰਡ ਦੇ ਪੈਰ ਨਹੀਂ ਹੁੰਦੇ। ਇਸ ਲਈ ਸਿੱਖ ਜਗਤ ਨੂੰ ਜਲਦੀ ਹੀ ਹਰਿ ਕ੍ਰਿਸ਼ਨ ਨੂੰ ਆਪਣਾ ਅੱਠਵਾਂ ਗੁਰੂ ਮੰਨ ਲਿਆ। ਫਿਰ ਝਗੜਾ ਨਾਵੇਂ ਗੁਰੂ ਦਾ ਪੈ ਗਿਆ ਤੇ ਬਾਬੇ ਬਕਾਲੇ ਵਿਖੇ ਬਾਈ ਜਾਣੇ, ਜਿਨ੍ਹਾਂ ਵਿਚੋਂ ਬਹੁਤੇ ਸੋਢੀ ਖਾਨਦਾਨ ਵਿਚੋਂ ਸਨ ਤੇ ਆਪਣੇ ਆਪ ਨੂੰ ਨੌਂਵਾਂ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਪਰ ਜਲਦੀ ਹੀ ਸੱਚਾਈ

ਸਾਹਮਣੇ ਆਈ ਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿੱਖਾਂ ਦਾ ਨੌਵਾਂ ਗੁਰੂ ਐਲਾਨਿਆ ਗਿਆ।

ਸੋਢੀ ਪਰਿਵਾਰ ਤੇ ਹੋਰ ਗੁਰੂ ਘਰ ਨਾਲ ਸੰਬੰਧਿਤ ਪਰਿਵਾਰ ਵਾਲਿਆਂ, ਨੌਵੇਂ ਗੁਰੂ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਵੇਸ਼ ਕਰਨ ਤੋਂ ਰੋਕ ਦਿੱਤਾ। ਇਹ ਨਫ਼ਰਤ ਤੇ ਈਰਖਾ ਦੀ ਇੰਤਹਾ ਸੀ। ਇਸੇ ਲਈ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੇਲੇ ਸ਼ਰੀਕ ਸੋਢੀਆਂ ਦੀਆਂ ਕਰਤੂਤਾਂ ਵੱਲ ਵੇਖਦਿਆਂ ਆਖਿਆ ਸੀ, "ਸੋਢੀ ਮੇਰੇ ਸਿੱਖ ਨਹੀਂ ਹੋਣਗੇ।" ਬਾਅਦ ਵਿਚ ਬਾਬਾ ਰਾਮ ਸਿੰਘ ਜੀ ਨੇ ਵੀ ਫ਼ੁਰਮਾਇਆ ਸੀ, "ਸ਼ੀਹੇ ਤੇ ਸੋਢਿਓ, ਰਖ ਲਈਂ ਕਰਤਾਰ।" ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਬੀੜ ਨੂੰ ਦਸਵੇਂ ਪਾਤਸ਼ਾਹ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਦੱਸਵੇਂ ਪਾਤਸ਼ਾਹ ਨੂੰ ਇਹ ਬੀੜ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਰਾਹੀਂ ਫਿਰ ਤਿਆਰ ਕਰਨੀ ਪਈ। ਇਹ ਸਭ ਕੁਝ ਸਿੱਖ ਜਗਤ ਦੀ ਬੇਇਤਫ਼ਾਕੀ ਕਾਰਨ ਹੋਇਆ। ਇਨ੍ਹਾਂ ਦੋਖੀਆਂ ਕਾਰਨ ਸਿੱਖ ਕੌਮ ਦੀ ਤੋਰ ਮੱਠੀ ਪੈ ਗਈ ਤੇ ਹੋਰ ਅਨੇਕਾਂ ਔਕੜਾਂ ਦਾ ਵੀ ਪੰਥ ਨੂੰ ਸਾਹਮਣਾ ਕਰਨਾ ਪਿਆ।

ਬਾਬਾ ਬੰਦਾ ਸਿੰਘ ਬਹਾਦਰ ਵੇਲੇ, ਬਾਬਾ ਬਿਨੋਦ ਸਿੰਘ ਤੇ ਉਸ ਦੇ ਪੁੱਤਰ ਕਾਹਨ ਸਿੰਘ ਨੇ ਸਿੱਖ ਪੰਥ ਨਾਲ ਘੋਰ ਗ਼ਦਾਰੀ ਕੀਤੀ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਕਿਲਾ ਗੁਰਦਾਸ ਨੰਗਲ ਵਿਚ ਚਾਰ-ਚੁਫ਼ੇਰਿਓਂ ਮੁਗ਼ਲ ਫ਼ੌਜਾਂ ਨਾਲ ਘਿਰ ਗਏ ਤਾਂ ਉਸ ਵਕਤ ਪੰਥ ਨੂੰ ਪੂਰੇ ਇਤਫ਼ਾਕ ਤੇ ਸੰਪੂਰਨ ਸਹਿਯੋਗ ਦੀ ਲੋੜ ਸੀ, ਉਸ ਵਕਤ ਇਹ ਪਿਓ-ਪੁੱਤਰ ਕੌਮ ਦੇ ਗ਼ਦਾਰ ਬਣ ਕੇ, ਮੁਗ਼ਲ ਫ਼ੌਜਾਂ ਦੀ ਸਹਾਇਤਾ ਨਾਲ ਸਹੀ ਸਲਾਮਤ ਕਿਲੇ ਤੋਂ ਬਾਹਰ ਨਿਕਲ ਗਏ। ਭਾਈ ਕਾਹਨ ਸਿੰਘ ਨੇ ਲਾਹੌਰ ਸੂਬੇਦਾਰ ਦੀ ਨੌਕਰੀ ਕਰ ਲਈ ਤੇ ਉਹ ਪੰਜ ਹਜ਼ਾਰ ਸਿੱਖ ਫ਼ੌਜਾਂ ਨਾਲ ਲਾਹੌਰ ਦਰਬਾਰ ਦੀ ਨੌਕਰੀ ਚਾਕਰੀ ਕਰਨ ਲੱਗਾ। ਇਹ ਪੰਥ ਲਈ ਬਹੁਤ ਦੁੱਖਦਾਈ ਸਮਾਂ ਸੀ। ਇਸ ਦੇ ਬਹੁਤੇ ਜ਼ਿੰਮੇਵਾਰ ਸਿੱਖ ਆਪ ਹੀ ਸਨ। ਮੁਸਲਮਾਨਾਂ ਨੇ ਤਾਂ ਸਿੱਖਾਂ ਦੀ ਮੁਖ਼ਾਲਫ਼ਿਤ ਕਰਨੀ ਹੀ ਸੀ। ਇਸ ਦਾ ਸਾਨੂੰ ਕੋਈ ਗਿਲ੍ਹਾ ਨਹੀਂ ਹੋਣਾ ਚਾਹੀਦਾ। ਜਦੋਂ ਸਿੱਖਾਂ ਨੇ ਆਪਣੇ ਜਰਨੈਲ ਹੀ ਫ਼ੌਜਾਂ ਸਮੇਤ ਭਗੌੜੇ ਹੋ ਕੇ ਦੁਸ਼ਮਣਾਂ ਨਾਲ ਮਿਲ ਜਾਣ ਤਾਂ ਸਿੱਖਾਂ ਦੀ ਦੁਰਗੱਤ ਹੋਣਾ ਲਾਜ਼ਮੀ ਸੀ। ਇਹ ਸਿੱਖ ਇਤਿਹਾਸ ਦਾ ਕਲੰਕਿਤ ਸਮਾਂ ਸੀ।

ਜਦੋਂ ਅਬਦਾਲੀ ਸਿੱਖਾਂ ਦਾ ਮਲੀਆਮੇਟ ਕਰਨ ਬਾਰੇ ਸੋਚ ਰਿਹਾ ਸੀ ਤਾਂ ਪੰਜਾਬ ਵਿਚ ਕਈ ਸਿੱਖ ਸਰਦਾਰ ਅਬਦਾਲੀ ਦੀਆਂ ਫੌਜਾਂ ਨੂੰ ਸੂਹੀਆਂ ਖ਼ਬਰਾਂ ਪੇਸ਼ ਕਰਕੇ, ਸਿੱਖਾਂ ਦਾ ਸਰਬ ਨਾਸ਼ ਕਰਨ ਲਈ ਸੋਚ ਰਹੀਆਂ ਸਨ। ਉਸ ਵਕਤ ਹੀ ਜੰਡਿਆਲਾ ਗੁਰੂ ਦੇ ਹੰਦਾਲੀਏ, ਜਿਨ੍ਹਾਂ ਨੂੰ ਗੁਰੂ ਘਰ ਨੇ ਘਪਲੇ ਕਰਨ ਲਈ ਸਿੱਖ ਪੰਥ ਤੋਂ ਸ਼ੇਕ ਰੱਖਿਆ ਸੀ, ਉਨ੍ਹਾਂ ਨੇ ਅਬਦਾਲੀ ਦੀਆਂ ਫ਼ੌਜਾਂ ਦੇ ਨਾਲ ਜਾ ਕੇ ਸਿੱਖਾਂ ਦੇ ਟਿਕਾਣੇ ਦੱਸੇ। ਇਸ ਮੁਖ਼ਬਰੀ ਕਾਰਨ ਵੱਡੇ ਘੱਲੂਘਾਰੇ ਵਿਚ ਪੈਂਤੀ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ। ਇਸੇ ਤਰ੍ਹਾਂ ਛੋਟੇ ਘੱਲੂਘਾਰੇ ਵਿਚ ਵੀ ਕੋਈ ਤੀਹ ਹਜ਼ਾਰ ਸਿੰਘਾਂ ਦਾ ਘਾਣ ਹੋਇਆ ਸੀ। ਇਸ ਵਿਚ ਵੀ ਮੁਕਾਮੀ ਮੁਖ਼ਬਰਾਂ ਨੇ ਪੰਥ ਦੀ ਪਿੱਠ ਲਾਈ ਸੀ। ਕੋਈ

ਵੇਲਾ ਸੀ ਜਦੋਂ ਮਹਾਰਾਜਾ ਪਟਿਆਲਾ ਵੀ ਅਬਦਾਲੀ ਦਾ ਸੂਹੀਆ ਬਣਿਆ ਸੀ। ਭਾਵੇਂ ਬਾਅਦ ਵਿਚ ਸਿੰਘਾਂ ਕੋਲੋਂ ਉਸ ਨੇ ਭੁੱਲ ਬਖਸ਼ਾ ਲਈ ਸੀ।

ਪੈਪਸੂ ਦੇ ਸਾਰੇ ਸਿੱਖ ਰਾਜੇ ਜਿਨ੍ਹਾਂ ਨੇ ਰਣਜੀਤ ਸਿੰਘ ਦੀ ਜਗ੍ਹਾ, ਅੰਗਰੇਜ਼ਾਂ ਨੂੰ ਆਪਣਾ ਸਰਦਾਰ ਮੰਨ ਕੇ, ਸਿੱਖ ਪੰਥ ਨਾਲ ਗ਼ਦਾਰੀ ਕੀਤੀ ਸੀ। ਇਨ੍ਹਾਂ ਨੇ ਖ਼ਾਲਸਾ ਪੰਥ ਨਾਲੋਂ ਆਪਣੇ ਜਾਤੀ ਹਿੱਤਾ ਨੂੰ ਤਰਜ਼ੀਹ ਦਿੱਤੀ ਤੇ ਖ਼ਾਲਸਾ ਪੰਥ ਦੀ ਪਿੱਠ ਲਵਾਈ। ਇਹ ਵੀ ਸਿੱਖ ਕੌਮ ਲਈ ਨਿਮੋਸ਼ੀ ਦਾ ਵੇਲਾ ਸੀ। ਅੰਗਰੇਜ਼ਾਂ ਦੇ ਰਾਜ ਵੇਲੇ ਬਹੁਤ ਸਾਰੇ ਸਿੱਖ ਸਰਦਾਰਾਂ ਨੇ ਅੰਮ੍ਰਿਤਸਰ ਵਿਚ ਮੀਟਿੰਗ ਕਰਕੇ ਇਕ ਮਤਾ ਪਾਸ ਕਰਕੇ ਮਹਾਰਾਜਾ ਦਲੀਪ ਸਿੰਘ ਨੂੰ ਲਿਖਿਆ ਸੀ, "ਪ੍ਰਮਾਤਮਾ ਤੁਹਾਨੂੰ ਸੁਮੱਤ ਬਖ਼ਸ਼ੇ। 'ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹੋ। ਅਸੀਂ ਬਰਤਾਨੀਆ ਸਰਕਾਰ ਦੀ ਸਰਪ੍ਰਸਤੀ ਹੇਠ ਬਹੁਤ ਖ਼ੁਸ਼ ਹਾਂ। ਸਾਨੂੰ ਮਾਣ ਹੈ ਕਿ ਮਲਕਾ ਵਿਕਟੋਰੀਆ ਨੇ ਸਾਡੇ ਉੱਪਰ ਅਹਿਸਾਨ ਕਰਕੇ, ਸਾਡੇ ਮੁਲਕ ਨੂੰ ਸਭਿਅਕ ਤੇ ਖੁਸ਼ਹਾਲ ਬਣਾਉਣ ਲਈ ਸਾਡੇ ਉੱਪਰ ਅਪਾਰ ਕ੍ਰਿਪਾ ਕੀਤੀ ਹੈ। ਮਹਾਰਾਜਾ ਸਾਹਿਬ ਅਸੀਂ ਮਲਿਕਾ ਵਿਕਟੋਰੀਆ ਦੀ ਸਲਤੱਨਤ ਅਧੀਨ ਬਹੁਤ ਖੁਸ਼ਨਸੀਬ ਹਾਂ। ਇਸ ਲਈ ਤੁਸੀਂ ਪੰਜਾਬ ਆਉਣ ਦਾ ਖ਼ਿਆਲ ਤਿਆਗ ਕੇ ਬਰਤਾਨੀਆ ਚਲੇ ਜਾਓ। ਇਸ ਵਿਚ ਤੁਹਾਡਾ ਅਸਾਡਾ ਤੇ ਸਮੁੱਚੇ ਪੰਥ ਦਾ ਭਲਾ ਹੈ। ਅਸੀਂ ਹਾਂ ਆਪ ਦੇ ਸ਼ੁਭਚਿੰਤਕ ਤੇ ਬਰਤਾਨੀਆ ਵਿਕਟੋਰੀਆ ਦੇ ਵਫ਼ਾਦਾਰ ਕੂਕਰ—ਸਰਬੱਤ ਸਿੱਖ ਸਰਦਾਰ।"

ਇਸ ਤੋਂ ਬਾਅਦ ਬਹੁਤ ਸਾਰੇ ਸਿੱਖ ਚੀਫ਼ੀਏ, ਸਿੰਘ ਸਭੀਏ ਤੇ ਗੁਰਦੁਆਰਿਆਂ ਦੇ ਮਹੰਤ, ਅੰਗਰੇਜ਼ ਸਰਕਾਰ ਦੇ ਦੁੰਮ-ਛੱਲੇ ਬਣ ਕੇ ਪੰਥ ਦੀ ਅਜ਼ਮਤ ਦੀ ਖੇਹ-ਖਰਾਬੀ ਕਰਨ ਲੱਗੇ। ਇਸ ਵਕਤਦ ਖ਼ੁਸ਼ਾਮਦੀਆਂ ਤੇ ਜੀ ਹਜ਼ੂਰੀਆਂ ਦਾ ਦੌਰ ਚੱਲ ਰਿਹਾ ਸੀ। ਇਹ ਸਭ ਦੁੱਧ ਪੀਣੇ ਮਜਨੂੰ ਸਨ। ਇਹ ਲੋਕ ਕਦੀ ਵੀ ਲੜਾਈ ਦੇ ਮੈਦਾਨ ਵਿਚ ਨਹੀਂ ਗਏ ਸਨ। ਇਨ੍ਹਾਂ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ ਸੀ। ਬਹੁਤ ਸਾਰੇ ਸਰਦਾਰ, ਜਿਹੜੇ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਜੀ ਹਜ਼ੂਰੀਏ ਸਨ, ਅੰਗਰੇਜ਼ਾਂ ਦੀ ਸ਼ਰਨ ਵਿਚ ਆ ਕੇ ਸਰਦਾਰ ਬਹਾਦਰ, ਜ਼ੈਲਦਾਰ ਤੇ ਸਫ਼ੈਦਪੋਸ਼ੀਏ ਬਣ ਗਏ। ਇਹ ਲੋਕ ਜਦੋਂ ਗੋਰੀ ਸਰਕਾਰ ਵਲੋਂ ਬਖਸ਼ੀਆਂ ਜਗੀਰਾਂ ਨਾਲ ਮਾਲਾਮਾਲ ਹੋ ਗਏ ਤਾਂ ਆਪਣੇ ਆਪ ਨੂੰ ਰਈਸ ਅਖਵਾਉਣ ਲੱਗੇ। ਇਹ ਰਾਤ-ਦਿਨ, ਅੰਗਰੇਜ਼ਾਂ ਦੇ ਸੂਹੀਏ ਬਣ ਕੇ ਸਾਡੇ ਦੇਸ਼ ਭਗਤਾਂ ਨੂੰ ਗ੍ਰਿਫ਼ਤਾਰ ਕਰਕੇ ਜਾਂ ਮਰਵਾ ਕੇ ਹੋਰ ਤਗਮੇਂ ਤੇ ਅਹੁਦੇ ਪ੍ਰਾਪਤ ਕਰਨ ਵਿਚ ਵਿਅਸਤ ਸਨ। ਜਿਸ ਵਹਿਸ਼ੀ ਜਨਰਲ ਨੇ ਜਲ੍ਹਿਆਂ ਵਾਲੇ ਬਾਗ ਵਿਚ ਨਿਰਦੋਸ਼ੇ ਦੇਸ਼ ਭਗਤਾਂ ਨੂੰ ਗੋਲੀਆਂ ਨਾਲ ਭੁੰਨਿਆ ਸੀ, ਉਸੇ ਜਨਰਲ ਨੂੰ ਉਸੇ ਰਾਤ ਨੂੰ ਹਰਿਮੰਦਰ ਸਾਹਿਬ ਦੇ ਜਥੇਦਾਰ ਸ੍ਰ. ਅਰੂੜ ਸਿੰਘ ਨੇ ਉਸ ਦੇ ਜੋਟੀਦਾਰਾਂ ਨੇ ਨਿੱਘਾ ਸਵਾਗਤ ਕੀਤਾ ਤੇ ਉਸ ਨੂੰ ਸੂਰਬੀਰ ਤੇ ਵਫ਼ਾਦਾਰ ਪੁਕਾਰ ਕੇ, ਉਸ ਨੂੰ ਸਿੱਖ ਬਣਨ ਦੀ ਵੀ ਦਾਹਵਤ ਦਿੱਤੀ ਜਿਸ ਨੂੰ ਉਸ ਨੇ ਨਕਾਰ ਦਿੱਤਾ ਸੀ।

ਜਦੋਂ ਸਾਡੀ ਕੌਮ ਵਿਚ, ਸਾਡੇ ਆਗੂ ਕਹਿਲਾਉਣ ਵਾਲੇ ਹੀ ਕੌਮ ਦੀ ਪਿੱਠ ਵਿਚ ਛੁਰੇ ਮਾਰਨ ਅਤੇ ਗ਼ੈਰਾਂ ਨਾਲ ਬਹਾਲਗੀਰ ਹੋਣ ਤਾਂ ਸਾਨੂੰ ਅਜਿਹੇ ਚੌਧਰੀਆਂ ਤੇ

ਸਰਦਾਰ ਬਹਾਦਰਾਂ ਤੋਂ ਬਹੁਤੀ ਉਮੀਦ ਰੱਖਣੀ ਫਜ਼ੂਲ ਹੈ। ਸਿੱਖੀ ਜਦੋਂ ਦੀ ਹੋਂਦ ਵਿਚ ਆਈ ਹੈ, ਇਸ ਦੇ ਦੋਖੀਆਂ ਨੇ ਇਸ ਦਾ ਪਿੱਛਾ ਨਹੀਂ ਛੱਡਿਆ। ਗੁਰੂ ਘਰ ਵਿਚ ਹਰੇਕ ਦਾਅਵੇਦਾਰ ਨੂੰ ਗੁਰਗੱਦੀ ਨਹੀਂ ਸੌਂਪੀ ਜਾ ਸਕਦੀ ਸੀ। ਇਹ ਬਾਦਸ਼ਾਹਤ ਵਾਲੀ ਗੱਦੀ ਨਹੀਂ ਸੀ। ਸਭ ਤੋਂ ਯੋਗ ਤੇ ਸਿੱਖੀ ਪੰਥ ਦੇ ਮਾਰਗ ਉੱਪਰ ਚੱਲਣ ਵਾਲੇ ਨੂੰ ਹਮੇਸ਼ਾ ਸਿੱਖੀ ਦੀ ਵਾਗਡੋਰ ਸੌਂਪੀ ਗਈ। ਪਰ ਇਸ ਵਿਚ ਸ਼ਰੀਕਾਚਾਰੀ ਨੇ ਸਿੱਖੀ ਦੇ ਮਾਰਗ ਵਿਚ ਅਣਗਿਣਤ ਔਕੜਾਂ ਖੜੀਆਂ ਕੀਤੀਆਂ। ਵਾਹਿਗੁਰੂ ਦੀ ਕ੍ਰਿਪਾ ਨਾਲ ਪੰਥ ਇਨ੍ਹਾਂ ਮੁਸੀਬਤਾਂ ਵਿਚੋਂ ਤਗੜਾ ਤੇ ਮਜ਼ਬੂਤ ਹੋ ਕੇ ਅੱਗੇ ਵਧਿਆ। ਸਾਰੇ ਸਿੱਖ ਇਤਿਹਾਸ ਵਿਚ ਕੋਈ ਵੀ ਅਜਿਹਾ ਸਮਾਂ ਨਹੀਂ ਸੀ ਜਦੋਂ ਸਿੱਖਾਂ ਨੂੰ ਬੁੱਕਲ ਦੇ ਸੱਪਾਂ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ।

ਅਜ਼ਾਦੀ ਉਪਰੰਤ ਸਿੱਖਾਂ ਨੇ ਆਪਣੇ ਇਤਿਹਾਸ ਤੋਂ ਕੁਝ ਨਹੀਂ ਸਿੱਖਿਆ। ਇਕ ਦੂਜੇ ਨੂੰ ਠਿੱਬੀ ਮਾਰ ਕੇ, ਅੱਗੇ ਨਿਕਲਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਗੁਰਦੁਆਰਿਆਂ ਦੇ ਪ੍ਰਬੰਧਕਾਂ ਦੀਆਂ ਆਪਸੀ ਖਹਿਬਾਜ਼ੀਆਂ ਨੇ ਸਿੱਖੀ ਨੂੰ ਬੇਹੱਦ ਬਦਨਾਮ ਕੀਤਾ ਹੈ। ਦੇਸ਼ ਹੋਵੇ ਜਾਂ ਵਿਦੇਸ਼ ਗੁਰਦੁਆਰਿਆਂ ਦੀ ਚੋਣ ਵੇਲੇ ਜੰਮ ਕੇ ਲੜਾਈਆਂ ਹੁੰਦੀਆਂ ਹਨ ਤੇ ਫਿਰ ਠਾਣਿਆਂ ਤੇ ਕਚਹਿਰੀਆਂ ਤੱਕ ਮੋਰਚੇ ਲਾਏ ਜਾਂਦੇ ਹਨ। ਕੀ ਅਸੀਂ ਆਪਣੇ ਗੁਰਧਾਮਾਂ ਦਾ ਪ੍ਰਬੰਧ ਸ਼ਾਂਤੀਪੂਰਵਕ ਨਹੀਂ ਕਰ ਸਕਦੇ। ਸਾਰੇ ਧਰਮਾਂ ਦੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਇੰਨੀ ਨਿਮਰਤਾ ਤੇ ਸੂਝ ਨਾਲ ਕੀਤਾ ਜਾਂਦਾ ਹੈ ਕਿ ਚੋਣਾਂ ਦਾ ਫ਼ੈਸਲਾ ਅੰਦਰ ਖਾਤੇ ਹੀ ਹੋ ਜਾਂਦਾ ਹੈ। ਸਾਡੇ ਕੋਲੋਂ ਅਜਿਹਾ ਕਿਉਂ ਨਹੀਂ ਹੁੰਦਾ ? ਅਸਾਂ ਹਜ਼ਾਰਾਂ ਸਿੱਖ ਦਰਬਾਰ ਸਾਹਿਬ ਵਿਚ ਮਰਵਾ ਲਏ, ਆਪਣੇ ਮੁਕੱਦਸ ਗੁਰਧਾਮ ਦੀ ਬੇਅਦਬੀ ਵੀ ਵਾਧੂ ਕਰਵਾ ਲਈ। ਹਜ਼ਾਰਾਂ ਸਿੱਖ ਦਿੱਲੀ ਵਿਚ ਮਰਵਾ ਲਏ। ਪੱਲੇ ਕੱਖ ਨਹੀਂ ਪਿਆ। ਅਸੀਂ ਆਪਸ ਵਿਚ ਇਤਨੇ ਲੀਰੋ-ਲੀਰ ਹੋਏ ਹਾਂ ਕਿ ਇਸ ਘੋਰ ਨਸਲਕੁਸ਼ੀ ਤੇ ਬੇਅਦਬੀ ਦਾ ਲੋਕ ਸਭਾ ਵਿਚ ਹਾਲੇ ਸ਼ੋਕ ਮਤਾ ਪਾਸ ਨਹੀਂ ਹੋਇਆ। ਸਾਡੇ ਅੱਧੇ ਕੁ ਸਿੱਖ ਕੇਂਦਰੀ ਸਰਕਾਰ ਦੀ ਬੋਲੀ ਬੋਲ ਰਹੇ ਹਨ। ਇਨਸਾਫ਼ ਕਿਥੋਂ ਮਿਲਣਾ ਹੈ। ਇਹ ਕਾਰਾ ਸਿੱਖ ਜਰਨੈਲਾਂ ਦੀ ਦੇਖ-ਰੇਖ ਹੇਠ ਕੀਤਾ ਗਿਆ ਸੀ ਤੇ ਸਿੱਖ ਰਾਸ਼ਟਰਪਤੀ ਮੂਕ ਹੋ ਕੇ ਇਹ ਸਾਰਾ ਸਾਕਾ ਆਪਣੇ ਮਹਿਲ ਵਿਚ ਬੈਠਾ ਵੇਖ ਰਿਹਾ ਸੀ। ਬਾਅਦ ਵਿਚ ਇਸੇ ਸਿੱਖ ਰਾਸ਼ਟਰਪਤੀ ਕੋਲੋਂ, ਸਿੱਖਾਂ ਦਾ ਕਤਲੇਆਮ ਤੇ ਅਕਾਲ ਤਖ਼ਤ ਦੀ ਲੜਾਈ ਜਿੱਤਣ ਵਾਲਿਆਂ ਨੂੰ ਤਗਮਿਆਂ ਨਾਲ ਨਿਵਾਜ਼ਿਆ ਗਿਆ। ਕੌਮ ਦੀ ਬਾਰ-ਬਾਰ ਹੇਠੀ ਅਤੇ ਜ਼ਲਾਲਤ ਹੋ ਰਹੀ ਹੈ ਪਰ ਅਸਾਡੇ ਪੰਥ ਰਤਨਾਂ ਨਾਲ ਨਿਵਾਜ਼ੇ ਸਿੱਖ ਵੀ ਬੇਵੱਸ ਹੋ ਕੇ ਸਿੱਖਾਂ ਦੀ ਇਹ ਦੁਰ-ਦਸ਼ਾ ਵੇਖ ਰਹੇ ਹਨ। ਉਨ੍ਹਾਂ ਆਹ ਦਾ ਨਾਹਰਾ ਨਹੀਂ ਮਾਰਿਆ। ਉਹ ਆਪਣੇ ਨਿੱਜੀ ਹਿੱਤਾਂ ਉਪਰੋਂ ਪੰਥ ਨੂੰ ਸੌ ਵਾਰੀ ਵਾਰ ਸਕਦੇ ਹਨ। ਜਿੰਨੀ ਦੇਰ ਸਾਰੀ ਕੌਮ ਇਕ ਜੁੱਟ ਹੋ ਕੇ ਆਪਣੇ ਪੰਥਕ ਮਾਮਲਿਆਂ ਨੂੰ ਨਹੀਂ ਨਜਿੱਠਦੀ ਅਤੇ ਆਪਣੇ ਨਿੱਜੀ ਮੁਫ਼ਾਦਾਂ ਦਾ ਤਿਆਗ ਨਹੀਂ ਕਰਦੀ, ਓਨੀ ਦੇਰ ਨਿਰੰਤਰ ਸਿੱਖਾਂ ਦੀ ਦੁਰਗੱਤ ਹੁੰਦੀ ਰਹੇਗੀ ਅਤੇ ਸਿੱਖੀ ਬਦਨਾਮ ਹੁੰਦੀ ਰਹੇਗੀ।

## ਪੰਜਾਬੀ ਹਿੰਦੂ ਸਿੱਖਾਂ ਪ੍ਰਤੀ ਈਰਖਕ ਕਿਉਂ ਹਨ ?

ਪੰਜਾਬੀ ਲੋਕ ਕਿਸੇ ਵੇਲੇ ਇਕ ਹੀ ਧਰਮ ਨਾਲ ਸੰਬੰਧ ਰੱਖਦੇ ਸਨ। ਇਹ ਸ਼ੁਰੂ ਤੋਂ ਹੀ ਖੁੱਲ੍ਹ ਦਿਲੇ ਸੁਭਾਅ ਦੇ ਮਾਲਕ ਸਨ। ਜਦੋਂ ਤੋਂ ਮੁਸਲਮਾਨਾਂ ਨੇ ਭਾਰਤ ਉੱਪਰ ਹਕੂਮਤ ਕਰਨੀ ਸ਼ੁਰੂ ਕੀਤੀ ਤਾਂ ਲੋਕ ਉਸ ਵਕਤ ਦੇ ਸ਼ਾਹੀ ਧਰਮ ਵੱਲ ਪਰਵਰਤਿਤ ਹੋ ਗਏ। ਇਹ ਪਰਿਵਰਤਨ ਪਿਆਰ ਤੇ ਤਲਵਾਰ ਦੋਹਾਂ ਨਾਲ ਹੋਇਆ। ਬਹੁਤ ਸਾਰੇ ਲੋਕ ਬਾਬਾ ਫ਼ਰੀਦ,ਚਿਸ਼ਤੀ ਇਸਲਾਮ ਧਾਰਨ ਕਰ ਗਏ ਸਨ। ਹਿੰਦੂ ਧਰਮ ਜਾਤਾਂ-ਪਾਤਾਂ ਤੇ ਫ਼ਿਰਕਿਆਂ ਵਿਚ ਵੰਡਿਆ ਹੋਇਆ। ਹਿੰਦੂ ਦੀਆਂ ਸਵਰਨ ਜਾਤੀਆਂ, ਦਲਿਤਾਂ ਤੇ ਸ਼ੂਦਰ ਲੋਕਾਂ ਨਾਲ ਕੋਈ ਭਾਈਚਾਰਾ ਨਹੀਂ ਰੱਖਦੇ ਸਨ। ਇਹ ਵਿਹਾਰ ਨਿਹਾਇਤ ਗ਼ੈਰ ਮਨੁੱਖੀ ਸੀ। ਇਸ ਵੇਲੇ ਦਾ ਲਾਹਾ ਲੈ ਕੇ ਦਲਿਤ ਲੋਕਾਂ ਨੇ ਇਸਲਾਮ ਨੂੰ ਗਲੇ ਲਾਉਣਾ ਹੀ ਮੁਨਾਸਿਬ ਸਮਝਿਆ। ਇਸਲਾਮ ਵਿਚ ਉਨ੍ਹਾਂ ਨੂੰ ਜੋ ਮਾਣ-ਤਾਣ ਮਿਲਿਆ ਜਿਹੜਾ ਕਦੀ ਵੀ ਹਿੰਦੂ ਧਰਮ ਵਿਚ ਨਹੀਂ ਮਿਲਿਆ ਸੀ। ਇਸ ਲਈ ਹੁਣ ਪੰਜਾਬੀ ਸਮਾਜ ਹਿੰਦੂ-ਮੁਸਲਮਾਨਾਂ ਵਿਚ ਵੰਡਿਆ। ਸਮੇਂ ਦੀਆਂ ਹਕੂਮਤਾਂ ਨੇ ਇਨ੍ਹਾਂ ਦੋਹਾਂ ਨੂੰ ਕਦੀ ਇਕ ਜੁੱਟ ਨਾ ਹੋਣ ਦਿੱਤਾ। ਇਸੇ ਤਰ੍ਹਾਂ ਬਾਅਦ ਵਿਚ ਪੰਜਾਬੀ ਹਿੰਦੂ ਸਿੱਖ ਧਰਮ ਵਿਚ ਪ੍ਰਵੇਸ਼ ਕਰ ਗਏ। ਸਿੱਖੀ ਵਿਚ ਆ ਕੇ ਦਲੇ-ਮਲੇ ਲੋਕਾਂ ਨੇ ਆਪਣੇ ਆਪ ਨੂੰ ਇਨਸਾਨ ਸਮਝਿਆ। ਪਹਿਲਾਂ ਪਹਿਲ ਸਿੱਖ ਧਰਮ ਵਿਚ ਛੋਟੀਆਂ ਜਾਤਾਂ ਦੇ ਹੀ ਲੋਕ ਆਏ ਸਨ। ਪੰਜ ਪਿਆਰੇ ਸਾਰੇ ਸਾਧਾਰਨ ਪਰਿਵਾਰਾਂ ਵਿਚੋਂ ਆਏ ਸਨ। ਹੁਣ ਪੰਜਾਬ ਵਿਚ ਤਿੰਨ ਕੌਮਾਂ ਹੋ ਗਈਆਂ—ਹਿੰਦੂ, ਮੁਸਲਮਾਨ ਤੇ ਸਿੱਖ। ਜਦੋਂ ਅੰਗਰੇਜ਼ਾਂ ਦਾ ਰਾਜ ਆਇਆ ਤਾਂ ਪੰਜਾਬੀ ਸਮਾਜ ਵਿਚ ਚੌਥੀ ਈਸਾਈ ਕੌਮ ਆ ਆਈ। ਇਹ ਵੀ ਲੋਕ ਹਿੰਦੂ ਧਰਮ ਤੇ ਉਨ੍ਹਾਂ ਪ੍ਰਤੀ ਦੁਰ-ਵਿਹਾਰ ਕਾਰਨ ਹੀ ਬਣੇ ਸਨ।

ਅਸੀਂ ਗੱਲ ਕਰਨੀ ਹੈ ਹਿੰਦੂ ਸਿੱਖਾਂ ਦੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਗਭਗ ਬਹੁਤੇ ਸਿੱਖ ਹਿੰਦੂ ਧਰਮ ਵਿਚੋਂ ਹੀ ਆਏ ਸਨ। ਹਿੰਦੂ ਧਰਮ ਵਿਚ ਜਾਤੀ ਵੰਡ ਕਾਰਨ ਛੋਟੀਆਂ ਜਾਤਾਂ ਹਮੇਸ਼ਾ ਤੰਗੀ ਦਾ ਜ਼ਲਾਲਤ ਭਰਿਆ ਜੀਵਨ ਬਤੀਤ ਕਰਦੇ ਸਨ। ਸਿੱਖ ਗੁਰੂ ਸਾਹਿਬਾਨ ਨੇ ਹਿੰਦੂ ਧਰਮ ਦੀ ਇਸ ਮਹਾਨ ਕੁਰੀਤੀ ਕਾਰਨ ਬ੍ਰਾਹਮਣਵਾਦ ਵਿਰੁੱਧ ਜ਼ਬਰਦਸਤ ਪ੍ਰਚਾਰ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਰਾਹੀਂ ਸਾਰੇ ਭਾਰਤ ਵਿਚ ਹਿੰਦੂ ਧਰਮ ਦੇ ਮੱਠਾਂ ਵਿਖੇ ਜਾ ਕੇ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਲਾਹੀ ਬਾਣੀ ਰਚ ਕੇ, ਆਪਣੇ ਵਿਚਾਰਾ ਨੂੰ ਗਾ ਕੇ ਪੇਸ਼ ਕੀਤਾ। ਸਾਧਾਰਨ ਲੋਕ ਧੜਾ ਧੜ ਇਨ੍ਹਾਂ ਦੇ ਸ਼ਿਸ਼ਅ ਬਣਨ ਲੱਗੇ, ਜਿਨ੍ਹਾਂ ਨੂੰ ਬਾਅਦ

ਵਿਚ ਲੋਕੀਂ ਸਿੱਖ ਆਖਣ ਲੱਗੇ। ਉਸ ਵਕਤ ਦੇ ਸਵਰਨ ਜਾਤੀ ਦੇ ਹਿੰਦੂਆਂ ਖ਼ਾਸ ਕਰਕੇ ਬ੍ਰਾਹਮਣਾਂ ਤੇ ਖੱਤਰੀਆਂ ਨੇ ਇਸ ਧਰਮ ਦੀ ਸਖ਼ਤ ਵਿਰੋਧਤਾ ਕੀਤੀ। ਮਲਿਕ ਭਾਗੋ ਨੂੰ ਵੀ ਇਹੀ ਸ਼ਿਕਾਇਤ ਸੀ ਕਿ ਉੱਚੀ ਕੁਲ ਦੇ ਗੁਰੂ ਨਾਨਕ ਦੇਵ, ਇਕ ਦਲਿਤ ਤਰਖਾਣ ਦੇ ਘਰ ਕਿਉਂ ਠਹਿਰੇ ਹਨ ਤੇ ਉਸ ਦੇ ਘਰ ਕਿਉਂ ਨਹੀਂ ਆਏ। ਇਹੀ ਵਿਚਾਰ ਬਾਈਧਾਰ ਦੇ ਹਿੰਦੂ ਰਾਜਪੂਤ ਰਾਜਿਆਂ ਦਸਵੇਂ ਪਾਤਸ਼ਾਹ ਕੋਲ ਪੇਸ਼ ਕੀਤੇ ਸਨ। ਇਹੀ ਗੱਲ ਗੁਰੂ ਅਮਰਦਾਸ ਵੇਲੇ, ਉਸ ਵਕਤ ਦੇ ਬਾਦਸ਼ਾਹ ਅਕਬਰ ਨੂੰ ਬੜੀ ਬੇਬਾਕੀ ਨਾਲ ਆਖੀ ਸੀ—ਪਹਿਲੇ ਪੰਗਤ ਪਾਛੇ ਸੰਗਤ। ਅਕਬਰ ਨੇ ਤਾਂ ਪੰਗਤ ਵਿਚ ਬਹਿ ਕੇ ਲੰਗਰ ਛਕ ਲਿਆ ਪਰ ਹਿੰਦੂ ਰਾਜਿਆਂ ਨੇ ਉਸ ਵਕਤ ਦੇ ਦਲਿਤਾਂ ਤੇ ਸ਼ੂਦਰਾਂ ਨਾਲ ਬੈਠ ਕੇ ਲੰਗਰ ਛਕਣ ਤੋਂ ਸਾਫ਼ ਨਾਂਹ ਕਰ ਦਿੱਤੀ। ਇਸ ਤਰ੍ਹਾਂ ਦੋਹਾਂ ਬਰਾਦਰੀਆਂ ਵਿਚ ਖ਼ਿਆਲੀ ਮੱਤਭੇਦ ਪੈਦਾ ਹੋ ਗਏ। ਇਹ ਮੱਤਭੇਦ ਲਗਾਤਾਰ ਵੱਧਦੇ ਰਹੇ।

ਹਿੰਦੂ ਧਰਮ ਤੇ ਸਿੱਖ ਧਰਮ ਵਿਚ ਕੁਝ ਬੁਨਿਆਦੀ ਅੰਤਰ ਹਨ। ਵਿਹਾਰਕ ਜੀਵਨ ਵਿਚ ਜਨਮ ਤੋਂ ਮਰਨ ਤੱਕ ਇਨ੍ਹਾਂ ਦੋਹਾਂ ਜਾਤੀਆਂ ਦੇ ਰੀਤੀ-ਰਿਵਾਜ਼ ਤੇ ਰਸਮਾਂ ਵੱਖਰੀਆਂ ਵੱਖਰੀਆਂ ਹਨ। ਮਰਨ ਵੇਲੇ ਇਕੋ ਸਾਂਝ ਹੈ ਕਿ ਇਹ ਦੋਵੇਂ ਧਰਮ ਆਪਣੇ ਮੁਰਦਿਆਂ ਨੂੰ ਸਾੜਦੇ ਹਨ। ਹੋਰ ਕੋਈ ਸਾਂਝ ਨਹੀਂ। ਹਿੰਦੂਆਂ ਵਾਂਗ, ਸਿੱਖ ਬੁੱਤ ਪੂਜਾ ਨਹੀਂ ਕਰਦੇ, ਦੇਵੀ-ਦੇਵਤਿਆਂ ਨੂੰ ਨਹੀਂ ਮੰਨਦੇ। ਛੂਤ-ਛਾਤ ਵਿਚ ਵਿਸ਼ਵਾਸ ਨਹੀਂ ਰੱਖਦੇ ਅਤੇ ਫੋਕਟ ਕਰਮਕਾਂਡਾਂ—ਜਗਰਾਤਿਆਂ, ਹਵਨਾਂ, ਯੱਗਾਂ, ਚਲੀਹਿਆਂ ਤੇ ਚੌਪਹਿਰਿਆਂ ਵਿਚ ਯਕੀਨ ਨਹੀਂ ਰੱਖਦੇ। ਇਨ੍ਹਾਂ ਅੰਤਰਾਂ ਨਾਲ ਦੋਵਾਂ ਧਰਮਾਂ ਦੀ ਬੁਨਿਆਦੀ ਸੋਚ ਵਿਚ ਫ਼ਰਕ ਆ ਜਾਂਦਾ ਹੈ। ਹਿੰਦੂ ਸਿੱਖ ਕਿਸੇ ਵੇਲੇ ਇਕ ਸਨ ਪਰ ਸਮੇਂ ਦੇ ਗੇੜ ਨਾਲ, ਇਨ੍ਹਾਂ ਦੇ ਨੈਣ ਨਕਸ਼ ਤੇ ਰੰਗ-ਰੂਪ ਜੁਦਾ ਜੁਦਾ ਹੋਗ ਗਏ ਹਨ। ਸਾਂਝਾਂ ਘੱਟ ਗਈਆਂ ਹਨ ਤੇ ਖੇੜੇ ਵੱਧ ਗਏ ਹਨ ਅਤੇ ਵੱਧਦੇ ਜਾ ਰਹੇ ਹਨ।

ਕੋਈ ਵੇਲਾ ਸੀ ਜਦੋਂ ਮੁਸਲਮਾਨ ਲੋਕ ਪੰਜਾਬੀਆਂ ਨੂੰ ਕੇਵਲ ਦੋ ਜਾਤਾਂ ਵਿਚ ਹੀ ਵੰਡਦੇ ਸਨ—ਹਿੰਦੂਆਂ ਤੇ ਮੁਸਲਮਾਨਾਂ ਵਿਚ।

ਸ਼ਾਹ ਮੁਹੰਮਦ ਨੇ ਇਸ ਸੱਚਾਈ ਨੂੰ ਬਿਆਨ ਕੀਤਾ ਹੈ :

'ਸੁਖੀ ਵੱਸਣ ਹਿੰਦੂ ਮੁਸਲਮਾਨ ਦੋਹਵੇਂ
ਸਿਰ ਦੋਹਵਾਂ ਦੇ ਇਕ ਆਫ਼ਤ ਆਈ।
ਸ਼ਾਹ ਮੁਹੰਮਦਾਂ ਵਿਚ ਪੰਜਾਬ ਦੇ ਜੀ
ਕਦੀ ਨਹੀਂ ਸੀ ਤੀਸਰੀ ਜਾਤ ਆਈ।'

ਅਠਾਰਵੀਂ ਸਦੀ ਵਿਚ ਜਦ ਅਫ਼ਗਾਨੀਆਂ ਹਮਲਿਆਂ ਨੇ ਪੰਜਾਬ ਵਿਚ ਮੁਗ਼ਲ ਰਾਜ ਨੂੰ ਜੜੋਂ ਪੁੱਟ ਦਿੱਤਾ। ਪਠਾਣ ਲੋਕ ਪੰਜਾਬ ਦੇ ਹਿੰਦੂ ਤੇ ਮੁਸਲਮਾਨਾਂ ਭਰਾਵਾਂ ਦੋਵਾਂ ਨੂੰ ਲੁੱਟਦੇ, ਕੁੱਟਦੇ ਤੇ ਜ਼ਲੀਲ ਕਰਦੇ ਸਨ। ਉਸ ਵਕਤ ਹਿੰਦੂਆਂ ਨੇ ਸਿੱਖਾਂ ਦੀ ਸ਼ਰਨ ਲੈ ਲਈ। ਸਿੱਖ ਲੋਕ ਅਫ਼ਗਾਨੀਆਂ ਨਾਲ ਦੋ-ਹੱਥ ਕਰਨੇ ਜਾਣਦੇ ਸਨ। ਸਮੇਂ ਦੇ ਗੇੜ ਨਾਲ ਸਾਲੋ-ਸਾਲ ਸਿੱਖ ਇਕ ਜੁੱਟ ਤੇ ਮਜ਼ਬੂਤ ਹੁੰਦੇ ਗਏ ਤੇ ਪਠਾਣ ਧਾੜਵੀ ਕਮਜ਼ੋਰ ਹੁੰਦੇ ਗਏ। ਮਹਾਰਾਜਾ ਰਣਜੀਤ ਦੇ ਰਾਜ ਵੇਲੇ ਪੰਜਾਬ ਦੇ ਹਿੰਦੂਆਂ ਨੇ ਆਪਣੇ-

ਆਪ ਨੂੰ ਖਾਲਸਾ ਸਰਕਾਰ ਅਧੀਨ ਮਹਿਫੂਜ਼ ਕੀਤਾ। ਮਹਾਰਾਜੇ ਦਾ ਰਾਜ ਕਾਲ ਸ਼ਾਂਤੀ ਦਾ ਸਮਾਂ ਸੀ। ਕਿਉਂਕਿ ਹਿੰਦੂਆਂ ਨੂੰ ਸਿੱਖਾਂ ਦੀ ਹਿਫਾਜ਼ਿਤ ਦੀ ਲੋੜ ਸੀ, ਇਸ ਲਈ ਉਹ ਸਿੱਖਾਂ ਨਾਲ ਭਰਾਵਾਂ ਵਾਂਗ ਰਹਿਣ ਲੱਗੇ। ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕਰ ਲਿਆ ਤਾਂ ਹਾਲਾਤ ਬਦਲ ਗਏ। ਹੁਣ ਹਿੰਦੂਆਂ ਨੂੰ ਸਿੱਖਾਂ ਦੀ ਲੋੜ ਨਾ ਰਹੀ। ਹਕੂਮਤ ਅੰਗਰੇਜ਼ਾਂ ਦੀ ਸੀ। ਪੰਜਾਬ ਦੇ ਹਿੰਦੂਆਂ ਨੇ ਸਿੱਖਾਂ ਦੀ ਸ਼ਰਨ ਛੱਡ ਕੇ ਅੰਗਰੇਜ਼ਾਂ ਦੀ ਸ਼ਰਨ ਲਈ। ਸਵਰਨ ਹਿੰਦੂ ਜਾਤੀਆਂ ਵਿਚੋ-ਵਿਚ ਸਿੱਖਾਂ ਦੀ ਓਟ ਲੈਣੀ ਆਪਣੀ ਹੱਤਕ ਸਮਝਦੇ ਸਨ। ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਿਆ, ਉਹ ਭੱਜ ਕੇ ਗੋਰਿਆਂ ਦੀ ਸ਼ਰਨ ਜਾ ਪਏ ਤੇ ਸਿੱਖਾਂ ਨੂੰ ਅੱਖਾਂ ਵਿਖਾਉਣ ਲੱਗੇ। ਪਿਛਲੀਆਂ ਕਿੜਾਂ ਕੱਢਣ ਲੱਗੇ।

ਸਨਾਤਮ ਹਿੰਦੂ ਧਰਮੀਆਂ ਨਾਲ ਤਾਂ ਸਿੱਖਾਂ ਦਾ ਮੇਲ-ਜੋਲ ਕਾਇਮ ਸੀ ਪਰ ਪੰਜਾਬ ਦੇ ਆਰੀਆ ਸਮਾਜੀਆਂ ਨੇ ਆਪਣਾ ਨਵਾਂ ਧਰਮ ਕਬੂਲ ਕਰਕੇ ਸਿੱਖਾਂ ਨਾਲ ਆਢੇ ਲੈਣੇ ਸ਼ੁਰੂ ਕਰ ਦਿੱਤੇ। 1861 ਦੀ ਮਰਦਮ-ਸ਼ੁਮਾਰੀ ਵਿਚ ਸਿੱਖਾਂ ਦੀ ਸੰਖਿਆ ਘੱਟ ਕੇ 18 ਲੱਖ ਰਹਿ ਗਈ ਸੀ। ਪੰਡਿਤ ਸ਼ਰਧਾਨੰਦ ਫਿਲੌਰੀ ਵਰਗਿਆਂ ਇਥੋਂ ਤੱਕ ਕਹਿਣਾ ਸ਼ੁਰੂ ਕਰ ਦਿੱਤਾ, "ਹੁਣ ਸਿੱਖ ਕੇਵਲ ਇਤਿਹਾਸ ਦੇ ਪੰਨਿਆਂ ਵਿਚ ਮਿਲਿਆ ਕਰਨਗੇ।" ਸਵਾਮੀ ਦਇਆਨੰਦ ਦੀ ਪੁਸਤਕ ਸਤਿਆਰਥ ਵਿਚ ਸਿੱਖ ਗੁਰੂਆਂ ਤੇ ਗੁਰਬਾਣੀ ਨੂੰ ਭੰਡਿਆ ਗਿਆ। ਉਨ੍ਹਾਂ ਨੂੰ ਸੰਸਕ੍ਰਿਤ ਨਾ ਜਾਨਣ ਕਾਰਨ, ਅਨਪੜ੍ਹ ਤੇ ਮੌਕਾਪ੍ਰਸਤ ਕਿਹਾ ਗਿਆ ਜਿਹੜੇ ਕਿ ਭੋਲੇ-ਭਾਲੇ ਸਿੱਖਾਂ ਨੂੰ ਗੁੰਮਰਾਹ ਕਰ ਰਹੇ ਹਨ। ਆਰੀਆ ਸਮਾਜ ਨੂੰ ਪੰਜਾਬ ਦੇ ਹਿੰਦੂਆਂ ਨੇ ਲੋੜ ਤੋ ਵੱਧ ਉਭਾਰਿਆ ਤੇ ਥਾਂ-ਥਾਂ ਸਵਾਮੀ ਦਇਆਨੰਦ ਨੇ ਵਿਦਿਅਕ ਅਦਾਰੇ ਖੋਲ੍ਹਣੇ ਸ਼ੁਰੂ ਕਰ ਦਿੱਤੇ। ਇਸ ਮੱਤ ਵਾਲਿਆਂ ਨੂੰ ਬੁੱਤ ਸ਼ਿਕਨ ਤੇ ਮੂਰਤੀ ਪੂਜਾ ਦੇ ਖਿਲਾਫ਼ ਹੋਣ ਕਰਕੇ, ਸਿੱਖਾਂ ਦੇ ਸਗੋਂ ਨਜ਼ਦੀਕ ਹੋਣਾ ਚਾਹੀਦਾ ਸੀ ਕਿਉਂਕਿ ਸਿੱਖ ਵੀ ਮੂਰਤੀ ਪੂਜਾ ਤੇ ਬੁੱਤਾਂ ਦੇ ਸਖ਼ਤ ਖਿਲਾਫ਼ ਹਨ। ਪਰ ਅੰਦਰਲੀ ਈਰਖਾ ਇਨ੍ਹਾਂ ਨੂੰ ਲਗਾਤਾਰ ਸਤਾ ਰਹੀ ਸੀ ਕਿ ਨੀਵੀਆਂ ਜਾਤਾਂ ਦੇ ਇਹ ਲੋਕ ਸਾਡੇ ਬਰਾਬਰ ਹੀ ਨਹੀਂ, ਸਗੋਂ ਸਾਥੋਂ ਬਿਹਤਰ ਹੋਣ ਦਾ ਦਾਅਵਾ ਕਰ ਰਹੇ ਹਨ। ਇਹ ਇਨ੍ਹਾਂ ਦੀ ਖ਼ਾਸ ਕਰਕੇ ਪੰਜਾਬੀ ਬ੍ਰਾਹਮਣਾਂ ਤੇ ਖੱਤਰੀਆਂ ਨੇ ਜਿਨ੍ਹਾਂ ਗੁਰੂ ਸਾਹਿਬਾਨ ਵੇਲੇ ਤੇ ਬਾਅਦ ਵਿਚ ਵੀ ਸਿੱਖੀ ਦੀ ਚੜ੍ਹਦੀ ਕਲਾ ਦਾ ਡੱਟ ਕੇ ਵਿਰੋਧ ਕੀਤਾ ਸੀ ਤੇ ਮੁਗ਼ਲਾਂ ਨਾਲ ਸਾਜ-ਬਾਜ ਕਰਕੇ ਸਿੱਖਾਂ ਦਾ ਵਿਨਾਸ਼ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਦਾ ਵੱਸ ਨਾ ਗਿਆ। ਸਮਾਂ ਸਿੱਖਾਂ ਦੇ ਹੱਕ ਵਿਚ ਸੀ। ਪਰ ਜਿਉਂ ਹੀ ਸਿੱਖ ਰਾਜ ਦਾ ਅੰਤ ਹੋਇਆ ਤਾਂ ਪੰਜਾਬੀ ਹਿੰਦੂਆਂ ਨੇ ਦਿਲ ਦੀਆਂ ਬਾਤਾਂ ਪਾਉਣੀਆਂ ਆਰੰਭ ਦਿੱਤੀਆਂ। ਉਹ ਆਪਣੇ ਅਸਲੀ ਰੰਗ ਵਿਚ ਆ ਗਏ। ਭਾਵੇਂ ਸਿੱਖਾਂ ਨੇ ਇਨ੍ਹਾਂ ਨੂੰ ਆਪਣੇ ਵੱਡੇ ਵੀਰ ਸਮਝਣ ਦੀ ਨਿਰੰਤਰ ਕੋਸ਼ਿਸ਼ ਕੀਤੀ ਪਰ ਹਿੰਦੂ ਵੀਰਾਂ ਨੇ ਅੰਦਰ ਦੀ ਮੈਲ ਨਹੀਂ ਗਵਾਈ।

ਅੱਜ ਵੀ ਪੰਜਾਬ ਦੇ ਹਿੰਦੂ ਵੀਰ ਪੰਜਾਬੀ ਨੂੰ ਆਪਣੀ ਮਾਂ-ਬੋਲੀ ਨਹੀਂ ਸਮਝਦੇ। ਸਿੱਖਾਂ ਨੂੰ ਉਹ ਨੀਵੀਆਂ ਜਾਤਾਂ ਦਾ ਧਰਮ ਸਮਝਦੇ ਹਨ ਤੇ ਆਪਣੇ ਆਪ ਨੂੰ ਉੱਚ

ਜਾਤੀ ਤੌਰ ਤੇ ਉੱਚਾ-ਸੁੱਚਾ ਸਮਝਦੇ ਹਨ। ਦੋਹਾਂ ਕੌਮਾਂ ਦੀ ਸੋਚ ਵਿਚ ਵਿਸ਼ਾਲ ਅੰਤਰ ਹੈ। ਪਰ ਧਰਮ ਤਾਂ ਕਦੀ ਨਫ਼ਰਤ ਜਾਂ ਈਰਖਾ ਨਹੀਂ ਸਿਖਾਉਂਦਾ। ਧਰਮ ਜਾਂ ਜਾਤ ਚਾਹੇ ਕੋਈ ਵੀ ਹੋਵੇ ਇਸ ਨੂੰ ਸਾਡੀ ਦੇਸ਼ ਭਗਤੀ ਤੇ ਸ਼ਰਧਾ ਵਿਚ ਕੋਈ ਫ਼ਰਕ ਨਹੀਂ ਪਾਉਣ ਦੇਣਾ ਚਾਹੀਦਾ। ਸਭ ਤੋਂ ਪਹਿਲਾਂ, ਦੋਵਾਂ ਕੌਮਾਂ ਨੂੰ ਆਪਣਾ ਸਾਂਝਾ ਪਿਛੋਕੜ ਤੇ ਵਿਰਸਾ ਨਹੀਂ ਵਿਸਾਰਨਾ ਚਾਹੀਦਾ।

# ਦੇਸੀ ਬਨਾਮ ਵਲੈਤੀ ਸਿੱਖ

ਹਰ ਧਰਮ ਵਿਚ ਵੱਖਰੀ-ਵੱਖਰੀ ਤਰਜ਼ ਦੇ ਵਿਅਕਤੀ ਹੁੰਦੇ ਹਨ। ਇਕੋ ਧਰਮ ਵਿਚ ਰਹਿੰਦਿਆਂ ਵੀ ਉਨ੍ਹਾਂ ਦੀ ਸ਼ਕਲ ਸੂਰਤ ਤੇ ਤੌਰ ਤਰੀਕਿਆਂ ਵਿਚ ਫ਼ਰਕ ਪਾਇਆ ਜਾਂਦਾ ਹੈ। ਇਹ ਅੰਤਰ ਵਕਤ ਦੇ ਬਦਲਣ ਕਾਰਨ ਹੁੰਦਾ ਹੈ। ਇਹ ਗ਼ੈਰ ਕੁਦਰਤੀ ਨਹੀਂ। ਹਰੇਕ ਧਰਮ ਨੂੰ ਇਸ ਤਬਦੀਲੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖ ਧਰਮ ਪਹਿਲਾਂ ਸਾਬਤ ਸੂਰਤ ਤੇ ਸਹਿਜਧਾਰੀਆਂ ਵਿਚ ਵੰਡਿਆ ਗਿਆ ਸੀ। ਇਸ ਤੋਂ ਪਹਿਲਾਂ ਸਿੱਖਾਂ ਵਿਚ ਨਿਰਮਲੇ, ਸੇਵਾ ਪੰਥੀਆਂ ਅਤੇ ਉਦਾਸੀਏ ਸਿੱਖਾਂ ਦੀਆਂ ਸੰਪਰਦਾਵਾਂ ਵੀ ਪੈਦਾ ਹੋ ਗਈਆਂ ਸਨ। ਇਤਿਹਾਸ ਆਪਣੀ ਛਾਪ ਹਰੇਕ ਸਮੇਂ ਤੇ ਛੱਡਦਾ ਹੈ। ਪਹਿਲਾਂ ਸਿੱਖਾਂ ਤੇ ਹਿੰਦੂਆਂ ਦੀ ਸ਼ਕਲ-ਸੂਰਤ ਵਿਚ ਕੋਈ ਖ਼ਾਸ ਫ਼ਰਕ ਨਹੀਂ ਸੀ। ਦਿੱਲੀ ਦੇ ਚਾਂਦਨੀ ਚੌਂਕ ਵਿਚ ਜਦ ਗੁਰੂ ਤੇਗ ਬਹਾਦਰ ਜੀ ਦਾ ਧੜ ਤੇ ਸ਼ੀਸ਼ ਸਾਰੀ ਦਿਹਾੜੀ ਰੁਲਦਾ ਰਿਹਾ ਤਾਂ ਕੋਈ ਗੁਰੂ ਦੇ ਸਿੱਖ ਨੇ ਇਸ ਉੱਪਰ ਦਾਹਵੇਦਾਰੀ ਨਾ ਜਿਤਾਈ। ਸਿੱਖਾਂ ਦੀ ਆਪਣੀ ਕੋਈ ਵੱਖਰੀ ਪਛਾਣ ਨਹੀਂ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤੇ ਕੋਲੋਂ ਚਾਂਦਨੀ ਚੌਂਕ ਦਾ ਹਾਲ ਸੁਣਿਆ ਤਾਂ ਉਨ੍ਹਾਂ ਨੂੰ ਬੜੀ ਗਿਲਾਨੀ ਹੋਈ। ਉਸੇ ਦਿਨ ਤੋਂ ਗੁਰੂ ਜੀ ਨੇ ਬੜੀ ਤੀਬਰਤਾ ਨਾਲ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਜਿੰਨਾ ਚਿਰ ਸਿੱਖਾਂ ਦੀ ਕੋਈ ਵਿਸ਼ੇਸ਼ ਪਛਾਣ ਨਹੀਂ ਹੋ ਜਾਂਦੀ, ਓਨਾ ਚਿਰ ਸਿੱਖ ਹਿੰਦੂਆਂ ਦੀ ਓਟ ਲੈ ਕੇ ਬਚਦੇ ਰਹਿਣਗੇ। ਇਹ ਟੀਚਾ 1999 ਦੇ ਵਿਸਾਖੀ ਵਾਲੇ ਦਿਨ ਪੂਰਾ ਹੋਇਆ। ਉਸ ਦਿਨ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਗਿਆ। ਦਾਹੜੀ ਕੇਸ ਰੱਖਣ ਕਰਕੇ ਉਨ੍ਹਾਂ ਦੀ ਪਗੜੀ ਨਾਲ ਇਕ ਵੱਖਰੀ ਪਛਾਣ ਬਣ ਗਈ। ਲੱਖਾਂ ਦੀ ਗਿਣਤੀ ਵਿਚ ਖਲੋਤੇ ਸਿੱਖਾਂ ਨੂੰ ਪਛਾਣਿਆ ਜਾ ਸਕਦਾ ਸੀ। ਸਿੱਖਾਂ ਲਈ ਪੰਜ ਕਕਾਰ ਪਹਿਨਣੇ ਲਾਜ਼ਮੀ ਹੋ ਗਏ।

ਅਜਿਹੇ ਸਿੱਖ ਭਾਵੇਂ ਵੇਖਣ ਨੂੰ ਬਹੁਤ ਹੀ ਸਧਾਰਨ ਤੇ ਸਰਲ ਸੁਭਾਅ ਦੇ ਮਾਲਕ ਸਨ, ਪਰ ਇਨ੍ਹਾਂ ਵਿਚ ਅੰਮ੍ਰਿਤ ਦੀ ਅਥਾਹ ਸ਼ਕਤੀ ਸੀ, ਜਿਸ ਨਾਲ ਇਹ ਪਹਾੜਾਂ ਨਾਲ ਮੱਥਾ ਲਗਾ ਕੇ ਅਸੰਭਵ ਨੂੰ ਸੰਭਵ ਕਰ ਸਕਦੇ ਸਨ। ਡਰ-ਭੁੱਕਰ ਇਨ੍ਹਾਂ ਦੀ ਖਲੜੀ ਵਿਚ ਨਹੀਂ ਸੀ। ਗੁਰੂ ਦੇ ਇਕ ਇਸ਼ਾਰੇ ਤੇ ਇਹ ਆਪਣੀ ਜਾਨ ਤੱਕ ਕੁਰਬਾਨ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਇਨ੍ਹਾਂ ਦਾ ਲਿਬਾਸ ਹੀ ਇਨ੍ਹਾਂ ਫੁਰਤੀਲਾ ਸੀ ਕਿ ਲੜਾਈ ਦੇ ਮੈਦਾਨ ਵਿਚ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਕੋਈ ਵਿਸ਼ੇਸ਼ ਤਿਆਰੀ ਨਹੀਂ ਕਰਨੀ ਪੈਂਦੀ ਸੀ। ਇਹ ਹਰ ਵਕਤ ਜੂਝਣ ਲਈ ਤਿਆਰ ਰਹਿੰਦੇ

ਸਨ। ਸਤਾਰਵੀਂ ਅਠਾਰਵੀਂ ਤੇ ਉੱਨਵੀਂ ਸਦੀ ਦੇ ਸਿੱਖ ਤਕਰੀਬਨ ਇਸੇ ਤਰ੍ਹਾਂ ਦੇ ਸਨ। ਇਹ ਸਿੱਖ ਸਾਦਾ ਜੀਵਨ ਤੇ ਉਚੇਰਾ ਸੋਚਣ ਵਿਚ ਯਕੀਨ ਰੱਖਦੇ ਸਨ। ਅਜਿਹੇ ਸਿੱਖਾਂ ਨੂੰ ਦੇਸੀ ਸਿੱਖ ਕਿਹਾ ਜਾ ਸਕਦਾ ਹੈ। ਅਜਿਹੇ ਸਿੱਖਾਂ ਦੀ ਸੂਰਤ ਦਸਵੇਂ ਪਾਤਸ਼ਾਹ ਨੂੰ ਬਹੁਤ ਅਜ਼ੀਜ਼ ਸੀ। ਇਸੇ ਲਈ ਅਜਿਹਾ ਲਿਬਾਸ ਕਈ ਸਦੀਆਂ ਪਹਿਨਦੇ ਰਹੇ।

ਪਰ ਜਦੋਂ ਤੋਂ ਸਿੱਖਾਂ ਨੇ ਅੰਗਰੇਜ਼ਾਂ ਦੀ ਫੌਜ ਵਿਚ ਭਰਤੀ ਹੋਣਾ ਸ਼ੁਰੂ ਕੀਤਾ ਅਤੇ ਵਿਦੇਸ਼ਾਂ ਵਿਚ ਜਾਣਾ ਆਰੰਭਿਆ, ਉਸ ਵਕਤ ਤੋਂ ਸਿੱਖਾਂ ਦੇ ਪਰੰਪਰਾਵਾਂ ਦੀ ਲਿਬਾਸ ਵਿਚ ਫ਼ਰਕ ਪੈਣਾ ਸ਼ੁਰੂ ਹੋ ਗਿਆ। ਪੱਛਮੀ ਮੁਲਕਾਂ ਦੇ ਰਹਿਣ-ਸਹਿਣ ਤੇ ਜੀਵਨ ਜਾਚ ਦਾ ਵੀ ਸਿੱਖਾਂ ਉੱਪਰ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ। ਸਿੱਖਾਂ ਨੇ ਪੱਛਮੀ ਵਿਦਿਆ ਪੜ੍ਹਨੀ ਸ਼ੁਰੂ ਕੀਤੀ ਅਤੇ ਉਨ੍ਹਾਂ ਮੁਲਕਾਂ ਦੇ ਸਭਿਆਚਾਰ ਦਾ ਵੀ ਖਾਲਸਿਆਂ ਉੱਪਰ ਬਹੁਤ ਅਸਰ ਪੈਣਾ ਸ਼ੁਰੂ ਹੋ ਗਿਆ। ਸਿੱਖ ਪਹਿਲਾਂ ਚਾਦਰ ਜਾਂ ਲੰਮਾ ਕਛਹਿਰਾ ਪਹਿਨਦੇ ਸਨ। ਬਾਅਦ ਵਿਚ ਮੁਸਲਮਾਨਾਂ ਦੀ ਰੀਸੋ-ਰੀਸ ਪਜਾਮਾ ਜਾਂ ਸਲਵਾਰ ਪਹਿਨਣੀ ਸ਼ੁਰੂ ਕਰ ਦਿੱਤੀ। ਜੈਸਾ ਦੇਸ਼ ਵੈਸਾ ਭੇਸ। ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ ਇਹ ਪਜਾਮਾ ਵੀ ਪੈਂਟ ਜਾਂ ਨਿੱਕਰ ਵਿਚ ਤਬਦੀਲ ਹੋ ਗਿਆ। ਸਿੱਖ ਪਹਿਲਾਂ ਪਗੜੀ ਵੀ ਮੂੰਹ ਜ਼ਬਾਨੀ ਬੰਨਦੇ ਸਨ ਅਤੇ ਦਾਹੜਾ ਵੀ ਖੁੱਲ੍ਹਾ ਛੱਡਦੇ ਸਨ। ਪੱਛਮੀ ਦੇਸ਼ਾਂ ਵਿਚ ਸ਼ਕਲ ਸੂਰਤ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਸ ਲਈ ਵਿਦੇਸ਼ਾਂ ਵਿਚ ਵੱਸ ਰਹੇ ਸਿੱਖਾਂ ਨੇ ਪਹਿਲਾਂ ਤਾਂ ਕੇਸ ਕਟਾਉਣੇ ਸ਼ੁਰੂ ਕਰ ਦਿੱਤੇ। ਦਾਹੜੀ, ਮੁੱਛਾਂ ਤੇ ਪਗੜੀ ਨਾਲ ਹੀ ਅਲੋਪ ਹੋ ਗਈ। ਇਹ ਕਦਮ ਉਨ੍ਹਾਂ ਨੇ ਵਿਦੇਸ਼ੀ ਸਮਾਜਾਂ ਵਿਚ ਸਫ਼ਲ ਹੋਣ ਲਈ ਚੁੱਕਿਆ ਸੀ। ਜੈਸਾ ਦੇਸ਼ ਵੈਸਾ ਭੇਸ ਵਾਲੀ ਮਜ਼ਬੂਰੀ ਉਨ੍ਹਾਂ ਦੇ ਸਾਹਮਣੇ ਸੀ। ਜੈਸਾ ਰਾਜਾ ਤੈਸੀ ਪਰਜਾ ਵਾਲੀ ਕਹਾਣੀ ਵਾਪਰ ਗਈ।

ਪਰ ਇਨ੍ਹਾਂ ਤਬਦੀਲੀਆਂ ਨਾਲ ਸਿੱਖਾਂ ਵਿਚ ਪਤਿਤ-ਪੁਣਾ ਵੱਧ ਗਿਆ। ਪ੍ਰਦੇਸੀ ਸਿੱਖਾਂ ਦੀ ਆਪਣੀ ਪਛਾਣ ਹੀ ਖਤਮ ਹੋ ਗਈ। ਉਨ੍ਹਾਂ ਵਿਚ ਤੇ ਬਾਕੀਆਂ ਦੀ ਸ਼ਕਲ ਸੂਰਤ ਵਿਚ ਕੋਈ ਖ਼ਾਸ ਅੰਤਰ ਹੀ ਨਾ ਰਿਹਾ। ਇਹ ਗੱਲ ਸਿੱਖੀ ਵਿਚ ਪਰਪੱਕ ਖਾਲਸਿਆਂ ਨੂੰ ਬਹੁਤ ਚੁੱਭੀ। ਉਨ੍ਹਾਂ ਨੇ ਪੱਛਮੀ ਮੁਲਕਾਂ ਵ੍ਵਿਚ ਜਿਥੇ ਜਿਥੇ ਵੱਸਦੇ ਸਨ, ਕੁਹਰਾਮ ਮਚਾ ਦਿੱਤਾ। ਥਾਂ-ਥਾਂ ਗੁਰਧਾਮ ਉਸਾਰ ਕੇ, ਸਿੱਖ ਪ੍ਰਚਾਰਕਾਂ ਦੀ ਮਦਦ ਲੈ ਕੇ, ਸਿੱਖੀ ਵਿਚ ਆਏ ਨਿਘਾਰ ਨੂੰ ਨਜਿੱਠਣਾਂ ਸ਼ੁਰੂ ਕਰ ਦਿੱਤਾ। ਜਗ੍ਹਾ-ਜਗ੍ਹਾ ਸਿੱਖ ਜਾਗ੍ਰਿਤ ਸਭਾਵਾਂ ਸਥਾਪਿਤ ਹੋ ਗਈਆਂ। ਭਾਵੇਂ ਇਸ ਦਾ ਵਿਆਪਕ ਅਸਰ ਹੋਇਆ। ਵਿਦੇਸ਼ੀ ਸਿੱਖਾਂ ਨੂੰ ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਤਾਂ ਜਾਣਕਾਰੀ ਮਿਲ ਗਈ। ਪਰੰਤੂ ਨੌਜਵਾਨ ਪੀੜ੍ਹੀ ਨੇ ਕੇਸਾਂ ਨੂੰ ਬਹਾਲ ਕਰਨ ਬਾਰੇ ਪੂਰੀ ਤਰ੍ਹਾਂ ਸਹਿਮਤੀ ਨਾ ਜਿਤਾਈ। ਇਸ ਤਰ੍ਹਾਂ ਸਿੱਖੀ ਦਾ ਇਕ ਨਵਾਂ ਰੂਪ ਸਾਹਮਣੇ ਆਇਆ ਜਿਸ ਨੂੰ ਵਲੈਤੀ ਸਿੱਖ ਆਖਿਆ ਜਾਂਦਾ ਹੈ। ਦੇਸ਼ ਤੇ ਪ੍ਰਦੇਸ਼ ਵਿਚ ਵਲੈਤੀ ਸਿੱਖਾਂ ਦੇ ਵੱਖਰੇ-ਵੱਖਰੇ ਰੂਪ ਹਨ। ਦੇਸ਼ ਵਾਲੇ ਸਿੱਖਾਂ ਨੇ ਦਾਹੜੀ ਮੁੱਛਾਂ ਕਤਰੀਆਂ ਹੁੰਦੀਆਂ ਹਨ ਅਤੇ ਪਗੜੀ ਬੜੀ ਪੋਚ ਕੇ ਬੰਨ੍ਹੀ ਹੁੰਦੀ ਹੈ। ਸ਼ੀਸ਼ੇ ਨਾਲ ਸੰਵਾਰ ਬਣਾ ਕੇ। ਦਾਹੜੀ ਬੜੇ ਹਿਸਾਬ ਨਾਲ ਕੱਟੀ ਹੁੰਦੀ ਹੈ ਤਾਂ ਕਿ ਸੋਹਣੀ ਲੱਗੇ। ਇਸ ਤਰ੍ਹਾਂ ਉਹ ਦਾਹੜੀ ਰੱਖਣ ਜਾਂ ਬੰਨਣ ਦੇ ਕਾਰਜ ਤੋਂ ਸੁਰਖਰੂ ਹੋ ਜਾਂਦੇ ਹਨ।

ਅੱਜਕਲ੍ਹ ਸਕੂਲਾਂ, ਕਾਲਜਾਂ ਦੇ ਸਿੱਖ ਵਿਦਿਆਰਥੀ ਪਗੜੀ ਬੰਨ੍ਹਣ ਉੱਪਰ ਬੜਾ ਜ਼ੋਰ ਦਿੰਦੇ ਹਨ। ਹੇਠੋਂ ਭਾਵੇਂ ਕੇਸ ਕਟਾਏ ਹੀ ਹੋਣ। ਉਹ ਦਾਹੜੀ ਨੂੰ ਖਿਲਾਰ ਕੇ ਰੱਖਣ ਨਾਲ ਬੇਅਰਾਮੀ ਮਹਿਸੂਸ ਕਰਦੇ ਹਨ। ਉਨ੍ਹਾਂ ਦੀ ਦਿਲ ਦੀ ਇੱਛਾ ਹੁੰਦੀ ਹੈ ਕਿ ਉਹ ਦੂਜਿਆਂ ਨੂੰ ਸਮਾਰਟ ਤੇ ਚੁਸਤ ਦਿੱਸਣਾ ਅਖਵਾਉਂਦੇ ਹਨ। ਕਲੀਨ ਸ਼ੇਵ ਹੋ ਕੇ ਉਹ ਆਪਣੇ ਆਪ ਨੂੰ ਹੌਲਾ ਹੌਲਾ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਕੰਮ ਦੀ ਕਿਸਮ ਕੁਝ ਅਜਿਹੀ ਹੁੰਦੀ ਹੈ ਕਿ ਖੁੱਲ੍ਹੀ ਦਾਹੜੀ ਨਾਲ ਮਸ਼ੀਨਾਂ ਨਾਲ ਕੰਮ ਕਰਨਾ ਸੁਰੱਖਿਅਤ ਨਹੀਂ ਹੁੰਦਾ। ਉਨ੍ਹਾਂ ਦੇ ਫੈਕਟਰੀ ਮਾਲਕ ਕਲੀਨ ਸ਼ੇਵਨਾਂ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਨੌਕਰੀ ਦੀ ਸਲਾਮਤੀ ਲਈ ਸਿੱਖੀ ਨੂੰ ਬਹੁਤ ਸੰਖੇਪ ਕਰਨਾ ਪੈਂਦਾ ਹੈ। ਵੈਸੇ ਇਹ ਵਲੈਤੀ ਸਿੱਖ, ਸਿੱਖ ਤਿਉਹਾਰਾਂ ਤੇ ਗੁਰਪੁਰਬਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਗੁਰਦੁਆਰਾ ਸਾਹਿਬ ਜਾ ਕੇ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਤੇ ਲੰਗਰ ਦੀ ਸੇਵਾ ਕਰਦੇ ਹਨ। ਇਹ ਲੋਕ ਵੀ ਆਪਣੇ ਆਪ ਨੂੰ ਦੇਸੀ ਸਿੱਖਾਂ ਨਾਲੋਂ ਘਟੀਆ ਨਹੀਂ ਸਮਝਦੇ। ਰਹਿਤਾਂ ਵਿਚ ਮਾਰ ਖਾਂਦੇ ਹਨ ਪਰ ਸਿੱਖੀ ਸਪਿਰਟ ਇਨ੍ਹਾਂ ਵਿਚ ਆਮ ਸਿੱਖਾਂ ਨਾਲੋਂ ਵਧੇਰੇ ਹੁੰਦੀ ਹੈ। ਇਨ੍ਹਾਂ ਦੇ ਗੁਰਦੁਆਰੇ ਸਿੱਖ ਧਰਮ ਦੇ ਚੋਟੀਆਂ ਦੇ ਗੁਰਦੁਆਰਿਆਂ ਵਿਚੋਂ ਇਕ ਹੁੰਦੇ ਹਨ।

ਵਲੈਤੀ ਸਿੱਖਾਂ ਨੇ ਵਿਦੇਸ਼ਾਂ ਵਿਚ ਸਿੱਖਾਂ ਦਾ ਮਾਣ ਤਾਣ ਵਧਾਇਆ ਹੈ। ਅਮਰੀਕਾ, ਕੈਨੇਡਾ, ਬਰਤਾਨੀਆਂ ਤੇ ਆਸਟ੍ਰੇਲੀਆ ਵਿਚ ਸਿੱਖੀ ਦਾ ਬਹੁਤ ਬੋਲਬਾਲਾ ਹੈ। ਸਿੱਖਾਂ ਨੇ ਵਿਦੇਸ਼ੀ ਸਿਆਸਤ ਵਿਚ ਵੀ ਆਪਣਾ ਨਾਮ ਕਮਾਇਆ ਹੈ। ਸਭ ਤੋਂ ਪਹਿਲਾਂ ਦਲੀਪ ਸਿੰਘ ਸੌਂਢ ਨੇ ਅਮਰੀਕਾ ਵਿਚ ਪਹਿਲਾ ਭਾਰਤੀ ਮੈਨ ਦਾ ਸੈਨੇਟਰ ਬਣ ਕੇ ਸਿੱਖੀ ਦਾ ਵਿਦੇਸ਼ਾਂ ਵਿਚ ਬੂਟਾ ਲਾਇਆ। ਬਾਅਦ ਵਿਚ ਅਮਰੀਕਾ ਤੇ ਕੈਨੇਡਾ ਵਿਚ ਸਿੱਖਾਂ ਵਿਚੋਂ ਕਈ ਮੰਤਰੀ ਤੇ ਸੂਬਿਆਂ ਦੇ ਗਵਰਨਰ ਵੀ ਬਣੇ ਹਨ। ਇਸ ਵਕਤ ਭਾਰਤ ਦੀ ਕੇਂਦਰੀ, ਸਰਕਾਰ ਵਿਚ ਇਕ ਰਾਜ ਮੰਤਰੀ ਸਿੱਖ ਮਹਿਲਾ ਹੈ ਜਦੋਂ ਕਿ ਕੈਨੇਡਾ ਦੀ ਫੈਡਰਲ ਸਰਕਾਰ ਵਿਚ ਪੰਜ ਮੰਤਰੀ ਸਿੱਖ ਹਨ। ਉਨ੍ਹਾਂ ਵਿਚੋਂ ਇਕ ਹਰਜੀਤ ਸਿੰਘ ਸੱਜਣ ਪਿਛਲੇ ਮਹੀਨੇ ਭਾਰਤ ਵਿਚ ਵੀ ਆਇਆ ਸੀ। ਇਸੇ ਤਰ੍ਹਾਂ ਬਰਤਾਨੀਆਂ ਵਿਚ ਕਈ ਸਾਂਸਦ ਸਿੱਖ ਹਨ। ਕਈ ਜੱਜ ਵੀ ਸਿੱਖ ਹਨ। ਇਹ ਸਭਨਾਂ ਪ੍ਰਾਪਤੀਆਂ ਨੂੰ ਸਿੱਖ ਧਰਮ ਨੂੰ ਇਕ ਅੰਤਰਰਾਸ਼ਟਰੀ ਧਰਮ ਬਣਾ ਦਿੱਤਾ ਹੈ। ਵਲੈਤੀ ਸਿੱਖ ਦੇਸੀ ਸਿੱਖਾਂ ਨੂੰ ਬਹੁਤ ਪਿੱਛੇ ਛੱਡ ਗਏ ਹਨ। ਵਿਦੇਸ਼ਾਂ ਵਿਚ ਸਿੱਖ ਵੱਡੇ-ਵੱਡੇ ਧਨਾਢ ਤੇ ਉਦਯੋਗਪਤੀ ਹਨ। ਉਸ ਪੱਧਰ ਦੇ ਦੇਸੀ ਸਿੱਖ ਨਹੀਂ ਹਨ।

ਸਿੱਖ ਦੇਸੀ ਹੋਣ ਜਾਂ ਵਲੈਤੀ, ਦੋਹਾਂ ਹੀ ਨੇ ਆਪੋ-ਆਪਣੀ ਥਾਂ ਪੰਥ ਦੀ ਯਥਾਸ਼ਕਤ ਸੇਵਾ ਕੀਤੀ ਹੈ। ਦੇਸੀ ਸਿੱਖਾਂ ਵਿਚ ਜਿਥੇ ਸਿੱਖੀ ਵਿਚ ਨਿਘਾਰ ਆ ਰਿਹਾ ਹੈ। ਸਿੱਖ ਆਪਣੀ ਪੁਰਾਤਨ ਮਾਣ-ਮਰਿਯਾਦਾ ਨੂੰ ਵਿਸਾਰ ਕੇ ਬ੍ਰਾਹਮਣਵਾਦ ਦੀ ਝੋਲੀ ਪੈ ਰਹੇ ਹਨ, ਉਥੇ ਵਲੈਤੀ ਸਿੱਖਾਂ ਵਿਚ ਪੰਥ ਨੂੰ ਸਾਰੇ ਵਿਸ਼ਵ ਦੇ ਸਰਬ ਸ੍ਰੇਸ਼ਟਾਂ ਵਿਚੋਂ ਇਕ ਬਣਾਉਣ ਲਈ ਸਿਰਤੋੜ ਯਤਨ ਹੋ ਰਹੇ ਹਨ। ਪੰਥ ਨੂੰ ਇਨ੍ਹਾਂ ਦੋਹਾਂ ਭਰਾਵਾਂ ਕੋਲੋਂ ਅਥਾਹ ਉਮੀਦਾਂ ਹਨ।

## ਕੁਰਾਹੇ ਪਿਆ ਪੰਥ, ਖਾਲਸਾ ਜੀਓ ਕਿਧਰ ਨੂੰ

ਸਾਈਂ ਬੁੱਲ੍ਹੇ ਸ਼ਾਹ ਲਿਖਦੇ ਹਨ,

"ਬਾਤ ਕਹੂ ਨਾ ਤਬਕੀ, ਨਾ ਕਹੂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।"

ਭਾਈ ਨੰਦ ਲਾਲ ਜੀ ਨੇ ਗੁਰੂ ਜੀ ਬਾਰੇ ਫਰਮਾਇਆ ਸੀ ਗਦ-ਗਦ ਹੋ ਕੇ !

"ਹਕ ਹਕ ਅੰਦੇਸ਼ ਗੁਰੂ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।
ਹਕ ਹਕ ਅਗਾਹ ਗੁਰੂ ਗੋਬਿੰਦ ਸਿੰਘ।
ਸ਼ਾਹਿ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ।
ਕਾਦਟੇ ਹਰ ਕਾਰ ਗੁਰੂ ਗੋਬਿੰਦ ਸਿੰਘ।
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ।"

ਈਸ਼ਵਰਵਾਦ ਦੀ ਸਖ਼ਤ ਨਿਖੇਧੀ ਕਰਦੇ, ਦਸਮ ਪਾਤਸ਼ਾਹ ਲਿਖਦੇ ਹਨ,

"ਜੋ ਹਮ ਕੋ ਪ੍ਰਮੇਸ਼ਰ ਉਚਿਰ ਹੈ। ਤੇ ਸਭ ਨਰਕ ਕੁੰਡ ਮੇਂ ਪਰਿ ਹੈ।
ਮੋ ਕੋ ਦਾਸ ਤਵਨ ਕਾ ਜਾਨੋ। ਯਾ ਮੈ ਭੇਦ ਦਾ ਰੰਚ ਪਛਾਨੋ।"

ਆਪਣੀ ਆਤਮ ਕਥਾ (ਬਚਿੱਤਰ ਨਾਟਕ) ਵਿਚ ਦਸਵੇਂ ਪਾਤਸ਼ਾਹ ਨਿਰਮਾਣਤਾ ਤੇ ਹਲੀਮੀ ਦੀਆਂ ਹੱਦਾਂ ਨੂੰ ਛੂੰਹਦੇ ਹੋਏ ਫੁਰਮਾਉਂਦੇ ਹਨ :

"ਮੈਂ ਹੂ ਪਰਮ ਪੁਰਖ ਕਾ ਦਾਸਾ।
ਦੇਖਨ ਆਯੋ ਜਗਤ ਤਮਾਸਾ।
ਜੋ ਪ੍ਰਭ ਜਗਤ ਕਹਾ ਸੋ ਕਹਿਹੈ।
ਮ੍ਰਿਤ ਲੋਕ ਤੇ ਮੋਨ ਨਾ ਰਹਿ ਹੈ।"

ਦਸਵੇਂ ਗੁਰੂ ਆਪਣੇ ਮਿਸ਼ਨ ਬਾਰੇ ਕਿੰਨੇ ਗੰਭੀਰ ਹਨ। ਉਨ੍ਹਾਂ ਨੇ ਕਿਸੇ ਵਿਸ਼ੇਸ਼ ਮਿਸ਼ਨ ਦੇ ਉਦੇਸ਼ ਲਈ ਜਨਮ ਲਿਆ ਸੀ। ਆਪਣੇ ਇਲਾਹੀ ਮਿਸ਼ਨ ਬਾਰੇ ਕਲਗੀਧਰ ਫੁਰਮਾਉਂਦੇ ਹਨ :

"ਹਮ ਏਹ ਕਾਜ ਜਗਤ ਮੋਂ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਜਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨ ਪਕਰਿ ਪਛਾਰੋ।"

ਖ਼ਾਲਸੇ ਨੂੰ ਸਾਜਣ ਵੇਲੇ ਗੁਰੂ ਸਾਹਿਬ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਐਲਾਨ ਕੀਤਾ ਸੀ :

"ਇਨਹੀ ਕੋ ਸਰਦਾਰ ਸਜਾਊਂ।
ਗਿਦੜੋ ਸੇ ਮੈਂ ਸ਼ੇਰ ਬਨਾਊਂ।
ਚਿੜਿਅਨ ਸੇ ਜਬ ਬਾਜ ਤੁੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਸਾਡੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਹ ਕ੍ਰਾਂਤੀਕਾਰੀ ਵਿਚਾਰ ਪੇਸ਼ ਕਰਕੇ, ਸੁੱਤੀਆਂ ਰੂਹਾਂ ਜਗਾ ਦਿੱਤੀਆਂ ਸਨ :

"ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰ ਧਰੀਜੈ।
ਸਿਰ ਦੀਜੈ ਕਾਣਿ ਨਾ ਕੀਜੈ।"

ਇਸੇ ਹੀ ਸੁਰ ਵਿਚ, ਗੁਰਸਿੱਖਾਂ ਨੂੰ ਹਲੂਣਾਂ ਦਿੰਦਿਆਂ ਗੁਰੂ ਸਾਹਿਬਾਨ ਨੇ ਫ਼ੁਰਮਾਇਆ ਸੀ :

"ਜੈ ਜੀਵੈ ਪਤ ਲਥੀ ਜਾਇ।
ਸਭ ਹਰਾਮ ਜੇਤਾ ਕਿਛ ਖਾਇ।"

ਅੱਜਕਲ੍ਹ ਸਾਡੇ ਸਿਰਾਂ ਉੱਪਰੋਂ ਪਾਣੀ ਲੰਘ ਰਿਹਾ ਹੈ। ਸਾਨੂੰ ਗਲ ਵਿਚ ਟਾਇਰ ਪਾ ਕੇ ਜਿੰਦਾ ਜਲਾਇਆ ਜਾ ਰਿਹਾ ਹੈ। ਸਾਡਾ ਕਸੂਰ ਕੇਵਲ ਇਹੀ ਹੈ ਕਿ ਅਸੀਂ ਗੁਰੂ ਦੇ ਸਿੱਖ ਹਾਂ। ਅੱਜ ਸਾਡੇ ਸਾਹਮਣੇ ਧੱਕੇਸ਼ਾਹੀਆਂ, ਠੱਗੀਆਂ, ਠੋਰੀਆਂ ਅਤੇ ਕੁਕਰਮ ਹੋ ਰਹੇ ਹਨ ਪਰ ਅਸੀਂ ਠੇਠਰਾਂ ਵਾਂਗ ਅੱਖਾਂ ਮੀਟ ਕੇ ਸਤਿ ਬਚਨ ਕਹਿ ਕੇ ਇਨ੍ਹਾਂ ਨੂੰ ਸਹਿਜੇ ਹੀ ਬਰਦਾਸ਼ਤ ਕਰੀ ਜਾ ਰਹੇ ਹਾਂ। ਖਾਲਸੇ ਨੇ ਅਜਿਹੀ ਬੇਇਨਸਾਫ਼ੀਆਂ ਨੂੰ ਕਦੇ ਨਹੀਂ ਸੀ ਬਰਦਾਸ਼ਤ ਕੀਤਾ ਪਰ ਅਸੀਂ ਤਾਂ ਅਰਾਮ ਨਾਲ ਕਰੀ ਜਾ ਰਹੇ ਹਾਂ। ਅੱਜ ਸਾਡੇ ਸਾਹਮਣੇ ਗਰੀਬਾਂ ਤੇ ਦਲਿਤਾਂ ਨਾਲ ਧੱਕੇ ਹੋ ਰਹੇ ਹਨ ਅਤੇ ਉਨ੍ਹਾਂ ਦੇ ਪੈਦਾਇਸ਼ੀ ਹੱਕਾਂ ਉੱਪਰ ਛਾਪੇ ਮਾਰੇ ਜਾ ਰਹੇ ਹਨ। ਪਰ ਕੋਈ ਚੂੰ ਨਹੀਂ ਕਰਦਾ। ਅਸੀਂ ਪਰੰਪਰਾ ਦੇ ਤੌਰ ਤੇ ਹਿੰਦੂ ਧਰਮ ਦੇ ਰਖਵਾਲੇ ਸਾਂ। ਅਸਾਂ ਉਨ੍ਹਾਂ ਲਈ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਅਤੇ ਤਸੀਹੇ ਸਹਾਰੇ। ਅਸਾਂ ਆਪਣਾ ਧਰਮ ਸਮਝ ਕੇ ਇਹ ਸਭ ਕੁਝ ਕਰਕੇ ਵਿਖਾਇਆ। ਪਰ ਅੱਜ ਸਾਡੇ ਸਾਹਮਣੇ ਮਾਲ੍ਹੇ ਗਾਮੇ ਹੀ ਬੋਲ ਰਹੇ ਹਨ, ਅਸੀਂ ਸਾਰੇ ਇਨ੍ਹਾਂ ਨੂੰ ਚੁੱਪ ਕਰਾਉਣ ਦੀ ਜਗ੍ਹਾ ਇਨ੍ਹਾਂ ਨੂੰ ਸ਼ਿਸ਼ਕਾਰ ਰਹੇ ਹਾਂ। ਇਹ ਕੈਸਾ ਪੰਥ ਹੈ ? ਇਹ ਕੈਸੀ ਗੁਰਮੱਤ ਹੈ ? ਖਾਲਸਾ ਜੀ ਕਿਧਰ ਨੂੰ ਜਾ ਰਹੇ ਹੋ ?

ਅੱਜ ਸਾਡੇ ਸਿਆਸੀ ਨੇਤਾਵਾਂ ਨੇ ਸਿੱਖੀ ਦੀਆਂ ਮਾਣਮੱਤੀਆਂ, ਸੰਸਥਾਵਾਂ ਨੂੰ ਆਪਣੇ ਸੌੜੇ ਤੇ ਸਵਾਰਥੀ ਮੁਫ਼ਾਦਾਂ ਦੀ ਖ਼ਾਤਰ ਮਲੀਨ ਕਰ ਦਿੱਤਾ ਹੈ। ਸਰਬੱਤ ਖਾਲਸਾ ਦੀ ਰੀਤ ਰਸਮ ਨੂੰ ਖਤਮ ਕੀਤਾ ਗਿਆ ਹੈ। ਅਕਾਲ ਤਖਤ ਦੇ ਜਥੇਦਾਰ ਕਦੀ ਸਿੱਖ ਧਰਮ ਨੂੰ ਸੇਧ ਦਿੰਦੇ ਹਨ ਅਤੇ ਸਿੱਖੀ ਬਾਰੇ ਇਤਿਹਾਸਕ ਫ਼ੈਸਲੇ ਕਰਦੇ ਹਨ।

ਅੱਜ ਇਹ ਅਦਾਰੇ ਸਿਆਸੀ ਨੇਤਾਵਾਂ ਦੀ ਗ੍ਰਿਫ਼ਤ ਵਿਚ ਆ ਚੁੱਕੇ ਹਨ। ਉਹ ਆਪਣੇ ਅਕਾਵਾਂ ਦੀ ਭਾਸ਼ਾ ਬੋਲ ਕੇ, ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ। ਗੁਰਧਾਮਾਂ ਦੇ ਬਹੁਤੇ ਗ੍ਰੰਥੀ, ਰਾਗੀ, ਕਥਾਕਾਰ ਤੇ ਸ਼੍ਰੋਮਣੀ ਕਮੇਟੀ ਦੇ ਬਹੁਤੇ ਮੈਂਬਰ ਸਿਆਸੀ ਰੁਚੀਆਂ ਵਾਲੇ ਹਨ। ਧਾਰਮਿਕ ਅਦਾਰਿਆਂ ਦੇ ਸੰਚਾਲਕ ਜਦੋਂ ਸਿਆਸੀ ਰੁਚੀਆਂ ਵਾਲੇ ਹੋਣਗੇ ਤਾਂ ਉਨ੍ਹਾਂ ਦਾ ਵਾਹਿਗੁਰੂ ਹੀ ਰਾਖਾ ਹੋਵੇਗਾ। ਧਰਮ ਮੁਕੰਮਲ ਤੌਰ ਤੇ ਸਿਆਸਤ ਦਾ ਗੋਲਾ ਬਣ ਕੇ ਰਹਿ ਗਿਆ ਹੈ। ਸਿਆਸੀ ਬੰਦਿਆਂ ਨੂੰ ਵਿਦਵਾਨ, ਸੰਤ ਮਹਾਂ-ਪੁਰਸ਼ ਤੇ ਬ੍ਰਹਮ ਗਿਆਨੀ ਸਮਝਿਆ ਜਾਣ ਲੱਗਾ ਹੈ। ਇਹ ਸਭ ਕੁਝ ਬੜੀ ਹੁਸ਼ਿਆਰੀ ਨਾਲ ਹੋ ਰਿਹਾ ਹੈ। ਸਿੱਖੀ ਦੇ ਸਮਰਥੱਕ ਤੇ ਹਿਤੈਸ਼ੀ ਮੂਕ ਬਣ ਕੇ ਰਹਿ ਗਏ ਹਨ। ਸਿਆਸੀ ਲੋਕ ਆਪਣੇ ਸੌੜੇ ਤੇ ਘਿਨਾਉਣੇ ਹਿੱਤਾਂ ਦੀ ਖ਼ਾਤਰ ਸਿੱਖੀ ਨੂੰ ਬਦਨਾਮ ਕਰ ਰਹੇ ਹਨ। ਦਸਮ ਗ੍ਰੰਥ ਤੇ ਨਾਨਕਸ਼ਾਹੀ ਕਲੰਡਰ ਦੇ ਸੰਬੰਧ ਵਿਚ, ਡੇਰੇਦਾਰਾਂ ਦੀ ਹੂੜ ਮੱਤ ਨੂੰ ਗੁਰਸਿੱਖੀ ਦੇ ਸਿਧਾਂਤ ਸਮਝਣ ਦੀ ਹਿਮਾਕਤ ਕੀਤੀ ਜਾ ਰਹੀ ਹੈ। ਸਹਿਜਧਾਰੀ ਸਿੱਖਾਂ ਨੂੰ ਅਸਿੱਖ ਕਹਿ ਕੇ ਦਰਕਿਨਾਰ ਕੀਤਾ ਜਾ ਰਿਹਾ ਹੈ। ਕਿੰਤੂ ਪ੍ਰੰਤੂ ਕਰਨ ਵਾਲੇ ਸ਼ਰਧਾਵਾਨ ਸਿੱਖਾਂ ਨੂੰ ਅਕਾਲ ਤਖਤ ਤੋਂ ਸਿਆਸੀ ਦਬਾ ਪਾ ਕੇ, ਸਿੱਖੀ ਵਿਚੋਂ ਖਾਰਿਜ ਕੀਤਾ ਜਾ ਰਿਹਾ ਹੈ। ਸਹੀ ਸੋਚ ਵਾਲੇ ਸਿੱਖਾਂ ਨੂੰ ਮਨਮੁਖ ਗਰਦਾਨ ਕੇ ਸਿੱਖੀ ਦੇ ਦਾਇਰੇ ਵਿਚੋਂ ਛੇਕਿਆ ਜਾ ਰਿਹਾ ਹੈ। ਸਹੀ ਤੇ ਟਕਸਾਲੀ ਸਿੱਖਾਂ ਨੂੰ ਬਦਨਾਮ ਕਰਕੇ ਪੰਥ ਵਿਚੋਂ ਫਾਰਗ ਕੀਤਾ ਜਾ ਰਿਹਾ ਹੈ।

ਉਹ ਲਾਸਾਨੀ ਧਰਮ ਜਿਸ ਨੇ ਕਿਸੇ ਵੇਲੇ ਸਮੇਂ ਦੀ ਸਿਆਸਤ ਦਾ ਸਹੀ ਮਾਰਗ ਦਰਸ਼ਨ ਕੀਤਾ ਸੀ, ਅੱਜ ਇਸ ਸਵਾਰਥੀ ਸਿਆਸਤ ਦਾ ਹੱਥ ਠੋਕਾ ਬਣ ਕੇ ਰਹਿ ਗਿਆ ਹੈ। ਕੱਚਘੜ ਸਿੱਖਾਂ ਨੇ ਸਿਆਸੀ ਦਬਾ ਪਾ ਕੇ ਸਰਬੱਤ ਸਿੱਖੀ ਸੰਸਥਾਵਾਂ ਉੱਪਰ ਮਹੰਤਾਂ ਵਾਂਗ ਕਬਜ਼ਾ ਕਰ ਲਿਆ ਹੈ। ਜੋ ਕੁਝ ਸ਼੍ਰੋਮਣੀ ਕਮੇਟੀ ਦੇ ਮਾਨਯੋਗ ਮੈਂਬਰ ਕਰ ਰਹੇ ਹਨ, ਉਨ੍ਹਾਂ ਨੂੰ ਵੀ ਮਹੰਤਾਂ ਤੇ ਮਸੰਦਾਂ ਦੀ ਤਰਜ਼ ਤੇ ਨਿਯੰਤਰਤ ਕਰਨ ਦੀ ਫੌਰੀ ਲੋੜ ਹੈ। ਇਨ੍ਹਾਂ ਭੱਦਰ ਪੁਰਸ਼ਾਂ ਨੇ ਸਿੱਖ ਪੰਥ ਦੀ ਕੀ ਸੇਵਾ ਕਰਨੀ ਹੈ ? ਇਹ ਤਾਂ ਆਪੋ ਆਪਣਾ ਉੱਲੂ ਸਿੱਧਾ ਕਰਨ ਵਿਚ ਵਿਅਸਤ ਹਨ। ਕੌਮ ਦੀ ਇਨ੍ਹਾਂ ਨੂੰ ਕੋਈ ਸਾਰ ਨਹੀਂ। ਧਰਮ ਦੀ ਇਨ੍ਹਾਂ ਕੀ ਸੇਵਾ ਕਰਨੀ ਹੈ ? ਇਹ ਤਾਂ ਧਰਮ ਦਾ ਸ਼ੋਸ਼ਣ ਕਰਕੇ, ਸਿੱਖਾਂ ਨੂੰ ਬੇਵਕੂਫ਼ ਬਣਾ ਰਹੇ ਹਨ।

ਰਹਿੰਦੀ-ਖੂੰਹਦੀ ਕਸਰ ਸਿੱਖ ਬਾਬਿਆਂ ਤੇ ਡੇਰੇਦਾਰਾਂ ਨੇ ਕੱਢ ਦਿੱਤੀ ਹੈ। ਇਹ ਬਾਬੇ ਸਿੱਖੀ ਦਾ ਸਹਾਰਾ ਲੈ ਕੇ ਆਪਣੇ ਪਰਿਵਾਰਾਂ ਲਈ ਡੇਰੇ ਸਥਾਪਿਤ ਕਰ ਰਹੇ ਹਨ। ਸਿੱਖੀ ਇਨ੍ਹਾਂ ਡੇਰਿਆਂ ਦੇ ਹਾਸ਼ੀਏ ਤੇ ਖੜੀ ਹੈ। ਇਹ ਲੋਕ ਆਪਣੀਆਂ ਗੋਲਕਾਂ ਭਰਨ ਵਿਚ ਵਿਅਸਤ ਹਨ। ਸਿੱਖੀ ਦਾ ਪ੍ਰਚਾਰ ਕਰਨ ਦੀ ਆੜ ਵਿਚ ਇਹ ਡੇਰੇ ਆਪਣੇ ਨਿੱਜੀ ਮੁਫ਼ਾਦਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ। ਸਿੱਖੀ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਇਹ ਧਰਮ ਸਰਬੱਤ ਦੇ ਭਲੇ ਲਈ ਸਿਰਜਿਆ ਗਿਆ ਸੀ। ਇਹ ਸਭ ਜਾਤਾਂ ਤੇ ਧਰਮਾਂ ਲਈ ਖੁੱਲ੍ਹਾ ਸੀ ਪਰ ਸਾਡੇ ਸਵਾਰਥੀ ਭਾਈਆਂ, ਪੁਜਾਰੀਆਂ ਤੇ ਗ੍ਰੰਥੀਆਂ ਨੇ ਇਸ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦਿੱਤਾ ਹੈ। ਸਭ ਕੁਝ ਗਲਤ ਮਲਤ

ਤੇ ਮਨਮੁੱਖਤਾ ਅਧੀਨ ਹੋ ਰਿਹਾ ਹੈ। ਇਸ ਸਾਰੇ ਦ੍ਰਿਸ਼ ਤੇ ਆਲਮ ਨੂੰ ਵੇਖ ਕੇ ਦੁਖੀ ਤੇ ਚਿੰਤਤ ਹੋ ਕੇ ਰਹਿਣਾ ਪੈਂਦਾ ਹੈ ਕਿ ਖਾਲਸਾ ਜੀਓ ! ਕਿਧਰ ਨੂੰ ! ਅਗਾਜ਼ ਤੋ ਅੱਛਾ ਨਹੀਂ, ਅੰਜ਼ਾਮ ਖੁਦਾ ਜਾਨੇ।

ਖਾਲਸ ਜੀਓ, ਅਸੀਂ ਗੁਰਮੱਤ ਦੇ ਮੁੱਢਲੇ ਮਾਰਗ ਤੋਂ ਭਟਕ ਗਏ ਹਾਂ। ਸਾਡਾ ਜੀਵਨ ਪਾਖੰਡਾਂ ਦੇ ਦੰਭਾਂ ਨਾਲ ਲਬਰੇਜ਼ ਹੈ। ਅੱਜ ਸਿੱਖ ਜਗਤ ਵੱਲ ਝਾਤੀ ਮਾਰੋ। ਥਾਂ-ਥਾਂ ਅਲੌਕਿਕ ਤੇ ਰਸਭਿੰਨੜੇ ਕੀਰਤਨ ਦਰਬਾਰ ਹੋ ਰਹੇ ਹਨ। ਨਿਰੰਤਰ ਰੈਣ ਸੁਬਾਈ ਕੀਰਤਨਾਂ ਦੀ ਗੂੰਜ ਅੰਬਰਾਂ ਤੱਕ ਪਹੁੰਚ ਰਹੀ ਹੈ। ਲੜੀਵਾਰ ਪਾਠਾਂ ਦੇ ਭੋਗਾਂ ਤੋਂ ਸਾਡਾ ਇਕ ਪਲ ਦਾ ਵੀ ਵਿਹਲ ਨਹੀਂ। ਨਿੱਤ ਨਵੇਂ ਗਿਆਨੀ, ਭਾਈ ਤੇ ਕਥਾਕਾਰ ਸਿੱਖ ਸੰਗਤ ਨੂੰ ਗੁਰੂ ਸਾਹਿਬਾਨ ਦੇ ਚਰਨਾ ਨਾਲ ਜੋੜ ਰਹੇ ਹਨ। ਇਹ ਸਾਰੀ ਸ਼ਰਧਾ ਤੇ ਜਲ-ਜਲੌਅ ਵੇਖ ਕੇ ਪਤਾ ਲੱਗਦਾ ਹੈ ਕਿ ਸਿੱਖ ਕੌਮ ਹੁਣ ਮੁਕਤ ਹੋਣ ਵਾਲੀ ਹੈ ਹੁਣ ਇਨ੍ਹਾਂ ਸੱਚਖੰਡ ਵਿਚ ਵਿਚਰਨਾ ਆਰੰਭ ਕਰ ਦਿੱਤਾ ਹੈ। ਪਰ ਪਿਆਰੇ ਖਾਲਸਾ ਜੀਓ, ਸਾਡਾ ਰੋਜ਼ਮਰ੍ਹਾ ਜੀਵਨ ਤੇ ਜ਼ਮੀਨੀ ਹਕੀਕਤਾਂ ਇਨ੍ਹਾਂ ਪ੍ਰਾਪਤੀਆਂ ਨਾਲ ਮੇਲ ਨਹੀਂ ਖਾਂਦੀਆਂ। ਇਨ੍ਹਾਂ ਧਾਰਮਿਕ ਸਰਗਰਮੀਆਂ ਦੇ ਬਾਵਜੂਦ, ਸਿੱਖ ਜਗਤ ਵਿਚ ਬੇਰੁਜ਼ਗਾਰੀ, ਪਤਿਤਪੁਣਾ, ਨੈਤਿਕ ਭ੍ਰਿਸ਼ਟਾਚਾਰ, ਨੀਮ ਅਨਪੜ੍ਹਤਾ ਤੇ ਅਰਾਜਕਤਾ ਦਾ ਬੋਲਬਾਲਾ ਹੈ। ਸਾਡੇ ਕੁਝ ਸ਼ਾਤਿਰ ਨੇਤਾ, ਆਪਣੀਆਂ ਗੋਲਕਾਂ ਭਰਨ ਤੇ ਸਿਆਸਤਾਂ ਚਲਾਉਣ ਵਿਚ ਵਿਅਸਤ ਹਨ। ਇਸ ਉੱਪਰ ਪਰਦਾ ਪੋਸ਼ੀ ਕਰਨ ਲਈ, ਉਨ੍ਹਾਂ ਨੇ ਇਕ ਅਖਾਉਤੀ ਧਾਰਮਿਕ ਤੇ ਰੂਹਾਨੀ ਵਾਤਾਵਰਨ ਪੈਦਾ ਕਰ ਰੱਖਿਆ ਹੈ। ਦਿਨੋ-ਦਿਨ ਸਾਡੀਆਂ ਸਮਾਜਿਕ ਤੇ ਆਰਥਿਕ ਉਲਝਣਾਂ ਤੇ ਮਾਯੂਸੀਆਂ ਦੂਣੀਆਂ-ਤੀਣੀਆਂ ਹੋ ਰਹੀਆਂ ਹਨ। ਸਾਡੀ ਰੋਜ਼ਾਨਾ ਜੀਵਨ ਸ਼ੈਲੀ ਵਿਚੋਂ ਸਿੱਖੀ ਰੰਗ ਲੱਭਿਆ ਵੀ ਨਹੀਂ ਲੱਭਦੀ। ਅਸੀਂ ਗੁਰਮੱਤ ਅਨੁਸਾਰ ਚੱਲਣ ਦੇ ਢੌਂਗ ਤੇ ਸਵਾਂਗ ਰਚਾ ਲਏ ਹਨ, ਵਿਚ ਹਕੀਕਤ ਕੁਝ ਵੀ ਨਹੀਂ।

ਅੱਜ ਪੱਛਮੀ ਸਭਿਅਤਾ ਦੇ ਮਾਰੂ ਪ੍ਰਭਾਵ ਕਾਰਨ ਸਾਡਾ ਸਿੱਖੀ ਵਿਚੋਂ ਵਿਸ਼ਵਾਸ ਖੁਰਦਾ ਜਾ ਰਿਹਾ ਹੈ। ਗੁਰਮੱਤ ਨਾਲ ਸਾਡਾ ਮੋਹ ਭੰਗ ਹੋ ਰਿਹਾ ਹੈ। ਅਸੀਂ ਗ਼ੈਰਾਂ ਨੂੰ ਆਪਣੇ ਹੋਣ ਦਾ ਭਰਮ ਪਾਲ ਰੱਖਿਆ ਹੈ। ਸਾਨੂੰ ਆਪਣੀ ਸਿੱਖੀ ਰਹਿਤਲ ਤੇ ਗੁਰੂ ਮਰਿਆਦਾ ਓਪਰੀ ਤੇ ਬੋਝਲ ਲੱਗਣ ਲੱਗ ਪਈ ਹੈ। ਉਹ ਗੁਰਸਿੱਖੀ ਜਿਸ ਨੇ ਸਰਬ ਸੰਸਾਰ ਤੇ ਜਗਤ ਜਲੰਦੇ ਨੂੰ ਪ੍ਰੇਮ ਦਾ ਮਾਰਗ ਦਰਸਾਇਆ ਸੀ, ਖ਼ਉਸ ਦੇ ਕਦਮ ਡਗਮਗਾ ਰਹੇ ਹਨ। ਗੁਰੂ ਦਾ ਪੱਲਾ ਛੱਡ ਕੇ ਅਸੀਂ ਬੇਲਗਾਮ ਹੁੰਦੇ ਜਾ ਰਹੇ ਹਾਂ। ਇਸ ਬੇਮੁਹਾਰਾਪਣ ਤੇ ਦਿਸ਼ਾਹੀਣਤਾ ਸਾਨੂੰ ਇਕ ਦਿਨ ਲੈ ਬੈਠੇਗੀ। ਦੁਨੀਆਂ ਨੂੰ ਮੱਤਾਂ ਦੇਣ ਵਾਲੇ ਅਸੀਂ ਅੱਜ ਉਸ ਦੇ ਤਰਸ ਦੇ ਪਾਤਰ ਬਣ ਕੇ ਰਹਿ ਗਏ ਹਾਂ। ਅੱਜ ਭਾਰਤਵਾਸੀ ਸਾਨੂੰ ਤਾਹਨੇ ਮਿਹਣੇ ਦੇਣ ਲੱਗ ਪਏ ਹਨ। ਮਾਨੋ ਉਹ ਕਹਿ ਰਹੇ ਹੋਣ, "ਖਾਲਸਾ ਜੀਓ, ਕਿੱਧਰ ਨੂੰ ? ਇਹ ਤਾਂ ਗੁਰੂ ਦਾ ਮਾਰਗ ਨਹੀਂ।"

# ਸਿੱਖੀ ਤੇ ਲਾਈਲੱਗਪੁਣਾ

ਖਾਲਸਾ ਖਾਸ ਕਹਾਵੇ ਸੋਈ। ਜਾ ਕੇ ਹਿਰਦੇ ਭਰਮ ਨਾ ਹੋਈ।
ਭਰਮ ਭੇਖ ਤੇ ਰਹੇ ਨਿਆਰਾ। ਸੋ ਖਾਲਸਾ ਸਤਿਗੁਰ ਹਮਾਰਾ।

ਸਿਆਣੇ ਕਹਿੰਦੇ ਹਨ, "ਕਪੱਤਾ ਗਵਾਂਢ ਨਾ ਹੋਵੇ ਤੇ ਲਾਈਲੱਗ ਨਾ ਹੋਵੇ ਘਰਵਾਲਾ।" ਸਾਡੇ ਗਵਾਂਢੀ ਵੀ ਕੁਪੱਤੇ ਹਨ ਤੇ ਅਸੀਂ ਖ਼ੁਦ ਲਾਈਲੱਗ ਹਾਂ। ਸਾਡਾ ਬਚਣਾ ਮੁਸ਼ਕਿਲ ਹੈ। ਸਾਨੂੰ ਦੋਹਾਂ ਪਾਸਿਆਂ ਤੋਂ ਦੁਸ਼ਮਣਾਂ ਨੇ ਘੇਰ ਰੱਖਿਆ ਹੈ। ਜੇਕਰ ਅਸੀਂ ਲਾਈਲੱਗ ਨਹੀਂ ਰਹਾਂਗੇ ਤਾਂ ਗਵਾਂਢੀ ਦੇ ਕੁਪੱਤੇ ਹੋਣ ਦਾ ਤੌਖ਼ਲਾ ਘੱਟ ਜਾਂਦਾ ਹੈ। ਸਾਡੀਆਂ ਕਮਜ਼ੋਰੀਆਂ ਤੋਂ ਸਾਡੇ ਗਵਾਂਢੀ ਬਲ ਪ੍ਰਾਪਤ ਕਰਦੇ ਹਨ। ਜਦੋਂ ਅਸੀਂ ਪੂਰੇ ਤੌਰ 'ਤੇ ਚੁਕੰਨੇ ਤੇ ਚੌਕਸ ਹੋ ਜਾਵਾਂਗੇ ਤਾਂ ਗਵਾਂਢੀ ਵੀ ਸਿੱਧੇ ਹੋ ਜਾਣਗੇ। ਸਾਰੀਆਂ ਖ਼ਾਮੀਆਂ ਸਾਡੇ ਐਬਾਂ ਤੋਂ ਆਰੰਭ ਹੁੰਦੀਆਂ ਹਨ। ਜਦੋਂ ਅਸੀਂ ਆਪਣੀਆਂ ਖ਼ਾਮੀਆਂ ਨੂੰ ਖੂਬੀਆਂ ਵਿਚ ਬਦਲ ਲਵਾਂਗੇ ਤਾਂ ਗਵਾਂਢੀਆਂ ਦਾ ਸਾਡੇ ਪ੍ਰਤੀ ਰਵੱਈਆ ਬਦਲ ਜਾਵੇਗਾ। ਸਾਰੇ ਵਿਗਾੜ ਆਪਣੇ ਤੋਂ ਹੀ ਸ਼ੁਰੂ ਹੁੰਦੇ ਹਨ।

ਸਿੱਖ ਕੌਮ ਸ਼ੁਰੂ-ਸ਼ੁਰੂ ਵਿਚ ਹੀ ਬਿਲਕੁਲ ਅਨਪੜ੍ਹਾਂ ਤੇ ਆਲਸਾਂ ਦੀ ਕੌਮ ਸੀ। ਜਿਉਂ ਜਿਉਂ ਇਹ ਗੁਰੂਆਂ ਦੀ ਸ਼ਰਨ ਵਿਚ ਆਏ ਤਾਂ ਇਨ੍ਹਾਂ ਦੀਆਂ ਹੋਣੀਆਂ ਬਦਲਣੀਆਂ ਸ਼ੁਰੂ ਹੋ ਗਈਆਂ। ਗ਼ੁਲਾਮ ਮੁਲਕਾਂ ਵਿਚ ਪੜ੍ਹਾਈ ਲਿਖਾਈ ਦਾ ਜੋਖ਼ਮ ਹੁਕਮਰਾਨ ਨਹੀਂ ਉਠਾਉਂਦੇ। ਪੜ੍ਹਾਈ ਲਿਖਾਈ ਕੇਵਲ ਹਾਕਮਾਂ ਦੀਆਂ ਹਵੇਲੀਆਂ ਤੇ ਮਹਿਲਾਂ ਤੱਕ ਹੀ ਮਹਿਦੂਦ ਸੀ। ਇਸ ਲਈ ਸਿੱਖਾਂ ਤੋਂ ਰਾਜਨੀਤੀ ਤੇ ਰਣਨੀਤੀ ਦੀ ਤਵਕੋਂ ਕਰਨਾ ਗ਼ੈਰ ਮੁਨਾਸਿਬ ਸੀ। ਸਾਡੇ ਭੋਲੇ ਭਾਲੇ ਸਿੱਖਾਂ ਨੇ ਪਹਿਲਾਂ ਪਹਿਲ, ਗੁਰੂ ਸਾਹਿਬਾਨ ਦੇ ਸਿੱਖ ਬਣ ਕੇ ਕੇਵਲ ਮਾਣ-ਤਾਣ ਨਾਲ ਜੀਣਾ ਹੀ ਸਿੱਖਿਆ। ਜਦੋਂ ਬੰਦਾ ਹੋਸ਼ ਵਿਚ ਆ ਜਾਵੇ ਤਾਂ ਉਹ ਖੁਦ-ਬ-ਖੁਦ ਆਪਣੇ ਹੱਕਾਂ-ਹਕੂਕਾਂ ਬਾਰੇ ਚੌਕਸ ਹੋ ਜਾਂਦਾ ਹੈ। ਇਸ ਲਈ ਹੌਲੀ-ਹੌਲੀ ਵਿਦਿਆ ਪ੍ਰਾਪਤ ਕਰਨੀ ਸ਼ੁਰੂ ਕੀਤੀ। ਪਹਿਲਾਂ ਉਨ੍ਹਾਂ ਯੁੱਧ ਵਿਦਿਆ ਬਾਰੇ ਜਾਣਕਾਰੀ ਲਈ। ਯੁੱਧ ਦੀ ਰਣਨੀਤੀ ਬਾਰੇ ਗਿਆਨ ਹਾਸਿਲ ਕੀਤਾ। ਫਿਰ ਸਮਾਜ ਵਿਚ ਅਣਖ ਨਾਲ ਜੀਣ ਦੀ ਵਿਦਿਆ ਹਾਸਿਲ ਕੀਤੀ। ਮਦਰੱਸਿਆਂ ਦੀ ਵਿਦਿਆ ਉਨ੍ਹਾਂ ਨੇ ਸਭ ਤੋਂ ਬਾਅਦ ਸਿੱਖੀ। ਹੌਲੀ-ਹੌਲੀ ਸਿੱਖ ਬਾਕੀ ਵਿਕਸਤ ਕੌਮਾਂ ਵਾਂਗ ਸਿਰ ਉੱਚਾ ਕਰਕੇ ਫਿਰਨ ਲੱਗੇ। ਸਮੇਂ ਦੇ ਬੀਤਣ ਨਾਲ ਸਾਡੇ ਵਿਚੋਂ ਮਾਸੂਮਪੁਣਾਂ ਤੇ ਲਾਈਲੱਗਪੁਣਾਂ ਮਨਫ਼ੀ ਹੋਣ ਲੱਗਾ। ਅਸੀਂ ਵੀ ਸਭਿਅਕ ਕੌਮਾਂ ਵਿਚ ਗਿਣੇ ਜਾਣ ਲੱਗੇ। ਭਾਰਤ ਦੇ ਬਾਕੀ ਦਲਿਤਾਂ ਤੇ ਕਿਸਾਨਾਂ ਕਾਮਿਆਂ ਦੀ ਇਸ

ਤਰ੍ਹਾਂ ਨਾਲ ਜਾਤੀ ਪ੍ਰਵਰਸ਼ਿ ਨਹੀਂ ਹੋਈ। ਇਸੇ ਲਈ ਉਹ ਸਿੱਖਾਂ ਜਿੰਨੇ ਵਿਕਸਤ ਨਹੀਂ ਹੋ ਸਕੇ।

ਅਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿਚ ਸਾਡੇ ਹਾਕਮਾਂ ਨੇ ਸਾਨੂੰ ਸਹੀ ਤਰ੍ਹਾਂ ਵਿਕਸਤ ਤੇ ਸ਼ਿਕਸ਼ਤ ਹੋਣ ਦਾ ਮੌਕਾ ਨਹੀਂ ਦਿੱਤਾ। ਹਾਕਮਾਂ ਦੀ ਆਪਣੀ ਰਾਜਨੀਤੀ ਹੁੰਦੀ ਹੈ। ਕੋਈ ਹਾਕਮ ਭਾਵੇਂ ਸਵਦੇਸ਼ੀ ਹੀ ਹੋਵੇ, ਉਹ ਕੌਮ ਦੇ ਜਾਗਣ ਦੇ ਹੱਕ ਵਿਚ ਨਹੀਂ ਹੁੰਦਾ। ਉਹ ਅਕਸਰ ਅਜਿਹੀਆਂ ਨੀਤੀਆਂ ਬਣਾਉਂਦਾ ਹੈ, ਜਿਸ ਨਾਲ ਬਹੁਤੇ ਲੋਕ ਹਨੇਰੇ ਵਿਚ ਹੀ ਟੱਕਰਾਂ ਮਾਰਦੇ ਫਿਰਨ। ਸਾਡੇ ਪੰਜਾਬ ਵਿਚ ਵੀ, ਸਾਡੇ ਗਰੀਬ ਗੁਰਬਿਆਂ ਨੂੰ ਜਿਹੜੇ ਕਿ ਬਹੁਤੇ ਸਿੱਖ ਹਨ, ਮੌਲਣ ਤੇ ਵਿਗਸਣ ਦਾ ਮੌਕਾ ਨਹੀਂ ਦਿੱਤਾ ਗਿਆ। ਇਸ ਲਈ ਜਿਸ ਹੱਦ ਤੱਕ ਸਿੱਖ ਸਾਵਧਾਨ ਤੇ ਚੌਕਸ ਹੋਣੇ ਚਾਹੀਦੇ ਸਨ, ਉਹ ਹੋ ਨਹੀਂ ਸਕੇ। ਉਹ ਕਾਫ਼ੀ ਹੱਦ ਤੱਕ ਹਾਲੇ ਵੀ ਲਾਈਲੱਗ ਹੀ ਹਨ। ਲਾਈਲੱਗ ਵੋਟਰਾਂ ਨੂੰ ਨਿਯੰਤਰ ਕਰਨਾ ਸੁਖਾਲਾ ਹੁੰਦਾ ਹੈ। ਲਾਈਲੱਗ ਲੋਕ ਅੱਧੇ ਸੁੱਤੇ ਹੁੰਦੇ ਹਨ। ਉਨ੍ਹਾਂ ਦੀ ਬੁੱਧੀ ਨਾਲੋਂ ਭਾਵਨਾਵਾਂ ਵਧੇਰੇ ਕਾਰਜਸ਼ੀਲ ਹੁੰਦੀਆਂ ਹਨ। ਭਾਵਨਾਵਾਂ ਵਾਲੇ ਬੰਦੇ ਨੂੰ ਨੱਥੀ ਕਰਨਾ ਵਧੇਰੇ ਸੁਖਾਲਾ ਹੁੰਦਾ ਹੈ। ਇਸ ਲਈ ਸਾਡੇ ਲੋਕ ਅੱਜ ਤੱਕ ਆਪਣਾ ਲਾਈਲੱਗਪੁਣਾ ਤਿਆਗ ਨਹੀਂ ਸਕੇ।

ਭਾਰਤ ਵਿਚ ਹੋਰ ਵੀ ਕੌਮਾਂ ਵੱਸਦੀਆਂ ਹਨ। ਅੰਗਰੇਜ਼ਾਂ ਤੇ ਮੁਸਲਮਾਨਾਂ ਦੀ ਗ਼ੁਲਾਮੀ ਵੇਲੇ, ਉਨ੍ਹਾਂ ਦਾ ਇੰਨਾ ਖ਼ੂਨ ਨਹੀਂ ਖੌਲਿਆ ਜਿੰਨਾਂ ਸਿੱਖਾਂ ਦਾ। ਸਿੱਖ ਹੀ ਚਰਖੜੀਆਂ ਤੇ ਚੜੇ, ਆਰਿਆਂ ਨਾਲ ਚਿਰਾਏ ਗਏ। ਉਨ੍ਹਾਂ ਦੀ ਹਕੂਮਤ ਨੂੰ ਵੰਗਾਰਿਆ। ਜਦੋਂ ਕਿ ਕਈ ਭਾਰਤੀ ਮੂੰਹ ਵਿਚ ਥੁਕਵਾ ਕੇ ਜਜ਼ੀਆ ਮੁਆਫ਼ ਕਰਵਾ ਲੈਂਦੇ ਸਨ ਪਰ ਸਿੱਖਾਂ ਨੇ ਜਜ਼ੀਆ ਦੇਣ ਤੋਂ ਸਾਫ਼ ਇਨਕਾਰ ਕੀਤਾ। ਮਨਾਹੀ ਦੇ ਬਾਵਜੂਦ, ਅਰਬੀ ਘੋੜੇ ਤੇ ਉਨ੍ਹਾਂ ਦੀ ਸ਼ਾਨ ਨਾਲ ਸਵਾਰੀ ਕੀਤੀ। ਰੇਸ਼ਮ ਪਹਿਨਿਆ, ਸ਼ਰੇਆਮ ਹਥਿਆਰ ਰੱਖੇ, ਸਿਰਾਂ ਤੇ ਕਲਗੀਆਂ ਲਗਾਈਆਂ ਤੇ ਆਪਣੇ ਆਪ ਨੂੰ ਸੱਚੇ ਪਾਤਸ਼ਾਹ ਅਖਵਾਇਆ। ਭਾਰਤ ਵਿਚ ਕੋਈ ਵੀ ਕੌਮ ਅਜਿਹਾ ਕਰਨ ਦਾ ਸਾਹਸ ਨਾ ਜੁਟਾ ਸਕੀ। ਸਭੇ ਲੋਕ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਲੱਗੇ। ਪਰ ਸਿੱਖਾਂ ਨੂੰ ਇਹ ਵਤੀਰਾ ਗਵਾਰਾ ਨਹੀਂ। ਉਨ੍ਹਾਂ ਨੇ ਆਪਣੀਆਂ ਜਾਨਾਂ ਜੋਖ਼ਮ ਵਿਚ ਪਾ ਕੇ ਵੇਲੇ ਦੀਆਂ ਹਕੂਮਤਾਂ ਨਾਲ ਲੋਹਾ ਲਿਆ। ਇਹ ਇਕ ਸੂਰਮਗਤੀ ਸੀ। ਅਸੀਂ ਇਹ ਸਭ ਕੁਝ ਭਾਵਨਾਵਾਂ ਅਧੀਨ ਰਹਿ ਕੇ ਕਰਦੇ ਰਹੇ। ਇਸ ਨੂੰ ਸਿੱਖਾਂ ਦੀ ਨਾਦਾਨੀ ਜਾਂ ਅਕਲਮੰਦੀ ਸਮਝ ਲਓ। ਇਸ ਬਾਰੇ ਇਤਿਹਾਸ ਨੇ ਆਖਰੀ ਨਿਰਣਾ ਕਰਨਾ ਹੈ ਕਿਉਂਕਿ ਇਸ ਸੂਰਮਗਤੀ ਦਾ ਪੂਰਾ ਮੁੱਲ ਨਾ ਪਿਆ। ਇਸ ਲਈ ਇਸ ਨੂੰ ਲਾਈਲੱਗਪੁਣਾਂ ਹੀ ਕਹਾਂਗੇ। ਜਾਣ ਨਾ ਜਾਣ ਮੈਂ ਤੇਰਾ ਮਹਿਮਾਨ।

ਸ੍ਰੀਮਤੀ ਇੰਦਰਾ ਗਾਂਧੀ ਨੇ ਭਾਰਤ ਵਿਚ ਆਪਣੀ ਤਾਨਾਸ਼ਾਹੀ ਸ਼ੁਰੂ ਕਰ ਰੱਖੀ ਸੀ। ਜਦੋਂ ਇਸ ਵਿਰੁੱਧ ਆਵਾਜ਼ ਉਠਾਈ ਤਾਂ ਸਭ ਤੋਂ ਅੱਗੇ ਸਿੱਖ ਹੀ ਸਨ। ਉਨ੍ਹਾਂ ਨੇ ਮੋਰਚਾ ਲਾ ਲਿਆ। ਉਹ ਉਨ੍ਹੀਂ ਮਹੀਨੇ ਕੌਮ ਉੱਪਰ ਥੋਪੀ ਗਈ ਐਮਰਜੈਂਸੀ ਵਿਰੁੱਧ ਜ਼ਹਾਦ ਖੜਾ ਕਰਦੇ ਰਹੇ। ਉਨ੍ਹਾਂ ਨੇ ਲੱਖਾਂ ਦੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ

ਅਤੇ ਜੇਲ੍ਹਾਂ ਦੀ ਸੈਰ ਕੀਤੀ। ਇਸ ਵਕਤ ਭਾਰਤ ਦੇ ਬਹੁਤੇ ਲੋਕ ਅਰਾਮ ਦੀ ਜ਼ਿੰਦਗੀ ਬਤੀਤ ਕਰ ਰਹੇ ਸਨ। ਉਨ੍ਹਾਂ ਨੇ ਕੋਈ ਜੇਲ੍ਹ ਯਾਤਰਾ ਨਹੀਂ ਕੀਤੀ ਤੇ ਨਾ ਹੀ ਲਾਠੀਆਂ ਤੇ ਗੋਲੀਆਂ ਦਾ ਸਾਹਮਣਾ ਕੀਤਾ। ਉਹ ਕੇਵਲ ਇੰਦਰਾ ਗਾਂਧੀ ਵਿਰੁੱਧ ਰੋਹ ਭਰੇ ਭਾਸ਼ਣ ਹੀ ਦਿੰਦੇ ਰਹੇ। ਪਰ ਸਿੱਖਾਂ ਨੇ ਤਾਂ ਜੇਲ੍ਹਾਂ ਭਰ ਦਿੱਤੀਆਂ ਤੇ ਦੇਸ਼ ਵਿਚ ਕੁਹਰਾਮ ਮਚਾ ਦਿੱਤਾ।

ਇਸੇ ਵਿਰੋਧ ਕਾਰਨ ਸ੍ਰੀਮਤੀ ਇੰਦਰਾ ਗਾਂਧੀ ਨੇ 1984 ਵਿਚ ਸਿੱਖਾਂ ਦੇ ਮੱਕੇ ਉੱਪਰ ਹਮਲਾ ਕਰਨ ਦੀ ਹਿਮਾਕਤ ਕੀਤੀ। ਇਸ ਦੀ ਸਜ਼ਾ ਉਸ ਨੂੰ ਦਿੱਤੀ ਗਈ। ਅੱਤਵਾਦ ਭੜਕਾ ਕੇ ਨਾ ਤਾਂ ਸਿੱਖਾਂ ਨੇ ਕੋਈ ਦੇਸ਼ ਭਗਤੀ ਦਾ ਸਬੂਤ ਦਿੱਤਾ ਤੇ ਨਾ ਹੀ ਸਿੱਖਾਂ ਦੇ ਸੁਨਹਿਰੀ ਮੰਦਰ ਉੱਪਰ ਹਮਲਾ ਕਰਕੇ ਇੰਦਰਾ ਗਾਂਧੀ ਨੇ ਕੋਈ ਸਿਆਣਪ ਦਾ ਸਬੂਤ ਨਾ ਦਿੱਤਾ। ਸਿੱਖਾਂ ਨੂੰ ਆਪਣੇ ਲਾਈਲੱਗਪੁਣੇ ਕਾਰਨ ਸਭ ਤੋਂ ਵੱਧ ਨੁਕਸਾਨ ਦੇ ਭਾਗੀਦਾਰ ਹੋਣਾ ਪਿਆ। ਨਾਲੇ ਅਸੀਂ ਜੇਲ੍ਹਾਂ ਕੱਟੀਆਂ ਤੇ ਨਾਲੇ ਅਸੀਂ ਗ਼ਦਾਰ ਅਖਵਾਏ। ਇਹ ਸਾਡੀ ਸਿਆਸੀ ਮਾਸੂਮਤਾ ਦੀ ਇੰਤਹਾ ਸੀ। ਜਿਨ੍ਹਾਂ ਨੇ ਸਾਡੇ ਉੱਪਰ ਲਾਠੀਆਂ ਤੇ ਗੋਲੀਆਂ ਦੀ ਵਰਖਾ ਕੀਤੀ। ਉਨ੍ਹਾਂ ਨੂੰ ਦੇਸ਼ ਭਗਤ ਗਰਦਾਨਿਆ ਗਿਆ। ਸਾਨੂੰ ਲਾਈਲੱਗ ਹੋਣ ਦੀ ਭਰਪੂਰ ਸਜ਼ਾ ਦਿੱਤੀ ਗਈ।

ਸਾਡੇ ਦੇਸ਼ ਵਿਚ ਚੀਨ ਤੇ ਪਾਕਿਸਤਾਨ ਦੀਆ ਕਈ ਜੰਗਾਂ ਹੋਈਆਂ। ਸਾਡੇ ਕੌਮੀ ਨੇਤਾਵਾਂ ਨੇ ਆਖਿਆ ਕਿ ਜੇਕਰ ਅਸੀਂ ਕੌਮ ਲਈ ਸ਼ਹੀਦ ਹੋਵਾਂਗੇ ਤਾਂ ਅਮਰ ਹੋ ਜਾਵਾਂਗੇ। ਜੇਕਰ ਅਸੀਂ ਬਚ ਗਏ ਤਾਂ ਸਾਨੂੰ ਕੌਮੀ ਹੀਰੇ ਸਮਝ ਕੇ ਸਨਮਾਨਿਆ ਜਾਵੇਗਾ। ਸਾਡੇ ਸਿੱਖਾਂ ਨੇ ਭਾਵੁਕ ਹੋ ਕੇ ਸਰਹੱਦਾਂ ਉੱਤੇ ਵੱਧ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਭਾਰਤ ਦੇ ਵਰਤਮਾਨ ਲਈ ਉਨ੍ਹਾਂ ਆਪਣਾ ਭਵਿੱਖ ਲੁਟਾ ਦਿੱਤਾ। ਪਰ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਕੋਈ ਖ਼ਾਸ ਮੁੱਲ ਨਾ ਪਿਆ। ਸਾਡੇ ਨੇਤਾਵਾਂ ਨੇ ਇਨ੍ਹਾਂ ਜੰਗਾਂ ਦਾ ਲਾਹਾ ਲੈ ਕੇ ਆਪਣੀ ਸਿਆਸੀ ਉਮਰ ਵਧਾਈ ਤੇ ਵਾਹ ਵਾਹ ਖੱਟੀ। ਸਾਡੇ ਜਰਨੈਲਾਂ ਤੇ ਅਫ਼ਸਰਾਂ ਨੇ ਤਬੂਤਾਂ ਦੀ ਦਲਾਲੀ ਖਾਧੀ। ਕਾਰਗਿਲ ਦੀ ਲੜਾਈ ਵਿਚ ਆਪਣੀ ਫ਼ੌਜੀ ਸ਼ੌਹਰਤ ਦੀ ਖ਼ਾਤਰ ਅਖਾਉਤੀ ਸ਼ਹੀਦਾਂ ਦੇ ਨਾਮ ਹੇਠਾਂ ਮੂੰਹ ਮੰਗੇ ਇਨਾਮ ਪ੍ਰਾਪਤ ਕੀਤੇ। ਸ਼ਹੀਦਾਂ ਦੇ ਪਰਿਵਾਰਾਂ ਦੀ ਜੋ ਦੁਰਗੱਤ ਹੋਈ, ਉਹ ਸਾਰੇ ਜਾਣਦੇ ਹਨ ਕਿਵੇਂ ਉਨ੍ਹਾਂ ਦੇ ਰਿਹਾਇਸ਼ੀ ਪਲਾਟਾਂ ਨੂੰ ਆਪਣੇ ਨਾਮ ਅਲਾਟ ਕਰਵਾ ਕੇ, ਸ਼ਹੀਦਾਂ ਦੇ ਪਰਿਵਾਰਾਂ ਦਾ ਕੋਝਾ ਮਜ਼ਾਕ ਉਡਾਇਆ ਗਿਆ। ਕਾਰਗਿਲ ਦੀ ਜੰਗ ਵਿਚ ਬਹੁਤੇ ਸ਼ਹੀਦ ਸਾਡੇ ਹੀ ਭਰਾ ਸਨ।

ਸਿੱਖ ਲੋਕ ਜਲਦੀ ਹੀ ਲੜ ਪੈਂਦੇ ਹਨ। ਇਹ ਜੰਗਜੂ ਕੌਮ ਹੈ। 'ਜਾਤ ਗੋਤ ਸਿੰਘਨ ਦੀ ਦੰਗਾ। ਦੰਗਾ ਹੀ ਇਨੇ ਗੁਰ ਸੇ ਮੰਗਾ।' ਜੇਕਰ ਇਨ੍ਹਾਂ ਨੂੰ ਦੂਜਿਆਂ ਨਾਲ ਲੜਨ ਦਾ ਮੌਕਾ ਨਾ ਮਿਲੇ ਤਾਂ ਇਹ ਆਪਸ ਵਿਚ ਹੀ ਗੁੱਥਮ ਗੁੱਥਾ ਹੋ ਜਾਂਦੇ ਹਨ। ਲੜਾਈ ਹੋਣੀ ਚਾਹੀਦੀ ਹੈ, ਭਾਵੇਂ ਘਰ ਵਿਚ ਭਾਵੇਂ ਬਾਹਰ। ਲੜਾਈ ਦੰਗੇ ਤੋਂ ਬਿਨਾਂ ਸਾਨੂੰ ਰੋਟੀ ਹਜ਼ਮ ਨਹੀਂ ਹੁੰਦੀ। ਭਾਵੇਂ ਹਿੰਦੂ ਭਰਾ ਤਾਂ ਇਸ ਤਰ੍ਹਾਂ ਕਦੀ ਆਹਮੋ-ਸਾਹਮਣੇ ਨਹੀਂ ਹੁੰਦੇ। ਅਸੀਂ ਤਾਂ ਮਿੰਟਾਂ ਵਿਚ ਬਾਹਵਾਂ ਟੁੰਗ ਕੇ ਮੈਦਾਨ ਵਿਚ ਨਿੱਤਰ ਆਉਂਦੇ ਹਾਂ।

ਸਾਨੂੰ ਤਾਂ ਬੱਸ ਲੜਨ ਦਾ ਕੋਈ ਬਹਾਨਾ ਹੀ ਚਾਹੀਦਾ ਹੈ। ਇਹ ਕੋਈ ਮਿਅਰੀ ਕੌਮੀ ਕਿਰਦਾਰ ਨਹੀਂ। ਅਸੀਂ ਆਪਣੇ ਲੋਕਾਂ ਨਾਲ ਹੀ ਲੜ ਭਿੜ ਕੇ ਆਪਣੀ ਤਾਕਤ ਜ਼ਾਇਆ ਕਰਦੇ ਰਹਿੰਦੇ ਹਾਂ। ਇਹ ਤਾਕਤ ਤਾਂ ਸਾਨੂੰ ਆਪਣੇ ਵਿਰੋਧੀਆਂ ਤੇ ਦੋਖੀਆਂ ਵਿਰੁੱਧ ਵਰਤਣੀ ਚਾਹੀਦੀ ਹੈ। ਸਾਨੂੰ ਹਾਲੇ ਤੱਕ ਇਹ ਖ਼ਾਮੀ ਦਾ ਅਹਿਸਾਸ ਨਹੀਂ ਹੋਇਆ।

ਅੱਜ ਪੰਜਾਬ ਦੀ ਰਾਜਨੀਤੀ ਵਿਚ ਕੀ ਵਰਤ ਰਿਹਾ ਹੈ ? ਸਿੱਖ ਹੀ ਸਿੱਖਾਂ ਨਾਲ ਭਿੜ ਰਹੇ ਹਨ। ਅਕਾਲੀਦਲ ਤੇ ਕਾਂਗਰਸ ਪਾਰਟੀ ਦੋਹਾਂ ਦੇ ਪ੍ਰਮੁੱਖ ਨੇਤਾ ਸਿੱਖ ਹੀ ਹਨ। ਉਹੀ ਇਕ ਦੂਜੇ ਦੀ ਜਾਨ ਦਾ ਖੌਅ ਬਣੇ ਹੋਏ ਹਨ। ਆਪਣੇ ਸਿਆਸੀ ਮੁਫ਼ਾਦਾਂ ਲਈ ਉਹ ਇਕ ਦੂਜੇ ਨੂੰ ਠਿੱਬੀ ਲਾਉਣੋਂ ਗੁਰੇਜ਼ ਨਹੀਂ ਕਰਦੇ। ਆਪਣੇ ਨਿੱਜੀ ਤੇ ਸਿਆਸੀ ਮੁਫ਼ਾਦਾਂ ਕਾਰਨ, ਉਹ ਆਪਣੇ ਹੀ ਭਰਾਵਾਂ ਨੂੰ ਕਟਹਿਰੇ ਵਿਚ ਭੰਡਦੇ ਹਨ। ਉਨ੍ਹਾਂ ਵਿਰੁੱਧ ਫ਼ੌਜਦਾਰੀ ਤੇ ਦਵਾਨੀ ਕੇਸ ਦਰਜ ਕਰਾਉਣ ਤੋਂ ਗੁਰੇਜ਼ ਨਹੀਂ ਕਰਦੇ। ਇਕ ਦੂਜੇ ਦਾ ਸਿਆਸੀ ਜੀਵਨ ਤਬਾਹ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ ਜਾਂਦੀ ਹੈ। ਬਾਦਲ ਪਰਿਵਾਰ ਵਿਚ ਜੋ ਕੁਝ ਹੋ ਰਿਹਾ ਹੈ, ਉਹ ਇਸ ਸੱਚਾਈ ਦਾ ਜ਼ਿੰਦਾ ਸਬੂਤ ਹੈ।

ਸਾਨੂੰ ਸਮਝਣਾ ਚਾਹੀਦਾ ਹੈ ਕਿ ਅਸੀਂ ਭਾਰਤ ਦੀ ਵਸੋਂ ਦਾ ਕੇਵਲ 2 ਪ੍ਰਤੀਸ਼ਤ ਹਾਂ। ਸਾਡੀ ਗਿਣਤੀ ਨਿਗੂਣੀ ਹੈ। ਸਾਡਾ ਸਿਆਸੀ ਵਜੂਦ ਨਾ ਮਾਤਰ ਹੈ। ਭਾਰਤ ਦੀ ਲੋਕ ਸਭਾ ਵਿਚ ਸਾਡੇ ਕੇਵਲ 13 ਸਾਂਸਦ ਜਾਂਦੇ ਹਨ। ਅਸੀਂ ਆਟੇ ਵਿਚ ਲੂਣ ਦੇ ਬਰਾਬਰ ਹਾਂ। ਸਾਡੇ ਲੋਕਾਂ ਵਿਚ ਹਾਲੇ ਯਹੂਦੀਆਂ ਲੋਕਾਂ ਵਾਲਾ ਸੰਗਠਨ ਪੈਦਾ ਨਹੀਂ ਹੋਇਆ। ਅਸੀਂ ਸਿਆਸੀ ਪੌੜੀ ਦੇ ਹੇਠਲੇ ਡੰਡੇ ਉੱਪਰ ਉਲਝ ਰਹੇ ਹਾਂ। ਸਾਨੂੰ ਆਪਣੀ ਹੋਂਦ ਜਗਾਉਣ ਬਾਰੇ ਅਹਿਸਾਸ ਹੋਣਾ ਚਾਹੀਦਾ ਹੈ। ਲਾਈਲੱਗਪੁਣਾ ਛੱਡਾਂਗੇ ਤਾਂ ਸਾਡੇ ਸਾਰੇ ਮੋਰਚੇ ਆਪਣੇ ਆਪ ਫ਼ਤਹਿ ਹੋ ਜਾਣਗੇ।

# ਕਾਹਦੇ ਸਿੱਖ ਹੋ ਤੁਸੀਂ ?

ਕੋਈ ਵੇਲਾ ਸੀ ਜਦੋਂ ਕਿਸੇ ਸਿੱਖ ਨੂੰ ਮਿਲ ਕੇ ਚਾਅ ਚੜ੍ਹ ਜਾਂਦਾ ਸੀ। ਸਾਰੇ ਦੁੱਖ ਦੂਰ ਹੋ ਜਾਂਦੇ ਸਨ। ਅਠਾਰਵੀਂ ਸਦੀ ਵਿਚ ਜਦੋਂ ਅਬਦਾਲੀ ਤੇ ਨਾਦਿਰਸ਼ਾਹ ਵਰਗੇ ਵਿਦੇਸ਼ੀ ਧਾੜਵੀ ਸਾਡੇ ਮੁਲਕ ਵਿਚੋਂ ਲੁੱਟਮਾਰ ਕਰਕੇ, ਜਾਂਦੀ ਵਾਰ ਸਾਡੀਆਂ ਬਹੂ-ਬੇਟੀਆਂ ਵੀ ਉਧਾਲ ਕੇ ਲੈ ਜਾਂਦੇ ਸਨ। ਉਨ੍ਹਾਂ ਨੂੰ ਕੋਈ ਹੁਕਮਰਾਨ ਜਾਂ ਕੋਈ ਯੋਧਾ ਛੁਡਵਾ ਨਾ ਸਕਦਾ। ਪਰ ਜਦੋਂ ਸਿੱਖਾਂ ਨੂੰ ਵੀ ਇਸ ਦੀ ਭਿਣਕ ਪੈਂਦੀ ਤਾਂ ਉਹ ਜੰਗਲਾਂ ਵਿਚੋਂ ਨਿਕਲ ਕੇ ਇਨ੍ਹਾਂ ਧਾੜਵੀਆਂ ਦੇ ਲਸ਼ਕਰ ਦਾ ਪਿੱਛਾ ਕਰਨ ਲੱਗਦੇ। ਇਸ ਤਰ੍ਹਾਂ ਸਿੱਖਾਂ ਨੇ ਹਜ਼ਾਰਾਂ ਅਬਲਾ ਔਰਤਾਂ ਨੂੰ ਧਾੜਵੀਆਂ ਦੇ ਪੰਜੇ ਵਿਚੋਂ ਛੁਡਵਾ ਕੇ, ਉਨ੍ਹਾਂ ਨੂੰ ਸਹੀ ਸਲਾਮਤ ਉਨ੍ਹਾਂ ਦੇ ਘਰੀਂ ਪਹੁੰਚਾਇਆ। ਜਿਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਵਾਪਸ ਘਰ ਪਹੁੰਚਦੀਆਂ, ਉਹ ਪਰਿਵਾਰ ਸਦਾ ਲਈ ਸਿੱਖਾਂ ਮੁਦੱਈ ਤੇ ਚਹੇਤੇ ਹੋ ਗਏ। ਅਜਿਹੇ ਕਲਿਆਣਕਾਰੀ ਲੋਕ, ਪਹਿਲਾਂ ਭਾਰਤ ਦੀ ਧਰਤੀ ਉੱਪਰ ਨਹੀਂ ਸਨ ਆਏ। ਆਪਣੀਆਂ ਜਾਨਾਂ ਨੂੰ ਜ਼ੋਖਮ ਵਿਚ ਪਾ ਕੇ, ਬੇਗਾਨੀਆਂ ਧੀਆਂ ਭੈਣਾਂ ਨੂੰ ਆਪਣੀਆਂ ਸਮਝ ਕੇ ਉਨ੍ਹਾਂ ਨੂੰ ਜ਼ਾਲਮਾਂ ਦੇ ਸ਼ਿਕੰਜੇ ਵਿਚੋਂ ਬਾਹਰ ਕੱਢਣਾ, ਇਹ ਕੇਵਲ ਸਿੱਖਾਂ ਦੇ ਕਿਰਦਾਰ ਦਾ ਕਮਾਲ ਸੀ। ਜਦੋਂ ਇਨ੍ਹਾਂ ਨਿਰਦੋਸ਼ ਤੀਵੀਆਂ ਦੇ ਆਪਣੇ ਸਕੇ-ਸੋਧਰੇ ਇਨ੍ਹਾਂ ਨੂੰ ਬਚਾਉਣ ਵਿਚ ਅਸਫ਼ਲ ਤੇ ਬੇਬੱਸ ਹੋ ਗਏ ਸਨ ਤਾਂ ਸਿੱਖਾਂ ਨੇ ਆ ਕੇ ਉਨ੍ਹਾਂ ਦੀਆਂ ਚੀਕਾਂ ਪੁਕਾਰਾਂ ਨੂੰ ਸੁਣਿਆ ਸੀ ਤੇ ਉਨ੍ਹਾਂ ਨੂੰ ਬਿਪਤਾ ਵਿਚੋਂ ਬਾਹਰ ਕੱਢਿਆ ਸੀ।

ਪਾਣੀਪਤ ਦੀ ਤੀਜੀ ਲੜਾਈ ਵਿਚ ਮਰਹੱਟਿਆਂ ਦੀ ਫ਼ੌਜ ਦੀ ਗਿਣਤੀ ਅਬਦਾਲੀ ਦੀਆਂ ਫ਼ੌਜਾਂ ਨਾਲੋਂ ਦਸ ਗੁਣਾਂ ਸੀ ਪਰ ਫਿਰ ਵੀ ਜਿੱਤ ਪਠਾਣਾਂ ਦੀ ਹੋਈ। ਦਿੱਲੀ ਨੂੰ ਲੁੱਟ ਕੇ ਅਬਦਾਲੀ ਦੇ ਲਸ਼ਕਰ ਨੇ ਸਾਡੀਆਂ ਬਹੂ-ਬੇਟੀਆਂ ਨੂੰ ਹਥਿਆ ਲਿਆ। ਉਨ੍ਹਾਂ ਨੂੰ ਬਚਾਉਣ ਜਾਂ ਛੁਡਾਉਣ ਵਾਲਾ ਕੋਈ ਨਜ਼ਰ ਨਹੀਂ ਸੀ ਆ ਰਿਹਾ। ਜਦੋਂ ਅਬਦਾਲੀ ਦਾ ਲਸ਼ਕਰ ਪੰਜਾਬ ਵਿਚੋਂ ਗੁਜ਼ਰ ਰਿਹਾ ਸੀ ਤਾਂ ਸਿੰਘਾਂ ਨੇ ਬੜੀ ਜ਼ੁਰੱਅਤ ਨਾਲ ਇਨ੍ਹਾਂ ਬੇਟੀਆਂ ਨੂੰ ਛੁਡਵਾਇਆ। ਇਸ ਕਾਰਜ ਵਿਚ ਸੈਂਕੜੇ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ਪਰ ਸਿੱਖ ਦੇਸ਼ ਦੀ ਇੱਜ਼ਤ ਬਚਾਉਣ ਵਿਚ ਲਗਾਤਾਰ ਆਪਣਾ ਯੋਗਦਾਨ ਪਾਉਂਦੇ ਰਹੇ।

ਅੱਜ ਕਲ੍ਹ ਦੇ ਸਿੱਖਾਂ ਵੱਲ ਝਾਤ ਮਾਰੋ। ਇਨ੍ਹਾਂ ਦੇ ਅਜੋਕੇ ਕਿਰਦਾਰਾਂ ਦੀ ਇਨ੍ਹਾਂ ਅਠਾਰਵੀਂ ਸਦੀ ਦੇ ਕਿਰਦਾਰਾਂ ਨਾਲ ਤੁਲਨਾ ਕਰੋ। ਅੱਜ ਦੇ ਸਿੱਖ ਉਨ੍ਹਾਂ ਦੇ ਪੈਰਾਂ

ਵਰਗੇ ਵੀ ਨਹੀਂ। ਬਸ ਨਾਂ ਦੇ ਹੀ ਸਿੱਖ ਰਹਿ ਗਏ ਹਨ। ਇਨ੍ਹਾਂ ਦੀਆਂ ਮੌਜੂਦਾ ਹਰਕਤਾਂ ਵੇਖ ਕੇ ਕੋਈ ਇਹ ਕਹੇਗਾ, "ਕਾਹਦੇ ਸਿੱਖ ਓ ਤੁਸੀਂ ?" ਉੱਨੀ ਸੌ ਸੰਤਾਲੀ ਦੀ ਭਾਰਤ ਪਾਕਿ ਵੰਡ ਵੇਲੇ ਜੋ ਫ਼ਿਰਕੂ ਦੰਗੇ ਭੜਕੇ ਸਨ, ਉਨ੍ਹਾਂ ਵਿਚ ਸਿੱਖਾਂ ਦਾ ਕਿਰਦਾਰ ਮੁਸਲਮਾਨ ਜਾਂ ਹਿੰਦੂ ਧਾੜਵੀਆਂ ਨਾਲੋਂ ਚੰਗੇਰਾ ਨਹੀਂ ਸੀ। ਸਿੱਖਾਂ ਦੇ ਬਦਲੇ ਦੀ ਭਾਵਨਾ ਨਾਲ ਜਾਂ ਲੁੱਟ-ਖਸੁੱਟ ਕਰਨ ਲਈ, ਮੁਸਲਮਾਨ ਤੀਵੀਆਂ ਨਾਲ ਬਹੁਤ ਜ਼ਿਆਦਤੀਆਂ ਕੀਤੀਆਂ। ਸਿੱਖੀ ਇਖ਼ਲਾਕ ਨੂੰ ਛਿੱਕੇ ਟੰਗ ਕੇ ਇਨ੍ਹਾਂ ਨੇ ਵੀ ਮੁਸਲਮਾਨ ਬੀਬੀਆਂ ਨਾਲ ਬਲਾਤਕਾਰ ਕੀਤੇ ਉਨ੍ਹਾਂ ਨੂੰ ਬੜੀ ਬੇਦਰਦੀ ਨਾਲ ਕਤਲ ਕੀਤਾ। ਮੁਸਲਮ ਬਹੂ-ਬੇਟੀਆਂ ਨੂੰ ਉਨ੍ਹਾਂ ਦੇ ਘਰੋਂ ਕੱਢ ਕੇ ਉਧਾਲਿਆ ਗਿਆ ਤੇ ਉਨ੍ਹਾਂ ਨੂੰ ਜ਼ਬਰਦਸਤੀ ਆਪਣੀ ਹਵਸ਼ ਦਾ ਸ਼ਿਕਾਰ ਬਣਾਇਆ। ਇਨ੍ਹਾਂ ਘਟਨਾਵਾਂ ਨੇ ਅਠਾਰਵੀਂ ਸਦੀ ਦੀ ਬੁਰਛਾਗਰਦੀ ਦੀ ਯਾਦ ਤਾਜ਼ਾ ਕਰਵਾਈ।

ਪੰਜਾਬ ਵਿਚ ਇਕ ਦੌਰ ਹੋਰ ਆਇਆ। ਇਹ ਅਤਿਵਾਦ ਦਾ ਦੌਰ ਸੀ। ਇਸ ਵਿਚ ਖਾਲਿਸਤਾਨ ਦਾ ਨਾਮ ਲੈ ਕੇ ਸਰਕਾਰ ਵਿਰੁੱਧ ਮੁਹਿੰਮ ਵਿੱਢੀ ਗਈ। ਇਸ ਲਹਿਰ ਵਿਚ ਆਮ ਲੋਕਾਂ ਦੇ ਸਹਿਯੋਗ ਤੇ ਮਿਲਵਰਤਣ ਦੀ ਅਣਹੋਂਦ ਕਾਰਨ, ਇਹ ਲਹਿਰ ਜਲਦੀ ਹੀ ਅਸਫ਼ਲ ਹੋ ਗਈ। ਪਰ ਖਾਲਿਸਤਾਨ ਦੀ ਆੜ ਹੇਠਾਂ ਸਿੱਖਾਂ ਨੇ ਲੁਟੇਰੇ ਤੇ ਧਾੜਵੀ ਬਣ ਕੇ, ਆਪਣੇ ਹੀ ਭਰਾਵਾਂ ਨੂੰ ਰੱਜ ਕੇ ਲੁੱਟਿਆ ਤੇ ਆਪਣੀਆਂ ਹੀ ਬਹੂ-ਬੇਟੀਆਂ ਦੀ ਅਜ਼ਮੱਤ ਨੂੰ ਬੜੀ ਬੇਸ਼ਰਮੀ ਨਾਲ ਲੁੱਟਿਆ। ਇਨ੍ਹਾਂ ਹੀ ਲੋਕਾਂ ਨੇ ਹਿੰਦੂ ਭਰਾਵਾਂ ਨੂੰ ਬੱਸਾਂ ਵਿਚ ਲਾਹ ਲਾਹ ਕੇ ਗੋਲੀਆਂ ਨਾਲ ਭੁੰਨਿਆ। ਪਿੰਡਾਂ ਵਿਚੋਂ ਉਨ੍ਹਾਂ ਦੇ ਘਰਾਂ ਨੂੰ ਲੱਗ ਲਗਾਈ ਗਈ ਤੇ ਉਨ੍ਹਾਂ ਨੂੰ ਪੰਜਾਬ ਛੱਡਣ ਲਈ ਮਜ਼ਬੂਰ ਕੀਤਾ। ਖਾਲਿਸਤਾਨ ਦੇ ਨਾਂ ਹੇਠ ਲੋਕਾਂ ਨੂੰ ਸ਼ਰੇਆਮ ਲੁੱਟਿਆ ਗਿਆ। ਪਾਕਿਸਤਾਨ ਦੀ ਸ਼ਹਿ ਹੇਠ ਕਈ ਦਹਿਸ਼ਤਗਦਰਾਂ ਦੇ ਸਿੱਖ ਪਰਿਵਾਰਾਂ ਨੂੰ ਆਪਣੇ ਘਰ-ਘਾਟ ਛੱਡਣ ਲਈ ਮਜ਼ਬੂਰ ਕਰ ਦਿੱਤਾ। ਖਾਲਿਸਤਾਨ ਦੇ ਨਾਮ ਨੂੰ ਦਾਗ਼ੀ ਕੀਤਾ ਗਿਆ। ਕੀ ਇਹ ਕਾਰਾ ਸਿੱਖਾਂ ਨੇ ਹੀ ਕੀਤਾ ਸੀ ? ਹਾਂ ਜੀ ਇਸ ਦੌਰ ਦੇ ਨਿਰਮਾਤਾ ਸਿੱਖ ਹੀ ਸਨ ਜਿਨ੍ਹਾਂ ਨੇ ਲੁਟੇਰੇ ਤੇ ਧਾੜਵੀ ਬਣ ਕੇ ਇਕ ਦਹਾਕੇ ਤੋਂ ਵੱਧ ਪੰਜਾਬੀਆਂ ਦੀ ਨੀਂਦਰ ਹਰਾਮ ਕਰ ਦਿੱਤੀ। ਇਸੇ ਹੀ ਦੌਰ ਕਾਰਨ, ਪੰਜਾਬ ਦੀ ਆਰਥਿਕਤਾ ਖੇਰੂੰ ਖੇਰੂੰ ਹੋ ਗਈ। ਸਭ ਤੋਂ ਮੋਢੀ ਪ੍ਰਾਂਤ ਫਾਡੀ ਬਣ ਕੇ ਰਹਿ ਗਿਆ। ਸਾਡੀ ਆਤਮਾ ਨਹੀਂ ਮੰਨਦੀ ਕਿ ਅਜਿਹੇ ਘਿਨੌਣੇ ਕਾਰਜ ਗੁਰੂ ਦੇ ਸਿੱਖ ਵੀ ਕਰ ਸਕਦੇ ਹਨ।

ਸਾਡਾ ਵਿਸ਼ਵਾਸ ਹੈ ਕਿ ਗੁਰੂ ਦੇ ਸਿੱਖ ਇਸ ਹੱਦ ਤੱਕ ਕਦਾਚਿਤ ਨਹੀਂ ਗਿਰ ਸਕਦੇ। ਅਸਲ ਵਿਚ ਧਾੜਵੀ ਤੇ ਲੁਟੇਰੇ ਬਣ ਕੇ ਜਿਨ੍ਹਾਂ ਸਿੱਖਾਂ ਨੇ ਇਹ ਕਾਰੇ ਕੀਤੇ ਉਹ ਕਦੀ ਵੀ ਗੁਰੂ ਦੇ ਸਿੱਖ ਨਹੀਂ ਹੋ ਸਕਦੇ। ਇਹ ਸਿੱਖ ਹੋਣ ਦਾ ਢੌਂਗ ਰਚਾ ਕੇ, ਸਿੱਖਾਂ ਦੇ ਜਜ਼ਬਾਤਾਂ ਨਾਲ ਖੇਡਦੇ ਰਹੇ। ਕੋਈ ਪੱਗੜੀ ਬੰਨ੍ਹ ਕੇ ਜਾਂ ਦਾਹੜੀ ਰੱਖ ਕੇ ਹੀ ਸਿੱਖ ਨਹੀਂ ਬਣ ਜਾਂਦਾ। ਇਹ ਕੰਮ ਤਾਂ ਮੁਸਲਮਾਨ ਵੀ ਕਰਦੇ ਹਨ। ਸਿੱਖਾਂ ਦਾ ਬਾਣਾ ਪਹਿਨ ਕੇ, ਸਿੱਖ ਹੋਣ ਦਾ ਦਾਹਵਾ ਕਰਨਾ, ਇਹ ਪਾਖੰਡ ਤੇ ਢੌਂਗ ਹੈ। ਅਜਿਹੇ ਹੀ ਢੌਂਗੀਆਂ ਨੇ ਸਿੱਖੀ ਦਾ ਸਵਾਂਗ ਰਚਾ ਕੇ, ਆਪਣੇ ਹੀ ਭਰਾਵਾਂ ਨੂੰ ਲੁੱਟਿਆ ਤੇ

ਉਜਾੜਿਆ। ਕੋਈ ਵੀ ਗੁਰੂ ਦਾ ਸਿੱਖ ਅਜਿਹੇ ਭਾਣੇ ਨਹੀਂ ਵਰਤਾ ਸਕਦਾ।

ਸਾਨੂੰ ਆਪਣੇ ਸਮਾਜ ਵਿਚੋਂ ਨਕਲੀ ਤੇ ਬਣਾਉਟੀ ਸਿੱਖਾਂ ਦੀ ਨਿਸ਼ਾਨਦੇਈ ਕਰਨੀ ਪਵੇਗੀ। ਇਸ ਲਾਣੇ ਨੇ ਸਾਰੇ ਸਿੱਖਾਂ ਨੂੰ ਖਲੋਣ ਜੋਗਾ ਨਹੀਂ ਛੱਡਿਆ। ਇਸ ਲਾਣੇ ਨੇ ਨਕਲੀ ਸਿੱਖ ਬਣ ਕੇ ਸਿੱਖਾਂ ਦੀਆਂ ਸਦੀਆਂ ਪੁਰਾਣੀਆਂ ਰੀਤਾਂ ਰਵਾਇਤਾਂ ਤੇ ਸਭਿਆਚਾਰ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਸਾਨੂੰ ਇਨ੍ਹਾਂ ਲੋਕਾਂ ਨੂੰ ਨੰਗਿਆਂ ਕਰਕੇ, ਇਨ੍ਹਾਂ ਪਿੱਛੇ ਖੜ੍ਹੇ ਪੰਥ ਦੋਖੀਆਂ ਦੀ ਨਿਸ਼ਾਨਦੇਈ ਕਰਨੀ ਚਾਹੀਦੀ ਹੈ। ਜਿਸ ਤਰ੍ਹਾਂ ਬਾਬਾ ਰਾਮ ਰਹੀਮ ਸਿੰਘ, ਦਸ਼ਮੇਸ਼ ਪਿਤਾ ਦਾ ਸਵਾਂਗ ਰਚਾ ਕੇ ਆਪਣੇ ਪ੍ਰੇਮੀਆਂ ਨੂੰ ਛਲਣਾ ਚਾਹੁੰਦਾ ਸੀ। ਜਿਸ ਤਰ੍ਹਾਂ ਅੱਜ ਕਈ ਬਾਬੇ ਦਿਨ ਚੜ੍ਹਦੇ ਹੀ ਚਾਣਚੱਕ ਐਲਾਨ ਕਰ ਦਿੰਦੇ ਹਨ ਕਿ ਉਨ੍ਹਾਂ ਵਿਚ ਕਿਸੇ ਗੁਰੂ ਮਹਾਂਪੁਰਸ਼ ਦੀ ਆਤਮਾ ਪ੍ਰਵੇਸ਼ ਕਰ ਗਈ ਹੈ ਤੇ ਉਨ੍ਹਾਂ ਨੂੰ ਫਲਾਣੇ ਮਹਾਂਪੁਰਸ਼ ਨੇ ਥਾਪਣਾ ਦਿੱਤੀ ਹੈ ਜਾਂ ਉਸ ਨੂੰ ਸੁਪਨੇ ਵਿਚ ਮਿਲੇ ਹਨ। ਇਸ ਤਰ੍ਹਾਂ ਕਹਿ ਕੇ, ਉਹ ਨਕਲੀ ਗੁਰੂ ਬਣ ਕੇ ਲੋਕਾਂ ਨੂੰ ਭਰਮਾ ਰਹੇ ਹਨ। ਅਜਿਹੇ ਕੁਕਰਮ ਸਿੱਖਾਂ ਵਿਚ ਅੱਜ ਆਮ ਹੋ ਰਹੇ ਹਨ। ਇਸ ਨਾਲ ਸਾਡਾ ਸੱਚਾ ਸੁੱਚਾ ਪੰਥ ਬਦਨਾਮ ਹੋ ਰਿਹਾ ਹੈ। ਸਾਨੂੰ ਇਨ੍ਹਾਂ ਕਾਲੀਆਂ ਭੇਡਾਂ ਨੂੰ ਬੇਨਕਾਬ ਕਰਕੇ ਸਾਰੇ ਪੰਥ ਅੱਗੇ ਨਸ਼ਰ ਕਰਨਾ ਚਾਹੀਦਾ ਹੈ।

ਜੋ ਸਿੱਖ ਗੁਰੂ ਮਹਾਰਾਜ ਨੇ ਬਣਾਏ ਹਨ, ਉਨ੍ਹਾਂ ਦੇ ਵਿਸ਼ੇਸ਼ ਲੱਛਣ ਤੇ ਪਹਿਚਾਣ ਸੀ। ਉਹ ਸਿੱਖ ਗਰੀਬ ਨਿਵਾਜ਼, ਰਹਿਮਦਿਲ, ਨਿਤਾਣਿਆਂ ਦੇ ਤਾਣ ਤੇ ਨਿਓਟਿਆਂ ਦੀ ਓਟ ਬਣਦੇ ਸਨ। ਬੱਚਿਆਂ, ਬੀਬੀਆਂ ਤੇ ਬਜ਼ੁਰਗਾਂ ਦੇ ਉਹ ਮਦਦਗਾਰ ਸਨ। ਉਹ ਕਦੇ ਵੀ ਨਿਹੱਥੇ ਉੱਪਰ ਵਾਰ ਨਹੀਂ ਸਨ ਕਰਦੇ। ਐਬਾਂ ਤੇ ਵੈਲਾਂ ਤੋਂ ਮੁਕਤ ਸਨ। ਗੁਰੂ ਸਾਹਿਬਾਨ ਦੇ ਸਿਧਾਂਤਾਂ ਦੀ ਇੰਨ-ਬਿੰਨ ਪਾਲਣਾ ਕਰਕੇ, ਇਹ ਲੋਕ ਸਰਬੱਤ ਦਾ ਭਲਾ ਮੰਗਣ ਵਾਲੇ ਸਨ। ਪਾਖੰਡਾਂ ਦੇ ਦੰਭਾਂ ਤੋਂ ਉਹ ਕੋਹਾਂ ਦੂਰ ਸਨ। ਉਨ੍ਹਾਂ ਦੀ ਕਹਿਣੀ ਤੇ ਕਥਨੀ ਵਿਚ ਕੋਈ ਅੰਤਰ ਨਹੀਂ ਸੀ। ਉਨ੍ਹਾਂ ਦੇ ਕਿਰਦਾਰ ਤੋਂ ਲੋਕ ਬਲਿਹਾਰੇ ਜਾਂਦੇ ਸਨ ਤੇ ਬਾਕੀ ਪੰਜਾਬੀ ਸਿੱਖਾਂ ਨੂੰ ਆਪਣੇ ਰਾਖੇ ਸਮਝਦੇ ਸਨ। ਅੱਜ ਤੋਂ ਕੁਝ ਸਮਾਂ ਪਹਿਲਾਂ ਇਹ ਰਿਵਾਜ਼ ਸੀ ਕਿ ਹਿੰਦੂ ਪਰਿਵਾਰ ਆਪਣੇ ਵੱਡੇ ਲੜਕੇ ਨੂੰ ਸਿੰਘ ਸਜਾ ਕੇ ਖੁਸ਼ ਹੁੰਦੇ ਸਨ। ਇਸ ਤਰ੍ਹਾਂ ਹਿੰਦੂਆਂ ਤੇ ਸਿੱਖਾਂ ਵਿਚ ਇਕ ਭਾਈਚਾਰਾ ਚਲਿਆ ਆ ਰਿਹਾ ਸੀ। ਹਿੰਦੂ ਵੀਰ ਵੀ ਬੜੀ ਸ਼ਰਧਾ ਤੇ ਭਾਵਨਾ ਨਾਲ ਗੁਰਧਾਮਾਂ ਦੀ ਯਾਤਰਾ ਕਰਦੇ ਸਨ। ਗੁਰੂ ਘਰ ਵਿਚ ਵੀ ਉਨ੍ਹਾਂ ਦੀ ਪੂਰੀ ਆਸਥਾ ਸੀ। ਪਰ ਜਦੋਂ ਸਾਡੇ ਨਾਮ-ਨਿਹਾਦ ਖਾਲਿਸਤਾਨੀਆਂ ਨੇ ਆਪਣੇ ਹਿੰਦੂ ਵੀਰਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਸਿੱਖਾਂ ਦੀ ਸ਼ਾਨ ਨੂੰ ਭਾਰੀ ਸੱਟ ਲੱਗੀ। ਕਿਸੇ ਸਮੇਂ ਸਾਡੇ ਨੌਵੇਂ ਪਾਤਸ਼ਾਹ ਨੇ ਦਿੱਲੀ ਜਾ ਕੇ ਤਿਲਕ ਤੇ ਜੰਞੂ ਦੀ ਖ਼ਾਤਰ ਆਪਣਾ ਆਪ ਕੁਰਬਾਨ ਕਰ ਦਿੱਤਾ ਸੀ ਤਾਂ ਕਿ ਹਿੰਦੂ ਧਰਮ ਨੂੰ ਆਂਚ ਨਾ ਆਵੇ। ਪ੍ਰੰਤੂ ਅੱਜ ਉਸੇ ਗੁਰੂ ਦੇ ਨਾਮ ਨਿਹਾਦ ਸਿੱਖ, ਅਤਿਵਾਦ ਸਮੇਂ ਹਿੰਦੂਆਂ ਦੇ ਵੈਰੀ ਬਣ ਬੈਠੇ। ਅਸੀਂ ਹਿੰਦੂਆਂ ਦੇ ਰਾਖੇ ਤੇ ਮੁਦੱਈ ਹਾਂ। ਸਾਡੇ ਹੀ ਗੁਰੂ ਸਾਹਿਬਾਨ ਨੇ ਇਸ ਧਰਮ ਨੂੰ ਮੰਝਧਾਰ ਵਿਚੋਂ ਸਹੀ ਸਲਾਮਤ ਕੱਢਿਆ ਸੀ। ਜੇਕਰ ਅਜਿਹਾ ਨਾ ਹੁੰਦਾ ਤਾਂ ਅੱਜ ਸਾਡੇ ਸਭਨਾਂ ਦੀ ਸੁੰਨਤ ਹੋਣੀ ਸੀ। ਆਪਣੇ

ਹੀ ਘਰ ਵਿਚ ਸੰਨ ਲਾਉਣ ਦਾ ਕੁਕਰਮ ਕੋਈ ਗੁਰੂ ਦਾ ਸਿੱਖ ਨਹੀਂ ਕਰ ਸਕਦਾ। ਜਿਨ੍ਹਾਂ ਨੇ ਸਿੱਖੀ ਦਾ ਭੇਸ ਧਾਰ ਕੇ, ਸਿੱਖੀ ਸਿਧਾਂਤਾਂ ਦੀ ਉਲੰਘਣਾ ਕੀਤੀ ਹੈ, ਸਿੱਖ ਪੰਥ ਉਨ੍ਹਾਂ ਨੂੰ ਕਦੀ ਮੁਆਫ਼ ਨਹੀਂ ਕਰੇਗਾ।

ਜੇਕਰ ਕੋਈ ਗੁਰੂ ਦਾ ਸਿੱਖ ਸੱਜ ਕੇ ਗੁਰਮਤ ਨਹੀਂ ਆਪਨਾ ਸਕਦਾ, ਉਸ ਨੂੰ ਮਨਮੱਤੀਆਂ ਕਰਕੇ, ਸਿੱਖਾਂ ਦਾ ਅਕਸ ਵਿਗਾੜਨ ਦਾ ਕੋਈ ਅਧਿਕਾਰ ਨਹੀਂ। ਅਸਲ ਵਿਚ ਸਾਡੇ ਧਰਮ ਵਿਚ ਗੁਰੂ ਦੇ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ। ਬਹੁਤਿਆਂ ਨੇ ਤਾਂ ਗੁਰੂ ਦਾ ਬਾਣਾ ਪਹਿਨ ਕੇ ਗੁਰੂ ਦੇ ਸਿੱਖ ਹੋਣ ਦਾ ਭੁਲੇਖਾ ਪਾ ਰੱਖਿਆ ਹੈ। ਸਧਾਰਨ ਲੋਕ ਇਨ੍ਹਾਂ ਪਾਖੰਡੀਆਂ ਨੂੰ ਵੀ ਸਿੱਖ ਸਮਝ ਕੇ ਸਤਿਕਾਰ ਦੇਣ ਲੱਗ ਪੈਂਦੇ ਹਨ। ਸਿੱਖ ਉਹੀ ਹੁੰਦਾ ਹੈ ਜਿਹੜਾ ਗੁਰੂ ਦੀ ਮੱਤ ਵਰਤੇ ਤੇ ਉਸ ਦੇ ਉਪਦੇਸ਼ਾਂ ਦੀ ਪਾਲਣਾ ਕਰੇ। ਮਨਮਤ ਵਾਲੇ ਸਿੱਖਾਂ ਦਾ ਸਿੱਖੀ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ ਸੀ। ਪਰ ਅਫ਼ਸੋਸ ਹੈ ਕਿ ਅੱਜ ਅਜਿਹੇ ਕੱਚੇ ਪਿੱਲੇ ਸਿੱਖਾਂ ਨੇ ਹੀ ਸਿੱਖੀ ਉੱਪਰ ਆਪਣਾ ਕਬਜ਼ਾ ਜਮਾਂ ਰੱਖਿਆ ਹੈ। ਇਸੇ ਕਰਕੇ ਅੱਜ ਸਿੱਖਾਂ ਨੂੰ ਪੂਰੇ ਮਾਣ ਸਤਿਕਾਰ ਨਾਲ ਨਹੀਂ ਵੇਖਿਆ ਜਾਂਦਾ। ਸਾਡੇ ਹੀ ਅਖਾਉਤੀ ਭਰਾਵਾਂ ਨੇ ਸਾਡਾ ਭਵਿੱਖ ਧੁੰਦਲਾ ਕਰ ਦਿੱਤਾ ਹੈ।

ਕੋਈ ਸਿੱਖ ਗ਼ਦਾਰ ਨਹੀਂ ਹੋ ਸਕਦਾ। ਕੋਈ ਸਿੱਖ ਦੰਭੀ ਤੇ ਪਾਖੰਡੀ ਨਹੀਂ ਹੋ ਸਕਦਾ। ਕੋਈ ਸਿੱਖ ਮੰਗਤਾ ਜਾਂ ਭਿਖਾਰੀ ਨਹੀਂ ਹੋ ਸਕਦਾ। ਕੋਈ ਸਿੱਖ ਵਿਭਚਾਰੀ ਜਾਂ ਬਲਾਤਕਾਰੀ ਨਹੀਂ ਹੋ ਸਕਦਾ। ਕੋਈ ਸਿੱਖ ਨਿਮਾਣਿਆਂ, ਨਿਤਾਣਿਆਂ, ਕਮਜ਼ੋਰਾਂ ਤੇ ਮਜ਼ਲੂਮਾਂ ਨਾਲ ਵਧੀਕੀ ਨਹੀਂ ਕਰ ਸਕਦਾ। ਕੋਈ ਸਿੱਖ ਡਾਕੂ ਜਾਂ ਰਾਹਜ਼ਨ ਨਹੀਂ ਹੋ ਸਕਦਾ। ਅੱਜਕਲ੍ਹ ਸਿੱਖੀ ਵਿਚ ਨਿਘਾਰ ਆਉਣ ਕਰਕੇ, ਸਿੱਖਾਂ ਨੇ ਵੀ ਗ਼ੈਰ ਪੰਥਕ ਕੰਮ ਕਰਨੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਨੂੰ ਕੋਈ ਸੱਚਾ ਸੁੱਚਾ ਸਿੱਖ ਇਹੀ ਕਹੇਗਾ, "ਕਾਹਦੇ ਸਿੱਖ ਹੋ ਤੁਸੀਂ ਤੇ ਕੀ ਥੁੜਿਐ ਤੁਹਾਡੇ ਜੀਣ ਤੋਂ ?"

# ਜਾਤ ਗੋਤ ਸਿੰਘਨ ਕੀ ਦੰਗਾ

ਸਿੱਖ ਬੜੀ ਲੜਾਕੀ ਕੌਮ ਹੈ। ਲੜਨਾ, ਭਿੜਨਾ ਇਨ੍ਹਾਂ ਦੇ ਖੱਬੇ ਹੱਥ ਦਾ ਕੰਮ ਹੈ। ਕਹਿੰਦੇ ਹਨ, "ਲੜਾਈਏ ਲੜਾਈਏ ਮੇਰੇ ਵਿਹੜੇ ਥਾਣੀਂ ਲੰਘ।" ਸਿੱਖ ਸੱਤ ਵੱਲ ਭੰਨ ਕੇ, ਰਾਹ ਜਾਂਦੀ ਲੜਾਈ ਮੁੱਲ ਲੈ ਲੈਂਦੇ ਹਨ। ਜਿੰਨਾਂ ਚਿਰ ਇਹ ਲੜ-ਭਿੜ ਨਾ ਲੈਣ ਇਨ੍ਹਾਂ ਦੇ ਹੱਡ ਪੈਰ ਨਹੀਂ ਖੁੱਲ੍ਹਦੇ। ਅੱਵਲ ਤਾਂ ਇਹ ਦੂਜਿਆਂ ਨਾਲ ਲੜਨਾ ਪਸੰਦ ਕਰਦੇ ਹਨ ਲੇਕਿਨ ਜੇਕਰ ਕੋਈ ਦੂਸਰਾ ਨਾ ਲੱਭੇ ਤਾਂ ਆਪਣਿਆ ਨਾਲ ਹੀ ਖਹਿਬੜ ਪੈਂਦੇ ਹਨ। ਇਸ ਦਾ ਮਤਲਬ ਇਹ ਨਿਕਲਿਆ ਕਿ ਲੜਨਾ ਸਿੱਖਾਂ ਦੀ ਆਦਤ ਬਣ ਚੁੱਕੀ ਹੈ। ਕਿਸੇ ਸ਼ੁਭ ਕਾਰਜ ਲਈ ਲੜਨਾ ਤਾਂ ਸਾਡਾ ਧਰਮ ਹੁੰਦਾ ਲੇਕਿਨ ਜੇਕਰ ਲੜਨ ਦੀ ਖ਼ਾਤਰ ਲੜਿਆ ਜਾਵੇ ਤਾਂ ਇਹ ਸਾਡੀ ਖ਼ੂਬੀ ਦੀ ਜਗ੍ਹਾ ਬਣ ਜਾਂਦੀ ਹੈ।

ਜਦੋਂ ਸਿੱਖ ਜ਼ਾਲਿਮ ਮੁਸਲਮਾਨਾਂ ਵਿਰੁੱਧ ਲੜਦੇ ਹਨ ਤਾਂ ਹਰ ਕੋਈ ਉਨ੍ਹਾਂ ਨੂੰ ਯੋਧੇ ਸਮਝ ਕੇ ਸਨਮਾਨਦਾ ਸੀ। ਜ਼ੁਲਮ ਵਿਰੁੱਧ ਲੜਨਾ ਸਿੱਖ ਦਾ ਧਰਮ ਹੁੰਦਾ ਹੈ। ਅਜਿਹੇ ਸਿੱਖਾਂ ਦੀ ਸਾਡੇ ਇਤਿਹਾਸ ਵਿਚ ਬੜੀ ਮਹਿਮਾ ਹੁੰਦੀ ਹੈ। ਜਦੋਂ ਸਿੱਖ ਅੰਗਰੇਜ਼ ਵਿਰੁੱਧ ਲੜਦੇ ਸਨ ਤਾਂ ਉਨ੍ਹਾਂ ਨੂੰ ਦੇਸ਼ ਭਗਤ ਕਿਹਾ ਜਾਂਦਾ ਸੀ। ਜਿਹੜੇ ਸਿੱਖ ਦੇਸ਼ ਦੀ ਅਜ਼ਾਦੀ ਦੀ ਜੰਗ ਵਿਚ ਮਾਰੇ ਗਏ, ਸਾਡੀ ਕੌਮ ਉਨ੍ਹਾਂ ਨੂੰ ਸ਼ਹੀਦ ਕਹਿ ਕੇ ਪੁਕਾਰਦੀ ਹੈ। ਸਿੱਖਾਂ ਦੀਆਂ ਅਜਿਹੀਆਂ ਖ਼ੂਬੀਆਂ ਤੇ ਕੁਸ਼ਲਤਾ ਕਾਰਨ, ਸਿੱਖਾਂ ਦੀ ਸੂਰਬੀਰਤਾ ਦੇ ਸਾਰੇ ਦੇਸ਼ ਵਿਚ ਸੋਹਲੇ ਗਾਏ ਜਾਂਦੇ ਹਨ। ਇਸ ਤਰ੍ਹਾਂ ਦੀ ਅਜ਼ਾਦ ਭਾਰਤ ਵਿਚ ਸਿੱਖਾਂ ਨੇ ਪਾਕਿਸਤਾਨ ਤੇ ਚੀਨ ਵਿਰੁੱਧ ਜੰਗਾਂ ਲੜੀਆਂ ਤੇ ਫ਼ਤਹਿ ਹਾਸਿਲ ਕੀਤੀ ਹੈ। ਸਿੱਖ ਸਿਪਾਹੀ, ਸਿੱਖ ਫ਼ੌਜੀ ਅਫ਼ਸਰ ਤੇ ਸਿੱਖ ਜਰਨੈਲ ਸਾਰੇ ਵਿਸ਼ਵ ਵਿਚ ਮਸ਼ਹੂਰ ਹਨ। ਇਨ੍ਹਾਂ ਦੀ ਸੂਰਮਗਤੀ ਕਾਰਨ, ਸਿੱਖ ਭਾਰਤ ਵਿਚ ਹੀ ਨਹੀਂ, ਪੂਰੇ ਯੂਰਪ ਤੇ ਅਮਰੀਕਾ ਵਿਚ ਮਸ਼ਹੂਰ ਹਨ। ਇਸੇ ਕਰਕੇ ਗੋਰੇ ਵੀ ਇਨ੍ਹਾਂ ਨੂੰ ਆਪਣੀਆਂ ਫ਼ੌਜਾਂ ਵਿਚ ਭਰਤੀ ਕਰਕੇ ਖੁਸ਼ ਹੁੰਦੇ ਹਨ। ਇਹ ਜਿਸ ਮੁਲਕ ਵਿਚ ਵੀ ਚਲੇ ਜਾਣ ਉਸ ਪ੍ਰਤੀ ਵਫ਼ਾਦਾਰੀ ਨਿਭਾਉਂਦੇ ਹਨ। ਪ੍ਰੰਤੂ ਪਿੱਛੇ ਭਾਰਤ ਨੂੰ ਨਹੀਂ ਭੁੱਲਦੇ। ਇਹ ਸਿੰਘਾਂ ਦੀ ਖ਼ਾਸੀਅਤ ਹੈ।

ਪ੍ਰੰਤੂ ਸਿੰਘਾਂ ਵਿਚ ਕੁਦਰਤ ਨੇ ਖ਼ਾਮੀਆਂ ਵੀ ਭਰੀਆਂ ਹਨ, ਜਿਨ੍ਹਾਂ ਤੋਂ ਅਸਾਂ ਉੱਪਰ ਉਭਰਨਾ ਹੈ। ਅਠਾਰਵੀਂ ਸਦੀ ਵਿਚ ਜਦੋਂ ਬੇਸ਼ੁਮਾਰ ਕੁਰਬਾਨੀਆਂ ਬਾਅਦ ਪੰਜਾਬ ਦੀ ਵਾਗਡੋਰ ਸਿੰਘਾਂ ਦੇ ਹੱਥ ਆਈ ਤਾਂ ਸਿੰਘ ਮਿਸਲਾਂ ਦੇ ਸਰਦਾਰ ਬਣ ਕੇ ਪੰਜਾਬ ਉੱਤੇ ਰਾਜ ਕਰਨ ਲੱਗੇ। ਇਤਿਹਾਸ ਗਵਾਹ ਹੈ ਕਿ ਸਿੱਖ ਸਰਦਾਰ ਅਕਸਰ ਆਪਸ ਵਿਚ ਲੜਦੇ-ਭਿੜਦੇ ਰਹਿੰਦੇ ਸਨ। ਇਕ ਸਰਦਾਰ ਨੇ ਦੂਜੇ ਦਾ ਕਤਲ ਕਰਕੇ

ਸਾਹ ਲਿਆ ਤੇ ਉਸ ਦੀ ਮਿਸਲ ਉੱਪਰ ਕਬਜ਼ਾ ਕਰ ਲਿਆ। ਮਹਾਂਬਲੀ ਰਣਜੀਤ ਸਿੰਘ ਨੇ ਇਨ੍ਹਾਂ ਦੀ ਫੁੱਟ ਤੇ ਬੇਇਤਫ਼ਾਕੀ ਦਾ ਭਰਪੂਰ ਫ਼ਾਇਦਾ ਉਠਾਇਆ ਤੇ ਸਾਰੀਆਂ ਮਿਸਲਾਂ ਨੂੰ ਆਪਣੇ ਅਧੀਨ ਕਰਕੇ ਆਪਣਾ ਬਹੁਤ ਵੱਡਾ ਰਾਜ ਸੰਗਠਨ ਕੀਤਾ। ਇਸ ਵਿਚ ਕੁਝ ਰਾਜਿਆਂ ਨੇ ਆਪਣੇ ਹੀ ਭਰਾ ਦੀ ਅਧੀਨਗੀ ਪ੍ਰਵਾਨ ਕਰਨ ਦੀ ਬਜਾਏ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਕੀਤੀ। ਇਸ ਤਰ੍ਹਾਂ ਸਿੱਖਾਂ ਵਿਚ ਫੁੱਟ ਤੇ ਆਪੋ-ਧਾਪੀ ਦੇ ਬੀਜ ਬੀਜੇ ਗਏ।

ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਨੂੰ ਸੰਗਠਿਤ ਕਰਨ ਤੇ ਉਨ੍ਹਾਂ ਦੀ ਨਫ਼ਰੀ ਵਿਚ ਇਜਾਫ਼ਾ ਕਰਨ ਦੀ ਸਿਰਤੋੜ ਮਿਹਨਤ ਕੀਤੀ। ਉੱਤਰ ਪੱਛਮੀ ਭਾਰਤ ਵਿਚ ਸਿੰਘਾਂ ਦੇ ਡੰਕੇ ਵੱਜਣ ਲੱਗੇ। ਗਜ਼ਨੀ ਤੇ ਬਜ਼ਾਰਾਂ ਵਿਚ ਰਣਜੀਤ ਸਿੰਘ ਦੇ ਜੇਤੂ ਜਲੂਸ ਨਿਕਲੇ। ਇਕ ਵਿਸ਼ਾਲ ਖਾਲਸਾ ਰਾਜ ਦੀ ਨੀਂਹ ਰੱਖੀ ਗਈ। ਸਾਡੇ ਦੇਸ਼ ਦੀ ਲੁੱਟ-ਖਸੁੱਟ ਕਰਨ ਵਾਲੇ ਮੁਰਗੀਆਂ ਬਣ ਕੇ ਬੈਠ ਗਏ। ਖਾਲਸਾ ਸਰਕਾਰ ਇਕ ਮਹਾਨ ਸ਼ਕਤੀ ਦੇ ਰੂਪ ਵਿਚ ਸਾਹਮਣੇ ਆਈ। ਅੰਗਰੇਜ਼ਾਂ ਨੇ ਵੀ ਉਸ ਨਾਲ ਸਮਝੌਤਾ ਕਰਨਾ ਲਾਹੇਵੰਦਾ ਸਮਝਿਆ। ਪਰ ਇਹੀ ਸਿੱਖ ਸਰਕਾਰ, ਮਹਾਰਾਜੇ ਦੀ ਮੌਤ ਤੋਂ ਬਾਅਦ ਆਪਣੇ ਅਸਲੀ ਰੰਗ ਵਿਚ ਆ ਗਈ ਹੈ। ਸਿੱਖਾਂ ਦੀ ਖਾਨਾਜੰਗੀ ਸ਼ੁਰੂ ਹੋ ਗਈ। ਆਪਣਿਆਂ ਨੇ ਆਪਣਿਆਂ ਵਿਰੁੱਧ ਸਾਜਿਸ਼ਾਂ ਕਰਕੇ ਉਨ੍ਹਾਂ ਦਾ ਘਾਤ ਕੀਤਾ। ਲਾਹੌਰ ਦਰਬਾਰ ਵਿਚ ਨਿੱਤ ਨਵੇਂ ਕਤਲ ਹੋਣ ਲੱਗੇ। ਡੋਗਰੇ ਭਰਾਵਾਂ ਤੇ ਸੰਧਾਂਵਾਲੀਆ ਦੇ ਨਿਰੰਤਰ ਸਾਜਿਸ਼ਾਂ ਕਰਕੇ ਸਿੱਖ ਸਰਕਾਰ ਨੂੰ ਖੇਰੂੰ ਖੇਰੂੰ ਕਰਕੇ ਹੀ ਸਾਹ ਲਿਆ। ਇਸ ਸਾਰੇ ਘਟਨਾ ਕ੍ਰਮ ਵਿਚ ਸਿੰਘਾਂ ਦੀ ਸਿਆਸੀ ਸੂਝ ਦਾ ਜਨਾਜ਼ਾ ਨਿਕਲ ਗਿਆ। ਅਕਲਾਂ ਬਿਨਾਂ ਖੂਹ ਖਾਲੀ ਹੋ ਜਾਂਦੇ ਹਨ। ਆਪਣੇ ਹੀ ਚਿਰਾਗਾਂ ਨਾਲ ਅਸਾਂ ਆਪਣੇ ਘਰ ਨੂੰ ਫੂਕ ਦਿੱਤਾ। ਅਸਾਂ ਗੁਰੂ ਸਾਹਿਬ ਜੀ ਤੋਂ ਲੜਨਾ ਮਰਨਾ ਤਾਂ ਸਿੱਖ ਲਿਆ ਸੀ ਪਰ ਜੀਣ ਦੀ ਜਾਚ ਅਸੀਂ ਨਹੀਂ ਸਿੱਖ ਸਕੇ। ਅਸੀਂ ਰਾਜ ਖੋਹਣੇ ਤਾਂ ਜਾਣਦੇ ਸਾਂ ਪਰ ਰਾਜ ਕਰਨਾ ਸਾਡੇ ਨਸੀਬਾਂ ਵਿਚ ਨਹੀਂ ਸੀ।

ਕਹਿੰਦੇ ਨੇ 'ਜਤਾ ਸਿੰਘਨ ਦੀ ਦੰਗਾ, ਦੰਗਾ ਹੀ ਇਨ ਗੁਰ ਸੇ ਮੰਗਾ।' ਗੁਰੂ ਸਾਹਿਬ ਨੇ ਸਾਨੂੰ ਅਣਖ ਨਾਲ ਜੀਣ ਮਰਨ ਦੋਹਾਂ ਦੀ ਜਾਚ ਸਿਖਾਈ ਸੀ ਪਰ ਅਸਾਂ ਅੱਧਾ ਸਬਕ ਹੀ ਸਿੱਖਿਆ। ਬਾਕੀ ਦੇ ਅੱਧੇ ਨੂੰ ਅਸੀਂ ਗੌਲਿਆ ਹੀ ਨਹੀਂ। ਕਹਿੰਦੇ ਨੇ ਪਹਿਲਾਂ ਸਿੱਖ ਪੜ੍ਹੇ-ਲਿਖੇ ਨਹੀਂ ਸਨ ਹੁੰਦੇ, ਇਸ ਲਈ ਉਹ ਜਲਦੀ ਲੜ-ਝਗੜ ਪੈਂਦੇ ਸਨ ਪਰ ਇਹ ਸਤਰ ਦੂਜੀਆਂ ਕੌਮਾਂ ਤੇ ਲਾਗੂ ਨਹੀਂ ਹੁੰਦਾ। ਉਹ ਵੀ ਕਿਹੜਾ ਪੜ੍ਹੀਆਂ-ਲਿਖੀਆਂ ਸਨ। ਮਹਾਰਾਜਾ ਰਣਜੀਤ ਸਿੰਘ ਖੁਦ ਅਨਪੜ੍ਹ ਸੀ ਪਰ ਉਸ ਦੀ ਸਿਆਸੀ ਸੂਝ-ਬੂਝ ਅੱਗੇ ਦੁਨੀਆਂ ਦੇ ਆਲਮ ਫਾਜ਼ਿਲ ਸੀਸ ਝੁਕਾਉਂਦੇ ਸਨ। ਗੱਲ ਪੜ੍ਹਾਈ ਦੀ ਨਹੀਂ, ਸਿਆਸੀ ਸੂਝ ਦੀ ਘਾਟ ਨੇ ਸਾਡਾ ਬੋਹੜੂ ਬਹਾਇਆ ਹੈ।

ਅੱਜ ਅਜ਼ਾਦ ਭਾਰਤ ਵਿਚ, ਪੰਜਾਬ, ਜਿਥੇ ਸਿੱਖਾਂ ਦੀ ਬਹੁਗਿਣਤੀ ਹੈ, ਸਿੱਖਾਂ ਨੇ ਅਕਾਲੀ ਦਲ ਦੀ ਅਗਵਾਈ ਹੇਠ ਕਈ ਵਾਰ ਸਰਕਾਰ ਬਦਲੀ ਹੈ। ਇਹ ਸਰਕਾਰ ਘੱਟੋ-ਘੱਟ ਪੰਜ ਸਾਲ ਚੱਲਣੀ ਚਾਹੀਦੀ ਹੈ ਪ੍ਰੰਤੂ ਸਿੰਘਾਂ ਦੀ ਆਪਸੀ ਖਹਿਬਾਜ਼ੀ

ਕਾਰਨ ਇਹ ਸਰਕਾਰਾਂ ਆਪਣੀ ਮਿਆਦ ਤੋਂ ਪਹਿਲਾਂ ਹੀ ਲੁੜਕ ਗਈਆਂ। ਇਕ ਦੂਜੇ ਦੀ ਪੱਗੜੀ ਉਛਾਲ ਕੇ, ਸ਼ਾਇਦ ਸਾਨੂੰ ਕੋਈ ਖੁਸ਼ੀ ਹੁੰਦੀ ਹੈ। ਜਦੋਂ ਸਾਡਾ ਕੋਈ ਭਰਾ ਗੱਦੀ ਤੇ ਬੈਠਾ ਹੋਵੇ ਤਾਂ ਸਾਨੂੰ ਐਵੇਂ ਖੁਰਕ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿੰਨੀ ਦੇਰ ਅਸੀਂ ਉਸ ਨੂੰ ਧੌਣ ਪਰਨੇ ਨਹੀਂ ਕਰ ਲੈਂਦੇ ਸਾਨੂੰ ਰੋਟੀ ਹਜ਼ਮ ਨਹੀਂ ਹੁੰਦੀ। ਸਾਡੇ ਸਿੱਖ ਇਕ ਦੂਜੇ ਦੇ ਸ਼ਰੀਕ ਬਣ ਕੇ ਆਪਣੀਆਂ ਹੀ ਬੇੜੀਆਂ ਵਿਚ ਵੱਟੇ ਪਾਉਣ ਲੱਗਦੇ ਹਨ। ਸਾਡੀ ਇਸ ਬ੍ਰਿਤੀ ਨਾਲ ਕੌਮ ਦੇ ਵਿਕਾਸ ਨੂੰ ਧੱਕਾ ਲੱਗਾ ਹੈ। ਅਸੀਂ ਆਪਸ ਵਿਚ ਹੀ ਝਗੜ ਰਗੜ ਕੇ ਆਪਣੀ ਸ਼ਕਤੀ ਜਾਇਆ ਕਰੀ ਜਾ ਰਹੇ ਹਾਂ। ਇਸ ਸ਼ਕਤੀ ਨਾਲ ਸਾਨੂੰ ਕੌਮ ਦੀਆਂ ਬੁਨਿਆਦਾਂ ਮਜ਼ਬੂਤ ਕਰਕੇ, ਦੁਨੀਆਂ ਦੀਆਂ ਵਿਕਸਤ ਕੌਮਾਂ ਦੇ ਬਰਾਬਰ ਚੱਲਣ ਦੀ ਜੀਵਨ ਜਾਚ ਸਿੱਖਣੀ ਚਾਹੀਦੀ ਹੈ।

ਜਿੰਨਾ ਸਿੱਖ ਆਪਸ ਵਿਚ ਲੜਦੇ ਹਨ ਹਨ ਸ਼ਾਇਦ ਹੀ ਹੋਰ ਕੋਈ ਕੌਮ। ਸਾਡੇ ਸਿੱਖ ਭਰਾ ਅੱਜ ਪੱਛਮ ਦੇ ਮੁਲਕਾਂ ਵਿਚ ਵੱਸ ਗਏ ਹਨ। ਉਨ੍ਹਾਂ ਦੇ ਸਮਾਜਾਂ ਨੂੰ ਸਿੱਖਾਂ ਨੇ ਮਿਹਨਤ ਕਰਕੇ, ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਕਈ ਮੁਲਕਾਂ ਵਿਚ ਸਾਡੇ ਲੋਕ ਸਾਂਸਦ ਤੇ ਵਿਧਾਇਕ ਵੀ ਬਣ ਗਏ ਹਨ। ਸਾਨੂੰ ਇਨ੍ਹਾਂ ਮੁਲਕਾਂ ਵਿਚ ਸਨਮਾਨ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਪਰ ਅਸੀਂ ਲੋਕ ਆਪਣਾ ਅਸਲ ਨਹੀਂ ਭੁੱਲਦੇ ਭਾਵੇਂ ਕਿਧਰ ਵੀ ਚਲੇ ਜਾਈਏ। ਜਿਥੇ ਸਿੰਘ ਵੱਸਦੇ ਹਨ, ਉਨ੍ਹਾਂ ਗੁਰਦੁਆਰਾ ਸਾਹਿਬ ਤਾਂ ਬਣਾਉਣਾ ਹੀ ਹੁੰਦਾ ਹੈ। ਬੜੀ ਸ਼ਾਨ ਨਾਲ ਉਹ ਆਪਣਾ ਨਿਸ਼ਾਨ ਸਾਹਿਬ ਝੁਲਾਉਂਦੇ ਹਨ। ਪਰ ਅਸੀਂ ਲੋਕ, ਗੁਰੂ ਦੀ ਹਦਾਇਤ ਦੇ ਐਨ ਉਲਟ ਜਾਤਾਂ-ਪਾਤਾਂ ਤੇ ਫ਼ਿਰਕਿਆਂ ਦੇ ਨਿਰਮੋਹੀ ਜਾਲ ਵਿਚ ਫਸੇ ਹੋਏ ਹਾਂ। ਜੱਟਾਂ ਨੂੰ ਜੱਟ ਹੀ ਪਿਆਰੇ ਲੱਗਦੇ ਹਨ। ਖੱਤਰੀਆ ਨੂੰ ਖੱਤਰੀ ਹੀ ਸਰਬ ਸ੍ਰੇਸ਼ਟ ਮਾਲੂਮ ਹੁੰਦੇ ਹਨ। ਅਸੀਂ ਜਾਤਾਂ ਦੇ ਅਧਾਰ ਤੇ ਆਪਣੇ ਗੁਰੂ ਘਰ ਉਸਾਰ ਲੈਂਦੇ ਹਾਂ। ਹਰ ਸ਼ਹਿਰ ਵਿਚ ਹਰ ਜ਼ਾਤ ਦੇ ਗੁਰਦੁਆਰੇ ਹਨ। ਇਕ ਜਾਤ ਦੇ ਗੁਰਦੁਆਰੇ ਦਾ ਪ੍ਰਬੰਧ ਉਸੇ ਜਾਤ ਵਾਲਿਆਂ ਦੇ ਹੱਥ ਸੌਂਪਿਆ ਜਾਂਦਾ ਹੈ। ਬਾਕੀਆਂ ਨੂੰ ਮਲੇਛ ਸਮਝਿਆ ਜਾਂਦਾ ਹੈ।

ਇਨ੍ਹਾਂ ਗੁਰਧਾਮਾਂ ਵਿਚ ਭਾਵੇਂ ਉਹ ਦੇਸ਼ ਵਿਚ ਹੋਣ ਜਾਂ ਪ੍ਰਦੇਸ਼ ਵਿਚ, ਚੋਣਾਂ ਵੇਲੇ ਦੰਗੇ ਹੁੰਦੇ ਹਨ। ਪੱਗਾਂ ਉਛਲਦੀਆਂ ਤੇ ਕ੍ਰਿਪਾਨਾਂ ਖੜਕਦੀਆਂ ਹਨ। ਗੋਲੀਆਂ ਚੱਲਦੀਆਂ ਹਨ। ਖ਼ੂਨ ਡੁੱਲ੍ਹਦਾ ਹੈ ਤੇ ਗੱਲ ਅਦਾਲਤਾਂ ਜਾਂ ਠਾਣਿਆਂ ਵਿਚ ਵੀ ਜਾ ਕੇ ਮੁੱਕਦੀ ਨਜ਼ਰ ਨਹੀਂ ਆਉਂਦੀ। ਗੋਰੇ ਲੋਕ ਜਾਂ ਬਾਕੀ ਸਾਡੇ ਭਾਰਤੀ ਵੀਰ ਸਿੱਖਾਂ ਨੂੰ ਜਦੋਂ ਇਸ ਰੂਪ ਵਿਚ ਤੱਕਦੇ ਹਨ ਤਾਂ ਉਨ੍ਹਾਂ ਨੂੰ ਡਾਹਢਾ ਦੁੱਖ ਹੁੰਦਾ ਹੈ। ਸਾਡੀ ਹਾਲਤ ਉੱਪਰ ਤਰਸ ਆਉਂਦਾ ਹੈ। ਆਪਣੀਆਂ ਹੀ ਕਮਜ਼ੋਰੀਆਂ ਕਾਰਨ ਅਸੀਂ ਦੂਜਿਆਂ ਦੇ ਤਰਸ ਦੇ ਪਾਤਰ ਬਣ ਰਹੇ ਹਾਂ। ਸਾਡੀ ਦੰਗਾ ਕਰਨ ਦੀ ਰੁਚੀ ਇਤਨੀ ਪ੍ਰਬਲ ਹੈ ਕਿ ਬਾਰ-ਬਾਰ ਇਹੀ ਗਲਤੀ ਕਰਕੇ, ਅਸੀਂ ਫਿਰ ਦੁਬਾਰਾ ਕਰਨ ਲਈ ਤਿਆਰ-ਬਰ-ਤਿਆਰ ਹੁੰਦੇ ਹਾਂ। ਪੰਚਾਂ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ।

ਸਿੱਖ ਬਹੁਤੇ ਪਿੰਡਾਂ ਵਿਚ ਹੀ ਰਹਿੰਦੇ ਹਨ। ਭਾਵੇਂ ਇਹ ਲੋਕ ਸਿੱਖੀ ਦੇ ਥੰਮ ਰਹੇ ਹਨ। ਇਨ੍ਹਾਂ ਦੀ ਬਦੌਲਤ ਹੀ ਸਿੱਖਾਂ ਦੀ ਸੰਸਾਰ ਵਿਚ ਤੂਤੀ ਵੱਜਣ ਲੱਗੀ। ਇਨ੍ਹਾਂ ਦਾ

ਮਾਨਵਵਾਦੀ ਸਭਿਆਚਾਰ ਤੇ ਕਦਰਾਂ-ਕੀਮਤਾਂ ਨੇ ਸਿੱਖ ਵਿਰਸੇ ਨੂੰ ਅਮੀਰ ਬਣਾਇਆ। ਪਰ ਅਸੀਂ ਇਨ੍ਹੀਂ ਮਾਣਮੱਤੀ ਸ਼ੌਹਰਤ ਦੇ ਮਾਲਕ ਹੁੰਦਿਆਂ ਵੀ ਢੁੱਡ ਮਾਰਨੋਂ ਬਾਜ਼ ਨਹੀਂ ਆਉਂਦੇ। ਪਿੰਡਾਂ ਵਿਚ ਜ਼ਮੀਨ ਦੀ ਵੰਡ ਕਾਰਨ ਅਕਸਰ ਝਗੜੇ ਹੋ ਜਾਂਦੇ ਹਨ। ਇਹ ਝਗੜੇ ਕਈ ਵਾਰ ਇੰਨੇ ਭਿਆਨਕ ਹੋ ਗੁਜ਼ਰਦੇ ਹਨ। ਇਕ ਪਰਿਵਾਰ ਦਾ ਕੋਈ ਬੰਦਾ ਕਤਲ ਹੁੰਦਾ ਹੈ ਤਾਂ ਬਦਲੇ ਦੀ ਭਾਵਨਾਂ ਪ੍ਰਚੰਡ ਹੋ ਜਾਂਦੀ ਹੈ। ਫਿਰ ਪੀੜ੍ਹੀ ਦਰ ਪੀੜ੍ਹੀ ਕਤਲਾਂ ਦਾ ਸਿਲਸਿਲਾ ਚੱਲਦਾ ਹੈ। ਗੱਲ ਪੂਰੀ ਪੰਚਾਇਤਾਂ ਵਿਚ ਨਹੀਂ ਮੁੱਕਦੀ। ਠਾਣੇ ਅਤੇ ਅਦਾਲਤਾਂ ਵਿਚ ਪਹੁੰਚ ਜਾਂਦੀ ਹੈ। ਦੁਸ਼ਮਣੀਆਂ ਨੂੰ ਪੁੱਤਾਂ ਵਾਂਗ ਪਾਲਿਆ ਜਾਂਦਾ ਹੈ। ਹਰ ਮੇਲੇ ਤਿਓਹਾਰ ਤੇ ਜੰਮ ਕੇ ਲੜਾਈਆਂ ਹੁੰਦੀਆਂ ਹਨ। ਧੜੇਬਾਜ਼ੀਆਂ ਪੁਸ਼ਤਾਂ ਤੱਕ ਨਿਭਾਈਆਂ ਜਾਂਦੀਆਂ ਹਨ। ਪੇਂਡੂ ਲੋਕ ਆਪਣੇ ਖ਼ੂਨ ਪਸੀਨੇ ਦੀ ਕਮਾਈ ਵਕੀਲਾਂ, ਡਾਕਟਰਾਂ, ਠਾਣੇਦਾਰਾਂ ਤੇ ਜੱਜਾਂ ਕੋਲ ਰੋੜ੍ਹ ਦਿੰਦੇ ਹਨ। ਕਚਹਿਰੀਆਂ ਤੇ ਠਾਣੇ ਬਹੁਤੇ ਪੇਂਡੂ ਸਿੱਖਾਂ ਨਾਲ ਹੀ ਭਰੇ ਹੁੰਦੇ ਹਨ। ਜੇਕਰ ਸਾਡੇ ਸਿੱਖ ਭਰਾ ਆਪਣਾ ਲੜਨਾ-ਭਿੜਨਾ ਤਿਆਗ ਦੇਣ ਤਾਂ ਕਚਹਿਰੀਆਂ ਦੀ ਰੌਣਕ ਫਿੱਕੀ ਪੈ ਜਾਵੇਗੀ। ਕੋਈ ਬੰਦਾ ਪੁਲੀਸ ਵਿਚ ਭਰਤੀ ਹੋਣਾ ਪਸੰਦ ਨਹੀਂ ਕਰੇਗਾ। ਵਕੀਲ ਹੋਰ ਧੰਦਾ ਅਪਨਾਉਣ ਲਈ ਮਜ਼ਬੂਰ ਹੋਣਗੇ। ਪੁਲਿਸ ਵਾਲਿਆਂ ਦੀ ਜੇਬ ਵਿਚ ਘਾਹ ਉਗਣ ਲੱਗੇਗਾ। ਗੱਲ ਕੀ ਜਿੰਨੀ ਦੇਰ ਸਿੱਖ ਕੌਮ ਆਪਣੀ ਇਹ ਆਦਤ ਜਾਂ ਝੱਸ ਨਹੀਂ ਤਿਆਗਦੀ ਓਨੀ ਦੇਰ ਸਿੱਖੀ ਦਾ ਮਨਮੱਤਾ ਦਾ ਮਨ ਦਾਗ਼ੀ ਹੀ ਰਹੇਗਾ।

# ਜੇ ਜੀਵੈ ਪਤਿ ਲਥੀ ਜਾਇ...

ਭਾਰਤੀ ਸਮਾਜ ਵਿਚ ਸਭ ਤੋਂ ਅਣਖੀਲੇ ਰਾਜਪੂਤ ਸਿੱਖ ਤੇ ਮਰਹੱਟੇ ਹੋਏ ਹਨ। ਪਰ ਇਨ੍ਹਾਂ ਵਿਚੋਂ ਸਭ ਤੋਂ ਵੱਧ ਅਣਖ ਤੇ ਵੀਰਤਾ ਸਿੱਖਾਂ ਨੇ ਦਿਖਾਈ ਹੈ। ਮੁਸਲਮਾਨ ਭਾਰਤੀਆਂ ਉੱਪਰ ਲਗਾਤਾਰ ਜ਼ੁਲਮ ਕਰ ਰਹੇ ਸਨ। ਉਨ੍ਹਾਂ ਨੂੰ ਜ਼ਲਾਲਤ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਕਰ ਰਹੇ ਸਨ। ਗ਼ੈਰ ਮੁਸਲਿਮ ਕੌਮਾਂ ਕੋਲੋਂ ਜਜ਼ੀਆ ਲੈ ਰਹੇ ਸਨ। ਸਾਡੇ ਵੱਡੇ ਵਡੇਰੇ, ਇਹ ਟੈਕਸ ਮਾਫ਼ ਕਰਾਉਣ ਲਈ ਆਪਣੇ ਮੂੰਹਾਂ ਅੰਦਰ ਥੁਕਾਣਾ ਬਿਹਤਰ ਸਮਝਦੇ ਸਨ। ਜ਼ਾਲਿਮ ਹੁਕਮਰਾਨ ਅਫ਼ਸਰ ਸਾਡੇ ਮੂੰਹਾਂ ਵਿਚ ਥੁੱਕਦੇ ਰਹੇ। ਇਸ ਤੋਂ ਵੱਡੀ ਹੋਰ ਜ਼ਲਾਲਤ ਨਹੀਂ ਹੋ ਸਕਦੀ। ਨਾਦਿਰ ਸ਼ਾਹ ਤੇ ਅਹਿਮਦ ਸ਼ਾਹ ਵਰਗੇ ਸਾਡੀਆਂ ਧੀਆਂ ਭੈਣਾਂ ਨੂੰ ਜ਼ਬਰਦਸਤੀ ਚੁੱਕ ਕੇ ਗਜ਼ਨੀ, ਕਾਬਲ ਤੇ ਕੰਧਾਰ ਲੈ ਜਾਂਦੇ ਸਨ। ਉਨ੍ਹਾਂ ਨੂੰ ਵੇਚ ਵੱਟ ਕੇ, ਸਾਰੀ ਉਮਰ ਦਾਸੀਆਂ ਦਾ ਜੀਵਨ ਬਤੀਤ ਕਰਨਾ ਪੈਂਦਾ ਸੀ। ਉਸ ਵਕਤ ਜੇਕਰ ਭਾਰਤੀਆਂ ਵਿਚ ਅਣਖ ਹੁੰਦੀ ਤਾਂ ਉਹ ਧਾੜਵੀਆਂ ਨਾਲ ਮੁਜ਼ਾਮਤ ਕਰਕੇ ਉਨ੍ਹਾਂ ਨੂੰ ਵਾਪਸ ਮੋੜਨ ਲਈ ਜਦੋ-ਜਹਿਦ ਕਰਦੇ। ਪਰ ਉਨ੍ਹਾਂ ਨੇ ਕੇਵਲ ਮੁਗ਼ਲਾਂ ਪਠਾਣਾਂ ਅੱਗੇ ਤਰਲੇ ਮਿੰਨਤਾਂ ਹੀ ਕੀਤੀਆਂ। ਜ਼ਾਲਮਾਂ ਦੇ ਪੈਰ ਚੱਟੇ ਤੇ ਹੋਰ ਸੌ ਲਿਲਕੜੀਆਂ ਲਈਆਂ ਪਰ ਜ਼ਾਲਮਾਂ ਨੇ ਇਸ ਨੂੰ ਸਾਡੀ ਕਮਜ਼ੋਰੀ ਭਾਂਪ ਕੇ ਸਾਡੇ ਉੱਪਰ ਹੋਰ ਅਸਹਿ ਜ਼ੁਲਮ ਕੀਤੇ ਪਰ ਭਾਰਤੀ ਮਰਦਾਂ ਦੀ ਰੂਹ ਮੁਰਦਾ ਹੋ ਚੁੱਕੀ ਸੀ। ਉਹ ਇਸ ਨੂੰ ਆਪਣੇ ਪੂਰਬਲੇ ਕਰਮਾਂ ਦੇ ਕੁਕਰਮ ਕਹਿ ਕੇ ਹੀ ਸਬਰ ਕਰ ਬੈਠੇ। ਇਸੇ ਲਈ ਅਜਿਹੇ ਹਮਲੇ ਤੇ ਵਧੀਕੀਆਂ ਬਾਰ-ਬਾਰ ਹੁੰਦੀਆਂ ਰਹੀਆਂ। ਪਰ ਦੁਨੀਆਂ ਤਾਂ ਹਮੇਸ਼ਾ ਜ਼ੋਰਾਂ ਨੂੰ ਮੰਨਦੀ ਹੈ।

ਭਾਰਤ ਦੀਆਂ ਇਨ੍ਹਾਂ ਤਿੰਨੇ ਅਣਖੀਲੀ ਕੌਮਾਂ ਨੇ ਮੁਗ਼ਲ ਹਕੂਮਤ ਦੀ ਡੱਟ ਕੇ ਵਿਰੋਧਤਾ ਕੀਤੀ। ਸਭ ਤੋਂ ਪਹਿਲਾਂ ਰਾਣਾ ਪ੍ਰਤਾਪ ਨੇ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ। ਉਸ ਨੇ ਮੁਗ਼ਲੇ ਆਜ਼ਮ ਨੂੰ ਵੰਗਾਰਿਆ। ਮਰਦੇ ਦਮ ਤੱਕ ਉਹ ਮੁਗ਼ਲ ਹਕੂਮਤ ਨਾਲ ਆਢੇ ਲੈਂਦਾ ਰਿਹਾ। ਉਹ ਕਈ ਵਾਰ ਜਿੱਤਿਆ ਤੇ ਕਈ ਵਾਰੀ ਹਾਰਿਆ ਪਰ ਉਸ ਨੇ ਕਦੀ ਵੀ ਦਿਲੋਂ ਹਾਰ ਨਾ ਮੰਨੀ। ਉਸੇ ਸਮੇਂ ਰਜਪੂਤਾਨੇ ਹੋਰ ਰਾਜੇ, ਮੁਗ਼ਲਾਂ ਅੱਗੇ ਗੋਡੇ ਟੇਕ ਗਏ। ਉਨ੍ਹਾਂ ਨੇ ਆਪਣੀਆਂ ਧੀਆਂ-ਭੈਣਾਂ ਮੁਗਲਾਂ ਹਵਾਲੇ ਕਰਕੇ, ਮੁਗਲ ਰਾਜ ਵਿਚ ਚੌਧਰਾਂ ਲਈਆਂ। ਉਨ੍ਹਾਂ ਦੀ ਹੈਂਕੜਬਾਜ਼ੀ ਨੂੰ ਸਤਿ-ਬਚਨ ਕਹਿ ਕੇ ਪਰਵਾਨਿਆ। ਇਸੇ ਤਰ੍ਹਾਂ ਇਧਰ ਪੰਜਾਬ ਵਿਚ ਦਸ਼ਮੇਸ਼ ਪਿਤਾ ਨੇ ਮੁਗ਼ਲਾਂ ਵਿਰੁੱਧ ਬਗ਼ਾਵਤ ਦਾ ਬਿਗਲ ਵਜਾਇਆ। ਉਨ੍ਹਾਂ ਨੇ ਮੁਗ਼ਲਾਂ ਦੀ ਹਰੇਕ ਬੰਦਿਸ਼ ਦੀ ਉਲੰਘਣਾ

ਕੀਤੀ ਤੇ ਆਪਣੇ ਆਪ ਨੂੰ ਸੱਚੇ ਪਾਤਸ਼ਾਹ ਅਖਵਾਇਆ। ਮੁਗ਼ਲ ਹਕੂਮਤ ਵੇਲੇ ਕੋਈ ਵੀ ਭਾਰਤੀ ਅਰਬੀ ਘੋੜੇ ਦੀ ਸਵਾਰੀ, ਰੇਸ਼ਮ ਦੇ ਬਸਤਰ, ਹਥਿਆਰਬੰਦ ਹੋ ਕੇ, ਕਲਗੀ ਲਗਾ ਕੇ ਘੁੰਮ ਫਿਰ ਨਹੀਂ ਸੀ ਸਕਦਾ। ਦਸਮ ਪਾਤਸ਼ਾਹ ਨੇ ਇਨ੍ਹਾਂ ਸਭ ਬੰਦਿਸ਼ਾਂ ਦੀਆਂ ਧੱਜੀਆਂ ਉਡਾਉਂਦੇ ਹੋਏ, ਆਪਣਾ ਬਗ਼ਾਵਤੀ ਸਫ਼ਰ ਜਾਰੀ ਰੱਖਿਆ। ਇਸ ਕਾਰਜ ਵਿਚ ਭਾਵੇਂ ਉਨ੍ਹਾਂ ਨੂੰ ਘਰੋਂ ਬੇਘਰ ਹੋਣਾ ਪਿਆ ਅਤੇ ਹੋਰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਨੇ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਆਪਣੀ ਜਦੋ-ਜਹਿਦ ਜਾਰੀ ਰੱਖੀ। ਇਸੇ ਤਰ੍ਹਾਂ ਮਹਾਂਰਾਸ਼ਟਰ ਵਿਚ ਸ਼ਿਵਾ ਜੀ ਮਰਹੱਟੇ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਨੇ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਆਪਣੀ ਸੂਰਬੀਰਤਾ ਦੇ ਹੋਰ ਜੌਹਰ ਵਿਖਾਏ। ਉਸ ਨੇ ਮਨੋਂ ਮੁਗ਼ਲ ਹਕੂਮਤ ਨੂੰ ਕਦੀ ਵੀ ਕਬੂਲ ਨਾ ਕੀਤਾ। ਉਨ੍ਹਾਂ ਨਾਲ ਕਈ ਲੜਾਈਆਂ ਲੜੀਆਂ ਤੇ ਆਪਣੀ ਸਵਦੇਸ਼ੀ ਮੁਹਿੰਮ ਨੂੰ ਜਾਰੀ ਰੱਖਿਆ। ਇਸੇ ਤਰ੍ਹਾਂ ਟੀਪੂ ਸੁਲਤਾਨ ਨੇ ਵੀ ਅੰਗਰੇਜ਼ਾਂ ਨਾਲ ਟੱਕਰ ਲੈ ਕੇ, ਭਾਰਤੀਆਂ ਦੀ ਅਣਖ ਤੇ ਆਬਰੂ ਨੂੰ ਸਲਾਮਤ ਰੱਖਿਆ।

ਇਸੇ ਤਰਜ਼ ਨਾਲ ਕਬੀਰ ਸਾਹਿਬ ਨੇ ਆਪਣੇ ਵੇਲੇ ਲੋਧੀ ਬਾਦਸ਼ਾਹਾਂ ਨਾਲ ਸਖ਼ਤ ਟੱਕਰ ਲਈ। ਕਈ ਵਾਰ ਜੇਲ੍ਹ ਵੀ ਗਏ। ਹਕੂਮਤ ਦੇ ਤਸੀਹੇ ਸਹੇ ਤੇ ਵਧੀਕੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਹੀ ਪਹਿਲੀ ਵਾਰ ਫ਼ੁਰਮਾਇਆ ਸੀ ਕਿ ਜੇਕਰ ਜਿਊਂਦੇ ਜੀਅ ਸਾਡੀ ਪੱਤ ਲੱਥਦੀ ਜਾਵੇ, ਸਾਨੂੰ ਜ਼ਲਾਲਤ ਦੀ ਦਲਦਲ ਵਿਚ ਫਸਣਾ ਪੈ ਜਾਵੇ ਤਾਂ ਉਸ ਵੇਲੇ ਸਾਡੇ ਜੀਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਕਬੀਰ ਜੀ ਨੇ ਹਕੂਮਤ ਦੀ ਹਰੇਕ ਜ਼ਿਆਦਤੀ ਨੂੰ ਚੁਣੌਤੀ ਦਿੱਤੀ ਤੇ ਲੋਕਾਂ ਨੂੰ ਬਾਇੱਜ਼ਤ ਜੀਣ ਦਾ ਉਪਦੇਸ਼ ਦਿੱਤਾ। ਇਸੇ ਤਰ੍ਹਾਂ ਬਾਹਰਵੀਂ ਸਦੀ ਵਿਚ ਬਾਬਾ ਫ਼ਰੀਦ ਨੇ ਫ਼ੁਰਮਾਇਆ ਸੀ, "ਫ਼ਰੀਦਾ ਬਾਰਿ ਪਰਾਏ ਬੈਸਣਾਂ ਸਾਈਂ ਮੁਝ ਨਾ ਦੇ ਜੇਕਰ ਇਉਂ ਕਰਨਾ ਸੀ, ਜੀਊ ਸਰੀਰ ਲੇ।" ਅਣਖ ਭਰੇ ਜੀਵਨ ਦੀ ਇਹ ਇੰਤਹਾ ਹੈ। ਗ਼ੁਲਾਮੀ ਦੇ ਜੀਵਨ ਨਾਲੋਂ ਫ਼ਰੀਦ ਜੀ ਨੇ ਮਰਨਾ ਕਿਤੇ ਬਿਹਤਰ ਸਮਝਿਆ ਹੈ। ਆਪਣੇ ਵੇਲੇ ਪਹਿਲੇ ਗੁਰੂ ਮਹਾਰਾਜ ਨੇ ਬਾਬਰ ਦੀਆਂ ਜ਼ਿਆਦਤੀਆਂ ਤੇ ਜ਼ਾਹਰਾਨਾ ਹਰਕਤਾਂ ਵੱਲ ਵੇਖ ਕੇ ਆਖਿਆ ਸੀ, "ਪਾਪ ਕੀ ਜੰਜ ਲੈ ਕਾਬਲੋਂ ਧਾਇਆ, ਜੋਰੀ ਮੰਗੇ ਦਾਨ ਵੇ ਲਾਲੋ।" ਬਾਬੇ ਨਾਨਕ ਨੇ ਆਖਿਆ ਸੀ, "ਜੇਕਰ ਕੋਈ ਸ਼ੇਰ, ਗਊਆਂ-ਮੱਝੀਆਂ ਦੇ ਵੱਗ ਉੱਗਰ ਝਪਟ ਪਏ ਤਾਂ ਕਰਤੇ ਨੂੰ ਦੋਸ਼ ਦੇਣਾ ਬਣਦਾ ਹੈ।" ਇਸ ਤਰ੍ਹਾਂ ਸਮੇਂ ਸਮੇਂ ਸਿਰ, ਹਾਕਮਾਂ ਦੀਆਂ ਵਧੀਕੀਆਂ ਨੂੰ ਸਾਡੇ ਜਾਗੇ ਹੋਏ ਅਣਖੀਲੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ ਜਗਾਇਆ ਤੇ ਵੰਗਾਰਿਆ।

ਸਿੱਖਾਂ ਵਿਚ ਸੱਚ ਨੂੰ ਸੱਚ ਤੇ ਕੁਫ਼ਰ ਨੂੰ ਕੁਫ਼ਰ ਕਹਿਣ ਦੀ ਦਲੇਰੀ ਹੋਣੀ ਚਾਹੀਦੀ ਹੈ। ਸਿੱਖ ਨਾ ਕਿਸੇ ਨਾਲ ਧੱਕਾ ਕਰਦੇ ਹਨ ਤੇ ਨਾ ਹੀ ਕਿਸੇ ਦੀ ਧੱਕੇਸ਼ਾਹੀ ਬਰਦਾਸ਼ਤ ਕਰਦੇ ਹਨ। ਔਰੰਗਜ਼ੇਬ ਨੇ ਨਿਰਦੋਸ਼ ਤੇ ਸ਼ਾਂਤਮਈ ਸਿੱਖਾਂ ਉੱਤੇ ਜ਼ਬਰ ਜ਼ੁਲਮ ਕੀਤੇ। ਜਹਾਂਗੀਰ ਨੇ ਵੀ ਨਜ਼ਾਇਜ ਹੀ ਬਾਦਸ਼ਾਹੀ ਆਲਮ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਬੰਦ ਕੀਤਾ। ਮੀਰੀ-ਪੀਰੀ ਦੇ ਮਾਲਕ ਨੇ ਪਹਿਲੀ ਵਾਰ ਸਿੱਖਾਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਦੀ ਜਾਚ ਸਿਖਾਈ। ਇਸੇ ਤਰ੍ਹਾਂ ਜਦੋਂ

ਔਰੰਗਜ਼ੇਬ ਨੇ ਹਿੰਦੂਆਂ ਵਿਰੁੱਧ ਜ਼ੁਲਮ ਢਾਏ ਤਾਂ ਦਸ਼ਮੇਸ਼ ਪਿਤਾ ਨੂੰ ਤਲਵਾਰ ਚੁੱਕਣੀ ਪਈ। ਜਦੋਂ ਦਿੱਲੀ ਦੇ ਚਾਂਦਨੀ ਚੌਂਕ ਵਿਚ ਨੌਵੇਂ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ ਤਾਂ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਸੰਭਾਲਣ ਲਈ ਸ਼ਰੇਆਮ ਕਿਸੇ ਨੇ ਵੀ ਦਾਅਵਾ ਨਾ ਕੀਤਾ। ਸਭ ਸਿੱਖ ਭੈਅ ਵਿਚ ਆ ਕੇ ਛਿਪ ਗਏ। ਭਾਵੇਂ ਭਾਈ ਜੈਤਾ ਜੀ ਨੇ ਤੇ ਲੱਖੀ ਸ਼ਾਹ ਵਣਜਾਰੇ ਨੇ ਜਾਨ ਤਲੀ ਤੇ ਧਰ ਕੇ ਗੁਰੂ ਜੀ ਦੇ ਧੜ ਤੇ ਸੀਸ ਦਾ ਸਸਕਾਰ ਕੀਤਾ ਪਰ ਦੱਸਵੇਂ ਪਾਤਸ਼ਾਹ ਸਿੱਖਾਂ ਦੀ ਇਹ ਕਮਜ਼ੋਰੀ ਭਾਂਪ ਗਏ। ਉਨ੍ਹਾਂ ਨੇ ਖਾਲਸੇ ਨੂੰ ਅਜਿਹੀ ਸ਼ਕਲ ਬਖ਼ਸ਼ੀ, ਜਿਸ ਨਾਲ ਉਹ ਜਿਉਂਦੇ ਜੀਅ ਲੁਕ ਨਾ ਸਕਣ। ਇਸ ਖਾਲਸੇ ਨੇ ਬਾਅਦ ਵਿਚ ਇਕ ਨਵਾਂ ਇਤਿਹਾਸ ਸਿਰਜਿਆ। ਭਾਰਤਵਾਸੀ ਭਲੀ-ਭਾਂਤ ਜਾਣਦੇ ਸਨ।

ਜਦੋਂ ਦਸਮ ਪਿਤਾ ਨੇ ਕੌਮ ਅਤੇ ਧਰਮ ਲਈ ਆਪਣੇ ਹਜ਼ਾਰਾਂ ਸਿੱਖ ਤੇ ਸਮੁੱਚਾ ਪਰਿਵਾਰ ਕੁਰਬਾਨ ਕਰ ਦਿੱਤਾ ਤਾਂ ਮੁਗ਼ਲਾ ਨੇ ਉਨ੍ਹਾਂ ਨੂੰ ਵੀ ਪਕੜਨ ਦੀ ਕੋਸ਼ਿਸ਼ ਕੀਤੀ ਪਰ ਉਹ ਬੁਰੀ ਤਰ੍ਹਾਂ ਫੇਲ੍ਹ ਹੋਏ। ਜਿਹੜਾ ਕੰਮ ਸੰਤ ਗੁਰੂ ਆਪ ਨਹੀਂ ਸਨ ਕਰਨਾ ਚਾਹੁੰਦੇ, ਉਨ੍ਹਾਂ ਇਸ ਕਾਰਜ ਲਈ, ਥਾਪਣਾ ਦੇ ਕੇ ਦੱਖਣ ਵਿਚੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ। ਉਹ ਤੇ ਉਹਦੇ ਸਾਥੀ ਸਿੰਘਾਂ ਨੇ ਸਰਹੰਦ ਦੇ ਵਜ਼ੀਰ ਖਾਂ ਕੋਲੋਂ ਗਿਣ-ਗਿਣ ਕੇ ਬਦਲੇ ਲਏ। ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਵਜ਼ੀਰ ਖਾਂ ਦਾ ਸਿਰ ਕਲਮ ਕੀਤਾ ਗਿਆ। ਸਾਹਿਬਜ਼ਾਦਿਆਂ ਦੇ ਕਾਤਿਲਾਂ ਨੂੰ ਮਿੱਟੀ ਵਿਚ ਮਿਲਾਇਆ ਗਿਆ। ਗੁਰੂ ਘਰ ਦੇ ਦੋਖੀਆਂ ਨੂੰ ਲੱਭ-ਲੱਭ ਕੇ ਮਾਰਿਆ ਗਿਆ। ਜਿਹੜੇ ਸ਼ਰਨ ਪੈ ਗਏ, ਉਨ੍ਹਾਂ ਨੂੰ ਬਖਸ਼ਿਆ ਵੀ ਗਿਆ। ਇਸੇ ਤਰ੍ਹਾਂ ਇਕ ਵਾਰ ਫਿਰ ਅਬਦਾਲੀ ਨੇ ਸਿੱਖਾਂ ਦੇ ਮੱਕੇ ਨੂੰ ਢਾਹ ਕੇ ਗੰਦ ਨਾਲ ਪੂਰ ਦਿੱਤਾ। ਬਾਬੇ ਦੀਪ ਸਿੰਘ ਕੋਲੋਂ ਇਹ ਜ਼ਲਾਲਤ ਬਰਦਾਸ਼ਤ ਨਾ ਹੋਈ। ਉਹ ਤਲਵੰਡੀ ਸਾਬੋ ਤੋਂ ਆਪਣਾ ਜਥਾ ਲੈ ਕੇ ਇਸ ਬੇਹੁਰਮਤੀ ਦਾ ਬਦਲਾ ਲੈਣ ਲਈ ਅੰਮ੍ਰਿਤਸਰ ਵੱਲ ਵਧਿਆ। ਸ਼ਹੀਦ ਹੋਣ ਤੋਂ ਪਹਿਲਾਂ ਉਸ ਨੇ ਪਠਾਣ ਧਾੜਵੀਆਂ ਨੂੰ ਮਾਰ ਭਜਾਇਆ।

ਜ਼ੁਲਮ ਤੇ ਬੇਇਨਸਾਫ਼ੀ ਦੇ ਬਰਖਿਲਾਫ਼ ਸ਼ਮਸ਼ੀਰ ਚੁੱਕਣ ਦਾ ਰਿਵਾਜ਼ ਸਿੱਖਾਂ ਵਿਚ ਮੱਢ ਤੋਂ ਹੀ ਹੈ। ਸਿੱਖਾਂ ਨੇ ਆਪਣੇ ਦੋਖੀਆਂ ਨੂੰ ਕਦੇ ਸੁੱਕਾ ਨਹੀਂ ਜਾਣ ਦਿੱਤਾ। ਕੌਮ ਨਾਲ ਹੋਣ ਵਾਲੀ ਹਰੇਕ ਧੱਕੇਸ਼ਾਹੀ ਦਾ ਉਨ੍ਹਾਂ ਸੂਰਬੀਰਾਂ ਵਾਂਗ ਬਦਲਾ ਲਿਆ ਅਤੇ ਦੁਸ਼ਮਣ ਦੇ ਦੰਦ ਖੱਟੇ ਕੀਤੇ। ਇਹ ਸਾਡਾ ਇਤਿਹਾਸ ਹੈ ਪਰ ਅੱਜਕਲ੍ਹ ਸਿੱਖ ਆਪਣੇ ਹੀ ਬਜ਼ੁਰਗਾਂ ਦੇ ਕਾਰਨਾਮਿਆਂ ਤੇ ਪਿਰਤਾਂ ਨੂੰ ਵਸਾਰੀ ਜਾ ਰਹੇ ਹਨ। ਉਹ ਗੂੰਗੇ ਤੇ ਬੋਲੇ ਬਣ ਕੇ, ਆਪਣੇ ਵਿਰੁੱਧ ਹੋ ਰਹੇ ਜ਼ੁਲਮ ਤੇ ਸੀਨਾਜ਼ੋਰੀ ਨੂੰ, ਠੇਠਰਾਂ ਵਾਂਗ ਬਰਦਾਸ਼ਤ ਕਰ ਰਹੇ ਹਨ। ਇੰਝ ਲੱਗਦਾ ਹੈ ਜਿਵੇਂ ਉਨ੍ਹਾਂ ਹਥਿਆਰ ਹੀ ਸੁੱਟ ਦਿੱਤੇ ਹੋਣ ਤੇ ਕਮਰਕੱਸੇ ਲਾਹ ਦਿੱਤੇ ਹੋਣ। ਕੌਮ ਉੱਪਰ ਕਈ ਹਨੇਰੀਆਂ ਝੁੱਲੀਆਂ ਤੇ ਤੂਫ਼ਾਨ ਆਏ ਪਰ ਉਨ੍ਹਾਂ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ।

ਅੰਗਰੇਜ਼ਾਂ ਨੇ ਸਾਡਾ ਵਿਸ਼ਾਲ ਸਿੱਖ ਰਾਜ ਸਾਥੋਂ ਖੋਹਿਆ ਤੇ ਫਿਰ ਸੌ ਸਾਲ ਸਾਡੇ ਉੱਪਰ ਡੰਡੇ ਨਾਲ ਰਾਜ ਕੀਤਾ। ਸਾਡੇ ਬਹੁਤ ਸਾਰੇ ਸਿੱਖ ਸਰਦਾਰ ਲਾਲਚ ਵੱਸ,

ਅੰਗਰੇਜ਼ਾਂ ਦੀ ਸ਼ਰਨੀਂ ਪੈ ਗਏ। ਆਪਣੀਆਂ ਜਗੀਰਾਂ ਜਾਇਦਾਦਾਂ ਦੀ ਖ਼ਾਤਰ ਉਨ੍ਹਾਂ ਆਪਣੀਆਂ ਸਾਰੀਆਂ ਸਿੱਖ ਕਦਰਾਂ-ਕੀਮਤਾਂ ਛਿੱਕੇ ਟੰਗ ਕੇ, ਅੰਗਰੇਜ਼ਾਂ ਦੀ ਜ਼ੀ ਹਜ਼ੂਰੀ ਕੀਤੀ। ਬਗ਼ਾਵਤ ਦਾ ਝੰਡਾ ਸਭ ਤੋਂ ਪਹਿਲਾਂ ਭਾਈ ਮਹਾਰਾਜ ਸਿੰਘ ਨੇ ਖੜਾ ਕੀਤਾ। ਬਾਅਦ ਵਿਚ ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਵਿਰੁੱਧ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਨੇ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਤੇ ਉਨ੍ਹਾਂ ਨੂੰ ਜਲਾਵਤਨ ਕੀਤਾ ਗਿਆ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸਿੱਖਾਂ ਨੇ ਗ਼ਦਰੀ ਬਾਬਿਆਂ, ਗੜਗੱਜਾਂ, ਬੱਬਰ ਅਕਾਲੀਆਂ ਤੇ ਸ਼ਹੀਦੇ ਆਜ਼ਮਾਂ ਨਾਲ ਅੰਗਰੇਜ਼ੀ ਸਰਕਾਰ ਨਾਲ ਅਜ਼ਾਦੀ ਦੀ ਜੰਗ ਛੇੜੀ। ਉਨ੍ਹਾਂ ਨੇ ਸਾਡੇ ਦੇਸ਼ ਭਗਤਾਂ ਨੂੰ ਰੱਜ ਕੇ ਜ਼ਲੀਲ ਕੀਤਾ। ਅਸੀਂ ਸਿੱਖ ਲੋਕ ਫਿਰ ਵੀ ਉਨ੍ਹਾਂ ਦੀ ਜੀ-ਹਜ਼ੂਰੀ ਕਰਨੀ ਨਹੀਂ ਛੱਡੀ। ਅਸੀਂ ਅੱਜ ਵੀ ਉਨ੍ਹਾਂ ਦੀ ਨਜ਼ਰੇ ਅਨਾਇਤ ਲਈ ਉਨ੍ਹਾਂ ਦੀਆਂ ਖੁਸ਼ਾਮਦਾਂ ਕਰ ਰਹੇਹ ਹਾਂ। ਅੰਗਰੇਜ਼ਾਂ ਵਿਰੁੱਧ ਸਾਨੂੰ ਆਪਣਾ ਰੋਸ ਪ੍ਰਗਟ ਕਰਨਾ ਚਾਹੀਦਾ ਸੀ। ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਸੀ, ਜਿਸ ਤਰ੍ਹਾਂ ਅਸੀਂ ਮੁਸਲਮਾਨਾਂ ਦਾ ਕਰਦੇ ਰਹੇ। ਮੁਸਲਮਾਨ ਸਾਨੂੰ ਅੱਜ ਵੀ ਮੱਥਿਓਂ ਦੁੱਖਦੇ ਹਨ ਪਰ ਅੰਗਰੇਜ਼ ਨਹੀਂ।

ਇਸੇ ਤਰ੍ਹਾਂ ਅੱਜ ਦੇ ਸਮੇਂ ਕੇਂਦਰ ਦੀ ਸਰਕਾਰ ਦੀ ਰਹਿਨੁਮਾਈ ਹੇਠ ਸਿੱਖਾਂ ਨੂੰ ਚੁਣ ਚੁਣਕੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ ਤੇ ਉਨ੍ਹਾਂ ਦੇ ਘਰ ਘਾਟ ਨੂੰ ਅੱਗ ਲਗਾਈ। ਉਨ੍ਹਾਂ ਦਾ ਸਾਜ਼ੋ-ਸਾਮਾਨ ਲੁੱਟਿਆ ਗਿਆ। ਸਿੱਖ ਮਰ ਰਹੇ ਸਨ ਤੇ ਦੰਗਈ ਉਨ੍ਹਾਂ ਦੁਆਲੇ ਭੰਗੜਾ ਪਾ ਰਹੇ ਸਨ। ਇਹ ਦ੍ਰਿਸ਼ ਭਾਰਤ ਦੀ ਰਾਜਧਾਨੀ ਤੇ ਕਈ ਸ਼ਹਿਰਾਂ ਵਿਚ ਵੇਖਣ ਨੂੰ ਮਿਲੇ। ਖ਼ੂਨ ਦਾ ਬਦਲਾ ਖ਼ੂਨ ਨਾਲ ਲਿਆ ਗਿਆ। ਜਿਨ੍ਹਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਕੀਤਾ ਸੀ, ਉਨ੍ਹਾਂ ਨੂੰ ਸਜ਼ਾ ਦੇਣੀ ਬਣਦੀ ਸੀ ਪ੍ਰੰਤੂ ਹਜ਼ਾਰਾਂ ਨਿਰਦੋਸ਼ੇ ਸਿੱਖਾਂ ਨੂੰ ਇਸ ਤਰ੍ਹਾਂ ਕਿਉਂ ਮੌਤ ਦੇ ਘਾਟ ਉਤਾਰਿਆ ਗਿਆ ? ਸਾਨੂੰ ਇਸ ਕੌਮੀ ਅਪਮਾਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਸੀ। ਸਾਡੇ ਹੀ ਸਿੱਖ ਭਰਾ ਗਿਆਨੀ ਜ਼ੈਲ ਸਿੰਘ, ਸ੍ਰ. ਬੂਟਾ ਸਿੰਘ ਅਤੇ ਅਕਾਲੀ ਦਲ ਦੇ ਕਈ ਨੇਤਾ ਠੇਠਰਾਂ ਵਾਂਗ ਇਸ ਕੌਮੀ ਜ਼ਲਾਲਤ ਨੂੰ ਨਜ਼ਰ ਅੰਦਾਜ਼ ਕਰਕੇ, ਕਾਂਗਰਸੀਆਂ ਦੀ ਝੋਲੀ ਜਾ ਪਏ। ਸਿੱਖੀ ਛੱਡ ਕੇ ਵਜ਼ੀਰੀਆਂ ਹਥਿਆਈਆਂ ਗਈਆਂ। ਅਜਿਹੇ ਹੀ ਕਿਸੇ ਦ੍ਰਿਸ਼ ਨੂੰ ਵੇਖ ਕੇ ਕਬੀਰ ਜੀ ਨੇ ਫੁਰਮਾਇਆ ਸੀ, "ਜੇ ਜੀਵੈ ਪਤਿ ਲਥੀ ਜਾਇ। ਸਭ ਹਰਾਮ ਜੇਤਾ ਕਿਛੁ ਖਾਇ ॥" ਅਜ਼ੀਂ ਮੌਜੂਦਾ ਤਰਾਸਦੀ ਦੇ ਖੁਦ ਜ਼ਿੰਮੇਵਾਰ ਹਾਂ। ਕਿਸੇ ਦਾ ਕੀ ਦੋਸ਼ ਹੈ ?

# ਮਾਰਕਸਵਾਦ ਤੇ ਸਿੱਖੀ

ਇਨਹੀ ਕੋ ਸਰਦਾਰ ਸਜਾਊਂ, ਗਿਦੜੋਂ ਸੇ ਮੈਂ ਸ਼ੇਰ ਬਨਾਊਂ
ਚਿੜੀਅਨ ਸੇ ਜਬ ਬਾਜ ਤੁੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ

ਕਾਰੀ ਮਾਰਕਸ ਨੇ ਤਾਂ ਉਨੀਵੀਂ ਸਦੀ ਵਿਚ ਸੰਸਾਰ ਦੇ ਕਿਰਸਾਨਾਂ, ਕਿਰਤੀਆਂ ਤੇ ਮਜ਼ਦੂਰਾਂ ਦੀ ਗੱਲ ਛੇੜੀ ਸੀ ਤੇ ਉਨ੍ਹਾਂ ਦੇ ਉਦਾਰ ਲਈ ਇਕ ਯੋਜਨਾਬੱਧ ਵਿਧੀ ਨਾਲ ਲੈਨਿਨ ਨੇ ਉਸ ਦੀ ਫਿਲਾਸਫ਼ੀ ਨੂੰ ਅਮਲੀ ਜਾਮਾ ਪਹਿਨਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਸੀ। ਅਜਿਹਾ ਯੂਰਪ ਵਿਚ ਹੋਇਆ ਪ੍ਰੰਤੂ ਪੰਦਰਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤੀਆਂ ਤੇ ਕਿਰਸਾਨਾਂ ਦੇ ਹੱਕ ਵਿਚ ਬਹੁਤ ਕੁਝ ਲਿਖਿਆ ਤੇ ਬੋਲਿਆ ਸੀ। ਦਸਵੇਂ ਗੁਰੂ ਸਾਹਿਬ ਨੇ ਇਸ ਨੂੰ ਇਕ ਜ਼ਬਰਦਸਤ ਜਥੇਬੰਦੀ ਦਾ ਰੂਪ ਦੇ ਕੇ, ਇਸ ਦਾ ਨਾਮ ਖਾਲਸਾ ਪੰਥ ਰੱਖਿਆ। ਇਹ ਧਰਮ ਨਿਰੋਲ ਦਲਿਤਾਂ ਤੇ ਗਰੀਬਾਂ ਦਾ ਹੋਣ ਕਰਕੇ ਬੜੀਆਂ ਕਠਿਨਾਈਆਂ ਤੇ ਮੁਸੀਬਤਾਂ ਵਿਚੋਂ ਲੰਘਿਆ। ਸਮੇਂ ਦੇ ਹਾਕਮ ਕੋਈ ਵੀ ਅਜਿਹੀ ਮੱਤ ਬਰਦਾਸ਼ਤ ਨਹੀਂ ਸਨ ਕਰਦੇ, ਜਿਸ ਵਿਚ ਉੱਚ ਵਰਗ ਦੀ ਸ਼ਾਮੂਲੀਅਤ ਨਾ ਹੋਵੇ। ਅਜਿਹੇ ਮਜ਼ਹਬ ਤੋਂ ਉਹ ਤ੍ਰਬਕਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਜਦੋਂ ਕਾਰਲ ਮਾਰਕਸ ਨੇ ਆਪਣਾ ਸਾਮਵਾਦੀ ਫਲਸਫ਼ਾ ਪੇਸ਼ ਕੀਤਾ ਤਾਂ ਯੂਰਪ ਵਿਚ ਭਾਂਬੜ ਮੱਚ ਗਿਆ। ਉਸ ਨੂੰ ਸ਼ਰਾਰਤੀ ਤੇ ਖ਼ਤਰਨਾਕ ਸਮਝ ਕੇ ਨਕਾਰਿਆ ਗਿਆ ਤੇ ਉਸ ਦੀ ਡੱਟ ਕੇ ਵਿਰੋਧਤਾ ਕੀਤੀ। ਜਦੋਂ ਵੀ ਦੁਨੀਆਂ ਵਿਚ ਜਨ ਕਲਿਆਣ ਦਾ ਕਾਰਜ ਆਰੰਭਿਆ ਜਾਂਦਾ ਹੈ ਤਾਂ ਇਸ ਤਰ੍ਹਾਂ ਹੁੰਦਾ ਹੈ ਜੋ ਸਤਾਰਵੀਂ ਸਦੀ ਵਿਚ ਭਾਰਤ ਤੇ ਉਨੀਵੀਂ ਸਦੀ ਵਿਚ ਯੂਰਪ ਵਿਚ ਹੋਇਆ।

ਅਠਾਰਵੀਂ ਸਦੀ ਵਿਚ ਜਿਵੇਂ ਸਿੰਘਾਂ ਦਾ ਸ਼ਿਕਾਰ ਕੀਤਾ ਗਿਆ, ਉਨ੍ਹਾਂ ਨੂੰ ਆਪਣੇ ਘਾਰ-ਘਾਟ ਛੱਡਣ ਲਈ ਮਜ਼ਬੂਰ ਕੀਤਾ ਗਿਆ। ਉਨ੍ਹਾਂ ਦੀ ਜ਼ਮੀਨ ਜਾਇਦਾਦ ਜ਼ਬਤ ਕੀਤੀ ਗਈ। ਉਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਉਨ੍ਹਾਂ ਨੂੰ ਹਕੂਮਤ ਦੇ ਬਾਗ਼ੀ ਕਰਾਰ ਦਿੱਤਾ ਗਿਆ। ਕੋਈ ਵੀ ਹਕੂਮਤ ਉਨ੍ਹਾਂ ਦੀ ਹੋਂਦ ਤੇ ਚੜ੍ਹਤ ਨੂੰ ਆਪਣੇ ਲਈ ਖ਼ਤਰਨਾਕ ਸਮਝਦੀ ਸੀ। ਸਿੰਘਾਂ ਨੂੰ ਜੰਗਲਾਂ ਵਿਚ ਰਹਿਣ ਲਈ ਮਜ਼ਬੂਰ ਹੋਣਾ ਪਿਆ। ਕੋਈ ਵੀ ਸ਼ਕਸ ਜਾਂ ਪਰਿਵਾਰ ਸਿੱਖਾਂ ਜਾਂ ਖਾਲਸਾ ਸੱਜਣ ਤੋਂ ਪਹਿਲਾਂ ਕਈ ਵਾਰ ਸੋਚਦਾ ਸੀ। ਕੇਵਲ ਮਜ਼ਬੂਤ ਹਿਰਦੇ ਵਾਲੇ ਪਰਿਵਾਰ ਹੀ ਅਜਿਹਾ ਮਾਰਗ ਚੁਣਦੇ ਸਨ। ਸਿੱਖ ਦਾ ਨਾਮ ਸੁਣ ਕੇ ਜਾਂ ਸ਼ਕਲਾਂ ਵੇਖ ਕੇ ਰਾਜੇ ਮਹਾਰਾਜੇ ਭੈਭੀਤ ਹੋ ਜਾਂਦੇ ਸਨ। ਅਠਾਰਵੀਂ ਸਦੀ ਦੇ ਪੰਜਵੇਂ ਛੇਵੇਂ ਦਹਾਕੇ ਤੱਕ ਸਿੰਘਾਂ ਨੂੰ ਹਕੂਮਤਾਂ ਵਲੋਂ

ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ। ਪਰ ਸਿੰਘ ਇਸ ਅਗਨੀ ਪ੍ਰੀਖਿਆ ਵਿਚੋਂ ਪਾਸ ਹੋਏ ਤੇ ਛੇਤੀ ਹੀ ਪੰਜਾਬ ਤੇ ਮਾਲਕ ਬਣ ਬੈਠੇ।

ਕੁਝ ਅਜਿਹਾ ਹੀ ਮੁੱਢਲੇ ਕੌਮਨਿਸਟਾਂ ਨਾਲ ਵਾਪਰਿਆ। ਰੂਸ ਵਿਚ ਪਹਿਲਾਂ ਪਹਿਲ ਇਹ ਲਹਿਰ ਸ਼ੁਰੂ ਹੋਈ। ਜ਼ਾਰ ਦੀ ਖੁਫ਼ੀਆ ਪੁਲੀਸ ਨੇ ਜਲਦੀ ਹੀ ਬਹੁਤ ਸਾਰੇ ਕੌਮਨਿਸਟਾਂ ਨੂੰ ਦਬੋਚ ਲਿਆ। ਇਨ੍ਹਾਂ ਵਿਚ ਹੀ ਲੈਨਿਨ ਦਾ ਭਰਾ ਵੀ ਰਗੜਿਆ ਗਿਆ। ਪਰ ਜ਼ਾਰ ਦੇ ਜ਼ੁਲਮਾਂ ਕਾਰਨ ਇਹ ਲਹਿਰ ਮੱਠੀ ਪੈਣ ਦੀ ਜਗ੍ਹਾ ਵਧੇਰੇ ਭੱਖਣ ਲੱਗੀ। ਹੌਲੀ-ਹੌਲੀ ਇਹ ਲਹਿਰ ਸਮੁੱਚੇ ਰੂਪ ਵਿਚ ਜੰਗ ਦੀ ਅੱਗ ਵਾਂਗ ਫੈਲ ਗਈ। ਜਿਉਂ-ਜਿਉਂ ਜ਼ਾਰ ਹਕੂਮਤ ਦੇ ਜ਼ੁਲਮ ਵੱਧਣ ਲੱਗੇ, ਤਿਉਂ ਤਿਉਂ ਕੌਮਨਿਸਟਾਂ ਦੀ ਨਫ਼ਰੀ ਤੇ ਰੋਹ ਵੱਧਣ ਲੱਗਾ। ਅਖੀਰ 1917 ਦੇ ਜਨਤਕ ਵਿਦਰੋਹ ਕਾਰਨ, ਜ਼ਾਰ ਹਕੂਮਤ ਦਾ ਲੋਕਾਂ ਦੇ ਨੇਤਾਵਾਂ ਨੇ ਤਖ਼ਤਾ ਪਲਟ ਦਿੱਤਾ ਤੇ ਬਹੁਤ ਸਾਰੇ ਜ਼ਾਰ ਪੱਖੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤਰ੍ਹਾਂ ਰੂਸ ਦੇ ਕਈ ਹੋਰ ਗਵਾਂਢੀ ਦੇਸ਼ਾਂ ਵਿਚ ਕੌਮਨਿਸਟ ਹਕੂਮਤਾਂ ਬਣ ਗਈਆਂ। ਮਜ਼ਦੂਰਾਂ ਤੇ ਕਿਸਾਨਾਂ ਦੇ ਹੱਥ ਤਾਕਤ ਆ ਗਈ ਤੇ ਜ਼ਰਵਾਣਿਆਂ ਨੂੰ ਮਾਰ ਭਜਾਇਆ ਗਿਆ।

ਜਦੋਂ ਪੰਜਾਬ ਵਿਚ ਗੁਰੂ ਸਾਹਿਬਾਨ ਦਾ ਸਿੱਖੀ ਪ੍ਰਚਾਰ ਹੋ ਰਿਹਾ ਸੀ ਤਾਂ ਉੱਚੀਆਂ ਜਾਤਾਂ ਤੇ ਅਮੀਰਜ਼ਾਦਿਆਂ ਨੇ ਬਾਕਾਇਦਾ ਇਸ ਦੀ ਵਿਰੋਧਤਾ ਕੀਤੀ। ਗਰੀਬ-ਗੁਰਬਿਆਂ ਦੇ ਇਸ ਨਿਮਾਣੇ ਧਰਮ ਦਾ ਮਜ਼ਾਕ ਉਡਾਇਆ ਗਿਆ। ਪਹਾੜੀ ਹਿੰਦੂ ਰਾਜਿਆਂ ਨੇ ਤਾਂ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਸੰਭਾਵੀ ਸ਼ਤਰੂ ਸਮਝ ਕੇ, ਉਨ੍ਹਾਂ ਨਾਲ ਇੱਟ-ਖੜਿਕੇ ਲੈਣੇ ਆਰੰਭ ਦਿੱਤੇ। ਉਹ ਗੁਰੂ ਸਾਹਿਬ ਦੀ ਸ਼ਖਸ਼ੀਅਤ ਤੋਂ ਤਾਂ ਪ੍ਰਭਾਵਿਤ ਸਨ ਪਰ ਉਨ੍ਹਾਂ ਨਾਲ ਗਰੀਬ ਤੇ ਨੀਵੀਆਂ ਜਾਤੀਆਂ ਦੀ ਸੰਗਤ ਨੂੰ ਪਸੰਦ ਨਹੀਂ ਸਨ ਕਰਦੇ। ਗੁਰੂ ਜੀ ਨੇ ਇਨ੍ਹਾਂ ਨੀਵੀਆਂ ਜਾਤੀਆਂ ਨੂੰ ਉਭਾਰਨ ਲਈ ਤਾਂ ਖਾਲਸਾ ਪੰਥ ਸਾਜਿਆ ਸੀ। ਉਨ੍ਹਾਂ ਨੂੰ ਉਹ ਕਿਵੇਂ ਛੱਡ ਸਕਦੇ ਸਨ ? ਉੱਚੀ ਕੁੱਲ ਵਾਲਿਆਂ ਨੂੰ ਤਾਂ ਸੰਗਤ ਤੇ ਪੰਗਤ ਦਾ ਸਿਧਾਂਤ ਵੀ ਅੱਖੋਂ ਦੁੱਖਦਾ ਸੀ। ਉਹ ਦਲਿਤਾਂ ਨਾਲ ਬੈਠ ਕੇ ਆਪਣਾ ਜਨਮ ਭ੍ਰਿਸ਼ਟ ਨਹੀਂ ਸਨ ਕਰਨਾ ਚਾਹੁੰਦੇ। ਮਲਕ ਭਾਗੋ ਤੇ ਚੰਦੂ ਲਾਲ ਵਰਗੇ ਵੀ ਗੁਰੂ ਪੰਥ ਨਾਲ ਇਸੇ ਕਰਕੇ ਖਾਰ ਖਾਂਦੇ ਸਨ। ਜਹਾਂਗੀਰ ਨੇ ਸਿੱਖਾਂ ਦੀ ਵੱਧ ਰਹੀ ਸ਼ਾਖ ਕਾਰਨ ਹੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਚ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ ਤੇ ਬਾਅਦ ਵਿਚ ਉਨ੍ਹਾਂ ਦੇ ਹੀ ਫਰਜ਼ੰਦ ਛੇਵੇਂ ਗੁਰੂ ਸਾਹਿਬ ਨੂੰ ਇਨ੍ਹਾਂ ਉੱਚ ਵਰਗਾਂ ਦੇ ਮੂੰਹ ਮਾਰਨ ਤੇ ਹੀ ਗਵਾਲੀਅਰ ਵਿਚ ਕੈਦ ਕੀਤਾ ਸੀ। ਕਸ਼ਮੀਰੀ ਹਿੰਦੂਆਂ ਦਾ ਡੱਟ ਕੇ ਸਾਥ ਦੇਣ ਕਰਕੇ ਹੀ ਨੌਂਵੇਂ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ, ਤਸੀਹੇ ਦੇ ਕੇ ਮਾਰਿਆ ਸੀ। ਭਾਰਤ ਵਿਚ ਜਿੰਨ੍ਹਾਂ ਗਰੀਬ ਨਿਵਾਜ਼ ਸਿੱਖ ਧਰਮ ਹੈ, ਸ਼ਾਇਦ ਹੀ ਕੋਈ ਹੋਰ ਹੋਵੇ। ਇਨ੍ਹਾਂ ਹੀ ਅਣਗੌਲੇ ਲੋਕਾਂ ਬਾਰੇ ਦੱਸਵੇਂ ਪਾਤਸ਼ਾਹ ਨੇ ਫੁਰਮਾਇਆ ਸੀ, "ਇਨਹੀ ਕੀ ਕਿਰਪਾ ਪੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ।"

ਸਿੱਖ ਧਰਮ ਵਿਚ ਇਕ ਗੱਲ ਦਾ ਵਾਧਾ ਹੈ। ਇਹ ਧਰਮ ਆਸਤਕ ਹੋਣ ਕਰਕੇ ਇਕ ਸਰਬ ਸ਼ਕਤੀਮਾਨ ਪ੍ਰਮਾਤਮਾ ਵਿਚ ਯਕੀਨ ਰੱਖਦਾ ਹੈ। ਇਥੇ ਆ ਕੇ ਮਾਰਕਸਵਾਦ

ਸਿੱਖ ਧਰਮ ਨਾਲੋਂ ਪਿੱਛੇ ਰਹਿ ਜਾਂਦਾ ਹੈ। ਸਿੱਖ ਮਾਨਵਵਾਦੀ ਵੀ ਹਨ ਤੇ ਈਸ਼ਵਰਵਾਦੀ ਵੀ। ਮਾਰਕਸਵਾਦ ਕਿਸੇ ਪ੍ਰਾਸਰੀਰਕ ਸ਼ਕਤੀ ਵਿਚ ਯਕੀਨ ਨਹੀਂ ਰੱਖਦਾ। ਇਸ ਲਈ ਆਮ ਆਦਮੀ ਕੌਮਨਿਸਟ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੁੰਦਾ। ਅਜਿਹੀਆਂ ਹੀ ਇਸ ਸਾਮਵਾਦੀ ਸਿਧਾਂਤ ਵਿਚ ਕਈ ਹੋਰ ਤਰੁੱਟੀਆਂ ਹਨ, ਜਿਸ ਕਰਕੇ ਰੂਸ ਦੇ ਲੋਕਾਂ ਨੂੰ ਇਸ ਨੂੰ ਤਿਲਾਂਜਲੀ ਦੇਣੀ ਪਈ। ਇਸ ਦੀ ਸ਼ੁਰੂਆਤ ਤਾਂ ਬੜੀ ਧੂਮ ਧੜੱਕੇ ਨਾਲ ਹੋਈ ਸੀ ਤੇ ਮੁੱਢਲੇ ਦਿਨਾਂ ਵਿਚ ਇਸ ਵਿਚ ਕਿਰਤੀਆਂ ਕਿਰਸਾਨਾਂ ਤੇ ਮਜ਼ਦੂਰਾਂ ਦਾ ਹੀ ਬੋਲਬਾਲਾ ਸੀ ਪ੍ਰੰਤੂ ਸਮੇਂ ਦੇ ਬੀਤਣ ਨਾਲ ਸੋਵੀਅਤ ਸੰਗਠਨ ਦੀ ਬਹੁਤੀ ਸ਼ਕਤੀ ਕੁਝ ਕੁ ਹੱਥਾਂ ਤੱਕ ਸੀਮਤ ਹੋ ਕੇ ਰਹਿ ਗਈ ਤੇ ਆਮ ਲੋਕ ਹੌਲੀ-ਹੌਲੀ ਹਾਸ਼ੀਏ ਵਿਚ ਹੋ ਗਏ। ਇਸੇ ਕਾਰਨ ਹੀ ਸੋਵੀਅਤ ਯੂਨੀਅਨ 1990 ਵਿਚ ਖੇਰੂੰ-ਖੇਰੂੰ ਹੋ ਗਈ। ਇਹ ਵਿਸ਼ਾਲ ਮੁਲਕ ਨਿੱਕੇ ਨਿੱਕੇ ਰਾਜਾਂ ਵਿਚ ਵਿਭਾਜਤ ਹੋ ਗਿਆ।

ਸਿੱਖ ਧਰਮ ਵਿਚ ਅਜਿਹਾ ਨਿਘਾਰ ਆਇਆ। ਸਾਧ ਸੰਗਤ ਕਿਸੇ ਵੇਲੇ ਬੜੀ ਸ਼ਕਤੀਸ਼ਾਲੀ ਹੁੰਦੀ ਸੀ। ਪੰਜ ਪਿਆਰੇ ਬਣਦੇ, ਵੱਡੇ-ਵੱਡੇ ਮਸਲਿਆਂ ਦਾ ਹੱਲ ਢੂੰਡ ਲੈਂਦੇ ਸਨ। ਛੋਟੇ ਵਰਗਾਂ ਦੀ ਉਸ ਵਕਤ ਗੁਰੂ ਘਰ ਵਿਚ ਪੂਰੀ ਪੁੱਛਗਿੱਛ ਸੀ। ਪਰ ਤਾਕਤਵਰ ਦੇ ਦੌਲਤਮੰਦ ਲੋਕ ਅਜਿਹੇਧਰਮ ਨੂੰ ਆਪਣੇ ਹਿੱਤਾਂ ਦੇ ਵਿਰੁੱਧ ਸਮਝਦੇ ਸਨ। ਸ਼ਾਤਰ ਲੋਕ, ਸਿੱਖ ਧਰਮ ਵਿਚ ਵੀ ਸੇਵਾਦਾਰ ਤੋਂ ਮਸੰਦ ਤੇ ਮਹੰਤ ਬਣ ਗਏ। ਗੁਰਧਾਮਾਂ ਦੇ ਮੁਖੀ ਬਹੁਤੇ ਉੱਚੇ ਵਰਗਾਂ ਦੇ ਹੀ ਬਣਨ ਲੱਗੇ। ਹੌਲੀ-ਹੌਲੀ ਉਨ੍ਹਾਂ ਦੇ ਮਕਰ ਤੇ ਅਸਰ ਰਸੂਖ ਨਾਲ ਸਿੱਖਾਂ ਦੀਆ ਸਭਨਾਂ ਸੰਸਥਾਵਾਂ ਉੱਪਰ ਕਬਜ਼ਾ ਕਰ ਲਿਆ। ਇਸ ਨਾਲ ਸਿੱਖੀ ਦਾ ਸਰੂਪ ਹੀ ਬਦਲ ਗਿਆ। ਇਨ੍ਹਾਂ ਧੱਕੜ ਤੇ ਸਿਪਲੇ ਲੋਕਾਂ ਦਾ ਸਿੱਖੀ ਵਿਚ ਡੂੰਘਾ ਵਿਸ਼ਵਾਸ ਨਹੀਂ ਹੈ। ਉਹ ਕੇਵਲ ਗੋਲਕ ਦੀ ਮਹਿਮਾ ਸੁਣ ਕੇ ਹੀ ਇਸ ਪਾਸੇ ਵਹੀਰਾਂ ਘੱਤਦੇ ਹਨ। ਇਨ੍ਹਾਂ ਲੋਕਾਂ ਦੇ ਆਉਣ ਨਾਲ ਸਿੱਖੀ ਭਾਈ ਲਾਲੋ ਦੀ ਥਾਂ ਮਲਿਕ ਭਾਗੋ ਦੀ ਬਣਦੀ ਜਾ ਰਹੀ ਹੈ। ਜਿਵੇਂ ਅੱਜ ਅਮਰੀਕਾ ਤੇ ਰੂਸ ਦਾ ਬਹੁਤਾ ਫ਼ਰਕ ਨਹੀਂ ਰਿਹਾ। ਇਸੇ ਤਰ੍ਹਾਂ ਸਿੱਖਾਂ ਤੇ ਬਾਣੀਆਂ ਬ੍ਰਿਤੀ ਵਾਲੇ ਲੋਕਾਂ ਦੀ ਨੁਕਤਾਚੀਨੀ ਕਰਦੇ ਰਹਿੰਦੇ ਹਨ ਪਰ ਖਾਲੀ ਚੁੰਝ ਚਰਚਾ ਨਾਲ ਕੀ ਫ਼ਰਕ ਪੈਂਦਾ ਹੈ, ਜਦੋਂ ਸਾਰੀਆਂ ਸ਼ਕਤੀਆਂ ਤੇ ਰਾਜ ਸੱਤਾ ਤਾਂ ਮਾਇਆਧਾਰੀ ਸਿੱਖਾਂ ਦੇ ਹੱਥ ਹੁੰਦੀ ਹੈ। ਫੋਕੇ ਫਾਇਰਾਂ ਦੀ ਕੌਣ ਪ੍ਰਵਾਹ ਕਰਦਾ ਹੈ ?

ਸਿੱਖ ਧਰਮ ਨੂੰ ਆਪਣੇ ਬੁਨਿਆਦੀ ਤੇ ਮੁੱਢਲੇ ਸਿਧਾਤਾਂ ਵੱਲ ਮੁੜਨਾ ਪਵੇਗਾ। ਸਿੱਖ ਰਹਿਤਾਂ ਤੇ ਮਰਿਯਾਦਾਵਾਂ ਦੀ ਪਾਲਣਾ ਕਰਨੀ ਪਵੇਗੀ। ਪੰਜ ਪਿਆਰਿਆਂ, ਗੁਰਮਤਿਆਂ ਅਤੇ ਸਰਬੱਤ ਖਾਲਸਾ ਵਰਗੀਆਂ ਸੰਸਥਾਵਾਂ ਨੂੰ ਮੁੱਢਲੇ ਰੂਪ ਵਿਚ ਸਕਾਰ ਕਰਨਾ ਪਵੇਗਾ। ਸਾਡੇ ਬਾਣੀਆਂ ਨੇਤਾਵਾਂ ਨੇ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਸੌੜੇ ਹਿੱਤਾਂ ਦੀ ਖ਼ਾਤਰ ਅੱਜ ਅੱਧਮੋਇਆ ਕਰ ਦਿੱਤਾ ਹੈ। ਆਪਣੀ ਸ਼ਰਧਾ ਤੇ ਭਾਵਨਾ ਨਾਲ ਇਨ੍ਹਾਂ ਮਾਣਮੱਤੀਆਂ ਇਤਿਹਾਸਕ ਸੰਸਥਾਵਾਂ ਵਿਚ ਦੁਬਾਰਾ ਰੂਹ ਫੂਕਣੀ ਪਵੇਗੀ। ਨਹੀਂ ਤਾਂ ਸਿੱਖ ਧਰਮ ਦਾਵੀ ਸੋਵੀਅਤ ਯੂਨੀਅਨ ਵਾਲਾ ਹਾਲ ਹੋ ਸਕਦਾ ਹੈ ਤੇ ਇਹ ਵੀ ਸਾਡੀਆਂ ਨਲਾਇਕੀਆਂ ਕਾਰਨ, ਕਬੀਰ ਜਾਂ ਦਾਦੂ ਪੰਥੀਆਂ ਵਾਂਗ ਇਕ ਫ਼ਿਰਕਾ

ਜਾਂ ਤਬਕਾ ਬਣ ਕੇ ਰਹਿ ਸਕਦਾ ਹੈ।

ਸਾਡੇ ਧਰਮ ਨੂੰ ਵੱਧਣ-ਫੁੱਲਣ ਲਈ ਇਕ ਦਲਦਲੀ ਘਾਟੀਆਂ ਵਿਚੋਂ ਗੁਜ਼ਰਨਾ ਪਿਆ ਹੈ। ਇਸ ਦਾ ਇਤਿਹਾਸ ਅਜ਼ੀਮ ਕੁਰਬਾਨੀਆਂ ਤੇ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਇਸ ਤਰ੍ਹਾਂ ਹੀ ਸੋਵੀਅਤ ਰੂਪ ਹੋਂਦ ਵਿਚ ਆਇਆ ਸੀ। ਇਸ ਨੂੰ ਹੋਂਦ ਵਿਚ ਆਉਣ ਲਈ ਲੱਖਾਂ ਲੋਕਾਂ ਨੂੰ ਮਾਰਨਾ ਪਿਆ। ਸੰਸਥਾਵਾਂ ਤੇ ਨਾਦਾਨੀਆਂ ਕਾਰਨ, ਇਸ ਨੂੰ ਉਜਾੜਨਾ ਨਹੀਂ ਚਾਹੀਦਾ। ਸਾਡੇ ਇਤਿਹਾਸ ਵਿਚ ਕਈ ਧਰਮ ਪੁਰਾਤਨ ਸਮਿਆਂ ਵਿਚ ਚੜ੍ਹਦੀ ਕਲਾ ਵਿਚ ਸਨ ਤੇ ਉਸ ਵਕਤ ਦੇ ਸਮਾਜ ਲਈ ਵਰਦਾਨ ਸਨ। ਪਰ ਪਿੱਛੋਂ ਉਨ੍ਹਾਂ ਦੇ ਪੈਰੋਕਾਰਾਂ ਨੇ ਆਪਣੇ ਬਜ਼ੁਰਗਾਂ ਦੇ ਉਪਦੇਸ਼ਾਂ ਨੂੰ ਹੌਲੀ-ਹੌਲੀ ਨਜ਼ਰ ਅੰਦਾਜ਼ ਕਰਕੇ, ਆਪਣੇ ਧਰਮ ਦਾ ਜਨਾਜ਼ਾ ਕੱਢ ਲਿਆ। ਅੱਜ ਕਈ ਪੁਰਾਤਨ ਧਰਮ ਕੇਵਲ ਸਹਿਕ ਹੀ ਰਹੇ ਹਨ। ਉਨ੍ਹਾਂ ਦੇ ਸੰਸਥਾਪਕਾਂ ਦੀ ਆਤਮਾ ਉਨ੍ਹਾਂ ਦੇ ਅਜੋਕੇ ਵਜੂਦ ਵਿਚੋਂ ਵਿਦਾ ਤੇ ਖਿੰਡ-ਪੁੰਡ ਚੁੱਕੀ ਹੈ। ਬਸ ਨਾਮ ਹੀ ਬਾਕੀ ਹਨ। ਸਾਨੂੰ ਵੀ ਡਰ ਹੈ ਕਿ ਕਿਧਰੇ ਸਾਡੇ ਧਰਮ ਨਾਲ ਜੋ ਕਿ ਇਨਸਾਨੀ ਕਦਰਾਂ-ਕੀਮਤਾਂ ਉੱਪਰ ਉਸਰਿਆ ਹੋਇਆ ਹੈ, ਕਿਧਰੇ ਸਾਡੀਆਂ ਅਣਗਹਿਲੀਆਂ ਕਾਰਨ ਢਹਿ-ਢੇਰੀ ਨਾ ਹੋ ਜਾਵੇ। ਸਾਡੇ ਧਾਰਮਿਕ ਨੇਤਾਵਾਂ ਨੂੰ ਚੇਤੰਨ ਤੇ ਚੌਕਸ ਰਹਿਣਾ ਚਾਹੀਦਾ ਹੈ।

ਸਿੱਖ ਧਰਮ ਵਰਤਮਾਨ ਯੁੱਗ ਦੇ ਧਰਮਾਂ ਵਿਚੋਂ ਸਭ ਤੋਂ ਨਵੀਨ, ਵਿਗਿਆਨਕ ਤੇ ਪ੍ਰਚਲਿਤ ਹੈ। ਸਾਡੇ ਧਰਮ ਦੇ ਤੰਗਦਿਲ ਠੇਕੇਦਾਰਾਂ ਕਾਰਨ ਇਹ ਡਾਵਾਂਡੋਲ ਹੋ ਰਿਹਾ ਹੈ। ਅਸੀਂ ਤਾਂ ਆਪਣੇ ਗੁਰੂ ਸਾਹਿਬਾਨ ਦੇ ਫਲਸਫ਼ੇ ਤੇ ਜੀਵਨ ਜਾਂਚ ਨੂੰ ਜੱਗ ਦੀ ਨਵੀਨ ਜਾਂਚ ਬਣਾਉਣਾ ਹੈ। ਅਜੋਕੀ ਦੁਨੀਆਂ ਨੂੰ ਸਾਂਝੀਵਾਲਤਾ, ਹਮਦਰਦੀ ਤੇ ਸਹਿਯੋਗ ਦੀ ਲੋੜ ਹੈ। ਸਿੱਖ ਧਰਮ ਵਿਚ ਉਹ ਸਾਰੇ ਤੱਤ ਮੌਜੂਦ ਹਨ, ਜਿਹੜੇ ਸੰਸਾਰ ਅਮਨ ਤੇ ਖੁਸ਼ਹਾਲੀ ਪੈਦਾ ਕਰ ਸਕਦੇ ਹਨ। ਗੁਰੂ ਦੇ ਸਿੱਖਾਂ ਪਿਆਰਿਆਂ ਨੂੰ ਵਕਤ ਦੀ ਇਸ ਪੁਕਾਰ ਨੂੰ ਵਿਸ਼ਾਲ ਹਿਰਦੇ ਨਾਲ ਪ੍ਰਵਾਨ ਕਰਨਾ ਚਾਹੀਦਾ ਹੈ।

# ਸਰਬੱਤ ਦਾ ਭਲਾ

ਸਿੱਖ ਹਰ ਰੋਜ਼ ਸਰਬੱਤ ਦਾ ਭਲਾ ਮੰਗਦੇ ਹਨ, ਜਦੋਂ ਕਿ ਬਾਕੀ ਬਹੁਤੇ ਧਰਮ ਆਪਣਾ ਆਪਣਾ ਹੀ ਅੱਗਾ ਸ਼ੰਵਾਰਨਾ ਚਾਹੁੰਦੇ ਹਨ। ਅਜਿਹੀ ਬੁਲੰਦੀ ਵਾਲੀ ਸੋਚ ਕੇਵਲ ਸਿੱਖ ਪੰਥ ਵਿਚ ਹੀ ਹੈ। ਇਸ ਵਿਹਾਰਕ ਸੰਸਾਰ ਵਿਚ ਜਦੋਂ ਸਭ ਨੂੰ ਆਪੋ-ਆਪਣੀ ਪਈ ਹੋਈ ਹੈ, ਕਿਸ ਨੂੰ ਫ਼ੁਰਸਤ ਹੈ ਕਿ ਦੂਜੀਆਂ ਕੌਮਾਂ ਤੇ ਧਰਮਾਂ ਦਾ ਭਲਾ ਚਾਹਵੇ। ਅੱਜਕਲ੍ਹ ਦੇ ਵਿਅਕਤੀਵਾਦੀ ਤੇ ਸਵਾਰਥੀ ਸੰਸਾਰ ਵਿਚ ਸਿੱਖ ਦੁਨੀਆਂ ਲਈ ਇਕ ਆਸ਼ਾ ਤੇ ਉਮੀਦ ਦੀ ਕਿਰਨ ਹਨ। ਸਾਡੇ ਗੁਰੂ ਸਾਹਿਬਾਨ ਦੀ ਰਹਿਮਤਾਂ ਤੇ ਅਨਾਇਤਾਂ ਦੀ ਸਾਰੇ ਵਿਸ਼ਵ ਵਿਚ ਚਰਚਾ ਹੈ। ਸਾਡੇ ਧਰਮ ਨੂੰ ਵਾਹਿਗੁਰੂ ਦੀ ਇਹ ਅਪਾਰ ਬਖਸ਼ਿਸ਼ ਹੈ।

ਸਾਡਾ ਹਰਿਮੰਦਰ ਸਾਹਿਬ ਸਰਬ ਸਾਂਝਾ ਧਾਰਮਿਕ ਸਥਾਨ ਹੈ। ਇਸ ਦੇ ਚਾਰ ਦਰਵਾਜ਼ੇ ਚੌਹਾਂ ਦਿਸ਼ਾ ਵੱਲ ਖੁੱਲ੍ਹਦੇ ਹਨ। ਸਭਨਾਂ ਧਰਮਾਂ, ਜ਼ਾਤਾਂ ਤੇ ਫ਼ਿਰਕਿਆਂ ਦੇ ਲੋਕ ਇਸ ਵਿਚ ਆ ਸਕਦੇ ਹਨ। ਸੁਨਿਹਰੀ ਮੰਦਰ ਸਭਨਾਂ ਨੂੰ ਜੀ ਆਇਆਂ ਆਖਦਾ ਹੈ। ਇਸ ਵਿਚ ਉੱਚੀ ਤੋਂ ਉੱਚੀ ਤੇ ਨੀਵੀਂ ਤੋਂ ਨੀਵੀਂ ਜ਼ਾਤੀ ਦੇ ਲੋਕਾਂ ਨੂੰ ਪੰਗਤ ਤੇ ਸੰਗਤ ਦੀ ਪਾਲਣਾ ਕਰਨੀ ਪੈਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਲੰਗਰ ਛਕਣ ਵੇਲੇ ਕਿਸੇ ਜ਼ਾਤ-ਪਾਤ ਜਾਂ ਊਚ-ਨੀਚ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ। ਤੁਹਾਡੇ ਇਕ ਪਾਸੇ ਭਿਖਾਰੀ ਲੰਗਰ ਛਕ ਰਿਹਾ ਹੁੰਦਾ ਹੈ ਤੇ ਦੂਜੇ ਪਾਸੇ ਕੋਈ ਸ਼ਹਿਜ਼ਾਦਾ ਜਾਂ ਅਮੀਰਜ਼ਾਦਾ। ਸਭਨਾਂ ਨੂੰ ਇਕੋ ਹੀ ਤਰਾਜ਼ੂ ਨਾਲ ਤੋਲਿਆ ਜਾਂਦਾ ਹੈ। ਜੇਕਰ ਕੋਈ ਆਪਣੀ ਹੈਸੀਅਤ ਬਾਰੇ ਪੁਣਛਾਣ ਕਰਨਾ ਚਾਹੇ ਤਾਂ ਉਸ ਨੂੰ ਅਣਗੌਲਿਆ ਜਾਂਦਾ ਹੈ। ਗੁਰੂ ਘਰ ਵਿਚ ਗੁਰੂ ਕਾ ਲੰਗਰ ਸਭਨਾਂ ਲਈ ਇਕੋ ਹੈ। ਦੀਵਾਨੇ ਆਮ ਤੇ ਦੀਵਾਨੇ ਖ਼ਾਸ ਦਾ ਇਥੇ ਰਿਵਾਜ਼ ਨਹੀਂ।

ਰੱਜੇ ਨੂੰ ਤਾਂ ਹਰ ਕੋਈ ਰਜ਼ਾਉਂਦਾ ਹੈ। ਭਰੇ ਨੂੰ ਹਰ ਕੋਈ ਭਰਦਾ ਹੈ। ਕਲਗੀਆਂ ਨੂੰ ਤਾਂ ਸਾਰੇ ਸਲਾਮਾਂ ਕਰਦੇ ਹਨ ਪ੍ਰੰਤੂ ਇਕ ਸਿੱਖ ਧਰਮ ਹੈ ਜਿਥੇ ਰੱਜੇ-ਭੁੱਖੇ, ਉੱਚੇ-ਨੀਵੇਂ ਤੇ ਆਪਣੇ ਬਗਾਨੇ ਦਾ ਕੋਈ ਉਚੇਚ ਨਹੀਂ ਕੀਤਾ ਜਾਂਦਾ। ਇਥੇ ਕੋਈ ਟੋਏ ਟਿੱਬੇ ਨਹੀਂ। ਸਾਰੀਆਂ ਜ਼ਾਤਾਂ ਤੇ ਧਰਮਾਂ ਦਾ ਇਥੇ ਸਵਾਗਤ ਕੀਤਾ ਜਾਂਦਾ ਹੈ। ਅਜਿਹਾ ਧਰਮ ਤਾਂ ਸੰਸਾਰ ਵਿਚ ਕੇਵਲ ਇਹੀ ਧਰਮ ਹੈ। ਤੁਸੀਂ ਹਿੰਦੂ ਧਰਮ ਦੇ ਮੰਦਰਾਂ ਵਿਚ ਆਪਣੀ ਮਰਜ਼ੀ ਨਾਲ ਦਾਖ਼ਲ ਨਹੀਂ ਹੋ ਸਕਦੇ। ਕਈਆਂ ਵਿਚ ਸ਼ੂਦਰਾਂ ਜਾਂ ਹਰੀਜਨਾਂ ਨੂੰ ਪ੍ਰਵੇਸ਼ ਦੀ ਮਨਾਹੀ ਹੈ। ਕਈਆਂ ਵਿਚ ਗ਼ੈਰ ਧਰਮ ਵਾਲੇ ਕਦਮ ਨਹੀਂ ਰੱਖ ਸਕਦੇ।

ਕਈਆਂ ਵਿਚ ਤੀਵੀਆਂ ਦਾ ਜਾਣਾ ਮਨ੍ਹਾਂ ਹੈ। ਖ਼ਾਸ ਕਰਕੇ ਮੁਸਲਮਾਨਾਂ ਵਿਚ ਤਾਂ ਮਸਜਿਦਾਂ ਵਿਚ ਤੀਵੀਆਂ ਦਾਖ਼ਲ ਨਹੀਂ ਹੋ ਸਕਦੀਆਂ। ਇਹ ਕੈਸੇ ਧਰਮ ਹਨ ? ਇਥੇ ਤਾਂ ਮਾਨਵਤਾ ਦੀ ਤੌਹੀਨ ਕੀਤੀ ਜਾਂਦੀ ਹੈ। ਇਸ ਵਿਚ ਬੰਦਿਆਂ ਨੂੰ ਬੰਦੇ ਨਹੀਂ ਸਮਝਿਆ ਜਾਂਦਾ।

ਭਾਰਤ ਵਿਚ ਹਿੰਦੂਆਂ ਦੇ ਕਈ ਮੰਦਰ ਹਨ ਜਿਥੇ ਤੁਸੀਂ ਨਿਸ਼ਚਤ ਦੱਕਛਣਾ ਦਿਤਿਆਂ ਬਿਨਾਂ ਪ੍ਰਵੇਸ਼ ਨਹੀਂ ਕਰ ਸਕਦੇ। ਮੂਰਤੀਆਂ ਦੇ ਦਰਸ਼ਨ, ਵੱਧ ਤੋਂ ਵੱਧ ਰਾਸ਼ੀ ਦਾਨ ਕਰਨ ਵਾਲੇ ਪਹਿਲਾਂ ਕਰਦੇ ਹਨ ਤੇ ਘੱਟ ਰਾਸ਼ੀ ਦੇਣ ਵਾਲੇ ਬਾਅਦ ਵਿਚ ਤੇ ਬਿਨਾਂ ਰਾਸ਼ੀ ਤੋਂ ਅੰਦਰ ਜਾਣਾ ਮਨਾਂ ਹੁੰਦਾ ਹੈ। ਇਹ ਕੈਸੇ ਦੇਵਤੇ ਹਨ ਜੋ ਕਿ ਗਰੀਬਾਂ ਤੇ ਮਜ਼ਲੂਮਾਂ ਨੂੰ, ਜਿਨ੍ਹਾਂ ਦੀ ਗਿਣਤੀ ਹਮੇਸ਼ਾ ਵਧੇਰੇ ਹੁੰਦੀ ਹੈ, ਉਨ੍ਹਾਂ ਨੂੰ ਦਰਸ਼ਨ ਕਰਨ ਤੋਂ ਰੋਕਦੇ ਹਨ ? ਸਿੱਖ ਧਰਮ ਵਿਚ ਅਜਿਹਾ ਕਦੀ ਨਹੀਂ ਹੋਇਆ ਤੇ ਨਾ ਕਦੀ ਹੋਵੇਗਾ। ਇਹ ਸਿਧਾਂਤ ਧਰਮ ਦੇ ਮੁੱਢਲੇ ਸਿਧਾਂਤ ਨਾਲ ਮੇਲ ਨਹੀਂ ਖਾਂਦਾ। ਸਿੱਖ ਗੁਰਦੁਆਰਿਆਂ ਵਿਚ ਹਰੇਕ ਸਿੱਖ ਜਾ ਕੇ ਪ੍ਰਸੰਨ ਹੁੰਦਾ ਹੈ। ਉਸ ਨੂੰ ਪੂਰਾ ਇੱਜ਼ਤ ਮਾਣ ਮਿਲਦਾ ਹੈ। ਉਸ ਦੀ ਗਰੀਬੀ ਜਾਂ ਆਰਥਿਕ ਮੰਦਹਾਲੀ ਦਾ ਕਦੀ ਮਜ਼ਾਕ ਨਹੀਂ ਉਡਾਇਆ ਜਾਂਦਾ। ਸਗੋਂ ਉਸ ਲਈ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਫਿਰ ਚੜ੍ਹਦੀਆਂ ਕਲਾ ਵਿਚ ਹੋਵੇ। ਇਹ ਸਿੱਖ ਧਰਮ ਦੀ ਵਿਲੱਖਣਤਾ ਹੈ। ਇਹ ਭਾਵਨਾ ਹੋਰ ਕਿਧਰੇ ਨਹੀਂ।

ਹਿੰਦੂਆਂ ਦੇ ਮੰਦਰਾਂ ਵਿਚ ਪੈਸੇ ਦੇ ਕੇ ਮੁਕਤੀ ਪ੍ਰਾਪਤ ਕਰਨ ਦੇ ਕਈ ਛੜਯੰਤਰ ਦੇਖਣ ਨੂੰ ਮਿਲਦੇ ਹਨ। ਮੁਕਤੀ ਪੰਡਿਤਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਪੰਡਤ ਲੋਕ ਕੌਣ ਹੁੰਦੇ ਨੇ ਮੁਕਤੀ ਦੇਣ ਵਾਲੇ ? ਇਨ੍ਹਾਂ ਕੋਲ ਕਿਹੜੀ ਸ਼ਕਤੀ ਹੈ ਜਿਸ ਨਾਲ ਉਹ ਦੂਜਿਆਂ ਦੇ ਦੁੱਖ ਨਵਿਰਤ ਕਰ ਸਕਦੇ ਹਨ ? ਪੰਡਿਤ ਤਾਂ ਆਪ ਪਾਪੀ ਹਨ, ਉਨ੍ਹਾਂ ਨੂੰ ਤਾਂ ਖ਼ੁਦ ਕੋਈ ਪਾਪ ਹਰਨ ਵਾਲਾ ਲੋੜੀਂਦਾ ਹੈ। ਸਿੱਖਾਂ ਦੇ ਗੁਰਦੁਆਰਿਆਂ ਵਿਚ ਜਾਵੋ, ਉਹ ਤੁਹਾਨੂੰ ਹੱਥਾਂ ਉੱਪਰ ਚੁੱਕ ਲੈਂਦੇ ਹਨ। ਉਹ ਹਰ ਬੰਦੇ ਨੂੰ ਤੇ ਹਰ ਇਨਸਾਨ ਨੂੰ ਇਨਸਾਨ ਸਮਝਦੇ ਹਨ। ਉਨ੍ਹਾਂ ਵਿਚ ਕੋਈ ਭਾਗਾਂ ਵਾਲਾ ਜਾਂ ਬ੍ਰਹਮ ਤੇਜ ਵਾਲਾ ਨਹੀਂ ਹੁੰਦਾ। ਇਹ ਸਭਨਾਂ ਵਿਚ ਉਸ ਪ੍ਰਮਾਤਮਾ ਦਾ ਵਾਸਾ ਤਸੱਵਰ ਕਰਕੇ, ਹਰੇਕ ਜੀਵ ਨੂੰ ਰੱਬ ਦਾ ਸਜਾਇਆ ਮੰਦਰ ਸਮਝ ਕੇ ਸਤਿਕਾਰ ਕਰਦੇ ਹਨ।

ਸਿੱਖ ਗੁਰਦੁਆਰਿਆਂ ਵਿਚ ਜੋ ਲੰਗਰ ਦੀ ਪ੍ਰਥਾ ਚੱਲ ਰਹੀ ਹੈ, ਉਹ ਹੋਰ ਕਿਸੇ ਵੀ ਧਰਮ ਵਿਚ ਨਹੀਂ। ਲੱਖਾਂ ਹੀ ਸ਼ਰਧਾਲੂ ਜਾਂ ਯਾਤਰੂ ਜੋ ਗੁਰਧਾਮਾਂ ਵਿਚ ਮੱਥਾ ਟੇਕਣ ਜਾਂਦੇ ਹਨ ਉਨ੍ਹਾਂ ਨੂੰ ਚੱਤੇ ਪਹਿਰ ਲੰਗਰ ਛਕਾਇਆ ਜਾਂਦਾ ਹੈ। ਲੱਖਾਂ ਹੀ ਭਾਰਤੀ ਗਰੀਬ ਲੋਕ ਭਾਵੇਂ ਉਹ ਸਿੱਖ ਧਰਮ ਨਾਲ ਹੀ ਸੰਬੰਧਿਤ ਹੋਣ, ਜੇਕਰ ਉਹ ਗੁਰਦੁਆਰੇ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਸ਼ਰਧਾ ਨਾਲ ਪ੍ਰਸ਼ਾਦਾ ਛਕਾਇਆ ਜਾਂਦਾ ਹੈ। ਚਾਹ, ਦੁੱਧ ਜਾਂ ਹੋਰਨਾਂ ਕਈ ਭੋਜਨਾਂ ਨਾਲ ਉਨ੍ਹਾਂ ਦਾ ਸਿਰ ਨਿਵਾ ਕੇ ਕੀਤੀ ਜਾਂਦੀ ਹੈ। ਗੁਰੂ ਦਾ ਅਟੁੱਟ ਲੰਗਰ ਵਰਤਦਾ ਹੈ। ਇਨ੍ਹਾਂ ਗੁਰਧਾਮਾਂ ਵਿਚ ਸੇਵਾ ਕਰਨ ਵਾਲਿਆਂ ਦੀ ਨਿਰੰਤਰ ਕਾਰਵਾਈ ਚੱਲਦੀ ਰਹਿੰਦੀ ਹੈ। ਜੋ ਵੀ ਗੁਰੂ ਦੇ ਦਰ ਤੇ ਦਸਤਕ ਦਿੰਦਾ

ਹੈ, ਗੁਰੂ ਦੀ ਉਸ ਉੱਪਰ ਕ੍ਰਿਪਾ ਤੇ ਮਿਹਰ ਬਰਸਦੀ ਹੈ।

ਸਿੱਖ ਸਰਬੱਤ ਦਾ ਭਲਾ ਮੰਗਣ ਵਾਲੇ ਹਨ। ਦੇਸ਼ ਵਿਚ ਜਿਥੇ ਕਿਤੇ ਵੀ ਕੋਈ ਕੁਦਰਤੀ ਆਫ਼ਤ, ਹੜ ਜਾਂ ਹੋਰ ਕਰੋਪੀ ਆ ਜਾਵੇ, ਗੁਰੂ ਦੇ ਸਿੱਖ ਰਾਹਤ ਸਾਮੱਗਰੀ ਲੈ ਕੇ ਉਸ ਸਥਾਨ ਵੱਲ ਵਹੀਰਾਂ ਘੱਤਦੇ ਹਨ। ਜਾਂਦਿਆਂ ਗੁਰੂ ਦਾ ਲੰਗਰ ਲਗਾ ਦਿੰਦੇ ਹਨ। ਸਿੱਖਾਂ ਵਿਚ ਸਭਨਾਂ ਨੂੰ ਗਲੇ ਲਗਾਉਣ ਤੇ ਉਨ੍ਹਾਂ ਦੇ ਦੁੱਖ-ਸੁੱਖ ਵਿਚ ਭਾਈਵਾਲ ਹੋਣ ਦੀ ਅਦੁੱਤੀ ਪ੍ਰਥਾ ਹੈ। ਇਹ ਸਭ ਗੁਰੂ ਦੀ ਅਪਾਰ ਬਖਸ਼ਿਸ਼ ਦੁਆਰਾ ਹੁੰਦਾ ਹੈ। ਸਿੱਖਾਂ ਨੂੰ ਅਜਿਹੇ ਸੇਵਾਪੰਥੀ ਕਾਰਜਾਂ ਲਈ ਕਿਸੇ ਨੂੰ ਅਪੀਲ ਨਹੀਂ ਕਰਨੀ ਪੈਂਦੀ। ਉਨ੍ਹਾਂ ਦੇ ਅੰਦਰੋਂ ਹੀ ਅਜਿਹੀ ਨਿਸ਼ਕਾਮ ਸੇਵਾ ਲਈ ਤਰੰਗਾਂ ਉੱਠਦੀਆਂ ਹਨ। ਉਹ ਦੂਜੇ ਦੀ ਸੇਵਾ ਕਰਕੇ ਅਨੰਦ ਪ੍ਰਾਪਤ ਕਰਦੇ ਹਨ। ਅਜਿਹੇ ਯੁੱਗ ਵਿਚ, ਜਿਥੇ ਕੋਈ ਵੀ ਕਿਸੇ ਲਈ ਕੱਖ ਭੰਨ ਕੇ ਦੂਹਰਾ ਨਹੀਂ ਕਰਨਾ ਚਾਹੁੰਦਾ। ਜਿਥੇ ਕੋਈ ਦੀਨ ਦੁਖੀ ਦੀ ਪੁਕਾਰ ਸੁਣਨ ਵੇਲੇ ਨੱਕ ਮੂੰਹ ਮਰੋੜਦਾ ਹੈ, ਉਥੇ ਸਿੱਖ ਧਰਮ ਵਿਚ ਅਜਿਹੇ ਨਿਥਾਵਿਆਂ, ਨਿਆਸਰਿਆਂ ਨੂੰ ਬ੍ਰਿਧ ਘਰਾਂ, ਅਨਾਥ ਆਸ਼ਰਮਾਂ ਤੇ ਪਿੰਗਲਵਾੜਿਆਂ ਵਿਚ ਜੀ ਆਇਆ ਆਖਿਆ ਜਾਂਦਾ ਹੈ। ਸਿੱਖ ਜਿਵੇਂ ਜਨਮੇ ਹੀ ਸੇਵਾ ਕਰਨ ਲਈ ਹੋਣ।

ਭਾਰਤੀ ਸਮਾਜ ਵਿਚ ਸਿੱਖ ਰਖਵਾਲਿਆਂ ਦੇ ਰੂਪ ਵਿਚ ਉੱਭਰ ਕੇ ਆਉਂਦੇ ਹਨ। ਇਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੇ ਨੌਂਵੇਂ ਪਾਤਸ਼ਾਹ ਦੀ ਸ਼ਹਾਦਤ ਦਿੱਤੀ। ਜੰਞੂ ਤੇ ਤਿਲਕ ਦੀ ਹਿਫ਼ਾਜਤ ਲਈ ਚਾਂਦਨੀ ਚੌਂਕ ਦੇ ਕੌਤਕ ਰਚਾਏ। ਦਸਵੇਂ ਪਾਤਸ਼ਾਹ ਨੇ ਹਿੰਦੂ ਧਰਮ ਨੂੰ ਉਭਾਰਨ ਤੇ ਸੁਧਾਰਨ ਲਈ ਕਈ ਯੁੱਧ ਲੜੇ ਤੇ ਸਾਰੀ ਉਮਰ ਮੁਗ਼ਲ ਹਕੂਮਤ ਨਾਲ ਜੂਝਦੇ ਰਹੇ। ਜੇਕਰ ਸਿੱਖ ਅਜਿਹਾ ਕਾਰਜ ਉਸ ਵੇਲੇ ਨਾ ਕਰਦੇ ਤਾਂ ਭਾਰਤ ਵਿਚ ਹਿੰਦੂਆਂ ਦੀ ਗਿਣਤੀ ਅੱਜ ਨਾਲੋਂ ਅੱਧੀ ਹੋਣੀ ਸੀ। ਸੁੰਨਤਾਂ ਤੇ ਕਲਮੇਂ ਵਾਲੇ ਹੀ ਨਜ਼ਰੀਂ ਪੈਣੇ ਸਨ। ਇਤਿਹਾਸ ਵਿਚ ਕਿਸੇ ਵੀ ਰਹਿਬਰ ਜਾਂ ਮੁਰਸ਼ਦ ਨੇ ਕਦੀ ਅਜਿਹਾ ਨਹੀਂ ਐਲਾਨ ਜਾਂ ਪ੍ਰਣ ਕੀਤਾ ਜੋ ਗੁਰੂ ਤੇਗ ਬਹਾਦਰ ਨੇ ਕਸ਼ਮੀਰੀ ਪੰਡਿਤਾਂ ਨਾਲ ਕੀਤਾ ਸੀ। ਇਹ ਵੇਲੇ ਦੀ ਜ਼ਾਲਮ ਸਰਕਾਰ ਨੂੰ ਖੁੱਲ੍ਹੀ ਚੁਣੌਤੀ ਸੀ। ਨੌਂਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀਆਂ ਅਜ਼ੀਮ ਤੇ ਅਦੁੱਤੀ ਕੁਰਬਾਨੀਆਂ ਤੇ ਕਾਰਨਾਮਿਆਂ ਦੇ ਫ਼ਲਸਰੂਪ, ਭਾਰਤ ਦੇ ਲੋਕਾਂ ਵਿਚ ਸਵੈਮਾਨ ਤੇ ਸਵੈ-ਸੁਰੱਖਿਆ ਦੀ ਇਕ ਤੀਬਰ ਭਾਵਨਾ ਪੈਦਾ ਹੋਈ। ਇਸ ਭਾਵਨਾ ਨਾਲ ਮੁਸਲਮਾਨਾਂ ਨੂੰ ਆਪਣੇ ਘਿਨੌਣੇ ਮਨਸੂਬਿਆਂ ਉੱਪਰ ਫਿਰ ਨਜ਼ਰਸਾਨੀ ਕਰਨੀ ਪਈ। ਉਨ੍ਹਾਂ ਨੂੰ ਆਪਣੀ ਹੀ ਸੁਰੱਖਿਆ ਤੇ ਸਲਾਮਤੀ ਦੇ ਲਾਲੇ ਪੈ ਗਏ।

ਦੇਸ਼ ਦੀ ਪੱਛਮੀ ਸਰਹੱਦਾਂ ਤੋਂ ਹਮਲਾਵਰ ਸਾਡੇ ਮੁਲਕ ਵਿਚ ਆ ਕੇ ਸਾਡੀ ਲੁੱਟ-ਖਸੁੱਟ ਕਰਦੇ ਰਹੇ। ਹਜ਼ਾਰਾਂ ਸਾਲ ਇਹ ਮੁਸਲਮਾਨ ਧਾੜਵੀ ਸਾਡੀ ਸੰਸਕ੍ਰਿਤੀ ਤੇ ਸਭਿਅਤਾ ਨੂੰ ਪੈਰਾਂ ਹੇਠ ਲਿਤਾੜਦੇ ਰਹੇ। ਸਾਡੀਆਂ ਸਰਕਾਰਾਂ ਤੇ ਲੋਕ ਮੂਕ ਬਣ ਕੇ ਇਸ ਭਾਣੇ ਨੂੰ ਭੇਡਾਂ ਬਣਕੇ ਸਵੀਕਾਰ ਕਰਦੇ ਰਹੇ। ਇਹ ਸਿੱਖ ਹੀ ਸਨ ਜਿਨ੍ਹਾਂ ਅਠਾਰਵੀਂ ਸਦੀ ਵਿਚ ਇਨ੍ਹਾਂ ਕੁਲਹਿਣੀਆਂ ਸਰਹੱਦਾਂ ਨੂੰ ਸਦਾ ਲਈ ਸੀਲ ਕਰ ਦਿੱਤਾ, ਪਠਾਣਾਂ ਨੂੰ ਆਪਣੀ ਸੁਰੱਖਿਆ ਲਈ ਸਿੱਖਾਂ ਨਾਲ ਜੂਝਣਾ ਪਿਆ। ਰਣਜੀਤ

ਸਿੰਘ ਦਾ ਤਾਂ ਅਫ਼ਗਾਨਿਸਤਾਨ ਦੇ ਕੁਝ ਖੇਤਰਾਂ ਵਿਚ ਵੀ ਰਾਜ ਰਿਹਾ। ਇਤਿਹਾਸ ਨੇ ਪੁੱਠਾ ਗੇੜ ਦਿੱਤਾ। ਪਹਿਲਾਂ ਲੋਕ ਪਠਾਣਾਂ ਤੇ ਤੁਰਕਾਂ ਦੇ ਨਾਵਾਂ ਤੋਂ ਹੀ ਖੌਫ਼ਜ਼ਦਾ ਸਨ। ਬਾਅਦ ਵਿਚ ਪਠਾਣੀਆਂ ਆਪਣੇ ਬੱਚਿਆਂ ਨੂੰ ਵਰਾਉਣ ਲਈ ਹਰੀਏ ਦਾ ਨਾਮ ਲੈਣ ਲੱਗ ਪਈਆਂ ਸਨ। ਸਿੱਖਾਂ ਨੇ ਇਹ ਜੋ ਭਾਰਤ ਦੀ ਸੇਵਾ ਕੀਤੀ, ਕੋਈ ਵੀ ਇਤਿਹਾਸਕਾਰ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ। ਸਿੱਖਾਂ ਦਾ ਇਹ ਯੋਗਦਾਨ ਕੋਈ ਤਸਲੀਮ ਕਰੇ ਜਾਂ ਨਾ, ਇਹ ਇਕ ਵੱਖਰੀ ਕਹਾਣੀ ਹੈ।

ਜਦੋਂ ਅਸਾਮ ਵਿਚ ਬੰਗਾਲੀ ਲੋਕਾਂ ਦਾ ਬੋਲਬਾਲਾ ਵੱਧ ਗਿਆ ਤਾਂ ਉਨ੍ਹਾਂ ਵਿਰੁੱਧ ਅਸਾਮੀ ਚੀਕ ਚਿਹਾੜਾ ਪਾਉਣ ਲੱਗੇ। ਇਸੇ ਤਰ੍ਹਾਂ ਮਹਾਂਰਾਸ਼ਟਰ ਵਿਚ ਜਦੋਂ ਗ਼ੈਰ ਮਰਾਠਿਆਂ ਦੀ ਚੜ੍ਹਤ ਬੜਤ ਹੋਣ ਲੱਗੀ ਤਾਂ ਮਰਾਠਿਆਂ ਨੇ ਸ਼ਿਵ ਸੈਨਾ ਖੜੀ ਕਰ ਲਈ। ਇਸੇ ਤਰ੍ਹਾਂ ਕਸ਼ਮੀਰੀਆਂ ਤੇ ਕਸ਼ਮੀਰੀ ਪੰਡਿਤਾਂ ਨੂੰ ਜ਼ੋਰਾ-ਜ਼ਬਰੀ ਘਾਟੀ ਛੱਡਣ ਲਈ ਮਜ਼ਬੂਰ ਕਰ ਦਿੱਤਾ। ਅੱਜ ਪੰਜਾਬ ਵਿਚ ਸਾਰੇ ਉਤਰੀ ਭਾਰਤ ਤੋਂ ਆ ਕੇ ਲੋਕ ਕੰਮ ਧੰਦੇ ਕਰ ਰਹੇ ਹਨ, ਕਮਾਈਆਂ ਕਰ ਰਹੇ ਹਨ। ਸਿੱਖਾਂ ਨੂੰ ਇਸ ਨਾਲ ਕੋਈ ਇਤਰਾਜ਼ ਨਹੀਂ। ਸਗੋਂ ਅਸੀਂ ਸਾਰੇ ਭਾਰਤੀ, ਜਿਥੇ ਵੀ ਮਿਹਨਤ ਮੁਸ਼ੱਕਤ ਕਰਾਂਗੇ, ਸਾਡੇ ਦੇਸ਼ ਦੀ ਹੀ ਸੋਭਾ ਵੱਧਦੀ ਹੈ। ਇਸੇ ਲਈ ਤਾਂ ਪਹਿਲੇ ਗੁਰੂ ਮਹਾਰਾਜ ਨੇ ਫੁਰਮਾਇਆ ਸੀ, "ਸਭੈ ਸਾਂਝੀਵਾਲ ਸਦਾਇਨ, ਕੋਇ ਨਾ ਦੀਸੈ ਕਾਹਿਰਾ ਜੀਓ।"

# ਸਿੱਖੀ ਦਾ ਭਗਵੀਕਰਨ

ਆਦਿ ਕਾਲ ਤੋਂ ਜਦੋਂ ਵੀ ਸ੍ਰਿਸ਼ਟੀ ਹੋਂਦ ਵਿਚ ਆਈ ਹੈ, ਵੱਡੀ ਮੱਛੀ ਛੋਟੀ ਨੂੰ ਖਾਂਦੀ ਆਈ ਹੈ। ਵੱਡੇ ਮਗਰਮੱਛ ਛੋਟਿਆਂ ਨੂੰ ਨਿਗਲਦੇ ਆਏ ਹਨ। ਸਮੁੰਦਰ ਨਦੀਆਂ ਨੂੰ ਤੇ ਨਾਲਿਆਂ ਨੂੰ ਆਪਣੀ ਲਪੇਟ ਵਿਚ ਲੈਂਦੇ ਆਏ ਹਨ। ਵੱਡਾ ਛੋਟੇ ਨੂੰ ਤੇ ਤਗੜਾ ਮਾੜੇ ਨੂੰ ਘੱਟ ਹੀ ਬਖਸ਼ਦਾ ਹੈ। ਭਾਰਤ ਵਿਚ ਹਿੰਦੂ ਧਰਮ ਸਭਨਾਂ ਦਾ ਬਾਬਾ ਹੈ। ਇਸ ਵਿਚੋਂ ਕਿਸੇ ਨਾ ਕਿਸੇ ਕਾਰਨ ਜਿਹੜਾ ਧਰਮ ਵੀ ਨਿਕਲਦਾ ਹੈ, ਉਸ ਨੂੰ ਬਾਬਾ ਜੀ ਦੁਬਾਰਾ ਆਪਣੀ ਬੁੱਕਲ ਵਿਚ ਲੈਣ ਲਈ ਯਤਨ ਕਰਦੇ ਹਨ। ਭਾਵੇਂ ਇਕ ਵਾਰੀ ਵੱਖਰੇ ਹੋਏ, ਬੁੱਧ, ਜੈਨ, ਇਸਲਾਮ, ਈਸਾਈ ਤੇ ਸਿੱਖ ਧਰਮਾਂ ਵਿਚ ਸ਼ਾਮਿਲ ਹੋ ਗਏ ਤੇ ਸ਼ਾਮਿਲ ਹੀ ਰਹੇ ਭਾਵੇਂ ਬਾਬੇ ਨੇ ਉਨ੍ਹਾਂ ਨੂੰ ਰਾਜੀ ਕਰਨ ਲਈ ਸੌ ਪਾਪੜ ਵੇਲੇ ਤੇ ਜਾਲ ਵਿਛਾਏ। ਹਿੰਦੂ ਧਰਮ ਇਸ ਉਪਰਾਲੇ ਵਿਚ ਕੁਝ ਹੱਦ ਤੱਕ ਕਾਮਯਾਬ ਵੀ ਹੋਇਆ ਅਤੇ ਉਸ ਦੀ ਇਹ ਮੁਹਿੰਮ ਅਜੇ ਵੀ ਜਾਰੀ ਹੈ। ਇਸ ਦਾ ਮੌਜੂਦਾ ਸ਼ਿਕਾਰ ਸਿੱਖ ਧਰਮ ਹੈ। ਵੇਖੀਏ ਊਠ ਕਿਸ ਕਰਵਟ ਬੈਠਦਾ ਹੈ ?

ਸਿੱਖ ਧਰਮ ਕਿਉਂਕਿ ਮਨੂੰਵਾਦ ਦੀ ਮੜ੍ਹੀ ਤੇ ਉਸਰਿਆ ਹੈ ਇਸ ਲਈ ਬ੍ਰਾਹਮਣਾਂ ਨੇ ਇਸ ਦੀ ਚੂਲ ਢਿੱਲੀ ਕਰਨ ਦਾ ਕੋਈ ਮੌਕਾ ਨਹੀਂ ਛੱਡਿਆ। ਬ੍ਰਾਹਮਣਾਂ ਨੇ ਭਾਰਤ ਦੀਆਂ ਸਭਨਾਂ ਜਾਤੀਆ ਨੂੰ ਆਪਣੀ ਜੁੱਤੀ ਹੇਠ ਰੱਖਿਆ ਹੈ ਤੇ ਖ਼ਾਸ ਕਰਕੇ ਛੋਟੀਆਂ ਜਾਤੀਆਂ ਨੂੰ। ਇਹ ਲਤਾੜੀਆਂ ਪਛਾੜੀਆਂ ਜਾਤੀਆਂ ਨਰਕ ਦਾ ਜੀਵਨ ਭੋਗ ਰਹੀਆਂ ਸਨ ਜਦੋਂ ਦਸ਼ਮੇਸ਼ ਪਿਤਾ ਨੇ ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਰਾਤੋ-ਰਾਤ ਹੀ ਖਿਲੀਆਂ ਤੋਂ ਸ਼ੇਰ ਤੇ ਮੰਗਤਿਆਂ ਤੋਂ ਸਰਦਾਰ ਬਣਾ ਦਿੱਤਾ। ਬ੍ਰਾਹਮਣ ਲੋਕ, ਅਜਿਹੇ ਨਵੇਂ ਸਰਦਾਰਾਂ ਨੂੰ ਵੇਖ ਕੇ ਭੈਭੀਤ ਹੋ ਗਏ। ਘੋੜਾ ਘਾਹ ਨਾਲ ਯਾਰੀ ਕਰ ਲਵੇ ਤਾਂ ਖਾਏਗਾ ਕੀ ? ਆਪਣੇ ਹੇਠੋਂ ਖਿਸਕਦੇ ਇਨ੍ਹਾਂ ਦਲਿਤਾਂ ਨੂੰ ਵੇਖ ਕੇ ਪੰਡਤ ਤੇ ਪ੍ਰੋਹਿਤ ਕਚੀਚੀਆਂ ਵੱਟਣ ਲੱਗੇ। ਇਨ੍ਹਾਂ ਨਵੇਂ ਸੱਜੇ ਸਿੱਖਾਂ ਨੇ ਬ੍ਰਾਹਮਣਾਂ ਦੀਆ ਰੀਤਾਂ-ਰਿਵਾਜ਼ਾਂ ਛੱਡ ਕੇ ਆਪਣੇ ਧਰਮ ਅਪਣਾ ਲਏ। ਜਿਵੇਂ ਵਿਆਹ ਸ਼ਾਦੀਆਂ ਵੇਲੇ ਬੇਦੀ ਦੁਆਲੇ ਫੇਰੇ ਲੈਣ ਦੀ ਬਜਾਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਫੇਰੇ ਲੈਣ ਦੀ ਆਨੰਦ ਕਾਰਜ ਰੀਤ ਅਪਨਾਈ ਜਾਣ ਲੱਗੀ। ਬ੍ਰਾਹਮਣਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਣ ਲੱਗਾ। ਜੰਮਣ ਤੋਂ ਲੈ ਕੇ ਮਾਰਨ ਤੱਕ ਸਭੇ ਰੀਤਾਂ ਰਿਵਾਜ਼ਾਂ ਉੱਪਰ ਬ੍ਰਾਹਮਣਾਂ ਦਾ ਗਲਬਾ ਸੀ। ਸਿੱਖਾਂ ਨੇ ਹੌਲੀ-ਹੌਲੀ ਸਾਰੇ ਆਪਣੇ ਹੀ ਰੀਤ-ਰਿਵਾਜ਼ ਬਣਾ ਕੇ, ਬ੍ਰਾਹਮਣਾਂ ਦੀ ਛੁੱਟੀ ਕਰ ਦਿੱਤੀ। ਪੰਜਾਬ ਵਿਚ ਜਿਥੇ ਕਿਧਰੇ ਵੀ ਸਿੱਖ ਵੱਸਦੇ ਸਨ, ਬ੍ਰਾਹਮਣਾਂ ਦੇ

ਜੰਤਰ-ਮੰਤਰ ਬੰਦ ਹੋ ਗਏ ਤੇ ਸਾਰੇ ਕਾਰ-ਵਿਹਾਰ ਗੁਰਮਤਿ ਦੀ ਮਰਿਯਾਦਾ ਅਨੁਸਾਰ ਕੀਤੇ ਜਾਣ ਲੱਗੇ। ਇਹ ਬ੍ਰਾਹਮਣਾਂ ਲਈ ਅਸਹਿ ਸੀ ਪਰ ਫਸੀ ਨੂੰ ਫਟਕਣ ਕੀ। ਬ੍ਰਾਹਮਣਾਂ ਨੂੰ ਦਰਗੁਜ਼ਾਰ ਕਰਨਾ ਪਿਆ।

ਮੁਗ਼ਲ ਰਾਜ ਵੇਲੇ ਵੀ ਹਿੰਦੂ ਲਾਲ ਗੰਗੂ ਬ੍ਰਾਹਮਣ, ਲਖਤਪਤ ਰਾਏ ਤੇ ਹੋਰ ਹਜ਼ਾਰਾਂ ਹਿੰਦੂ ਸਿੱਖਾਂ ਵਿਰੁੱਧ ਸਾਜਿਸ਼ਾਂ ਕਰਕੇ ਉਨ੍ਹਾਂ ਦੀਆ ਮੁਖਬਰੀਆਂ ਕਰਦੇ ਰਹੇ। ਮੁਗ਼ਲ ਹਾਕਮਾਂ ਦੀ ਚਿਮਚਾਗਿਰੀ ਤੇ ਖੁਸ਼ਾਮਦ ਕਰਕੇ ਉਹ ਆਪਣਾ ਉੱਲੂ ਸਿੱਧਾ ਕਰਦੇ ਰਹੇ। ਪਰ ਜਿਵੇਂ ਕਹਿੰਦੇ ਨੇ, "ਦਰਦ ਘਟਤਾ ਗਿਆ ਜਿਉਂ ਜਿਉਂ ਦਵਾ ਕੀ।" ਹੌਲੀ ਹੌਲੀ ਬ੍ਰਾਹਮਣਾਂ ਦਾ ਜ਼ੋਰ ਘਟਦਾ ਗਿਆ ਤੇ ਸਿੱਖਾਂ ਦੀ ਗੁੱਡੀ ਚੜ੍ਹਦੀ ਗਈ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਆਰੀਆ ਸਮਾਜੀਆਂ ਨੇ ਪੰਜਾਬ ਵਿਚ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਆਪਣੇ ਨਵੇਂ ਧਰਮ ਦੇ ਪ੍ਰਚਾਰ ਵੇਲੇ ਵੇਦਾਂ ਦੀ ਮਹਾਨਤਾ ਨੂੰ ਇਕ ਵਾਰ ਫਿਰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ। ਵੇਦਾਂ ਨੂੰ ਵਡਿਆਉਣ ਲਈ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛੁਟਿਆਉਣਾ ਸ਼ੁਰੂ ਕਰ ਦਿੱਤਾ। ਸਵਾਮੀ ਦਇਆ ਨੰਦ ਨੇ ਆਪਣੇ ਸਤਿਆਰਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਸਕ੍ਰਿਤੀ ਭਾਸ਼ਾ ਦੀ ਜਾਣਕਾਰੀ ਬਾਰੇ ਕਿੰਤੂ-ਪ੍ਰੰਤੂ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਅਨਪੜ੍ਹ ਕਹਿਣ ਦੀ ਗੁਸਤਾਖ਼ੀ ਵੀ ਕੀਤੀ। ਪਰ ਚੰਦ ਤੇ ਥੁੱਕਿਆਂ ਆਪਣੇ ਹੀ ਮੂੰਹ ਤੇ ਪੈਂਦਾ ਹੈ। ਆਰੀਆ ਸਮਾਜੀਆਂ ਨੇ ਇਹ ਵੀ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਸਿੱਖ ਅਸਲ ਵਿਚ ਹਿੰਦੂ ਹਨ ਜਾਂ ਹਿੰਦੂ ਮੱਤ ਦੀ ਇਕ ਸ਼ਾਖ ਹੀ ਹਨ। ਇਹ ਕੂੜ ਪ੍ਰਚਾਰ ਦਾ ਗਿਆਨੀ ਦਿੱਤ ਸਿੰਘ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਇਸ ਮਸਲੇ ਬਾਰੇ ਬਹਿਸ ਕਰਨ ਦੀ ਵੀ ਚੁਣੌਤੀ ਦਿੱਤੀ, ਦੋਖੀਆਂ ਨੂੰ ਫਿਰ ਮੂੰਹ ਦੀ ਖਾਣੀ ਪਈ।

ਪਰ ਇਸ ਤਰ੍ਹਾਂ ਦੀ ਚਰਚਾ ਤੇ ਖਹਿਬਾਜ਼ੀ ਨੇ ਹਿੰਦੂ ਸਿੱਖਾਂ ਦੇ ਸੰਬੰਧ ਵਿਚ ਤ੍ਰੇੜਾਂ ਪੈਦਾ ਕਰ ਦਿੱਤੀਆਂ। ਸਦੀਆਂ ਤੋਂ ਸਾਂਝੇ ਚੱਲਦੇ ਭਾਈਚਾਰੇ ਵਿਚ ਕਾਂਜੀ ਘੋਲੀ ਗਈ। ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਵੀ ਅਖਵਾਇਆ ਗਿਆ। ਉਨ੍ਹਾਂ ਦੀ ਬੋਲੀ ਨੂੰ ਗਵਾਰਾਂ ਦੀ ਭਾਸ਼ਾ ਕਰਕੇ ਭੰਡਿਆ ਗਿਆ। ਹਿੰਦੂਆਂ ਨੇ ਇਸੇ ਕਰਕੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਉਣ ਦੀ ਹਿਮਾਕਤ ਵੀ ਕੀਤੀ। ਇਹ ਸਭ ਕੁਝ ਮਨੂੰਵਾਦ ਦੇ ਪ੍ਰਭਾਵ ਅਧੀਨ ਹੀ ਕੀਤਾ ਗਿਆ। ਸਿੱਖਾਂ ਦੀਆਂ ਸੰਸਥਾਵਾਂ ਦਾ ਮਜ਼ਾਕ ਉਡਾਇਆ ਜਾਣ ਲੱਗਾ। ਪਵਿੱਤਰ ਸਰੋਵਰਾਂ ਵਿਚ ਸਿਗਰਟਾਂ ਤੇ ਗਊ ਦਾ ਸਿਰ ਸੁੱਟ ਕੇ, ਦੋਹਾਂ ਕੌਮਾਂ ਦੇ ਫ਼ਿਰਕੂ ਭਾਈਚਾਰੇ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਾਰੇ ਘਟਨਾ ਕਰਮਾਂ ਪਿੱਛੇ ਫ਼ਿਰਕੂ ਨੇਤਾ ਕੰਮ ਕਰ ਰਹੇ ਸਨ। ਇਸ ਦਾ ਪ੍ਰਤੀਕਰਮ ਖਾਲਿਸਤਾਨ ਦੀ ਲਹਿਰ ਵਿਚ ਵੇਖਣ ਵਿਚ ਆਇਆ ਅਤੇ ਜੋ ਸਿੱਖਾਂ ਦੇ ਫ਼ਿਰਕੂ ਨੇਤਾਵਾਂ ਨੇ ਵਧੀਕੀਆਂ ਕੀਤੀਆਂ, ਉਨ੍ਹਾਂ ਦੇ ਪ੍ਰਤੀਕਰਮ ਵਜੋਂ ਨੀਲਾ ਤਾਰਾ ਅਪਰੇਸ਼ਨ ਹੋਂਦ ਵਿਚ ਆਇਆ। ਉਸ ਦਾ ਪ੍ਰਤੀਕਰਮ ਪੰਜਾਬ ਵਿਚ ਅਤਿਵਾਦ ਦੇ ਰੂਪ ਵਿਚ ਹੋਇਆ। ਕੇਂਦਰ ਦੇ ਫ਼ਿਰਕੂ ਨੇਤਾਵਾਂ ਨੇ ਆਪਣੀ ਸਿਆਸਤ ਚਮਕਾਉਣ ਲਈ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣਾ ਸ਼ੁਰੂ ਕੀਤਾ ਅਤੇ ਇਸ ਦੇ ਪ੍ਰਤੀਕਰਮ ਵਜੋਂ ਹੀ ਸ੍ਰੀਮਤੀ

ਇੰਦਰਾ ਗਾਂਧੀ ਦਾ ਕਤਲ ਹੋਇਆ ਤੇ ਬਾਅਦ ਵਿਚ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਵੀ ਇਸ ਕਤਲ ਦੇ ਪ੍ਰਤੀਕਰਮ ਵਜੋਂ ਹੋਇਆ। ਇਸ ਤਰ੍ਹਾਂ ਭਗਵੇ ਕਰਨ ਦੇ ਕਈ ਉਪਰਾਲੇ ਕੀਤੇ ਗਏ ਜੋ ਅੱਜ ਵੀ ਜਾਰੀ ਹਨ।

ਪੰਜਾਬ ਵਿਚ ਆਸ਼ੂਤੋਸ਼, ਨੂਰਮਹਿਲੀਏ ਅਤੇ ਰਾਮ ਰਹੀਮ ਸਿੰਘ ਸੱਚਾ ਸੌਦਾ ਵਾਲੇ ਸਿੱਖੀ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਿਚ ਵਿਅਸਤ ਹਨ। ਇਨ੍ਹਾਂ ਡੇਰਿਆਂ ਦੁਆਰਾ ਸਿੱਖ ਧਰਮ ਦੀਆਂ ਮਾਣ-ਮੱਤੀਆਂ ਸੰਸਥਾਵਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਭੋਲੀ ਭਾਲੀ ਜਨਤਾ ਨੂੰ ਕਈ ਸਬਜ਼ ਬਾਗ ਤੇ ਮੁਕਤੀ ਦੁਆਰ ਵਿਖਾ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਪਿੱਠ ਤੇ ਮੂਲਵਾਦੀ ਹਿੰਦੂ ਨੇਤਾ ਹਨ ਜੋ ਇਨ੍ਹਾਂ ਨੂੰ ਸ਼ਹਿ ਦੇ ਕੇ ਸਿੱਖ ਧਰਮ ਵਿਰੁੱਧ ਭੁਤਰਾ ਰਹੇ ਹਨ। ਇਨ੍ਹਾਂ ਦੀਆਂ ਗਤੀਵਿਧੀਆਂ ਨੂੰ ਵਧਾਇਆ ਜਾ ਰਿਹਾ ਹੈ ਤਾਂ ਕਿ ਇਨ੍ਹਾਂ ਦੀ ਸਿੱਖਾਂ ਨਾਲ ਟੱਕਰ ਹੋਵੇ। ਪਿੱਛੇ ਜਿਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾਉਣ ਕਾਰਨ, ਬਾਬਾ ਰਾਮ ਰਹੀਮ ਨੂੰ ਸਿੱਖਾਂ ਦੇ ਨਜ਼ਲੇ ਦਾ ਸ਼ਿਕਾਰ ਹੋਣਾ ਪਿਆ। ਇਸੇ ਤਰ੍ਹਾਂ ਰਾਧਾ ਸਵਾਮੀ ਤੇ ਨਿਰੰਕਾਰੀਏ, ਸਿੱਖਾਂ ਦੀਆਂ ਸੰਸਥਾਵਾਂ ਨਾਲ ਛੇੜਛਾੜ ਕਰਕੇ ਉਨ੍ਹਾਂ ਨਾਲ ਚੜ੍ਹੋਖਤੀ ਕਰਦੇ ਰਹਿੰਦੇ ਹਨ। ਨਿਰੰਕਾਰੀ ਤਾਂ ਆਪਣੇ ਗੁਰੂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉੱਪਰ ਬਿਠਾ ਕੇ, ਸਿੱਖਾਂ ਨਾਲ ਖ਼ੂਨੀ ਝੜਪ ਲੈ ਚੁੱਕੇ ਹਨ। ਇਨ੍ਹਾਂ ਲੋਕਾਂ ਨੇ ਸਿੱਖ ਮੱਤ ਦੀ ਨਕਲ ਕਰ ਕੇ, ਇਕ ਵੱਖਰਾ ਮਜ਼ਹਬ ਖੜਾ ਕਰਨ ਦੀ ਨਾਪਾਕ ਕੋਸ਼ਿਸ਼ ਕੀਤੀ ਹੈ। ਗਰੀਬ ਤੇ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਕਈ ਭਰਮ ਭੁਲੇਖਿਆਂ ਵਿਚ ਪਾ ਕੇ, ਇਹ ਸਿੱਖੀ ਨੂੰ ਸੰਨ ਲਗਾ ਰਹੇ ਹਨ। ਇਸ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੇ ਹਨ। ਇਨ੍ਹਾਂ ਭੋਲੇ ਭਾਲੇ ਸਿੱਖਾਂ ਦੀ ਬਦੌਲਤ ਇਹ ਡੇਰੇ ਅਰਬਾਂਪਤੀ ਬਣ ਗਏ ਹਨ। ਇਹ ਵੀ ਸਿੱਖੀ ਨੂੰ ਭਗਵਾ ਕਰਨ ਦਾ ਇਕ ਨਿਰਾਲਾ ਰੂਪ ਹੈ।

ਜਦੋਂ ਕਿਸੇ ਦੇ ਘਰ ਚੋਰੀ ਹੁੰਦੀ ਹੈ ਜਾਂ ਡਾਕੇ ਵੱਜਦੇ ਹਨ ਤਾਂ ਡਾਕੂਆਂ ਦੇ ਨਾਲ ਘਰ ਵਾਲਿਆਂ ਦਾ ਵੀ ਕਸੂਰ ਹੁੰਦਾ ਹੈ। ਸੁੱਤਿਆਂ ਦੇ ਘਰ ਵਿਚ ਹੀ ਸੰਨ੍ਹਾਂ ਲੱਗਦੀਆਂ ਤੇ ਡਾਕੇ ਪੈਂਦੇ ਹਨ। ਸਿੱਖੀ ਵਿਚ ਪ੍ਰਚਾਰ ਤੇ ਸ਼ਰਧਾ ਦੀ ਘਾਟ ਕਾਰਨ ਕਈ ਖਰਾਬੀਆਂ ਆ ਗਈਆਂ ਹਨ। ਜਦੋਂ ਸਿੱਖੀ ਵਿਚ ਹੀ ਕਾਣੀਆਂ ਵੰਡਾਂ ਤੇ ਧੱਕੇਸ਼ਾਹੀਆਂ ਹੋਣ ਲੱਗਣ ਤਾਂ ਫਿਰ ਬਗ਼ਾਵਤੀ ਸੁਰਾਂ ਉੱਠਣੀਆਂ ਲਾਜ਼ਮੀ ਹਨ। ਜਦੋਂ ਸਾਡੇ ਧਾਰਮਿਕ ਨੇਤਾ ਆਪਣੇ ਵਿਚੋਂ ਗੁਰਸਿੱਖੀ ਨੂੰ ਮਨਫ਼ੀ ਕਰੀ ਜਾ ਰਹੇ ਹਨ ਅਤੇ ਆਪਣੀ ਜੀਵਨ ਜਾਚ ਨੂੰ ਪੱਛਮੀ ਤੇ ਭਗਵੇਂ ਰੰਗਾਂ ਵਿਚ ਰੰਗ ਰਹੀਆਂ ਹਨ ਤਾਂ ਅਸੀਂ ਬੇਗ਼ਾਨਿਆਂ ਨੂੰ ਦੋਸ਼ੀ ਕਿਵੇਂ ਠਹਿਰਾਅ ਸਕਦੇ ਹਾਂ ? ਜਦੋਂ ਸਾਡੇ ਆਪਣੇ ਲੋਕ ਹੀ ਸਾਡੀਆਂ ਬੇੜੀਆਂ ਵਿਚ ਵੱਟੇ ਪਾਉਣ ਵਾਲੇ ਹੋਣ ਤਾਂ ਬ੍ਰਾਹਮਣਾਂ ਨੂੰ ਦੋਸ਼ ਦੇਣਾ ਫਜ਼ੂਲ ਹੈ। ਜਦੋਂ ਅਸੀਂ ਖ਼ੁਦ ਹੀ ਮਨਮੁਖ ਹੋ ਕੇ ਗੁਰੂ ਘਰ ਤੋਂ ਦੂਰ ਹੁੰਦੇ ਜਾਵਾਂਗੇ ਤਾਂ ਕਿਸੇ ਤੇ ਤਾਂ ਸਾਨੂੰ ਦਬੋਚਣਾ ਹੁੰਦਾ ਹੈ। ਜਦੋਂ ਅਸੀਂ ਸਿੱਖ ਰੀਤੀ-ਰਿਵਾਜ਼ਾਂ ਤੇ ਮਰਿਯਾਦਾ ਨੂੰ ਵਿਸਾਰ ਕੇ ਹਿੰਦੂ ਰਿਵਾਜ਼ਾਂ ਦੀ ਪਾਲਣਾ ਕਰਾਂਗੇ ਤਾਂ ਗੁਰੂ ਸਾਡੀ ਪ੍ਰਤੀਤ ਕਿਉਂ ਕਰੇਗਾ। ਗੁਰੂ ਨੇ ਤਾਂ ਸਪੱਸ਼ਟ ਕੀਤਾ ਹੈ :

ਜਬ ਲਗ ਖਾਲਸਾ ਨਿਆਰਾ
ਤਬ ਲਗ ਤੇਜ ਦਊ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਦੀ ਰੀਤ
ਤਬਨਾ ਕਰੂੰ ਮੈਂ ਇਨ ਕੀ ਪ੍ਰਤੀਤ।

ਜੇਕਰ ਅਸਾਂ ਅੱਖੀਂ ਵੇਖ ਕੇ ਮੱਖੀ ਨਿਗਲਾਂਗੇ ਤਾਂ ਮੱਖੀ ਦੇ ਨਾਲ ਨਾਲ ਸਾਡਾ ਵੀ ਨੁਕਸਾਨ ਅਵੱਸ਼ ਹੋਵੇਗਾ।

ਸਾਨੂੰ ਦੂਸਰਿਆਂ ਨੂੰ ਦੋਸ਼ ਦੇਣ ਤੋਂ ਪਹਿਲਾਂ ਆਪਣਾ ਘਰ ਸੰਭਾਲਣਾ ਚਾਹੀਦਾ ਹੈ। ਆਪਣੀ ਹੀ ਨੀਯਮਤ ਬਖ਼ਤ ਨਾ ਹੋਵੇ ਤਾਂ ਮੁਸ਼ਟੰਡਿਆਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਕਿਸੇ ਹੋਰ ਨੂੰ ਚੋਰ ਕਹਿਣ ਤੋਂ ਪਹਿਲਾਂ ਆਪਣੇ ਘਰ ਦੀ ਪਹਿਰੇਦਾਰੀ ਚੌਕਸੀ ਨਾਲ ਕਰਨੀ ਚਾਹੀਦੀ ਹੈ। ਜਿਸ ਉਦੇਸ਼ ਨੂੰ ਮੁੱਖ ਰੱਖ ਕੇ ਦੱਸਵੇਂ ਗੁਰੂ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ, ਉਸ ਨਿਸ਼ਾਨੇ ਤੋਂ ਅਸੀਂ ਉਲਟ ਦਿਸ਼ਾ ਵੱਲ ਜਾਣ ਲੱਗ ਪਏ ਹਾਂ। ਸਾਡੇ ਜੀਵਨ ਵਿਚ ਫਿਰ ਬ੍ਰਾਹਮਣੀ ਰੀਤੀ ਰਿਵਾਜ਼ਾਂ ਨੇ ਸਿਰ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਵਿਆਹ ਤੋਂ ਪਹਿਲਾਂ ਸਾਹੇ ਕਢਵਾਏ ਜਾਂਦੇ ਹਨ। ਕੁੰਡਲੀਆਂ ਤੇ ਟੇਵੇ ਸਿੱਖ ਪਰਿਵਾਰ ਵੀ ਕਢਵਾਉਣ ਲੱਗ ਪਏ ਹਨ। ਕੰਮ ਕਾਜ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਣ ਦੀ ਜਗ੍ਹਾ ਮਹੂਰਤ ਕਢਵਾਉਣ ਦੀ ਰੀਤ ਸ਼ਹਿਰੀ ਸਿੱਖਾਂ ਵਿਚ ਪ੍ਰਚਲਿਤ ਹੋ ਰਹੀ ਹੈ। ਸਿੱਖ ਵੀ ਆਪਣੀ ਮੁਕਤੀ ਲਈ ਹਰਦੁਆਰ ਜਾਣ ਲੱਗ ਪਏ ਹਨ। ਮੱਸਿਆ, ਸੰਗਰਾਂਦ, ਪੰਚਮੀ ਤੇ ਤੀਰਥ ਸਥਾਨਾਂ ਤੇ ਖ਼ਾਸ ਦਿਨਾਂ ਤੇ ਜਾ ਕੇ ਸੁੱਖਣਾ ਲਾਹੁਣੀਆਂ, ਸਿੱਖਾਂ ਦੇ ਵੀ ਧਾਰਮਿਕ ਕਰਮਕਾਂਡ ਦਾ ਹਿੱਸਾ ਬਣ ਚੁੱਕੇ ਹਨ। ਕਈ ਸਿੱਖ ਜਗਰਾਤੇ ਤੇ ਪੂਜਾ ਪਾਠ ਕਰਕੇ, ਦੇਵੀ ਤੇ ਬੁੱਤ ਪੂਜਾ ਵੱਲ ਕਦਮ ਚੁੱਕ ਰਹੇ ਹਨ। ਰੱਖੜੀ ਤੇ ਦੁਸਹਿਰੇ ਨੂੰ ਸਿੱਖ ਤਿਉਹਾਰ ਸਮਝ ਕੇ ਮਨਾਉਣ ਲੱਗ ਪਏ ਹਨ। ਇਸ ਤਰ੍ਹਾਂ ਸਿੱਖਾਂ ਵਿਚ ਕਰਮਾਂ ਕਾਂਡਾਂ ਦੀ ਭਰਮਾਰ ਹੋ ਗਈ ਹੈ। ਜਿਸ ਦਲਦਲ ਵਿਚੋਂ ਗੁਰੂ ਸਾਬਿਾਨ ਨੇ ਸਾਨੂੰ ਕੱਢਿਆ ਸੀ, ਅਸੀਂ ਫਿਰ ਉਸ ਵਿਚ ਧੱਸਣ ਜਾ ਰਹੇ ਹਾਂ। ਦਿਨੋ-ਦਿਨ ਸਿੱਖੀ ਦਾ ਭਗਵੀਕਰਨ ਹੋ ਰਿਹਾ ਹੈ। ਇਸ ਤੋਂ ਪਹਿਲਾਂ ਕਿ ਸਾਰਾ ਹੀ ਭਗਵਾ ਹੋ ਜਾਵੇ ਸਾਨੂੰ ਸੁਚੇਤ ਹੋ ਕੇ ਗੁਰੂ ਪੰਥ ਦੇ ਮਾਰਗ ਉੱਪਰ ਚੱਲਣਾ ਪਵੇਗਾ।

# ਅਕਾਲ ਪੁਰਖ ਕੀ ਫ਼ੌਜ

ਖਾਲਸਾ ਪੰਥ ਨੂੰ 1699 ਈ. ਵਿਚ ਸਾਜਣ ਵੇਲੇ ਦਸ਼ਮੇਸ਼ ਪਿਤਾ ਦੇ ਮਨ ਵਿਚ ਖਾਲਸੇ ਦੀ ਸੂਰਤ ਤੇ ਸੀਰਤ ਬਾਰੇ ਕੀ-ਕੀ ਵਲਵਲੇ ਪੈਦਾ ਹੋਏ ਹੋਣਗੇ ? ਇਹ ਤਾਂ ਉਹੀ ਜਾਣਦੇ ਹੋਣਗੇ ਜਾਂ ਫਿਰ ਅਕਾਲ ਪੁਰਖ। ਉਨ੍ਹਾਂ ਦੇ ਜੀਵਨ ਕਾਲ ਦੌਰਾਨ ਖਾਲਸੇ ਨੇ ਜੋ ਜੋ ਮੱਲਾਂ ਮਾਰੀਆਂ ਤੇ ਵੀਰਤਾ ਦੇ ਜੌਹਰ ਵਿਖਾਏ, ਉਹ ਸਾਡਾ ਮਾਣਮੱਤਾ ਇਤਿਹਾਸ ਹੈ। ਇਹ ਉਹ ਖਾਲਸਾ ਸੀ ਜਿਸ ਨੇ ਪਹਾੜਾਂ ਨਾਲ ਮੱਥੇ ਲਾਏ, ਭੂਤਰੇ ਹਾਥੀਆਂ ਨੂੰ ਨਕੇਲ ਪਾਈ, ਲੱਖਾਂ ਦੇ ਲਸ਼ਕਰਾਂ ਨੂੰ ਵੰਗਾਰਿਆ। ਅਜਿਹੇ ਅਦੁੱਤੀ ਕਾਰਜ ਕਿਸੇ ਧਰਮ ਦੀ ਦੁਨਿਆਈ ਫ਼ੌਜ ਨਹੀਂ ਕਰ ਸਕਦੀ। ਇਸ ਨੂੰ ਜ਼ਰੂਰ ਅਕਾਲ ਪੁਰਖ ਦੀ ਥਾਪਣਾ ਹੋਵੇਗੀ। ਇਸ ਨੂੰ ਅਵੱਸ਼ ਹੀ ਦਸ਼ਮੇਸ਼ ਪਿਤਾ ਦੀ ਖੁਦ ਥਾਪਣੀ ਸੀ। ਇਸੇ ਲਈ ਲਈ ਖਾਲ਼ਸੇ ਨੂੰ ਅਕਾਲ ਪੁਰਖ ਦੀ ਫ਼ੌਜ ਕਹਿ ਕੇ ਸਨਮਾਨਿਆ ਗਿਆ। ਅਕਾਲੀ ਫ਼ੌਜ ਦੇ ਕੰਮ ਵੀ ਨਿਰਾਲੇ ਹੀ ਹੋਣੇ ਹਨ।

ਜਦੋਂ ਇਸ ਫ਼ੌਜ ਦੇ ਬਾਨੀ 1708 ਵਿਚ ਗੁਰਪੁਰੀ ਸਿਧਾਰ ਗਏ ਤਾਂ ਇਸ ਦੀ ਵਾਗਡੋਰ ਬੰਦਾ ਸਿੰਘ ਬਹਾਦਰ ਦੇ ਹੱਥ ਸੌਂਪ ਕੇ ਗਏ। ਜਦੋਂ ਦਸ਼ਮੇਸ਼ ਪਿਤਾ ਨੇ ਖੁਦ ਆਪਣੇ ਸਿੰਘ, ਤੀਰ ਤੇ ਹੁਕਮਨਾਮੇ ਦੇ ਕੇ ਪੰਜਾਬ ਵੱਲ ਤੋਰਿਆ ਹੋਵੇ ਤਾਂ ਫਿਰ ਇਹ ਫ਼ੌਜ ਪਿੱਛੇ ਕਿਵੇਂ ਹਟ ਸਕਦੀ ਸੀ ? ਅਣਹੋਣੀਆਂ ਵਾਪਰੀਆਂ। ਮਹਿਲ ਮੁਨਾਰਿਆਂ ਵਿਚੋਂ ਜ਼ਾਲਿਮਾਂ ਨੂੰ ਬਾਹਰ ਕੱਢ ਕੇ ਸੰਗਤ ਦੇ ਦਰਬਾਰ ਵਿਚ ਲਿਆਂਦਾ ਗਿਆ। ਮਾਸੂਮ ਤੇ ਨਿਰਦੋਸ਼ ਸਾਹਿਬਜ਼ਾਦਿਆਂ ਦੇ ਕਾਤਲਾਂ ਕੋਲੋਂ ਪਾਈ ਪਾਈ ਦਾ ਹਿਸਾਬ ਲਿਆ ਗਿਆ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਵਾਂ ਦਾ ਸਿੱਕਾ ਚਲਾਇਆ ਗਿਆ। ਜ਼ਮੀਨ ਕਿਸਾਨਾਂ ਤੇ ਕਿਰਤੀਆਂ ਵਿਚ ਤਕਸੀਮ ਕਰ ਦਿੱਤੀ ਗਈ। ਸਹੀ ਅਰਥਾਂ ਵਿਚ ਧਰਤੀ ਉੱਤੇ ਪਹਿਲੀ ਵਾਰ ਲੋਕ ਰਾਜ ਨੇ ਜਨਮ ਲਿਆ। ਭਾਵੇਂ ਮੁਗ਼ਲਾਂ ਨੇ ਲੱਖਾਂ ਦੇ ਲਸ਼ਕਰ ਚਾਹੜਕੇ ਬੰਦੇ ਨੂੰ ਕੈਦ ਕਰ ਲਿਆ, ਉਹਨੂੰ ਤੇ ਸਾਥੀਆਂ ਨੂੰ ਤਸੀਹੇ ਦੇ ਕੇ ਹਲਾਕ ਕੀਤਾ ਗਿਆ ਪਰ ਇਸ ਅਕਾਲ-ਪੁਰਖ ਦੀ ਫ਼ੌਜ ਵਿਚੋਂ ਇਕ ਫ਼ੌਜੀ ਨੇ ਵੀ ਇਸਲਾਮੀ ਫ਼ੌਜ ਵਿਚ ਜਾਣਾ ਕਬੂਲ ਨਾ ਕੀਤਾ।

ਫਿਰ ਇਸ ਫ਼ੌਜ ਉੱਪਰ ਅਤਿਆਚਾਰਾਂ ਦਾ ਦੌਰ ਸ਼ੁਰੂ ਹੋਇਆ। ਇਕ ਤੋਂ ਬਾਅਦ ਦੂਜੇ ਜ਼ਾਲਮ ਨੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾ ਕੇ, ਉਨ੍ਹਾਂ ਦੇ ਖ਼ੂਨ ਨਾਲ ਹੱਥ ਧੋਤੇ। ਪਰ ਹੋਇਆ ਇੰਝ, "ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ, ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣ ਸਿਵਾਏ ਹੋਏ।' ਇਕ ਸਿੰਘ ਦੇ ਮਰਨ ਉਪਰੰਤ ਪੰਜ ਸਿੰਘ ਹੋਰ ਪੈਦਾ ਹੁੰਦੇ

ਗਏ। ਅਕਾਲ ਪੁਰਖ ਦੀ ਫ਼ੌਜ ਨੂੰ ਤਬਾਹ ਨਹੀਂ ਕੀਤਾ ਜਾ ਸਕਦਾ। ਇਸੇ ਲਈ ਸਿੰਘ ਬਚ ਨਿਕਲੇ। ਜਿਸ ਸ਼ਿੱਦਤ ਤੇ ਬੇਰਹਿਮੀ ਨਾਲ ਉਨ੍ਹਾਂ ਦਾ ਨਾਮੋ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਜਿਸ ਹੁਕਮਰਾਨ ਨੇ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਦੀ ਹਮਾਕਤ ਕੀਤੀ, ਉਹ ਤਾਂ ਮਿਟ ਗਿਆ ਪਰ ਇਹ ਫ਼ੌਜ ਸਦਾ ਸਲਾਮਤ ਤੇ ਨੌ-ਬਰ-ਨੌ ਰਹੀ। ਅਬਦਾਲੀ ਦਾ ਵਿਚਾਰ ਸੀ ਕਿ ਹਰਿਮੰਦਰ ਸਾਹਿਬ ਨੂੰ ਨਸ਼ਟ ਕਰਕੇ, ਇਸ ਫ਼ੌਜ ਨੂੰ ਵੀ ਨਸ਼ਟ ਕਰਨਾ ਸੁਖਾਲਾ ਹੋ ਜਾਵੇਗਾ ਪਰ ਹਰਿ ਦੇ ਮੰਦਰ ਨੂੰ ਤਬਾਹ ਕੇਵਲ ਹਰੀ ਹੀ ਕਰ ਸਕਦਾ ਹੈ। ਫ਼ਲਸਰੂਪ ਹਰਿਮੰਦਰ ਵੀ ਹਰੀ ਕਾਇਮ ਰਿਹਾ ਤੇ ਹਰੀ ਦੀ ਫ਼ੌਜ ਵੀ। "ਜਿਨ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ।"

ਇਸ ਅਕਾਲ ਪੁਰਖ ਦੀ ਫ਼ੌਜ ਨੇ ਰਣ ਦੇ ਮੈਦਾਨ ਵਿਚ ਜੋ ਜੌਹਰ ਵਿਖਾਏ, ਉਸ ਦੀ ਮਿਸਾਲ ਭਾਰਤ ਦੇ ਇਤਿਹਾਸ ਵਿਚ ਲੱਭਣੀ ਮੁਸ਼ਕਿਲ ਹੈ। ਮੁਗ਼ਲਾਂ ਤੇ ਪਠਾਣਾਂ ਨੇ ਇਹਨੂੰ ਕਈ ਘੱਲੂਘਾਰੇ ਕਰਕੇ ਇਨ੍ਹਾਂ ਨੂੰ ਆਪਣੇ ਵਲੋਂ ਮਾਰ ਮੁਕਾਇਆ ਸੀ। ਇਹ ਫ਼ੌਜ ਆਪਣੇ ਘਰ-ਘਾਟ ਛੱਡ ਕੇ ਜੰਗਲਾਂ ਵਿਚ ਜਾ ਲੁਕੀ ਸੀ। ਵੇਖਣ ਨੂੰ ਤਾਂ ਲੱਗਦਾ ਸੀ ਕਿ ਮੈਦਾਨ ਖਾਲੀ ਹੋ ਗਿਆ ਤੇ ਖਾਲਸੇ ਦਾ ਭੋਗ ਪੈ ਗਿਆ ਪਰ ਕੋਈ ਵੀ ਜਰਵਾਣਾ ਇਸ ਦਾ ਭੋਗ ਨਾ ਪਾ ਸਕਿਆ। ਭੋਗ ਪੈਣਾਂ ਤਾਂ ਦੂਰ ਦੀ ਗੱਲ ਸੀ, ਇਹ ਫ਼ੌਜ ਹੌਲੀ-ਹੌਲੀ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਡੇਰਾ ਲਾ ਕੇ ਬੈਠਣ ਲੱਗੀ। ਕੁਝ ਹੀ ਵਰ੍ਹਿਆਂ ਵਿਚ ਚਾਰੇ ਪਾਸੇ ਇਸ ਫੌਜ ਦਾ ਹੀ ਬੋਲਬਾਲਾ ਹੋ ਗਿਆ। ਇਸ ਦੀ ਸਰਦਾਰੀ ਦੇ ਡੰਕੇ ਗਜ਼ਨੀ ਦੇ ਬਜ਼ਾਰਾਂ ਵਿਚ ਵੱਜਣ ਲੱਗੇ। ਖਾਲਸਾ ਫ਼ੌਜ ਨੇ ਖਾਲਸਾ ਰਾਜ ਸਥਾਪਿਤ ਕਰ ਲਿਆ। ਉਤਰੀ ਪੱਛਮੀ ਭਾਰਤ ਵਿਚ ਇਕ ਖਾਲਿਸਤਾਨ ਨੇ ਜਨਮ ਲਿਆ। ਇਹ ਸਭ ਇਸ ਅਕਾਲ ਪੁਰਖ ਦਾ ਹੀ ਪ੍ਰਤਾਪ ਸੀ।

ਜਦੋਂ ਇਸ ਫ਼ੌਜ ਨੂੰ ਸਾਜਿਆ ਗਿਆ ਸੀ ਤਾਂ ਦਸਵੇਂ ਪਾਤਸ਼ਾਹ ਨੇ ਫੁਰਮਾਇਆ ਸੀ:

"ਖਾਲਸਾ ਅਕਾਲ ਪੁਰਖ ਕੀ ਫੌਜ।  
ਖਾਲਸਾ ਪ੍ਰਗਟਿਓ ਪ੍ਰਮਾਤਮ ਕੀ ਮੌਜ॥  
ਜਬ ਲਗ ਖਾਲਸਾ ਰਹੇ ਨਿਆਰਾ,  
ਤਬ ਲਗ ਤੇਜ ਦਿਓ ਮੈਂ ਸਾਰਾਹੈ  
ਜਬ ਇਹ ਗਹੇ ਬਿਪਰਨ ਦੀ ਰੀਤ,  
ਤਬ ਨਾ ਕਰਹੋਂ ਮੈਂ ਇਨਕੀ ਪ੍ਰਤੀਤ॥"

ਪਰ ਸਮੇਂ ਦੇ ਗੇੜ ਨਾਲ ਖਾਲਸਾ ਨਿਆਰਾ ਨਾ ਰਹਿ ਸਕਿਆ। ਖਾਲਸੇ ਵਿਚ ਮਿਲਾਵਟ ਪੈਣੀ ਸ਼ੁਰੂ ਹੋ ਗਈ। ਜਦੋਂ ਆਪਣੇ ਵਿਚ ਹੀ ਕਮਜ਼ੋਰੀਆਂ ਪੈਦਾ ਹੋ ਜਾਣ ਤਾਂ ਦੋਖੀਆਂ ਦੇ ਹੌਸਲੇ ਬੁਲੰਦ ਹੋ ਜਾਂਦੇ ਹਨ। ਜਦੋਂ ਮੀਆਂ ਬੀਵੀ ਦੀ ਬਣਦੀ ਨਾ ਹੋਵੇ ਤਾਂ ਛੜੇ ਵੀ ਬਿੜਕ ਰੱਖਣੀ ਸ਼ੁਰੂ ਕਰ ਦਿੰਦੇ ਹਨ। ਜਦੋਂ ਖਾਲਸਾ ਨਖਾਲਿਸ ਹੋਣਾ ਸ਼ੁਰੂ ਹੋ ਗਿਆ ਤਾਂ ਗੁਰੂ ਨੇ ਵੀ ਇਨ੍ਹਾਂ ਦੀ ਪ੍ਰਤੀਤ ਕਰਨੀ ਬੰਦ ਕਰ ਦਿੱਤੀ। ਜਦੋਂ ਖਾਲਸੇ ਬ੍ਰਾਹਮਣਾਂ ਮਗਰ ਲੱਗ ਕੇ ਉਨ੍ਹਾਂ ਦੀ ਭਾਸ਼ਾ ਬੋਲਣ ਲੱਗੇ ਤਾਂ ਖਾਲਸੇ ਦੀ ਸ਼ਕਤੀ ਖੁਰਨ

ਲੱਗੀ। ਲਗਾਤਾਰ ਖੁਰਨ ਕਰਕੇ ਖਾਲਸਾ ਮੌਲਿਕ ਰੂਪ ਵਿਚ ਹੀ ਬਦਲ ਗਿਆ। ਗੁਰੂ ਨੇ ਉਨ੍ਹਾਂ ਦੀ ਕੀ ਪੈਰਵਾਈ ਕਰਨੀ ਸੀ, ਦੁਨੀਆਂ ਵੀ ਉਨ੍ਹਾਂ ਦੀ ਹੋਂਦ ਨੂੰ ਛੁਟਿਆਉਣ ਲੱਗੀ। ਜਣਾ-ਖਣਾਂ ਉਨ੍ਹਾਂ ਨੂੰ ਟਿੱਚਰਾਂ ਕਰਨ ਲੱਗਾ। ਜਦੋਂ ਕੋਈ ਸ਼ੇਰ ਕਿਸੇ ਕਾਰਨ ਕਮਜ਼ੋਰ ਹੋ ਜਾਵੇ ਤਾਂ ਬਾਕੀ ਜਾਨਵਰ ਉਸ ਨੂੰ ਦੂਰੋਂ ਹੀ ਸਲਾਮ ਕਰਕੇ ਚੱਲਦੇ ਬਣਦੇ ਹਨ। ਇਹੀ ਹਾਲ ਸਿੰਘਾਂ ਨਾਲ ਹੋਣ ਲੱਗਾ।

ਜਦੋਂ ਸਿੰਘਾਂ ਨੇ ਸਿੰਘਾਂ ਦੇ ਕੰਮ ਤਿਆਗ ਕੇ ਗਿੱਦੜਾਂ, ਲੂੰਬੜਾਂ ਦੀ ਸੰਗਤ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਿੰਘਾਂ ਨੂੰ ਵੀ ਲੋਕ ਗਿੱਦੜ ਤੇ ਲੂੰਬੜ ਕਹਿ ਕੇ ਬੁਲਾਉਣ ਲੱਗੇ। ਉਨ੍ਹਾਂ ਦੀ ਗਿਰਾਵਟ ਉਨ੍ਹਾਂ ਨੂੰ ਢਹਿੰਦੀਆਂ ਕਲਾਂ ਵਿਚ ਲੈ ਗਈ। ਉਨ੍ਹਾਂ ਵਿਚ ਕਈ ਮਨੁੱਖੀ ਕਮਜ਼ੋਰੀਆਂ ਪ੍ਰਵੇਸ਼ ਕਰ ਗਈਆਂ। ਭਾਵੇਂ ਭਾਰਤ ਦੀ ਜੰਗੇ ਆਜ਼ਾਦੀ ਲਈ ਉਨ੍ਹਾਂ ਨੇ ਵੱਧ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ ਪਰ ਫਿਰ ਵੀ ਉਨ੍ਹਾਂ ਵਿਚ ਕਾਲੀਆਂ ਭੇਡਾਂ ਹੋਣ ਕਰਕੇ, ਭਾਰਤ ਸਰਕਾਰ ਲਈ ਉਨ੍ਹਾਂ ਨਾਲ ਦਾਅਵੇ ਕਰਕੇ ਮੁੱਕਰ ਗਈ। ਕਾਗਜ਼ੀ ਜਾਂ ਸਰਕਸ ਦੇ ਸ਼ੇਰਾਂ ਤੋਂ ਕੋਈ ਘੱਟ ਹੀ ਡਰਦਾ ਹੈ। ਉਨ੍ਹਾਂ ਨੂੰ ਭਾਰਤੀ ਸਰਕਾਰ ਨੇ ਜ਼ਰਾਇਮ ਪੇਸ਼ਾ ਕਹਿਣ ਦੀ ਗੁਸਤਾਖ਼ੀ ਕੀਤੀ। ਬੋਲੀ ਦੇ ਅਧਾਰ ਤੇ ਸਭਨਾਂ ਪ੍ਰਾਂਤਾਂ ਨੂੰ ਉਨ੍ਹਾਂ ਦੀ ਬੋਲੀ ਦੇ ਆਧਾਰ ਤੇ ਖੇਤਰ ਵੰਡੇ ਗਏ ਪਰ ਪੰਜਾਬੀ ਸੂਬਾ ਦੇਣ ਵੇਲੇ ਉਨ੍ਹਾਂ ਨੂੰ ਮੋਂਗਣਾ ਪਾ ਕੇ ਖੱਜਲ ਖੁਆਰ ਕਰਕੇ ਹੀ, ਸਿੱਖਾਂ ਨੂੰ ਗਲੋਂ ਲਾਹਿਆ। ਫਿਰ 1984 ਵਿਚ ਉਨ੍ਹਾਂ ਦਾ ਦਿੱਲੀ ਤੇ ਕਈ ਉੱਤਰੀ ਭਾਰਤ ਦੇ ਨਗਰਾਂ ਵਿਚ ਸ਼ਰੇਆਮ ਕਤਲੇਆਮ ਕੀਤਾ ਗਿਆ। ਸਾਡੇ ਵਿਚਲੀਆਂ ਤਰੇੜਾਂ ਤੇ ਬੇਇਤਫ਼ਾਕੀਆਂ ਦਾ ਕੇਂਦਰੀ ਸਰਕਾਰ ਨੇ ਭਰਪੂਰ ਫ਼ਾਇਦਾ ਉਠਾਇਆ। ਖੁੰਭ ਠਪਾ ਕੇ ਅਸੀਂ ਸਾਬਣ ਦੀ ਝੱਗ ਵਾਂਗ ਹੌਲੇ ਹੋ ਕੇ ਬੈਠ ਗਏ।

ਕਦੀ ਕਿਆਸ ਵੀ ਨਹੀਂ ਸੀ ਕੀਤਾ ਕਿ ਅਕਾਲ ਪੁਰਖ ਦੀ ਫੌਜ ਕਿਥੋਂ ਚੱਲ ਕੇ ਇਥੋਂ ਤੱਕ ਵੀ ਪਹੁੰਚੇਗੀ। ਜਦੋਂ ਬਾਜ ਦੇ ਖੰਭ ਝੜਨੇ ਜਾਂ ਖਿੰਡਣੇ ਸ਼ੁਰੂ ਹੋ ਜਾਣ ਤਾਂ ਉਹ ਵੀ ਵੇਖਣ ਨੂੰ ਘੁੱਗੀ ਲੱਗਣ ਲੱਗਦੀ ਹੈ। ਇਸ ਫ਼ੌਜ ਦੀ ਕਮਾਨ ਅਜਿਹੇ ਹੱਥਾਂ ਵਿਚ ਰਹੀ ਜੋ ਕਿ ਬੁਨਿਆਦੀ ਰੂਪ ਵਿਚ ਖਾਲਸੇ ਹੀ ਨਹੀਂ ਸਨ। ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਾਂਗ ਉਹ ਡੋਗਰਿਆਂ ਤੇ ਮਿਸਰਾਂ ਵਰਗਿਆਂ ਦੀਆਂ ਸਾਜਿਸ਼ਾਂ ਦੇ ਸ਼ਿਕਾਰ ਹੁੰਦੇ ਰਹੇ। ਜੀਹਦੇ ਨਾਲ ਉਨ੍ਹਾਂ ਲੜਨਾ-ਜੂਝਣਾ ਸੀ, ਉਸ ਨਾਲ ਤਾਂ ਉਹ ਪਹਿਲਾਂ ਹੀ ਘਿਉ ਖਿਚੜੀ ਸਨ। ਇਸ ਲਈ ਜੰਗਾਂ ਤੇ ਜਦੋ-ਜਹਿਦਾਂ ਤਾਂ ਜ਼ਰੂਰ ਹੋਈਆਂ ਪਰ ਜਿੱਤ ਦੁਸ਼ਮਣ ਦੀ ਹੀ ਹੋਈ। ਅਕਾਲ ਪੁਰਖ ਦੀ ਫ਼ੌਜ ਦੀ ਜਗ੍ਹਾ ਇਹ ਤਮਾਸ਼ਬੀਨਾਂ ਦੀ ਫ਼ੌਜ ਬਣ ਕੇ ਰਹਿ ਗਈ। ਖਾਲਸੇ ਦਾ ਨਾਮ ਬਦੂ ਕੀਤਾ ਗਿਆ। ਖਾਲਸਿਆਂ ਦੀ ਵਾਗਡੋਰ ਜਦੋਂ ਨਿਖਾਲਸਿਆਂ ਦੇ ਹੱਥ ਆ ਗਈ ਤਾਂ ਇਸ ਤਰ੍ਹਾਂ ਹੀ ਹੋਣਾ ਸੀ। ਇਸ ਵਿਚ ਸਾਡੇ ਵਿਰੋਧੀਆਂ ਦਾ ਦੋਸ਼ ਨਹੀਂ, ਦੋਸ਼ ਸਾਡੀਆਂ ਕਾਣੀਆਂ ਨੀਤਾਂ ਦਾ ਹੈ।

ਅਕਾਲ ਪੁਰਖ ਦੀ ਫ਼ੌਜ ਵਿਚ ਵਿਸ਼ੇਸ਼ ਮਿਸ਼ਨ ਨੂੰ ਅੰਜਾਮ ਦੇਣ ਲਈ ਬਣਾਈ ਗਈ ਸੀ। ਇਹ ਕੋਈ ਸਾਧਾਰਨ ਰਿਵਾਇਤੀ ਫ਼ੌਜ ਨਹੀਂ ਸੀ। ਇਸ ਫ਼ੌਜ ਦੇ ਮੈਂਬਰ

ਸੰਪੂਰਨ ਇਨਸਾਨ ਸਨ। ਉਨ੍ਹਾਂ ਵਿਚ ਕੋਈ ਊਚ-ਨੀਚ, ਵੱਡਾ ਛੋਟਾ ਜਾਂ ਵਧੀਆ-ਘਟੀਆ ਨਹੀਂ ਸੀ। ਮਨੁੱਖ ਗੁਣ ਉਨ੍ਹਾਂ ਵਿਚ ਖਾਲਸ ਰੂਪ ਵਿਚ ਸਨ। ਉਹ ਆਪਣੇ ਸੈਨਾਪਤੀ (ਗੁਰੂ ਜੀ) ਵਾਸਤੇ ਮਰਨ ਮਿਟਣ ਲਈ ਤਿਆਰ-ਬਰ-ਤਿਆਰ ਸਨ। ਉਨ੍ਹਾਂ ਆਪਣਾ ਤਨ, ਮਨ, ਧਨ ਸਭ ਕੁਝ ਗੁਰੂ ਨੂੰ ਅਰਪਨ ਕਰ ਦਿੱਤਾ ਸੀ। ਇਹ ਸੈਨਾ ਕਿਸੇ ਮਜ਼ਲੂਮ, ਬੱਚੇ, ਬਜ਼ੁਰਗ, ਇਸਤਰੀ ਜਾਂ ਨਿਹੱਥੇ ਜਾਂ ਕਮਜ਼ੋਰ ਆਦਮੀ ਉੱਤੇ ਵਾਰ ਕਰਨਾ ਪਾਪ ਸਮਝਦੇ ਸਨ। ਇਹ ਫ਼ੌਜ ਨੈਤਿਕ ਤੇ ਇਖ਼ਲਾਕੀ ਕਦਰਾਂ-ਕੀਮਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੀ ਸੀ। ਦੂਜੇ ਦੀ ਧੀ ਭੈਣ ਨੂੰ ਆਪਣੀ ਸਮਝ ਕੇ, ਉਹ ਜਰਵਾਣਿਆਂ ਦੇ ਸ਼ਿਕੰਜੇ ਵਿਚੋਂ ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ ਵੀ, ਖਿੱਚ ਲਿਆਉਂਦੇ ਸਨ। ਅਜਿਹੀ ਹਮਦਰਦੀ ਤੇ ਇਨਸਾਨੀਅਤ ਪਹਿਲਾਂ ਕਦੀ ਵੇਖਣ ਵਿਚ ਨਹੀਂ ਸੀ ਆਈ। ਇਸ ਫ਼ੌਜ ਦਾ ਕੰਮ ਲੁੱਟ-ਖਸੁੱਟ ਕਰਨਾ, ਦੂਜਿਆਂ ਦੇ ਇਲਾਕੇ ਤੇ ਕਬਜ਼ਾ ਕਰਨਾ ਨਹੀਂ ਸੀ। ਇਨ੍ਹਾਂ ਦੀ ਲੜਾਈ ਜ਼ੁਲਮ ਵਿਰੁੱਧ ਸੀ ਭਾਵੇਂ ਉਹ ਸਿੱਖ ਜਾਂ ਹਿੰਦੂ ਹੀ ਕਿਉਂ ਨਾ ਹੋਵੇ। ਜਦੋਂ ਇਹ ਫ਼ੌਜ ਆਪਣੇ ਇਲਾਹੀ ਅਸੂਲ ਤਿਆਗ ਕੇ, ਮੋਹ ਮਾਇਆ ਦੇ ਲਾਲਚ ਵਿਚ ਗ੍ਰਸੀ ਗਈ ਤਾਂ ਇਸ ਦੀ ਸ਼ਕਤੀ ਖਿੰਡਣੀ ਸ਼ੁਰੂ ਹੋ ਗਈ। ਗੁਰੂ ਜੀ ਵੀ ਇਨ੍ਹਾਂ ਦਾ ਹੱਥ ਫੜਨ ਤੋਂ ਇਨਕਾਰੀ ਹੋ ਗਏ। ਜਦੋਂ ਇਸ ਫ਼ੌਜ ਨੇ ਕਦੀ ਨਿਰਾਸ਼ ਹੋ ਕੇ ਗੁਰੂ ਨੂੰ ਬੇਦਾਵਾ ਦੇ ਦਿੱਤਾ ਤਾਂ ਜਦੋਂ ਉਹ ਫ਼ੌਜ ਗੁਰੂ ਦੀ ਸ਼ਰਨ ਵਿਚ ਆ ਪਹੁੰਚੀ ਤਾਂ ਗੁਰੂ ਨੇ ਟੁੱਟੀ ਗੰਢ ਕੇ, ਬੇਦਾਵਾ ਪਾੜ ਕੇ, ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਕਹਿ ਕੇ ਗਲੇ ਲਾ ਲਿਆ ਸੀ। ਇਹ ਸਾਡਾ ਗੌਰਵਮਈ ਵਿਰਸਾ ਹੈ।

ਅੱਜ ਲੱਗਦਾ ਹੈ ਕਿ ਅਸੀਂ ਫਿਰ ਗੁਰੂ ਨੂੰ ਬੇਦਾਵਾ ਦੇ ਦਿੱਤਾ ਹੈ। ਗੁਰੂ ਸਾਹਿਬ ਸਾਡੇ ਤੋਂ ਬੇਮੁੱਖ ਨਹੀਂ ਹੋਣਗੇ ਜੇਕਰ ਅਸੀਂ ਉਨ੍ਹਾਂ ਦੀ ਸ਼ਰਨ ਅ ਜਾਈਏ। ਪਰ ਸਾਨੂੰ ਤਾਂ ਆਪਣੇ ਹਿੱਤ ਪਿਆਰੇ ਹਨ। ਸਾਨੂੰ ਤਾਂ ਆਪਣੇ ਪਰਿਵਾਰ ਤੇ ਜਾਇਦਾਦਾਂ ਅਜੀਜ਼ ਹਨ, ਅਸੀਂ ਗੁਰੂ ਦੀ ਸ਼ਰਨ ਆਉਣਾ ਆਪਣੀ ਭੁੱਲ ਸਮਝਦੇ ਹਾਂ। ਸਾਡਾ ਕਿਹੜੇ ਜੁੱਗ ਭਲਾ ਹੋਵੇਗਾ ? ਦਿਨੋ-ਦਿਨ ਅਸੀਂ ਗੁਰੂ ਤੋਂ ਬੇਮੁਖ ਹੋ ਕੇ ਆਪਣੇ ਹਿੱਤਾਂ ਦੀ ਪਹਿਰੇਦਾਰੀ ਵਿਚ ਵਿਅਸਤ ਹਾਂ। ਸਾਡੇ ਪਾਸ ਗੁਰੂ ਜੀ ਵਾਸਤੇ ਕੋਈ ਸਮਾਂ ਨਹੀਂ ਹੈ। ਗੁਰੂ ਮੇਹਰ ਕਰਨ ਸਾਡੇ ਵਿਚ ਗੁਰੂ ਦੇ ਦੁਬਾਰਾ ਲੜ ਲੱਗਣ ਦੀ ਸੋਝੀ ਆਵੇ ਤਾਂ ਕਿ ਅਸੀਂ ਦੁਬਾਰਾ ਇਸ ਟੁੱਟੀ ਨੂੰ ਗੰਢ ਸਕੀਏ ਅਤੇ ਖਾਲਸੇ ਨੂੰ ਮੌਜੂਦਾ ਦਲਦਲ ਵਿਚੋਂ ਕੱਢ ਸਕੀਏ।

# ਸਿੱਖ ਮੰਗਤੇ ਨਹੀਂ

ਸਿੱਖ ਮੰਗਤਾ ਨਹੀਂ ਹੋ ਸਕਦਾ। ਜੇਕਰ ਉਹ ਮੰਗਤਾ ਹੈ ਤਾਂ ਉਹ ਗੁਰੂ ਦਾ ਸਿੱਖ ਨਹੀਂ, ਕੋਈ ਹੋਰ ਹੀ ਬੱਦ-ਬਲਾਅ ਹੈ। ਗੁਰੂ ਸਾਹਿਬ ਨੇ ਤਾਂ ਸਭ ਸਿੱਖਾਂ ਨੂੰ ਸਰਦਾਰ ਬਣਾਇਆ ਸੀ। ਸਾਰੇ ਮਰਦਾਂ ਨੂੰ ਸਿੰਘ ਤੇ ਸਰਬ ਤੀਵੀਆਂ ਨੂੰ ਸ਼ਾਹਜ਼ਾਦੀਆਂ ਸਾਜਿਆ ਸੀ। ਕਦੀ ਕੋਈ ਸ਼ੇਰ ਸ਼ਾਹਜ਼ਾਦਾ ਜਾਂ ਸਰਦਾਰ ਹੋ ਕੇ ਵੀ ਮੰਗਣ ਲਈ ਨਿਕਲਦਾ ਹੈ ਤਾਂ ਉਸ ਨੂੰ ਕਿਸੇ ਵੀ ਸੂਰਤ ਵਿਚ ਸਿੱਖ ਜਾਂ ਖਾਲਸਾ ਨਹੀਂ ਪੁਕਾਰਿਆ ਜਾ ਸਕਦਾ। ਗੁਰੂ ਦਾ ਫ਼ੁਰਮਾਇਆ ਉਨ੍ਹਾਂ ਨੂੰ ਵਿਸਰ ਗਿਆ ਹੈ ?

ਇਨਹੀ ਕੋ ਸਰਦਾਰ ਸਜਾਊਂ।
ਗਿਦੜੋ ਸੇ ਮੈਂ ਸ਼ੇਰ ਬਨਾਊਂ।
ਚਿੜੀਅਨ ਸੇ ਜਬ ਬਾਜ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਦਸਵੇਂ ਪਾਤਸ਼ਾਹ ਦੇ ਇਸ ਐਲਾਨਨਾਮੇ ਤੋਂ ਬਾਅਦ ਵੀ ਜੇਕਰ ਕੋਈ ਗੁਰੂ ਦਾ ਸਿੱਖ ਮੰਗਤਾਂ ਬਣ ਕੇ ਵਿਚਰ ਰਿਹਾ ਹੈ ਤਾਂ ਸਮਝੋ ਹਾਲੇ ਗੁਰੂ ਨਾਲ ਉਸ ਦਾ ਰਿਸ਼ਤਾ ਨਹੀਂ ਬਣਿਆ। ਗੁਰੂ ਨਾਲ ਉਸ ਦੀ ਤਾਰ ਨਹੀਂ ਜੁੜੀ। ਜਿਸ ਸ਼ਕਸ਼ ਨੇ ਇਕ ਵਾਰੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ, ਉਸ ਦੀ ਤਾਂ ਜੂਨ ਹੀ ਬਦਲ ਜਾਂਦੀ ਹੈ। ਨਵੀਂ ਜੂਨੇ ਪੈ ਕੇ ਵੀ ਜੇਕਰ ਮੰਗਣਾ ਹੀ ਹੈ ਤਾਂ ਇਹ ਕੋਈ ਲਾਹੇਵੰਦਾ ਸੌਦਾ ਨਹੀਂ। ਅੱਵਲ ਤਾਂ ਸਮੁੱਚਾ ਸਿੱਖ ਜਗਤ ਜਾਗ ਚੁੱਕਾ ਹੈ ਅਤੇ ਆਪਣੇ ਨਵੇਂ ਸਰੂਪ ਬਾਰੇ ਪੂਰਾ ਚੇਤੰਨ ਹੈ ਪਰ ਫਿਰ ਵੀ ਜਿਥੇ ਪ੍ਰਚਾਰ ਦੀ ਘਾਟ ਹੈ, ਉਥੇ ਜੇਕਰ ਕੋਈ ਸਿੱਖ ਹੋ ਕੇ ਵੀ ਗਲੀਆਂ ਛਾਣਦਾ ਫਿਰਦਾ ਹੈ ਤਾਂ ਉਹ ਸਤਰਾਂ ਪੜ੍ਹ ਸੁਣ ਕੇ ਠੂਠਾ ਛੱਡ ਦੇਵੇ ਨਹੀਂ ਤਾਂ ਸਿੱਖ ਜਗਤ ਉਸ ਦੀ ਇਸ ਬੁਜ਼ਦਿਲੀ ਹਰਕਤ ਨਾਲ ਬਦਨਾਮ ਹੋ ਰਿਹਾ ਹੈ। ਗੁਰਬਾਣੀ ਵਿਚ ਆਉਂਦਾ ਹੈ :

"ਫਰੀਦਾ ਬਾਰ ਪਰਾਇ ਬੈਸਣਾ ਸਾਈਂ ਮੁਝੇ ਨਾ ਦੇਹਿ।
ਜੇ ਤੂੰ ਇਵੇਂ ਕਰਸੀ ਜੀਊ ਸਰੀਰ ਲੇਹਿ।"

ਮਨੁੱਖ ਦੇ ਜਾਮੇ ਵਿਚ ਜੇਕਰ ਕੋਈ ਦੂਸਰੇ ਅੱਗੇ ਹੱਥ ਫੈਲਾ ਕੇ ਖ਼ੈਰ ਮੰਗਦਾ ਹੈ ਤਾਂ ਮੰਗਣ ਤੇ ਖ਼ੈਰ ਪਾਉਣ ਵਾਲੇ ਦੀ ਵੀ ਤੌਹੀਨ ਹੁੰਦੀ ਹੈ। ਇਹ ਕੋਈ ਇਨਸਾਨੀ ਅਦਾ ਨਹੀਂ। ਮਨੁੱਖ ਮਨੁੱਖ ਦਾ ਸਹਾਇਕ, ਹਮਦਰਦੀ ਜਾਂ ਸਾਖੀ ਹੋ ਸਕਦਾ ਹੈ ਪ੍ਰੰਤੂ ਜਦੋਂ

ਕੋਈ ਮਨੁੱਖ ਕੰਨ ਵਲੇਟ ਕੇ, ਊਂਦੀ ਪਾ ਕੇ ਦੂਜੇ ਮਨੁੱਖ ਅੱਗੇ ਹੱਥ ਫੈਲਾਉਂਦਾ ਹੈ ਤਾਂ ਮਾਨਵਤਾ ਸ਼ਰਮਸਾਰ ਹੁੰਦੀ ਹੈ। ਇਸੇ ਹੀ ਉਦੇਸ਼ ਨੂੰ ਮੁੱਖ ਰੱਖ ਕੇ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਕ੍ਰਿਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦੀ ਹਦਾਇਤ ਕੀਤੀ ਹੈ। ਦਸਾਂ ਨੌਹਾਂ ਦੀ ਕਮਾਈ ਵਿਚ ਬਰਕਤ ਹੁੰਦੀ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਫੁਰਮਾਇਆ ਹੈ :

ਘਾਲਿ ਖਾਇ ਕੁਛ ਹਥੋਂ ਦੇਹਿ।
ਨਾਨਕ ਰਾਹ ਪਛਾਣੇਂ ਸੇਹਿ॥

ਕਿਰਤ ਮਜ਼ਦੂਰੀ ਕਰਨ ਵਾਲਾ ਭਾਈ ਲਾਲੋ ਤਾਂ ਗੁਰੂ ਦਾ ਪਿਆਰਾ ਸਿੱਖ ਬਣ ਗਿਆ ਪਰ ਵਿਹਲੜ ਮਲਿਕ ਭਾਗੋ ਗੁਰੂ ਦੇ ਚਰਨਾਂ ਵਿਚ ਸਥਾਨ ਨਾ ਪ੍ਰਾਪਤ ਕਰ ਸਕਿਆ। ਜਿਹੜਾ ਸਿੱਖ ਵੀ ਮਿਹਨਤ ਮਜ਼ਦੂਰੀ ਕਰਕੇ, ਧਰਮ ਦੀ ਨੇਕ ਕਮਾਈ ਕਰਦਾ ਹੈ, ਉਹੀ ਗੁਰੂ ਨੂੰ ਅਜੀਜ਼ ਹੈ। ਠੱਗੀ ਚੋਰੀ ਕਰਕੇ ਗੁਜ਼ਾਰਾ ਕਰਨ ਵਾਲੇ ਗੁਰੂ ਘਰ ਵਿਚ ਕਦੀ ਵੀ ਮਕਬੂਲ ਨਹੀਂ ਹੋਏ। ਹੱਥੀਂ ਕੰਮ ਕਾਰ ਕਰਨ ਵਾਲੇ ਕਿਰਤੀ ਕਿਸਾਨ ਤਾਂ ਸਿੱਖ ਜਗਤ ਵਿਚ ਸਤਿਕਾਰੇ ਤੇ ਸਨਮਾਨੇ ਗਏ ਪ੍ਰੰਤੂ ਵਿਹਲੜ ਪੁਜਾਰੀ ਦੀ ਆੜ ਲੈ ਕੇ ਮੰਗਣ ਦਾ ਹੀ ਧੰਦਾ ਕਰਦੇ ਹਨ। ਮੰਗ ਕੇ ਪੇਟ ਪਾਲਣ ਵਾਲੇ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ।

ਜਦੋਂ ਕਿਸੇ ਸਾਧਾਰਨ ਸਿੱਖ ਦੇ ਨਾਮ ਦੇ ਪਹਿਲਾਂ ਸਰਦਾਰ ਤੇ ਬਾਅਦ ਵਿਚ ਸਿੰਘ ਲਗਾ ਕੇ ਬੁਲਾਇਆ ਜਾਂਦਾ ਹੈ ਤਾਂ ਉਹ ਫੁੱਲ ਕੇ ਦੂਣ ਸਵਾਇਆ ਹੋ ਜਾਂਦਾ ਹੈ। ਉਸ ਦਾ ਮੰਗਣਾ ਤਾਂ ਇਕ ਪਾਸੇ ਰਿਹਾ ਉਹ ਤਾਂ ਰਹਿਮਤਾਂ ਵੰਡਣ ਲਈ ਤਤਪਰ ਹੋ ਜਾਂਦਾ ਹੈ। ਗੁਰੂ ਉਸ ਦੀ ਝੋਲੀ ਹਮੇਸ਼ਾ ਭਰੀ ਰੱਖਦਾ ਹੈ। ਉਸ ਵਿਚ ਕਿਸੇ ਕੋਲੋਂ ਮੰਗਣ ਦੀ ਭਾਵਨਾ ਮੂਲੋਂ ਹੀ ਖਤਮ ਹੋ ਜਾਂਦੀ ਹੈ। ਉਹ ਭਿਖਾਰੀ ਦੀ ਜਗ੍ਹਾ ਦਾਤਾ ਬਣ ਜਾਂਦਾ ਹੈ। ਜਦੋਂ ਦਸਵੇਂ ਪਾਤਸ਼ਾਹ ਨੇ ਦੱਬੇ-ਕੁਚਲੇ ਤੇ ਦਲੇ-ਮਲੇ ਲੋਕਾਂ ਨੂੰ ਸਿੰਘ ਤੇ ਸਰਦਾਰ ਬਣਾਇਆ ਤਾਂ ਉਹ ਕੁਝ ਦਹਾਕਿਆਂ ਬਾਅਦ ਸੱਚਮੁੱਚ ਹੀ ਸਰਦਾਰ ਤੇ ਨਵਾਬ ਬਣ ਗਏ। 'ਭੂਰਿਆਂ ਵਾਲੇ ਰਾਜੇ ਕੀਤੇ।' ਖੇਤਾਂ ਵਿਚ ਹਲ ਚਲਾਉਣ ਵਾਲਿਆ ਦੇ ਹੱਥ, ਪੰਜਾਬ ਦੀ ਵਾਗਡੋਰ ਆ ਗਈ। ਇਹ ਸਭ ਸਿੱਖੀ ਦਾ ਹੀ ਪ੍ਰਤਾਪ ਸੀ। ਸਿੱਖਾਂ ਵਿਚ ਇਹ ਕ੍ਰਾਂਤੀਕਾਰੀ ਤਬਦੀਲੀ ਵੇਖ ਕੇ ਸਮੇਂ ਦੇ ਹਾਕਮ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਦੇ ਗਲ ਗਲੇ ਹੀ ਨਹੀਂ ਉੱਤਰ ਰਹੀ ਕਿਵੇਂ ਭੁੱਖੇ ਨੰਗੇ ਤੇ ਮਜ਼ਲੂਮ ਲੋਕ ਰਾਜ ਸੱਤਾ ਤੇ ਕਾਬਜ਼ ਹੋ ਗਏ ? ਸਿੱਖੀ ਦਾ ਟੀਕਾ ਜਿਹਨੂੰ ਵੀ ਲੱਗ ਗਿਆ ਉਸ ਦੀ ਕਾਇਆ ਕਲਪ ਹੋ ਗਈ। ਉਸ ਦੀ ਆਤਮਾ ਇਤਨੀ ਬੁਲੰਦ ਹੋ ਗਈ ਕਿ ਉਸ ਦਾ ਹੁਣ ਕੁਲੀਆਂ ਕੋਠਿਆਂ ਵਿਚ ਰਹਿਣਾ ਦੁਸ਼ਵਾਰ ਹੋ ਗਿਆ। ਉਸ ਦੀ ਨਜ਼ਰ ਖੱਡਾਂ ਤੇ ਟੋਇਆਂ ਤੋਂ ਉੱਠ ਕੇ ਟੀਸੀਆਂ ਵੱਲ ਪਸਰਨ ਲੱਗੀ। ਉਸ ਨੂੰ ਅਜਿਹੀ ਜਾਗ ਲੱਗੀ ਕਿ ਉਸ ਨੇ ਜ਼ਿੰਦਗੀ ਭਰ ਫਿਰ ਪਲਟ ਕੇ ਪਿੱਛੇ ਨਹੀਂ ਤੱਕਿਆ। ਇਹ ਸੱਚਮੁੱਚ ਹੀ ਉਸ ਦਾ ਦੂਜਾ ਜਨਮ ਸੀ।

ਸਿੰਘਾਂ ਦੀ ਕਾਰਜ ਸ਼ੈਲੀ ਹੀ ਬਾਕੀਆਂ ਨਾਲੋਂ ਵੱਖਰੀ ਤੇ ਵਿਲੱਖਣ ਹੈ। ਜੇ ਕਰ

ਅਠਾਰਵੀਂ ਸਦੀ ਵਿਚ ਸਿੱਖ ਪੰਜਾਬ ਦੇ ਮਾਲਕ ਬਣੇ ਤਾਂ ਇਨ੍ਹਾਂ ਇਹ ਮਲਕੀਅਤ ਮੰਗ ਕੇ ਨਹੀਂ ਸੀ ਪ੍ਰਾਪਤ ਕੀਤੀ। 'ਕੋਈ ਕਿਸੇ ਕੋ ਰਾਜ ਨਾ ਦੇਹਿ ਹੈ। ਜੋ ਲੇਹਿ ਹੈ ਨਿਜ ਬਲ ਸੇ ਲੈਹਿ।' ਸਿੱਖਾਂ ਨੇ ਆਪਣੇ ਬਾਹੂਬਲ ਨਾਲ ਇਕ ਵਿਸ਼ਾਲ ਸਲੱਤਨਤ ਖੜੀ ਕਰ ਲਈ ਸੀ। ਮੰਗਿਆਂ ਤਾਂ ਕੋਈ ਮਰਲਾ ਵੀ ਨਹੀਂ ਦਿੰਦਾ। ਇਸੇ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ। ਸਰਬ ਧਰਮਾਂ ਦਾ ਇਕ ਸਾਂਝਾ ਰਾਜ ਸੀ। ਸਾਰੇ ਧਰਮ ਤੇ ਫ਼ਿਰਕੇ ਅਮਨ ਅਮਾਨ ਨਾਲ ਰਹਿੰਦੇ ਸਨ। ਕੋਈ ਝਮੇਲਾ ਨਹੀਂ ਸੀ। ਜਦੋਂ ਸਾਡੀ ਅਜ਼ਾਦੀ ਦੀ ਲਹਿਰ ਚੱਲ ਰਹੀ ਸੀ ਤਾਂ ਸਾਡੇ ਕੌਮੀ ਨੇਤਾਵਾਂ ਨੇ ਗਾਂਧੀ ਦਾ ਮਾਰਗ ਚੁਣਿਆ। ਦੂਜਾ ਮਾਰਗ ਸਰਾਭਾ ਭਗਤ ਸਿੰਘ, ਊਧਮ ਸਿੰਘ ਤੇ ਨੇਤਾ ਜੀ ਸੁਭਾਸ਼ ਚੰਦਰ ਦਾ ਸੀ। ਕਾਂਗਰਸ ਦਲ ਦੇ ਬਹੁਤੇ ਲੋਕ ਸ਼ਾਂਤਮਈ ਢੰਗਾਂ ਨਾਲ ਅਜ਼ਾਦੀ ਪ੍ਰਾਪਤ ਕਰਨਾ ਚਾਹੁੰਦੇ ਸਨ। ਉਹ ਅੰਗਰੇਜ਼ਾਂ ਅੱਗੇ ਅਪੀਲਾਂ ਕਰਦੇ, ਸਤਿਆਗ੍ਰਹਿ ਤੇ ਭੁੱਖ ਹੜਤਾਲਾਂ ਕਰਦੇ। ਇਹ ਮਾਰਗ ਮਰਦਾਂ ਦਾ ਨਹੀਂ ਸਗੋਂ ਮਜ਼ਬੂਰੀਆਂ ਦਾ ਹੈ। ਕਿਉਂਕਿ ਇਨ੍ਹਾਂ ਲੋਕਾਂ ਦੀ ਬਹੁਗਿਣਤੀ ਸੀ। ਇਸ ਲਈ ਬਰਤਾਨੀਆਂ ਨੇ ਦੂਸਰੀ ਆਲਮੀ ਜੰਗ ਵਿਚ ਨਿਤਾਣੇ ਹੋ ਜਾਣ ਕਾਰਨ, ਭਾਰਤ ਨੂੰ ਸੰਭਾਲਣਾ ਉਨ੍ਹਾਂ ਲਈ ਕਠਿਨ ਹੋ ਗਿਆ ਸੀ। ਉਨ੍ਹਾਂ ਜਾਣ ਤੋਂ ਪਹਿਲਾਂ ਅਜ਼ਾਦੀ ਦੀ ਖ਼ੈਰ ਆਪਣੇ ਚਹੇਤਿਆਂ ਨੂੰ ਪਾਈ। ਇਸ ਸਮਝੌਤੇ ਤਹਿਤ ਇਹ ਅਜ਼ਾਦੀ ਸਾਨੂੰ ਸੌਂਪੀ ਗਈ। ਅਜ਼ਾਦੀ ਅਸੀਂ ਪ੍ਰਾਪਤ ਨਹੀਂ ਕੀਤੀ ਸਗੋਂ ਸਾਨੂੰ ਦਿੱਤੀ ਗਈ ਸੀ।

ਲੇਕਿਨ ਜੇਕਰ ਇਹ ਅਜ਼ਾਦੀ ਸੁਭਾਸ਼ ਜਾਂ ਭਗਤ ਸਿੰਘ ਦੇ ਵਿਚਾਰਾਂ ਜਾਂ ਤੌਰ ਤਰੀਕਿਆਂ ਨਾਲ ਪ੍ਰਾਪਤ ਕੀਤੀ ਹੁੰਦੀ ਤਾਂ ਅੱਜ ਭਾਰਤ ਦੀ ਫਿਜ਼ਾ ਕੁਝ ਹੋਰ ਹੋਣੀ ਸੀ। ਰਾਜ ਸੱਤਾ ਗੋਰੇ ਸਾਹਿਬਾਂ ਦੇ ਹੱਥੋਂ ਭੂਰੇ ਸਾਹਿਬਾਂ ਦੇ ਹੱਥਾਂ ਵਿਚ ਆ ਗਈ। ਇਸ ਤਰ੍ਹਾਂ ਨਿਜ਼ਾਮ ਤੇ ਰਾਜ ਪ੍ਰਣਾਲੀ ਉਹੀ ਰਹੀ। ਜੋ ਜੋ ਕੰਮ ਅੰਗਰੇਜ਼ ਕਰਦੇ ਸਨ, ਉਹੀ ਅੱਜ ਸਾਡੇ ਮਹਿਬੂਬ ਨੇਤਾ ਕਰ ਰਹੇ ਹਨ। ਅੰਗਰੇਜ਼ਾਂ ਨੇ ਸਾਮਰਾਜੀਆਂ ਨਾਲ ਅੱਜ ਵੀ ਉਨ੍ਹਾਂ ਦੇ ਘਨਿਸ਼ਟ ਸੰਬੰਧ ਹਨ। ਅੱਜਕਲ੍ਹ ਸਾਰੇ ਮੁਲਕ ਵਿਚ ਜੋ ਗ਼ਦਰ ਮੱਚਿਆ ਹੋਇਆ ਹੈ, ਉਹ ਇਸ ਸਾਜਿਸ਼ ਜਾਂ ਸਮਝੌਤੇ ਦਾ ਹੀ ਨਤੀਜਾ ਹੈ। ਜੇਕਰ ਅਜ਼ਾਦੀ ਸਿੰਘਾਂ ਦੇ ਕਾਇਦੇ ਕਾਨੂੰਨ ਨਾਲ ਹਥਿਆਈ ਹੁੰਦੀ ਤਾਂ ਭਾਰਤ ਨੇ ਅੱਜ ਚੀਨ ਨਾਲੋਂ ਵੀ ਅੱਗੇ ਨਿਕਲ ਜਾਣਾ ਸੀ। ਅੰਗਰੇਜ਼ਾਂ ਦੇ ਹੱਥ ਠੋਕੇ ਅੱਜ ਵੀ ਸਾਡੀ ਰਾਜ ਸੱਤਾ ਤੇ ਕਾਬਜ਼ ਹਨ, ਇਸ ਲਈ ਭਲੇ ਦਿਲਾਂ ਦੀ ਤਵਕੋਂ ਨਹੀਂ ਕੀਤੀ ਜਾ ਸਕਦੀ।

ਅੰਗਰੇਜ਼ ਲੋਕ ਬਹੁਤ ਸ਼ਾਤਰ ਕੌਮ ਹੈ। ਉਨ੍ਹਾਂ ਕੋਲੋਂ ਸਾਡੇ ਭਲੇ ਜਾਂ ਕਲਿਆਣ ਦੀ ਉਮੀਦ ਰੱਖਣੀ ਸਾਡੀ ਰਾਸ਼ਟਰੀ ਭੁੱਲ ਸੀ। ਉਹ ਆਪਣੇ ਸ਼ਾਗਿਰਦ ਤੇ ਮੁਰੀਦ ਪਿੱਛੇ ਛੱਡ ਕੇ, ਅੱਜ ਸਾਡੇ ਉੱਪਰ ਰਿਮੋਟ ਨਾਲ ਹਕੂਮਤ ਕਰਨ ਦੀ ਆਹਰ ਵਿਚ ਹਨ। ਲੋਕੀਂ ਤਾਂ ਸੁਹਾਗੇ ਤੇ ਚੜ੍ਹੇ ਮਾਣ ਨਹੀਂ ਹੁੰਦੇ, ਉਹ ਏਡਾ ਵੱਡਾ ਮੁਲਕ ਅਸਾਨੀ ਨਾਲ ਕਿਵੇਂ ਛੱਡ ਸਕਦੇ ਸਨ। ਸਾਡੇ ਲਈ ਤਾਂ ਸਗੋਂ ਹੋਰ ਮੁਸ਼ਕਿਲ ਬਣ ਗਈ ਹੈ। ਅੰਗਰੇਜ਼ਾਂ ਨੂੰ ਤਾਂ ਗ਼ੈਰ ਜਾਂ ਵਿਦੇਸ਼ੀ ਸਮਝ ਕੇ ਅਸੀਂ ਬਾਹਰ ਕੱਢਣਾ ਚਾਹੁੰਦੇ ਸਾਂ। ਅਸੀਂ ਅੱਜ ਸਾਡੇ ਹੁਕਮਰਾਨ ਭਾਰਤੀਆਂ ਨੂੰ ਕਿਥੇ ਜਾਣ ਲਈ ਕਹੀਏ ? ਇਸ ਤਰ੍ਹਾਂ ਅਜ਼ਾਦੀ ਲੈ ਕੇ

ਅਸੀਂ ਕਸੂਤੇ ਫਸ ਗਏ। ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ? ਕੋਈ ਨਹੀਂ ਛੁਡਾ ਸਕਦਾ। ਮੰਗਤਿਆਂ ਵਾਂਗ ਅਸੀਂ ਅਜ਼ਾਦੀ ਲਈ, ਤੇ ਅੱਜ ਅਸੀਂ ਸਾਰੀ ਦੁਨੀਆਂ ਵਿਚ ਮੰਗਤੇ ਬਣ ਕੇ ਵਿਚਰ ਰਹੇ ਹਾਂ। ਵਿਕਸਤ ਰਾਸ਼ਟਰਾਂ ਅੱਗੇ ਸਾਡੀ ਹੈਸੀਅਤ ਮੰਗਤਿਆਂ ਨਾਲੋਂ ਵੱਧ ਨਹੀਂ। ਸਾਡੇ ਨੇਤਾ ਤੇ ਸੰਤ ਮਹਾਤਮਾਂ ਠੂਠਾ ਲੈ ਕੇ ਦੁਨੀਆਂ ਵਿਚ ਘੁੰਮ ਰਹੇ ਹਨ। ਇਸ ਸਥਿਤੀ ਉੱਪਰ ਕੋਈ ਵੀ ਗੌਰਵ ਨਹੀਂ ਕਰ ਸਕਦਾ।

ਸਾਨੂੰ ਦੁਨੀਆਂ ਵਿਚ ਸਿਰ ਉੱਚਾ ਕਰਕੇ ਜਿਊਣ ਦੀ ਜਾਚ ਸਿੱਖ ਭਰਾਵਾਂ ਕੋਲੋਂ ਸਿੱਖਣੀ ਚਾਹੀਦੀ ਹੈ। ਸਿੱਖਾਂ ਵਿਚ ਨਿਹੰਗ ਦਲ ਹੈ, ਜੋਆਪਣੀ ਮਲੰਗੀ ਲਈ ਮਸ਼ਹੂਰ ਹਨ। ਇਨ੍ਹਾਂ ਨੂੰ ਗੁਰੂ ਦੀ ਲਾਡਲੀ ਫ਼ੌਜ ਵੀ ਆਖਿਆ ਜਾਂਦਾ ਹੈ। ਇਹ ਲੋਕ ਕਿਸੇ ਕੋਲੋਂ ਮੰਗ ਕੇ ਖਾਣ ਵਿਚ ਯਕੀਨ ਨਹੀਂ ਰੱਖਦੇ। ਖੋਹ ਕੇ ਖਾਣਾ ਗਵਾਰਾ ਕਰ ਲੈਣਗੇ ਪਰ ਮੰਗਣ ਲਈ ਹੱਥ ਨਹੀਂ ਅੱਡਣਗੇ। ਜੇਕਰ ਇਹ ਲੋਕ ਕੰਮ ਧੰਦਾ ਕਰਨ ਲੱਗ ਪੈਣ ਤਾਂ ਇਨ੍ਹਾਂ ਨੂੰ ਖੋਹਣਾ ਵੀ ਨਹੀਂ ਪਏਗਾ। ਖੋਹ ਕੇ ਖਾਣਾ ਵੀ ਸਿੱਖੀ ਦੇ ਉਲਟ ਹੈ। ਪਰ ਮੰਗਣ ਨਾਲੋਂ ਖੋਹਣਾ ਚੰਗੇਰਾ ਹੈ। ਸਿੱਖਾਂ ਵਿਚ ਵਿਹਲੜ ਲੋਕ ਬਹੁਤ ਘੱਟ ਹਨ। ਸਾਰੇ ਸਿੱਖ ਕੋਈ ਨਾ ਕੋਈ ਧੰਦਾ ਕਰਕੇ ਆਪਣੀ ਜੀਵਨ ਗੱਡੀ ਚਲਾਉਂਦੇ ਹਨ। ਜਿਹੜੇ ਲੋਕ ਗੁਰੂ ਦੀ ਕ੍ਰਿਪਾ ਨਾਲ ਕਮਾਈਆਂ ਕਰਕੇ ਧਨਵਾਨ ਹੋ ਗਏ ਹਨ, ਉਨ੍ਹਾਂ ਨੂੰ ਗਰੀਬ ਸਿੱਖਾਂ ਦੀ ਮਦਦ ਲਈ ਤਤਪਰ ਰਹਿਣਾ ਚਾਹੀਦਾ ਹੈ। ਇਹ ਇਕ ਭਾਈਚਾਰਾ ਹੈ, ਜਿਸ ਵਿਚ ਪਛੜਿਆਂ ਨੂੰ ਸਹਾਰਾ ਦੇਣਾ ਗੁਰੂ ਦੇ ਸਿੱਖਾਂ ਦਾ ਧਰਮ ਹੈ। ਸਾਡੇ ਮੁਲਕ ਵਿਚ ਬਾਣੀਏ ਲੋਕ ਇਕ ਦੂਜੇ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਬਾਹਰ ਕੱਢਣਾ ਚਾਹੁੰਦੇ ਹਨ। ਬਾਣੀਆਂ ਕੋਈ ਗਰੀਬ ਨਹੀਂ ਹੁੰਦਾ। ਇਸੇ ਤਰ੍ਹਾਂ ਸਿੱਖ ਕੋਈ ਗਰੀਬ ਨਹੀਂ ਰਹਿਣਾ ਚਾਹੀਦਾ। ਜੇਕਰ ਅਸੀਂ ਆਪਣੇ ਗਰੀਬ ਭਰਾਵਾਂ ਦੀ ਨੇੜੇ ਹੋ ਕੇ ਸੁਣਾਂਗੇ ਤਾਂ ਗੁਰੂ ਸਾਨੂੰ ਹੋਰ ਗੱਫੇ ਪ੍ਰਦਾਨ ਕਰੇਗਾ। ਗੁਰੂ ਦਾ ਫ਼ੁਰਮਾਨ, ਉਸ ਦੇ ਸਿੱਖਾਂ ਉੱਤੇ ਢੁਕਾਦ ਹੈ, "ਸਭੈ ਸਾਂਝੀਵਾਲ ਸਦਾਇਨ, ਕੋਇ ਨਾ ਦਿਸੈ ਬਾਹਿਰਾ ਜੀਓ।" ਸਾਡੇ ਲਈ ਕੋਈ ਵੀ ਸਿੱਖ ਗ਼ੈਰ ਨਹੀਂ ਹੋਣਾ ਚਾਹੀਦਾ। ਸਾਨੂੰ ਤਾਂ ਗੁਰੂ ਨੇ ਸਭਨਾਂ ਨੂੰ ਗਲੇ ਲਾਉਣ ਲਈ ਆਖਿਆ ਹੈ। ਸਾਰੇ ਜਗਤ ਹੈ। ਸਿੱਖਾਂ ਨੂੰ ਪੈਰਾਂ ਤੇ ਖੜਾ ਕਰਨਾ ਸਾਡਾ ਮੁੱਢਲਾ ਕਦਮ ਹੋਣਾ ਚਾਹੀਦਾ ਹੈ। ਗੁਰੂ ਨੇ ਸਾਨੂੰ ਮੰਗ ਕੇ ਨਹੀਂ, ਵੰਡ ਕੇ ਛਕਣਾ ਸਿਖਾਇਆ ਹੈ। ਇਸ ਸਿਧਾਂਤ ਉੱਪਰ ਸਾਨੂੰ ਡੱਟ ਕੇ ਪਹਿਰਾ ਦੇਣਾ ਚਾਹੀਦਾ ਹੈ। ਗੁਰੂ ਅੰਗ ਸੰਗ ਸਹਾਈ ਹੋਵੇਗਾ।

# ਵਿਰਸਾ ਵਿਹੂਣੇ ਲੋਕ

ਸਿੱਖ ਲੋਕ ਜਿਨ੍ਹਾਂ ਪੜ੍ਹ ਲਿਖ ਰਹੇ ਹਨ, ਓਨਾ ਹੀ ਉਹ ਆਪਣੇ ਵਿਰਸੇ ਤੋਂ ਦੂਰ ਹੋ ਰਹੇ ਹਨ। ਸਾਡੀ ਮੌਜੂਦਾ ਪੜ੍ਹਾਈ ਵਿਚ ਵਿਰਸੇ ਨੂੰ ਕੋਈ ਮਹੱਤਵਪੂਰਨ ਸਥਾਨ ਨਹੀਂ ਦਿੱਤਾ ਗਿਆ। ਪੜ੍ਹੇ ਲਿਖੇ ਸ਼ਹਿਰੀ ਸਿੱਖ ਪੰਜਾਬੀ ਵਿਚ ਗੱਲਬਾਤ ਕਰਨ ਤੋਂ ਪ੍ਰਹੇਜ਼ ਕਰਦੇ ਹਨ। ਉਹ ਬੱਚਿਆਂ ਨਾਲ ਹਿੰਦੀ ਜਾਂ ਅੰਗਰੇਜ਼ੀ ਵਿਚ ਲਾਡ ਲਡਾਉਂਦੇ ਹਨ। ਜਦੋਂ ਕੋਈ ਸਿੱਖ ਬੱਚਾ ਹਿੰਦੀ ਜਾਂ ਅੰਗਰੇਜ਼ੀ ਵਿਚ ਬੋਲਣਾ ਸਿੱਖ ਲੈਂਦਾ ਹੈ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਉਹਨੂੰ ਚੁੰਮ ਚੁੰਮ ਚਿੱਟਾ ਕਰ ਦਿੰਦੇ ਹਨ। ਪੰਜਾਬੀ ਬੋਲਣਾ ਜਾਂ ਪੜ੍ਹਨਾ ਅਨਪੜ੍ਹਾਂ ਤੇ ਪੇਂਡੂਆਂ ਦਾ ਕੰਮ ਸਮਝਿਆ ਜਾਂਦਾ ਹੈ। ਸ਼ਹਿਰਾਂ ਵਿਚ ਸਿੱਖਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਨੇ ਪਾ ਕੇ ਮਾਣ ਨਾਲ ਫੁੱਲੇ ਨਹੀਂ ਸਮਾਉਂਦੇ। ਇਨ੍ਹਾਂ ਸਕੂਲਾਂ ਵਿਚ ਜਦੋਂ ਕੋਈ ਬੱਚਾ ਪੰਜਾਬੀ ਵਿਚ ਗੱਲ ਕਰਦਾ ਹੈ ਤਾਂ ਉਸ ਨੂੰ ਚਿਤਾਵਨੀਆਂ ਦੇ ਕੇ ਸਕੂਲੋਂ ਖਾਰਜ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਵਿਚਾਰੇ ਮਾਪੇ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਨੂੰ ਸ਼ਹਿਰ ਦੇ ਸਿਰਕੱਢ ਸਕੂਲ ਵਿਚੋਂ ਕੱਢਿਆ ਜਾਵੇ। ਦੂਜੇ ਸਕੂਲਾਂ ਵਿਚ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਇਸ ਲਈ ਉਹ ਆਪਣੇ ਬੱਚੇ ਨੂੰ ਪੰਜਾਬੀ ਆਪਣੀ ਮਾਂ ਬੋਲੀ ਬੋਲਣ ਤੋਂ ਟੋਕਦੇ ਹਨ ਤੇ ਹਿੰਦੀ ਵਿਚ ਵਾਰਤਾਲਾਪ ਕਰਨ ਲਈ ਮਜ਼ਬੂਰ ਕਰਦੇ ਹਨ।

ਜਦੋਂ ਕੋਈ ਬੱਚਾ ਮਾਂ ਬੋਲੀ ਨਾਲੋਂ ਟੁੱਟ ਜਾਂਦਾ ਹੈ ਤਾਂ ਉਸ ਵਿਚ ਕਈ ਕਿਸਮ ਦੀਆਂ ਖ਼ਾਮੀਆਂ ਪੈਦਾ ਹੋ ਜਾਂਦੀਆਂ ਹਨ। ਉਸ ਵਿਚ ਆਪਣੇ ਪਿਛੋਕੜ ਤੇ ਵਿਰਸੇ ਨਾਲ ਨਫ਼ਰਤ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਉਸ ਨੂੰ ਆਪਣੇ ਵਿਰਸੇ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਤਾਂ ਉਹ ਕਟੀ ਪਤੰਗ ਵਾਂਗ ਤੁਰਿਆ ਫਿਰਦਾ ਹੈ। ਉਸ ਦੀਆਂ ਜੜ੍ਹਾਂ ਨਾ ਹੋਣ ਕਾਰਨ ਜਾਂ ਕਮਜ਼ੋਰ ਹੋਣ ਕਾਰਨ ਉਸ ਦੀ ਸਖਸ਼ੀਅਤ ਮਨਘੜਤ ਤੇ ਬਣਾਉਟੀ ਕਿਸਮ ਦੀ ਹੋ ਜਾਂਦੀ ਹੈ। ਅਜਿਹਾ ਵਿਅਕਤੀ ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ। ਅਗਾਜ਼ ਤਾਂ ਅੱਛਾ ਨਹੀਂ, ਅੰਜ਼ਾਮ ਵੀ ਅੱਛਾ ਹੋਣ ਵਾਲਾ ਨਹੀਂ। ਜਦੋਂ ਬੁਨਿਆਦਾਂ ਹੀ ਗਲਤ ਹੋਣ ਤਾਂ ਇਮਾਰਤਾਂ ਕਿਵੇਂ ਸਹੀ ਹੋ ਸਕਦੀਆਂ ਹਨ।

ਪੰਜਾਬ ਦੇ ਬਹੁਤੇ ਹਿੰਦੂ ਵੀਰਾਂ ਨੇ ਪਹਿਲਾਂ ਹੀ ਆਪਣੀ ਮਾਂ-ਬੋਲੀ ਹਿੰਦੀ ਲਿਖਵਾਈ ਹੋਈ ਹੈ। ਉਹ ਆਪਣੀ ਮਾਂ ਬੋਲੀ ਨੂੰ ਗ਼ੈਰਾਂ ਦੀ ਬੋਲੀ ਸਮਝ ਕੇ ਇਸ ਦੇ ਲਾਗੇ ਨਹੀਂ ਢੁੱਕਣਾ ਚਾਹੁੰਦੇ। ਇਸ ਵਿਚ ਗੱਲਬਾਤ ਕਰਨੀ ਆਪਣੀ ਹੱਤਕ ਸਮਝਦੇ ਹਨ। ਭਾਵੇਂ ਘਰਾਂ ਵਿਚ ਉਹ ਅਕਸਰ ਪੰਜਾਬੀ ਹੀ ਬੋਲਦੇ ਹਨ। ਇਸੇ ਤਰ੍ਹਾਂ ਪੰਜਾਬੀ ਮੁਸਲਮਾਨ

ਆਪਣੀ ਮਾਂ ਬੋਲੀ ਨੂੰ ਮਤਰੇਈ ਸਮਝ ਕੇ ਫ਼ਾਰਸੀ ਦੇ ਲੜ ਲੱਗਣ ਵਿਚ ਮਾਣ ਮਹਿਸੂਸ ਕਰਦੇ ਹਨ ਜਿਹੜੇ ਪੰਜਾਬੀ ਅਜਿਹੀ ਸੋਚ ਰੱਖਦੇ ਹਨ ਉਨ੍ਹਾਂ ਕੋਲੋਂ ਪੰਜਾਬੀਅਤ ਜਾਂ ਪੰਜਾਬੀ ਅਵਾਮ ਕੋਈ ਤਵਕੋਂ ਨਹੀਂ ਰੱਖ ਸਕਦਾ। ਹੁਣ ਪੰਜਾਬੀ ਲੱਗਦਾ ਹੈ ਕੇਵਲ ਸਿੱਖਾਂ ਦੀ ਬੋਲੀ ਰਹਿ ਗਈ ਹੈ। ਅਫ਼ਸੋਸ ਦੀ ਗੱਲ ਹੈ ਕਿ ਸਿੱਖ ਵੀ ਇਸ ਤੋਂ ਕੰਨੀ ਕਤਰਾਉਣ ਲੱਗ ਪਏ ਹਨ! ਉਹ ਵੀ ਇਸ ਨੂੰ ਗਲੋਂ ਲਾਹ ਲਾਹ ਸੁੱਟ ਰਹੇ ਹਨ। ਅਜਿਹੀ ਤਰਾਸਦੀ ਵਿਚੋਂ ਇਸ ਮੰਦਭਾਗੀ ਮਾਂ ਨੂੰ ਲੰਘਣਾ ਪੈ ਰਿਹਾ ਹੈ ਜਿਸ ਦੇ ਆਪਣੇ ਸਪੁੱਤਰ ਹੀ ਉਸ ਨੂੰ ਬੇਦਖ਼ਲ ਕਰ ਦੇਣ, ਉਸ ਮਾਂ ਦਾ ਅੱਲ੍ਹਾ ਬੇਲੀ ਹੋਵੇਗਾ।

ਚਲੋ ਛੱਡੀਏ ਕਪੁੱਤਰਾਂ ਦੀ ਕਹਾਣੀ। ਜੇਕਰ ਉਹ ਆਪਣੀ ਮਾਂ ਬੋਲੀ ਨੂੰ ਪਛਾਣਨੋਂ ਹੀ ਨਾਬਰ ਹਨ ਤਾਂ ਕਿਸੇ ਨੂੰ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਆਓ ਕੇਵਲ ਸਿੱਖ ਵੀਰਾਂ ਤੱਕ ਹੀ ਆਪਣੀ ਚਰਚਾ ਨੂੰ ਸੀਮਤ ਰੱਖੀਏ। ਦੋ ਤਿਹਾਈ ਲੋਕ ਤਾਂ ਮਾਂ ਨੂੰ ਫ਼ਾਰਗੀ ਦੇਣ ਵਿਚ ਰਾਜ਼ੀ ਹਨ। ਕੇਵਲ ਇਕ ਤਿਹਾਈ ਲੋਕ ਹੀ ਇਸ ਦੇ ਵਾਰਿਸ ਬਣਨ ਦਾ ਇਰਾਦਾ ਰੱਖਦੇ ਹਨ। ਇਹ ਨਿਗੂਣੀ ਨਫ਼ਰੀ ਵਿਚੋਂ ਅੱਧੇ ਤੋਂ ਵਧੇਰੇ ਲੋਕ, ਸਿੱਖ ਹੁੰਦਿਆਂ ਵੀ ਆਪਣੀ ਵਿਰਾਸਤ ਨਾਲ ਜੁੜਨ ਤੋਂ ਇਨਾਕਰੀ ਹਨ। ਇਸ ਤੋਂ ਖਸਤਾ ਹਾਲਤ ਸਾਡੇ ਵਿਰਸੇ ਤੇ ਸਭਿਆਚਾਰ ਦੀ ਕੀ ਹੋ ਸਕਦੀ ਹੈ ? ਸਾਡੇ ਬੱਚਿਆਂ ਨੂੰ ਅੱਜ ਸਿੱਖ ਇਤਿਹਾਸ ਤੇ ਗੁਰਬਾਣੀ ਦੀ ਪੂਰੀ ਸਮਝ ਨਹੀਂ। ਬਸ ਦੰਦ ਕਥਾ ਨਾਲ ਸੁਣੀਆਂ ਸੁਣਾਈਆਂ ਗੱਲਾਂ ਨਾਲ ਹੀ ਗੁਜ਼ਾਰਾ ਕੀਤਾ ਜਾਂਦਾ ਹੈ। ਕਈਆਂ ਸਿੱਖ ਬੱਚਿਆਂ ਨੂੰ ਤਾਂ ਸਿੱਖ ਗੁਰੂ ਸਾਹਿਬਾਨ ਦੇ ਨਾਮ ਤੱਕ ਵੀ ਯਾਦ ਨਹੀਂ। ਜ਼ਬਾਨੀ ਗੁਰਬਾਣੀ ਨਹੀਂ ਜਾਣਦੇ। ਕੋਈ ਵੀ ਪਾਠ ਉਨ੍ਹਾਂ ਨੂੰ ਕੰਠ ਨਹੀਂ ਕੀਤਾ। ਅਸਲ ਵਿਚ ਗੁਰਦੁਆਰਿਆਂ ਵਿਚ ਬੱਚੇ ਘੱਟ ਹੀ ਜਾਂਦੇ ਹਨ। ਜਦੋਂ ਮਾਪੇ ਹੀ ਕੇਵਲ ਦਿਨ ਤਿਉਹਾਰਾਂ ਤੇ ਜਾਂਦੇ ਹਨ ਤਾਂ ਬੱਚਿਆਂ ਦੀ ਰੁਚੀ ਨਾ ਹੋਣ ਦੇ ਬਰਾਬਰ ਹੀ ਰਹਿ ਜਾਂਦੀ ਹੈ। ਗੁਰਦੁਆਰੇ ਜਾਣਾ ਹੁਣ ਲਾਜ਼ਮੀ ਨਹੀਂ ਰਿਹਾ।

ਪਿਛਲੇ ਸਮਿਆਂ ਵਿਚ ਢਾਡੀ ਲੋਕ ਸਿੱਖ ਸੂਰਮਿਆਂ ਦੀਆਂ ਵਾਰਾਂ ਗਾਉਂਦੇ ਹਨ। ਸਿੱਖ ਇਤਿਹਾਸ ਦੇ ਸਾਕੇ ਤੋਂ ਸਾਖੀਆਂ ਸੁਣ ਕੇ ਸਿੱਖ ਜੋਸ਼ ਤੇ ਸ਼ਰਧਾ ਨਾਲ ਭਰ ਜਾਂਦੇ ਹਨ। ਕਥਾਕਾਰ ਸਿੱਖ ਇਤਿਹਾਸ ਤੇ ਗੁਰਬਾਣੀ ਨਾਲ ਸਿੱਖਾਂ ਨੂੰ ਜੋੜਦੇ ਹਨ। ਸਾਡਾ ਇਤਿਹਾਸ ਯੋਧਿਆਂ ਤੇ ਭਗਤਾਂ ਦੇ ਵਾਰੇ ਵਾਰੇ ਜਾਣ ਬਾਰੇ ਸੋਚਦੇ ਹਨ। ਪਿਛਲੀ ਸਦੀ ਦੇ ਅੱਧ ਤੱਕ ਪਿੰਡਾਂ ਵਿਚ ਦੀਵਾਨ ਤੇ ਸਭਾ ਲੱਗਦੀਆਂ ਸਨ। ਸਾਰੀ ਸਿੱਖ ਸੰਗਤ ਆਪਣੇ ਕਾਰ-ਵਿਹਾਰ ਛੱਡ ਕੇ ਗੁਰੂ ਦੇ ਦਰਬਾਰ ਦੀਆਂ ਹਾਜ਼ਰੀਆਂ ਭਰਦੇ ਸਨ। ਸਿੱਖੀ ਦਾ ਪ੍ਰਚਾਰ ਗੁਰਦੁਆਰਿਆਂ ਵਿਚ ਬਾਕਾਇਦਾ ਕੀਤਾ ਜਾਂਦਾ ਸੀ ਜਿਹੜੇ ਲੋਕ ਸਿੱਖ ਵੀ ਨਹੀਂ ਸਨ, ਉਹ ਵੀ ਨਿੱਤਨੇਮ ਗੁਰਦੁਆਰੇ ਜਾ ਕੇ ਮੱਥਾ ਟੇਕਦੇ ਸਨ। ਇਹ ਵੀ ਰਿਵਾਜ਼ ਸੀ ਹਿੰਦੂ ਪਰਿਵਾਰ ਗੁਰੂ ਘਰ ਕੋਲੋਂ ਮੰਨਤਾਵਾਂ ਮੰਗਦੇ ਸੁੱਖਣਾ ਲਾਹੁਣ ਅਕਸਰ ਜਾਂਦੇ ਹਨ। ਹਰੇਕ ਹਿੰਦੂ ਪਰਿਵਾਰ ਦਾ ਵੱਡਾ ਲੜਕਾ ਆਮ ਤੌਰ 'ਤੇ ਸਿੱਖ ਸਜਾਇਆ ਜਾਂਦਾ ਸੀ ਪਰ ਅੱਜਕਲ੍ਹ ਤਾਂ ਸਿੱਖਾਂ ਦੇ ਮੁੰਡੇ ਪਤਿਤ ਹੋ ਰਹੇ ਹਨ ਤੇ ਵਾਲ ਕਟਾ ਕੇ ਟੋਪੀਆਂ ਪਾਉਣ ਲੱਗ ਪਏ ਹਨ। ਹਿੰਦੂ ਪਰਿਵਾਰਾਂ ਵਿਚੋਂ ਹੁਣ ਸਿੱਖ ਬਣਨੇ ਲਗਭਗ

ਬੰਦ ਹੋ ਚੁੱਕੇ ਹਨ। ਇਸ ਵਿਚ ਕਸੂਰ ਸਾਡਾ ਹੈ ਉਨ੍ਹਾਂ ਦਾ ਨਹੀਂ।

ਸਾਡੇ ਸਭਿਆਚਾਰ ਵਿਚ ਇਹ ਗੱਲ ਲਾਜ਼ਮੀ ਸੀ ਕਿ ਸਿੱਖ ਗਰੀਬ ਨਿਵਾਜ਼ ਹੁੰਦੇ ਹਨ। ਉਹ ਕਿਸੇ ਬੱਚੇ, ਬੁੱਢੇ ਜਾਂ ਜ਼ਨਾਨੀ ਨਾਲ ਜ਼ਿਆਦਤੀ ਨਹੀਂ ਕਰਦੇ। ਉਹ ਹਿੰਦੂਆਂ ਦੇ ਰਾਖੇ ਬਣ ਕੇ ਸਮਾਜ ਵਿਚ ਵਿਚਰਦੇ ਸਨ ਉਹ ਹਿੰਦੂ ਭਰਾਵਾਂ ਵਾਸਤੇ ਹਰ ਸੰਭਵ ਕੁਰਬਾਨੀ ਦੇਣ ਲਈ ਤਿਅਰ-ਬਰ-ਤਿਆਰ ਰਹਿੰਦੇ ਸਨ। ਪਰ ਜਦੋਂ ਸਾਡੇ ਹੀ ਸਿੱਖ ਵੀਰਾਂ ਨੇ ਹਿੰਦੂ ਵੀਰਾਂ ਨੂੰ ਬੱਸਾਂ ਗੱਡੀਆਂ ਵਿਚੋਂ ਕੱਢ ਕੇ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਸਾਡਾ ਵਿਰਸਾ ਅਸੀਂ ਵਿਸਾਰ ਬੈਠੇ। ਇਸ ਤਰ੍ਹਾਂ ਪੁੱਠੀ ਗੰਗਾ ਵਗ ਪਈ। ਸਿੱਖ, ਸਿੱਖ ਨਾ ਰਹੇ। ਹਿੰਦੂ, ਹਿੰਦੂ ਨਾ ਰਹੇ। ਸਭ ਕੁਝ ਉਲਟ ਪੁਲਟ ਹੋ ਗਿਆ। ਵਿਰਸਾ ਵਿਹੂਣੇ ਲੋਕਾਂ ਨਾਲ ਇਸ ਤਰ੍ਹਾਂ ਹੀ ਹੁੰਦਾ ਹੈ। ਆਪਣੇ ਹੀ ਚਿਰਾਗ ਨਾਲ ਅਸਾਂ ਆਪਣਾ ਘਰ ਫੂਕਿਆ ਹੈ।

ਸਿੱਖੀ ਵਿਚ ਅਸੀਂ ਬਿਲਕੁਲ ਪਰਪੱਕ ਨਹੀਂ। ਗੁਰਮੱਤ ਦੀ ਸੋਝੀ ਸਾਨੂੰ ਸ੍ਰੀ ਗ੍ਰੰਥ ਸਾਹਿਬ ਵਿਚੋਂ ਆਉਂਦੀ ਹੈ। ਆਪਣੇ ਸ਼ਬਦ ਗੁਰੂ ਨਾਲ ਸਾਡਾ ਕੋਈ ਮੋਹ ਨਹੀਂ ਰਿਹਾ। ਬਸ ਰਸਮੀ ਤੌਰ ਤੇ ਅਸੀਂ ਇਸ ਨੂੰ ਸਿਰ ਨਿਵਾਂ ਕੇ ਆਪਣਾ ਉਲ੍ਹਾਮਾ ਲਾਹ ਦਿੰਦੇ ਹਾਂ। ਗੁਰੂ ਨਾਲ ਸਾਡਾ ਨਾਤਾ ਨਹੀਂ ਜੁੜਿਆ। ਸ਼ਬਦ ਗੁਰੂ ਦਾ ਸਾਡੀ ਆਤਮਾ ਨਾਲ ਮੇਲ-ਮਿਲਾਪ ਕਦੀ ਘੱਟ ਹੀ ਹੁੰਦਾ ਹੈ। ਬਸ ਬਾਹਰੋਂ ਸਾਰੇ ਕਾਰਜ ਅਸੀਂ ਨਿਬੇੜ ਛੱਡਦੇ ਹਾਂ। ਅਸੀਂ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਸਾਰ ਕੇ ਦੇਹ ਧਾਰੀ ਗੁਰੂਆਂ ਮਗਰ ਤੁਰੇ ਫਿਰਦੇ ਹਾਂ। ਸਿੱਖਧਰਮ ਵਿਚ ਬਹੁਤ ਸਾਰੇ ਬਾਬੇ ਦੇਹਧਾਰੀ ਸੱਚੇ ਪਾਤਸ਼ਾਹ ਹੋਣ ਦਾ ਸਵਾਂਗ ਰਚ ਰਹੇ ਹਨ। ਸਵਾਂਗ ਤੇ ਅਸਲ ਵਿਚ ਬਹੁਤ ਅੰਤਰ ਹੁੰਦਾ ਹੈ। ਇਸ ਦੇ ਫਲਸਰੂਪ ਸਾਡਾ ਧਰਮ ਵੀ ਇਕ ਸਵਾਂਗ ਜਾਂ ਪਾਖੰਡ ਬਣ ਕੇ ਰਹਿ ਗਿਆ ਹੈ। ਗੁਰਸਿੱਖੀ ਪਿੱਛੇ ਰਹਿ ਗਈ ਹੈ। ਦੋਵਾਂ ਵਿਚ ਆਪਸੀ ਕੋਈ ਤਾਲਮੇਲ ਨਹੀਂ ਰਿਹਾ।

ਅਸਲ ਵਿਚ ਸਿੱਖੀ ਬੜਾ ਬਿਖ਼ਮ ਮਾਰਗ ਹੈ। ਇਸ ਅਨੁਸਾਰ ਜੀਵਨ ਨੂੰ ਢਾਲਣਾ ਕੁਰਬਾਨੀ ਤੇ ਸਿੱਦਕ ਦੀ ਮੰਗ ਕਰਦਾ ਹੈ। ਅਸੀਂ ਸ਼ੇਰ ਹੁੰਦੇ ਹੋਏ ਫਿਰ ਬਿੱਲੀਆਂ ਬਣਨ ਜਾ ਰਹੇ ਹਾਂ। ਅਸੀਂ ਆਪਣੇ ਇਰਦ-ਗਿਰਦ ਹੋ ਰਹੇ ਜ਼ੁਲਮ, ਬੇ ਇਨਸਾਫ਼ੀ, ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਨੂੰ ਵੇਖ ਕੇ ਅਣਡਿੱਠ ਕਰ ਰਹੇ ਹਾਂ। ਸਾਡੀ ਆਤਮਾ ਮਜ਼ਲੂਮਾਂ ਤੇ ਕਮਜ਼ੋਰਾਂ ਲਈ ਨਹੀਂ ਤੜਪਦੀ। ਅਸਾਂ ਸੁਖਾਲੇ ਮਾਰਗ ਢੂੰਡ ਕੇ ਜੀਵਨ ਬਿਤਾਉਣਾ ਸ਼ੁਰੂ ਕਰ ਦਿੱਤਾ ਹੈ। ਸਾਡੇ ਚੌਗਿਰਦੇ ਵਿਚ ਸਾਡਾ ਕੋਈ ਪ੍ਰਭਾਵ ਨਹੀਂ ਰਿਹਾ। ਗ਼ੈਰ ਸਿੱਖ ਸਾਨੂੰ ਗੌਲਦੇ ਨਹੀਂ। ਸਾਡਾ ਮੁੱਢਲਾ ਡੰਗ ਜਾਂਦਾ ਰਿਹਾ ਹੈ। ਹੁਣ ਪਾਖੰਡੀਆਂ ਤੇ ਦੰਭੀਆਂ ਨੂੰ ਸਾਡੇ ਤੋਂ ਭੈਅ ਨਹੀਂ ਆਉਂਦਾ। ਉਹ ਸਾਨੂੰ ਫੋਕੇ ਫਾਇਰ ਸਮਝ ਕੇ ਸਾਡੀ ਹੋਂਦ ਨੂੰ ਅਣਗੌਲਿਆਂ ਕਰ ਰਹੇ ਹਨ। ਭਾਰਤ ਵਿਚ ਅੱਜਕਲ੍ਹ ਸਿੱਖਾਂ ਦਾ ਉਹ ਰੋਹਬ ਦਾਅਬ ਨਹੀਂ ਰਿਹਾ ਜਿਹੜਾ 1984 ਤੋਂ ਪਹਿਲਾਂ ਹੁੰਦਾ ਸੀ। ਜਦੋਂ ਅਸੀਂ ਆਪਣੇ ਅਕੀਦੇ ਤੇ ਨਿਸ਼ਾਨੇ ਛੱਡ ਕੇ ਖੱਬੇ ਸੱਜੇ ਭਟਕਾਂਗੇ ਤਾਂ ਸਾਡਾ ਮੌਜੂਦਾ ਹਾਲ ਹੋਣਾ ਲਾਜ਼ਮੀ ਹੈ।

ਸਿੱਖੀ ਤੇ ਸਿਧਾਂਤ ਠੋਸ ਬੁਨਿਆਦਾਂ ਤੇ ਖੜੇ ਹਨ। ਗੁਰੂ ਸਾਹਿਬ ਨੇ ਆਪਣੀ

ਕਾਰਜ ਸ਼ੈਲੀ ਰਾਹੀਂ ਸਿੱਖਾਂ ਨੂੰ ਸਿੱਖੀ ਦੇ ਸਿਧਾਂਤਾਂ ਵਿਚ ਢਾਲਿਆ। ਉਸ ਵਕਤ ਸਿੱਖਾਂ ਦੀ ਪੂਰੀ ਚੜ੍ਹਤ ਸੀ ਕਿਉਂਕਿ ਸਿੱਖਾਂ ਨੂੰ ਗੁਰੂ ਵਾਂਗ ਰਹਿਤਾਂ ਪਿਆਰੀਆਂ ਸਨ। ਗੁਰੂ ਸਾਹਿਬਾਨ ਦੇ ਵੇਲੇ ਸਿੱਖਾਂ ਨੇ ਸਿੱਖੀ ਦੇ ਸੁਨਹਿਰੀ ਅਸੂਲਾਂ ਉੱਪਰ ਪੂਰਾ ਪਹਿਰਾ ਦਿੱਤਾ। ਸਿੱਖਾਂ ਦੀ ਸ਼ੌਹਰਤ ਤੇ ਵਡਿਆਈ ਅਸਮਾਨਾਂ ਨੂੰ ਛੂਹਣ ਲੱਗੀ। ਸਿੱਖਾਂ ਵਿਚ ਕਿਸੇ ਕਿਸਮ ਦੀ ਕਾਣ ਨਹੀਂ ਸੀ ਪਰ ਜਦੋਂ ਸਿੱਖਾਂ ਨੇ ਗੁਰੂ ਮਾਰਗ ਨੂੰ ਤਿਆਗ ਕੇ ਮੈਂ ਤੇ ਸਵੈ ਨੂੰ ਸਾਹਮਣੇ ਰੱਖ ਲਿਆ ਤਾਂ ਸਿੱਖੀ ਤੇ ਆਮ ਧਰਮਾਂ ਵਿਚ ਕੋਈ ਅੰਤਰ ਨਹੀਂ ਰਿਹਾ। ਸਿੱਖਾਂ ਦੀ ਵੱਖਰੀ ਪਛਾਣ ਤੇ ਸੀਰਤ ਹੈ। ਇਹ ਜਦੋਂ ਦੋਵੇਂ ਅਲੋਪ ਹੋ ਗਈਆਂ ਤਾਂ ਸਿੱਖਾਂ ਨੂੰ ਵੀ ਸਮਾਜ ਨੇ ਅਣਗੌਲਿਆਂ ਕਰਨਾ ਸ਼ੁਰੂ ਕਰ ਦਿੱਤਾ। ਐਵੇਂ ਨਹੀਂ ਕਿਹਾ ਗਿਆ ਕਿ ਸਿੱਖੀ ਵਾਲੋਂ ਨਿੱਕੀ ਤੇ ਖੰਡਿਓਂ ਤਿੱਖੀ ਹੈ। ਸਿੱਖੀ ਦੇ ਮਾਰਗ ਕੇਵਲ ਸੂਰਮੇ ਹੀ ਚੱਲ ਸਕਦੇ ਹਨ। ਜਦੋਂ ਸਿੱਖਾਂ ਵਿਚੋਂ ਸੂਰਮਗਤੀ ਗਾਇਬ ਹੋਣੀ ਸ਼ੁਰੂ ਹੋ ਗਈ ਤਾਂ ਸਿੱਖਾਂ ਨੂੰ ਸਾਧਾਰਨ ਸ਼ਹਿਰੀ ਸਮਝਣਾ ਸ਼ੁਰੂ ਕਰ ਦਿੱਤਾ। ਜਦੋਂ ਸ਼ੇਰ ਬੁੱਢਾ ਹੋ ਜਾਂਦਾ ਹੈ ਤਾਂ ਉਸ ਵਿਚ ਪਹਿਲਾਂ ਵਾਲੀ ਬੜਕ ਜਾਂ ਗਰਜ਼ ਨਹੀਂ ਰਹਿੰਦੀ। ਆਮ ਜਾਨਵਰ ਵੀ ਸ਼ੇਰ ਲਾਗੋਂ ਕੰਨ ਵਲੇਟ ਕੇ ਲੰਘ ਜਾਂਦੇ ਹਨ। ਇਸੇ ਤਰ੍ਹਾਂ ਸਿੱਖਾਂ ਵਿਚ ਸਿੰਘ ਵਾਲੀ ਗਰਜ਼ ਤਾਂ ਨਹੀਂ ਰਹੀ ਤਾਂ ਆਮ ਲੋਕ ਵੀ ਉਨ੍ਹਾਂ ਨੂੰ ਅਣਗੌਲਣ ਲੱਗੇ। ਜਦੋਂ ਕੋਈ ਸੱਪ ਡੰਗ ਮਾਰਨਾ ਹੀ ਭੁੱਲ ਜਾਵੇ ਤਾਂ ਉਸ ਨੂੰ ਕੁੱਤੇ ਬਿੱਲੇ ਹੀ ਹੜੱਪ ਜਾਣਗੇ। ਜਦੋਂ ਵੀ ਕੋਈ ਆਪਣਾ ਪਿਛੋਕੜ ਜਾਂ ਵਿਰਸਾ ਵਿਸਾਰ ਦਿੰਦਾ ਹੈ ਤਾਂ ਉਸ ਦਾ ਵੀ ਪਤਨ ਸ਼ੁਰੂ ਹੋ ਜਾਂਦਾ ਹੈ।

ਅੱਜ ਅਸੀਂ ਕੀ ਸਾਰਾ ਭਾਰਤ ਹੀ ਆਪਣਾ ਗੌਰਵਮਈ ਪਿਛੋਕੜ ਤਿਆਗ ਚੁੱਕਾ ਹੈ। ਕਿਸੇ ਵੇਲੇ ਇਸ ਧਰਤੀ ਉੱਪਰ ਮਨੁੱਖੀ ਕਦਰਾਂ-ਕੀਮਤਾਂ ਦਾ ਪੂਰਾ ਬੋਲਬਾਲਾ ਸੀ। ਉਸ ਵਕਤ ਭਾਰਤ ਦੀ ਤੂਤੀ ਸਾਰੇ ਜਗਤ ਵਿਚ ਵੱਜਦੀ ਸੀ। ਅੱਜ ਭਾਰਤ ਆਪਣੇ ਵਿਰਸੇ ਨੂੰ ਵਿਸਾਰ ਕੇ ਪੱਛਮ ਦੀ ਅੰਧਾਧੁੰਦ ਨਕਲ ਕਰ ਰਿਹਾ ਹੈ। ਆਪਣੇ ਵਿਰਸੇ ਨੂੰ ਤਿਆਗਣਾ ਇਕ ਬੱਜਰ ਗੁਨਾਹ ਹੁੰਦਾ ਹੈ। ਇਸ ਗੁਨਾਹ ਕਰਕੇ ਹੀ ਸਾਡੇ ਮੁਲਕ ਨੂੰ ਹੱਥਾਂ ਨਾਲ ਦਿੱਤੀਆਂ ਦੰਦਾਂ ਨਾਲ ਖੋਹਲਣੀਆਂ ਪੈ ਰਹੀਆਂ ਹਨ। ਇਸੇ ਤਰ੍ਹਾਂ ਹੀ ਸਾਡੇ ਸਿੱਖ ਵੀਰਾਂ ਨੂੰ ਆਪਣੇ ਸੁਨਹਿਰੀ ਇਤਿਹਾਸ ਦੇ ਵਿਰਸੇ ਪਿਛੋਕੜ ਨੂੰ ਨਹੀਂ ਮੰਨਦੇ। ਉਨ੍ਹਾਂ ਮੁਲਕਾਂ ਦੀਆਂ ਜੜ੍ਹਾਂ ਹਵਾ ਵਿਚ ਹਨ। ਜਿਨ੍ਹਾਂ ਮੁਲਕਾਂ ਦੀਆਂ ਜੜ੍ਹਾਂ ਹਵਾ ਵਿਚ ਹੀ ਤੈਰਦੀਆਂ ਫਿਰਨ, ਉਨ੍ਹਾਂ ਦਾ ਕੀ ਭਵਿੱਖ ਹੋ ਸਕਦਾ ? ਇਨ੍ਹਾਂ ਦੋਹਾਂ ਮੁਲਕਾਂ ਦੀ ਕਾਗਜ਼ੀ ਸਭਿਅਤਾ ਹੈ। ਪਰ ਸਿੱਖੀਾਂ ਦੀ ਤਾਂ ਕਦੀਮੀ ਸਭਿਅਤਾ ਹੈ। ਸਦਾਚਾਰ ਤੇ ਇਨਸਾਨੀਅਤ ਦੇ ਸਿਧਾਂਤ ਸਦੀਆਂ ਤੋਂ ਇਕੋ ਤੇ ਇਕਸਾਰ ਹਨ। ਸਿੱਖੀ ਇਨ੍ਹਾਂ ਸਦੀਵੀ ਤੇ ਅਕਾਲੀ ਸਿਧਾਂਤਾਂ ਉੱਪਰ ਖੜੀ ਹੈ। ਜਿਹੜਾ ਵੀ ਉਨ੍ਹਾਂ ਸਿਧਾਂਤਾਂ ਨਾਲ ਛੇੜਖਾਨੀ ਕਰੇਗਾ, ਉਸ ਨੂੰ ਗੁਰੂ ਦੀ ਕਰੋਪੀ ਝੱਲਣੀ ਪਵੇਗੀ। ਸਿੱਖ ਜੂਝ ਰਹੇ ਹਨ। ਜਿਹੜਾ ਵੀ ਧਰਮ ਜਾਂ ਕੌਮ ਆਪਣੇ ਵਿਰਸੇ ਨੂੰ ਤਿਲਾਂਜਲੀ ਦੇਵੇਗਾ, ਉਸ ਨੂੰ ਜ਼ਲਾਲਤ ਤੇ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਵੇਗਾ।

# ਸਿਆਸਤਾਂ ਨਹੀਂ ਆਉਂਦੀਆਂ

ਸਾਡੇ ਸਾਹਮਣੇ ਜ਼ਿੰਦਾ ਮਿਸਾਲ ਹੈ ਅੰਗਰੇਜ਼ ਕੌਮ ਦੀ, ਜਿਸ ਨੇ ਆਪਣੀ ਸਿਆਸੀ ਸੂਝ-ਬੂਝ ਸਦਕਾ ਹੀ ਭਾਰਤ ਹੀ ਨਹੀਂ ਸਗੋਂ ਅੱਧੀ ਦੁਨੀਆਂ ਤੇ ਰਾਜ ਕੀਤਾ। ਇਕ ਸਿੱਖ ਬਦਕਿਸਮਤ ਹਨ ਜਿਨ੍ਹਾਂ ਦੇ ਰਾਜ ਕਾਲ ਦੌਰਾਨ ਸਿਆਸਤ ਦਾ ਸੂਰਜ ਹਮੇਸ਼ਾ ਡੁੱਬਾ ਹੀ ਰਿਹਾ ਜਦੋਂ ਕਿ ਅੰਗਰੇਜ਼ਾਂ ਦੇ ਸਾਮਰਾਜ ਵਿਚ ਕਹਿੰਦੇ ਹਨ ਕਦੀ ਵੀ ਸੂਰਜ ਨਹੀਂ ਡੁੱਬਦਾ। ਸਿਆਸਤਾਂ ਨਾਲ ਸਲਤਨਤਾਂ ਉਸਰਦੀਆਂ ਹਨ ਤੇ ਇਸ ਦੀ ਘਾਟ ਕਾਰਨ ਢੇਰੀ ਵੀ ਹੋ ਜਾਂਦੀਆਂ ਹਨ। ਸਿੱਖਾਂ ਦੇ ਇਤਿਹਾਸ ਵਿਚ ਅਜਿਹਾ ਦ੍ਰਿਸ਼ ਪ੍ਰਤੱਖ ਵੇਖਣ ਨੂੰ ਮਿਲਦਾ ਹੈ। ਕਹਿੰਦੇ ਹਨ ਕਿ ਸਿੱਖ ਘੋੜਾ ਰੱਖ ਤਾਂ ਸਕਦੇ ਹਨ ਸਵਾਰੀ ਕਰਨੀ ਇਨ੍ਹਾਂ ਦੇ ਨਸੀਬਾਂ ਵਿਚ ਨਹੀਂ। ਖ੍ਰੀਦਦੇ ਇਹ ਹਨ, ਲੈ ਕੋਈ ਜਾਂਦਾ ਹੈ। ਇਸ ਤਰ੍ਹਾਂ ਸਿੱਖ ਰਾਜ ਖੋਹ ਤਾਂ ਸਕਦੇ ਹਨ ਪਰ ਰਾਜ ਕਰਨਾ ਇਨ੍ਹਾਂ ਨੂੰ ਨਹੀਂ ਆਉਂਦਾ। ਸਿਆਣਪਾਂ ਵਾਂਗ ਹੀ, ਸਿਆਣਪਾਂ ਤੋਂ ਬਿਨਾਂ ਖੂਹ ਖਾਲੀ ਹੋ ਜਾਂਦੇ ਹਨ। ਉਥੇ ਉੱਲੂ ਬੋਲਣ ਲੱਗਦੇ ਹਨ। ਰਾਜਨੀਤੀ ਦਾ ਇਹ ਦੀਵਾਲੀਆਪਣ ਹੈ।

ਮੈਂ ਕੋਈ ਰਾਮ ਕਹਾਣੀ ਨਹੀਂ ਪਾਉਣ ਲੱਗਾ ਸਗੋਂ ਇਤਿਹਾਸ ਦੇ ਵਰਕੇ ਉਥੱਲਣ ਲੱਗਾ ਹਾਂ। ਸਿੱਖਾਂ ਦਾ ਇਤਿਹਾਸ ਭਾਵੇਂ ਬੜਾ ਹੀ ਜੰਗਜੂ ਤੇ ਜੋਸ਼ੀਲਾ ਹੈ ਪਰ ਹੈ ਇਹ ਸਿਆਸਤ ਤੋਂ ਕੋਰਾ। ਦਸਵੇਂ ਪਿਤਾ ਵੇਲੇ ਸਿੱਖਾਂ ਨੇ ਹਕੂਮਤ ਨਾਲ ਕਈ ਲੜਾਈਆਂ ਲੜੀਆਂ। ਇਸ ਵਿਚ ਜੋ ਰਣਨੀਤੀ ਅਪਨਾਈ ਗਈ, ਉਹ ਸਿਆਸਤ ਤੋਂ ਕੋਰੀ ਸੀ। ਗੁਰੂ ਸਾਹਿਬ ਲੜਾਈ ਵੇਲੇ ਵੀ, ਮਾਨਵੀ ਕਦਰਾਂ-ਕੀਮਤਾਂ ਨੂੰ ਅਜ਼ੀਜ ਸਮਝਦੇ ਹੋਏ, ਕਿਸੇ ਨਿਹੱਥੇ ਜਾਂ ਕਮਜ਼ੋਰ ਉੱਪਰ ਵਾਰ ਕਰਨਾ ਗੁਨਾਹ ਸਮਝਦੇ ਸਨ। ਉਨ੍ਹਾਂ ਨੇ ਜੋ ਰਣਨੀਤੀ ਵਰਤੀ ਉਹ ਮਾਨਵੀ ਵਿਹਾਰ ਦੇ ਦਾਇਰੇ ਵਿਚ ਹੀ ਸੀ। ਸਿੰਘਾਂ ਵਿਚ, ਗੁਰੂ ਸਾਹਿਬਾਨ ਵੇਲੇ ਬੇਪਨਾਹ ਜੋਸ਼ ਤੇ ਸ਼ਰਧਾ ਸੀ, ਇਸ ਲਈ ਉਹ ਅਕਸਰ ਜਿੱਤ ਹੀ ਪ੍ਰਾਪਤ ਕਰਦੇ ਸਨ। ਜੇਕਰ ਉਨ੍ਹਾਂ ਨੂੰ ਵੀ ਕਦੇ ਪਿੱਛੇ ਹੀ ਹਟਣਾ ਪਿਆ ਤਾਂ ਵੀ ਉਹ ਜ਼ਫ਼ਰਨਾਮੇ ਲਿਖਣ ਦੀ ਅਦੁੱਤੀ ਹਿੰਮਤ ਰੱਖਦੇ ਸਨ। ਉਨ੍ਹਾਂ ਤੋਂ ਬਾਅਦ ਵੀ, ਸਿੱਖਾਂ ਤੇ ਭਾਵੇਂ ਅਨੇਕਾਂ ਹਨੇਰੀਆਂ ਝੁੱਲੀਆਂ ਪਰ ਉਹ ਕਦੀ ਵੀ ਹੋਛੇ ਹਥਿਆਰਾਂ ਤੇ ਨਹੀਂ ਆਏ। ਮੁਗ਼ਲਾਂ ਤੇ ਪਠਾਣਾਂ ਨੇ ਉਨ੍ਹਾਂ ਵਿਰੁੱਧ ਕਈ ਸਿਆਸਤਾਂ ਖੇਲੀਆਂ, ਪ੍ਰਣ ਕਰਕੇ ਜਾਂ ਸੌਹਾਂ ਖਾ ਕੇ ਵੀ ਉਹ ਸਗੀਣ ਮੁਕਰ ਗਏ। ਉਨ੍ਹਾਂ ਨੇ ਸਿੱਖਾਂ ਵਿਰੁੱਧ ਜੰਗ ਜਿੱਤਣ ਲਈ ਸੌ ਹਰਬੇ ਵਰਤੇ, ਅਨੇਕਾਂ ਚਾਲਾਂ ਚੱਲੀਆਂ, ਲੂੰਬੜ ਚਾਲਾਂ ਖੇਡੀਆਂ ਤੇ ਅਨੇਕਾਂ ਛਲ-ਕਪਟ ਕਰਕੇ ਸਿੱਖਾਂ ਨੂੰ ਪ੍ਰਸਤ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ। ਸਿੱਖਾਂ ਨੇ ਇਨ੍ਹਾਂ

ਸਭਨਾਂ ਚਾਲਾਂ ਕੁਚਾਲਾਂ ਦਾ ਡੱਟ ਕੇ ਮੁਕਾਬਲਾ ਕੀਤਾ। ਸਿੱਖਾਂ ਦੀ ਸ਼ਕਤੀ ਸੀਮਤ ਹੋਣ ਕਰਕੇ ਉਨ੍ਹਾਂ ਨੂੰ ਕਈ ਵਾਰ ਹਾਰ ਤੇ ਮੌਤ ਦਾ ਸਾਹਮਣਾ ਕਰਨਾ ਪਿਆ। ਪਰ ਉਹ ਗੁਰੂ ਦੇ ਲਾਲ ਅਖੀਰਲੇ ਦਮ ਤੱਕ ਨਹੀਂ ਡੋਲੇ ਤੇ ਲੜਦੇ ਲੜਦੇ ਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ।

ਸੰਸਾਰ ਵਿਚ ਅਨੇਕਾਂ ਲੜਾਈਆਂ ਤੇ ਯੁੱਧ ਹੋਏ ਹਨ। ਇਨ੍ਹਾਂ ਲੜਾਈਆਂ ਵਿਚ ਕੋਈ ਵੀ ਹਥਿਆਰ ਵਰਤਿਆ ਜਾਵੇ, ਉਹ ਜਾਇਜ਼ ਸਮਝਿਆ ਜਾਂਦਾ ਹੈ। ਕਹਿੰਦੇ ਹਨ, ਪਿਆਰ ਤੇ ਜੰਗ ਵਿਚ ਹਰੇਕ ਹਥਿਆਰ ਜਾਇਜ਼ ਹੁੰਦਾ ਹੈ। ਸਿੱਖਾਂ ਦੇ ਦੁਸ਼ਮਣਾਂ ਨੇ ਤਾਂ ਇਨ੍ਹਾਂ ਵਿਰੁੱਧ ਹਰ ਜਾਇਜ਼-ਨਾਜਾਇਜ਼ ਹਥਿਆਰ ਵਰਤਿਆ ਪਰ ਸਿੱਖ ਹਮੇਸ਼ਾ ਸਿਧਾਂਤਾਂ ਤੇ ਅਸੂਲਾਂ ਤਹਿਤ ਲੜਦੇ ਸਨ ਇਸ ਲਈ ਆਮ ਤੌਰ ਤੇ ਉਨ੍ਹਾਂ ਨੂੰ ਪਿੱਛੇ ਹਟਣਾ ਪੈਂਦਾ ਸੀ ਪਰ ਜਦੋਂ ਉਨ੍ਹਾਂ ਨੇ ਅਫ਼ਗਾਨੀ ਧਾੜਵੀਆਂ ਨੂੰ ਪਿਛਾੜਨ ਲਈ ਗੁਰੀਲਾ ਢੰਗਾਂ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਤਾਂ ਕਾਮਯਾਬੀ ਇਨ੍ਹਾਂ ਦੇ ਵੀ ਕਦਮ ਚੁੰਮਣ ਲੱਗੀ।

ਅਠਾਰਵੀਂ ਸਦੀ ਵਿਚ, ਸਿੱਖ ਸਰਦਾਰਾਂ ਵਿਚ ਸਿਆਸਤ ਦੀ ਘਾਟ ਕਾਰਨ ਉਨ੍ਹਾਂ ਨੂੰ ਕਈ ਵਾਰ ਖੱਜਲ ਖਵਾਰ ਹੋਣਾ ਪਿਆ। ਸਿੱਖਾਂ ਦੀਆਂ ਮਿਸਲਾਂ ਤਾਂ ਬਣ ਗਈਆਂ ਪਰ ਕਿਸੇ ਘਾਟ ਕਾਰਨ ਉਹ ਆਪਸ ਵਿਚ ਹੀ ਖਹਿਬੜਦੇ ਰਹਿੰਦੇ ਸਨ। ਬਾਅਦ ਵਿਚ ਰਣਜੀਤ ਸਿੰਘ ਨੇ ਆਪਣੀ ਬਹਾਦਰੀ ਨਾਲ ਸਿਆਸਤ ਤੋਂ ਕੰਮ ਲੈਂਦੇ ਹੋਏ ਇਨ੍ਹਾਂ ਵਿਚ ਬਹੁਤੇ ਸਰਦਾਰਾਂ ਨੂੰ ਆਪਣੇ ਰਾਜ ਦਾ ਹਿੱਸਾ ਬਣਾ ਲਿਆ ਤੇ ਹਾਰੇ ਹੋਏ ਮਿਸਲ ਸਰਦਾਰਾਂ ਨੂੰ ਜਗੀਰਾਂ ਤੇ ਜਾਇਦਾਦਾਂ ਭੇਂਟ ਕੀਤੀਆਂ। ਉਹ ਸੰਤੁਸ਼ਟ ਹੋ ਕੇ ਚੈਨ ਨਾਲ ਬੈਠ ਗਏ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਲਤਨੱਤ ਦੇ ਹਿੰਦੂਆਂ ਤੇ ਸਿੱਖਾਂ ਨੂੰ ਬੜੀ ਸੂਝ-ਬੂਝ ਤੇ ਸਿਆਸਤ ਨਾਲ ਆਪਣੇ ਸਹਿਯੋਗੀ ਬਣਾਇਆ। ਉਨ੍ਹਾਂ ਨੇ ਸਿੱਖ ਰਾਜ ਲਈ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ। ਸਭਨਾਂ ਧਰਮਾਂ ਨੂੰ ਬਣਦਾ ਮਾਣ ਸਨਮਾਨ ਬਖਸ਼ਿਆ ਗਿਆ ਤੇ ਉਨ੍ਹਾਂ ਲਈ ਉਚੇਚੇ ਧਾਰਮਿਕ ਸਥਾਨ ਸਥਾਪਿਤ ਕੀਤੇ ਗਏ। ਭਾਵੇਂ ਲਾਹੌਰ ਦਰਬਾਰ ਵਿਚ ਹਿੰਦੂਆਂ, ਮੁਸਲਮਾਨਾਂ ਤੇ ਈਸਾਈਆਂ ਦਾ ਵੀ ਪੂਰਾ ਦਬ-ਦਬਾ ਸੀ। ਮਹਾਰਾਜੇ ਦੇ ਚੌਹਾਂ ਨੂੰ ਛੱਡ ਕੇ, ਬਾਕੀ ਸਾਰੇ ਜਰਨੈਲ ਗ਼ੈਰ ਸਿੱਖ ਸਨ। ਗ਼ੈਰ ਸਿੱਖਾਂ ਦਾ ਹੀ ਲਾਹੌਰ ਦਰਬਾਰ ਵਿਚ ਪੂਰਾ ਬੋਲਬਾਲਾ ਸੀ। ਇਹ ਸਭ ਕੁਝ ਮਹਾਰਾਜੇ ਦੀ ਤੀਖਣ ਸਿਆਸੀ ਸੂਝ ਦਾ ਸਿੱਟਾ ਸੀ।

ਪਰ ਰਣਜੀਤ ਸਿੰਘ ਤੋਂ ਬਾਅਦ ਉਸ ਦੇ ਜਾਨਸ਼ੀਨ ਲੋੜੀਂਦੀ ਸਿਆਸੀ ਸੂਝ ਦੇ ਮਾਲਕ ਨਹੀਂ ਸਨ। ਮਹਾਰਾਜਾ ਖੜਕ ਸਿੰਘ ਇਕ ਅਯੋਗ ਤੇ ਵੈਲੀ ਸ਼ਾਸ਼ਕ ਸਾਬਤ ਹੋਇਆ। ਕੰਵਰ ਨੌਨਿਹਾਲ ਸਿੰਘ ਨੂੰ ਰਾਜ ਕਰਨ ਦਾ ਮੌਕਾ ਹੀ ਨਾ ਮਿਲਿਆ। ਉਹ ਆਪਣੀ ਸੂਝ ਸਿਆਣਪ ਆਪਣੇ ਨਾਲ ਲੈ ਕੇ ਚੱਲਦਾ ਬਣਿਆ। ਮਹਾਰਾਜਾ ਸ਼ੇਰ ਸਿੰਘ ਵੀ ਸਾਜਿਸ਼ਾਂ ਤੋਂ ਉੱਪਰ ਨਾ ਉੱਭਰ ਸਕਿਆ। ਮਹਾਰਾਜਾ ਦਲੀਪ ਸਿੰਘ ਹਾਲੇ ਨਾਬਾਲਗ ਸੀ। ਸਿਆਸੀ ਸੂਝ ਦੀ ਸਖ਼ਤ ਘਾਟ ਕਾਰਨ, ਇਕ ਵਿਸ਼ਾਲ ਰਾਜ, ਛਾਤਰ ਹੁਕਮਰਾਨ ਅੰਗਰੇਜ਼ਾਂ ਦੇ ਕਦਮਾਂ ਵਿਚ ਢਹਿ-ਢੇਰੀ ਹੋ ਗਿਆ। ਇਹ ਵੀ ਇਕ ਹਕੀਕਤ ਹੈ ਕਿ

ਸਿੱਖ ਰਾਜ ਦੇ ਕਈ ਉਹ ਅਧਿਕਾਰੀ ਜਰਨੈਲ, ਅੰਗਰੇਜ਼ਾਂ ਵਿਰੁੱਧ ਲੜਾਈਆਂ ਵਿਚ, ਅੰਦਰੋਂ ਅੰਗਰੇਜ਼ਾਂ ਨਾਲ ਰਲੇ ਹੋਏ ਸਨ। ਇਸ ਲਈ ਸਿੱਖਾਂ ਦੀ ਹਾਰ ਤੇ ਨਿਮੋਸ਼ੀ ਹੋਣੀ ਲਾਜ਼ਮੀ ਸੀ। ਰਾਜਨੀਤੀ ਦਾ ਇਹ ਦਿਵਾਲੀਆਪਣ ਸੀ।

ਅੰਗਰੇਜ਼ਾਂ ਦੀ ਭਾਰਤ ਵਿਚ ਗਿਣਤੀ ਕਿਸੇ ਵੇਲੇ ਵੀ ਢਾਈ ਤਿੰਨ ਲੱਖ ਤੋਂ ਉੱਪਰ ਨਹੀਂ ਸੀ। ਫਿਰ ਵੀ ਉਹ ਆਪਣੀ ਅਦੁੱਤੀ ਸਿਆਸੀ ਸੂਝ ਕਾਰਨ, ਤੀਹ ਕਰੋੜ ਭਾਰਤੀ ਭੇਡਾਂ ਉੱਪਰ ਬੜੀ ਸਖ਼ਤੀ ਨਾਲ ਰਾਜ ਕਰਦੇ ਰਹੇ। ਉਨ੍ਹਾਂ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ, ਸਾਨੂੰ ਆਪਸ ਵਿਚ ਹੀ ਲੜਾ ਭਿੜਾ ਕੇ ਰੱਖਿਆ ਤੇ ਅਸੀਂ ਆਪਸ ਵਿਚ ਹੀ ਆਪਣੀ ਸ਼ਕਤੀ ਭਸਮ ਕਰਦੇ ਰਹੇ। ਇਹ ਸ਼ਕਤੀ ਸਾਨੂੰ ਅੰਗਰੇਜ਼ਾਂ ਵਿਰੁੱਧ ਵਰਤਣੀ ਚਾਹੀਦੀ ਸੀ। ਇਸੇ ਤਰ੍ਹਾਂ ਸਿੱਖ ਆਪਸ ਵਿਚ ਹੀ ਲੜ ਭਿੜ ਕੇ ਆਪਣੀ ਸ਼ਕਤੀ ਜ਼ਾਇਆ ਕਰਦੇ ਰਹੇ। ਅੰਗਰੇਜ਼ਾਂ ਵੇਲੇ ਸਾਰਾ ਸਿੱਖ ਜਗਤ ਖੇਰੂੰ ਖੇਰੂੰ ਹੋ ਗਿਆ ਸੀ। ਸਿੱਖ ਫਿਰ ਜਾਤਾਂ ਪਾਤਾਂ ਫ਼ਿਰਕਿਆਂ ਤੇ ਪਰਿਵਾਰਾਂ ਵਿਚ ਵੰਡੇ ਗਏ ਸਨ। ਕਿਸੇ ਇਕ ਜਾਤ ਗੋਤ ਦਾ ਦੂਜੇ ਨਾਲ ਰੋਟੀ ਬੇਟੀ ਦਾ ਰਿਸ਼ਤਾ ਨਹੀਂ ਸੀ। ਬਹੁਤ ਸਾਰੇ ਸਿੱਖਾਂ ਨੂੰ ਅਛੂਤ ਗਰਦਾਨਿਆ ਗਿਆ। ਇਕ ਜ਼ਾਤ ਦਾ ਦੂਜੀ ਨਾਲ ਮੇਲ-ਮਿਲਾਪ ਬਹੁਤ ਘੱਟ ਗਿਆ। ਇਸ ਤਰ੍ਹਾਂ ਗੋਰਿਆਂ ਨੇ ਆਪਣੀ ਡੂੰਘੀ ਸਿਆਸਤ ਨਾਲ, ਸਿੱਖਾਂ ਦੀ ਅਜ਼ੀਮ ਸ਼ਕਤੀ ਨੂੰ ਖਿੰਡਾ-ਪੁੰਡਾ ਦਿੱਤਾ। ਅਸੀਂ ਨਿਤਾਣੇ ਹੋ ਕੇ ਰਹਿ ਗਏ।

ਅੱਜ ਭਾਵੇਂ ਭਾਰਤ ਅਜ਼ਾਦ ਹੈ ਪਰ ਫਿਰ ਵੀ ਸਿੱਖਾਂ ਦੇ ਸੁਨਹਿਰੀ ਇਤਿਹਾਸ ਕਾਰਨ, ਕੇਂਦਰੀ ਸਰਕਾਰ ਸਿੱਖਾਂ ਦੀ ਸ਼ਕਤੀ ਨੂੰ ਸੰਗਠਿਤ ਕਰਨ ਦੇ ਹੱਕ ਵਿਚ ਨਹੀਂ। ਅੰਗਰੇਜ਼ਾਂ ਵਾਂਗ ਸਾਡੀਆਂ ਆਪਣੀਆਂ ਸਰਕਾਰਾਂ ਵੀ ਸਿੱਖਾਂ ਨੂੰ ਪਾੜ ਕੇ ਰੱਖਦੀਆਂ ਹਨ। ਸਿੱਖਾਂ ਦੀ ਸੰਗਠਿਤ ਸ਼ਕਤੀ ਤੋਂ ਉਹ ਖੌਫ਼ਜ਼ਦਾ ਹਨ। ਦਲਿਤ ਤੇ ਆਰਥਿਕ ਤੌਰ ਤੇ ਕਮਜ਼ੋਰ ਸਿੱਖਾਂ ਨੂੰ ਹਰੀਜਨ ਗਰਦਾਨ ਕੇ ਉਹ ਸਿੱਖਾਂ ਦੀ ਮੁੱਖ ਧਾਰਾ ਵਿਚੋਂ ਬਿਖੇਰਨਾ ਚਾਹੁੰਦੇ ਹਨ। ਜਾਤਾਂ-ਪਾਤਾਂ ਦੇ ਚੱਕਰ ਪਾ ਕੇ ਉਹ ਸਿੱਖਾਂ ਨੂੰ ਲੀਰੋ-ਲੀਰ ਕਰਕੇ ਖੁਸ਼ ਹਨ। ਸਿੱਖ ਪਹਿਲਾਂ ਹੀ ਘੱਟ ਗਿਣਤੀ ਵਿਚ ਹਨ। ਕੋਈ ਵੀ ਬਟਵਾਰਾ ਉਨ੍ਹਾਂ ਦਾ ਨੁਕਸਾਨ ਕਰ ਸਕਦਾ ਹੈ। ਨੁਕਸਾਨ ਤਾਂ ਪਹਿਲਾਂ ਹੀ ਬੜਾ ਹੋ ਚੁੱਕਾ ਹੈ। ਹੋਰ ਬਟਵਾਰਿਆਂ ਦੀ ਹੁਣ ਗੁੰਜਾਇਸ਼ ਨਹੀਂ। ਸਿੱਖਾਂ ਵਿਚ ਜੱਟਵਾਦ ਵੀ ਇਕ ਦੀਰਘ ਰੋਗ ਵਾਂਗ ਸਾਡਾ ਪਿੱਛਾ ਕਰ ਰਿਹਾ ਹੈ। ਇਹ ਬ੍ਰਾਹਮਣਵਾਦ ਨਾਲੋਂ ਘੱਟ ਨਹੀਂ। ਜੇਕਰ ਸਿੱਖਾਂ ਨੇ ਜਦੋ-ਜਹਿਦ ਬਾਅਦ ਮਨੂੰਵਾਦ ਤੋਂ ਆਪਣਾ ਮਸਾਂ ਖਹਿੜਾ ਛੁਡਾਇਆ ਹੈ, ਹੁਣ ਜੱਟਵਾਦ ਸਾਡੇ ਕੌਮੀ ਸੰਗਠਨ ਵਿਚ ਇਕ ਭਾਰੀ ਰੁਕਾਵਟ ਹੈ। ਇਸ ਨੂੰ ਦੂਰ ਤਾਂ ਨਹੀਂ ਕਰ ਸਕਦੇ ਪਰ ਘੱਟ ਕਰਦੇ ਇਸ ਕੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ। ਘਰ ਦੇ ਚਾਰ ਜੀਅ ਹੋਣ ਤੇ ਉਹ ਵੀ ਆਪਸ ਵਿਚ ਗੁੱਥਮ-ਗੁੱਥਾ ਤੇ ਆਡੋਪਾਟੀ ਹੋਏ ਰਹਿਣ ਤਾਂ ਘਰ ਦਾ ਅੱਲ੍ਹਾ ਹੀ ਬੇਲੀ ਹੋਵੇਗਾ। ਇਹ ਹਾਲ ਸਾਡੇ ਸਿੱਖਾਂ ਦਾ ਅੱਜ ਅਜ਼ਾਦ ਭਾਰਤ ਵਿਚ ਹੋ ਰਿਹਾ ਹੈ। ਇਸ ਵਿਚ ਤਾਂ ਕਸੂਰ ਹਿੰਦੂਆਂ ਮੁਸਲਮਾਨਾਂ ਦਾ ਨਹੀਂ। ਆਪਣੀ ਸਮਾਜਿਕ ਸੂਝ-ਬੂਝ ਦੀ ਕਮੀ ਤੇ ਅਹਿਸਾਸ ਦਾ ਸਬੂਤ ਅਸੀਂ ਖੁਦ ਹੀ ਪੇਸ਼ ਕਰ ਰਹੇ ਹਾਂ।

ਆਜ਼ਾਦੀ ਮਿਲਣ ਵੇਲੇ ਸਾਨੂੰ ਖਾਲਿਸਤਾਨ ਮਿਲ ਸਕਦਾ ਸੀ ਪਰ ਸਾਡੀ ਸਿਆਸੀ ਸਿਆਣਪ ਦੀ ਘਾਟ ਕਾਰਨ, ਅਸੀਂ ਉਹ ਮੌਕਾ ਸਦਾ ਲਈ ਖੁੰਝਾ ਚੁੱਕੇ ਹਾਂ। 'ਕਾਰਵਾਂ ਗੁਜ਼ਰ ਗਿਆ, ਹਮ ਗੁਬਾਰ ਦੇਖਤੇ ਰਹੇ।' ਅਸੀਂ ਵੇਲੇ ਦੀ ਨਮਾਜ਼ ਪੜ੍ਹਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਾਂ। ਬਾਕੀ ਧਰਮਾਂ ਵਾਲਿਆਂ ਨੂੰ ਵੀ ਸਾਡੀ ਇਸ ਕਮਜ਼ੋਰੀ ਦਾ ਭਲੀਭਾਂਤ ਪਤਾ ਹੈ, ਇਸ ਲਈ ਉਹ ਸਾਨੂੰ ਸਿਆਸੀ ਠਿੱਬੀ ਲਾਉਣ ਵਿਚ ਹਮੇਸ਼ਾ ਸਫ਼ਲ ਹੁੰਦੇ ਹਨ। ਅਸੀਂ 1966 ਵਿਚ ਵੀ ਪੂਰਾ ਪੰਜਾਬੀ ਸੂਬਾ ਨਾ ਪ੍ਰਾਪਤ ਕਰ ਸਕੇ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਜਾਣਬੁਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ। ਪੰਜਾਬ ਦੀ ਨੇਕ ਕਮਾਈ ਨਾਲ ਬਣਿਆ ਚੰਡੀਗੜ੍ਹ ਵੀ ਸਾਥੋਂ ਖੋਹਿਆ ਗਿਆ ਹੈ। 1984 ਵਿਚ ਵੀ, ਇਸੇ ਸਿਆਸੀ ਦੀਵਾਲੀਏਪਣ ਕਰਕੇ ਹੀ ਸਾਡੇ ਮੱਕੇ ਦੀ ਬੇਹੁਰਮਤੀ ਹੋਈ, ਸ੍ਰੀ ਅਕਾਲ ਤਖ਼ਤ ਢਹਿ ਢੇਰੀ ਕੀਤਾ ਗਿਆ ਤੇ ਦਿੱਲੀ ਸਮੇਤ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿਚ ਸਾਨੂੰ ਚੁਣ ਚੁਣ ਕੇ ਸਾੜਿਆ ਗਿਆ। ਇਸ ਉਸ ਮੁਲਕ ਵਾਲਿਆਂ ਨੇ ਕੀਤਾ, ਜਿਨ੍ਹਾਂ ਦੇ ਹੋਏ ਅਸੀਂ ਮਰਦੇ ਰਹੇ ਤੇ ਫਾਂਸੀਆਂ ਦੇ ਰੱਸੇ ਚੁੰਮਦੇ ਰਹੇ। ਮੈਂ ਇਸ ਵਿਚ ਬਹੁਤਾ ਕਸੂਰ ਆਪਣਾ ਹੀ ਗਿਣਦਾ ਹਾਂ। ਜੇਕਰ ਅਸੀਂ ਆਪਣੇ ਹੱਕਾਂ ਹਕੂਕਾਂ ਬਾਰੇ ਚੇਤੰਨ ਨਹੀਂ ਹੋਵਾਂਗੇ ਤੇ ਸਮੇਂ ਦੀ ਨਾੜ ਉੱਪਰ ਹੱਥ ਰੱਖ ਕੇ, ਸਿਆਸੀ ਸਿਆਣਪ ਦਾ ਪੱਲਾ ਨਹੀਂ ਫੜਾਂਗੇ ਤਾਂ ਸਾਡੇ ਕਈ ਹੋਰ ਨੀਲਾ ਤਾਰਾ ਘੱਲੂਘਾਰਾ ਹੋ ਸਕਦੇ ਹਨ। ਸਾਡੇ ਨਾਲ ਹੋਰ ਵੀ ਧੱਕੇਸ਼ਾਹੀਆਂ ਹੋ ਸਕਦੀਆਂ ਹਨ।

ਆਓ ਆਪਣੀਆਂ ਨਾਕਾਮੀਆਂ ਤੇ ਨਾਦਾਨੀਆਂ ਉੱਪਰ ਦੁਬਾਰਾ ਨਜ਼ਰਸਾਨੀ ਕਰੀਏ। ਆਪਣੀਆ ਗਲਤੀਆਂ ਤੋਂ ਕੋਈ ਸਬਕ ਸਿੱਖੀਏ। ਆਪਣੇ ਆਪ ਨੂੰ ਇਕ ਜੁੱਟ ਸੰਗਠਿਤ ਕਰਕੇ ਆਪਣੇ ਹੱਕਾਂ ਉੱਪਰ ਪਹਿਰਾ ਦੇਈਏ। ਜਿਨ੍ਹਾਂ ਹੱਕਾਂ ਤੋਂ ਸਾਨੂੰ ਵਿਰਵੇ ਰੱਖਿਆ ਗਿਆ ਹੈ, ਉਸ ਉੱਪਰ ਦਾਹਵੇਦਾਰੀ ਫਿਰ ਜਿਤਾਈਏ। ਆਪਣੇ ਹੱਕਾਂ ਦੀ ਰਾਖੀ ਕਰਨੀ ਕੋਈ ਗੁਨਾਹ ਨਹੀਂ। ਅਸੀਂ ਆਪਣੇ ਹੱਕਾਂ ਦੀ ਖ਼ੈਰ ਨਹੀਂ ਮੰਗਦੇ। ਅਸੀਂ ਗੁਰੂ ਦੇ ਸਿੱਖ ਹਾਂ, ਮੰਗਤੇ ਨਹੀਂ।

## ਬੇਲਗ਼ਾਮ ਸਿੱਖੀ

ਹਰ ਧਰਮ ਬੰਦੇ ਦੀਆਂ ਲਗਾਮਾਂ ਕੱਸਦਾ ਹੈ। ਧਰਮ ਕੀ ਹੈ ? ਇਹ ਤਾਂ ਮਨੁੱਖੀ ਜੀਵਨ ਨੂੰ ਸੁਚੱਜੀ ਜੀਵਨ ਜਾਚ ਬਖ਼ਸ਼ਦਾ ਹੈ। ਹਰ ਧਰਮ ਦੇ ਕੁਝ ਵਿਸ਼ੇਸ਼ ਅਸੂਲ ਤੇ ਸਿਧਾਂਤ ਹੁੰਦੇ ਹਨ। ਕੁਝ ਰਹਿਤਾਂ ਤੇ ਮਰਿਯਾਦਾ ਹੁੰਦੀ ਹੈ। ਜੋ ਇਨ੍ਹਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਦਾ ਇਸਲਾਮੀ ਲੋਕ ਹੁੱਕਾ ਪਾਣੀ ਬੰਦ ਕਰਕੇ ਜਾਂ ਉਸ ਦਾ ਸਮਾਜੀ ਬਾਈਕਾਟ ਕਰਦੇ ਹਨ। ਇਨ੍ਹਾਂ ਪਾਬੰਦੀਆਂ ਨਾਲ ਉਸ ਦਾ ਜੀਣਾ ਦੁਰਭਰ ਹੋ ਜਾਂਦਾ ਹੈ। ਹਿੰਦੂ ਧਰਮ ਵਿਚ ਕਈ ਫ਼ਿਰਕੇ ਤੇ ਵਰਗ ਹਨ। ਕੋਈ ਵਿਸ਼ੇਸ਼ ਮੁੱਖ ਧਾਰਾ ਨਹੀਂ। ਹਰ ਕੋਈ ਆਪਣੀ ਆਪਣੀ ਡਫ਼ਲੀ ਵਜਾਈ ਫਿਰਦਾ ਹੈ। ਇਸੇ ਲਈ ਇਸ ਧਰਮ ਵਿਚ ਅਰਾਜਕਤਾ ਦਾ ਬੋਲਬਾਲਾ ਹੋ ਗਿਆ। ਇਸ ਵਿਚ ਵੱਡੀਆਂ ਜਾਤਾਂ ਵਾਲੇ ਛੋਟੀਆਂ ਜਾਤਾਂ ਨਾਲ ਧੱਕੇਸ਼ਾਹੀ ਕਰਨ ਲੱਗੇ। ਕੋਈ ਕੇਂਦਰ ਸ਼ਕਤੀ ਉਨ੍ਹਾਂ ਦੇ ਦੁੱਖੜੇ ਨਵਿਰਤ ਕਰਨ ਵਾਲੀ ਨਹੀਂ ਸੀ। ਇਹੀ ਕਾਰਨ ਹੈ ਕਿ ਇਸ ਦੇ ਸ਼ੋਸ਼ਣ ਤੋਂ ਤੰਗ ਆ ਕੇ ਨੀਵੀਆਂ ਜਾਤਾਂ ਵਾਲੇ ਜਾਂ ਅਣਖੀਲੇ ਲੋਕ ਆਪਣਾ ਧਰਮ ਬਦਲ ਕੇ ਮੁਸਲਮਾਨ ਬਣ ਗਏ, ਕੁਝ ਈਸਾਈ, ਬੋਧੀ ਤੇ ਜੈਨੀ ਪੰਜਾਬ ਵਿਚ ਸਿੱਖ ਬਣ ਗਏ। ਇਨ੍ਹਾਂ ਨਵੇਂ ਮਜ਼ਬਾਂ ਵਿਚ ਧਰਮ ਦੀ ਪਾਲਣਾ ਬੜੀ ਸਖ਼ਤੀ ਨਾਲ ਹੋਣ ਲੱਗੀ। ਇਸੇ ਕਰਕੇ ਇਹ ਧਰਮ ਵਧਣ-ਫੁੱਲਣ ਲੱਗੇ ਅਤੇ ਆਪਣੇ ਮੁੱਢਲੇ ਮਜ਼ਹਬ ਨਾਲੋਂ ਕਿਧਰੇ ਅੱਗੇ ਨਿਕਲ ਗਏ। ਬੁੱਧ ਧਰਮ ਤਾਂ ਸੰਸਾਰ ਦੇ ਕਈ ਭਾਗਾਂ ਵਿਚ ਫੈਲ ਗਿਆ। ਇਸੇ ਤਰ੍ਹਾਂ ਸਿੱਖ ਧਰਮ ਵੀ ਉਤਰੀ ਭਾਰਤ ਵਿਚ ਬਹੁਤ ਪ੍ਰਚਲਿਤ ਹੋਇਆ।

ਜਿਵੇਂ ਜਿਵੇਂ ਸਮਾਂ ਬੀਤਦਾ ਜਾਂਦਾ ਹੈ, ਹਰੇਕ ਧਰਮ ਵਿਚ ਤਰੁੱਟੀਆਂ ਪੈਦਾ ਹੋ ਜਾਂਦੀਆਂ ਹਨ। ਸਿੱਖ ਧਰਮ ਵ੍ਵਿਚ ਵੀ ਤਰੁੱਟੀਆਂ ਵਿਕਸਤ ਹੋਈਆਂ ਜਿਸ ਨਾਲ ਸਿੱਖੀ ਦਾ ਮੂੰਹ-ਮੁਹਾਂਦਰਾ ਵਿਗੜਨ ਲੱਗਾ। ਤਰੁੱਟੀਆਂ ਤੇ ਵਿਗਾੜ ਵੱਧਦੇ ਗਏ ਤੇ ਸਿੱਖੀ ਬੇਲਗ਼ਾਮ ਹੋਣ ਲੱਗੀ। ਪਹਿਲਾਂ ਪਹਿਲ ਜਦੋਂ ਵੀ ਕਿਧਰੇ ਸਿੱਖੀ ਨੂੰ ਕੋਈ ਸਮੱਸਿਆ ਹੁੰਦੀ ਸੀ ਤਾਂ ਸਿੱਖ ਧਰਮ ਦੇ ਸਰਦਾਰ ਇਕੱਠੇ ਹੋ ਕੇ ਸਰਬੱਤ ਖਾਲਸਾ ਬੁਲਾ ਲੈਂਦੇ ਸਨ। ਵਿਚਾਰ ਕਰਕੇ ਪੈਦਾ ਹੋਈਆ ਸਮੱਸਿਆਵਾਂ ਨੂੰ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਸਿੱਖਾਂ ਦੀ ਦਿਸ਼ਾ ਤੇ ਦਸ਼ਾ ਦਰੁੱਸਤ ਰਹਿੰਦੀ ਸੀ। ਜਦੋਂ ਕੋਈ ਸਿੱਖ ਕੋਈ ਕਾਰਜ ਧਰਮ ਦੇ ਵਿਰੁੱਧ ਕਰਦਾ ਸੀ ਤਾਂ ਉਸ ਨੂੰ ਅਕਾਲ ਤਖਤ ਉੱਤੇ ਬੁਲਾ ਕੇ ਕਸੂਰ ਅਨੁਸਾਰ ਡੰਨ ਲਾ ਕੇ ਤਨਖਾਹੀਆ ਕਰਾਰ ਦਿੱਤਾ ਜਾਂਦਾ ਸੀ। ਉਹ ਆਦਮੀ ਆਪਣੀ ਸਜ਼ਾ ਪੂਰੀ ਕਰਕੇ ਫਿਰ ਸਿੱਖੀ ਦੀ ਗੋਦ ਵਿਚ ਆ ਬੈਠਦਾ ਸੀ। ਉਸ ਦੇ ਦਿਲ ਵਿਚ ਡੰਨ ਲਾਉਣ

ਵਾਲਿਆਂ ਵਿਰੁੱਧ ਕੋਈ ਵੈਰ ਭਾਵਨਾ ਉਜਾਗਰ ਨਹੀਂ ਸੀ ਹੁੰਦੀ।

ਇਕ ਵਾਰੀ ਸਿੱਖਾਂ ਦੇ ਸਿਰਮੌਰ ਮਹਾਰਾਜਾ ਰਣਜੀਤ ਸਿੰਘ ਨੂੰ ਮੋਰਾਂ ਨਾਚੀ ਨਾਲ ਦਰਬਾਰ ਸਾਹਿਬ ਵਿਚ ਸਿੱਖ ਮਰਿਆਦਾ ਨੂੰ ਭੰਗ ਕਰਨ ਵਿਰੁੱਧ ਅਕਾਲ ਤਖਤ ਦੇ ਮੁਖੀ ਅਕਾਲੀ ਫੂਲਾ ਸਿੰਘ ਨੇ ਤਨਖਾਹੀਆ ਕਰਾਰ ਦਿੱਤਾ। ਰਣਜੀਤ ਸਿੰਘ ਇਕ ਸ਼ਕਤੀਸ਼ਾਲੀ ਰਾਜ· ਤੇ ਸ਼ਰਧਾਵਾਨ ਸਿੱਖ ਸੀ। ਉਹ ਚਾਹੁੰਦਾ ਤਾਂ ਇਸ ਫ਼ਰਮਾਨ ਦੀ ਅਣਦੇਖੀ ਕਰ ਸਕਦਾ ਸੀ ਪਰ ਉਸ ਨੇ ਇਕ ਨਿਮਾਣੇ ਸਿੱਖ ਹੋਣ ਦੇ ਨਾਤੇ ਆਪਣੇ ਆਪ ਨੂੰ ਅਕਾਲ ਤਖਤ ਤੇ ਪੇਸ਼ ਕੀਤਾ। ਉਸ ਨੂੰ ਕੋੜੇ ਮਾਰਨ ਦੀ ਸਜ਼ਾ ਦਿੱਤੀ ਗਈ। ਉਸ ਨੂੰ ਅਕਾਲ ਤਖਤ ਸਾਹਮਣੇ ਜੰਡ ਨਾਲ ਬੰਨਿਆ ਗਿਆ। ਉਸੇ ਵਕਤ ਅਕਾਲੀ ਫੂਲਾ ਸਿੰਘ ਨੇ ਅੱਗੇ ਵੱਧ ਕੇ ਮਹਾਰਾਜੇ ਨੂੰ ਜੰਡ ਨਾਲੋਂ ਖੋਹਲਣ ਦਾ ਹੁਕਮ ਦਿੱਤਾ ਤੇ ਕਿਹਾ, "ਮਹਾਰਾਜ ਸਾਹਿਬ ਦੇ ਪੇਸ਼ ਹੋ ਕੇ ਗੁਰੂ ਦੇ ਨਿਮਾਣੇ ਸਿੱਖ ਹੋਣ ਦਾ ਸਬੂਤ ਦਿੱਤਾ ਹੈ। ਇਨ੍ਹਾਂ ਨੂੰ ਇਤਨੀ ਸਜ਼ਾ ਹੀ ਕਾਫ਼ੀ ਹੈ।" ਇਸ ਤਰ੍ਹਾਂ ਸੂਝਵਾਨ ਮਹਾਰਾਜੇ ਨੇ ਆਪਣੇ ਆਪ ਨੂੰ ਬਰੀ ਕਰ ਲਿਆ ਤੇ ਅਕਾਲ ਤਖਤ ਦੀ ਮਰਿਆਦਾ ਨੂੰ ਵੀ ਜ਼ਿੰਦਾ ਰੱਖਿਆ। ਇਸ ਤਰ੍ਹਾਂ ਸਿੱਖ ਧਰਮ ਦੀ ਸ਼ੋਭਾ ਦਿਨ-ਬ-ਦਿਨ ਵੱਧਦੀ ਗਈ ਤੇ ਗੁਰੂ ਮਹਾਰਾਜ ਦੇ ਨਿਸ਼ਾਨ ਸ਼ਾਨ ਨਾਲ ਝੂਲਦੇ ਰਹੇ।

ਪਰ ਸਾਡੇ ਸਿੱਖ ਰਾਜੇ ਅਜਿਹੇ ਨਹੀਂ ਸਨ। ਜਿਹੜੇ ਰਾਜੇ ਰਣਜੀਤ ਸਿੰਘ ਦੀ ਚੜ੍ਹਤ ਤੋਂ ਡਰਦੇ ਅੰਗਰੇਜ਼ਾਂ ਦੀ ਸ਼ਰਨ ਜਾ ਪਏ, ਉਹ ਸਾਰੇ ਸਿੱਖ ਧਰਮ ਵਿਚ ਪਰਪੱਕ ਨਹੀਂ ਸਨ। ਉਹ ਅੰਗਰੇਜ਼ਾਂ ਦੀ ਰਹਿਣੀ-ਬਹਿਣੀ ਨਾਲ ਪ੍ਰਭਾਵਿਤ ਹੋ ਕੇ ਸਿੱਖਾਂ ਦੀਆਂ ਰਹਿਤਾਂ ਨੂੰ ਤਿਆਗਣ ਲੱਗੇ ਤਾਂ ਕਿ ਉਹ ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਮਕਬੂਲ ਹੋ ਸਕਣ। ਉਨ੍ਹਾਂ ਵਿਚੋਂ ਕਈਆਂ ਦੇ ਜਾਨਸ਼ੀਨਾਂ ਨੇ ਆਪਣੇ ਕੇਸ ਕਤਲ ਕਰਾਉਣੇ ਸ਼ੁਰੂ ਕਰ ਦਿੱਤੇ ਅਤੇ ਖਾਣ-ਪੀਣ ਦੀਆਂ ਕਈ ਮਨਾਹੀਆਂ ਦੀ ਉਲੰਘਣਾ ਕੀਤੀ। ਜਦੋਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਵਾਲੇ ਨੂੰ ਸਿੱਖ ਪੰਥ ਦਾ ਮਹਾਂ ਜਥੇਦਾਰ ਬਣਾਉਣ ਦੀ ਗੱਲ ਚੱਲੀ ਤਾਂ ਇਸ ਕਰਕੇ ਨੇਪਰੇ ਨਾ ਚੜ੍ਹ ਸਕੀ ਕਿਉਂਕਿ ਮਹਾਰਾਜਾ ਸ਼ਿਗਾਰ ਪੀਣ ਦਾ ਸ਼ੌਕੀਨ ਸੀ ਕਿਉਂਕਿ ਮਹਾਂਰਾਜਿਆਂ ਨੂੰ ਸੌ ਗੁਨਾਹ ਮੁਆਫ਼ ਹੁੰਦੇ ਹਨ, ਇਸ ਲਈ ਸਿੱਖ ਰਾਜਿਆਂ ਤੇ ਮਾਇਆਧਾਰੀ ਸਿੱਖ ਸਰਦਾਰਾਂ ਵਿਚ ਦਿਨੋ-ਦਿਨ ਸਿੱਖੀ ਅਲੋਪ ਹੋਣ ਲੱਗੀ ਤੇ ਉਨ੍ਹਾਂ ਦਾ ਜੀਵਨ ਪੱਛਮੀ ਰੰਗ ਵਿਚ ਰੰਗਿਆ ਜਾਣ ਲੱਗਾ। ਉਨ੍ਹਾਂ ਦੇ ਪਰਿਵਾਰਾਂ ਨੂੰ ਸਿੱਖ ਹੋਣ ਦਾ ਵੀ ਕੋਈ ਗੌਰਵ ਨਹੀਂ ਸੀ ਸਗੋਂ ਉਹ ਅੰਗਰੇਜ਼ਾਂ ਦੀ ਜੀ-ਹਜ਼ੂਰੀ ਕਰਕੇ, ਸਿੱਖ ਲਿਬਾਸ, ਰਹਿਤਾਂ ਤੇ ਮਰਿਯਾਦਾ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਸਨ।

ਉਨ੍ਹਾਂ ਦੀ ਦੇਖਾ-ਦੇਖੀ, ਜਨ ਸਧਾਰਨ ਸਿੱਖ ਵੀ ਜਦੋਂ ਪੱਛਮੀ ਤਰਜ਼ ਦੀ ਵਿਦਿਆ ਪੜ੍ਹਨ ਲੱਗੇ ਤਾਂ ਉਨ੍ਹਾਂ ਦੇ ਪੱਛਮੀ ਲੋਕਾਂ ਦੀ ਅੰਧਾਧੁੰਦ ਨਕਲ ਕਰਨੀ ਆਰੰਭ ਕਰ ਦਿੱਤੀ। ਪਜ਼ਾਮੇ ਦੀ ਜਗ੍ਹਾ ਪੈਂਟ ਨੇ ਮੱਲ ਲਈ। ਕੁੜਤੇ ਦੀ ਜਗ੍ਹਾ ਕਮੀਜ਼ਾਂ ਪਹਿਨਣੀਆਂ ਸ਼ੁਰੂ ਹੋ ਗਈਆਂ। ਪੱਗਾਂ ਦੀ ਜਗ੍ਹਾ ਟੋਪੀਆਂ ਤੇ ਹੈਟ ਲੈਣ ਲੱਗੇ। ਟਾਈ ਲਾਉਣ ਦਾ ਰਿਵਾਜ਼ ਘਰ-ਘਰ ਪਹੁੰਚ ਗਿਆ। ਅਮੀਰ ਸਿੱਖਾਂ ਦੇ ਲੜਕਿਆਂ ਦੀ ਦੇਖਾ-ਦੇਖੀ

ਬਾਕੀ ਸਿੱਖ ਵੀ ਆਪਣੇ ਕੇਸ ਕਟਵਾਉਣ ਲੱਗੇ। ਪੱਛਮੀ ਦੇਸ਼ਾਂ ਵਿਚ ਕੇਸ ਰੱਖਣ ਦਾ ਰਿਵਾਜ਼ ਨਹੀਂ ਸੀ। ਉਹ ਲੋਕ ਕੇਸਾਧਾਰੀਆਂ ਨੂੰ ਨੌਕਰੀ ਦੇਣ ਤੋਂ ਪਹਿਲਾਂ ਝਿਜਕਦੇ ਸਨ। ਨੌਕਰੀ ਦੀ ਖ਼ਾਤਰ ਧਰਮ ਦੀ ਕੁਰਬਾਨੀ ਦੇਣੀ ਪਈ। ਸੁੰਦਰ ਲੱਗਣ ਤੇ ਚਾਹ ਵਿਚ ਵੀ ਸਾਡੇ ਕੌਮੀ ਲਿਬਾਸ ਦੀ ਅਹੂਤੀ ਦੇਣੀ ਪਈ। ਅਮਰੀਕਨ ਸਮਾਜ ਵਿਚ ਸਥਾਈ ਸਥਾਨ ਬਣਾਉਣ ਲਈ ਦਲੀਪ ਸਿੰਘ ਸੌਂਦ ਅਤੇ ਨਿੱਕੀ ਰੰਧਾਵਾ ਨੂੰ ਈਸਾਈ ਬਣਨਾ ਪਿਆ। ਇਸ ਤਰ੍ਹਾਂ ਸਿੱਖ ਦਿਨੋ-ਦਿਨ ਬੇਲਗਾਮ ਹੁੰਦੇ ਚਲੇ ਗਏ।

ਸਾਡੇ ਸਿੱਖ ਜਦੋਂ ਪਹਿਲਵਾਨੀ ਵਿਚ ਲੱਤ ਰੱਖਦੇ ਤਾਂ ਰੁੰਡ-ਮਰੁੰਡੇ ਹੋ ਜਾਂਦੇ ਸਨ। ਬਾਅਦ ਵਿਚ ਜਿਹੜਾ ਵੀ ਸਿੱਖ ਮੁੰਬਈ ਵਿਚ ਅਦਾਕਾਰਾ ਬਣਨ ਜਾਂਦਾ ਤਾਂ ਜਾਂਦਿਆਂ ਹੀ ਸਿਰ ਮੁੰਨਾ ਦਿੰਦਾ ਤਾਂ ਕਿ ਸੁੰਦਰ ਦਿੱਖ ਵਾਲਾ ਬਣ ਕੇ ਲੋਕਾਂ ਵਿਚ ਮਕਬੂਲ ਹੋ ਸਕੇ। ਬਾਅਦ ਵਿਚ ਸਿੱਖ ਕਲਾਕਾਰਾਂ ਨੇ ਵੀ ਕੇਸ ਕਤਲ ਕਰਵਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਤਮਾਕੂ ਦਾ ਇਸਤੇਮਾਲ ਕਰਨਾ ਆਰੰਭ ਦਿੱਤਾ। ਆਪਣੇ ਨਾਵਾਂ ਨਾਲੋਂ ਸਿੰਘ ਜਾਂ ਕੌਰ ਲਾਹ ਕੇ ਉਹ ਗੁਰਦਾਸ ਮਾਨ, ਭਗਵੰਤ ਮਾਨ ਤੇ ਹਰਭਜਨ ਮਾਨ ਬਣ ਕੇ ਲੋਕਾਂ ਵਿਚ ਮਕਬੂਲ ਹੋਣ ਲੱਗੇ। ਔਰਤਾਂ ਵੀ ਗੁਰਮੀਤ ਬਾਵਾ, ਪ੍ਰਮਿੰਦਰ ਸੰਧੂ, ਸਤਵਿੰਦਰ ਸੱਤੀ ਅਤੇ ਪੂਨਮ ਢਿੱਲੋਂ ਦੇ ਨਾਮ ਨਾਲ ਮਸ਼ਹੂਰ ਹੋਈਆਂ। ਸਿੰਘ ਜਾਂ ਕੌਰ ਲਾਉਣ ਨਾਲ ਉਨ੍ਹਾਂ ਦਾ ਸ਼ਾਇਦ ਰੁਤਬਾ ਘੱਟਦਾ ਸੀ। ਇਸੇ ਤਰ੍ਹਾਂ ਸ਼ਾਇਰਾਂ ਤੇ ਸਾਹਿਤਕਾਰਾਂ ਦੀ ਦੁਨੀਆਂ ਵਿਚ ਵੀ ਨਾਵਾਂ ਨਾਲੋਂ ਸਿੰਘ ਤੇ ਕੌਰ ਲਾਹ ਕੇ, ਇਤਿਹਾਸ ਤੇ ਪੰਨਿਆਂ ਦਾ ਸ਼ਿੰਗਾਰ ਬਣਨ ਲੱਗੇ। ਆਪਣੇ ਆਪ ਨੂੰ ਅਗਾਂਹਵਧੂ ਤੇ ਮਾਨਵਵਾਦੀ ਅਖਵਾਉਣ ਵਾਲੇ ਸਾਡੇ ਲੇਖਕ ਆਪਣੇ ਨਾਮਾਂ ਨਾਲੋਂ ਸਿੱਖੀ ਦੇ ਚਿੰਨ ਲਾਹੁਣ ਵਿਚ ਮਾਣ ਮਹਿਸੂਸ ਕਰਨ ਲੱਗੇ।

ਫਿਰ 1984 ਦਾ ਦੌਰ ਆਇਆ। ਇਸ ਵਿਚ ਬਾਕੀ ਭਾਰਤ ਵਿਚ ਵੱਸਣ ਵਾਲਿਆਂ ਨੂੰ ਸਿੱਖ ਹੋਣ ਦੇ ਨਾਤੇ ਜ਼ਲੀਲ ਕਰਕੇ ਕੁੱਤੇ ਦੀ ਮੌਤੇ ਮਾਰਿਆ ਗਿਆ। ਸਿੱਖਾਂ ਦੇ ਪਛਾਣੇ ਜਾਣ ਤੋਂ ਡਰਦੇ ਆਪਣੇ ਸਿਰ ਮੂੰਹ ਮਨਾਉਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਉਨ੍ਹਾਂ ਨੇ ਅਪਾਣੇ ਆਪ ਨੂੰ ਬਦਲੇ ਹਾਲਾਤ ਮੁਤਾਬਿਕ ਢਾਲ ਲਿਆ। ਉਹ ਹਿੰਦੂਆਂ ਵਿਚ ਫਿਰ ਜਜ਼ਬ ਹੋ ਗਏ। 1976 ਵਾਲੀ ਸਥਿਤੀ ਬਣ ਗਈ। ਉਨ੍ਹਾਂ ਵਾਸਤੇ ਦੋ ਹੀ ਰਸਤੇ ਸਨ ਜਾਂ ਉਹ ਸਭ ਘਰ-ਬਾਰ ਤੇ ਜਾਇਦਾਦਾਂ ਛੱਡ ਛੁਡਾ ਕੇ ਵਾਪਸ ਪੰਜਾਬ ਪਰਤ ਆਉਂਦੇ ਜਾਂ ਫਿਰ ਹਿੰਦੂਆਂ ਵਰਗੇ ਬਣ ਜਾਂਦੇ। ਉਨ੍ਹਾਂ ਨੇ ਦੂਜਾ ਮਾਰਗ ਅਪਨਾਇਆ। ਇਸ ਤਰ੍ਹਾਂ ਸਿੱਖੀ ਸਰੂਪ ਨੂੰ ਭਾਰੀ ਸੱਟ ਲੱਗੀ। ਪਰ ਕੁਝ ਕੁ ਸ਼ਰਧਾਵਾਨ ਸਿੱਖਾਂ ਨੂੰ ਛੱਡ ਕੇ ਕਿਸੇ ਨੇ ਪੰਥ ਦੀ ਡੁੱਬ ਰਹੀ ਬੇੜੀ ਲਈ ਆਹ ਦਾ ਨਾਅਰਾ ਨਾ ਮਾਰਿਆ। ਸਾਰਾ ਪੰਥ, ਸਾਰੇ ਰਾਜਨੀਤਕ ਤੇ ਧਾਰਮਿਕ ਨੇਤਾ ਤਮਾਸ਼ਬੀਨ ਬਣ ਕੇ ਵੇਖਦੇ ਰਹਿ ਗਏ। ਹਰ ਇਕ ਨੇ ਆਪਣੇ ਆਪ ਬਾਰੇ ਹੀ ਸੋਚਿਆ। ਸਿੱਖੀ ਕਿਨਾਰੇ ਖੜੀ ਸਿਸਕਦੀ ਰਹਿ ਗਈ।

ਅੱਜਕਲ੍ਹ ਵੀ ਸਿੱਖ ਜਗਤ ਵਿਚ ਸਿੱਖੀ ਸ਼ਰਧਾ ਦੀ ਘਾਟ ਨਹੀਂ। ਸਿੱਖ ਵਿਦਵਾਨਾਂ ਤੇ ਗੁਰੂ ਪਿਆਰਿਆਂ ਦੀ ਘਾਟ ਨਹੀਂ, ਸਿੱਖ ਕਥਾਕਾਰਾਂ, ਕੀਰਤਨੀਆਂ ਤੇ ਸਿੱਖ ਪ੍ਰੇਮੀਆਂ

ਦੀ ਘਾਟ ਨਹੀਂ। ਘਾਟ ਕੇਵਲ ਸੱਚੀ ਨੀਯਤ ਦੀ ਹੈ। ਅੱਜ ਸਿੱਖ ਜਗਤ ਵਿਚ ਕਿੰਨੇ ਆਖੰਡ ਪਾਠਾਂ ਦੀ ਲੜੀਆਂ ਚੱਲ ਰਹੀਆਂ ਹਨ। ਰੈਣ-ਸੂਬਾਈ ਕੀਰਤਨ ਹੋ ਰਹੇ ਹਨ। ਪਰ ਇਹ ਸਾਰੇ ਰੋਟੀਆਂ ਖ਼ਾਤਰ ਤਾਲ ਪੂਰੇ ਜਾ ਰਹੇ ਹਨ। ਆਪਣੇ ਕਾਰੋਬਾਰਾਂ ਵਿਚ ਵਾਧਾ ਹੋ ਰਿਹਾ ਹੈ। ਆਪਣੀ ਸ਼ੌਹਰਤ ਤੇ ਸਵੈਮਾਣ ਨੂੰ ਪੱਠੇ ਪਾਏ ਜਾ ਰਹੇ ਹਨ। ਆਪਣੀ ਹਊਮੈਂ ਦੀ ਅਉਧ ਨੂੰ ਲੰਮੇਰਾ ਕੀਤਾ ਜਾ ਰਿਹਾ ਹੈ। ਪਰ ਸਾਰਾ ਜ਼ਬਾਨੀ ਜਮਾਂ ਖਰਚ ਹੋ ਰਿਹਾ ਹੈ। ਗੋਗਲੂਆਂ ਤੋਂ ਮਿੱਟੀ ਝਾੜੀ ਜਾ ਰਹੀ ਹੈ। ਇਹ ਸਾਰੇ ਖੇਖਣ, ਆਪਣੀ ਸਿਆਸਤ ਨੂੰ ਹਰਾ ਕਰਨ ਲਈ ਤਰਲੇ ਹਨ। ਕੀ ਇਸ ਤਰ੍ਹਾਂ ਦੇ ਨਾਟਕਾਂ ਤੇ ਸਵਾਂਗਾਂ ਨਾਲ ਸਿੱਖੀ ਦਾ ਅਕਸ਼ ਸੁਧਾਰਿਆ ਜਾ ਸਕਦਾ ਹੈ ?

ਸਿੱਖੀ ਅੱਜ ਅਧੋਗਤੀ ਵੱਲ ਜਾ ਰਹੀ ਹੈ। ਸਿੱਖੀ ਦੇ ਅਟੱਲ ਅਸੂਲ ਤੇ ਕਾਨੂੰਨ ਹਨ। ਅੱਜ ਦੇ ਸਿੱਖ ਉਨ੍ਹਾਂ ਦੀ ਜਾਣ ਬੁਝ ਕੇ ਉਲੰਘਣਾਂ ਕਰ ਰਹੇ ਹਨ। ਅੱਜਕਲ੍ਹ ਕਿਸੇ ਨੂੰ ਸਰਬੱਤ ਖਾਲਸਾ ਬਲਾਉਣ ਦਾ ਚੇਤਾ ਨਹੀਂ। ਅਕਾਲ ਤਖਤ ਦੀ ਸੰਸਥਾ ਸਾਡੀ ਮਨਮੁੱਖਤਾ ਨੇ ਖੋਖਲੀ ਕਰ ਦਿੱਤੀ ਹੈ। ਅੱਜਕਲ੍ਹ ਸ਼ਰੇਆਮ, ਅਕਾਲ ਤਖਤ ਤੇ ਫ਼ੁਰਮਾਨਾਂ ਦੀ ਉਲੰਘਣਾ ਕਰ ਰਹੇ ਹਨ। ਕੋਈ ਡੰਨ ਭੁਗਤਣ ਜਾਂ ਤਨਖਾਹੀਆਂ ਬਣਨ ਲਈ ਤਿਆਰ ਨਹੀਂ। ਸਾਡੇ ਦੋਖੀ ਸਿੱਖ ਦੀ ਅਜਿਹੀ ਅਵਸਥਾ ਵੇਖਣ ਲਈ ਬੇਤਾਬ ਹਨ। ਸਿੱਖੀ ਵਿਚ ਪਤਿਤਪੁਣਾ ਦਿਨੋ-ਦਿਨ ਵੱਧ ਰਿਹਾ ਹੈ। ਸਿੱਖਾਂ ਦੀਆ ਮਾਣਮੱਤੀਆਂ ਸੰਸਥਾਵਾਂ ਦਮ ਤੋੜ ਰਹੀਆਂ ਹਨ। ਕੋਈ ਇਨ੍ਹਾਂ ਦਾ ਵਾਲੀ ਵਾਰਿਸ ਨਹੀਂ। ਜੇਕਰ ਮੇਰੇ ਵੀਰੋ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਸਿੱਖੀ ਪੂਰੀ ਤਰ੍ਹਾਂ ਬੇਲਗਾਮ ਹੋ ਜਾਵੇਗੀ। ਫਿਰ ਇਸ ਦਾ ਵੀ ਇਹੀ ਹੋਵੇਗਾ ਜੋ ਅੱਜਕਲ੍ਹ ਹਿੰਦੂ ਜਾਂ ਇਸਲਾਮ ਦਾ ਹੋਇਆ ਹੈ। ਸਿੱਖੀ ਵੀ ਇਨ੍ਹਾਂ ਵਾਂਗ ਬੇਲਗਾਮ ਹੋ ਕੇ, ਆਪਣਾ ਗੌਰਵਮਈ ਇਤਿਹਾਸ ਵਿਸਾਰ ਰਹੀ ਹੈ।

# ਸੱਚ ਸੁਣਾਇਸੀ ਸੱਚ ਕੀ ਬੇਲਾ

ਅੱਜਕਲ੍ਹ ਦੇ ਸਿੱਖਾਂ ਸਰਦਾਰਾਂ ਨੇ, ਗੁਰੂ ਸਾਹਿਬਾਨ ਦੇ ਸੁਪਨਿਆਂ ਨੂੰ ਸਕਾਰ ਕਰਨ ਦੀ ਜਗ੍ਹਾ, ਉਨ੍ਹਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਸਿੱਖ ਜਗਤ ਅੱਜ ਕਲ੍ਹ ਉਹੀ ਦਲਦਲਾਂ, ਭਟਕਣਾਂ, ਭਰਮ-ਭੁਲੇਖਿਆਂ ਤੇ ਭੰਵਰਾਂ ਵਿਚ ਫਸਿਆ ਹੋਇਆ ਹੈ, ਜਿਸ ਵਿਚੋਂ ਉਨ੍ਹਾਂ ਨੇ ਸਾਨੂੰ ਕਦੀ ਕੱਢਣ ਦੀ ਸਿਰਤੋੜ ਘਾਲਣਾ ਕੀਤੀ ਸੀ। ਅਸੀਂ ਆਪਣੇ ਪਾਖੰਡਾਂ ਦੇ ਪਾਸਾਰ ਨਾਲ ਉਨ੍ਹਾਂ ਦੀ ਕੀਤੀ ਕੱਤਰੀ ਉੱਪਰ ਪਾਣੀ ਫੇਰ ਦਿੱਤਾ ਹੈ। ਜੇਕਰ ਉਨ੍ਹਾਂ ਦੀਆਂ ਮਹਾਨ ਆਤਮਾਵਾਂ ਸਾਡੇ ਲੋਕਾਂ ਦਾ ਭਰਮਣ ਕਰਨ ਤਾਂ ਸ਼ਾਇਦ ਉਹ ਵਰਤਮਾਨ ਸਿੱਖੀ ਨੂੰ ਮੂਲੋਂ ਹੀ ਨਕਾਰ ਦੇਣ। ਇਸ ਸਿੱਖੀ ਨੇ ਤਾਂ ਸਰਬ ਸੰਸਾਰ ਵਿਚ ਛਾ ਜਾਣਾ ਸੀ, ਇਹ ਤਾਂ ਹਾਲੇ ਆਪਣੀਆਂ ਹੱਦਾਂ ਅੰਦਰ ਹੀ ਭਟਕਦੀ ਫਿਰਦੀ ਹੈ। ਇਸ ਸਿੱਖ ਨੇ ਤਾਂ ਜਗਤ ਨੂੰ ਸੇਧ ਦੇਣੀ ਸੀ, ਉਸ ਨੂੰ ਅੱਜ ਖੁਦ ਸੇਧ ਦੀ ਜ਼ਰੂਰਤ ਹੈ। ਮੌਜੂਦਾ ਇਹ ਸਿੱਖ ਜਗਤ, ਪਾਖੰਡ ਤੇ ਦੰਭ ਦਾ ਅਲੌਕਿਕ ਪਸਾਰਾ ਹੈ। ਇਸ ਦੀ ਚਕਾਚੌਂਧ ਸਮੁੱਚੇ ਸਿੱਖ ਸੰਸਾਰ ਨੂੰ ਭਰਮਾ ਰਹੀ ਹੈ। ਪਰ ਅਕਲਾਂ ਬਾਜੋਂ ਬੇੜੇ ਪਾਰ ਨਹੀਂ ਹੁੰਦੇ। ਨਾ ਹੋਏ ਹਨ ਤੇ ਨਾ ਹੋਣੇ ਹਨ। ਉੱਨੀਵੀਂ ਸਦੀ ਤੋਂ ਅੱਜ ਤੱਕ ਸਿੱਖੀ ਜਗਤ ਵਿਚ ਅਮਲਾਂ ਦੀ ਜ਼ਬਰਦਸਤ ਘਾਟ ਹੈ। ਸਭ ਜ਼ਬਾਨੀ ਜਮਾਂ ਖਰਚ ਹੋ ਰਿਹਾ ਹੈ। ਅਸਲੀ ਸਿੱਖ, ਨਹੀਂ, ਸਿੱਖਾਂ ਵਰਗੇ ਕੁਝ ਚੁਸਤ ਚਲਾਕ ਲੋਕ, ਸਿੱਖਾਂ ਦੇ ਰਹਿਨੁਮਾ ਹੋਣ ਦਾ ਭਰਮ ਪਾਲ ਰਹੇ ਹਨ।

ਸਿੱਖੀ ਦੇ ਸੱਚੇ ਹਮਦਰਦਾਂ ਨੂੰ ਆਪਣੀ ਕੌਮ ਦਾ ਨਿਘਾਰ ਵੇਖ ਕੇ ਖਾਮੋਸ਼ ਨਹੀਂ ਰਹਿਣਾ ਚਾਹੀਦਾ। ਖਾਮੋਸ਼ ਤੇ ਅਵੇਸਲੇ ਰਹਿਣਾ ਸਰਾਸਰ ਬੁਜ਼ਦਿਲੀ ਹੈ। ਸਾਡੇ ਗੁਰੂ ਸਾਹਿਬਾਨ ਲੋਕਾਂ ਦੀ ਦੁਰਦਸ਼ਾ ਤੇ ਖਸਤਾ ਹਾਲਤ ਵੇਖ ਕੇ ਕਦੀ ਖਾਮੋਸ਼ ਨਹੀਂ ਰਹੇ। ਉਨ੍ਹਾਂ ਨੇ ਵਕਤ ਦੇ ਹਾਕਮਾਂ ਨੂੰ ਕੰਨ ਖੋਲ੍ਹ ਕੇ ਸੁਣਨ ਲਈ ਲਲਕਾਰਿਆ। ਹਾਕਮਾਂ ਨੂੰ ਉਨ੍ਹਾਂ ਦੀ ਚਿਤਾਵਨੀ ਨੂੰ ਸੰਜੀਦਗੀ ਨਾਲ ਸੁਣਨਾ ਪਿਆ। ਭਾਵੇਂ ਇਸ ਕਾਰਜ ਵਿਚ ਉਨ੍ਹਾਂ ਨੂੰ ਅਣਗਿਣਤ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਨੇ ਪਿੱਛੇ ਮੁੜਨ ਬਾਰੇ ਕਦੀ ਨਹੀਂ ਸੋਚਿਆ। ਇਸੇ ਤਰ੍ਹਾਂ ਉਨ੍ਹਾਂ ਦੇ ਬਾਅਦ ਗੁਰੂ ਦੇ ਪਿਆਰੇ ਦੁਲਾਰੇ ਸਿੱਖਾਂ ਨੇ ਆਪਣੇ ਭੁੱਲੇ ਭਟਕੇ ਭੈਣ-ਭਰਾਵਾਂ ਦੀ ਡੱਟ ਕੇ ਰਹਿਨੁਮਾਈ ਕੀਤੀ। ਉਨ੍ਹਾਂ ਨੇ ਜ਼ਾਲਮਾਂ ਦੇ ਤਿੱਖੇ ਤੇਵਰ ਵੇਖ ਕੇ ਕਦੀ ਵੀ ਉਹਦੇ ਨਾਲ ਸਮਝੌਤੇ ਜਾਂ ਸੁਲਾਹ ਸਫ਼ਾਈ ਦੀ ਗੱਲ ਨਹੀਂ ਛੇੜੀ। ਉਨ੍ਹਾਂ ਨੂੰ ਸਗੋਂ ਜ਼ੁਲਮ ਦਾ ਮੂੰਹ ਭੰਨਣ ਲਈ ਲੰਮੇਰੇ, ਦੁਖਦਾਈ ਤੇ ਘਣਸ਼ਾਮ ਯੁੱਧਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਆਪਣੇ ਲੋਕਾਂ ਦੇ ਦੁੱਖਾਂ ਤੇ ਦਰਦਾਂ

ਨੂੰ ਹਰਨ ਲਈ ਕਈ ਕਸ਼ਟਾਂ ਕਲੇਸ਼ਾਂ ਦਾ ਸੂਰਮਗਤੀ ਨਾਲ ਸਾਹਮਣਾ ਕੀਤਾ। ਉਨ੍ਹਾਂ ਨੇ ਜ਼ਾਲਮਾਂ ਨੂੰ ਸੱਚੀਆਂ-ਸੱਚੀਆਂ ਸੁਣਾਈਆਂ। ਸੱਚ ਦੇ ਬੋਲਣ ਦਾ ਵੀ ਇਕ ਵੇਲਾ ਹੁੰਦਾ ਹੈ। ਵੇਲੇ ਦੀ ਨਿਮਾਜ਼ ਤੇ ਕੁਵੇਲੇ ਦੀਆਂ ਟੱਕਰਾਂ ਹੁੰਦੀਆਂ ਹਨ।

ਸਿੱਖੀ ਦੇ ਪ੍ਰਚਾਰ ਲਈ ਸ੍ਰੀ ਗੁਰੂ ਅਮਰਦਾਸ ਨੇ ਬਾਈ ਮੰਜੀਆਂ ਨਿਯੁਕਤ ਕੀਤੀਆਂ ਸਨ। ਇਨ੍ਹਾਂ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਮਸੰਦ ਕਿਹਾ ਜਾਂਦਾ ਸੀ। ਪਹਿਲਾਂ ਤਾਂ ਇਹ ਮੰਜੀਆਂ ਦੇ ਸੇਵਾਦਾਰ ਸੱਚੇ ਸੁਚੇਤੇ ਧਰਮ ਵਿਚ ਪਰਪੱਕ ਸਨ ਪਰ ਬਾਅਦ ਵਿਚ ਇਹ ਲੋਕ ਭ੍ਰਿਸ਼ਟ ਹੋ ਕੇ ਸੇਵਾ ਦਾ ਚੜ੍ਹਾਵਾ ਖੁਦ ਹੀ ਕੋਲ ਰੱਖਣ ਲੱਗੇ ਤੇ ਗੁਰੂ ਘਰ ਨਾਲ ਠੱਗੀਆਂ ਮਾਰਨ ਲੱਗੇ। ਇਨ੍ਹਾਂ ਦੀਆ ਕਰਤੂਤਾਂ ਦੀ ਗੁਰੂ ਦੇ ਸਿੱਖਾਂ ਨੂੰ ਖ਼ਬਰ ਹੋ ਗਈ ਸੀ ਪਰ ਉਹ ਖਾਮੋਸ਼ ਰਹੇ। ਇਨ੍ਹਾਂ ਸ਼ਕਤੀਸ਼ਾਲੀ ਮਸੰਦਾਂ ਨਾਲ ਟੱਕਰ ਲੈਣ ਦੀ ਹਾਰੀ ਸਾਰੀ ਹਿੰਮਤ ਨਹੀਂ ਸੀ ਰੱਖਦਾ। ਸਿੱਖ ਉਨ੍ਹਾਂ ਦੀਆਂ ਧੱਕੇਸ਼ਾਹੀਆਂ ਚੁੱਪਚਾਪ ਸਹਿੰਦੇ ਰਹੇ ਤੇ ਉਹ ਗੁਰੂ ਘਰ ਨੂੰ ਚੂਨਾ ਲਾਉਂਦੇ ਰਹੇ। ਜਦੋਂ ਦਸ਼ਮੇਸ਼ ਪਿਤਾ ਦੀ ਜਾਣਕਾਰੀ ਵਿਚ ਇਹ ਗੱਲ ਲਿਆਂਦੀ ਗਈ ਤਾਂ ਉਨ੍ਹਾਂ ਨੇ ਇਨ੍ਹਾਂ ਪਾਪੀ ਮਸੰਦਾਂ ਨੂੰ ਬਖਸ਼ਣ ਦੀ ਬਜਾਏ, ਇਨ੍ਹਾਂ ਨੂੰ ਜ਼ਿੰਦਾ ਜਲਾਉਣਾ ਬਿਹਤਰ ਸਮਝਿਆ। ਮਸੰਦਾਂ ਨੂੰ ਅਗਾਂਹ ਤੋਂ ਕੰਨ ਹੋ ਗਏ।

ਪਰ ਸਮੇਂ ਨਾਲ ਚੰਗੀਆਂ ਸੰਸਥਾਵਾਂ ਵੀ ਨੁਕਸਦਾਰ ਹੋ ਜਾਂਦੀਆਂ ਹਨ। ਸਿੱਖ ਗੁਰੂ ਸਾਹਿਬਾਨ ਦੀ ਯਾਦ ਵਿਚ ਥਾਪੇ ਗੁਰਧਾਮ ਇਨ੍ਹਾਂ ਪੁਜਾਰੀਆਂ ਦੀ ਨਿਗਰਾਨੀ ਹੇਠ ਚੱਲ ਰਹੇ ਸਨ। ਇਨ੍ਹਾਂ ਨੂੰ ਹੁਣ ਮਹੰਤ ਆਖਿਆ ਜਾਂਦਾ ਸੀ। ਬਹੁਤੇ ਚੜ੍ਹਾਵੇ ਨਾਲ ਇਨ੍ਹਾਂ ਮਹੰਤਾਂ ਦੀ ਵੀ ਬੁੱਧੀ ਮਲੀਨ ਹੋ ਗਈ। ਉਹ ਗੁਰਧਾਮਾਂ ਦੀ ਪੂਜਾ ਨੂੰ ਆਪਣੀ ਨਿੱਜੀ ਕਮਾਈ ਸਮਝਣ ਲੱਗੇ। ਗੁਰਧਾਮ ਉਨ੍ਹਾਂ ਲਈ ਅਯਾਸ਼ੀ ਤੇ ਬਦਇਖ਼ਲਾਕੀ ਦੇ ਅੱਡੇ ਬਣ ਕੇ ਰਹਿ ਗਏ। ਅਜਿਹਾ ਇਕ ਮਹੰਤ ਨਰਾਇਣ ਦਾਸ ਸੀ। ਉਸ ਨੇ ਕਈ ਸਿੱਖ ਸ਼ਰਧਾਲੂਆਂ ਨੂੰ ਜ਼ਲੀਲ ਕੀਤਾ ਸੀ। ਲੋਕਾਂ ਦਾ ਵਿਦਰੋਹ ਉਸ ਦੇ ਖਿਲਾਫ਼ ਉੱਠਿਆ। ਉਸ ਨੇ ਭਾਵੇਂ ਆਪਣੇ ਹਥਿਆਰਬੰਦ ਗੁੰਡਿਆਂ ਨਾਲ ਸਿੱਖ ਸ਼ਰਧਾਲੂਆਂ ਨੂੰ ਸਬਕ ਸਿਖਾਉਣ ਲਈ ਨਨਕਾਣਾ ਸਾਹਿਬ ਦਾ ਸਾਕਾ ਰਚਾਇਆ ਪਰ ਉਸ ਨੂੰ ਮੂੰਹ ਦੀ ਖਾਣੀ ਪਈ। ਸਿੱਖ ਇਤਿਹਾਸਕ ਗੁਰਦੁਆਰੇ ਇਕ ਤੋਂ ਬਾਅਦ ਦੂਜੇ, ਮਹੰਤਾਂ ਦੇ ਸ਼ਿਕੰਜੇ ਵਿਚੋਂ ਨਿਕਲਣ ਲੱਗੇ। ਸਿੱਖਾਂ ਨੇ ਮਹੰਤਾਂ ਨੂੰ ਖਰੀਆਂ ਖਰੀਆਂ ਸੁਣਾਈਆਂ। ਸਰਕਾਰ ਅੱਗੇ ਮਹੰਤਾਂ ਨੂੰ ਨੰਗੇ ਕੀਤਾ। ਆਪਣੇ ਗੁਰਧਾਮਾਂ ਨੂੰ ਆਜ਼ਾਦ ਕਰਨ ਲਈ ਖੂਨੀ ਮੋਰਚੇ ਲਾਏ। ਆਖਿਰ ਸਰਕਾਰ ਤੇ ਉਹਦੇ ਬਦਨਾਮ ਮਹੰਤਾਂ ਨੂੰ ਗੁਰਧਾਮਾਂ ਦੇ ਪ੍ਰਬੰਧ ਛੱਡ ਕੇ ਨੱਸਣਾ ਪਿਆ। ਝੂਠ ਦੇ ਪੈਰ ਨਹੀਂ ਹੁੰਦੇ। ਇਹ ਮਹੰਤ ਇਕ ਇਕ ਕਰਕੇ ਸਾਰੇ ਦੁੰਮ ਦਬਾ ਕੇ ਦੌੜ ਗਏ। ਇਨ੍ਹਾਂ 'ਗੁਰੂ ਭਗਤਾਂ' ਨੇ ਸਿੱਖੀ ਨਾਲ ਰੱਜ ਕੇ ਧ੍ਰੋਹ ਕਮਾਇਆ ਹੈ।

ਸਭ ਤੋਂ ਵੱਡੀ ਕੁਤਾਹੀ ਉਸ ਵਕਤ ਹੋਈ ਜਦੋਂ ਵਿਸ਼ਾਲ ਹਿੰਦੁਸਤਾਨ, ਭਾਰਤ ਪਾਕਿਸਤਾਨ ਦਰਮਿਆਨ ਵੰਡਿਆ ਗਿਆ। ਸ੍ਰੀ ਲੰਕਾ ਤੇ ਬਰਮਾ ਨੂੰ ਪਹਿਲਾਂ ਹੀ ਅਜ਼ਾਦੀ ਮਿਲ ਚੁੱਕੀ ਸੀ। ਜਾਂਦੀ ਵਾਰੀ ਅੰਗਰੇਜ਼ਾਂ ਨੇ 'ਦੇਸੀ ਰਿਆਸਤਾਂ ਨੂੰ ਉਨ੍ਹਾਂ ਦੇ ਹਾਕਮਾਂ ਹਵਾਲੇ ਕਰ ਦਿੱਤਾ। ਸਿੱਖਾਂ ਦੀ ਇਕ ਵਿਸ਼ਾਲ ਰਿਆਸਤ ਨੂੰ ਅੰਗਰੇਜ਼ੀ ਰਾਜ

ਵਿਚ ਮਿਲਾਇਆ ਗਿਆ ਸੀ। ਜਾਂਦੀ ਵਾਰ ਉਸ ਦਾ ਰਾਜ ਪ੍ਰਬੰਧ ਸਿੱਖਾਂ ਦੇ ਹਵਾਲੇ ਕੀਤੇ ਜਾਣ ਦੀਆ ਵਿਚਾਰਾਂ ਵੀ ਅੰਗਰੇਜ਼ ਹਾਕਮਾਂ ਨੇ ਕੀਤੀਆਂ। ਬਰਤਾਨੀਆਂ ਦੇ ਪ੍ਰਧਾਨ ਮੰਤਰੀ ਚਰਚਿਲ ਨੇ ਸਿੱਖਾਂ ਦੇ ਨੁਮਾਇੰਦੇ ਬਲਦੇਵ ਸਿੰਘ ਨੂੰ ਅਗਲੇਰੀ ਬਾਤਚੀਤ ਲਈ ਉਸ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ। ਪਰ ਸਾਡੇ ਅਨਾੜੀ ਨੁਮਾਇੰਦੇ ਨੇ ਪੰਡਿਤ ਜਵਾਹਰ ਲਾਲ ਦੇ ਕਹਿਣ ਤੇ ਮਿਸਟਰ ਚਰਚਿਲ ਨਾਲ ਮੁਲਾਕਾਤ ਰੱਦ ਕਰ ਦਿੱਤੀ। ਸਿੱਖਾਂ ਦੀ ਸਿਆਸੀ ਸੂਝ ਦਾ ਜਨਾਜ਼ਾ ਨਿਕਲ ਗਿਆ। ਇਕ ਘੜੀ ਦੀ ਖੁੱਸੀ ਕੋਹਾਂ ਤੇ ਜਾ ਪਈ। ਈਦ ਮਗਰੋਂ ਤੂੰਬਾ ਫੂਕਣ ਦੀ ਕੀ ਤੁੱਕ ਹੈ ?

ਸਾਡੇ ਕੌਮੀ ਸ਼ਾਤਰ ਨੇਤਾਵਾਂ ਨੇ ਸਿੱਖਾਂ ਨੂੰ ਲਾਰੇ ਲੱਪੇ ਲਾ ਕੇ ਆਪਣੇ ਨਾਲ ਗੰਢੀ ਰੱਖਿਆ। ਮਗਰੋਂ ਉਹ ਅਰਾਮ ਨਾਲ ਮੁੱਕਰ ਗਏ। ਜਦੋਂ ਫ਼ਸਲ ਪੱਕੀ ਸੀ ਤਾਂ ਸਾਡੀ ਕੌਮ ਦੇ ਨੇਤਾ ਸਹੀ ਪਹਿਰੇਦਾਰੀ ਨਾ ਕਰ ਸਕੇ। ਸੁੱਤੇ ਰਹੇ। ਜਦੋਂ ਫ਼ਸਲ ਚੁਗੀ ਗਈ ਤਾਂ ਮਗਰੋਂ ਹਾਲ ਪਾਰਿਆ ਕਰਨ ਦਾ ਕੀ ਪ੍ਰਯੋਜਨ ਰਹਿ ਜਾਂਦਾ ਹੈ ? 'ਚੱਕੀ ਪੀਹ ਕੇ ਸੁੱਤੀ ਤੇ ਆਟਾ ਖਾ ਗਈ ਕੁੱਤੀ।' ਇਥੇ ਤਾਂ ਕਈ ਜਾਗਦੇ ਹੱਥ ਮਲਦੇ ਰਹਿ ਜਾਂਦੇ ਹਨ, ਭਲਾ ਸੁੱਤਿਆਂ ਨੂੰ ਕੀ ਮਿਲਣਾ ਸੀ ! ਬਾਅਦ ਵਿਚ ਪੰਥ ਦੇ 'ਬੇਤਾਜ਼ ਬਾਦਸ਼ਾਹ' ਨੇ ਸਿੱਖਾਂ ਦੇ ਹੱਕਾਂ ਬਾਰੇ ਮੋਰਚੇ ਲਾਏ ਪਰ ਹਰ ਵਾਰੀ ਗੌਂਗਲੂਆਂ ਤੋਂ ਮਿੱਟੀ ਝਾੜ ਕੇ ਉਨ੍ਹਾਂ ਨੂੰ ਵਰਚਾਇਆ ਗਿਆ। ਸਭ ਬੇਕਾਰ। ਬਾਅਦ ਵਿਚ ਸੰਤ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੇ ਵੀ ਖਾਲਿਸਤਾਨ ਲਈ ਜਦੋ-ਜਹਿਦ ਕੀਤੀ ਪਰ ਕੌਮ ਘੂਕ ਸੁੱਤੀ ਹੋਣ ਕਰਕੇ, ਸਭ ਧਰੀਆਂ ਧਰਾਈਆਂ ਰਹਿ ਗਈਆਂ। ਸਭ ਤੋਂ ਵੱਧ ਫਾਂਸੀਆਂ, ਕਾਲੇ ਪਾਣੀਆਂ ਤੇ ਉਮਰ ਕੈਦਾਂ ਕੱਟਣ ਵਾਲਿਆਂ ਦਾ ਇਹ ਹਾਲ ਹੋਇਆ। ਇਹ ਕੌਮ ਨਾਲ ਕੋਝੇ ਮਜ਼ਾਕ ਕੀਤੇ ਗਏ। ਸਿੱਖਾਂ ਦੇ ਘਰ ਪੰਜਾਬ ਨੂੰ ਉਸ ਦੇ ਦਰਿਆਈ ਪਾਣੀਆਂ, ਭਾਖੜਾ ਡੈਮ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਵਿਰਵੇ ਕੀਤਾ ਗਿਆ। ਸਭ ਤੋਂ ਨਹਿਸ਼ ਦਿਨ ਉਸ ਵਕਤ ਚੜ੍ਹਿਆ, ਜਦੋਂ ਉਨ੍ਹਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਰਾਰ ਦੇਣ ਦੇ ਫੁਰਮਾਨ ਛੱਡੇ ਗਏ। ਜਿਸ ਕੌਮ ਕੋਲ ਵਿਦਿਆ, ਸਿਆਸੀ ਸਿਆਣਪ ਤੇ ਵੇਲੇ ਦੀ ਨਮਾਜ਼ ਖੁੰਝਾਉਣ ਦੀ ਕਮੀ ਤੇ ਕਮਜ਼ੋਰੀ ਹੋਵੇ, ਉਸ ਕੌਮ ਦਾ ਭਵਿੱਖ ਹਮੇਸ਼ਾ ਧੁੰਦਲਾ ਰਹਿਣਾ ਲਾਜ਼ਮੀ ਸੀ। ਸਾਡੀਆਂ ਕੌਮੀ ਕਮਜ਼ੋਰੀਆਂ ਨੇ ਸਾਨੂੰ ਹਮੇਸ਼ਾ ਘੁੰਮਣ-ਘੇਰੀਆਂ ਵਿਚ ਹੀ ਫਸਾਈ ਰੱਖਿਆ ਹੈ।

ਸਾਡੇ ਸਵਾਰਥੀ ਨੇਤਾਵਾਂ ਨੇ ਕੌਮ ਨੂੰ ਹਮੇਸ਼ਾ ਹਨੇਰਿਆਂ ਵਿਚ ਹੀ ਰੱਖਿਆ ਹੈ। ਆਪਣੇ ਸੌੜੇ ਤੇ ਸੰਕੀਰਨ ਮੁਫ਼ਾਦਾਂ ਦੀ ਖ਼ਾਤਰ ਸਮੁੱਚੀ ਕੌਮ ਨੂੰ ਬਲਦੀ ਦੇ ਬੂੱਥੇ ਝੋਕੀ ਰੱਖਿਆ ਹੈ। ਅੱਜ ਫਿਰ ਅਸੀਂ ਭਾਰਤ ਨਾਲ ਥੰਮ ਵਾਂਗ ਖੜੇ ਹਾਂ। ਪੰਜਾਬ ਕੀ ਸਾਨੂੰ ਸਮੁੱਚੇ ਭਾਰਤ ਨੂੰ ਖਾਲਿਸਤਾਨ ਸਮਝਣਾ ਚਾਹੀਦਾ ਹੈ। ਜਦੋਂ ਅਸੀਂ ਇਕ ਵਾਰ ਭਾਰਤ ਨੂੰ ਆਪਣਾ ਵਤਨ ਮੰਨ ਲਿਆ ਤਾਂ ਸਾਨੂੰ ਬਾਰ-ਬਾਰ ਕਿੰਤੂ-ਪ੍ਰੰਤੂ ਕਰਕੇ, ਆਪਣੀ ਵਿਚਾਰਧਾਰਾ ਨੂੰ ਦੇਸ਼ ਵਾਸੀਆਂ ਦੀਆਂ ਨਜ਼ਰਾਂ ਵਿਚ ਸ਼ੱਕੀ ਨਹੀਂ ਬਣਾਉਣਾ ਚਾਹੀਦਾ। ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਸਿੱਖ ਸਰਦਾਰ ਹੋਵੇ, ਉਸ ਨੂੰ ਹੋਰ ਕੀ ਚਾਹੀਦਾ ਹੈ ? ਸਿੱਖ ਦਾ ਇਹ ਹਮੇਸ਼ਾ ਕਿਰਦਾਰ ਰਿਹਾ ਹੈ ਕਿ ਜਿਥੇ ਉਹ ਇਕ ਵਾਰੀ ਝੰਡਾ ਗੱਡ ਦੇਣ, ਉਹ

ਅਗਾਂਹ ਪਿਛਾਂਹ ਨਹੀਂ ਝਾਕਦੇ। ਦੋਚਿੱਤੀ ਦੀ ਭਾਵਨਾ ਸਰਦਾਰਾਂ ਵਿਚ ਨਹੀਂ ਹੁੰਦੀ। ਸਾਡਾ ਇਤਿਹਾਸ ਸਾਡੇ ਇਸ ਕਿਰਦਾਰ ਦਾ ਜੀਂਦਾ ਜਾਗਦਾ ਗਵਾਹ ਹੈ। ਅੱਜ ਭਾਰਤ ਨੇ ਹੀ ਸਾਡੀ ਤਕਦੀਰ ਘੜੀ ਹੈ।

ਅਸੀਂ ਭਾਵੇਂ ਕਿੰਨੇ ਖੱਜਲ-ਖੁਆਰ ਹੋਏ ਹਾਂ ਪ੍ਰੰਤੂ ਸਾਡੇ ਨੇਤਾ ਅਜੇ ਤੱਕ ਇਕ ਦੂਜੇ ਦੀ ਕੌਮ ਨੂੰ ਠਿੱਬੀ ਲਾਉਣ ਦੀ ਤਾਕ ਵਿਚ ਹਨ। ਸਾਡੇ ਗੁਰੂ ਸਾਹਿਬਾਨ ਨੇ, ਅਣਗਿਣਤ ਘਾਲਣਾ ਘਾਲ ਕੇ, ਸਾਨੂੰ ਖਾਲਸਾ ਸਾਜਿਆ ਸੀ। ਸਾਨੂੰ ਖਾਲਸੇ ਦਾ ਰੂਪ ਦੇ ਕੇ, ਉਨ੍ਹਾਂ ਉੱਪਰ ਅੰਤਾਂ ਦਾ ਅਹਿਸਾਨ ਕੀਤਾ ਸੀ। ਖਾਲਸੇ ਦੀ ਸੰਗਤ ਰਹਿਣੀ-ਬਹਿਣੀ, ਕਿਰਦਾਰ ਤੇ ਸੀਰਤ ਜੱਗ ਤੋਂ ਵੱਖਰੀ ਬਣਾਈ ਸੀ। ਇਸ ਖਾਲਸੇ ਨੂੰ ਸੰਸਾਰ ਵਿਚ ਅਮਨ ਅਮਾਨ, ਸਮਾਜਿਕ ਭਾਈਚਾਰਾ ਤੇ ਸਾਂਝੀਵਾਲਤਾ ਸਥਾਪਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਸਾਜਿਆ ਗਿਆ ਸੀ। ਇਸ ਖਾਲਸੇ ਨੇ ਭਾਰਤ ਕੀ, ਦੁਨੀਆਂ ਵਿਚ ਵਿਚ ਕਈ ਅਨੰਦਪੁਰ ਸਥਾਪਿਤ ਕਰਨੇ ਹਨ। ਅਜੋਕੀ ਦੁਨੀਆਂ ਨੂੰ ਅਸਾਂ ਗੁਰੂ ਦੀ ਬਾਣੀ ਨਾਲ ਸ਼ਾਂਤ ਕਰਨਾ ਹੈ। ਅਸਾਂ ਧਰਤੀ ਦੇ ਚੱਪੇ ਚੱਪੇ ਨੂੰ ਪਿਆਰ, ਹਮਦਰਦੀ ਤੇ ਸਰਬ ਸਾਂਝੀਵਾਲਤਾ ਦਾ ਪੈਗ਼ਾਮ ਦੇਣਾ ਹੈ। ਮਾਨਵਤਾ ਨੂੰ ਅੱਜ ਇਸ ਪੈਗ਼ਾਮ ਦੀ ਸਖ਼ਤ ਜ਼ਰੂਰਤ ਹੈ। ਭਾਰਤ ਵਿਚੋਂ ਉਦੈ ਹੋ ਕੇ, ਇਹ ਮਾਨਵਵਾਦੀ ਮਜ਼ਹਬ ਸਾਰੇ ਸੰਸਾਰ ਵਿਚ ਪਸਰਨ ਦੀ ਸਮਰੱਥਾ ਰੱਖਦਾ ਹੈ। ਜਦੋਂ ਇਹ ਅਦੁੱਤੀ ਧਰਮ ਦੀ ਖੁਸ਼ਬੋ, ਸਾਰੇ ਜਗਤ ਨੂੰ ਮਹਿਕਾਏਗੀ ਤਾਂ ਪੰਜਾਬ ਕੀ ਸਾਰੀ ਦੁਨੀਆਂ ਖਾਲਿਸਤਾਨ ਦਾ ਰੂਪ ਧਾਰਨ ਕਰ ਲਵੇਗੀ। ਸਾਡੇ ਗੁਰੂ ਸਾਹਿਬਾਨ ਦਾ ਇਹ ਸੁਪਨਾ ਸੀ। ਇਸ ਨੂੰ ਸਾਕਾਰ ਕਰਕੇ ਸਦੀਆਂ ਦਾ ਬੋਝ ਉਤਾਰਨਾ ਹੈ। ਇਹ ਤਦ ਹੀ ਵਾਪਰ ਸਕਦਾ ਹੈ, ਜੇਕਰ ਅਸੀਂ ਸੱਚੇ-ਸੁੱਚੇ ਤੇ ਕਿਰਦਾਰੀ ਸਿੱਖ ਬਣ ਕੇ ਵਿਖਾਈਏ। ਦੁਨੀਆਂ ਦੇ ਬਾਕੀ ਲੋਕ ਸਾਡੇ ਵੱਲ ਵੇਖ ਕੇ ਸਿੱਖੀ ਧਾਰਨ ਕਰਨ ਵਿਚ ਗੌਰਵ ਮਹਿਸੂਸ ਕਰਨ। ਬਰੂਦ ਦੇ ਢੇਰ ਉੱਤੇ ਖੜੀ ਅੱਜ ਇਹ ਦੁਨੀਆਂ ਤਦ ਹੀ ਸੁਖ ਦਾ ਸਾਹ ਲਵੇਗੀ, ਜਦੋਂ ਗੁਰੂ ਸਾਹਿਬਾਨ ਦੇ ਮਾਰਗ ਨੂੰ ਸ਼ਾਹ ਮਾਰਗ ਮੰਨ ਕੇ, ਇਸ ਉੱਪਰ ਚੱਲਣ ਦਾ ਤਹੱਈਆ ਕਰੇਗੀ। ਇਸ ਵਿਸ਼ਵਰੂਪੀ ਖਾਲਿਸਤਾਨ ਤੋਂ ਤ੍ਰਬਕਣ ਦੀ ਨਹੀਂ ਸਗੋਂ ਇਸ ਨੂੰ ਗਲੇ ਲਾਉਣ ਦੀ ਲੋੜ ਹੈ। ਇਹ ਹੀ ਸਾਡੀ ਸਭਨਾਂ ਦੀ ਬੇੜੀ ਬੰਨੇ ਲਗਾ ਸਕਦਾ ਹੈ। ਅਸਾਂ ਤਾਂ ਸਿੱਖੀ ਨੂੰ ਬੇਦਾਵਾ ਦੇ ਰੱਖਿਆ ਹੈ। ਸਤਿਗੁਰੂ ਅੱਜ ਫਿਰ ਕ੍ਰਿਪਾ ਕਰਕੇ, ਸਾਡੀ ਟੁੱਟੀ ਗੰਢਣ, ਇਹੀ ਅਰਦਾਸ ਹੈ।

# ਜਾਤ ਪਾਤ ਦਾ ਟੰਟਾ

ਮੰਨੂੰ ਮਹਾਰਾਜ ਦੇ ਸਮੇਂ ਤੋਂ ਜਾਤ-ਪਾਤ ਦਾ ਦੀਰਘ ਰੋਗ ਪ੍ਰਛਾਵੇ ਵਾਂਗ ਸਾਡੇ ਸਮਾਜ ਦਾ ਪਿੱਛਾ ਕਰ ਰਿਹਾ ਹੈ। ਇਹ ਜਾਤ ਪ੍ਰਣਾਲੀ ਨੇ ਭਾਰਤੀ ਸਮਾਜ ਨੂੰ ਲੀਰੋ-ਲੀਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਜਾਤਾਂ ਵਿਚ ਯਕੀਨ ਰੱਖਣ ਵਾਲੇ, ਇਕ ਜਾਤ ਦਾ ਦੂਜੀ ਨਾਲ ਮੇਲ ਜੋਲ ਕਰਨਾ ਗੁਨਾਹ ਸਮਝਦੇ ਹਨ। ਇਕ ਜਾਤ ਦਾ ਦੂਜੀ ਨਾਲ ਮੇਲਜੋਲ ਕਰਨਾ ਗੁਨਾਹ ਸਮਝਦੇ ਹਨ। ਇਕ ਜਾਤ ਦੂਜੀ ਨੂੰ ਨਫ਼ਰਤ ਨਿਗਾਹਾਂ ਨਾਲ ਵੇਖਦੀ ਹੈ। ਜਦੋਂ ਕੋਈ ਲੜਕਾ-ਲੜਕੀ, ਆਪਣੀ ਜਾਤ ਨੂੰ ਛੱਡ ਕੇ, ਦੂਜੀ ਨਾਲ ਕੋਈ ਸਮਾਜਿਕ ਰਿਸ਼ਤਾ ਬਣਾਉਂਦਾ ਹੈ ਤਾਂ ਆਪਣੇ ਜਾਤੀ ਅਭਿਮਾਨ ਨੂੰ ਉਹ ਅਣਖ ਸਮਝ ਕੇ ਅਜਿਹੀ ਗੁਸਤਾਖ਼ੀ ਜਾਂ ਗੁਨਾਹ ਕਰਨ ਵਾਲੇ ਨੂੰ ਮਾਰ ਮੁਕਾਣ ਤੋਂ ਗੁਰੇਜ਼ ਨਹੀਂ ਕਰਦੇ। ਆਪਣੀ ਅਣਖ ਨੂੰ ਪਾਲਦੇ ਹੋਏ ਉਹ ਇਨ੍ਹਾਂ ਗੁਨਾਹੀਆਂ ਨੂੰ ਕਰੜੀ ਤੋਂ ਕਰੜੀ ਸਜ਼ਾ ਦੇ ਕੇ ਸੰਤੁਸ਼ਟ ਹੁੰਦੇ ਹਨ। ਇੱਕਵੀਂ ਸਦੀ ਵਿਚ ਸਾਡੇ ਸਮਾਜ ਵਿਚ ਅਜਿਹੀਆਂ 'ਅਣਖੀ ਮੌਤਾਂ' ਜਾਰੀ ਹਨ। ਪੂਰੇ ਪੰਚਾਇਤਾਂ ਅਜਿਹੇ ਪਰਿਵਾਰਾਂ ਦਾ ਹੁੱਕਾ ਪਾਣੀ ਬੰਦ ਕਰਕੇ, ਉਨ੍ਹਾਂ ਨੂੰ ਆਪਣਾ ਪਿੰਡ ਜਾਂ ਮੁਹੱਲਾ ਛੱਡਣ ਦਾ ਫ਼ੁਰਮਾਨ ਵੀ ਜਾਰੀ ਕਰਦੇ ਹਨ। ਇਹ ਮਾਮੇ ਹੀਰ ਦੇ।

ਭਾਵੇਂ ਸਿੱਖ ਸਮਾਜ ਵਿਚ, ਸਿੱਖੀ ਦੇ ਸਿਧਾਂਤਾਂ ਮੁਤਾਬਿਕ ਜਾਤ-ਪਾਤ ਲਈ ਕੋਈ ਜਗ੍ਹਾ ਨਹੀਂ। ਗੁਰੂ ਸਾਹਿਬਾਨ ਨੇ ਫ਼ੁਰਮਾਇਆ ਹੈ, "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ।" "ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।" ਪਰ ਇਨ੍ਹਾਂ ਉਪਦੇਸ਼ਾਂ ਨੂੰ ਸਿੱਖ ਜਗਤ ਨੇ ਬਹੁਤਾ ਤਾਂ ਗੌਲਿਆ ਨਹੀਂ। ਪਹਿਲਾਂ ਸੋਚਿਆ ਜਾਂਦਾ ਸੀ ਕਿ ਇਹ ਬਿਰਤੀ ਅਨਪੜ੍ਹਤਾ ਕਾਰਨ ਹੈ ਪਰ ਅੱਜਕਲ੍ਹ ਤਾਂ ਪੜ੍ਹੇ ਲਿਖੇ ਪਰਿਵਾਰ ਵੀ ਇਸ ਰੋਗ ਦੇ ਸਗੋਂ ਵਧੇਰੇ ਸ਼ਿਕਾਰ ਹਨ। ਉੱਚੀਆਂ ਜਾਤਾਂ ਕਹਿਲਾਉਣ ਵਾਲੇ, ਨੀਵੀਆਂ ਜਾਤਾਂ ਨਾਲ ਰਿਸ਼ਤੇ ਨਾਤੇ ਜੋੜਨੇ ਗੁਨਾਹ ਸਮਝਦੇ ਹਨ। ਆਪਣੇ ਤੋਂ ਨੀਵੀਂ ਜਾਤੀ ਦੇ ਹੋਣਹਾਰ ਲੜਕੇ ਨਾਲ ਆਪਣੀ ਨਲਾਇਕ ਧੀ ਵਿਆਹੁਣ ਨਾਲੋਂ ਉਹਦਾ ਗਲ ਘੁੱਟ ਕੇ ਮਾਰਨਾ ਬਿਹਤਰ ਸਮਝਦੇ ਹਨ। ਜਦੋਂ ਕੋਈ ਨੀਵੀਂ ਜਾਤ ਵਾਲੀ ਸੋਹਣੀ ਸੁਣੱਖੀ ਪੜ੍ਹੀ ਲਿਖੀ ਤੇ ਅਕਲਮੰਦ ਲੜਕੀ ਕਿਸੇ ਉੱਚੀ ਜਾਤ ਵਾਲੇ ਅਕਲ ਦੇ ਅੰਨ੍ਹੇ ਨਾਲ ਵਿਆਹੀ ਜਾਵੇ ਤਾਂ ਉੱਚੀ ਜਾਤ ਵਾਲੇ ਆਪਣੀ ਜਾਤ ਤੇ ਜਨਮ ਨੂੰ ਭ੍ਰਿਸ਼ਟ ਸਮਝਣ ਲੱਗ ਪੈਂਦੇ ਹਨ। ਜਿਥੇ ਜਾਤ ਦਾ ਸਵਾਲ ਹੈ ਉਥੇ ਯੋਗਤਾ, ਵਿਦਿਆ ਤੇ ਲਿਆਕਤ ਦਾ ਟਕਾ ਮੁੱਲ ਨਹੀਂ। ਜਾਤ ਨੂੰ ਧਰਮ ਨਾਲੋਂ ਕਈ ਗੁਣਾਂ ਵਧੇਰੇ ਤਰਜ਼ੀਹ ਦਿੱਤੀ ਜਾਂਦੀ ਹੈ। ਇਹ

ਸਾਡੀ ਸਿੱਖੀ ਦਾ ਮੌਜੂਦਾ ਚਿਹਰਾ ਹੈ। ਵੇਖ ਕੇ ਸ਼ਰਮ ਆਉਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਰੀ ਉਮਰ ਮਰਦਾਨੇ ਨੂੰ ਨਾਲ ਲੈ ਕੇ ਜਗਤ ਜਲੰਦੇ ਦੇ ਦੁੱਖ ਦਰਦ ਹਰਦੇ ਰਹੇ। ਉਹ ਮਲਿਕ ਭਾਗੋ ਨਾਲੋਂ ਭਾਈ ਲਾਲੋ ਦੀ ਕੋਧਰੇ ਦੀ ਸੁੱਕੀ ਮਿੱਸੀ ਰੋਟੀ ਖਾ ਕੇ ਖੁਸ਼ ਹੁੰਦੇ ਹਨ। ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਦੀ ਪੈੜ ਪਾ ਕੇ, ਸਭਨਾਂ ਨੂੰ ਇਕੋ ਥਾਂ ਭੋਜਨ ਛਕਾਇਆ ਕਰਦੇ ਸਨ। ਅਕਬਰੇ ਆਜ਼ਮ ਨੂੰ ਮਿਲਣ ਦਾ ਸਮਾਂ ਉਸ ਵਕਤ ਬਖਸ਼ਿਆ ਜਦੋਂ ਉਹ ਖੁਦ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕ ਰਹੇ ਸਨ। ਗੁਰੂ ਘਰ ਵਿਚ ਵੱਡੇ ਛੋਟੇ ਤੇ ਊਚ-ਨੀਚ ਦਾ ਕੋਈ ਵਿਚਾਰ ਨਹੀਂ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਮੁੱਖ ਦੁਆਰ ਇਸ ਸਿਧਾਂਤ ਦੇ ਪ੍ਰਤੀਕ ਸਨ ਕਿ ਕੋਈ ਵੀ ਇਸ ਘਰ ਵਿਚ ਪ੍ਰਵੇਸ਼ ਕਰ ਸਕਦਾ ਹੈ। ਕੋਈ ਜਾਤ-ਪਾਤ, ਊਚ-ਨੀਚ, ਧਰਮ ਜਾਂ ਫ਼ਿਰਕੇ ਵਾਲਾ ਇਸ ਮੰਦਰ ਵਿਚ ਨਿਸੰਗ ਹੋ ਕੇ ਪ੍ਰਸੰਗ ਕਰ ਸਕਦਾ ਸੀ।

ਦਸ਼ਮੇਸ਼ ਪਿਤਾ ਦੇ ਪੰਜ ਪਿਆਰੇ ਤਾਂ ਸਭਨਾਂ ਜਾਤਾਂ ਵਿਚੋਂ ਸਨ। ਉਨ੍ਹਾਂ ਨੇ ਖਾਲਸਾ ਸਾਜਣ ਵੇਲੇ ਇਹ ਨਹੀਂ ਸੀ ਕਿਹਾ ਕਿ ਉਨ੍ਹਾਂ ਨੂੰ ਫਲਾਣੀ ਜਾਤੀ ਵਾਲੇ ਦਾ ਸੀਸ ਚਾਹੀਦਾ ਹੈ। ਅੰਮ੍ਰਿਤ ਛਕਾਉਣ ਵੇਲੇ ਉਨ੍ਹਾਂ ਕਿਸੇ ਪਿਆਰੇ ਨੂੰ ਨਹੀਂ ਸੀ ਪੁੱਛਿਆ ਕਿ ਤੂੰ ਕਿਸ ਜਾਤੀ ਨਾਲ ਸੰਬੰਧਿਤ ਹੈ ? ਉਹ ਆਪਣੇ ਸਿੱਖਾਂ ਨੂੰ ਨਿਵਾਜਣ ਵੇਲੇ ਕਦੀ ਇਹ ਨਹੀਂ ਸਨ ਸੋਚਦੇ ਕਿ ਇਹ ਸਿੱਖ ਕਿਹੜੀ ਜਾਤੀ ਵਿਚੋਂ ਹੈ ? ਪਹਾੜੀ ਰਾਜਿਆਂ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਸੀ ਕਿ ਜੇਕਰ ਉਹ ਨੀਵੀਆਂ ਜਾਤੀਆਂ ਵਾਲਿਆਂ ਨੂੰ ਉਨ੍ਹਾਂ ਨਾਲ ਸੰਗਤ ਤੇ ਪੰਗਤ ਕਰਨ ਲਈ ਮਜ਼ਬੂਰ ਨਾ ਕਰਨ ਤਾਂ ਉਹ ਵੀ ਗੁਰੂ ਦੀ ਸ਼ਰਨ ਵਿਚ ਆ ਸਕਦੇ ਹਨ। ਗੁਰੂ ਜੀ ਨੇ ਇਸ 'ਨੇਕ ਸਲਾਹ ਨੂੰ' ਨਜ਼ਰ ਅੰਦਾਜ਼ ਕਰ ਦਿੱਤਾ ਅਤੇ ਨੀਵੀਆਂ ਜਾਤੀਆਂ ਵਾਲਿਆਂ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਫੁਰਮਾ ਕੇ ਗਲੇ ਲਗਾਇਆ। ਇਸੇ ਲਈ ਪਹਾੜੀ ਹਿੰਦੂ ਰਾਜੇ ਗੁਰੂ ਜੀ ਦੇ ਜਾਨੀ ਦੁਸ਼ਮਣ ਬਣ ਗਏ। ਇਹ ਸੀ ਸਾਡੇ ਗੁਰੂ ਸਾਹਿਬਾਨ ਦੀ ਅਦੁੱਤੀ ਕਿਰਦਾਰ, ਜਿਸ ਨੂੰ ਵਰਤਮਾਨ ਸਿੱਖ ਜਗਤ ਨੇ ਆਪਣੇ ਹਿੱਤਾਂ ਕਾਰਨ ਅਣਗੌਲਿਆਂ ਕਰ ਦਿੱਤਾ ਹੈ।

ਬਹੁਤੇ ਸਿੱਖ ਨੀਵੀਆਂ, ਜਾਤਾਂ ਵਿਚੋਂ ਸਿੱਖੀ ਵੱਲ ਆਏ ਸਨ। ਬਹੁਤੇ ਸਿੱਖ ਉਸ ਵਕਤ ਗਰੀਬ ਤੇ ਅਨਪੜ੍ਹ ਸਨ। ਉਨ੍ਹਾਂ ਦੇ ਇਰਦ-ਗਿਰਦ ਪੜ੍ਹੇ-ਲਿਖੇ ਬ੍ਰਾਹਮਣ ਤੇ ਖੱਤਰੀ ਰਹਿੰਦੇ ਸਨ। ਅਕਲਾਂ ਵਾਲੇ ਹਮੇਸ਼ਾ ਅਨਪੜ੍ਹਾਂ ਨੂੰ ਮਗਰ ਲਾ ਲੈਂਦੇ ਹਨ। ਗੁਰੂ ਸਾਹਿਬਾਨ ਤੋਂ ਬਾਅਦ ਦੇ ਸਮਿਆਂ ਵਿਚ, ਜਿਹੜਾ ਸਿੱਖ ਜਿਸ ਜਾਤ ਵਿਚੋਂ ਆ ਕੇ ਸਿੱਖੀ ਅਪਨਾਉਂਦਾ ਸੀ, ਉਸੇ ਜਾਤ ਨਾਲ ਚਿਮੜਿਆ ਰਹਿੰਦਾ। ਉੱਚੀ ਜਾਤ ਦੇ ਸਿੱਖਾਂ ਦੇ ਨੀਵੀਂ ਜਾਤ ਦੇ ਸਿੱਖਾਂ ਨੂੰ ਬਹੁਤ ਘੱਟ ਬਰਾਬਰੀ ਦਾ ਦਰਜਾ ਦਿੱਤਾ ਹੈ। ਨੀਵੀਆਂ ਜਾਤਾਂ ਵਾਲੇ ਦੋ ਨੰਬਰ ਦੇ ਸਿੱਖ ਅਖਵਾਏ ਜਾਣ ਲੱਗੇ ਭਾਂਵੇਂ ਉਨ੍ਹਾਂ ਦੀ ਸ਼ਰਧਾ ਤੇ ਕੁਰਬਾਨੀ ਵੱਡੀਆਂ ਜਾਤੀਆਂ ਵਾਲਿਆਂ ਨਾਲੋਂ ਕਿਤੇ ਵੱਧ ਸੀ। ਰੱਸੀ ਸੜ ਗਈ ਪਰ ਵੱਟ ਨਾ ਗਿਆ। ਸਿੱਖ ਬਣ ਕੇ ਵੀ ਲੋਕ ਜਾਤਾਂ-ਪਾਤਾਂ ਵਿਚ ਹੀ ਖੱਖੜੀ ਖੱਖੜੀ ਰਹੇ। ਸਿੱਖੀ ਵਿਚ ਹਮੇਸ਼ਾ ਉੱਚੀਆਂ ਜਾਤਾਂ ਵਾਲਿਆਂ ਦਾ ਹੀ ਬੋਲਬਾਲਾ ਰਿਹਾ ਹੈ। ਨੀਵੀਆਂ ਜਾਤਾਂ ਵਾਲਿਆਂ ਨੂੰ ਇਨ੍ਹਾਂ "ਸਪੈਸ਼ਲ ਸਿੱਖਾਂ" ਨੇ ਹਮੇਸ਼ਾਂ ਭੇਡਾਂ ਬੱਕਰੀਆਂ ਸਮਝ ਕੇ,

ਆਪਣੇ ਉੱਲੂ ਸਿੱਧੇ ਕੀਤੇ ਹਨ। ਇਹ ਕਾਗਜ਼ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਦਾ ਕਤਲ ਕਰਦਾ ਹੈ। ਮਨਮੁੱਖਤਾ ਸਾਡੇ ਵਿਚ ਵੱਧ ਰਹੀ ਹੈ।

ਦੱਸਵੇਂ ਪਾਤਸ਼ਾਹ ਨੇ ਨੀਵੀਆਂ ਜਾਤਾਂ ਨੂੰ ਉਭਾਰਿਆ ਤੇ ਸਤਿਕਾਰਿਆ ਸੀ। ਉਨ੍ਹਾਂ ਨੂੰ ਬਿੱਲੀਆਂ ਤੋਂ ਸ਼ੇਰ ਤੇ ਚਿੜੀਆਂ ਤੋਂ ਬਾਜ ਬਣਾਇਆ ਸੀ। ਉਨ੍ਹਾਂ ਨੂੰ ਕੰਗਾਲੀ ਤੇ ਮੁਫ਼ਲਿਸੀ ਤੋਂ ਸਰਦਾਰੀ ਤੇ ਪਾਤਸ਼ਾਹੀ ਬਖਸ਼ੀ ਸੀ। ਉਨ੍ਹਾਂ ਨੇ ਕਦੀ ਪਛੜੇ ਵਰਗਾਂ ਦੇ ਸਿੱਖਾਂ ਦਾ ਸ਼ੋਸ਼ਣ ਨਹੀਂ ਕੀਤਾ। ਉਨ੍ਹਾਂ ਨੂੰ ਹਮੇਸ਼ਾ ਆਪਣੇ ਨਾਲ ਰੱਖਿਆ। ਉਨ੍ਹਾਂ ਨੇ ਵੀ, ਇਸ ਦੇ ਇਵਜ਼ ਵਜੋਂ ਗੁਰੂ ਸਾਹਿਬ ਲਈ ਆਪਣਾ ਤਨ ਮਨ ਨਿਛਾਵਰ ਕਰ ਦਿੱਤਾ। ਜੇਕਰ ਉਨ੍ਹਾਂ ਦਾ ਕਦੀ ਕੋਈ ਵਿਤਕਰਾ ਹੁੰਦਾ ਤਾਂ ਇਹ ਗੁਰੂ ਘਰ ਲਈ ਕਦੀ ਵੀ ਆਪਣੇ ਬੰਦ ਬੰਦ ਨਾ ਕਟਵਾਉਂਦੇ। ਗੁਰੂ ਸਾਹਿਬਾਨ ਨੇ ਤਾਂ ਜਾਤ-ਪਾਤ ਖਤਮ ਕੀਤੀ ਸੀ। ਜਦੋਂ ਵੀ ਕੋਈ ਸਿੱਖ ਖੰਡੇ ਬਾਟੇ ਦਾ ਅੰਮ੍ਰਿਤ ਪੀ ਲੈਂਦਾ ਤਾਂ ਉਹ ਸਿੰਘ ਸੱਜ ਜਾਂਦਾ ਸੀ। ਉਸ ਦੀ ਜਾਤ ਧਰਮ ਪਿੱਛੇ ਰਹਿ ਜਾਂਦੇ ਸਨ। ਪਰ ਇਸ ਅੰਮ੍ਰਿਤ ਦਾ ਰਸ ਓਨੀ ਦੇਰ ਹੀ ਰਿਹਾ ਜਦੋਂ ਤੱਕ ਉਹ ਗੁਰਮੁਖ ਰਹੇ। ਜਦੋਂ ਉਨ੍ਹਾਂ ਵਿਚ ਮਨਮੁਖਤਾ ਆਈ ਤਾਂ ਉਹ ਪਲੋਪਲ ਸਿੱਖੀ ਤੋਂ ਦੂਰ ਜਾਣ ਲੱਗੇ। ਸਿੱਖੀ ਅੱਜ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੀ ਹੈ ਪਰ ਗੁਰੂ ਤੇ ਸਿੰਘਾਂ ਦਰਮਿਆਨ ਜਾਤੀਵਾਦ ਅੱਜ ਵੀ ਦਿਨੋ ਦਿਨ ਵੱਧਦਾ ਜਾ ਰਿਹਾ ਹੈ।

ਜਾਤਾਂ-ਪਾਤਾਂ ਦਾ ਅਧਾਰ ਅਸਲ ਵਿਚ ਬਿਹਤਰ ਆਰਥਿਕਤਾ ਹੈ। ਉੱਚੀਆਂ ਜਾਤਾਂ ਵਾਲੇ ਅਮੀਰ ਹੋਣ ਕਰਕੇ, ਨੀਵੀਆਂ ਜਾਤਾਂ ਵਿਚ ਪ੍ਰਵੇਸ਼ ਕਰਕੇ ਆਪਣੀ ਆਰਥਿਕਤਾ ਨੂੰ ਸੱਟ ਮਾਰਨੀ ਨਹੀਂ ਚਾਹੁੰਦੇ। "ਜੀਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ।" ਹਰ ਕੋਈ ਦੂਜੇ ਨਾਲ ਲੱਗ ਕੇ ਆਪਣਾ ਭਵਿੱਖ ਸੰਵਾਰਨਾ ਚਾਹੁੰਦਾ ਹੈ। ਇਹੀ ਕਾਰਨ ਹੈ ਕਿ ਜਿਹੜੇ ਨੀਵੀਆਂ ਜਾਤੀਆਂ ਵਾਲੇ ਸਿੱਖ, ਆਕਰਸ਼ਣ ਦੀ ਨੀਤੀ ਕਾਰਨ ਅੱਜ ਸਾਹਿਬੇ ਹੈਸੀਅਤ ਹੋ ਚੁੱਕੇ ਹਨ। ਉਨ੍ਹਾਂ ਦੇ ਰਿਸ਼ਤੇ ਨਾਤੇ ਉੱਚੀਆਂ ਜਾਤੀਆਂ ਨਾਲ ਵੀ ਹੋਣੇ ਸ਼ੁਰੂ ਹੋ ਗਏ। ਗੱਲ ਹੁਣ ਪੈਸੇ ਤੇ ਉੱਚ ਅਹੁਦੇ ਦੀ ਹੈ। ਜਾਤ ਤੇ ਧਰਮ ਰੁਤਬਾ ਹੋਵੇ ਤਾਂ ਉਸ ਕੋਲੋਂ ਕਿਸੇ ਨੂੰ ਬੋਅ ਨਹੀਂ ਆਉਂਦੀ, ਕਿਸੇ ਦਾ ਧਰਮ ਭ੍ਰਿਸ਼ਟ ਨਹੀਂ ਹੁੰਦਾ।

ਜੇਕਰ ਸਿੱਖ ਜਗਤ ਵਿਚ ਜਾਤ-ਪਾਤ ਦਾ ਟੰਟਾ ਖਤਮ ਨਹੀਂ ਹੁੰਦਾ ਤਾਂ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਨੂੰ ਸੱਟ ਵੱਜਦੀ ਹੈ। ਸਿੱਖ ਸੱਜਣ ਤੇ ਅੰਮ੍ਰਿਤ ਛਕਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸੇ ਲਈ ਅੱਜ ਕਲ੍ਹ ਭਾਵੇਂ ਅਸੀਂ ਆਪਣੇ ਆਪ ਨੂੰ ਬੜੇ ਫ਼ਖਰ ਨਾਲ ਸਿੱਖ ਅਖਵਾਉਂਦੇ ਹਾਂ ਪਰ ਸਾਡੇ ਵਿਚ ਸਿੱਖੀ ਵਾਲੇ ਬਹੁਤੇ ਤੱਤ ਨਹੀਂ। ਅਸੀਂ ਕੇਵਲ ਨਾਮ ਦੇ ਹੀ ਸਿੱਖ ਰਹਿ ਗਏ ਹਾਂ। ਅਸੀਂ ਕੇਵਲ ਨਾਂ ਦੇ ਹੀ ਜਾਂ ਸਰਕਸ ਦੇ ਸ਼ੇਰ ਹੀ ਰਹਿ ਗਏ ਹਾਂ। ਤਾਹੀਓਂ ਤਾਂ ਸਾਡੇ ਗਵਾਂਢੀ ਪਹਿਲਾਂ ਵਾਂਗ ਭੈਅ ਨਹੀਂ ਖਾਂਦੇ। ਪਹਿਲਾਂ ਵਾਂਗ ਸਾਨੂੰ ਕੌਮ ਦੇ ਰੱਖਿਅਕ ਨਹੀਂ ਸਮਝਦੇ। ਪਹਿਲਾਂ ਵਾਂਗ ਸਾਡੇ ਵਿਚ ਇਨਸਾਨੀ ਗੁਣ ਤੇ ਲੱਛਣ ਨਹੀਂ ਰਹੇ। ਸਾਡੇ ਘਟੀਆ ਕਿਰਦਾਰ ਤੇ ਦੰਭੀ ਕਹਿਣੀ ਤੇ ਕਰਨੀ ਨੇ ਸਾਨੂੰ ਮੀਸਣਿਆਂ ਤੇ ਫੁਕਰਿਆਂ ਦੀ ਕਤਾਰ ਵਿਚ ਖੜਾ ਕਰ

ਦਿੱਤਾ ਹੈ। ਗੁਰਸਿੱਖੀ ਹਾਲੇ ਦੂਰ ਹੈ।

ਸਾਡੇ ਅਜੋਕੇ ਸਿੱਖ ਧਾਰਮਿਕ ਨੇਤਾ ਭਾਵੇਂ ਆਪਣੇ ਆਪ ਨੂੰ ਸੱਚੇ-ਸੁੱਚੇ ਸਿੱਖ ਅਖਵਾਉਣ ਵਿਚ ਫ਼ਖਰ ਮਹਿਸੂਸ ਕਰਦੇ ਹਨ ਪਰ ਉਨ੍ਹਾਂ ਦੇ ਦੰਭੀ ਤੇ ਪਾਖੰਡੀ ਕਿਰਦਾਰ ਨੇ ਸਿੱਖ ਜਗਤ ਸਾਹਵੇਂ ਉਨ੍ਹਾਂ ਨੂੰ ਨੰਗਿਆ ਕਰ ਦਿੱਤਾ ਹੈ। ਸਿੱਖੀ ਦਾ ਸਹਾਰਾ ਲੈ ਕੇ, ਸਾਡੇ ਧਾਰਮਿਕ ਨੇਤਾ ਆਪਣੀਆਂ ਗੋਲਕਾਂ ਭਰਨਾ ਚਾਹੁੰਦੇ ਹਨ ਅਤੇ ਸਾਡੇ ਸਿਆਸੀ ਨੇਤਾ ਆਪਣੀਆਂ ਤਿਜੌਰੀਆਂ। ਸਿੱਖੀ ਨੂੰ ਕੇਵਲ ਇਕ ਪੈਂਤੜਾ ਤੇ ਪੜੁਲ ਬਣਾਇਆ ਜਾ ਰਿਹਾ ਹੈ, ਜਿਥੋਂ ਉਨ੍ਹਾਂ ਨੇ ਆਪਣੇ ਆਪਣੇ ਖੇਤਰਾਂ ਵਿਚ ਪ੍ਰਵੇਸ਼ ਕਰਨਾ ਹੁੰਦਾ ਹੈ। ਸਿੱਖੀ ਦਾ ਓਟ ਨਹੀਂ ਕੇਵਲ ਆਸਰਾ ਭਾਲ ਕੇ ਆਪੋ ਆਪਣੇ ਮਨੋਰਥ ਤੇ ਮੰਤਵ ਪੂਰੇ ਕੀਤੇ ਜਾ ਰਹੇ ਹਨ। ਜੇਕਰ ਸਾਡੇ ਇਹ ਆਗੂ ਗੁਰੂ ਮਹਾਰਾਜਾ ਦੇ ਸੱਚੇ-ਸੁੱਚੇ ਸਿੱਖ ਬਣ ਕੇ ਸਿੱਖ ਜਗਤ ਦੀ ਅਗਵਾਈ ਕਰਦੇ ਤਾਂ ਇਸ ਧਰਮ ਨੇ ਵਿਸ਼ਵ ਦੀਆਂ ਚਾਰੇ ਕੂਟਾਂ ਵਿਚ ਖੁਸ਼ਬੋਈਆਂ ਖਲਾਰਨੀਆ ਸਨ। ਅੱਜ ਸਾਡੇ ਸਿੱਖਾਂ ਨੇ ਭਗਤਾਂ ਤੇ ਪੱਛਮੀ ਦੁਨੀਆਂ ਵਿਚ ਜਾਤਾਂ ਦੇ ਅਧਾਰ ਤੇ ਗੁਰਦੁਆਰੇ ਸਥਾਪਿਤ ਕਰਕੇ ਸਿੱਖੀ ਨੂੰ ਬਦਨਾਮ ਕੀਤਾ ਹੈ। ਗੁਰੂ ਸਾਹਿਬਾਨ ਦਾ ਕੇਵਲਇਕ ਹੀ ਧਾਮ ਜਾਂ ਮੰਦਰ ਹੋ ਸਕਦਾ ਹੈ। ਉਨ੍ਹਾਂ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਇਕਮਿਕ ਹੋਣ ਦੀ ਹਦਾਇਤ ਕੀਤੀ ਸੀ। ਅੰਮ੍ਰਿਤ ਪਾਨ ਕਰਕੇ ਵੀ ਅਸੀਂ ਸੰਤਰੇ ਦੀਆਂ ਫਾੜੀਆਂ ਵਾਂਗ ਵੱਖ-ਵੱਖ ਹਾਂ ਅਤੇ ਬਾਹਰੋਂ ਦੇਖਣ ਨੂੰ ਇਕ-ਮਿਕ ਲੱਗਦੇ ਹਾਂ। ਜਾਤਾਂ ਵਿਚ ਆਸਥਾ ਰੱਖਣ ਵਾਲਾ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਇਸ ਦ੍ਰਿਸ਼ਟੀ ਨਾਲ ਵੇਖਿਆਂ ਸਾਨੂੰ ਕੋਈ ਵਿਰਲਾ ਹੀ ਸਿੱਖ ਮਿਲੇਗਾ। ਭਾਵੇਂ ਅਸੀਂ ਬਹੁਤਿਆਂ ਨੇ ਸਿੱਖੀ ਬਾਣੇ ਪਾਏ ਹੋਏ ਹਨ ਤੇ ਕਕਾਰਾਂ ਨਾਲ ਸਰੀਰ ਸਜਾਏ ਹੋਏ ਹਨ ਪਰ ਜਦੋਂ ਤੱਕ ਸਾਡੇ ਵਿਚ ਸਿੱਖੀ ਸੀਰਤ ਪ੍ਰਵੇਸ਼ ਨਹੀਂ ਕਰਦੀ, ਖਾਲੀ ਸੂਰਤ ਨਾਲ ਸਿੱਖ ਅਖਵਾਉਣਾ ਕੇਵਲ ਇਕ ਸਵਾਂਗ ਹੋਵੇਗਾ। ਸਿੱਖੀ ਹਾਲੇ ਦੂਰ ਅਸਤ।

## ਜੋਸ਼ ਨਾਲੋਂ ਹੋਸ਼ ਜ਼ਰੂਰੀ

ਮੈਂ ਉਸ ਭਾਰਤੀ ਕੌਮ ਦੀ ਗੱਲ ਕਰਦਾ ਹਾਂ, ਜਿਸ ਵਿਚ ਮੇਰਾ ਜਨਮ ਹੋਇਆ ਹੈ। ਜਿਸ ਦੇ ਗੌਰਵਮਈ ਇਤਿਹਾਸ, ਸਭਿਆਚਾਰ ਅਤੇ ਅਦੁੱਤੀ ਜੀਵਨ ਜਾਚ ਨੇ ਮੈਨੂੰ ਅਜੋਕੇ ਸੰਸਾਰ ਵਿਚ ਵਿਚਰਨ ਤੇ ਪ੍ਰਫੁੱਲਤ ਹੋਣ ਦਾ ਅਵਸਰ ਪ੍ਰਦਾਨ ਕੀਤਾ ਹੈ। ਵੈਸੇ ਤਾਂ ਸਾਰੇ ਭਾਰਤੀ ਹੀ ਲੋੜ ਨਾਲੋਂ ਕੁਝ ਵਧੇਰੇ ਹੀ ਜਜ਼ਬਾਤੀ ਹਨ ਪਰ ਪੰਜਾਬੀ ਦਾ ਭਾਵੁਕਤਾ ਵਿਚ ਦਰਜਾ ਹੋਰ ਉੱਚਾ ਹੈ। ਪੰਜਾਬੀਆਂ ਵਿਚੋਂ ਨਾਨਕ ਨਾਮ ਲੇਵਾ, ਬਾਕੀ ਪੰਜਾਬੀਆਂ ਨਾਲੋਂ ਵੀ ਵਧੇਰੇ ਜਜ਼ਬਾਤੀ ਹੋਣਾ ਇਕ ਸਰਵ-ਸ੍ਰੇਸ਼ਟ ਮਨੁੱਖੀ ਗੁਣ ਹੈ ਪਰੰਤੂ ਜਦੋਂ ਕਿਸੇ ਚੀਜ਼ ਨੂੰ ਲੋੜ ਨਾਲੋਂ ਵਧੇਰੇ ਇਸਤੇਮਾਲ ਕੀਤਾ ਜਾਵੇ ਤਾਂ ਖ਼ੂਬੀ ਹੁੰਦਿਆਂ ਵੀ ਖ਼ਾਮੀ ਬਣ ਜਾਂਦੀ ਹੈ। ਸਿੱਖਾਂ ਦੇ ਵਧੇਰੇ ਜਜ਼ਬਾਤੀ ਹੋਣ ਤੇ ਉਨ੍ਹਾਂ ਦੀ ਸੋਚਣੀ ਤੇ ਵਿਚਾਰਧਾਰਾ ਨੂੰ ਉਲਾਰੂ ਕਰ ਦਿੱਤਾ ਹੈ। ਇਸ ਸੰਬੰਧ ਵਿਚ ਅੱਜ ਕੁਝ ਵਿਚਾਰਾਂ ਕਰਨੀਆਂ ਹਨ।

ਸਿੱਖਾਂ ਬਾਰੇ ਮਸ਼ਹੂਰ ਹੈ ਕਿ ਉਹ ਸਵਾ ਲੱਖ ਨਾਲ ਵੀ ਇਕੋ ਮੈਦਾਨ ਵਿਚ ਡਟ ਸਕਦੇ ਹਨ। ਭਾਵੇਂ ਇਸ ਕਾਰਜ ਵਿਚ ਉਹ ਸ਼ਹੀਦੀਆਂ ਪਾ ਜਾਣ ਅਤੇ ਅਣਹੋਣੀਆਂ ਨੂੰ ਹੋਣੀਆਂ ਵਿਚ ਬਦਲ ਸਕਦੇ ਹਨ। ਆਨੰਦਪੁਰ ਸਾਹਿਬ ਦੇ ਘੇਰੇ ਅਤੇ ਬਾਅਦ ਵਿਚ ਚਮਕੌਰ ਦੀ ਗੜ੍ਹੀ ਅੱਜ ਦੇ ਸਮੇਂ ਸਾਰਾਗੜ੍ਹੀ ਵਰਗੇ ਸਾਕੇ, ਸਿੱਖਾਂ ਦੇ ਸੁਨਹਿਰੀ ਇਤਿਹਾਸ ਦੇ ਗੌਰਵਮਈ ਪੰਨੇ ਹਨ। ਆਪਣੇ ਧਰਮ, ਅਣਖ ਤੇ ਆਬਰੂ ਲਈ ਉਹ ਮਰ ਮਿਟ ਸਕਦੇ ਹਨ। ਫ਼ਨਾਹ ਹੋ ਸਕਦੇ ਹਨ ਪਰ ਉਹ ਇਕ ਖ਼ੁਸ਼ਹਾਲ ਤੇ ਭਰਪੂਰ ਜੀਵਨ ਜਿਊਣ ਦੀ ਲਾਲਸਾ ਨਹੀਂ ਰੱਖਦੇ। ਵਾਧੂ ਭਾਵੁਕਤਾ ਅਧੀਨ ਉਹ ਨਿਚੱਲੇ ਨਹੀਂ ਬੈਠਦੇ। ਇਸ ਲਈ ਸੁਖਾਵਾਂ ਤੇ ਪੱਧਰਾ ਜੀਵਨ ਉਨ੍ਹਾਂ ਨੂੰ ਨਸੀਬ ਨਹੀਂ ਹੁੰਦਾ। ਜੀਵਨ ਵਿਚ ਕੁਰਬਾਨੀਆਂ ਤੇ ਸ਼ਹਾਦਤਾਂ ਹੀ ਦੇਈ ਜਾਣਾ ਅਤੇ ਜਦੋਂ ਚਾਰ ਦਿਨ ਸੁੱਖ ਨਾਲ ਜਿਊਣ ਦਾ ਮੌਕਾ ਆਵੇ, ਉਹ ਵੀ ਭਾਵੁਕਤਾ ਅਧੀਨ ਹੱਥੋਂ ਖੁੰਝਾ ਲੈਣਾ। ਆਪਣੇ ਸੰਤੁਲਿਤ ਜੀਵਨ ਨੂੰ ਸੌਂਹਾਂ-ਸੁਗੰਧਾਂ, ਵਾਧੂ ਕੌਲਾਂ ਇਕਰਾਰਾਂ ਅਤੇ ਵਾਧੂ ਪ੍ਰਤਿਗਿਆਵਾਂ ਅਧੀਨ ਉਲਾਰੂ ਅਤੇ ਚੁਣੌਤੀਆਂ ਭਰਿਆ ਬਣਾਈ ਰੱਖਣਾ ਕੋਈ ਵਧੀਆ ਜੀਵਨ ਸ਼ੈਲੀ ਨਹੀਂ। ਇਸ ਸ਼ੈਲੀ ਵਿਚ ਮਿਹਨਤ ਵਧੇਰੇ ਹੈ, ਮਜ਼ਦੂਰੀ ਘੱਟ ਹੈ। ਘਾਲਣਾ ਵਧੇਰੇ ਹੈ, ਫਲ ਘੱਟ ਹਨ। ਨਿਰੀ ਪੁਰੀ ਜਦੋ-ਜਹਿਦ।

ਅੰਗਰੇਜ਼ਾਂ ਵਿਰੁੱਧ ਉਹ ਬੜੀ ਵੀਰਤਾ ਨਾਲ ਲੜੇ ਸਨ। ਸਭਰਾਵਾਂ ਤੇ ਮੁੱਦਕੀ ਦੀਆਂ ਜੰਗਾਂ ਦੀ ਧੂੜ ਹਾਲੇ ਤੀਕ ਥੱਲੇ ਨਹੀਂ ਬੈਠੀ। 1857 ਵੇਲੇ ਉਨ੍ਹਾਂ ਨੇ ਅੰਗਰੇਜ਼ਾਂ

ਦਾ ਸਾਥ ਦੇ ਕੇ ਆਪਣੀ ਵੀਰਤਾ ਦੀ ਧਾਂਕ ਬਿਠਾਈ। ਪਹਿਲੀ ਅਤੇ ਦੂਜੀ ਆਲਮੀ ਜੰਗ ਵੇਲੇ, ਗੋਰਿਆਂ ਹਾਕਮਾਂ ਦੀ ਖ਼ਾਤਰ ਉਨ੍ਹਾਂ ਵਿਦੇਸ਼ਾਂ ਵਿਚ ਬੇ-ਮਿਸਾਲ ਕੁਰਬਾਨੀਆ ਦਿੱਤੀਆਂ ਅਤੇ ਅਦੁੱਤੀ ਬਹਾਦਰੀ ਦੇ ਤਗਮੇਂ ਜਿੱਤੇ। ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਉਹ ਅਰਦਾਸ ਸੋਧ ਕੇ ਬੋਲੇ ਸੋ ਨਿਹਾਲ ਦਾ ਜੈਕਾਰਾ ਗੁਜਾਉਂਦੇ ਤਾਂ ਅਸਮਾਨ ਕੰਬ ਜਾਂਦਾ। ਭਾਜੜਾਂ ਪੈ ਜਾਂਦੀਆਂ। ਭੜਥੂ ਪੈ ਜਾਂਦੇ। ਦੁਸ਼ਮਣ ਦੁੰਮ ਦਬਾ ਕੇ ਮੈਦਾਨੋਂ ਖਿਸਕ ਜਾਂਦੇ। ਜਿਨ੍ਹਾਂ ਦੀ ਖ਼ਾਤਰ ਉਨ੍ਹਾਂ ਨੇ ਜਾਨ ਦੀ ਬਾਜੀ ਵੀ ਲਾ ਦਿੱਤੀ, ਉਨ੍ਹਾਂ ਗੋਰਿਆਂ ਨੇ ਅਜ਼ਾਦੀ ਦੀ ਜੰਗ ਦੌਰਾਨ, ਸਿੱਖਾਂ ਨੂੰ ਗ਼ਦਰੀਆਂ, ਸਿੰਘ ਸਭੀਆਂ ਨੂੰ ਅਤੇ ਅਕਾਲੀਆਂ ਨੂੰ ਆਪਣਾ ਵਿਕਰਾਲ ਰੂਪ ਦਿਖਾਇਆ। ਸਿੱਖਾਂ ਨੂੰ ਵੀ ਗੋਰਿਆਂ ਦਾ ਅਸਲੀ ਚਿਹਰਾ ਵੇਖ ਕੇ ਮੈਦਾਨ ਵਿਚ ਕੁੱਦਣਾ ਚਾਹੀਦਾ ਹੈ। ਇਸ ਤਰ੍ਹਾਂ ਅੰਗਰੇਜ਼ਾਂ ਨੇ ਸਾਡੀ ਵਾਧੂ ਭਾਵੁਕਤਾ ਦਾ ਸ਼ੋਸ਼ਣ ਕਰਕੇ ਸਾਡੀ ਕੋਰੀ ਭਾਵੁਕਤਾ ਦਾ ਮਜ਼ਾਕ ਉਡਾਇਆ ਹੈ। ਕੌਮ ਦੇ ਰਹਿਬਰਾਂ ਨੂੰ ਇਸ ਵੇਲੇ ਕੌਮ ਨੂੰ ਸੇਧ ਹੋਣੀ ਚਾਹੀਦੀ ਸੀ ਪਰੰਤੂ ਬਹੁਤਿਆਂ ਨੇ ਆਪਣੇ ਸਵਾਰਥਾਂ ਨੂੰ ਮੁੱਖ ਰੱਖ ਕੇ ਹੀ ਡੰਗ ਟਪਾਉਣ ਦੀ ਗੱਲ ਕੀਤੀ।

ਅੰਗਰੇਜ਼ਾਂ ਵਿਰੁੱਧ ਜੰਗੇ-ਅਜ਼ਾਦੀ ਵਿਚ ਸਿੱਖਾਂ ਨੇ 75 ਪ੍ਰਤੀਸ਼ਤ ਤੋਂ ਵੱਧ ਸ਼ਹਾਦਤਾਂ, ਉਮਰ ਕੈਦਾਂ, ਕਾਲੇ ਪਾਣੀਆਂ ਦੀ ਸਜ਼ਾਵਾਂ ਅਤੇ ਜ਼ਮੀਨ-ਜਾਇਦਾਦਾਂ ਦੀਆਂ ਕੁਰਕੀਆਂ ਦੇ ਰੂਪ ਵਿਚ ਆਪਣਾ ਯੋਗਦਾਨ ਪਾਇਆ। ਉਨ੍ਹਾਂ ਨੇ ਆਪਣੀ ਰਾਸ਼ਟਰੀ ਚੇਤਨਾ ਅਧੀਨ ਜਿਥੇ ਅੰਗਰੇਜ਼ਾਂ ਨੂੰ ਬੋਰੀਆ-ਬਿਸਤਰਾ ਗੋਲ ਕਰਨ ਲਈ ਮਜ਼ਬੂਰ ਕੀਤਾ ਹੈ, ਉਥੇ ਬਾਕੀ ਭਾਰਤੀਆਂ ਵਿਚ ਵੀ ਕੌਮ ਪ੍ਰਸਤੀ ਦਾ ਬੀਜ ਬੀਜਿਆ ਸਾਡਾ ਅਨੁਮਾਨ ਹੈ ਕਿ ਜੇਕਰ ਅੰਗਰੇਜ਼ ਰਣਜੀਤ ਸਿੰਘ ਦੀ ਸਲਤਨਤ ਨੂੰ ਆਪਣੇ ਰਾਜ ਵਿਚ ਸ਼ਾਮਿਲ ਨਾ ਕਰਦੇ ਤਾਂ ਉਹ ਪੰਜਾਹ ਸਾਲ ਹੋਰ ਬਾਕੀ ਭਾਰਤ ਵਿਚ ਰਾਜ ਕਰ ਸਕਦੇ ਸਨ। ਸਿੱਖਾਂ ਨੇ ਆਜ਼ਾਦੀ ਦੇ ਬੀਜ ਬਾਕੀ ਭਾਰਤ ਵਰਸ਼ ਵਿਚ ਬੋਏ, ਜਿਨ੍ਹਾਂ ਦੇ ਮੌਲਣ ਨਾਲ ਸਮੁੱਚਾ ਭਾਰਤ ਵੀ ਅਜ਼ਾਦੀ ਲਈ ਤੜਪਣ ਲੱਗਾ।

ਅਜੋਕੇ ਆਜ਼ਾਦ ਭਾਰਤ ਵਿਚ ਵੀ ਸਿੱਖ ਆਪਣੀ ਧਾਂਕ ਜਮਾ ਚੁੱਕੇ ਸਨ। ਕਸ਼ਮੀਰ ਵਿਚ ਕਬਾਇਲੀਆਂ ਦੇ ਹਮਲੇ ਨੂੰ ਖਦੇੜਨ ਅਤੇ ਪਾਕਿਸਤਾਨ ਅਤੇ ਚੀਨ ਨਾਲ ਜੰਗਾਂ ਦਰਮਿਆਨ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਨੇ ਭਾਰਤ ਦਾ ਪਰਚਮ ਬੁਲੰਦ ਰੱਖਿਆ। ਕਿਹਾ ਜਾਂਦਾ ਹੈ ਕਿ ਪਾਕਿਸਤਾਨੀ ਸਿੱਖਾਂ ਕੋਲੋਂ ਬਹੁਤ ਜਰਕਦੇ ਹਨ। ਸਿੱਖਾਂ ਦੇ ਦਰਮਿਆਨ ਆਉਣ ਕਰਕੇ ਉਹ ਬਾਕੀ ਭਾਰਤ ਨੂੰ ਫ਼ਤਿਹ ਕਰਨ ਦਾ ਆਪਣਾ ਮਨਸੂਬਾ ਪੂਰਾ ਨਹੀਂ ਕਰ ਸਕਦੇ। ਸਿੱਖਾਂ ਨੇ ਕਾਰਗਿਲ ਦੀ ਲੜਾਈ ਵਿਚ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਰੰਤੂ 1984 ਵਿਚ ਸਿੱਖਾਂ ਨਾਲ ਜੋ ਦੁਰਵਿਹਾਰ ਕੀਤਾ ਗਿਆ, ਜਿਸ ਤਰ੍ਹਾਂ ਉਨ੍ਹਾਂ ਦੀ ਰੱਤ ਨਾਲ ਸ਼ਰੇਆਮ ਹੋਲੀ ਖੇਡੀ ਗਈ, ਉਨ੍ਹਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਰੀਆਂ ਨਾਲ ਕੋਹਿਆ ਗਿਆ ਤੇ ਉਨ੍ਹਾਂ ਨੂੰ ਜਲਦਿਆਂ ਵੇਖ ਕੇ ਤਮਾਸ਼ਾਈਆਂ ਨੇ ਤਾਂਡਵ ਨਾਚ ਨੱਚਿਆ। ਇਹ ਸਾਡੇ ਕੌਮੀ ਇਤਿਹਾਸੀਂ ਵਿਚ ਕਾਲੇ ਅੱਖਰਾਂ ਨਾਲ ਉਕਰਿਆ ਜਾਵੇਗਾ। ਕੌਮ ਦੇ ਸਿੱਖਾਂ ਦੀ ਬਹਾਦਰੀ ਤੇ ਕੁਰਬਾਨੀ ਦਾ ਇਹ ਸਿਲਾ ਦਿੱਤਾ। ਸੁਣ ਕੇ ਰੂਹ ਕੰਬ ਉੱਠਦੀ ਹੈ। ਭਾਵੇਂ ਜਦੋਂ

ਲੜਾਈ ਹੁੰਦੀ ਹੈ, ਕਸੂਰ ਦੋਵਾਂ ਧਿਰਾਂ ਦਾ ਹੁੰਦਾ ਹੈ। ਪ੍ਰੰਤੂ ਸਿੱਖਾਂ ਨੂੰ ਲੋੜ ਤੋਂ ਵੱਧ ਸੋਧਿਆ ਗਿਆ ਹੈ। ਇਸ ਦੀ ਕਸਕ ਹਮੇਸ਼ਾ ਸਿੱਖਾਂ ਦੇ ਮਨ ਵਿਚ ਰਹੇਗੀ। ਆਉਣ ਵਾਲੀਆਂ ਪੁਸ਼ਤਾਂ ਇਸ ਸਾਕੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣਗੀਆਂ।

ਅਸੀਂ ਆਪਣੇ ਸਮਾਜਿਕ ਜੀਵਨ ਵਿਚ ਵੀ ਭਾਵੁਕਤਾ ਕੋਲੋਂ ਕੰਮ ਲੈਂਦੇ ਹਾਂ। ਸਾਡੀ ਸੋਚਣੀ ਉਲਾਰੂ ਹੈ। ਅਸੀਂ ਬੁੱਧ ਦੇ ਸ਼ਿਸ਼ਅ ਬਣ ਕੇ ਮੱਧ-ਮਾਰਗ ਨਹੀਂ ਅਪਣਾ ਸਕਦੇ। ਸਾਨੂੰ ਵਿਚਕਾਰ ਚੱਲਣਾ ਹੀ ਨਹੀਂ ਆਉਂਦਾ। ਅਸੀਂ ਆਰ-ਪਾਰ ਵਿਚ ਯਕੀਨ ਰੱਖਦੇ ਹਾਂ। ਅਸੀਂ ਜਿਸ ਦੇ ਹੱਕ ਵਿਚ ਤੁੱਲ ਜਾਈਏ, ਉਹਦੇ ਲਈ ਕੁਰਬਾਨ ਹੋਣ ਤੱਕ ਜਾਂਦੇ ਹਾਂ ਤੇ ਉਸ ਦਾ ਵਾਲ ਵਿੰਗਾ ਨਹੀਂ ਹੋਣ ਦਿੰਦੇ। ਐਪਰ ਜੇਕਰ ਉਸ ਦੇ ਵਿਰੁੱਧ ਡੱਟ ਜਾਈਏ ਤਾਂ ਉਸ ਦੀ ਅਲਖ ਮੁਕਾਉਣ ਤੱਕ ਜਾਂਦੇ ਹਾਂ। ਉਸ ਦਾ ਬੀਜ ਨਾਸ ਕਰਨ ਤੱਕ ਜਾਂਦੇ ਹਾਂ। ਜੀਵਨ ਵਿਚ ਇਤਨੀ ਭਾਵੁਕਤਾ ਹੱਡਾਂ ਦਾ ਖੋਹ ਬਣ ਜਾਂਦੀ ਹੈ। ਸਾਡੇ ਬਾਰੇ ਪ੍ਰਚਲਿਤ ਹੈ ਕਿ ਸਾਡੇ ਦੋਸਤਾਂ ਨੂੰ ਸਾਡਾ ਨਿੱਘ ਹੁੰਦਾ ਹੈ ਤੇ ਦੁਸ਼ਮਣਾਂ ਨੂੰ ਸਾਡਾ ਭੈਅ ਹੁੰਦਾ ਹੈ। ਅਸੀਂ ਦੁੱਧ ਪੀਣੇ ਮਜਨੂੰ ਨਹੀਂ ਬਣ ਸਕਦੇ। ਸਿਰੇ ਆਉਣਾ ਸਾਡੀ ਫ਼ਿਤਰਤ ਹੈ।

ਅਸੀਂ ਆਪਣੇ ਪਰਿਵਾਰਕ ਸੰਬੰਧਾਂ ਵਿਚ ਵੀ ਵਾਧੂ ਜਜ਼ਬਾਤੀਪਣ ਤੋਂ ਕੰਮ ਲੈਂਦੇ ਹਾਂ। ਜਿਸ ਦੀ ਮਦਦ ਕਰਨ ਦਾ ਐਲਾਨ ਕਰ ਦੇਈਏ, ਉਸ ਲਈ ਮਰ ਮੁਕਾਣ ਦੀਆਂ ਸੌਂਹਾਂ ਵੀ ਝੱਟ ਖਾ ਲੈਂਦੇ ਹਾਂ। ਭਾਵੇਂ ਕਰਜ਼ਾ ਚੁੱਕ ਕੇ ਜਾਂ ਠੱਗੀ ਠੋਰੀ ਮਾਰ ਕੇ ਉਸ ਦੀ ਮਦਦ ਕਰੀਏ। ਆਪਣਾ ਬਚਨ ਨਿਭਾਉਂਦੇ ਹਾਂ ਭਾਵੇਂ ਬਾਅਦ ਵਿਚ ਕਰਜ਼ੇ ਹੇਠ ਹੀ ਦੱਬੀ ਰਹੀਏ ਜਾਂ ਕੁਥਾਂ ਫਸ ਜਾਈਏ। ਵਿਆਹ ਸਮਾਗਮਾਂ ਵੇਲੇ ਵੀ ਫੋਕੀ ਨੱਕ-ਨਮੂਜ਼ ਦੀ ਖ਼ਾਤਰ ਅਸੀਂ ਆਪਣੀ ਵਿਤੋਂ ਵੱਧ ਖਰਚ ਕਰ ਛੱਡਦੇ ਹਾਂ। ਜ਼ਮੀਨ-ਜਾਇਦਾਦ ਗਹਿਣੇ ਪਾ ਕੇ ਅਸੀਂ ਆਪਣੇ ਸਮਾਜਿਕ ਫਰਜ਼ ਨਿਭਾਉਂਦੇ ਹਾਂ। ਕਰਜ਼ਾ ਲਾਹੁਣ ਵੇਲੇ ਜਾਂ ਲੈਣੇ ਦੇਣੇ ਮੁਕਾਉਣ ਲਈ ਭਾਵੇਂ ਸਾਨੂੰ ਖ਼ੁਦਕਸ਼ੀ ਹੀ ਕਿਉਂ ਨਾ ਕਰਨੀਂ ਪਵੇ। ਸਾਨੂੰ ਪਹਿਲਾਂ ਹੀ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਫੋਕੀਆਂ ਸ਼ੇਖ਼ੀਆਂ ਨੇ ਸਾਡਾ ਜੀਵਨ ਨਰਕ ਬਣਾ ਰੱਖਿਆ ਹੈ। ਇਸ ਬਿਰਤੀ ਨੂੰ ਬਦਲਣ ਦੀ ਲੋੜ ਹੈ ਕਿਉਂਕਿ ਇਸ ਵਿਚ ਸੁੱਖ ਘੱਟ ਹਨ ਤੇ ਦੁਸ਼ਵਾਰੀਆਂ ਵਧੇਰੇ ਹਨ।

ਮੇਰੇ ਸਿੱਖ ਵੀਰੋ ! ਜੇਕਰ ਇਸ ਜੀਵਨ ਜਾਚ ਨੂੰ ਸੰਪੂਰਨ ਅਤੇ ਸਫ਼ਲ ਸਮਝਦੇ ਹੋ ਤਾਂ ਫਿਰ ਸ਼ਿਕਵੇ ਗਿਲ੍ਹੇ ਕਾਹਦੇ ? ਅਸੀਂ ਕਿਉਂ ਝੂਰਦੇ ਹਾਂ ਕਿ ਅੰਗਰੇਜ਼ਾਂ ਨੇ ਸਾਡੇ ਨਾਲ ਦਗ਼ਾ ਕੀਤਾ ਹੈ ਤੇ ਸਾਡੀਆਂ ਕੁਰਬਾਨੀਆਂ ਨੂੰ ਕੌਡੀਆਂ ਘੱਟੇ ਰਲਾਇਆ ਹੈ ? ਅੱਜ ਅਸੀਂ ਕਿਉਂ ਭੁੱਖ ਹੜਤਾਲਾਂ, ਮੁਜ਼ਾਹਰੇ ਤੇ ਅਰਥੀ ਫੂਕ ਸਿਆਪੇ ਕਰਦੇ ਹਾਂ ਕਿ ਸਾਡੀ ਕੌਮੀ ਸਰਕਾਰ ਨੇ ਸਾਨੂੰ ਨਿਆਂ ਨਹੀਂ ਦਿੱਤਾ ? ਅਸੀਂ ਕਿਉਂ ਵਿਸ਼ ਘੋਲਦੇ ਹਾਂ ਕਿ ਜਿਸ ਕੌਮ ਨੇ ਦੇਸ਼ ਦੀ ਅਜ਼ਾਦੀ ਵਿਚ ਸਭ ਤੋਂ ਵੱਧ ਕੇ ਹਿੱਸਾ ਪਾਇਆ ਹੋਵੇ, ਉਸ ਨੂੰ ਗਲ ਵਿਚ ਟਾਇਰ ਪਾ ਕੇ ਜ਼ਿੰਦਾ ਜਲਾਇਆ ਗਿਆ ? ਅਸੀਂ ਕਿਉਂ ਮਾਯੂਸੀਪ ਦੇ ਆਲਮ ਵਿਚ ਇਹ ਸ਼ਿਕਵੇ ਕਰਦੇ ਹਾਂ ਕਿ ਸਾਡੇ ਹਿੰਦੂ ਭਰਾਵਾਂ ਤੇ ਮੁਸਲਮਾਨਾਂ ਨੇ ਸਾਡੇ ਨਾਲ ਭਲੀ ਨਹੀਂ ਗੁਜ਼ਾਰੀ। ਸਾਨੂੰ ਮਾਰ ਕੇ ਧੁੱਪੇ ਸੁੱਟੀ ਛੱਡਿਆ। ਸਾਨੂੰ ਸਰਦਾਰ ਪਟੇਲ ਨੇ

ਜ਼ਰਾਇਮ ਪੇਸ਼ਾ ਕੌਮ ਗਰਦਾਨਿਆ ਅਤੇ ਰਾਜੀਵ ਗਾਂਧੀ ਨੇ ਦੇਸ਼ ਦੇ 'ਗ਼ਦਾਰ' ਆਖਿਆ ਅਤੇ ਪੰਜ ਹਜ਼ਾਰ ਸਿੱਖਾਂ ਦੇ ਕਤਲ ਨੂੰ ਸਹੀ ਸਮਝਦੇ ਹੋਏ ਦਿੱਲੀ ਦੀ ਰਾਮ ਲੀਲਾ ਗਰਾਊਂਡ ਵਿਚ ਆਖਿਆ, "ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ।" ਇਹ ਸਭ ਗਿਲ੍ਹੇ ਸ਼ਿਕਵੇ ਤੇ ਇਤਰਾਜ਼ ਨਹੀਂ ਸਨ। ਇਸਜ਼ ਲਈ ਕਿ ਇਸ ਸਾਰੇ ਕਾਰੇ ਤੇ ਵਰਤਾਰੇ ਵਿਚ ਕੇਵਲ ਹਿੰਦੂ ਤੇ ਮੁਸਲਮਾਨਾਂ ਦਾ ਦੋਸ਼ ਹੀ ਨਹੀਂ, ਸਾਡਾ ਆਪਣਾ ਵੀ ਹੈ। ਸਾਨੂੰ ਹੱਦਾਂ ਵਿਚ ਰਹਿ ਕੇ ਵਿਚਰਨਾ ਚਾਹੀਦਾ ਹੈ। ਸ਼ਰੀਕਾਂ ਨਾਲ ਸ਼ਰੀਕਾਂ ਨਾਲ ਵਰਗਾ ਵਿਹਾਰ ਕਰਨਾ ਚਾਹੀਦਾ ਹੈ। ਬਥੇਰੀਆਂ ਕੁਰਬਾਨੀਆਂ ਵਤਨ ਦੀ ਖ਼ਾਤਰ ਦੇ ਲਈਆਂ ਹਨ। ਆਓ ਹੁਣ ਬਾਣੀਆਂ ਅਤੇ ਬ੍ਰਾਹਮਣਾਂ ਦੀ ਤਰ੍ਹਾਂ ਆਪਣੇ ਜੀਵਨ ਨੂੰ ਸੰਵਾਰੀਏ। ਆਪਣੇ ਪਰਿਵਾਰਾਂ ਨੂੰ ਪੜ੍ਹਾ ਲਿਖਾ ਕੇ ਇਕ ਆਦਰਸ਼ ਸ਼ਹਿਰੀ ਬਣਾਉਣ ਵੱਲ ਵੀ ਤਵੱਜੋਂ ਦੇਈਏ। ਗੁਆਂਢੀਆਂ ਜਾਂ ਆਪਣਿਆਂ ਨਾਲ ਹੀ ਖਹਿਬੜ ਕੇ ਆਪਖ਼ਣੀ ਜੀਵਨ ਯਾਤਰਾ ਖੱਜਲ ਖੁਆਰ ਨਾ ਕਰੀਏ। ਆਪਣੇ ਜਜ਼ਬਾਤਾਂ ਨੂੰ ਆਪਣੇ ਕਾਬੂ ਵਿਚ ਰੱਖ ਕੇ ਆਪਣੇ ਭਵਿੱਖ ਨੂੰ ਸਫ਼ਲ ਤੇ ਸੁਨਹਿਰੀ ਬਣਾਉਣ ਦੇ ਉਪਰਾਲੇ ਕਰੀਏ। ਜਦੋਂ ਕੁਰਬਾਨੀ ਦੇਣ ਦਾ ਵੇਲਾ ਆਵੇਗਾ, ਉਸ ਨੂੰ ਵੀ ਸਿੱਝ ਲਵਾਂਗੇ। ਹਾਲੇ ਕੇਵਲ ਬਿਖੜੀ ਜੀਵਨ ਜ਼ੁਲਫ਼ ਨੂੰ ਸੰਵਾਰਨ ਦਾ ਹੀ ਵੇਲਾ ਹੈ। ਇਸ ਨੂੰ ਕਿਸੇ ਕੀਮਤ 'ਤੇ ਪਹਿਲਾਂ ਵਾਂਗ ਨਾ ਖੁੰਝਾਈਏ। ਸਿਆਣੇ ਬਣੀਏ। ਜਿਹੜੀ ਕੌਮ ਵੇਲਾ ਨਹੀਂ ਸਾਂਭ ਸਕਦੀ ਵੇਲੇ ਦੀ ਨਮਾਜ਼ ਨਹੀਂ ਪੜ੍ਹ ਸਕਦੀ, ਉਸ ਨੂੰ ਬਾਅਦ ਵਿਚ ਟੱਕਰਾਂ ਮਾਰਨ ਲਈ ਮਜ਼ਬੂਰ ਹੋਣਾ ਪਵੇਗਾ। ਅਖੀਰ ਵਿਚ ਸਿੱਖਾਂ ਦੇ ਜਜ਼ਬਾਤੀਪਣ ਤੇ ਅਮਰ ਸਬੂਤ, ਜੋ ਉਨ੍ਹਾਂ ਵਤਨ ਦੀ ਜੰਗੇ ਆਜ਼ਾਦੀ ਖ਼ਾਤਰ ਅਜ਼ੀਮ ਕੁਰਬਾਨੀਆਂ ਕੀਤੀਆਂ. ਜਗ ਜ਼ਾਹਿਰ ਹੈ।

| | |
|---|---|
| ਕਾਲੇ ਪਾਣੀ ਜਾਣ ਵਾਲੇ | 2646 ਵਿਚੋਂ 2147 ਸਿੱਖ |
| ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੇ | 1302 ਵਿਚੋਂ 907 ਸਿੱਖ |
| ਫਾਂਸੀ ਲੈਣ ਵਾਲੇ ਪ੍ਰਵਾਨੇ | 121 ਵਿਚੋਂ 93 ਸਿੱਖ |
| ਗ਼ਦਰ ਪਾਰਟੀ ਵਾਲੇ ਬਾਬੇ | 95% ਸਿੱਖ ਹੀ ਸਨ |
| ਗੜਗੱਜ ਅਕਾਲੀ ਸ਼ਹੀਦ | ਨਿਰੋਲ ਸਿੱਖ |
| ਅਜ਼ਾਦ ਹਿੰਦ ਫੌਜ ਵਿਚ ਭਾਗ ਲੈਣ ਵਾਲੇ | 4200 ਵਿਚੋਂ 2200 ਸਿੱਖ |
| ਜੇਲ੍ਹਾਂ ਕੱਟਣ ਤੇ ਜਾਇਦਾਦਾਂ ਕੁਰਕ ਕਰਾਉਣ ਵਾਲੇ ਅਜ਼ਾਦੀ ਘੁਲਾਟੀਏ | ਬਹੁਤੇ ਸਿੱਖ ਹੀ ਸਨ |

ਸਾਰਾਗੜ੍ਹੀ ਵਿਚ ਸ਼ਹੀਦ ਹੋਣ ਵਾਲੇ ਸਾਰੇ ਫੌਜੀ ਸਿੱਖ ਸਨ।

# ਦਸ਼ਮੇਸ਼ ਜੀ ਉਦਾਸ ਕਿਉਂ ?

ਦਸ਼ਮੇਸ਼ ਪਿਤਾ ਦਾ ਭਾਰਤ ਦੇ ਇਤਿਹਾਸ ਵਿਚ ਅਦੁੱਤੀ ਸਥਾਨ ਹੈ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਤੇ ਕੁਰਬਾਨੀ ਦੇ ਪੁੰਜ ਕਿਹਾ ਜਾਂਦਾ ਹੈ। ਦੇਸ਼, ਕੌਮ ਅਤੇ ਧਰਮ ਲਈ ਕੁਰਬਾਨੀਆਂ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ। ਉਨ੍ਹਾਂ ਨੇ ਹੀ ਆਪਣੀਆਂ ਲਾਸਾਨੀ ਸ਼ਹਾਦਤਾਂ ਸਦਕਾ ਬਿੱਲੀਆਂ ਨੂੰ ਸ਼ੇਰ ਅਤੇ ਚਿੜੀਆਂ ਨੂੰ ਬਾਜ਼ ਬਣਾਇਆ ਸੀ। ਉਨ੍ਹਾਂ ਨੇ ਹੀ ਸਾਡੀਆਂ ਮੁਰਦਾ ਰੂਹਾਂ ਵਿਚ ਜਾਨ ਫੂਕੀ ਸੀ ਅਤੇ ਸਾਨੂੰ ਪਹਾੜਾਂ ਨਾਲ ਤੇ ਲੱਖਾਂ ਨਾਲ ਆਢਾ ਲੈਣ ਦਾ ਬਲ ਬਖਸ਼ਿਆ ਸੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਸਾਜੇ ਸੰਵਾਰੇ ਸਿੰਘਾਂ ਨੇ ਅਠਾਰਵੀਂ ਸਦੀ ਵਿਚ ਮੁਗ਼ਲ ਹਕੂਮਤ ਅਤੇ ਅਫ਼ਗਾਨੀ ਧਾੜਵੀਆਂ ਨਾਲ ਟੱਕਰ ਲਈ ਸੀ। ਉਨ੍ਹਾਂ ਉੱਪਰ ਵੀ ਜਦੋਂ ਜ਼ੁਲਮ ਅਤੇ ਤਸ਼ੱਦਦ ਦੇ ਪਹਾੜ ਟੁੱਟ ਪਏ ਤਾਂ ਉਨ੍ਹਾਂ ਨੇ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਸੀ। ਜੰਗਲਾਂ ਤੇ ਪਹਾੜਾਂ ਦੀਆਂ ਖੁੰਦਰਾਂ ਵਿਚ ਲੁਕ-ਛਿਪ ਕੇ ਉਨ੍ਹਾਂ ਮੁਸਲਿਮ ਜਾਬਰਾਂ ਵਿਰੁੱਧ ਇਕ ਬਕਾਇਦਾ ਗੁਰੀਲਾ ਯੁੱਧ ਛੇੜੀ ਰੱਖਿਆ ਸੀ। ਇਸ ਸਿਰਤੋੜ ਸੰਘਰਸ਼ ਨੇ ਕਈ ਘੱਲੂਘਾਰਿਆਂ ਤੇ ਖ਼ੂਨੀ ਸਾਕਿਆਂ ਨੂੰ ਜਨਮ ਦਿੱਤਾ ਸੀ ਪਰ ਸਿੱਖਾਂ ਨੇ ਸਿੱਖੀ ਸਿੱਦਕ ਨਹੀਂ ਸੀ ਤਿਆਗਿਆ। ਇਸ ਸਿੱਦਕ ਲਈ ਅਖੀਰ ਪ੍ਰਾਣ ਹੀ ਤਿਆਗੇ ਸਨ। ਉਨ੍ਹਾਂ ਦੀਆਂ ਘਾਲਣਾਵਾਂ ਰੰਗ ਲਿਆਈਆਂ ਅਤੇ ਖਾਲਸਾ ਰਾਜ ਦੀ ਸਥਾਪਨਾ ਹੋਈ। ਮਹਾਰਾਜਾ ਰਣਜੀਤ ਸਿੰਘ ਦਾ ਕਾਲ ਪੰਜਾਬੀਆਂ ਦੇ ਇਤਿਹਾਸ ਦਾ ਸੁਨਹਿਰੀ ਕਾਲ ਹੈ।

ਰਣਜੀਤ ਸਿੰਘ ਦੇ ਕਾਲ ਸਮੇਂ ਖਾਲਸਾ ਰਾਜ ਦੀ ਸ਼ਾਨ ਵੇਖ ਕੇ ਲੱਖਾਂ ਹੀ ਲੋਕ ਸਿੱਖ ਬਣ ਗਏ ਸਨ। ਇਨ੍ਹਾਂ ਨੇ ਆਪਣੀ ਯੋਗਤਾ ਮੁਤਾਬਿਕ ਖਾਲਸਾ ਸਰਕਾਰ ਵਿਚ ਅਹੁਦਿਆਂ, ਰੁਤਬਿਆਂ ਤੇ ਚੌਧਰਾਂ ਦੀ ਖ਼ਾਤਰ ਸਿੱਖ ਸਰੂਪ ਧਾਰਨ ਕੀਤਾ ਪਰ ਸੀਰਤ ਨਹੀਂ। ਜਿਉਂ ਹੀ ਮਹਾਰਾਜੇ ਨੇ ਚਲਾਣਾ ਕੀਤਾ ਤਾਂ ਇਨ੍ਹਾਂ ਨੇ ਆਪਣੇ ਰੰਗ ਬਦਲਣੇ ਸ਼ੁਰੂ ਕਰ ਦਿੱਤੇ ਅਤੇ ਸਿੱਖ ਰਾਜ ਦੇ ਪਤਨ ਦਾ ਇਕ ਮੁੱਖ ਕਾਰਨ ਬਣੇ। ਉਹ ਰਾਤੋ-ਰਾਤ ਅੰਗਰੇਜ਼ ਭਗਤ ਬਣ ਗਏ ਜਿਵੇਂ ਉਹ ਰਾਤੋ-ਰਾਤ ਖਾਲਸਾ ਦਰਬਾਰ ਵਿਚ ਆਏ ਸਨ। ਡੋਗਰਿਆਂ, ਮਿਸਰਾਂ, ਰਾਜਪੂਤਾਂ ਅਤੇ ਮਹਾਰਾਜੇ ਦੇ ਸ਼ਰੀਕਾਂ ਨੇ ਇਸ ਸਮੇਂ ਮੌਕਾਪ੍ਰਸਤੀ ਦਾ ਖੇਲ ਖੇਲਿਆ ਅਤੇ ਉਹ ਖਾਲਸਾ ਰਾਜ ਨੂੰ ਉਜਾੜਨ ਅਤੇ ਬਾਕੀ ਰਿਆਸਤਾਂ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਲਈ ਜੁੱਟ ਪਏ। ਬਾਅਦ ਵਿਚ ਤਕਰੀਬਨ ਸਾਰੇ ਸਿੱਖ ਸਰਦਾਰ ਆਪਣੀਆਂ ਜਾਇਦਾਦਾਂ ਬਚਾਉਣ ਲਈ ਅੰਗਰੇਜ਼ਾਂ

ਦੇ ਪਿੱਠੂ ਬਣ ਕੇ ਰਹਿ ਗਏ। ਉਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦੇ ਪਸਾਰ ਲਈ ਫੌਜ ਸੇਵਾ ਪ੍ਰਦਾਨ ਕੀਤੀ ਅਤੇ ਦੋਵੇਂ ਆਲਮੀ ਜੰਗਾਂ ਦੌਰਾਨ ਉਹ ਦੇਸ਼ਾਂ-ਦੇਸ਼ਾਂਤਰਾਂ ਵਿਚ ਜਾ ਕੇ ਅੰਗਰੇਜ਼ਾਂ ਦੇ ਵਫ਼ਾਦਾਰ ਸਿਪਾਹੀ ਬਣ ਕੇ ਲੜਦੇ ਰਹੇ ਅਤੇ ਬੜੇ-ਬੜੇ ਤਮਗੇ, ਸ਼ੌਹਰਤਾਂ ਅਤੇ ਅਹੁਦੇ ਹਾਸਿਲ ਕੀਤੇ ਅਤੇ ਸਰਦਾਰ ਬਹਾਦਰ ਬਣੇ। ਸਭ ਕੁਝ ਬਣਾਇਆ ਪਰ ਸਿੱਖੀ ਨੂੰ ਲਾਜ ਲਾਈ। ਢਾਅ ਲਾਈ, ਮਨਮੁੱਖ ਹੋ ਕੇ ਨਕਲੀ ਸਿੱਖਾਂ ਨੇ।

ਦਸ਼ਮੇਸ਼ ਪਿਤਾ ਨੇ ਖਾਲਸਾ ਜ਼ੁਲਮ ਦਾ ਨਾਸ਼ ਕਰਨ ਵਾਸਤੇ ਸਾਜਿਆ ਸੀ। ਪਰ ਇਹ ਵੀਹਵੀਂ ਸਦੀ ਦੇ ਖਾਲਸੇ ਤਾਂ ਖੁਦ ਜ਼ੁਲਮ ਵਿਚ ਸ਼ਾਮਿਲ ਹੋ ਗਏ। ਗੋਰੇ ਮੱਕਾਰ ਹਾਕਮਾਂ ਦੇ ਹੱਥਠੋਕੇ  ਬਣ ਕੇ ਦੁਨੀਆਂ ਦੇ ਮਜ਼ਲੂਮ ਰਾਸ਼ਟਰਾਂ ਨੂੰ ਦੁਸ਼ਟ ਅੰਗਰੇਜ਼ੀ ਸਾਮਰਾਜ ਵਿਚ ਮਿਲਾਉਣ ਲਈ ਆਪਣੇ ਹੱਥ ਖ਼ੂਨ ਨਾਲ ਰੰਗਣ ਲੱਗੇ। ਆਪਣੇ ਹੀ ਮੁਲਕ ਵਿਚ ਦਸ਼ਮੇਸ਼ ਦੇ ਸਿੰਘਾਂ ਨੇ ਕੁਝ ਦੇਸੀ ਰਿਆਸਤਾਂ ਦੇ ਰਾਜੇ ਬਣ ਕੇ ਆਪਣੇ ਹੀ ਦੇਸ਼ ਭਗਤ ਸਿੱਖਾਂ ਨੂੰ ਲਾਠੀਆਂ ਮਾਰੀਆਂ, ਗੋਲੀਆਂ ਨਾਲ ਭੁੰਨਿਆ, ਫਾਸੀਆਂ ਦੇ ਫੰਦੇ ਲਾਏ ਅਤੇ ਕਾਲੇ ਪਾਣੀਆਂ  ਨੂੰ ਰਵਾਨਾ ਕੀਤਾ। ਅਣਗਿਣਤ ਇਨ੍ਹਾਂ ਗੁਰੂ ਦੇ ਦੁਲਾਰਿਆਂ ਨੇ ਸਿੱਖਾਂ ਦੀਆਂ ਮੁਖ਼ਬਰੀਆਂ ਕਰਕੇ, ਇਨ੍ਹਾਂ ਦੇ ਘਰ-ਘਾਟ ਤੇ ਜ਼ਮੀਨਾਂ ਜਾਇਦਾਦਾਂ ਕੁਰਕ ਕਰਵਾਈਆਂ। ਇਸ ਸੇਵਾ ਦੇ ਬਦਲੇ ਇਨ੍ਹਾਂ ਨੇ ਨੰਬਰਦਾਰੀਆਂ, ਸਫ਼ੈਦਪੋਸ਼ੀਆਂ ਅਤੇ ਜ਼ੈਲਦਾਰੀਆਂ ਝੋਲੀ ਪਵਾਈਆਂ। ਢੇਰ ਸਾਰੇ ਰੁਤਬੇ ਤੇ ਖ਼ਿਤਾਬ ਪ੍ਰਾਪਤ ਕੀਤੇ ਅਤੇ ਗੋਰਿਆਂ ਦੀ ਵਫ਼ਾਦਾਰੀ ਅਤੇ ਗ਼ਦਰੀ ਬਾਬਿਆਂ ਨੂੰ ਲੱਭ-ਲੱਭ ਕੇ ਮਰਵਾਇਆ। ਕੀ ਜ਼ਾਲਮਾਂ ਦਾ ਟੋਡੀ ਕਦੀ ਦਸ਼ਮੇਸ਼ ਦਾ ਸਿੱਖ ਬਣ ਸਕਦਾ ਹੈ ? ਹਰੀ ਸਿੰਘ ਨਲਵੇ, ਅਕਾਲੀ ਫੂਲਾ ਸਿੰਘ ਅਤੇ ਬਾਬਾ ਦੀਪ ਸਿੰਘ ਵਰਗੇ ਸਿਰਲੱਥ ਸੂਰਮਿਆਂ ਸਿੰਘਾਂ ਨੇ ਜਾਨਸ਼ੀਨ ਅੰਗਰੇਜ਼ਾਂ ਦੇ ਹੱਥ ਠੋਕੇ ਬਣ ਕੇ ਰਹਿ ਗਏ।

ਕੌਮ ਦੇ ਹਤਿਆਰੇ ਜਨਰਲ ਡਾਇਰ ਨੂੰ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਉਪਰੰਤ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਨਮਾਨਿਆ ਗਿਆ। ਇਸ ਤਰ੍ਹਾਂ ਸਿੱਖੀ ਸਿੱਦਕ ਤੇ ਗੌਰਵ ਦਾ ਜਨਾਜ਼ਾ ਕੱਢ ਦਿੱਤਾ ਗਿਆ। ਚੀਫ਼ ਖਾਲਸਾ ਦੀਵਾਨ ਦੇ ਪਤਵੰਤਿਆਂ ਨੇ ਅੰਗਰੇਜ਼ਾਂ ਦੇ ਖੁਸ਼ਾਮਦੀ ਤੇ ਪਿੱਠੂ ਬਣ ਕੇ ਸਿੱਖਾਂ ਦੇ ਨੁਮਾਇੰਦਿਆਂ ਦੀ ਹੈਸੀਅਤ ਵਿਚ ਆਪਣੇ ਸੌੜੇ ਸਵਾਰਥਾਂ ਦੀ ਖ਼ਾਤਰ, ਕੌਮੀ ਜੰਗੇ ਅਜ਼ਾਦੀ ਦੌਰਾਨ ਅੰਗਰੇਜ਼ਾਂ ਦਾ ਸਾਥ ਦਿੱਤਾ ਅਤੇ ਗੋਰੇ ਹਾਕਮਾਂ ਪਾਸੋਂ ਮਨਚਾਹੇ ਇਨਾਮ ਹਾਸਿਲ ਕੀਤੇ। ਚੀਫ਼ੀਏ ਸਰਦਾਰਾਂ ਵਿਚ ਸਿੱਖ ਸਰਦਾਰਾਂ ਵਾਲੀ ਸਿੱਖੀ ਸਪਿਰਟ ਅੱਧਮੋਈ ਹੋ ਚੁੱਕੀ ਸੀ। ਉਨ੍ਹਾਂ ਦਾ ਮੁੱਖ ਉਦੇਸ਼ ਸਮੇਂ ਦੀ ਹਕੂਮਤ ਨਾਲ ਚੱਲਣਾ ਹੀ ਬਣ ਚੁੱਕਾ ਸੀ। ਇਸੇ ਲਈ ਇਨ੍ਹਾਂ ਝੋਲੀ ਚੁੱਕ ਸਰਦਾਰਾਂ ਦੀਆਂ ਸਰਦਾਰੀਆਂ ਸਲਾਮਤ ਰਹੀਆਂ। ਜਦੋਂ ਕਿ ਅਣਖੀ ਤੇ ਧਰਮੀ ਸਿੱਖਾਂ ਨੂੰ ਘਸਿਆਰਾ ਬਣਾ ਦਿੱਤਾ ਗਿਆ। ਉਨ੍ਹਾਂ ਦੀਆਂ ਤਮਾਮ ਜ਼ਮੀਨਾਂ ਜਾਇਦਾਦਾਂ ਜ਼ਬਤ ਕਰਕੇ, ਕਾਲ-ਕੋਠੜੀਆਂ ਵਿਚ ਡੱਕ ਦਿੱਤਾ ਗਿਆ।

ਇਹ ਕਿਸ ਕਿਸਮ ਦੀ ਸਿੱਖੀ ਹੈ ? ਦਸ਼ਮੇਸ਼ ਪਿਤਾ ਅਤੇ ਉਸ ਦੇ ਸਿੰਘਾਂ ਨੇ ਜ਼ੁਲਮ ਨਾਲ ਲੋਹਾ ਲਿਆ, ਭਾਵੇਂ ਜ਼ਾਲਿਮ ਆਪਣਾ ਹੀ ਭਰਾ ਹੀ ਕਿਉਂ ਨਾ ਹੋਵੇ। ਜੰਗਲਾਂ ਤੇ ਖੇਤਾਂ ਵਿਚ ਰਾਤਾਂ ਗੁਜ਼ਾਰਨੀਆਂ ਕਬੂਲ ਕੀਤੀਆਂ। ਪਰ ਕਿਸੇ ਜ਼ਾਲਿਮ ਦੀ ਟੈਂ ਨਹੀਂ

ਸਹਾਰੀ। ਪਰ ਇਹ ਦਸ਼ਮੇਸ਼ ਤੇ ਮਾਡਰਨ ਸਿੱਖ, ਕਿਸ ਮਰਜ਼ ਦੀ ਬਲਾ ਹਨ ? ਜਨਰਲ ਡਾਇਰ ਨੂੰ ਦਰਬਾਰ ਸਾਹਿਬ ਵਿਚ ਸਨਮਾਨਿਤ ਕਰਨ ਪਿੱਛੇ ਕਿਹੜੀ ਸ਼ਕਤੀ ਕੰਮ ਕਰ ਰਹੀ ਸੀ ? ਉਸ ਬੁਜ਼ਦਿਲ ਤੇ ਕਮੀਨੇ ਡਾਇਰ ਨੇ ਸਾਡੇ ਹਜ਼ਾਰਾਂ ਨਿਰਦੋਸ਼ ਭਾਰਤੀਆਂ ਨੂੰ ਅੰਧਾ-ਧੁੰਦ ਗੋਲੀਆਂ ਨਾਲ ਭੁੰਨ ਦਿੱਤਾ ਸੀ। ਉਹ ਹਤਿਆਰੇ ਨੂੰ ਜ਼ਲੀਲ ਕਰਨ ਦੀ ਜਗ੍ਹਾ ਉਸ ਨੂੰ ਸਿੱਖਾਂ ਦੇ ਪ੍ਰਮੁੱਖ ਗੁਰਧਾਮ ਵਿਖੇ ਬੁਲਾ ਕੇ ਸਨਮਾਨਿਤ ਕਰਨਾ ਸਿੱਖਾਂ ਦੇ ਇਖ਼ਲਾਕੀ ਪਤਨ ਦੀ ਇੰਤਹਾ ਸੀ। ਇਕ ਸਿੱਖ ਅੰਗਰੇਜ਼-ਭਗਤ ਸਿੱਖ ਮਜਿਸਟ੍ਰੇਟ ਨੇ, ਭਗਤ ਸਿੰਘ ਅਤੇ ਦੱਤ ਖਿਲਾਫ਼ ਝੂਠੀ ਗਵਾਹੀ ਦਿੱਤੀ ਤੇ ਬਾਅਦ ਵਿਚ ਪੰਜਾਬ ਦੇ ਗੋਰੇ ਗਵਰਨਰ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਇਕ ਸਨਮਾਨ ਸਮਾਰੋਹ ਵਿਚ ਸੁਨਹਿਰੀ ਕੁਰਸੀ ਪੇਸ਼ ਕਰਨੀ, ਇਹ ਸਭ ਟਸ਼ਨ ਗੋਰੇ ਹਾਕਮਾਂ ਦੀ ਚਾਪਲੂਸੀ ਦੇ ਭਿੰਨ-ਭਿੰਨ ਰੂਪ ਸਨ। ਕੀ ਇਨ੍ਹਾਂ ਨਾਮ-ਨਿਹਾਦ ਸਿੱਖਾਂ ਲਈ ਕੋਈ ਸਿੱਖੀ ਵਾਲੀ ਅਲਾਮਤ ਹੈ ? ਜਾਪਦੀ ਨਹੀਂ। ਇਨ੍ਹਾਂ ਤਿਲਾਂ ਵਿਚ ਤੇਲ ਨਹੀਂ।

ਦਸ਼ਮੇਸ਼ ਪਿਤਾ ਆਪਣੇ ਇਨ੍ਹਾਂ ਨੇਕਬਖ਼ਤਾਂ ਦੀਆਂ ਕਲਾਬਾਜ਼ੀਆਂ ਕਾਰਨ ਉਦਾਸ ਹਨ। ਜਿਹੜਾ ਸਰੂਪ ਅਤੇ ਪ੍ਰਭਾਵ ਅੱਜ ਅਸੀਂ ਸਿੱਖਾਂ ਦੇ ਜ਼ਮਾਨੇ ਨੂੰ ਦਿੱਤਾ ਹੈ, ਇਹ ਦਸ਼ਮੇਸ਼ ਪਿਤਾ ਜੀ ਨੂੰ ਦੂਜਾ ਬੇਦਾਵਾ ਦੇਣ ਵਾਲੀ ਗੱਲ ਹੈ। ਅੱਜ ਬਹੁਤੇ ਸਿੱਖ ਨਿੱਤ ਗੁਰੂ ਦੇ ਮਾਰਗ ਤੋਂ ਭਟਕ ਚੁੱਕੇ ਹਨ ਵੇਖਣ ਨੂੰ ਤਾਂ ਉਹ ਪਹਿਲਾਂ ਨਾਲੋਂ ਵੀ ਸੁੰਦਰ ਤੇ ਸੁਣੱਖੇ ਲੱਗਦੇ ਹਨ। ਪਰ ਸਿੱਖੀ ਸੀਰਤ ਤੇ ਮੱਤ ਤੋਂ ਕੋਰੇ। ਕੇਵਲ ਦਸ਼ਮੇਸ਼ ਪਿਤਾ ਦੀਆਂ ਲਾਸਾਨੀ ਸਰਬੰਸ ਵਾਰਨ ਵਾਲੀਆਂ ਸ਼ਹਾਦਤਾਂ ਦੀ ਓਟ ਲੈ ਕੇ, ਆਪਣੇ ਸਰਬੰਸ ਪਾਲ ਪੋਸ ਰਹੇ ਹਨ। ਇਕ ਦੂਜੇ ਨੂੰ ਠਿੱਬੀਆਂ ਮਾਰਨੀਆਂ, ਠੱਗੀ-ਠੋਰੀ ਨਾਲ ਮਾਇਆ ਇਕੱਤਰ ਕਰਨੀ, ਸੀਨੇ ਜੋਰੀਆਂ ਕਰਨੀਆਂ ਅਤੇ ਆਪਣੇ ਦੀਨ-ਈਮਾਨ ਨੂੰ ਛਿੱਕੇ ਟੰਗ ਕੇ ਆਪਣੇ ਉੱਲੂ ਸਿੱਧੇ ਕਰਨੇ ਇਨ੍ਹਾਂ ਦੀ ਸਿੱਖੀ ਹੈ। ਅੱਜ ਸਾਡੇ ਰਾਜਸੀ ਤੇ ਧਾਰਮਿਕ ਨੇਤਾ ਚੱਤੇ ਪਹਿਰ ਸਿੱਖੀ ਦਾ ਸ਼ੋਸ਼ਣ ਕਰਕੇ ਆਪਣੇ ਹੀ ਭਰਾਵਾਂ ਨਾਲ ਗ਼ਦਾਰੀਆਂ ਕਰ ਰਹੇ ਹਨ। ਗੁਰੂ ਸਾਹਿਬਾਂ ਆਪਣੇ ਪਿਆਰੇ ਚਾਲੀ ਸਿੰਘਾਂ ਦੀ ਇਕ ਵਾਰੀ ਤਾਂ ਟੁੱਟੀ ਗੰਢ ਦਿੱਤੀ ਸੀ। ਇਨ੍ਹਾਂ ਦੁਲਾਰਿਆਂ ਦੀ ਕੌਣ ਗੰਢੇਗਾ ? ਇਹ ਤਾਂ ਮਨੁੱਖ ਹੋ ਕੇ, ਸਿੱਖੀ ਤੋਂ ਕੋਹਾਂ ਮੀਲ ਦੂਰ ਨਿਕਲ ਗਏ ਹਨ। ਜਿਸ ਦਲਦਲ ਅਤੇ ਘੁੰਮਣਘੇਰੀ ਵਿਚੋਂ ਦਸ਼ਮੇਸ਼ ਪਿਤਾ ਨੇ ਇਨ੍ਹਾਂ ਨੂੰ ਕੱਢਿਆ ਸੀ, ਅੱਜ ਉਸੇ ਵਿਚ ਹੀ ਧੱਸਦੇ ਜਾ ਰਹੇ ਹਨ। ਮਹੰਤਾਂ ਤੇ ਮਸੰਦਾਂ ਦਾ ਭ੍ਰਿਸ਼ਟ ਹੋਣਾ ਤੇ ਗੁਰੂ ਸਾਹਿਬਾਂ ਨੇ ਉਨ੍ਹਾਂ ਨੂੰ ਜਿਊਂਦੇ ਹੀ ਸੜਵਾ ਦਿੱਤਾ ਸੀ। ਅੱਜ ਦੇ ਗੁਰਧਾਮਾਂ ਵਿਚ ਹੋਰ ਭ੍ਰਿਸ਼ਟਾਚਾਰ ਅਤੇ ਬਦਇਖ਼ਲਾਕੀ ਨੂੰ ਕੌਣ ਠੱਲ੍ਹ ਪਾਵੇਗਾ ? ਸੋਧਣ ਵਾਲੇ ਤਾਂ ਖੁਦ ਹੀ ਮਸੰਦ ਬਣ ਰਹੇ ਹਨ। ਹੁਣ ਅਬਦਾਲੀਆਂ ਨੂੰ ਸਾਡੀਆਂ ਅਜ਼ਮਤਾਂ ਲੁੱਟਣ ਦੀ ਲੋੜ ਨਹੀਂ, ਅਸੀਂ ਆਪ ਹੀ ਅੱਤਵਾਦ ਦੌਰਾਨ ਆਪਣੀਆਂ ਇੱਜ਼ਤਾਂ ਨਾਲ ਖੇਲ ਚੁੱਕੇ ਹਾਂ। ਹੁਣ ਮੱਸੇ ਰੰਗੜ ਨੂੰ ਸਾਡੇ ਗੁਰਧਾਮਾਂ ਦੀ ਬੇਹੁਰਮਤੀ ਕਰਨ ਦੀ ਜ਼ਰੂਰਤ ਨਹੀਂ ਰਹੀ, ਅਸੀਂ ਇਹ ਕਾਰਜ ਆਪਣੇ ਜ਼ਿੰਮੇ ਲੈ ਲਿਆ ਹੈ। ਧੀਆਂ-ਭੈਣਾਂ ਨੂੰ ਧਾੜਵੀਆਂ ਤੋਂ ਛੁਡਾਉਣ ਵਾਲੇ ਖੁਦ ਧਾੜਵੀ ਬਣ ਚੁੱਕੇ ਹਨ। ਬੱਚੇ, ਬੁੱਢੇ ਅਤੇ ਬੀਬੀਆਂ ਉੱਪਰ ਹੱਥ ਉਠਾਉਣ ਲਈ, ਹੁਣ

ਦਰਾ ਖ਼ੈਬਰ ਪਾਰ ਨਹੀਂ ਕਰਨਾ ਪਵੇਗਾ, ਇਹ ਸੁਵਿਧਾ ਅਸੀਂ ਘਰ ਵਿਚ ਹੀ ਪੈਦਾ ਕਰ ਲਈ ਹੈ। ਜਿਹੜੀ ਵੀ ਸਾਨੂੰ ਅਜਿਹਾ ਕਰਨ ਤੋਂ ਰੋਕਦਾ ਹੈ, ਅਸੀਂ ਉਸ ਨੂੰ ਦਸ਼ਮੇਸ਼ ਪਿਤਾ ਕੋਲ ਭੇਜ ਦਿੰਦੇ ਹਾਂ।

1984 ਵਿਚ ਦਿੱਲੀ ਤੇ ਹੋਰ ਭਾਰਤੀ ਸ਼ਹਿਰਾਂ ਵਿਚ ਸਿੱਖਾਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ ਤੇ ਉਨ੍ਹਾਂ ਦੇ ਤਾਂਡਵ ਨਾਚ ਨੂੰ ਭੀੜਾਂ ਨੇ ਤਮਾਸ਼ੇ ਵਾਂਗ ਮਾਣਿਆ। ਸਿੱਖਾਂ ਦੇ ਰੋਮ ਸਣੇ, ਬਾਕੀ ਦਰਜਨਾਂ ਗੁਰਧਾਮਾਂ ਦੀ ਸ਼ਰੇਆਮ ਬੇਅਦਬੀ ਕੀਤੀ ਗਈ। ਇਸ ਤਮਾਸ਼ੇ ਨੂੰ ਗੁਰੂ ਦੇ ਦੁਲਾਰੇ ਰਾਸ਼ਟਰਪਤੀ ਅਤੇ ਗ੍ਰਹਿ ਮੰਤਰੀ ਨੇ ਮੂਕ-ਦਰਸ਼ਕ ਵਾਂਗ ਮਾਣਿਆ। ਦਸ਼ਮੇਸ਼ ਦੇ ਦੁਲਾਰਿਆਂ ਨੇ ਆਪਣੇ ਜੰਞੂ ਤਿਲਕ ਲੇਵਾ ਭਾਈਆਂ ਨੂੰ ਲਾਰੀਆਂ 'ਚੋਂ ਕੱਢ ਕੱਢ ਮਾਰਿਆ। ਇਸ ਤਰ੍ਹਾਂ ਆਪਸ ਵਿਚ ਹੀ ਬਦਲਾਖ਼ੋਰੀ ਕਾਰਵਾਈਆਂ ਚੱਲਦੀਆਂ ਰਹੀਆਂ। ਜਦੋਂ ਸਾਡੇ ਦੇਸ਼ ਵਾਸੀਆਂ ਨੇ ਇਕ ਸਿੱਖ ਨੂੰ ਸ੍ਰੇਸ਼ਟ ਸਰਬੋਤਮ ਸਮਝ ਕੇ ਹਿੰਦੁਸਤਾਨ ਦਾ ਤਾਜ ਉਸ ਨੂੰ ਸੌਂਪਿਆ ਤਾਂ ਬਹੁਤ ਸਾਰੇ ਦਸ਼ਮੇਸ਼ ਦੇ ਦੁਲਾਰੇ ਸਿੱਖਾਂ ਨੇ ਉਸਦੀ ਸਿਰਤੋੜ ਮੁਖਾਲਫ਼ਿਤ ਕੀਤੀ ਅਤੇ ਉਸ ਨੂੰ ਗੱਦੀਓਂ ਲਾਹੁਣ ਲਈ ਕਈ ਹਰਬੇ ਵਰਤੇ। ਸਾਰੇ ਜਗਤ ਨੇ ਉਸ ਨੂੰ ਸੁੱਘੜ ਸਿਆਣਾ ਨੇਤਾ ਸਮਝ ਕੇ ਸਨਮਾਨਿਆ। ਪਰ ਗੁਰੂ ਦੇ ਸਿੱਖਾਂ ਨੇ ਆਪਣੇ ਨਿੱਜੀ ਮੁਫ਼ਾਦਾਂ ਦੀ ਖ਼ਾਤਰ ਕੌਰ ਦੇ ਹੀਰਿਆਂ ਦਾ ਟਕਾ ਮੁੱਲ ਨਹੀਂ ਪਾਇਆ। ਅੱਜ ਅਸੀਂ ਫਿਰ ਸ਼ੇਰਾਂ ਤੋਂ ਬਿੱਲੀਆਂ ਅਤੇ ਬਾਜ਼ਾਂ ਤੋਂ ਚਿੜੀਆਂ ਬਣ ਕੇ ਰਹਿ ਗਏ ਹਾਂ। ਸਾਡੀ ਅਣਖ ਤੇ ਬਹਾਦਰੀ ਦੇ ਡੰਕੇ ਹੁਣ ਖਲਾਵਾਂ ਵਿਚ ਹੀ ਵੱਜ ਰਹੇ ਹਨ। ਅਸੀਂ ਇੰਨੇ ਨਾਖ਼ਾਲਿਸ ਤੇ ਪਤਿਤ ਹੋ ਗਏ ਹਾਂ ਕਿ ਹੁਣ ਦਸ਼ਮੇਸ਼ ਪਿਤਾ ਸਾਡੀ ਪ੍ਰਤੀਤ ਨਹੀਂ ਕਰਨਗੇ। ਆਓ ਇਸ ਟੁੱਟੀ ਨੂੰ ਦੁਬਾਰਾ ਗੰਢਣ ਦੇ ਉਪਰਾਲੇ ਕਰੀਏ। ਆਓ ! ਆਪਣੇ ਗੁਰੂ ਨੂੰ ਵਾਪਿਸ ਖਡੂਰ ਲਿਆਈਏ ਭਾਵੇਂ ਸਾਨੂੰ ਸੰਨ੍ਹ ਕਿਉਂ ਨਾ ਲਾਉਣੀ ਪਵੇ।

ਆਓ ਦੁਬਾਰਾ ਅੰਮ੍ਰਿਤ ਛਕੀਏ ਤਾਂ ਕਿ ਸਾਡੇ ਵਿਚ ਪ੍ਰਵੇਸ਼ ਕੀਤੀਆਂ ਕੁਰੀਤੀਆਂ ਛਿੰਨ-ਭਿੰਨ ਹੋ ਜਾਣ। ਆਓ ਦਸ਼ਮੇਸ਼ ਜੀ ਦੀਆਂ ਲਾਸਾਨੀ ਸ਼ਹਾਦਤਾਂ ਦੀ ਹੱਕ ਰਸੀ ਕਰੀਏ ਤਾਂ ਕਿ ਉਹ ਸਿੱਖ ਪੰਥ ਵਿਚ ਉਦਾਸੀਆਂ ਦੀ ਜਗ੍ਹਾ ਮੁਸਕਾਣਾਂ ਦੀ ਛਹਿਬਰ ਲੱਗ ਜਾਏ। ਆਓ ਗੁਰੂ ਪੰਥ ਦੀਆਂ ਦੋਖੀ ਸ਼ਕਤੀਆਂ ਨੂੰ ਸ਼ਿਕਸਤ ਦੇਈਏ ਕਿ ਦਸ਼ਮੇਸ਼ ਜੀ ਫਿਰ ਸਾਡੀ ਪ੍ਰਤੀਤ ਕਰਨ ਲਈ ਤਤਪਰ ਹੋ ਜਾਣ।

# ਖਾਲਸਾ ਜੀ ਜੀਣਾ ਵੀ ਸਿੱਖੋ

ਧਰਮ ਜੀਵਨ ਜਾਚ ਦਾ ਦੂਸਰਾ ਨਾਮ ਹੈ। ਕਿਵੇਂ ਜੀਣਾ ਤੇ ਕਿਵੇਂ ਮਰਨਾ ਹੈ, ਇਹ ਦੋਵੇਂ ਸਬਕ ਧਰਮ ਹੀ ਪੜ੍ਹਾਉਂਦਾ ਹੈ। ਸਿੱਖ ਕੌਮ ਦੇ ਇਤਿਹਾਸ ਉੱਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅੱਜ ਬਹੁਤੇ ਸਿੱਖ ਅਧੂਰਾ ਜੀਵਨ ਬਤੀਤ ਕਰ ਰਹੇ ਹਨ।

ਸਿੱਖ ਧਰਮ ਬੜੇ ਸੰਘਰਸ਼ਾਂ ਤੋਂ ਨਿੱਤਰ ਕੇ ਮੌਜੂਦਾ ਰੂਪ ਵਿਚ ਆਇਆ ਹੈ। ਸਿੱਖ ਬਣਨਾ ਕੋਈ ਅਸਾਨ ਨਹੀਂ ਸੀ। ਕੋਈ ਅਣਖੀਲਾ ਇਨਸਾਨ ਹੀ ਸਿੱਖ ਬਣਨ ਦਾ ਸਾਹਸ ਜੁਟਾ ਸਕਦਾ ਸੀ। ਜ਼ੁਲਮ ਤੋਂ ਬਚਣ ਲਈ ਕੇਵਲ ਦੋ ਮਾਰਗ ਸਨ। ਇਕ ਮੁਸਲਮਾਨ ਬਣ ਜਾਓ ਤੇ ਦੂਜਾ ਸਿੱਖ। ਸਿੱਖ ਬਣਨਾ ਇਕ ਭਾਰੀ ਖਤਰਾ ਮੁੱਲ ਲੈਣ ਵਾਲੀ ਗੱਲ ਸੀ। ਸਿੱਖਾਂ ਦੀ ਗਿਣਤੀ ਸੰਧਾਰ ਵਿਚ ਥੋੜ੍ਹੀ ਹੈ ਕਿਉਂਕਿ ਫੁੱਲਾਂ ਨੂੰ ਛੱਡ ਕੇ ਕੰਡਿਆਂ ਨੂੰ ਗਲੇ ਲਗਾਣ ਵਾਲੇ ਘੱਟ ਹੀ ਹੁੰਦੇ ਹਨ। ਖੰਡਿਓਂ ਤਿੱਖੀ, ਵਾਲੋਂ ਨਿੱਕੀ। ਮੰਝਧਾਰ ਵਿਚੋਂ ਗੁਜ਼ਰਨਾ ਪੈਂਦਾ ਹੈ ਹਰ ਸਿੱਖ ਨੂੰ।

ਸਿੱਖੀ ਦੇ ਦੋ ਸਰੂਪ ਹਨ। ਇਕ ਸੰਤ ਤੇ ਦੂਜਾ ਸਿਪਾਹੀ। ਅਮਨ ਅਮਾਨ ਹੋਵੇ ਤਾਂ ਸਿੱਖਾਂ ਨੂੰ ਗੁਰੂ ਮਹਾਰਾਜ ਨੇ ਸੰਤ ਸਾਧਾਂ ਵਾਲਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਜੇਕਰ ਧਰਮ ਖ਼ਤਰੇ ਵਿਚ ਹੋਵੇ ਤਾਂ ਹਰ ਸਿੱਖ ਨੂੰ ਸਿਪਾਹੀ ਦਾ ਰੂਪ ਧਾਰਨ ਦਾ ਹੁਕਮ ਹੈ। ਹਰ ਸਿੱਖ ਨੂੰ ਤਿਆਰ-ਬਰ-ਤਿਆਰ ਰਹਿਣ ਦਾ ਪਾਠ ਪੜ੍ਹਾਇਆ ਜਾਂਦਾ ਹੈ। ਧਰਮ ਲਈ, ਕੌਮ ਲਈ, ਅਣਖ ਤੇ ਇਨਸਾਫ਼ ਲਈ ਮਰ ਮਿਟਣਾ ਹੈ। ਸਿੱਖਾਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਹੀ ਹੁੰਦਾ ਆਇਆ ਹੈ। ਸਿੱਖਾਂ ਨੂੰ ਜਾਨ ਪਿਆਰੀ ਨਹੀਂ, ਅਰਾਮ ਵਾਲਾ ਜੀਵਨ ਪਿਆਰਾ ਨਹੀਂ, ਲਾਲਚ ਤੇ ਤੋਹਫ਼ੇ ਪਿਆਰੇ ਨਹੀਂ। ਪਿਆਰਾ ਹੈ ਤਾਂ ਕੇਵਲ ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਐਲਾਨੇ ਜੰਗ ਅਤੇ ਇਹੀ ਗੁੜ੍ਹਤੀ ਦਸਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਦਿੱਤੀ ਹੈ।

ਸਿੱਖ ਦਾ ਬੜਾ ਸੁਨਹਿਰੀ ਤੇ ਗੌਰਵਮਈ ਇਤਿਹਾਸ ਹੈ। ਹਰ ਪੰਨੇ ਨੂੰ ਬਾਰ-ਬਾਰ ਪੜ੍ਹਨ ਨੂੰ ਦਿਲ ਕਰਦੈ। ਕੌਮ ਪ੍ਰਸਤੀ, ਇਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਹੈ। ਸਿੱਖ ਕੋਈ ਗ਼ਦਾਰ ਨਹੀਂ ਹੋ ਸਕਦਾ, ਦੁਸ਼ਮਣ ਦਾ ਜਸੂਸ ਨਹੀ ਹੋ ਸਕਦਾ, ਭਾਈਮਾਰ ਤੇ ਦਗ਼ੇਬਾਜ਼ ਨਹੀਂ ਹੈ। ਸਿੱਖਾਂ ਦਾ ਇਕ ਵਿਸ਼ੇਸ਼ ਮੁਹਾਂਦਰਾ ਹੈ, ਇਸ ਨੂੰ ਰਲਦੇ-ਮਿਲਦੇ ਅਰਥੀਆਂ ਨਾਂਲ ਨਹੀਂ ਮਿਲਾਇਆ ਜਾ ਸਕਦਾ। ਸਿੱਖਾਂ ਦੇ ਮੁਹਾਂਦਰੇ ਵਿਚੋਂ ਇਨਸਾਨੀ ਚਰਿੱਤਰ ਦੀ ਮਹਿਕ ਆਉਂਦੀ ਹੈ। ਪਰ ਅਫ਼ਸੋਸ ਹੈ ਕਿ ਅਜੋਕੇ ਯੁੱਗ ਵਿਚ ਸਿੱਖ ਆਪਣਾ ਮਾਣ-ਮੱਤਾ ਇਤਿਹਾਸ ਭੁੱਲ ਚੁੱਕੇ ਹਨ। ਉਨ੍ਹਾਂ ਵਿਚ ਉਹ ਕਮਜ਼ੋਰੀਆਂ

ਉੱਭਰ ਰਹੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਗੁਰੂ ਸਾਹਿਬਾਨ ਨੇ ਸਿੱਖ ਪੰਥ ਉਸਾਰਿਆ ਸੀ। ਅਸੀਂ ਪਿਛਾਂਹ ਨੂੰ ਜਾ ਰਹੇ ਹਾਂ। ਸਾਡੇ ਕਈ ਭਰਾਵਾਂ ਦੀਆਂ ਕੋਝੀਆਂ ਹਰਕਤਾਂ ਵੇਖ ਕੇ ਇੰਝ ਲੱਗਦਾ ਹੈ। ਕਿ ਇਨ੍ਹਾਂ ਵਿਚੋਂ ਸਿੱਖੀ ਦਾ ਸਾਇਆ ਉੱਡ-ਪੁੱਡ ਗਿਆ ਹੈ। ਇਹ ਵੇਖਣ ਨੂੰ ਤਾਂ ਸਿੱਖ ਲੱਗਦੇ ਹਨ ਪਰ ਕਰਤੂਤਾਂ ਸਿੱਖਾਂ ਵਾਲੀਆਂ ਨਹੀਂ ਹਨ। ਸਵਾਰਥ, ਲਾਲਚ ਤੇ ਪੈਸੇ ਦੀ ਦੌੜ ਵਿਚ, ਸਾਡੇ ਹੱਥੋਂ ਸਿੱਖੀ ਨਿਕਲ ਰਹੀ ਹੈ। ਸਿੱਖੀ ਦੀ ਜਿਸ ਪਰੰਪਰਾਵਾਦੀ ਸ਼ਾਨ ਤੇ ਮਰਿਆਦਾ ਨਾਲ ਅਸੀਂ ਭਾਰਤ ਅਤੇ ਵਿਸ਼ਵ ਵਿਚ ਪ੍ਰਸਿੱਧ ਤੇ ਪ੍ਰਚਲਿਤ ਹਾਂ, ਉਹ ਆਣ ਤੇ ਅਣਖ ਸਾਡੇ ਵਿਚੋਂ ਗੁੰਮ ਹੋ ਰਹੀ ਹੈ। ਕਈ ਵਾਰੀ ਤਾਂ ਕੇਵਲ ਢਾਂਚਾ ਹੀ ਨਜ਼ਰ ਆਉਂਦਾ ਹੈ। ਕਲਬੂਤ ਕਾਇਮ ਹੈ, ਰੂਹ ਉੱਡ ਗਈ ਹੈ।

ਸਾਡੀਆਂ ਉੱਚੀਆਂ ਤੇ ਸੁੱਚੀਆਂ ਸੰਸਥਾਵਾਂ ਦਾਗ਼ੀ ਹੋ ਰਹੀਆਂ ਹਨ। ਸਿੱਖਾਂ ਦਾ ਰਾਜਨੀਤਕ ਦਲ, ਅਕਾਲੀ ਦਲ ਹੈ। ਅੱਜ ਇਕ ਸ਼੍ਰੋਮਣੀ ਅਕਾਲੀ ਦਲ ਦੀ ਜਗ੍ਹਾ, ਕਈ ਸਮਾਨਅੰਤਰ ਅਕਾਲੀ ਦਲ ਪਨਪ ਰਹੇ ਹਨ। ਬਾਈ ਮੰਜਿਆਂ ਵਾਂਗ ਹਰ ਕੋਈ ਆਪਣੇ ਆਪ ਨੂੰ ਖਰਾ ਤੇ ਦੂਜਿਆਂ ਨੂੰ ਖੋਟਾ ਦੱਸਦਾ ਹੈ। ਚੋਣ ਮਨੋਰਥ ਵੱਖਰੇ ਵੱਖਰੇ ਹਨ, ਝੰਡੇ ਵੱਖਰੇ ਵੱਖਰੇ ਹਨ ਤੇ ਇਨ੍ਹਾਂ ਪਿੱਛੇ ਵਿਚਾਰ ਧਾਰਾਵਾਂ ਵੀ ਵੱਖ-ਵੱਖ ਹਨ। ਚੋਣਾਂ ਦੌਰਾਨ ਆਪਸੀ ਲੜਾਈ ਝਗੜੇ ਤੇ ਦੂਸ਼ਣਬਾਜ਼ੀ, ਕੌਮ ਨੂੰ ਕਲੰਕਿਤ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਜੋ ਕਿ ਇਤਿਹਾਸਕ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਦੀ ਹੈ, ਇਕ ਅਖਿਲ ਭਾਰਤੀ ਗੁਰਦੁਆਰਾ ਐਕਟ ਬਣਾਉਣ ਵਿਚ ਅਸਮਰੱਥ ਰਹੀ ਹੈ। ਕਈ ਪ੍ਰਾਂਤਾਂ ਦੀਆਂ ਆਪਣੀਆਂ ਪ੍ਰਬੰਧਕ ਕਮੇਟੀਆਂ ਹਨ ਤੇ ਉਨ੍ਹਾਂ ਦਾ ਸ਼੍ਰੋਮਣੀ ਕਮੇਟੀ ਨਾਲ ਕੋਈ ਲੈਣ-ਦੇਣ ਨਹੀਂ ਹੈ। ਕੇਂਦਰੀਕਰਣ ਦਾ ਅਭਾਵ ਹੈ। ਸੰਸਥਾਵਾਂ ਲੀਰੋ-ਲੀਰ ਹੋਈਆਂ ਪਈਆਂ ਹਨ।

ਸ੍ਰੀ ਅਕਾਲ ਤਖਤ ਸਾਡੀ ਕੌਮ ਨੂੰ ਸੇਧ ਤੇ ਅਗਵਾਈ ਦੇਣ ਲਈ ਛੇਵੇਂ ਪਾਤਸ਼ਾਹ ਜੀ ਨੇ ਸਥਾਪਿਤ ਕੀਤਾ ਸੀ। ਇਸ ਤਖਤ ਨੇ ਸਿੱਖ ਕੌਮ ਨੂੰ ਕਈ ਸੰਕਟਾਂ ਵਿਚੋਂ ਸਹੀ ਸਲਾਮਤ ਬਾਹਰ ਕੱਢਿਆ ਹੈ। ਪ੍ਰੰਤੂ ਅੱਜ ਇਹ ਵੀ ਸਾਡੀਆ ਪਰੰਪਰਾਵਾਂ ਨਾਲ ਮੇਲ ਨਹੀਂ ਖਾ ਰਿਹਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਚੋਣ ਰਾਜਨੀਤਕ ਦਲਾਂ ਦੇ ਹੱਥ ਆ ਗਈ ਹੈ। ਜਿਸ ਨੂੰ ਜਿਹੋ ਜਿਹਾ ਜਥੇਦਾਰ ਚਾਹੀਦਾ ਹੈ, ਉਹ ਚੁਣ ਲੈਂਦਾ ਹੈ। ਪਹਿਲੇ ਨੂੰ ਘਰ ਭੇਜਿਆ ਜਾਂਦਾ ਹੈ। ਇਹ ਚੋਣ ਸਰਬੱਤ ਖਾਲਸਾ ਦੁਆਰਾ ਹੋਣੀ ਚਾਹੀਦੀ ਹੈ। ਮੌਜੂਦਾ ਚੋਣ ਪ੍ਰਣਾਲੀ, ਇਸ ਤਖ਼ਤ ਦੀ ਮਹਾਨਤਾ ਨੂੰ ਠੇਸ ਪਹੁੰਚਦੀ ਹੈ। ਇਸ ਦੀ ਚੋਣ ਸਿੱਖ ਕੌਮ ਨੂੰ ਕਰਨੀ ਚਾਹੀਦੀ ਹੈ ਨਾ ਕਿ ਕਿਸੇ ਰਾਜਸੀ ਪਾਰਟੀ ਨੂੰ।

ਸਾਡੀ ਸ਼੍ਰੋਮਣੀ ਕਮੇਟੀ ਵਿਚ ਇਕ ਵਿਸ਼ਾਲ ਤੇ ਮਹੱਤਵਪੂਰਨ ਸੰਸਥਾ ਹੈ। ਇਸ ਦਾ ਕੰਮ ਸਿੱਖੀ ਦਾ ਪ੍ਰਚਾਰ। ਵਿਦਿਅਕ ਸੰਸਥਾਵਾਂ ਅਤੇ ਟਕਸਾਲਾਂ ਰਾਹੀਂ ਸਿੱਖਾਂ ਨੂੰ ਸ਼ਿਕਸ਼ਤ ਕਰਕੇ, ਸਮੇਂ ਦੇ ਹਾਣੀ ਬਣਾਉਣਾ। ਇਸ ਕਮੇਟੀ ਦਾ ਕਰੋੜਾਂ ਰੁਪਏ ਦਾ ਬਜਟ ਹੈ ਤੇ ਅਰਬਾਂ ਰੁਪਏ ਦੀ ਜਾਇਦਾਦ ਹੈ। ਇਹ ਚਾਹੇ ਤਾਂ ਸਿੱਖਾਂ ਦੀ ਕਾਇਆ ਕਲਪ ਕਰਕੇ, ਉਨ੍ਹਾਂ ਨੂੰ ਮੁੜ ਚੜ੍ਹਦੀਆਂ ਕਲਾਂ ਵਿਚ ਲਿਜਾ ਸਕਦੀ ਹੈ। ਇਸ ਦੀ

ਆਮਦਨ ਰਾਜਸੀ ਕੰਮਾਂ ਵਾਸਤੇ ਵਰਤਣਾ ਗੁਨਾਹ ਹੈ। ਇਸ ਗੁਨਾਹ ਤੋਂ ਸਾਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦੇ ਮੈਂਬਰ ਬੜੇ ਉੱਚੇ ਤੇ ਸੁੱਚੇ ਆਹਲਾ ਨਮੂਨੇ ਤੇ ਚੜ੍ਹਦੀ ਕਲਾ ਵਾਲੇ ਸਿੱਖ ਸਰਦਾਰ ਹੋਣੇ ਚਾਹੀਦੇ ਹਨ। ਇਸ ਦੀ ਵਾਗਡੋਰ ਕੇਵਲ ਸੇਵਾ ਪੰਥੀਆਂ ਤੇ ਪੰਥ ਦੇ ਵਿਦਵਾਨਾਂ ਦੇ ਹੱਥ ਹੋਣੀ ਚਾਹੀਦੀ ਹੈ। ਰਾਜਸੀ ਰੁਚੀਆਂ ਵਾਲੇ ਮੈਂਬਰ ਪੰਥ ਦੀ ਸੇਵਾ ਨਹੀਂ ਕਰ ਸਕਦੇ।

ਅੱਜ ਸਿੱਖ ਸਾਰੇ ਜਗਤ ਵਿਚ ਫੈਲੇ ਹੋਏ ਹਨ। ਇਨ੍ਹਾਂ ਨੇ ਹਰ ਮੁਲਕ ਵਿਚ ਗੁਰੂ ਘਰਾਂ ਦੀ ਬੜੀ ਸ਼ਰਧਾ ਨਾਲ ਤਾਮੀਰ ਕੀਤੀ ਹੈ। ਲੋਕ ਇੱਕਤਰ ਹੋ ਕੇ ਗੁਰੂ ਨਾਲ ਜੁੜਦੇ ਹਨ। ਪਰ ਕਲਯੁਗ ਉਸ ਵਕਤ ਛਾ ਜਾਂਦਾ ਹੈ ਜਦੋਂ ਪ੍ਰਸ਼ਾਦਿ ਵੰਡਣਾ ਹੋਵੇ। ਗੋਲਕ ਤੋਂ ਲੜਾਈ ਝਗੜੇ ਸ਼ੁਰੂ ਹੋ ਜਾਂਦੇ ਹਨ। ਜਦੋਂ ਪ੍ਰਬੰਧਕਾਂ ਦੀ ਹਜ਼ੂਰੀ ਵਿਚ ਹੁੰਦੀ ਹੈ ਤਾਂ ਕਈ ਵਾਰੀ ਤਾਂ ਲੜਾਈ ਦਾ ਮੈਦਾਨ ਬਣ ਜਾਂਦੇ ਹਨ। ਸਾਡੇ ਗੁਰਦੁਆਰਾ ਸਾਹਿਬਾਨ ਵਿਚ ਕਤਲ ਵੀ ਹੋ ਜਾਂਦੇ ਹਨ। ਇਹ ਕਿਧਰ ਨੂੰ ਜਾਣ ਦਾ ਇਰਾਦਾ ਹੈ ?

ਸਿੱਖੀ ਵਿਚ ਜਾਤ-ਪਾਤ ਨੂੰ ਖਤਮ ਕਰਕੇ, ਇਕੋ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਨੂੰ ਸਿਰਜਿਆ ਗਿਆ ਸੀ। ਅੱਜ ਅਸੀਂ ਆਪਣੇ ਨੇਤਾਵਾਂ ਦੇ ਪਹਿਲਾਂ ਭਾਈ ਨਹੀਂ ਲਾਉਂਦੇ, ਸਗੋਂ ਆਪਣੇ ਨਾਵਾਂ ਦੇ ਪਿੱਛੇ ਆਪਣੀਆਂ ਜਾਤਾਂ ਗੋਤਾਂ ਬੜੇ ਮਾਣ ਨਾਲ ਲਿਖਦੇ ਹਾਂ। ਇਹ ਕਿਸ ਕਿਸਮ ਦੀ ਸਿੱਖੀ ਹੈ ? ਬਹੁਗਿਣਤੀ ਵਾਲੀਆਂ ਜਾਤਾਂ, ਘੱਟ ਗਿਣਤੀਆਂ ਨੂੰ ਨੁੱਕਰੇ ਲਾ ਰਹੀਆਂ ਹਨ। ਪਰ ਪਿੰਡ, ਹਰ ਨਗਰ ਵਿਚ ਵੱਖ-ਵੱਖ ਜਾਤੀਆਂ ਦੇ ਗੁਰਦੁਆਰਾ ਸਾਹਿਬ ਬਣ ਗਏ ਹਨ। ਇਹ ਸਿੱਖੀ ਸਾਨੂੰ ਕਿੰਨੇ ਸਿਖਾਈ ਹੈ ? ਜੇਕਰ ਅਸੀਂ ਅੰਮ੍ਰਿਤ ਪੀ ਕੇ ਵੀ ਲੀਰੋ-ਲੀਰ ਹੋ ਕੇ ਰਹਿਣਾ ਹੈ ਤਾਂ ਫਿਰ ਅਸੀਂ ਗੁਰੂ ਦੇ ਸਿੱਖ ਨਹੀਂ ਹਾਂ। ਮਨਮੁੱਖ ਹਾਂ। ਮੀਣੇ ਹਾਂ। ਦੋਗਲੇ ਹਾਂ। ਇਸ ਸਿੱਖੀ ਦਾ ਸਰੂਪ ਸਾਨੂੰ ਸਿੱਖੀ ਤੋਂ ਕੋਹਾਂ ਮੀਲ ਦੂਰ ਲਿਜਾ ਰਿਹਾ ਹੈ। ਅਸੀਂ ਦੁਨੀਆਂ ਨੂੰ ਮੱਤ ਦੇਣ ਵਾਲੇ, ਲੋਕਾਂ ਲਈ ਮਜ਼ਾਕ ਦਾ ਵਿਸ਼ਾ ਬਣ ਰਹੇ ਹਾਂ।

ਅੱਜ ਸੰਭਲਣ ਦੀ ਲੋੜ ਹੈ। ਅੰਦਰ ਝਾਤ ਮਾਰਨ ਦੀ ਲੋੜ ਹੈ। ਅਸੀਂ ਚੁਰਾਹੇ ਤੋਂ ਆਪਣਾ ਰਸਤਾ ਹੀ ਭੁੱਲ ਗਏ ਹਾਂ। ਉਸ ਰਸਤੇ ਉੱਤੇ ਚੱਲ ਪਏ ਹਾਂ, ਜਿਸ ਤੋਂ ਦੂਜਿਆਂ ਨੂੰ ਰੋਕਦੇ ਹਨ। ਜਿਹੜੇ ਸਿੱਖ, ਸਿੱਖ ਮਰਿਆਦਾ ਤੇ ਗੁਰਮੱਤ ਦੀ ਉਲੰਘਣਾ ਕਰ ਰਹੇ ਹਨ, ਉਨ੍ਹਾਂ ਨੂੰ ਪੰਥ ਵਿਚੋਂ ਛੇਕਣਾ ਪਵੇਗਾ। ਸਾਨੂੰ ਪਾਖੰਡੀ ਤੇ ਦੰਭੀ ਸਿੱਖਾਂ ਦੀ ਲੋੜ ਨਹੀਂ। ਸਿੱਖ ਥੋੜ੍ਹੇ ਹੋਣ ਪਰ ਸਿੱਖ ਤਾਂ ਹੋਣ। ਅਸੀਂ ਭਾਰਤ ਵਾਸੀਆਂ ਦੇ ਰਖਵਾਲੇ ਤੇ ਰੂਹ ਰਵਾਂ ਬਣ ਕੇ ਵਿਚਰਨਾ ਹੈ। ਐਵੇਂ ਹਿਜੜਿਆਂ ਤੇ ਠੇਠਰਾਂ ਵਾਲਾ ਜੀਵਨ ਸਾਨੂੰ ਪ੍ਰਵਾਨ ਨਹੀਂ। ਸ਼ੇਰਾਂ ਦੇ ਬੱਚੇ ਸ਼ੇਰਾਂ ਵਰਗੇ ਹੀ ਹੋਣੇ ਚਾਹੀਦੇ ਹਨ। ਸਾਡੀ ਜੀਵਨ ਜਾਚ ਵੀ ਸ਼ੇਰਾਂ (ਸਿੰਘਾਂ) ਵਾਲੀ ਹੋਣੀ ਚਾਹੀਦੀ ਹੈ। ਗੁਰੂ ਤੋਂ ਅਸਾਂ ਮਰਨਾ ਤਾਂ ਸਿੱਖ ਲਿਆ ਪਰ ਹਾਲੇ ਤੱਕ ਸਾਨੂੰ ਬੰਦਿਆਂ ਵਾਂਗ ਜੀਣ ਦੀ ਜਾਚ ਨਹੀਂ ਆਈ। ਸਾਨੂੰ ਆਪਣੀਆਂ ਕੁਰਬਾਨੀਆਂ ਦਾ ਲੁਤਫ਼ ਲੈਣ ਲਈ ਭਰਪੂਰ ਜੀਣ ਦੀ ਜਾਚ ਸਿੱਖਣੀ ਚਾਹੀਦੀ ਹੈ। ਚੰਗੀ ਮੌਤੇ ਮਰਨ ਨਾਲ ਹੀ ਅਸੀਂ ਚੰਗੇਰਾ ਜੀਵਨ ਜੀ

ਸਕਦੇ ਹਾਂ। ਅਸੀਂ ਤਾਂ ਸਦੀਆਂ ਭਰ ਜਦੋ-ਜਹਿਦ ਤੇ ਲੜਾਈਆਂ-ਭੜਾਈਆਂ ਵਿਚ ਹੀ ਵਿਅਸਤ ਰਹੇ, ਜੀਣ ਵਾਲੇ ਪਾਸੇ ਆਉਣਾ ਸਾਨੂੰ ਹਾਲੇ ਨਸੀਬ ਹੀ ਨਹੀਂ ਹੋਇਆ, ਆਓ ਜੀਵੀਏ, ਦਿਲ ਭਰ ਕੇ ਜੀਵੀਏ। ਜੀਣਾਂ ਤੇ ਜੀਣ ਦੇਣਾ, ਜ਼ਿੰਦਗੀ ਦਾ ਸੱਚਾ ਸੁੱਚਾ ਮਨੋਰਥ ਹੈ। ਗੁਰਮੱਤ ਬੁਨਿਆਦੀ ਤੌਰ 'ਤੇ ਸ਼ਾਂਤਮਈ ਤੇ ਮਿਲਵਰਤਨ ਦਾ ਸ਼ਾਹ ਮਾਰਗ ਹੈ। ਆਓ ਗੁਰਮਤ ਤੇ ਗਾਡੀ ਰਾਹ ਤੇ ਚੱਲ ਕੇ ਆਪਣਾ ਜੀਵਨ ਭਾਵ ਪੂਰਤ ਤੇ ਖੁਸ਼ਹਾਲ ਬਣਾਈਏ।

# ਮੋਰਚਿਆਂ ਵਿੰਨੀ ਕੌਮ

ਮੋਰਚਿਆਂ ਨੇ ਸਿੱਖੀ ਦਾ ਮੁਹਾਂਦਰਾ ਵਿਗਾੜਿਆ ਵੀ ਹੈ ਤੇ ਸੰਵਾਰਿਆਂ ਵੀ। ਪੰਜਾਬੀਆਂ ਦਾ ਤੇ ਖ਼ਾਸ ਕਰਕੇ ਸਿੱਖਾਂ ਦਾ ਸੁਭਾਅ ਪਾਣੀ ਵਰਗਾ ਹੈ। ਪਾਣੀ ਵਾਂਗ ਇਹ ਗਰਮ ਤੇ ਸਰਦ ਵੀ ਦੇਰ ਲਾ ਕੇ ਹੁੰਦੇ ਹਨ ਤੇ ਇਸੇ ਤਰ੍ਹਾਂ ਸਮਤਰ ਵੀ ਦੇਰ ਨਾਲ ਹੀ। ਇਹ ਲੋਕ ਜਦੋਂ ਇਕ ਵਾਰ ਗਰਮ ਹੋ ਕੇ ਭੜਕ ਪੈਣ ਤਾਂ ਸ਼ਾਂਤ ਹੋਣ ਦਾ ਨਾਮ ਨਹੀਂ ਲੈਂਦੇ। ਜਜ਼ਬਾਤੀਪੁਣਾਂ ਇਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਸਦੀਆਂ ਤੋਂ ਨੇਤਾ ਲੋਕ ਇਨ੍ਹਾਂ ਦੇ ਇਸ ਸੁਭਾਅ ਦੀ ਭਲੀ ਭਾਤ ਜਾਣਕਾਰੀ ਰੱਖਦੇ ਹੋਏ, ਇਨ੍ਹਾਂ ਨੂੰ ਹਰਕਤ ਵਿਚ ਲਿਆ ਕੇ ਆਪਣੇ ਉੱਲੂ ਸਿੱਧੇ ਕਰਦੇ ਰਹੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿਚ ਕਈ ਜ਼ਬਰਦਸਤ ਮੋਰਚੇ ਲੱਗੇ, ਜਿਸ ਨੇ ਵੇਲੇ ਦੀਆਂ ਸਰਕਾਰਾਂ ਨੂੰ ਹਿਲਾ ਕੇ ਰੱਖ ਦਿੱਤਾ। ਪਰ ਸਾਡੇ ਨੇਤਾਵਾਂ ਨੇ ਉਨ੍ਹਾਂ ਦਾ ਸਿਆਸੀ ਲਾਹਾ ਲੈ ਕੇ, ਕੌਮ ਦੀ ਕੀਤੀ ਕੁਰਬਾਨੀ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। ਲੋਕੀਂ ਇੰਨੀ ਕੁਰਬਾਨੀ ਕਰਕੇ ਵੀ, ਖੱਜਲ-ਖੁਆਰ ਹੀ ਹੁੰਦੇ ਰਹੇ। ਸਾਧ ਸੰਗਤ ਨਾਲ ਹਮੇਸ਼ਾ ਹੀ ਛਲ-ਕਪਟ ਕੀਤੇ ਗਏ, ਕਈ ਨਾਟਕਬਾਜ਼ੀਆਂ ਚੱਲਦੀਆਂ ਰਹੀਆਂ। ਲੋਕੀਂ ਲੋਹੇ-ਲਾਖੇ ਹੋ ਕੇ ਹਕੂਮਤਾਂ ਨਾਲ ਆਢੇ ਲੈਂਦੇ ਰਹੇ। ਜਦੋਂ ਮੋਰਚਿਆਂ ਦੇ ਸਿਆਸੀ ਮਨੋਰਥ ਪੂਰੇ ਹੋ ਗਏ ਤਾਂ ਸਾਡੇ ਰਹਿਨੁਮਾ ਜੇਤੂ ਅੰਦਾਜ਼ ਵਿਚ ਰਾਜਧਾਨੀਆਂ ਵੱਲ ਦੌੜ ਗਏ ਤੇ ਪਿੱਛੇ ਲੋਕਾਂ ਨੂੰ ਬਲਦੀ ਤੇ ਬੁੱਥੇ ਦੇ ਗਏ। ਲੋਕੀਂ ਖੱਜਲ-ਖੁਆਰ ਹੋ ਕੇ ਘਰੀਂ ਪਰਤੇ। ਲੌਟ ਕੇ ਬੁੱਧੂ ਘਰ ਕੋ ਆਏ।

ਸਿੱਖਾਂ ਵਿਚ ਸਭ ਤੋਂ ਪਹਿਲਾਂ ਲੋਕ ਮੋਰਚਾ ਦਸਵੇਂ ਪਾਤਸ਼ਾਹ ਨੇ ਲਾਇਆ ਸੀ। ਇਸ ਮੋਰਚੇ ਦਾ ਮਨੋਰਥ, ਲੋਕਾਂ ਵਿਚ ਆਪਣੇ ਹੱਕਾਂ ਬਾਰੇ ਜਾਗ੍ਰਿਤ ਪੈਦਾ ਕਰਨੀ ਸੀ। ਪੰਜਾਬੀ ਕੌਮ ਅੰਧ ਵਿਸ਼ਵਾਸ, ਗੁਰਬਤ, ਭ੍ਰਿਸ਼ਟਾਚਾਰ ਅਤੇ ਧਾਰਮਿਕ ਕਰਮ ਕਾਂਡਾਂ ਦਾ ਸ਼ਿਕਾਰ ਹੋ ਚੁੱਕੀ ਸੀ। ਇਨ੍ਹਾਂ ਬੁਰਾਈਆਂ ਵਿਰੁੱਧ ਗੁਰੂ ਸਾਹਿਬ ਨੇ ਲੋਕਾਂ ਨੂੰ ਲਾਮਬੰਦ ਕਰਕੇ, ਸਮੇਂ ਦੀ ਹਕੂਮਤ ਨੂੰ ਸ਼ਰੇਆਮ ਵੰਗਾਰਿਆ। ਇਸ ਮੋਰਚੇ ਦੇ ਫਲਸਰੂਪ, ਪੰਜਾਬੀ ਲੋਕ ਬਿੱਲੀਆਂ ਤੋਂ ਸ਼ੇਰ ਬਣ ਗਏ। ਸਮੇਂ ਦੇ ਹਾਕਮਾਂ ਨਾਲ ਉਨ੍ਹਾਂ ਲੰਮੀਆਂ ਜਦੋ-ਜਹਿਦਾਂ ਕਰਕੇ, ਸਮੇਂ ਦੀਆਂ ਜ਼ਾਲਮ ਸਰਕਾਰਾਂ ਨੂੰ ਪੈਰੋਂ ਕੱਢ ਦਿੱਤਾ। ਹੁਣ ਉਹ ਸਰਕਾਰਾਂ ਸਿੱਖਾਂ ਤੋਂ ਭੈਭੀਤ ਹੋਣ ਲੱਗੀਆਂ। ਜਦੋਂ ਸਿੰਘਾਂ ਨੇ ਬੰਦੇ ਬਹਾਦਰ ਦੀ ਅਗਵਾਈ ਹੇਠ ਸਰਹੰਦ ਫਤਹਿ ਕੀਤਾ ਤਾਂ ਲਾਹੌਰ ਦੇ ਸਬੇਦਾਰ ਨੂੰ ਭਾਜੜਾਂ ਪੈ ਗਈਆਂ। ਮੁਗਲ ਹਾਕਮ ਸਿੱਖਾਂ ਨਾਲ ਗੰਢ-ਤਰੁੱਪ ਕਰਕੇ ਆਪਣੀਆਂ ਸਰਕਾਰਾਂ ਚਲਾਉਣ ਲੱਗੇ। ਭਾਵੇਂ ਉਨ੍ਹਾਂ ਨੇ ਕਈ ਲੂੰਬੜ ਚਾਲਾਂ ਚੱਲ ਕੇ ਸਿੱਖਾਂ ਨੂੰ ਤਬਾਹ ਕਰਨ ਦੀ ਅਣਥੱਕ

ਕੋਸ਼ਿਸ਼ ਕੀਤੀ ਪ੍ਰੰਤੂ ਸਿੱਖਾਂ ਦੇ ਸੰਗਠਨ ਤੇ ਸਪਿਰਟ ਨੇ ਉਨ੍ਹਾਂ ਦੀ ਇਕ ਵੀ ਪੇਸ਼ ਨਾ ਜਾਣ ਦਿੱਤੀ। ਇਹ ਸੀ ਖਾਲਸਾ ਸਪਿਰਟ ਦਾ ਜਾਦੂ ਤੇ ਜਲਾਲ।

ਦੂਜਾ ਕੌਮੀ ਮੋਰਚਾ ਸਿੱਖਾਂ ਨੇ ਪਠਾਣਾਂ ਵਿਰੁੱਧ ਖੋਲ੍ਹਿਆ। ਅਹਿਮਦ ਸ਼ਾਹ ਅਬਦਾਲੀ ਤੇ ਉਸ ਦੇ ਗੁਮਾਸ਼ਤਿਆਂ ਨੇ ਅਠਾਰਵੀਂ ਸਦੀ ਦੇ ਦੂਜੇ ਅੱਧ ਵਿਚ ਸਿੱਖ ਕੌਮ ਨੂੰ ਖਤਮ ਕਰਨ ਲਈ, ਹਰ ਤਰ੍ਹਾਂ ਦੇ ਹਰਬੇ ਵਰਤ ਕੇ, ਕਈ ਘੱਲੂਘਾਰੇ ਕਰਕੇ, ਸਿੱਖਾਂ ਦੇ ਖੂਨ ਨਾਲ ਹੋਲੀ ਖੇਡੀ ਗਈ ਸੀ। ਇਸ ਦਾ ਹਿਸਾਬ ਕਿਤਾਬ ਚੁਕਾਉਣ ਲਈ ਸਿੰਘਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ, ਹਰੀ ਸਿੰਘ ਨਲਵੇ ਤੇ ਅਕਾਲੀ ਫੂਲਾ ਸਿੰਘ ਦੀ ਸੂਰਮਗਤੀ ਨਾਲ, ਪਠਾਣਾਂ ਵਿਰੁੱਧ ਮੋਰਚਾ ਲਾਇਆ। ਸਿੱਖ ਪਠਾਣਾਂ ਨੂੰ ਧੱਕਦੇ ਧੱਕਦੇ ਉਨ੍ਹਾਂ ਦੇ ਦੇਸ਼ ਵਿਚ ਜਾ ਵੱਜੇ। ਉਨ੍ਹਾਂ ਸਿੱਖਾਂ ਨਾਲ ਜੂਝਣ ਦੀ ਜਗ੍ਹਾ, ਪਿੱਛੇ ਹੱਟਣ ਵਿਚ ਆਪਣੀ ਬਿਹਤਰੀ ਤੇ ਸਲਾਮਤੀ ਸਮਝੀ। ਸਿੱਖਾਂ ਦਾ ਜਸ਼ਨੀ ਜਲੂਸ ਗਜ਼ਨੀ ਦੇ ਬਾਜ਼ਾਰਾਂ ਤੱਕ ਪਹੁੰਚ ਗਿਆ। ਪਠਾਣ ਆਪਣੇ ਮੁਲਕ ਵਿਚ ਵੀ, ਆਪਣੇ ਆਪ ਨੂੰ ਸਿੱਖਾਂ ਤੋਂ ਮਹਿਫੂਜ਼ ਨਹੀਂ ਸਨ ਸਮਝਦੇ। ਪਠਾਣੀਆਂ ਤਾਂ ਆਪਣੇ ਬੱਚਿਆਂ ਨੂੰ ਡਰਾਉਣ ਲਈ ਹਰੀਏ ਸਿੰਘ ਦਾ ਨਾਮ ਲੈਂਦੀਆਂ ਸਨ। ਜਮਰੌਦ ਦੇ ਕਿਲੇ ਨੂੰ ਸਿੰਘਾਂ ਨੇ ਬੜੀ ਵੀਰਤਾ ਨਾਲ ਜਿੱਤਿਆ। ਸਿੱਖਾਂ ਦੀ ਸਰਦਾਰੀ ਤੇ ਅਜ਼ਾਰੇਦਾਰੀ ਬਾਰੇ ਅਫ਼ਗਾਨਿਸਤਾਨ ਵਿਚ ਮੰਨੀ ਜਾਣ ਲੱਗੀ। ਦਰੇ ਖ਼ੈਬਰ ਦਾ ਪਠਾਣਾਂ ਨੂੰ ਤਾਂ ਖ਼ਤਰਾ ਜਾਂ ਖੌਫ਼ ਤਾਂ ਹੋ ਸਕਦਾ ਸੀ ਪ੍ਰੰਤੂ ਪੰਜਾਬੀਆਂ ਨੂੰ ਨਹੀਂ। ਸਾਰਾਗੜ੍ਹੀ ਦੇ ਕਿਲ੍ਹੇ ਵਿਚ ਸਿੰਘਾਂ ਨੇ ਸੂਰਮਗਤੀ ਦੇ ਅਦਭੁੱਤ ਜੌਹਰ ਵਿਖਾ ਕੇ, ਪਠਾਣਾਂ ਦੇ ਦਿਲਾਂ ਵਿਚ ਸਿੰਘਾਂ ਦੀ ਦਹਿਸ਼ਤ ਪੈਦਾ ਕਰ ਦਿੱਤੀ ਸੀ।

ਇਸ ਤੋਂ ਬਾਅਦ ਬਾਬਾ ਰਾਮ ਸਿੰਘ ਨੇ ਫ਼ਰੰਗੀਆਂ ਦੇ ਜ਼ੁਲਮ ਵਿਰੁੱਧ ਮੋਰਚਾ ਖੋਲ੍ਹਿਆ। ਅੰਗਰੇਜ਼ੀ ਵਸਤੂਆਂ ਤੇ ਹਕੂਮਤਾਂ ਦਾ ਬਾਈਕਾਟ ਕਰਕੇ, ਹਕੂਮਤ ਨੂੰ ਵੰਗਾਰਿਆ ਗਿਆ। ਮਾਲਵੇ ਦੇ ਕਈ ਖੇਤਰਾਂ ਵਿਚ ਨਾਮਧਾਰੀ ਸਿੰਘਾਂ ਨੇ ਅੰਗਰੇਜ਼ ਹਕੂਮਤ ਨੂੰ ਵੰਗਾਰਿਆ ਤੇ ਉਸ ਦੇ ਕਾਨੂੰਨਾਂ ਦੀ ਉਲੰਘਣਾ ਕਰਕੇ, ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰਿਆ। ਭਾਵੇਂ ਸਿੰਘਾਂ ਨੂੰ ਮਲੇਰਕੋਟਲੇ ਵਿਚ ਤੋਪਾਂ ਨਾਲ ਉਡਾਇਆ ਗਿਆ ਪਰ ਉਨ੍ਹਾਂ ਦੇ ਹੌਂਸਲੇ ਪਸਤ ਨਾ ਹੋਏ। ਬਾਬਾ ਜੀ ਨੂੰ ਅੰਗਰੇਜ਼ਾਂ ਨੇ ਖੌਫ਼ਜ਼ਦਾ ਹੋ ਕੇ ਜਲਾਵਤਨ ਕਰ ਦਿੱਤਾ। ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਸਿੰਘਾਂ ਨੇ ਗ਼ਦਰੀ ਬਾਬਿਆਂ ਦੇ ਰੂਪ ਵਿਚ, ਕੈਲੇਫੋਰਨੀਆਂ ਵਿਚ ਅੰਗਰੇਜ਼ੀ ਜ਼ਾਲਮ ਹਕੂਮਤ ਵਿਰੁੱਧ ਮੋਰਚਾ ਖੋਲ੍ਹਿਆ। ਕਈ ਸਾਲ ਬਰਤਾਨਵੀ ਹਕੂਮਤ ਨੂੰ ਗਧੀ ਗੇੜੇ ਪਾ ਛੱਡਿਆ। ਭਾਰਤੀਆਂ ਵਿਚ ਜਾਗ੍ਰਿਤ ਪੈਦਾ ਕਰਨ ਲਈ, ਉਹ ਹੱਸ-ਹੱਸ ਕੇ ਫਾਂਸੀ ਦੇ ਰੱਸੇ ਚੁੰਮਦੇ ਰਹੇ। ਇਸ ਲਹਿਰ ਸਦਕਾ ਭਾਰਤੀਆਂ ਵਿਚ ਅਜ਼ਾਦੀ ਪ੍ਰਤੀ ਇਕ ਉਬਾਲ ਉੱਠਿਆ, ਜਿਸ ਨੇ ਜ਼ੁਲਿਆਂ ਵਾਲੇ ਸਾਕੇ ਦਾ ਰੂਪ ਧਾਰਨ ਕੀਤਾ।

ਸਿੱਖਾਂ ਦੇ ਗੁਰਧਾਮ ਉੱਪਰ ਭ੍ਰਿਸ਼ਟ ਮਹੰਤਾਂ ਨੇ ਕਬਜ਼ਾ ਕਰ ਰੱਖਿਆ ਸੀ, ਜਿਸ ਸਦਕਾ ਸਿੱਖ ਧਰਮ ਰਸਾਤਲ ਵੱਲ ਜਾ ਰਿਹਾ ਸੀ। ਸਭ ਤੋਂ ਪਹਿਲਾਂ ਨਨਕਾਣਾ ਸਾਹਿਬ ਨੂੰ ਭਾਰੀ ਖੂਨ ਖਰਾਬੇ ਬਾਅਦ ਮਹੰਤਾਂ ਤੋਂ ਮੁਕਤ ਕਰਵਾਇਆ ਗਿਆ। ਫਿਰ ਪੰਜਾ

ਸਾਹਿਬ ਤੇ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚੇ ਲਗਾਏ ਗਏ। ਸਿੱਖਾਂ ਨੇ ਅਸਿਹ ਤਸੀਹੇ ਸਹੇ ਤੇ ਬੇਸ਼ੁਮਾਰ ਸ਼ਹੀਦੀਆਂ ਦਿੱਤੀਆਂ। ਇਸ ਦੇ ਫਲਸਰੂਪ ਲਗਭਗ ਸਾਰੇ ਗੁਰਧਾਮ, ਸਣੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਏ। ਸਿੱਖ ਧਰਮ ਨੂੰ ਇਕ ਜਿੱਲ੍ਹਣ ਵਿਚੋਂ ਕੱਢਿਆ ਗਿਆ। ਇਨ੍ਹਾਂ ਮੋਰਚਿਆਂ ਨਾਲ ਸਿੱਖੀ ਦਾ ਮੂੰਹ-ਮੁਹਾਂਦਰੇ ਵਿਚ ਨਿਖਾਰ ਆਇਆ ਤੇ ਇਸ ਦੀਆਂ ਦੋਖੀ ਸ਼ਕਤੀਆਂ ਨੂੰ ਸਖ਼ਤ ਝਟਕਾ ਲੱਗਾ। ਸਿੱਖਾਂ ਦੇ ਝੰਡੇ ਬੁਲੰਦ ਹੋ ਗਏ ਤੇ ਸਾਰੇ ਸਿੱਖ ਜਗਤ ਵਿਚ ਚੜ੍ਹਦੀ ਕਲਾ ਵਰਤਣ ਲੱਗੀ। ਇਸ ਤਰ੍ਹਾਂ ਸਿੱਖ ਮੋਰਚਿਆਂ ਨੇ ਸਿੱਖੀ ਵਿਚ ਇਕ ਨਿਵੇਕਲੀ ਰੂਹ ਫੂਕ ਦਿੱਤੀ।

ਅਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾਂ ਸਿੱਖਾਂ ਨੇ ਬੋਲੀ ਦੇ ਆਧਾਰ ਤੇ ਸੂਬਾ ਲੈਣ ਲਈ ਮੋਰਚਾ ਲਾਇਆ। ਬਾਕੀ ਪ੍ਰਾਂਤਾਂ ਨੂੰ ਤਾਂ ਕੋਈ ਮੋਰਚਾ ਨਾ ਲਾਉਣਾ ਪਿਆ ਪਰ ਸਿੱਖਾਂ ਨੂੰ ਸਰਕਾਰ ਗਹਿਰੀ ਤੇ ਸ਼ੱਕੀ ਅੱਖ ਨਾਲ ਵੇਖਣ ਲੱਗ ਪਈ ਸੀ ਆਪਣੇ ਕੁਦਰਤੀ ਹੱਕਾਂ ਲਈ ਸਿੱਖਾਂ ਨੂੰ ਮੋਰਚੇ ਲਾ ਕੇ ਆਪਣੀ ਸ਼ਕਤੀ ਜਾਇਆ ਕਰਨੀ ਪਈ। ਸੈਂਕੜੇ ਲੋਕਾਂ ਨੂੰ ਸ਼ਹੀਦ ਹੋਣਾ ਪਿਆ। ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖ ਕੇ, ਬਿਨਾਂ ਕੁਝ ਪ੍ਰਾਪਤ ਕੀਤਿਆਂ ਵਰਤ ਤੋੜ ਦਿੱਤੇ। ਸੰਤ ਫ਼ਤਹਿ ਨੇ ਵੀ ਜਿਊਂਦੇ ਸੜਨ ਮਰਨ ਦੀ ਸੁਗੰਧ ਖਾ ਕੇ ਮੋਰਚੇ ਨੂੰ ਹੋਰ ਭਖਾਇਆ। ਪਰ ਸਾਡੇ ਨੇਤਾਵਾਂ ਦੀ ਨੀਯਤ ਕਾਣੀ ਵੇਖ ਕੇ, ਸਰਕਾਰ ਦੀ ਵੀ ਕਾਣੀ ਹੋ ਗਈ। ਉਹ ਵਾਅਦੇ ਕਰਕੇ ਬਾਰ-ਬਾਰ ਮੁਕਰਨ ਲੱਗੀ। ਅਖੀਰ ਇਕ ਲੰਗੜਾ ਪੰਜਾਬੀ ਸੂਬਾ ਦੇ ਕੇ, ਸਿੱਖਾਂ ਨੂੰ ਗਲੋਂ ਲਾਹਿਆ ਗਿਆ। ਜਿਹੋ ਜਿਹਾ ਮੱਥਾ ਸੀ, ਅਜਿਹਾ ਤਿਲਕ ਲਗਾ ਕੇ ਵਰਚਾਇਆ ਗਿਆ। ਇਸੇ ਤਰ੍ਹਾਂ 1976 ਵਿਚ ਨਜਾਇਜ਼ ਲਗਾਈ ਐਮਰਜੈਂਸੀ ਵਿਰੁੱਧ ਸਿੰਘਾਂ ਨੇ ਦੋ ਸਾਲ ਤੱਕ ਮੋਰਚਾ ਲਾਈ ਰੱਖਿਆ। ਇਸ ਵਿਚ ਵੀ ਖੱਜਲ ਖੁਆਰੀ ਦੇ ਸਿਵਾਏ ਸਾਡੇ ਕੁਝ ਹੱਥ ਨਾ ਲੱਗਾ। ਬਾਅਦ ਵਿਚ ਸੰਤ ਜਰਨੈਲ ਸਿੰਘ ਨੇ ਵੀ ਭਾਰਤ ਸਰਕਾਰ ਵਿਰੁੱਧ, ਖਾਲਿਸਤਾਨ ਲਈ ਬਿਗਲ ਵਜਾ ਦਿੱਤਾ। ਇਨ੍ਹਾਂ ਸਭਨਾਂ ਮੋਰਚਿਆਂ ਵਿਚ ਸਾਡੇ ਨੇਤਾਵਾਂ ਨੇ ਆਪਣੇ ਬੇਇਤਫ਼ਾਕੀ ਦਾ ਮੁਜ਼ਾਹਰਾ ਕਰਕੇ ਸਾਰੇ ਮੋਰਚਿਆਂ ਨੂੰ ਠੁੱਸ ਕਰ ਦਿੱਤਾ। ਇਨ੍ਹਾਂ ਮੋਰਚਿਆਂ ਕਾਰਨ ਪੰਜਾਬ ਦੀ ਆਰਥਿਕਤਾ ਨੂੰ ਭਾਰੀ ਸੱਟ ਲੱਗੀ। ਪੰਜਾਬ ਵਿਚ ਫ਼ਿਰਕੂ ਮਾਹੌਲ ਪੈਦਾ ਹੋ ਗਿਆ। ਇਸ ਮਾਹੌਲ ਲੇ 1984 ਦੇ ਕਤਲੇਆਮ ਨੂੰ ਜਨਮ ਦਿੱਤਾ। ਸਿੱਖਾਂ ਦੇ ਪਵਿੱਤਰ ਗੁਰਧਾਮਾਂ ਤੇ ਸੰਸਥਾਵਾਂ ਦੀ ਬੇਹੁਰਮਤੀ ਕੀਤੀ ਗਈ। ਸਿੱਖਾਂ ਦੇ ਮੱਕੇ ਉੱਪਰ ਟੈਂਕ ਚੜ੍ਹਾਏ ਗਏ ਤੇ ਅਕਾਲ ਤਖ਼ਤ ਨੂੰ ਖੰਡਰ ਵਿਚ ਤਬਦੀਲ ਕੀਤਾ ਗਿਆ। ਸਿੱਖਾਂ ਨੂੰ ਚੋਰਾਂ ਵਾਂਗ ਤਿੰਨੇ ਗੱਲਾਂ ਕਬੂਲ ਕਰਨੀਆਂ ਪਈਆਂ।

ਅਜ਼ਾਦੀ ਤੋਂ ਬਾਅਦ ਸਾਡੀ ਸਿੱਖ ਕੌਮ ਨੂੰ ਕੋਈ ਦੂਰ ਅੰਦੇਸ਼ ਨੇਤਾ ਨਹੀਂ ਮਿਲਿਆ। ਕਿਸੇ ਵਿਚ ਜੋਸ਼ ਦੀ ਤੇ ਕਿਸੇ ਵਿਚ ਹੋਸ਼ ਦੀ ਘਾਟ ਸੀ। ਇਨ੍ਹਾਂ ਨੇਤਾਵਾਂ ਨੇ ਆਪਣੀਆਂ ਕੁਚਾਲਾਂ ਤੇ ਮਨਚਲੀਆਂ ਨਾਲ ਸਿੱਖ ਕੌਮ ਨੂੰ ਕਿਸੇ ਘਾਟ ਨਹੀਂ ਲਾਇਆ। ਕਿਨਾਰੇ ਲੱਗਣ ਦੀ ਜਗ੍ਹਾ ਅਸੀਂ ਭੰਵਰਾਂ ਵਿਚ ਫਸ ਗਏ ਹਾਂ। 'ਦਿਲ ਕੇ ਬੋਝ ਕੋ ਕਰ ਗਿਆ ਦੂਨਾ, ਜੋ ਗ਼ਮ ਖ਼ਾਰ ਮਿਲਾ।" ਸਾਡੇ ਸਿੱਖ ਨੇਤਾਵਾਂ ਵਿਚ ਸਿਆਸੀ ਸੂਝ ਦੀ ਘਾਟ

ਕਾਰਨ, ਸਾਨੂੰ ਹਰ ਕੋਈ ਵਰਗਲਾਉਣ ਦੀ ਸਮਰੱਥਾ ਰੱਖਦਾ ਹੈ। ਅੱਜਕਲ੍ਹ ਮੋਰਚੇ ਲਾਉਣ ਦਾ ਯੁੱਗ ਨਹੀਂ। ਆਪਣੀ ਸਰਕਾਰ ਨਾਲ ਜਮਹੂਰੀ ਢੰਗਾਂ ਨਾਲ ਹੀ ਸਭ ਕੁਝ ਪ੍ਰਾਪਤ ਹੋ ਸਕਦਾ ਹੈ। ਕੇਵਲ ਸਾਵਧਾਨ ਤੇ ਚੌਕਸ ਰਹਿਣ ਦੀ ਲੋੜ ਹੈ। ਮੋਰਚੇ ਤਾਂ ਬਦੇਸ਼ੀ ਹਕੂਮਤਾਂ ਨਾਲ ਲਗਾਉਣੇ ਚਾਹੀਦੇ ਹਨ। ਇਸੇ ਲਈ ਅਜ਼ਾਦੀ ਉਪਰੰਤ ਅਸੀਂ ਜਿੰਨੇ ਮੋਰਚੇ ਲਾਏ, ਉਹ ਇਕ ਇਕ ਕਰਕੇ ਸਾਰੇ ਅਸਫ਼ਲ ਸਿੱਧ ਹੋਏ। ਸਾਡੇ ਸਿਆਸੀ ਨੇਤਾਵਾਂ ਨੇ ਆਪਣੇ ਮੁਫ਼ਾਦ ਲਈ ਹੀ ਪੰਜਾਬੀ ਸੂਬਾ ਬਣਾਇਆ ਹੈ ਤਾਂ ਕਿ ਉਹ ਇਸ ਖਿੱਤੇ ਵਿਚ ਸਦਾ ਬਹੁਗਿਣਤੀ ਵਿਚ ਰਹਿ ਕੇ ਸੱਤਾ ਉੱਪਰ ਕਬਜ਼ਾ ਹੋ ਸਕੇ। ਪੰਜਾਬੀ ਸੂਬਾ ਬਣਨ ਵੇਲੇ ਸੰਤ ਫ਼ਤਹਿ ਸਿੰਘ ਇੰਗਲੈਂਡ ਸੈਰ ਕਰ ਰਹੇ ਸਨ। ਗ਼ੈਰ ਹਾਜ਼ਰੀ ਵਿਚ, ਪੰਜਾਬੀ ਬੋਲਦੇ ਇਲਾਕਿਆਂ ਸਣੇ, ਚੰਡੀਗੜ੍ਹ ਤੇ ਭਾਖੜਾ ਡੈਮ ਪੰਜਾਬੋਂ ਬਾਹਰ ਰੱਖੇ ਗਏ। ਪੰਜਾਬ ਦੇ ਦਰਿਆਈ ਪਾਣੀ ਬੜੀ ਬੇਦਰਦੀ ਨਾਲ ਵੰਡੇ ਗਏ। ਖੜੇ ਦਾ ਹੀ ਖਾਲਸਾ ਹੁੰਦਾ ਹੈ। ਜਦੋਂ ਨੇਤਾਵਾਂ ਦੇ ਮੁਫ਼ਾਦ ਹੀ ਕੌਮ ਦੀ ਜਗ੍ਹਾ ਨਿੱਜੀ ਹੋਣ ਤਾਂ ਕੌਮ ਦਾ ਖੁਦਾ ਹਾਫ਼ਿਜ਼ ਹੀ ਹੋਵੇਗਾ। ਅੱਜ ਤਾਕਤ ਦੇ ਨਸ਼ੇ ਵਿਚ ਸਾਡੇ ਸਿਰਮੌਰ ਨੇਤਾ, ਚੰਡੀਗੜ੍ਹ, ਭਾਖੜਾ ਤੇ ਪੰਜਾਬੀ ਬੋਲਦੇ ਖੇਤਰਾਂ ਨੂੰ ਮਨਫ਼ੀ ਕਰ ਚੁੱਕੇ ਹਨ। ਇਨ੍ਹਾਂ ਮਸਲਿਆਂ ਦਾ ਹੁਣ ਕੋਈ ਮਾਈ ਬਾਪ ਨਹੀਂ ਰਿਹਾ।

ਸਾਰੇ ਸਿੱਖ ਲੋਕ ਤਾਂ ਪਹਿਲਾਂ ਹੀ ਬੜੇ ਜਜ਼ਬਾਤੀ ਸੁਭਾਅ ਵਾਲੇ ਹਨ। ਭੁਕਾਨੇ ਵਾਂਗ ਫੁਲਾ ਕੇ, ਇਨ੍ਹਾਂ ਤੋਂ ਹਰ ਕੋਈ ਆਪਣਾ ਉੱਲੂ ਸਿੱਧਾ ਕਰ ਲੈਂਦਾ ਹੈ। ਕੌਮ ਦੇ ਭਵਿੱਖ ਦਾ ਕਿਸੇ ਵਿਰਲੇ ਨੂੰ ਹੀ ਫ਼ਿਕਰ ਹੈ। ਸਿਆਸੀ ਰੋਟੀਆਂ ਸੇਕਣ ਲਈ, ਕੌਮ ਦਾ ਪੱਤਾ ਸੁੱਟਿਆ ਜਾਂਦਾ ਹੈ ਤੇ ਪੰਥ ਨੂੰ ਖ਼ਤਰੇ ਵਿਚ ਪਾ ਕੇ, ਲੋਕਾਂ ਹੈ ਭਾਵੁਕ ਕੀਤਾ ਜਾਂਦਾ ਹੈ। ਅਸਲ ਵਿਚ ਪੰਥ ਨਹੀਂ ਨੇਤਾਵਾਂ ਦੇ ਆਪਣੇ ਹਿੱਤ ਖ਼ਤਰੇ ਵਿਚ ਹੁੰਦੇ ਹਨ। ਪਰ ਲੋਕ ਕੀ ਜਾਨਣ ਨੇਤਾਵਾਂ ਦੀ ਚਾਲ ? ਜਦੋਂ ਸਾਡੇ ਨੇ ਤਾਂ ਵਿਰੋਧੀ ਦਲ ਵਿਚ ਹੁੰਦੇ ਹਨ ਤਾਂ ਫਿਰ ਉਨ੍ਹਾਂ ਨੂੰ ਕੌਮ ਦੇ ਹਿੱਤਾਂ ਦੀ ਯਾਦ ਆਉਂਦੀ ਹੈ। ਉਸ ਵਕਤ ਕੌਮ ਦਾ ਭਵਿੱਖ ਉਨ੍ਹਾਂ ਨੂੰ ਧੁੰਦਲਾ ਵਿਖਾਈ ਦੇਣ ਲੱਗਦਾ ਹੈ। ਅਸਲ ਵਿਚ ਭਵਿੱਖ ਉਨ੍ਹਾਂ ਨੂੰ ਆਪਣਾ ਧੁੰਦਲਾ ਦਿਖਾਈ ਦੇਣ ਲੱਗਦਾ ਹੈ ਜਿਵੇਂ ਪਿੰਡੀ ਖੇਤਰ ਵਿਚ ਵੱਸਦੇ ਸਿੱਖਾਂ ਦਾ ਵਪਾਰ ਤੇ ਧਰਮ ਆਪਸ ਵਿਚ ਰਲਗੱਡ ਹੋ ਜਾਂਦੇ ਹਨ। ਇਸੇ ਤਰ੍ਹਾਂ ਸਾਡੇ ਮੌਜੂਦਾ ਸਿੱਖ ਆਪਣੇ ਸੰਕਟ ਵੇਲੇ ਧਰਮ ਦੀ ਸ਼ਰਨ ਲੈ ਕੇ ਧਰਮ ਨੂੰ ਸੰਕਟ ਵਿਚ ਪਾ ਦਿੰਦੇ ਹਨ। ਅਜਿਹੀ ਰਾਜਨੀਤੀ ਦਾ ਅੱਜਕਲ੍ਹ ਬੋਲਬਾਲਾ ਵੱਧ ਰਿਹਾ ਹੈ। ਜਿਹੜਾ ਕਿ ਸ਼ੁਭ ਲੱਛਣ ਨਹੀਂ। ਸਾਡੀ ਕੌਮ ਵਿਚ ਹੋਸ਼ ਦੀ ਘਾਟ ਹੈ। ਬਹੁਤ ਜੋਸ਼ ਹੋਸ਼ ਨੂੰ ਮੱਧਮ ਕਰ ਦਿੰਦਾ ਹੈ। ਇਸ ਲਈ ਸਾਨੂੰ ਅੱਠੇ ਪਹਿਰ ਚੌਕਸ ਰਹਿਣ ਦੀ ਲੋੜ ਹੈ। ਸਾਨੂੰ ਆਪਣੇ ਨੇਤਾਵਾਂ ਦੀ ਸਹੀ ਚੋਣ ਤੇ ਸ਼ਨਾਖਤ ਕਰਨੀ ਚਾਹੀਦੀ ਹੈ। ਕੌਮ ਵਿਚ ਛੁਪੇ ਹੋਏ ਗ਼ਦਾਰਾਂ ਦੀ ਨਿਸ਼ਾਨਦੇਹੀ ਕਰਕੇ, ਉਨ੍ਹਾਂ ਨੂੰ ਸ਼ਰੇਬਜ਼ਾਰ ਨੰਗਿਆ ਕਰਨਾ ਚਾਹੀਦਾ ਹੈ।

# ਸਿੰਘਾਂ ਦੀ ਜੀਵਨ ਜਾਚ

ਕੁਝ ਬਾਤ ਹੈ ਕਿ ਹਸਤੀ, ਮਿਟਤੀ ਨਹੀਂ ਹਮਾਰੀ
ਸਦੀਓਂ ਰਹਾ ਹੈ ਦੁਸ਼ਮਣ, ਦੌਰੇ-ਜਮਾਂ ਹਮਾਰਾ!

ਇਹ ਸੱਚਾਈ ਭਾਵੇਂ ਡਾਕਟਰ ਮੁਹੰਮਦ ਇਕਬਾਲ ਨੇ ਸਮੁੱਚੇ ਭਾਰਤ ਬਾਰੇ ਕਹੀ ਸੀ, ਪ੍ਰੰਤੂ ਇਹ ਸਿੱਖਾਂ ਉੱਪਰ ਵਧੇਰੇ ਢੁੱਕਦੀ ਹੈ। ਸਿੰਘ ਜਦੋਂ ਦੇ ਜੰਮੇ, ਬੋਦੀਓਂ ਲੰਮੇ।' 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮਹਿੰਮਾਂ।' ਇਹ ਲੋਕ ਕਹਾਵਤਾਂ, ਪੰਜਾਬ ਕੇ ਸਿੰਘਾਂ ਦੀ ਜੀਵਨ ਸ਼ੈਲੀ ਦਾ ਪ੍ਰਗਟਾਵਾ ਕਰਦੀਆਂ ਹਨ। 'ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣ ਸਿਵਾਏ ਹੋਏ।' ਇਹ ਵੀ ਸਤਰਾਂ ਅਠਾਰਵੀਂ ਸਦੀ ਦੇ ਪੰਜਾਬ ਵਿਚ ਸਿੰਘਾਂ ਦੇ ਸੰਘਰਸ਼ਮਈ ਜੀਵਨ ਨੂੰ ਬਿਆਨ ਕਰਦੀਆਂ ਹਨ। ਮੁਗ਼ਲ ਫੌਜਾਂ ਦੇ ਲੱਖਾਂ ਦੇ ਲਸ਼ਕਰ, ਗੁਰਦਾਸ ਨੰਗਲ ਦੇ ਮਾਰੂ ਘੇਰੇ, ਭਿਆਨਕ ਤੇ ਨਸਲਕੁਸ਼ੀ ਕਰਨ ਵਾਲੇ ਘੱਲੂਘਾਰੇ ਅਤੇ ਅਬਦਾਲੀ ਦੇ ਨਾਪਾਕ ਇਰਾਦੇ ਸਿੰਘਾਂ ਦੇ ਖੂਨ ਨਾਲ ਹੋਲੀ ਤਾਂ ਖੇਡਦੇ ਰਹੇ ਪਰ ਸਿੰਘਾਂ ਦੇ ਹੌਸਲੇ ਨਾ ਪ੍ਰਸਤ ਕਰ ਸਕੇ। ਇਨ੍ਹਾਂ ਭਿਅੰਕਰ ਸਮਿਆਂ ਵਿਚ ਸਿੰਘ ਆਪਣੇ ਪਰਿਵਾਰਾਂ ਨਾਲ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਂਦੇ ਰਹੇ। ਜ਼ਾਲਮਾਂ ਅੱਗੇ ਗੋਡੇ ਟੇਕਣ ਜਾਂ ਉਨ੍ਹਾਂ ਦੀ ਈਨ ਮੰਨਣੀ, ਸਿੰਘਾਂ ਨੂੰ ਕਦੀ ਵੀ ਕਾਬਲ ਕਬੂਲ ਨਹੀਂ ਸੀ। ਧਰਮ ਅਤੇ ਕੌਮ ਦੀ ਖ਼ਾਤਰ ਆਰਿਆਂ ਤੇ ਚਰਖੜੀਆਂ ਉੱਪਰ ਵੀ ਮੁਸਕਰਾਉਂਦੇ ਰਹਿਣਾ, ਬੰਦ ਬੰਦ ਕਟਵਾਉਣੇ, ਆਪਣੇ ਸਿਰਾਂ ਦੇ ਮੁੱਲ ਪਵਾਉਣੇ ਅਤੇ ਚੱਲਦੀਆਂ ਤੋਪਾਂ ਅੱਗੇ ਮੋਰਚੇ ਲਾਉਣੇ, ਇਹ ਸਿੰਘਾਂ ਦਾ ਸੁਨਹਿਰੀ ਤੇ ਵਿਲੱਖਣ ਇਤਿਹਾਸ ਹੈ। ਇਹ ਇਤਿਹਾਸ ਸਾਡੀ ਜੀਵਨ ਜਾਚ ਦਾ ਪ੍ਰਤੀਕ ਹੈ। ਇਸੇ ਇਤਿਹਾਸ ਨੂੰ ਅਸਾਂ ਜ਼ਿੰਦਾ ਰੱਖਣਾ ਹੈ। ਹਰਗਿਜ਼।

ਗੁਰਮੱਤ ਅਨੁਸਾਰ ਔਰਤ ਸਮਾਜ ਵਿਚ ਇਕ ਮਹੱਤਵਪੂਰਨ ਧੁਰਾ ਹੈ, ਜਿਸ ਦੇ ਇਰਦ-ਗਿਰਦ ਸਾਡੀਆਂ ਤਮਾਮ ਪ੍ਰਾਪਤੀਆਂ, ਖੁਸ਼ਹਾਲੀਆਂ ਅਤੇ ਸਫ਼ਲਤਾਵਾਂ ਪ੍ਰਕਰਮਾਂ ਕਰਦੀਆਂ ਹਨ। ਮੁਗ਼ਲਾਂ ਹੇਠ ਗ਼ੁਲਾਮ ਰਹਿਣ ਕਾਰਨ, ਸਾਡੇ ਵਿਚ ਪਰਦੇ ਤੇ ਬੁਰਕੇ ਜਿਹੀਆਂ ਰੀਤਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ। ਗੁਰੂ ਸਾਹਿਬਾਨ ਨੇ ਸਾਨੂੰ ਇਨ੍ਹਾਂ ਕੁਰੀਤੀਆਂ ਤੋਂ ਸੁਤੰਤਰ ਕਰਕੇ, ਔਰਤ ਨੂੰ ਮਰਦ ਦੇ ਬਰਾਬਰ ਖੜਾ ਕਰਨ ਦਾ ਹੁਕਮ ਬਖਸ਼ਿਆ ਸੀ। ਅੱਜ ਸਾਨੂੰ ਸਿੱਖ ਸਮਾਜ ਵਿਚ ਔਰਤਾਂ ਨੂੰ ਸਹੀ ਅਰਥਾਂ ਵਿਚ ਮੁਕੰਮਲ ਹੱਕ-ਹਕੂਕ ਪ੍ਰਦਾਨ ਕਰਕੇ, ਪੱਛਮੀ ਮੁਲਕਾਂ ਵਾਂਗ, ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦਾ ਮਾਰਗ ਚੁਣਨਾ ਪਵੇਗਾ। ਸਾਡੇ ਭਾਰਤ ਵਿਚ ਔਰਤਾਂ ਦਾ ਦਰਜਾ

ਦੂਜੇ ਨੰਬਰ ਦੇ ਸ਼ਹਿਰੀਆਂ ਵਰਗਾ ਹੈ। ਬਰਾਬਰੀ ਕੇਵਲ ਕਾਗਜ਼ਾਂ ਜਾਂ ਕਾਨੂੰਨਾਂ ਵਿਚ ਹੈ। ਸਿੱਖ ਸਮਾਜ ਵਿਚ ਔਰਤਾਂ ਨੂੰ ਹਰ ਮੈਦਾਨ ਵਿਚ ਮੋਹਰੀ ਬਣਾ ਕੇ, ਇਕ ਉੱਜਲ ਤੇ ਸਮਰੱਥ ਸਮਾਜ ਦੀ ਸਿਰਜਣਾ ਕਰਨੀ ਪਵੇਗੀ।

ਸਿੱਖ ਧਰਮ ਗਰੀਬ ਨਿਵਾਜ਼ ਹੋਣ ਕਰਕੇ, ਮਾਨਵਵਾਦੀ ਧਰਮ ਹੈ। ਇਸ ਵਿਚ ਮਨੁੱਖੀ ਹੱਕਾਂ, ਕਦਰਾਂ-ਕੀਮਤਾਂ ਤੇ ਇਨਸਾਫ਼ ਦੀ ਚਰਚਾ ਕੀਤੀ ਜਾਂਦੀ ਹੈ। ਕਾਣੀਆਂ ਵੰਡਾਂ, ਧੱਕੇ ਸ਼ਾਹੀਆਂ ਤੇ ਜ਼ੁਲਮ ਜ਼ਬਰ ਵਿਰੁੱਧ ਅਵਾਜ਼ ਬੁਲੰਦ ਕਰਨੀ, ਸਾਨੂੰ ਗੁਰੂ ਸਾਹਿਬਾਨ ਨੇ ਸਿਖਾਈ ਸੀ। ਅੱਜ ਬਾਕੀ ਭਾਰਤੀ ਧਰਮਾਂ ਦੀ ਵੇਖਾ-ਵੇਖੀ ਅਸੀਂ ਸਿੱਖ ਵੀ ਇਕ ਦੂਜੇ ਨਾਲ ਧੱਕੇਸ਼ਾਹੀਆਂ ਕਰਨ ਲੱਗ ਪਏ ਹਾਂ। ਸਿੱਖ ਹੀ ਇਕ ਦੂਜੇ ਦਾ ਸ਼ੋਸ਼ਣ ਕਰ ਰਹੇ ਹਨ। ਸਿੱਖ ਹੀ ਇਕ ਦੂਜੇ ਦਾ ਲਹੂ ਪੀ ਰਹੇ ਹਨ। ਇਸ ਹਾਲਤ ਵਿਚ ਗੁਰਸਿੱਖੀ ਕਿੱਧਰ ਗਈ ? ਸਾਨੂੰ ਸਾਮੰਤਵਾਦੀ, ਜਗੀਰਦਾਰੀ ਤੇ ਤਾਨਾਸ਼ਾਹੀ ਰੁਚੀਆਂ ਤਿਆਗ ਕੇ, ਗੁਰਸਿੱਖੀ ਵਾਲੀ ਸਾਂਝੀਵਾਲਤਾ ਤੇ ਭਾਈਚਾਰੇ ਦਾ ਲੜ ਫੜਨਾ ਪਵੇਗਾ। ਜੇਕਰ ਕਿਸੇ ਸਿੱਖ ਦੇ ਘਰ ਆਟਾ ਨਹੀਂ ਤਾਂ ਦੂਜਿਆਂ ਦਾ ਮਹਿਫ਼ਲਾਂ ਮਾਨਣਾ ਹਰਾਮ ਹੋਣਾ ਚਾਹੀਦਾ ਹੈ। ਬਾਣੀਆਂ ਬਰਾਦਰੀ ਵਾਂਗ ਸਾਨੂੰ ਇਕ ਦੂਜੇ ਦੀ ਬਾਂਹ ਫੜ ਕੇ, ਬਰਾਬਰ ਤੇ ਖੜਾ ਕਰਨਾ ਪਵੇਗਾ। ਹਰ ਸਿੱਖ ਦੂਜੇ ਦੇ ਦੁੱਖ-ਸੁੱਖ ਦਾ ਭਾਈਵਾਲ ਹੋਣਾ ਚਾਹੀਦਾ ਹੈ। ਇਹੀ ਜਾਚ ਸਾਨੂੰ ਗੁਰੂ ਸਾਹਿਬਾਨ ਨੇ ਸਿਖਾਈ ਹੈ। ਇਸ ਨੂੰ ਤਿਆਗਣ ਨਾਲ ਹੀ ਸਾਡੀਆਂ ਸਭ ਉਲਝਣਾਂ ਤੇ ਸੰਕਟ ਪੈਦਾ ਹੋਏ ਹਨ। ਗੁਰਮੱਤ ਅਪਨਾਉਣ ਦੀ ਲੋੜ ਹੈ।

ਸਿੱਖਾਂ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦੀ ਹਦਾਇਤ ਕੀਤੀ ਗਈ ਹੈ। ਜਿਹੜਾ ਸਿੱਖ ਰੱਜ ਕੇ ਮਿਹਨਤ ਕਰਕੇ ਕਮਾਈ ਨਹੀਂ ਕਰਦਾ, ਵਿਹਲੜ ਤੇ, ਕੰਮਚੋਰ ਹੈ, ਉਹ ਗੁਰੂ ਦਾ ਸੱਚਾ ਸਿੱਖ ਨਹੀਂ ਹੋ ਸਕਦਾ। ਸਾਡੇ ਵਿਹਲੜ ਸਿੰਘ, ਗੁਰੂ ਘਰ ਦੇ ਦੋਖੀ ਹਨ ਜਿਹੜੇ ਸਿੱਖ ਖੁਸ਼ਹਾਲ ਹਨ ਪਰ ਵੰਡ ਕੇ ਨਹੀਂ ਛਕਦੇ, ਉਹ ਵੀ ਗੁਰੂ ਲਈ ਕਲੰਕ ਹਨ। ਵੰਡ ਕੇ ਛਕਣਾ ਤੇ ਦਸਵੰਦ ਕੱਢਣਾ ਇਹ ਸਿੱਖ ਜਗਤ ਦੀ ਗੀਤ ਹੈ। ਜਿਹੜੇ ਆਪਣੀਆਂ ਗੋਲਕਾਂ ਭਰ ਕੇ ਦੌਲਤ ਦੇ ਅੰਬਾਰ ਲਗਾ ਰਹੇ ਹਨ ਅਤੇ ਵਿਦੇਸ਼ੀ ਬੈਂਕਾਂ ਨੂੰ ਮਾਲਾਮਾਲ ਕਰ ਰਹੇ ਹਨ, ਉਹ ਮਲਿਕ ਭਾਗੋ ਤਾਂ ਹੋ ਸਕਦੇ ਹਨ ਗੁਰੂ ਦੇ ਸਿੱਖਾਂ ਵਿਚ ਉਨ੍ਹਾਂ ਦਾ ਸ਼ੁਮਾਰ ਨਹੀਂ ਹੋਵੇਗਾ। ਗੁਰੂ ਦੇ ਸਿੱਖ ਅਜਿਹੇ ਸਵਾਰਥੀ ਤੇ ਨਿਰਮੋਹੀ ਨਹੀਂ ਹੋ ਸਕਦੇ।

ਸਾਡਾ ਦੇਸ਼ ਭਾਰਤ ਹੈ। ਅਸੀਂ ਹਮੇਸ਼ਾ ਤੋਂ ਧਰਮ ਤੇ ਕੌਮ ਲਈ ਮਰਦੇ ਮਿਟਦੇ ਆਏ ਹਨ। ਅਸੀਂ ਆਪਣਾ ਇਹ ਮਿਸਾਲੀ ਤੇ ਇਤਿਹਾਸਕ ਕਿਰਦਾਰ ਕਿਸੇ ਵੀ ਕੀਮਤ ਤੇ ਨਹੀਂ ਛੱਡਣਾ। ਦੇਸ਼ ਨਾਲ ਗ਼ਦਾਰੀ ਕਰਨ ਤੋਂ ਪਹਿਲਾਂ ਸਾਨੂੰ ਕਿਸੇ ਖੂਹ ਵਿਚ ਛਾਲ ਮਾਰਨੀ ਹੋਵੇਗੀ। ਪਰੰਪਰਾਵਾਦੀ ਸਿੱਖਾਂ ਵਾਂਗ, ਸਾਡਾ ਤਨ, ਮਨ; ਧਨ ਸਭ ਕੌਮ ਦੀ ਅਮਾਨਤ ਹਨ। ਸਿੱਖ ਪੈਦਾ ਹੀ ਵਤਨ ਲਈ ਹੁੰਦੇ ਹਨ ਤੇ ਸਾਰੀ ਹਯਾਤੀ ਇਨ੍ਹਾਂ ਇਸ ਦੀ ਖਿਦਮਤ ਕਰਨੀ ਹੁੰਦੀ ਹੈ। ਸਿੱਖਾਂ ਨੂੰ ਆਪਣਾ ਵਤਨਵਾਦੀ ਚਿਹਰਾ ਕਿਸੇ ਕੀਮਤ ਨਹੀਂ ਤਿਆਗਣਾ ਚਾਹੀਦਾ। ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਵਾਂਗ ਸਾਨੂੰ ਇਹ

ਗੀਤ ਗਾਉਂਦੇ ਅੱਗੇ ਵਧਣਾ ਚਾਹੀਦਾ ਹੈ।

ਕਦਮ ਕਦਮ ਬੜਾਏ ਜਾ, ਤੂੰ ਗੀਤ ਖ਼ੁਸ਼ੀ ਕੇ ਗਾਏ ਜਾ।
ਯੇਹ ਜ਼ਿੰਦਗੀ ਹੈ ਕੌਮ ਕੀ, ਤੂੰ ਕੌਮ ਪੇ ਲੁਟਾਏ ਜਾ।

ਜੈ ਹਿੰਦ ਸਾਡਾ ਕੌਮੀ ਨਾਹਰਾ ਹੋਣਾ ਚਾਹੀਦਾ ਹੈ ਅਤੇ ਭਾਰਤ ਵਰਸ਼ ਸਾਡੀ ਕਰਮ ਭੂਮੀ। ਕਿਸੇ ਵੇਲੇ ਸਾਡਾ ਭਾਰਤ ਸਹੀ ਅਰਥਾਂ ਵਿਚ ਮਹਾਨ ਸੀ ਪਰ ਸਾਡੀਆਂ ਨਾਲਾਇਕੀਆਂ ਤੇ ਨਾਦਾਨੀਆਂ ਨੇ ਸਾਨੂੰ ਖੁੱਡੇ ਲਾ ਦਿੱਤਾ ਹੈ। ਅੱਜ ਸਾਡਾ ਸ਼ੁਮਾਰ ਵਿਸ਼ਵ ਦੇ ਅਤਿ ਪਛੜੇ ਗਰੀਬ ਮੁਲਕਾਂ ਵਿਚ ਕੀਤਾ ਜਾਂਦਾ ਹੈ। ਅਸਾਂ ਗੁਰਸਿੱਖਾਂ ਨੇ, ਆਪਣੀਆਂ ਮਾਣਮੱਤੀਆਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ, ਇਕ ਵਾਰ ਫਿਰ ਭਾਰਤ ਨੂੰ ਦੁਨੀਆਂ ਦਾ ਮੋਹਰੀ ਬਣਾਉਣਾ ਹੈ। ਇਕ ਸਿੱਖ ਪ੍ਰਧਾਨ ਮੰਤਰੀ ਬਣਾ ਕੇ ਹੀ ਇਹ ਕਾਰਜ ਸੰਪੂਰਨ ਨਹੀਂ ਹੋਣਾ। ਹਰੇਕ ਸਿੱਖ ਨੂੰ ਡਾ. ਮਨਮੋਹਣ ਸਿੰਘ ਬਣਨਾ ਪੈਣਾ ਹੈ। ਅਸਾਂ ਆਪਣੀ ਮਿਹਨਤ, ਲਗਨ ਤੇ ਲਿਆਕਤ ਨਾਲ ਭਾਰਤ ਨੂੰ ਵਿਕਸਤ ਦੇਸ਼ਾਂ ਦੇ ਬਰਾਬਰ ਖੜਾ ਕਰਨਾ ਹੈ।

ਸਾਡੇ ਸਿੱਖਾਂ ਨੂੰ ਭਾਰਤ ਵਿਚ ਗਰੀਬ ਵਰਗਾਂ ਵਿਚ ਗਿਣਿਆ ਜਾਂਦਾ ਹੈ। ਸਾਨੂੰ ਆਪਣੀ ਮਿਹਨਤ ਤੇ ਲਿਆਕਤ ਨਾਲ ਵੱਧ ਤੋਂ ਵੱਧ ਧਨਵਾਨ ਤੇ ਦੌਲਤਮੰਦ ਬਣਨਾ ਹੈ। ਗਰੀਬੀ ਦਾ ਕਲੰਕ ਸਦਾ ਲਈ ਗਲੋਂ ਲਾਹੁਣਾ ਹੈ। ਸਿੱਖ ਕਦੀ ਮੰਗ ਤੇ ਨਹੀਂ ਖਾਂਦੇ ਜਿਵੇਂ ਸਾਡਾ ਮੁਲਕ ਬਾਹਰਲੇ ਮੁਲਕਾਂ ਕੋਲੋਂ ਭਿਖਿਆ ਮੰਗਣ ਜਾਂਦਾ ਹੈ। ਇਹ ਰੁਝਾਨ ਸਾਡੀ ਕੌਮੀ ਸ਼ਾਨ ਤੇ ਗੌਰਵ ਲਈ ਅਸਹਿ ਹੈ। ਇਸ ਲਈ ਅਸੀਂ ਆਪਣੀ ਵੀ ਗਰੀਬੀ ਦੂਰ ਕਰਨੀ ਹੈ ਤੇ ਸਮੁੱਚੇ ਭਾਰਤ ਦੀ ਵੀ। ਜਦੋਂ ਸਾਰੇ ਸਿੱਖ ਖੁਸ਼ਹਾਲ ਹੋਣਗੇ ਤਾਂ ਭਾਰਤ ਕਿਵੇਂ ਨਿਰਧਨ ਹੋਵੇਗਾ ? ਸਾਡੀ ਤਕਦੀਰ ਭਾਰਤ ਦੀ ਤਕਦੀਰ ਨਿਰਮਤ ਕਰੇਗੀ। ਸਿੱਖਾਂ ਨੂੰ ਭਾਰਤ ਵਿਚ ਲੜਾਕੇ ਤੇ ਝਗੜਾਲੂ ਸਮਝਿਆ ਜਾਂਦਾ ਹੈ। ਉਹ ਨਿੱਕੀ ਨਿੱਕੀ ਗੱਲ ਤੇ ਮੋਰਚੇ ਲਾ ਬੈਠਦੇ ਹਨ। ਅਸਾਂ ਹੁਣ, ਪਿਛਲੇ ਸਮੇਂ ਵਾਂਗ ਲੜ ਭਿੜ ਕੇ ਆਪਣੀ ਸ਼ਕਤੀ ਭਸਮ ਨਹੀਂ ਕਰਨੀ, ਸਗੋਂ ਇਸ ਸ਼ਕਤੀ ਨੂੰ ਭਾਰਤ ਦੇ ਸਮੁੱਚੇ ਕਲਿਆਣ ਲਈ ਇਸਤੇਮਾਲ ਕਰਨਾ ਹੈ। ਦਿਲ ਨਾਲੋਂ ਦਿਮਾਗ ਤੋਂ ਵਧੇਰੇ ਕੰਮ ਲੈਣਾ ਚਾਹੀਦਾ ਹੈ ਤਾਂ ਕਿ ਸਾਡੇ ਭਾਰਤੀ ਵੀਰ ਕੇਵਲ ਗਿਆਨੀ ਕਰਤਾਰ ਸਿੰਘ ਨੂੰ ਹੀ ਸਿੱਖਾਂ ਦਾ ਦਿਮਾਗ ਨਾ ਕਹਿਣ, ਬਲਕਿ ਹਰੇਕ ਸਿੱਖ ਹੀ ਗਿਆਨੀ ਕਰਤਾਰ ਸਿੰਘ ਹੋਵੇ। ਅਸੀਂ ਭਾਵੁਕਤਾ ਤੇ ਜੋਸ਼ੀਲਾਪਣ ਘੱਟ ਕਰਕੇ, ਦਲਿਤ ਤੇ ਦਿਮਾਗ ਨਾਲ ਆਪਣਾ ਜੀਵਨ ਬਸਰ ਕਰਨਾ ਹੈ। ਸਾਡੀ ਹੋਸ਼ ਤੇ ਜੋਸ਼ ਵਿਚ ਲੋੜੀਂਦਾ ਸੰਤੁਲਨ ਹੋਣਾ ਚਾਹੀਦਾ ਹੈ। ਸਮੁੱਚੀ ਕੌਮ ਦੀ ਇਕੋ ਅਵਾਜ਼, ਇਕੋ ਨਿਸ਼ਾਨਾ ਤੇ ਇਕੋ ਉਦੇਸ਼ ਹੋਣਾ ਚਾਹੀਦਾ ਹੈ। ਇਕਜੁੱਟਤਾ ਦੀ ਸਾਂਝ ਸਾਨੂੰ ਸਭ ਦੋਸ਼ਾਂ ਤੋਂ ਮੁਕਤ ਕਰ ਦੇਵੇਗੀ।

ਅਸੀਂ ਆਪਣੀ ਰੋਜ਼ਾਨਾ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦੇ ਹਾਂ। ਅਸੀਂ ਆਪਣੇ ਆਪ ਨੂੰ ਹੀ ਨਹੀਂ, ਸਮੁੱਚੇ ਦੇਸ਼ ਨੂੰ ਸਮਰੱਥ ਤੇ ਖੁਸ਼ਹਾਲ ਵੇਖਣ ਲਈ ਉਤਾਵਲੇ ਹਾਂ। ਅਸੀਂ ਆਪਣੀ ਮਿਹਨਤ ਨਾਲ ਕੌਮੀ ਭੰਡਾਰਾਂ ਤੇ ਖਜ਼ਾਨਿਆਂ ਵਿਚ ਇਜ਼ਾਫ਼ਾ ਕਰਨਾ ਹੈ ਕਿ ਅਸਾਂ ਆਪਣੀਆਂ ਨਿਜੀ ਗੋਲਕਾਂ ਭਰਨੀਆਂ ਹਨ। ਅਸੀਂ ਇਕ ਜੁੱਟ ਹੋ

ਕੇ ਸਿੱਖਾਂ ਨੂੰ ਸਹੀ ਅਰਥਾਂ ਵਿਚ ਖਾਲਸ ਬਣਾਉਣਾ ਹੈ। ਉਹ ਖਾਲਸੇ ਜਿਹੜੇ ਦਸਵੇਂ ਪਾਤਸ਼ਾਹ ਨੇ ਸਾਜੇ ਹਨ। ਗੁਰੂ ਸਾਹਿਬਾਨ ਦੇ ਅਖਾਉਤੀ ਸਿੱਖ ਹੀ ਨਹੀਂ ਬਣਨਾ ਸਗੋਂ ਸੱਚੀ ਮੁੱਚੀ ਦੇ ਗੁਰਸਿੱਖ ਬਣ ਕੇ ਵਿਖਾਉਣਾ ਹੈ। ਕੌਮ ਉੱਪਰ ਜੋ ਸਵਾਰਥ ਤੇ ਬੇਇਤਫ਼ਾਕੀ ਦੇ ਕਲੰਕ ਲੱਗੇ ਹਨ, ਉਨ੍ਹਾਂ ਨੂੰ ਅਸਾਂ ਮਿਹਨਤ ਦੇ ਸਰਫ਼ ਨਾਲ ਰਫਾ-ਦਫਾ ਕਰ ਦੇਣਾ ਹੈ। ਇਸੇ ਉਮੀਦ ਨੂੰ ਸਾਕਾਰ ਕਰਨ ਲਈ ਦਸ਼ਮੇਸ਼ ਪਿਤਾ ਨੇ ਇਹ ਪੰਥ ਸਾਜਿਆ ਸੀ। ਜਿਸ ਵੱਲ ਅੱਜ ਅਸੀਂ ਪਿੱਠ ਕਰਕੇ ਖੜ ਗਏ ਹਾਂ।

# ਸਿੱਖੀ ਹਾਲੇ ਦੂਰ ਅਸਤ

ਸਿੱਖ ਮੱਤ ਕੋਈ ਸੁਖਾਲਾ ਮਾਰਗ ਨਹੀਂ । ਕਹਿੰਦੇ ਨੇ ਸਿੱਖੀ ਖੰਡਿਓਂ ਤਿੱਖੀ ਤੇ ਵਾਲੋਂ ਨਿੱਕੀ ਹੈ। ਇਸ ਵਿਚ ਖੰਡੇ ਦੀ ਧਾਰ ਉੱਪਰੋਂ ਗੁਜ਼ਰਨਾ ਪੈਂਦਾ ਹੈ। ਇਹ ਅੱਗ ਦਾ ਦਰਿਆ ਹੈ ਤੇ ਇਸ ਵਿਚੋਂ ਡੁੱਬ ਕੇ ਗੁਜ਼ਰਨਾ ਪੈਂਦਾ ਹੈ। ਇਹੀ ਵਜ੍ਹਾ ਹੈ ਕਿ ਸੋਹਲਵੀਂ ਸਦੀ ਤੋਂ ਆਰੰਭ ਹੋਇਆ ਇਹ ਮੱਤ ਅੱਜ ਵੀ ਅਲਪ ਸੰਖਿਆ ਵਿਚ ਹੈ। ਪਹਿਲਾਂ ਉਹੀ ਸਿੱਖੀ ਅਪਨਾਉਂਦੇ ਸਨ, ਜਿੰਨ੍ਹਾਂ ਨੇ ਮੌਤ ਨੂੰ ਮਾਸੀ ਆਖਣਾ ਹੋਵੇ। ਸ਼ੁਰੂ ਸ਼ੁਰੂ ਵਿਚ ਸਿੱਖ ਦਾ ਮਤਲਬ ਬਾਗੀ ਸੀ। ਸਿੱਖ ਵੇਲੇ ਦੀ ਹਕੂਮਤ ਵਿਰੁੱਧ ਜਹਾਦ ਖੜਾ ਕਰਨ ਦੀ ਜ਼ੁਰਅਤ ਰੱਖਦੇ ਸਨ। ਸਿੱਖਾਂ ਦੀ ਖਲੜੀ ਵਿਚ ਡਰ ਜਾਂ ਭੈਅ ਨਾਂ ਦੀ ਕੋਈ ਚੀਜ਼ ਨਹੀਂ ਸੀ। ਸਗੋਂ ਉਨ੍ਹਾਂ ਨੂੰ ਵੇਖ ਕੇ ਸਰਕਾਰੀ ਕਰਿੰਦੇ ਭੈਅ ਖਾਂਦੇ ਸਨ। ਕਲਗੀਧਰ ਵੇਲੇ ਹਜ਼ਾਰਾਂ ਦੇ ਹਜ਼ੂਮ ਵਿਚੋਂ ਭਾਈ ਜੈਤੇ ਵਰਗੇ ਗੁਰੂ ਤੇਗ ਬਹਾਦਰ ਦਾ ਸੀਸ ਚੁੱਕਣ ਦਾ ਅਪਾਰ ਹੌਂਸਲਾ ਰੱਖਦੇ ਸਨ। ਅਜਿਹਾ ਕਾਰਜ ਸਿੱਧਾ ਹੀ ਮੌਤ ਨੂੰ ਸੱਦਾ ਦੇਣ ਵਾਲੀ ਗੱਲ ਸੀ। ਸਵਾ ਲੱਖ ਨਾਲ ਇਕ ਜਾਣੇ ਨੂੰ ਲੜਨ ਲਈ ਤਿਆਰ ਕਰ ਦੇਣਾ, ਇਕ ਚਮਤਕਾਰ ਨਾਲੋਂ ਘੱਟ ਨਹੀਂ ਸੀ। ਜਿੰਨ੍ਹਾਂ ਲੋਕਾਂ ਨੇ ਸੋਟੀ ਨਾਲ ਕਿਸੇ ਕੁੱਤੇ-ਬਿੱਲੇ ਨੂੰ ਨਹੀਂ ਸੀ ਮਾਰ ਕੇ ਵੇਖਿਆ ਉਹ ਲੋਕ ਵੀ ਹਥਿਆਬੰਦ ਸਿਖਲਾਈ ਪ੍ਰਾਪਤ ਤਜ਼ਰਬੇਕਾਰ ਲੜਾਕਿਆਂ ਨਾਲ ਲੜਨ ਨੂੰ ਬੇਤਾਬ ਹੋ ਉੱਠੇ। ਉਹ ਚਰਖੜੀਆਂ ਤੇ ਚੜ੍ਹਨ ਤੋਂ ਨਾ ਡਰੇ। ਉਨ੍ਹਾਂ ਦਾ ਬੰਦ ਬੰਦ ਕੱਟਿਆ ਗਿਆ। ਉਨ੍ਹਾਂ ਨੂੰ ਉੱਬਲਦੀਆਂ ਦੇਗਾਂ ਵਿਚ ਸੁੱਟਿਆ ਗਿਆ। ਉਨ੍ਹਾਂ ਨੂੰ ਵੇਲਣਿਆਂ ਵਿਚ ਪੀੜਿਆ ਗਿਆ। ਉਨ੍ਹਾਂ ਦੇ ਰੰਬੀਆਂ ਨਾਲ ਸਿਰ ਕੱਟੇ ਗਏ ਪਰ ਉਨ੍ਹਾਂ ਨੇ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਇਹ ਸੀ ਸਿੱਖੀ ਸਪਿਰਟ ਜੋ ਸਾਡੇ ਗੁਰੂ ਸਾਹਿਬਾਨ ਨੇ ਸਾਡੇ ਵਿਚ ਪੈਦਾ ਕੀਤੀ ਸੀ। ਇਸ ਸਪਿਰਟ ਸਦਕਾ ਗੁਰੂ ਦੇ ਸਿੱਖ ਮਸਤ ਹਾਥੀਆਂ ਨਾਲ ਵੀ ਆਢ੍ਹਾ ਲਾਉਣ ਲਈ ਤਿਆਰ ਹੋ ਜਾਂਦੇ ਸਨ। ਹੈ ਕੋਈ ਇਤਿਹਾਸ ਵਿਚ ਕੋਈ ਮਿਸਾਲ ਜਿੱਥੇ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਆਨੰਦਪੁਰ ਦੇ ਕਿਲੇ ਵਿਚ ਲੱਖਾਂ ਦੇ ਲਸ਼ਕਰਾਂ ਦਾ ਪੂਰੀ ਵੀਰਤਾ ਨਾਲ ਮੁਕਾਬਲਾ ਕਰਦੇ ਰਹੇ ? ਹੈ ਕੋਈ ਸੰਸਾਰ ਦੇ ਇਤਿਹਾਸ ਵਿਚ ਕੋਈ ਮਿਸਾਲ ਜਿੱਥੇ ਚਮਕੌਰ ਦੀ ਗੜ੍ਹੀ ਵਿਚ ਤੀਹ ਪੈਂਤੀ ਸਿੱਖ, ਬਾਹਰ ਖੜੇ ਲੱਖਾਂ ਦੇ ਲਸ਼ਕਰਾਂ ਦਾ ਰਹਿੰਦੇ ਦਮ ਤੱਕ ਮੁਕਾਬਲਾ ਕਰਦੇ ਰਹੇ ? ਹੈ ਕੋਈ ਐਸੇ ਮਨੁੱਖ ਦੀ ਗਾਥਾ, ਜਿਸ ਵਿਚ ਉਸ ਨੇ ਆਪਣੇ ਮਾਤਾ-ਪਿਤਾ, ਪੁੱਤਰ ਤੇ ਪਿਆਰੇ ਕੌਮ ਦੀ ਖਾਤਿਰ ਹੱਸ ਹੱਸ ਕੇ ਵਾਰ ਦਿੱਤੇ ਹੋਣ ?

ਇਹ ਇਕ ਲਾਸਾਨੀ ਕੌਮ ਹੈ। ਇਸ ਦਾ ਸਾਨੀ ਨਾ ਤਾਂ ਭਾਰਤ ਵਿਚ ਨਾ ਪੂਰੇ ਵਿਸ਼ਵ ਵਿਚ ਮਿਲ ਸਕਦਾ ਹੈ। ਇਹ ਕੁਰਬਾਨੀਆਂ ਕਿਸੇ ਮਾਇਕ ਲਾਲਚ ਲਈ ਨਹੀਂ ਦਿੱਤੀਆਂ ਗਈਆਂ। ਇਨ੍ਹਾਂ ਦਾ ਆਧਾਰ ਕੋਈ ਸਲੱਤਨਤ ਖੜੀ ਕਰਨਾ ਨਹੀਂ ਸੀ ਤੇ ਨਾ ਹੀ ਇਹ ਕਿਸੇ ਜ਼ੋਰੂ ਦੇ ਕਾਰਨ ਦਿੱਤੀਆਂ ਗਈਆਂ ਸਨ। ਸੰਸਾਰ ਵਿਚ ਸਾਰੇ ਮਨੁੱਖ ਆਪਣੇ ਸਵਾਰਥਾਂ ਤੇ ਹਿੱਤਾਂ ਲਈ ਸੰਘਰਸ਼ ਕਰਦੇ ਹਨ। ਕਿਸੇ ਲਹਿਰ ਜਾਂ ਮੁਹਿੰਮ ਦਾ ਨਿਸ਼ਾਨਾ ਕੋਈ ਪ੍ਰਾਪਤੀ ਹੁੰਦੀ ਹੈ ਪਰ ਸਿੱਖ ਅਜਿਹੇ ਕਿਸੇ ਪ੍ਰਾਪਤੀ ਲਈ ਨਹੀਂ ਲੜੇ। ਉਹ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖਾਤਿਰ ਲੜਦੇ ਸਨ। ਸ਼ੌਹਰਤ ਜਾਂ ਦੌਲਤ ਕਦੀ ਵੀ ਉਨ੍ਹਾਂ ਦਾ ਨਿਸ਼ਾਨਾ ਨਹੀਂ ਸੀ। ਜੇਕਰ ਗੁਰੂ ਤੇਗ ਬਹਾਦਰ ਨੇ ਜੰਞੂ ਤੇ ਤਿਲਕ ਦੀ ਖਾਤਿਰ ਅਜ਼ੀਮ ਕੁਰਬਾਨੀ ਦਿੱਤੀ ਤਾਂ ਇਸ ਵਿਚ ਕੇਵਲ ਧਰਮ ਤੇ ਅਣਖ ਦਾ ਹੀ ਮੁੱਦਾ ਸੀ। ਜਦੋਂ ਕਿ ਦੁਨੀਆਂ ਦੇ ਆਮ ਸਿਆਸੀ ਜਾਂ ਧਾਰਮਿਕ ਨੇਤਾ ਕਿਸੇ ਨਿੱਜੀ ਮਸਲੇ ਜਾਂ ਮੰਤਵ ਤੋਂ ਬਗੈਰ ਕੋਈ ਠੋਸ ਕਦਮ ਨਹੀਂ ਚੁੱਕਦੇ।

ਇਹ 1700 ਤੋਂ ਲੈ ਕੇ 1839 ਤੱਕ ਦੀ ਸਿੱਖੀ ਸੀ। ਇਸ ਦੌਰਾਨ ਸਿੱਖੀ ਨੇ ਆਪਣੇ ਜਲਵੇ ਤੇ ਜੌਹਰ ਵਿਖਾਏ। ਇਹ ਖਾਲਸਾ ਪੰਥ ਦਾ ਸੁਨਹਿਰੀ ਕਾਲ ਸੀ। ਇਸ ਕਾਲ ਦੌਰਾਨ ਸਿੱਖੀ ਨੇ ਇਤਿਹਾਸਕ ਕੀਰਤੀਮਾਨ ਸਥਾਪਿਤ ਕੀਤੇ। ਪਰ ਭਾਰਤ ਵਿਚ ਸਾਰੇ ਸਿੱਖ ਨਹੀਂ ਬਣੇ। ਬੁਜ਼ਦਿਲ ਤੇ ਮੌਕਾਪ੍ਰਸਤ ਲੋਕ ਸੱਤਾ ਤੇ ਸਿਆਸਤ ਦੇ ਗਲਿਆਰਿਆਂ ਦੇ ਗਿਰਦ ਘੁੰਮਦੇ ਰਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੌਰਾਨ ਗਵਾਂਢੀ ਪ੍ਰਦੇਸ਼ਾਂ ਦੇ ਰਾਜਿਆਂ ਤੇ ਪ੍ਰਸਿੱਧ ਲੋਕਾਂ ਨੇ ਮਹਾਰਾਜੇ ਦੇ ਕਹਿਣ ਅਨੁਸਾਰ ਦਾੜੀਆਂ ਤਾਂ ਰੱਖ ਲਈਆਂ ਪਰ ਇਨ੍ਹਾਂ ਦਾਹੜੀਆਂ ਦੇ ਪਿੱਛੇ ਸਵਾਰਥ ਤੇ ਗ਼ਦਾਰੀਆਂ ਪਲਦੀਆਂ ਰਹੀਆਂ। ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਿਆ ਉਨ੍ਹਾਂ ਨੇ ਆਪਣੇ ਮੌਲਿਕ ਰੂਪ ਵਿਚ ਆ ਕੇ ਆਪਣੇ ਉੱਲੂ ਸਿੱਧੇ ਕੀਤੇ ਅਤੇ ਸਿੱਖੀ ਦੀ ਪਿੱਠ ਵਿਚ ਛੁਰਾ ਮਾਰਿਆ। ਉਨ੍ਹਾਂ ਨੇ ਸਿੱਖ ਸਲਤਨੱਤ ਵਿਚੋਂ ਲੁੱਟੇ ਧੰਨ ਨਾਲ ਆਪਣੇ ਲਈ ਜਗੀਰਾਂ ਤੇ ਰਿਆਸਤਾਂ ਖ੍ਰੀਦ ਲਈਆਂ। ਇਸ ਕੁਕਰਮ ਨੂੰ ਕੋਈ ਵੀ ਸਭਿੱਅਕ ਵਿਅਕਤੀ ਮੁਆਫ਼ ਨਹੀਂ ਕਰ ਸਕਦਾ। ਜਦੋਂ ਪੰਜਾਬ ਅੰਗਰੇਜ਼ਾਂ ਅਧੀਨ ਆ ਗਿਆ ਤਾ ਫਸਲੀ ਬਟੇਰੇ ਸਭ ਤਿੱਤਰ-ਬਿੱਤਰ ਹੋ ਗਏ। ਉਹ ਰਾਤੋ-ਰਾਤ ਅੰਗਰੇਜ਼ ਭਗਤ ਬਣ ਗਏ। ਇਹ ਕਿੰਨੀ ਵਚਿੱਤਰ ਯਾਰੀ ਹੈ ? ਮਹਾਰਾਜਾ ਦਲੀਪ ਸਿੰਘ ਅਜਿਹੇ ਅੰਸਰਾਂ ਨੂੰ ਮੱਥਿਓਂ ਦੁੱਖਣ ਲੱਗਾ। ਇਹ ਅੰਗਰੇਜ਼ਾਂ ਦੇ ਪਿੱਠੂ ਤੇ ਸੁਮਾਸ਼ਤੇ, ਸਿੱਖੀ ਵੱਲ ਪਿੱਠ ਦੇ ਕੇ ਖਲੋ ਗਏ ਅਤੇ ਅੰਗਰੇਜ਼ ਪ੍ਰਭੂਆਂ ਦੇ ਆਦੇਸ਼ਾਂ ਦੀ ਇੰਤਜ਼ਾਰ ਕਰਨ ਲੱਗੇ। ਇਹ ਕਿਸ ਕਿਸਮ ਦੀ ਰਾਜਨੀਤੀ ਹੈ ? ਉੱਨੀ ਸੌ ਸੰਤਾਲੀ ਤੱਕ ਸਾਡੇ ਇਨ੍ਹਾਂ ਸਰਦਾਰਾਂ ਦਾ ਕਿਰਦਾਰ ਇਸ ਤਰ੍ਹਾਂ ਹੀ ਜਾਰੀ ਰਿਹਾ।

ਸਿੱਖੀ ਨੂੰ ਅਜਿਹੇ ਨੇਤਾਵਾਂ ਨੇ ਮਿੱਟੀ ਵਿਚ ਮਿਲਾ ਦਿੱਤਾ ਹੈ। ਇਹ ਮਨਮਤ ਹੈ, ਗੁਰਮੱਤ ਨਹੀਂ। ਪਰ ਸੱਤਾ ਦੇ ਭੁੱਖੇ ਸਿੱਖ ਸਿੱਖੀ ਨੂੰ ਆਪਣੇ ਹਿੱਤਾਂ ਅਨੁਸਾਰ ਘੁੰਮਾ ਰਹੇ ਹਨ। ਰਾਸ਼ਟਰੀ ਸਵੈਮ ਸੇਵਕ ਦੇ ਪ੍ਰਭਾਵ ਥੱਲੇ ਸਿੱਖਾਂ ਦੇ ਗੌਰਵਮਈ ਇਤਿਹਾਸ ਨੂੰ ਖੋਰਾ ਲਾਇਆ ਜਾ ਰਿਹਾ ਹੈ। ਸਿੱਖ ਸੂਰਬੀਰਾਂ ਨੂੰ ਚੋਰ ਤੇ ਡਾਕੂ ਪੇਸ਼ ਕੀਤਾਂ ਜਾ ਰਿਹਾ ਹੈ।

ਹਿੰਦੂ ਸਾਮਰਾਜ ਸਾਨੂੰ ਹੜੱਪਣ ਲਈ ਜਬਰਦਸਤ ਛਾਲਾਂ ਮਾਰ ਰਿਹਾ ਹੈ। ਸਾਡੇ ਮੌਜੂਦ ਸਿੱਖ ਨੇਤਾ ਸਿੱਖੀ ਨੂੰ ਆਪਣੇ ਹਿੱਤਾਂ ਲਈ ਵਰਤੇ ਰਹੇ ਹਨ। ਸਿੱਖੀ ਕਿਸੇ ਦੇ ਪਿਓ ਚਾਚੇ ਦੀ ਜਾਇਦਾਦ ਨਹੀਂ। ਸਿੱਖੀ ਨੂੰ ਸਵਾਰਥੀ ਹਿੱਤਾਂ ਲਈ ਵਰਤਣ ਵਾਲੇ ਸਿੱਖੀ ਦੇ ਦੋਖੀ ਹਨ। ਉਨ੍ਹਾਂ ਦੀ ਸਿੱਖ ਸਿਆਸਤ ਅਤੇ ਜਗਤ ਵਿਚ ਕੋਈ ਜਗਾ ਨਹੀਂ ਹੋਣੀ ਚਾਹੀਦੀ। ਪਰ ਇਹ ਲੋਕ ਸਿੱਖ ਸੰਸਥਾਵਾਂ ਉੱਤੇ ਕਾਬਜ਼ ਹੋ ਕੇ ਸਿੱਖੀ ਨੂੰ ਆਪਣੇ ਮੁਤਾਬਿਕ ਢਾਲਣ ਦੇ ਨਾਪਾਕ ਇਰਾਦੇ ਰੱਖਦੇ ਹਨ। ਪੰਥ ਨੂੰ ਇਸ ਤਰ੍ਹਾਂ ਟਕੇ ਕਿਲੋ ਵੇਚਣ ਵਾਲਿਆਂ ਦੀ ਸਿੱਖ ਇਤਿਹਾਸ ਵਿਚ ਕੋਈ ਜਗ੍ਹਾ ਨਹੀਂ। ਇਨ੍ਹਾਂ ਦਾ ਵਕਤੀ ਮੁੱਲ ਜਾਂ ਮਹੱਤਤਾ ਤਾਂ ਹੋ ਸਕਦੀ ਹੈ ਪਰ ਸਮਾਂ ਇਨ੍ਹਾਂ ਨੂੰ ਹੜ ਵਾਂਗ ਰੋੜ੍ਹ ਕੇ ਲੈ ਜਾਂਦਾ ਹੈ ਤੇ ਇਨ੍ਹਾਂ ਦੀ ਧਰਮ ਤੇ ਸਦਾਚਾਰ ਦੀ ਦੁਨੀਆਂ ਵਿਚ ਕੋਈ ਪੈੜ ਨਹੀਂ ਬਚਦੀ।

ਕੋਈ ਸਿੱਖ ਪਰਿਵਾਰ ਵਿਚ ਪੈਦਾ ਹੋਣ ਨਾਲ ਹੀ ਸਿੱਖ ਨਹੀਂ ਬਣ ਜਾਂਦਾ। ਕੋਈ ਦਾਹੜਾ ਤੇ ਕੇਸ ਰੱਖ ਕੇ ਹੀ ਸਿੱਖ ਸਰਦਾਰ ਬਣਨ ਦਾ ਦਾਹਵਾ ਨਹੀਂ ਕਰ ਸਕਦਾ। ਕੋਈ ਸਿੱਖਾਂ ਵਰਗੀ ਸ਼ਕਲ ਸੂਰਤ ਬਣਾ ਕੇ ਹੀ ਗੁਰਸਿੱਖ ਨਹੀਂ ਬਣ ਜਾਂਦਾ। ਸਾਡੇ ਬਹੁਤ ਸਾਰੇ ਸਿੱਖ ਇਸੇ ਕਿਸਮ ਦੇ ਅਖੌਤੀ ਸਿੱਖ ਹਨ। ਉਹ ਸਿੱਖਾਂ ਦੇ ਘਰਾਂ ਵਿਚ ਤਾਂ ਪੈਦਾ ਹੋਏ ਹਨ ਪਰ ਉਨ੍ਹਾਂ ਦੀ ਸੀਰਤ ਕਾਫ਼ਰਾਂ ਵਰਗੀ ਹੈ। ਅੱਜ ਕੱਲ੍ਹ ਬਹੁਤ ਸਾਰੇ ਸ਼ਹਿਰੀ ਸਿੱਖ ਇਸ ਕਿਸਮ ਦੇ ਸਿੱਖ ਹਨ। ਉਹ ਆਪਣੇ ਰੋਜ਼ਮਰਾ ਕਾਰੋਬਾਰ ਕਰਦੇ ਹਨ ਤੇ ਕਮਾਈਆਂ ਕਰਦੇ ਹਨ ਪਰੰਤੂ ਉਹ ਅਜਿਹਾ ਕੋਈ ਵੀ ਕਦਮ ਚੁੱਕਣ ਲਈ ਤਿਆਰ ਨਹੀਂ, ਜਿਸ ਨਾਲ ਉਨ੍ਹਾਂ ਦਾ ਵਪਾਰ ਮੱਧਮ ਪੈਂਦਾ ਹੋਵੇ ਜਾਂ ਉਸ ਨੂੰ ਕੋਈ ਕਸਰ ਲੱਗਦੀ ਹੋਵੇ। ਉਨ੍ਹਾਂ ਵਿਚੋਂ ਕਈ ਨਾਮ ਦੇ ਹੀ ਸਿੱਖ ਹਨ ਪਰ ਉਨ੍ਹਾਂ ਦੀ ਫ਼ਿਤਰਤ ਹਿੰਦੂਆਂ ਵਰਗੀ ਹੈ। ਉਹ ਪਰਲੇ ਦਰਜ਼ੇ ਦੇ ਬੁਜ਼ਦਿਲ ਤੇ ਮੌਕਾਪ੍ਰਸਤ ਹਨ। ਉਹ ਹਿੰਦੂਆਂ ਦੇ ਇਰਦ-ਗਿਰਦ ਵੱਸਦੇ ਹਨ ਤੇ ਉਨ੍ਹਾਂ ਦੀ ਮੱਤ ਵੀ ਹਿੰਦੂਆਂ ਵਾਲੀ ਹੋ ਗਈ ਹੈ। ਉਹ ਹਿੰਦੂਆਂ ਦੇ ਤਿਉਹਾਰ ਤੇ ਰੀਤਾਂ-ਰਿਵਾਜ਼ ਅਪਨਾ ਰਹੇ ਹਨ। ਜ਼ਿਹਨੀ ਤੌਰ ਤੇ ਉਨ੍ਹਾਂ ਤੇ ਹਿੰਦੂਆਂ ਵਿਚ ਕੇਵਲ ਉੱਨੀ-ਇੱਕੀ ਦਾ ਫ਼ਰਕ ਹੈ। ਉਨ੍ਹਾਂ ਦੇ ਕਰਮ-ਕਾਰਜ ਤੇ ਕਰਮਕਾਂਡ ਤੇ ਵਿਸ਼ਵਾਸ ਵੇਖ ਕੇ ਕੋਈ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਕਿ ਸਿੱਖੀ ਤੇ ਹਿੰਦੂ ਧਰਮ ਵਿਚ ਬੁਨਿਆਦੀ ਕੀ ਅੰਤਰ ਹਨ। ਇਹ ਹਕੀਕਤ ਹੈ ਕਿ ਸਿੱਖ ਧਰਮ ਬ੍ਰਾਹਮਣਵਾਦ ਦੀ ਮੜੀ ਉੱਪਰ ਉਸਰਿਆ ਹੈ। ਬ੍ਰਾਹਮਣਾਂ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ। ਪਰ ਜਦੋਂ ਉਹ ਆਪਣੇ ਤਿਉਹਾਰ ਦਿਵਾਲੀ, ਦੁਸ਼ਹਿਰਾ ਤੇ ਰੱਖੜੀ ਸਿੱਖਾਂ ਉੱਪਰ ਉਲੱਦਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਨੀਯਤ ਦਾ ਪਤਾ ਚੱਲ ਜਾਂਦਾ ਹੈ। ਲੱਗਦਾ ਹੈ ਕਿ ਉਨ੍ਹਾਂ ਦੀ ਨੀਯਤ ਸਾਫ਼ ਨਹੀਂ ਇਸ ਲਈ ਸਾਨੂੰ ਇਸ ਜ਼ਿਆਦਤੀ ਖਿਲਾਫ਼ ਨਿਰੰਤਰ ਅਵਾਜ਼ ਉਠਾਉਣੀ ਚਾਹੀਦੀ ਹੈ। ਇਹ ਸਰਾਸਰ ਧੱਕਾ ਹੈ।

ਸਾਡੇ ਮੌਜੂਦਾ ਨੇਤਾ ਆਪਣੇ ਆਪ ਨੂੰ ਸਿੱਖੀ ਦਾ ਧੁਰਾ ਸਮਝਦੇ ਹਨ। ਬਾਬੇ ਤੇ ਡੇਰਿਆਂ ਦੇ ਮਾਲਿਕ ਤਾਂ ਆਪਣੇ ਆਪ ਨੂੰ ਸਿੱਖਾਂ ਦੇ ਪਿਓ ਸਮਝਦੇ ਹਨ। ਇਨ੍ਹਾਂ ਮਹਾਂਪੁਰਸ਼ਾਂ ਸਦਕਾ ਸਿੱਖੀ ਰਸਾਤਲ ਵੱਲ ਗਈ ਹੈ। ਸਿੱਖੀ ਵਿਚ ਨਿਘਾਰ ਆਇਆ ਹੈ। ਸਿੱਖ ਜਗਤ ਨਮੋਸ਼ੀ ਨਾਲ ਭਰ ਗਿਆ ਹੈ। ਸਿੱਖੀ ਨੂੰ ਇਕ ਨਵਾਂ ਰੂਪ ਤੇ ਸਰੂਪ ਦੇਣ

ਲਈ ਉਪਰਾਲੇ ਹੋ ਰਹੇ ਹਨ। ਗੁਰਮੱਤ ਤੇ ਸਿੱਖੀ ਨੂੰ ਕੁਝ ਮੌਕਾਪ੍ਰਸਤ ਲੋਕ ਆਪਣੇ ਭਵਿੱਖ ਨੂੰ ਉੱਜਲਾ ਕਰਨ ਦਾ ਉਪਰਾਲਾ ਕਰ ਰਹੇ ਹਨ। ਪਰ ਸਿੱਖੀ ਏਨੀ ਸਸਤੀ ਵਸਤੂ ਨਹੀਂ। ਇਹ ਕੇਵਲ ਕੁਰਬਾਨੀ ਦਾ ਜਜ਼ਬਾ ਰੱਖਣ ਵਾਲਿਆਂ ਦੀ ਕਰਮ ਭੂਮੀ ਹੈ। ਮਾਝੇ ਗਾਮਿਆਂ ਦਾ ਇਸ ਵਿਚ ਕੋਈ ਸਥਾਨ ਨਹੀਂ। ਪਰ ਅਫ਼ਸੋਸ ਹੈ ਕਿ ਲੋਕ ਕੇਵਲ ਕੇਸ ਦਾਹੜੀ ਰੱਖ ਕੇ ਹੀ ਆਪਣੇ ਆਪ ਨੂੰ ਸਿੱਖੀ ਦੇ ਆਲੰਬਦਾਰ ਸਮਝਣ ਲੱਗ ਪੈਂਦੇ ਹਨ। ਇਹ ਗੁਰੂ ਦੇ ਸਿੰਘ ਨਹੀਂ ਸਗੋਂ ਸਰਕਸੀ ਸਿੰਘ ਹਨ। ਅਜਿਹੇ ਸਿੰਘਾਂ ਦੀ ਸਿੱਖ ਧਰਮ ਵਿਚ ਗਿਣਤੀ ਵੱਧਦੀ ਜਾ ਰਹੀ ਹੈ। ਇਹੀ ਲੋਕ ਸਾਡੀ ਸਿਆਸਤ ਉੱਤੇ ਹਾਵੀ ਹੋ ਰਹੇ ਹਨ। ਜੋ ਮੈਦਾਨ ਗੁਰੂ ਦੇ ਸਿੰਘ ਫ਼ਤਹਿ ਕਰ ਸਕਦੇ ਸਨ, ਉਹ ਸਰਕਸੀ ਸਿੰਘ ਕੱਤਈ ਨਹੀਂ ਕਰ ਸਕਦੇ। ਇਹੀ ਕਾਰਨ ਹੈ ਕਿ ਅੱਜਕੱਲ੍ਹ ਬਹੁਤੇ ਸ਼ਹਿਰੀ ਸਿੱਖ ਹਿੰਦੂ ਵੀਰਾਂ ਦੇ ਆਂਢ-ਗੁਆਂਢ ਵੱਸਣ ਕਾਰਨ, ਉਨ੍ਹਾਂ ਦੀ ਮੱਤ ਧਾਰਨ ਕਰੀ ਬੈਠੇ ਹਨ। ਉਨ੍ਹਾਂ ਦੇ ਅਮਲਾਂ ਵਿਚ ਕੋਈ ਫ਼ਰਕ ਨਹੀਂ ਕੇਵਲ ਸਰਦਾਰ ਮੋਨੇ ਦਾ ਹੀ ਫ਼ਰਕ ਹੈ। ਕੇਵਲ ਸ਼ਕਲ ਦੇ ਹੀ ਸਿੱਖ ਬਣਨਾ ਬੜਾ ਅਸਾਨ ਹੈ। ਸਾਡੇ ਸ਼ਹਿਰੀ ਸਿੱਖ ਆਪਣੇ ਵਪਾਰਕ ਹਿੱਤਾਂ ਕਾਰਨ ਵੀ ਹਿੰਦੂ ਰੀਤਾਂ ਅਪਨਾ ਕੇ ਉਨ੍ਹਾਂ ਦਾ ਦਿਲ ਜਿੱਤਣਾਂ ਚਾਹੁੰਦੇ ਹਨ। ਉਨ੍ਹਾਂ ਨੂੰ ਸਿੱਖੀ ਦੇ ਅਕਸ ਜਾਂ ਭਵਿੱਖ ਨਾਲ ਕੋਈ ਸਰੋਕਾਰ ਨਹੀਂ। ਪਿੰਡਾਂ ਵਿਚ ਵੈਸੇ ਵੀ ਲੋਕ ਪਤਿਤ ਹੋ ਰਹੇ ਹਨ ਪਰ ਇਹ ਪਤਿਤ ਸਿੱਖ ਵੀ ਬਹੁਤੇ ਸ਼ਹਿਰੀ ਸਿੱਖਾਂ ਨਾਲੋਂ ਚੰਗੇਰੀ ਨਸਲ ਦੇ ਸਿੱਖ ਹਨ। ਇਨ੍ਹਾਂ ਦੀ ਕਰਨੀ ਤੇ ਕਥਨੀ ਵਿਚ ਬਹੁਤ ਘੱਟ ਅੰਤਰ ਹੁੰਦਾ ਹੈ। ਜਦੋਂ ਕਿ ਸ਼ਹਿਰੀ ਸਿੱਖ ਬਹੁਤੇ ਨਾਮ ਦੇ ਹੀ ਸਿੱਖ ਹੁੰਦੇ ਹਨ। ਵਪਾਰੀ ਲੋਕ ਧਰਮ ਵਿਚ ਬਹੁਤੇ ਪੱਕੇ-ਪਕੇਰੇ ਨਹੀਂ ਹੋ ਸਕਦੇ। ਪੇਂਡੂ ਸਿੱਖਾਂ ਵਿਚ ਅਜਿਹੀ ਸੰਭਾਵਨਾ ਘੱਟ ਹੁੰਦੀ ਹੈ। ਕੁਰਬਾਨੀਆਂ ਦਾ ਇਤਿਹਾਸ ਵਿਚ ਪੇਂਡੂ ਸਿੱਖਾਂ ਦਾ ਯੋਗਦਾਨ ਵਧੇਰੇ ਸਾਰਥਿਕ ਹੁੰਦਾ ਹੈ। ਜੇਲ੍ਹਾਂ ਦੇ ਕਾਲੇ ਪਾਣੀਆਂ ਨੂੰ ਜਾਣ ਵਾਲੇ ਬਹੁਤੇ ਸਿੱਖ ਪਿੰਡਾਂ ਵਿਚੋਂ ਹੀ ਸਨ।

ਗੁਰੂ ਦੇ ਖਾਲਸ ਤੇ ਸਥਾਈ ਸਿੱਖ ਬਣਨ ਲਈ ਸਿੱਖਾਂ ਨੂੰ ਸਵਾਰਥ ਤੇ ਬੁਜ਼ਦਿਲੀ ਤੇ ਛੋਟਾਪਣ ਤਿਆਗਣਾਂ ਪਵੇਗਾ। ਸਾਨੂੰ ਗੁਰਬਾਣੀ ਕੋਲੋਂ ਨਿਰੰਤਰ ਸੇਧ ਤੇ ਸਿੱਖਿਆ ਲੈਣੀ ਪਵੇਗੀ। ਮਤਲਬ ਤੇ ਸਵਾਰਥ ਦਾ ਸਿੱਖੀ ਵਿਚ ਕੋਈ ਸਥਾਨ ਨਹੀਂ। ਜਿਹੜੇ ਸਿੱਖ ਵੀ ਸਵਾਰਥ ਤੇ ਸੇਵਾ ਛੱਡ ਕੇ ਉਪਕਾਰ ਤੇ ਸੇਵਾ ਵਾਲੇ ਪਾਸੇ ਆਉਣਗੇ, ਉਹ ਹੀ ਗੁਰੂ ਦੇ ਖਾਲਸੇ ਹੋਣਗੇ।

# ਬੁੱਕਲ ਦੇ ਸੱਪ

ਸਿੱਖਾਂ ਵਿਚ ਦਲੇਰੀ ਦੀ ਵੀ ਕਮੀ ਤੇ ਨਾ ਹੀ ਕੋਈ ਕਮੀ ਹੈ ਗ਼ਦਾਰੀ ਦੀ। ਅੰਗੇਰਜ਼ਾਂ, ਜਾਪਨੀਆਂ, ਜਰਮਨਾਂ ਅਤੇ ਪਠਾਣਾਂ ਵਿਚ ਤੁਹਾਨੂੰ ਕੋਈ ਟਾਂਵਾਂ ਹੀ ਗ਼ਦਾਰ ਮਿਲੇਗਾ ਪ੍ਰੰਤੂ ਸਿੱਖੀ ਵਿਚ ਇੱਟ ਪੁੱਟਿਆਂ ਗ਼ਦਾਰ ਮਿਲ ਪੈਂਦਾ ਹੈ। ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਗੁਰੂ ਪਰਿਵਾਰਾਂ ਵਿਚ ਸ਼ਰੀਕੇਪਣ ਦੀ ਭਰਮਾਰ ਸੀ। ਤਕਰੀਬਨ ਹਰੇਕ ਗੁਰੂ ਦੇ ਸ਼ਾਹਿਬਜ਼ਾਦਿਆਂ, ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਨੇ ਗੁਰੂ ਘਰ ਨਾਲ ਗ਼ਦਾਰੀ ਕਰਕੇ, ਗੁਰੂ ਘਰ ਨੂੰ ਢਾਹ ਲਾਈ। ਸਤਵੇਂ ਗੁਰੂ ਸਾਹਿਬ ਵੇਲੇ ਤਾਂ ਉਨ੍ਹਾਂ ਦੇ ਵੱਡੇ ਬੇਟੇ ਨੇ ਦਿੱਲੀ ਵਿਚ ਜਾ ਕੇ ਆਪ ਗੁਰੂ ਹੋਣ ਦਾ ਐਲਾਨ ਕਰ ਦਿੱਤਾ ਸੀ। ਮੁਗ਼ਲ ਹਕੂਮਤ ਨੇ ਉਸ ਨੂੰ ਚੋਖੀ ਜਗੀਰ ਦੇ ਕੇ ਨਿਵਾਜਿਆ ਸੀ ਅਤੇ ਸਿੱਖਾਂ ਵਿਰੁੱਧ ਭੜਕਾਇਆ ਸੀ। ਇਸ ਨਾਲ ਗੁਰੂ ਘਰ ਦੀ ਆਸਥਾ ਤੇ ਅਜ਼ਮਤ ਨੂੰ ਧੱਕਾ ਲੱਗਾ ਸੀ। ਧੀਰ ਮੱਲ, ਪ੍ਰਿਥੀ ਚੰਦ, ਮਿਹਰਬਾਨ ਅਤੇ ਹੋਰ ਕਈ ਗੁਰੂ ਘਰ ਦੇ ਸੋਢੀਆਂ ਨੇ ਸਿੱਖੀ ਦਾ ਸਹਾਰਾ ਲੈ ਕੇ ਸਿੱਖੀ ਦਾ ਘਾਣ ਕਰਨ ਦੀ ਨਾਪਾਕ ਕੋਸ਼ਿਸ਼ ਕੀਤੀ ਸੀ। ਗੁਰੂ ਤੇਗ ਬਹਾਦਰ ਸਾਹਿਬ ਨੂੰ ਅੰਮ੍ਰਿਤਸਰੋਂ ਆਨੰਦਪੁਰ ਤੇ ਕੀਰਤਪੁਰ ਪੁਜਾਣ ਵਾਲੇ ਗੁਰੂ ਘਰ ਦੋਖੀ ਸਿੱਖ ਹੀ ਸਨ। ਇਕ ਨਜ਼ਰੀਏ ਨਾਲ ਅਸੀਂ ਅਜਿਹੇ ਗੁਮਰਾਹ ਸਿੱਖਾਂ ਨੂੰ ਸਿੱਖ ਹੀ ਨਹੀਂ ਮੰਨਦੇ ਕਿਉਂਕਿ ਸਿੱਖੀ ਵਿਚ ਗ਼ਦਾਰੀ ਦਾ ਕੋਈ ਸਥਾਨ ਨਹੀਂ। ਇਸੇ ਤਰਜ਼ ਨਾਲ ਚਾਲੀ ਮਝੈਲਾਂ ਦਾ ਜਥਾ, ਗੁਰੂ ਨੂੰ ਬੇਦਾਵਾ ਦੇ ਕੇ ਸਹੀ ਸਲਾਮਤ, ਮੁਗਲਾਂ ਦੀ ਕ੍ਰਿਪਾ ਨਾਲ ਘਰ ਆ ਬੈਠਾ। ਇਕ ਵਾਰੀ ਤਾਂ ਇਹ ਸਿੱਖ ਮੌਤ ਤੇ ਕਸ਼ਟਾਂ ਤੋਂ ਡਰਦੇ ਭੱਜ ਨਿਕਲੇ ਸਨ। ਪਰ ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਇਨ੍ਹਾਂ ਸਿੱਖਾਂ ਦੀ ਜ਼ਮੀਰ ਜਾਗ ਉੱਠੀ ਤੇ ਇਹ ਮਾਈ ਭਾਗੋ ਨਾਲ ਫਿਰ ਗੁਰੂ ਜੀ ਨਾਲ ਜਾ ਮਿਲੇ।

ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦਾ ਪਹਿਲਾਂ ਬਾਦਸ਼ਾਹ ਬਣ ਕੇ ਸਿੱਖੀ ਨੂੰ ਬੁਲੰਦੀਆਂ ਤੱਕ ਪੁਚਾ ਦਿੱਤਾ ਸੀ। ਬੰਦਾ ਸਿੰਘ ਨੇ ਆਪਣੇ ਬਹਾਦਰ ਤੇ ਸਿਰਲੱਥ ਸਿੱਖ ਸਰਦਾਰਾਂ ਦੀ ਮਦਦ ਨਾਲ, ਹਕੂਮਤ ਦੇ ਨਸ਼ੇ ਨਾਲ ਮਦਹੋਸ਼ ਹੋਏ ਵਜੀਰ ਖ਼ਾਨ ਨੂੰ ਸਰਹੰਦ ਦੀ ਧੂੜ ਚੱਟਣ ਲਈ ਮਜ਼ਬੂਰ ਕਰ ਦਿੱਤਾ ਸੀ। ਪਰ ਇਹੀ ਬੰਦਾ ਸਿੰਘ ਜਦੋਂ ਗੁਰਦਾਸ ਨੰਗਲ ਵਿਚ ਆਪਣੇ ਸਿੰਘਾਂ ਨਾਲ ਘਿਰ ਗਿਆ ਤਾਂ ਕੁਝ ਸਵਾਰਥੀ ਸਰਦਾਰ, ਮੁਗ਼ਲਾਂ ਦੀ ਸਹਾਇਤਾ ਨਾਲ ਕਿਲਿਓਂ ਸਹੀ ਸਲਾਮਤ ਬਾਹਰ ਆ ਗਏ। ਇਨ੍ਹਾਂ ਨੂੰ ਤੱਤ ਖਾਲਸਾ ਕਿਹਾ ਜਾਣ ਲੱਗਾ। ਜੇਕਰ ਇਹ ਸਿੱਖ ਬੰਦੇ ਨਾਲ ਡਟੇ ਰਹਿੰਦੇ ਤਾਂ ਸ਼ਾਇਦ ਜੰਗ ਦਾ ਨਤੀਜਾ ਕੁਝ ਹੋਰ ਹੁੰਦਾ। ਸਿੱਖਾਂ ਨੂੰ ਜ਼ਲੀਲ ਕਰਕੇ ਕਤਲ ਕੀਤਾ ਗਿਆ।

ਇਸ ਪਿੱਛੋਂ ਸਿੱਖਾਂ ਨੂੰ ਜੰਗਲਾਂ ਬੇਲਿਆਂ ਤੇ ਪਹਾੜਾਂ ਵਿਚ ਲੁੱਕ-ਛਿਪ ਕੇ ਗੁਜ਼ਾਰਾ ਕਰਨਾ ਪਿਆ। ਸਿੱਖ ਬਹੁਤ ਨਾਜ਼ੁਕ ਦੌਰ ਵਿਚੋਂ ਗੁਜ਼ਰਨ ਲੱਗੇ। ਇਸ ਸਮੇਂ ਵੀ ਕੁਝ ਗ਼ਦਾਰ ਤੇ ਬੁਜ਼ਦਿਲ ਕਿਸਮ ਦੇ ਨਾਮ-ਨਿਹਾਦ ਸਿੱਖ, ਮੁਗ਼ਲਾਂ ਕੋਲ ਸਿੰਘਾਂ ਦੀ ਮੁਖਬਰੀ ਕਰਕੇ ਉਨ੍ਹਾਂ ਨੂੰ ਫੜਾ ਜਾਂ ਮਰਵਾ ਦਿੰਦੇ ਸਨ। ਅਸੀਂ ਅਜਿਹੇ ਸਿੱਖਾਂ ਨੂੰ ਵੀ ਮੁਆਫ਼ ਕਰ ਸਕਦੇ ਹਾਂ ਕਿਉਂਕਿ ਜਿਸ ਵਿਚ ਸਿੱਖੀ ਸਪਿਰਟ ਦੀ ਘਾਟ ਹੋਵੇਗੀ, ਉਸ ਦਾ ਜੀਵਨ ਵੀ ਸਿੱਖਾਂ ਤੋਂ ਵੱਖਰਾ ਹੋਵੇਗਾ। ਹਕੀਕਤ ਇਹ ਹੈ ਕਿ ਗੁਰੂ ਦਾ ਸਿੱਖ ਮਰਦਾ ਮਰ ਜਾਵੇ ਪਰੰਤੂ ਮੁਖਬਰੀ ਨਹੀਂ ਕਰ ਸਕਦਾ। ਇਹ ਜਾਲ੍ਹੀ ਤੇ ਕੱਚੇ ਸਿੱਖਾਂ ਦਾ ਕੰਮ ਹੈ। ਇਹ ਲੋਕ ਗ਼ਦਾਰੀ ਨੂੰ ਆਪਣੇ ਹਿੱਤਾਂ ਖਾਤਿਰ ਇਸਤੇਮਾਲ ਕਰਦੇ ਰਹੇ ਹਨ।

ਮਹਾਰਾਜਾ ਰਣਜੀਤ ਸਿੰਘ ਵੇਲੇ ਸਿੱਖ ਰਾਜ ਦਾ ਸੁਪਨਾ ਸਕਾਰ ਹੋਇਆ। ਇਸ ਰਾਜ ਨੂੰ ਬੜੇ ਯੁੱਧਾਂ ਤੇ ਕੁਰਬਾਨੀਆਂ ਪਿੱਛੋਂ ਕਾਇਮ ਕੀਤਾ ਗਿਆ ਪਰ ਇਹ ਰਾਜ ਕੁਝ ਗ਼ਦਾਰ ਸਿੱਖਾਂ ਕਾਰਨ ਰੇਤ ਦੀ ਢੇਰੀ ਵਾਂਗ ਢਹਿ ਗਿਆ। ਮਹਾਰਾਜੇ ਬਾਅਦ, ਮਹਾਰਾਜ ਖੜਕ ਸਿੰਘ ਨੂੰ ਗੱਦੀ ਉੱਪਰ ਬਿਠਾਇਆ ਗਿਆ ਪਰ ਉਹ ਅਫੀਮ ਖਾਣੀ ਹਕੂਮਤ ਕਰਨ ਨਾਲੋਂ ਵਧੇਰੇ ਜ਼ਰੂਰੀ ਸਮਝਦਾ ਸੀ। ਕੁਝ ਗ਼ਦਾਰ ਤੇ ਮਕਾਰ ਗ਼ਦਾਰੀਆਂ ਨੇ ਉਸ ਨੂੰ ਜੀਉਂਦੇ ਜੀਅ ਮਰਨ ਲਈ ਮਜ਼ਬੂਰ ਕਰ ਦਿੱਤਾ। ਉਸ ਤੋਂ ਬਾਅਦ ਉਸ ਦੇ ਹੋਣਹਾਰ ਬੇਟੇ ਕੰਵਰ ਨੌਨਿਹਾਲ ਸਿੰਘ ਨੂੰ ਤਖ਼ਤ ਉੱਪਰ ਬਿਠਾਇਆ ਗਿਆ। ਉਸ ਦਾ ਸਾਥ ਦੇਣ ਦੀ ਜਗ੍ਹਾ, ਉਸ ਨੂੰ ਮਾਰ ਮੁਕਾਉਣ ਦੀਆਂ ਸਾਜਿਸ਼ਾਂ ਸ਼ੁਰੂ ਹੋ ਗਈਆਂ। ਸਾਜਿਸ਼ ਤਹਿਤ ਉਸ ਦਾ ਵੀ ਕੀਰਤਨ ਸੋਹਿਲਾ ਪੜ੍ਹਿਆ ਗਿਆ। ਫਿਰ ਮਹਾਰਾਜਾ ਸ਼ੇਰ ਸਿੰਘ ਗੱਦੀ ਤੇ ਬੈਠਾ। ਪਰ ਉਸ ਦੀ ਮੌਜੂਦਗੀ ਮਹਾਰਾਜੇ ਦੇ ਸ਼ਰੀਕਾਂ ਨੂੰ ਰਾਸ ਨਾ ਆਈ। ਦਿਨ ਦਿਹਾੜੇ ਉਸ ਨੂੰ ਉਸਦੇ ਪੁੱਤਰ ਸਮੇਤ ਲਾਹੌਰ ਦਰਬਾਰ ਵਿਚ ਕਤਲ ਕੀਤਾ ਗਿਆ। ਖਾਨਾਜੰਗੀ ਵਿਚ ਤਾਂ ਸਿੱਖ ਮੁਗ਼ਲਾਂ ਨੂੰ ਮਾਤ ਪਾ ਗਏ। ਆਪਣੇ ਹੀ ਹੱਥੀਂ ਆਪਣੇ ਘਰ ਨੂੰ ਅਗਨੀ ਭੇਂਟ ਕੀਤਾ ਗਿਆ। ਇਹ ਕਿੱਧਰ ਦੀ ਰਾਜਨੀਤੀ ਹੈ ? ਇਹ ਕਿਹੜਾ ਧਰਮ ਹੈ ? ਇਹ ਕਿਹੜੀ ਜੀਵਨ ਜਾਂਚ ਹੈ ? ਘਰ ਦੇ ਭੇਤੀ ਘਰ ਨੂੰ ਬਿਹਤਰ ਸਾੜ ਕੇ ਸਵਾਹ ਕਰ ਸਕਦੇ ਹਨ। ਅਖੀਰ ਘਰ ਨੂੰ ਸਵਾਹ ਦੇ ਢੇਰ ਵਿਚ ਬਦਲ ਕੇ ਹੀ ਸਿੱਖ ਸਰਦਾਰਾਂ ਨੂੰ ਸੁੱਖ ਦਾ ਸਾਹ ਆਇਆ। ਰਾਜ ਘਰਾਣਿਆਂ ਵਿਚ ਸਾਜਿਸ਼ਾਂ ਹੁੰਦੀਆਂ ਹਨ। ਬਗਾਵਤਾਂ ਵੀ ਹੁੰਦੀਆਂ ਹਨ। ਕਤਲ ਵੀ ਹੁੰਦੇ ਹਨ ਪਰ ਜਿਸ ਤਰ੍ਹਾਂ ਦੀ ਬੁਰਸ਼ਾਗਰਦੀ ਲਾਹੌਰ ਦਰਬਾਰ ਵਿਚ ਸਿੱਖ ਸਰਦਾਰਾਂ ਹੱਥੋਂ ਵੇਖਣ ਨੂੰ ਮਿਲੀ ਹੈ, ਇਸ ਦੀ ਮਿਸਾਲ ਘੱਟ ਹੀ ਸੰਸਾਰ ਵਿਚ ਮਿਲਦੀ ਹੈ। 'ਜੱਟ ਮੱਹਿਆਂ ਸੰਸਾਰ ਕਬੀਲਾ ਗਾਲਦੇ' ਵਾਲੀ ਕਹਾਵਤ ਸੱਚੀ ਸਿੱਧ ਕਰਕੇ ਵਿਖਾਈ ਗਈ।

ਇਤਿਹਾਸ ਗਵਾਹ ਹੈ ਕਿ ਗ਼ਦਰੀ ਬਾਬਿਆਂ ਦੀ ਭਾਰਤੀ ਫੌਜਾਂ ਵਿਚ ਗ਼ਦਰ ਮਚਾ ਕੇ, ਭਾਰਤ ਨੂੰ ਅਜ਼ਾਦ ਕਰਾਉਣ ਦੀ ਸਕੀਮ ਸੀ। ਸਭ ਕੁਝ ਤਹਿ ਕੀਤਾ ਗਿਆ ਪਰ ਇਕ ਸਿੱਖ ਫੌਜੀ ਨੇ ਇਸ ਬਗਾਵਤ ਦੀ ਮਿਤੀ ਤੇ ਸਮੇਂ ਬਾਰੇ ਜਾ ਕੇ ਅੰਗਰੇਜ਼ਾਂ ਨੂੰ ਖਬਰਦਾਰ ਕਰ ਦਿੱਤਾ। ਸਾਰੀ ਸਕੀਮ ਧਰੀ ਧਰਾਈ ਰਹਿ ਗਈ। ਸਾਡੀ ਕੌਮੀ ਲਹਿਰ ਵੇਲੇ ਅਕਾਲੀ ਤੇ ਬੱਬਰ ਅਕਾਲੀ ਅੰਗਰੇਜ਼ੀ ਰਾਜ ਦੇ ਜਾਨੀ ਦੁਸ਼ਮਣ ਸਨ। ਪਰ ਕੁਝ

ਸਫ਼ੈਦਪੋਸ਼ ਤੇ ਜ਼ੈਲਦਾਰ ਸਿੱਖ ਮੁਖਬਰੀ ਕਰਕੇ ਇਨ੍ਹਾਂ ਬੱਬਰਾਂ ਨੂੰ ਮਰਵਾ ਦਿੰਦੇ ਸਨ। ਸਾਡੇ ਬਹੁਤ ਸਾਰੇ ਕ੍ਰਾਂਤੀਕਾਰੀਆਂ ਦੀਆਂ ਮੁਖਬਰੀਆਂ ਵੀ ਸਿੱਖ ਰਈਸਾਂ ਨੇ ਕੀਤੀਆਂ ਸਨ। ਇਸ ਦੇ ਇਵਜ਼ ਵਿਚ ਇਨ੍ਹਾਂ ਨੂੰ ਜਗੀਰਾਂ, ਜ਼ਮੀਨਾਂ ਤੇ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਸੀ। ਸਾਡੇ ਬਹੁਤ ਸਾਰੇ ਸਿੱਖ, ਸਰਦਾਰ ਅੰਗਰੇਜ਼ਾਂ ਦੇ ਹੱਥ ਠੋਕੇ ਤੇ ਚਹੇਤੇ ਰਹੇ ਹਨ। ਇਨ੍ਹਾਂ ਕੋਲ ਬੇਸ਼ੁਮਾਰ ਧੰਨ ਦੌਲਤ ਤੇ ਜਗੀਰਾਂ ਦਾ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਸਿੱਖਾਂ ਦੇਸ਼ ਭਗਤਾਂ ਦੀ ਮੁਖਬਰੀ ਕਰਕੇ ਅੰਗਰੇਜ਼ਾਂ ਦੀ ਖ਼ੁਸ਼ਾਮਦ ਕੀਤੀ ਗਈ ਹੈ। ਜਦੋਂ ਕਿ ਦੇਸ਼ ਭਗਤ ਪਰਿਵਾਰਾਂ ਦੇ ਘਰਾਂ ਵਿਚ ਤਾਂ ਅਕਸਰ ਭੰਗ ਹੀ ਭੁੱਜਦੀ ਸੀ ਜਾਂ ਫਿਰ ਸਿਰਫ਼ ਗੁਜ਼ਾਰਾ-ਵਜ਼ਾਰਾ ਹੀ ਹੁੰਦਾ ਹੈ। ਮਹਿਲ-ਮੁਨਾਰੇ ਕੇਵਲ ਗ਼ੈਰ-ਰਾਸ਼ਟਰੀ ਗਤੀਵਿਧੀਆਂ ਨਾਲ ਹੀ ਉਸਾਰੇ ਜਾ ਸਕਦੇ ਹਨ।

ਜਦੋਂ ਕਿ ਸਾਰੀ ਕੌਮ ਅਜ਼ਾਦੀ ਦੀ ਲਹਿਰ ਵਿਚ ਸ਼ਾਮਿਲ ਹੋਵੇ ਤੇ ਲੜਾਈ ਆਪਣੀ ਚਰਮ ਸੀਮਾ ਤੇ ਹੋਵੇ ਤਾਂ ਉਸ ਵਕਤ ਬਹੁਤ ਸਾਰੇ ਸਿੱਖਾਂ ਦਾ ਬਰਤਾਨਵੀ ਫੌਜ ਵਿਚ ਭਰਤੀ ਹੋ ਕੇ, ਉਨ੍ਹਾਂ ਲਈ ਸਾਮਾਰਜ ਨੂੰ ਵਿਸ਼ਾਲ ਕਰਨ ਵਿਚ ਸਹਾਈ ਹੋਣਾ, ਗ਼ਦਾਰੀ ਤੁੱਲ ਹੈ। ਸਾਡੇ ਹੀ ਸਿੱਖ ਪੁਲੀਸ ਵਿਚ ਭਰਤੀ ਹੋ ਕੇ, ਆਪਣੇ ਹੀ ਭਰਾਵਾਂ ਨੂੰ ਲਾਠੀਆਂ ਮਾਰਦੇ ਸਨ, ਗੋਲੀਆਂ ਨਾਲ ਭੁੰਨਦੇ ਅਤੇ ਹੋਰ ਤਸ਼ੱਦਦ ਕਰਦੇ ਸਨ। ਇਹ ਕਹਿ ਕੇ ਇਹ ਉਨ੍ਹਾਂ ਦੀ ਸਰਕਾਰੀ ਡਿਊਟੀ ਸੀ ਤੇ ਕਰਤੱਵ ਸੀ। ਆਪਣੇ ਗੁਨਾਹਾਂ ਤੋਂ ਇਹ ਸਿੱਖ ਛੁਟਕਾਰਾ ਨਹੀਂ ਪਾ ਸਕਦੇ। ਇਨ੍ਹਾਂ ਦੇ ਸਾਹਮਣੇ ਹੀ ਹਜ਼ਾਰਾਂ ਭਾਰਤੀਆਂ ਨੇ ਅੰਗਰੇਜ਼ੀ ਨੌਕਰੀਆਂ ਤੇ ਅਹੁਦਿਆਂ ਦਾ ਬਾਈਕਾਟ ਕੀਤਾ ਸੀ। ਕੂਕਿਆਂ ਨੇ ਵੀ ਬਰਤਾਨੀਆਂ ਨਾਲ ਸੰਬੰਧਤ ਹਰੇਕ ਵਸਤੂ ਦਾ ਬਾਈਕਾਟ ਕੀਤਾ ਸੀ ਪਰ ਸਾਡੇ ਸਮਾਜ ਵਿਚ ਸਵਾਰਥੀ ਤੇ ਮੌਕਾਪ੍ਰਸਤ ਕਿਸਮ ਦੇ ਲੋਕਾਂ ਦੀ ਵੀ ਘਾਟ ਕਦੀ ਨਹੀਂ ਹੋਈ। ਇਹ ਲੋਕ ਆਪਣੇ ਭਾਰਾਵਾਂ ਦੇ ਸਿਰ ਪਾੜ ਕੇ ਝੁੱਗੇ ਸਾੜ ਕੇ ਆਪਣੇ ਉੱਲੂ ਸਿੱਧੇ ਕਰਦੇ ਰਹੇ ਅਤੇ ਉਨ੍ਹਾਂ ਦਾ ਤਮਾਸ਼ਾ ਵੇਖਦੇ ਰਹੇ। ਅੰਗਰੇਜ਼ਾਂ ਨੇ ਭਾਰਤੀਆਂ ਨਾਲ ਕਦੀ ਵਫ਼ਾ ਨਹੀਂ ਨਿਭਾਈ ਤੇ ਨਾ ਹੀ ਸਿੱਖਾਂ ਨਾਲ ਪਹਿਲੀ ਆਲਮੀ ਜੰਗ ਵਿਚ ਬਾਕੀ ਭਾਰਤੀਆਂ ਵਾਂਗ, ਸਿੱਖਾਂ ਨੇ ਵੀ ਬਰਤਾਨਵੀ ਫੌਜ ਵਿਚ ਭਰਤੀ ਹੋ ਕੇ ਉਨ੍ਹਾਂ ਨਾਲ ਯੁੱਧ ਕੀਤੇ ਸਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸਿਪਾਹੀ ਤੇ ਅਫ਼ਸਰ ਸ਼ਹੀਦ ਹੋਏ ਸਨ। ਸਾਰਾਗੜ੍ਹੀ ਦੇ ਮੋਰਚੇ ਵਿਚ ਸ਼ਹੀਦੀਆਂ ਪਾਉਣ ਵਾਲੇ ਸਾਰੇ ਹੀ ਸਿੱਖ ਸਨ। ਪਰ ਇਸ ਬਲੀਦਾਨ ਦਾ ਸਨਮਾਨ ਖੱਟਣ ਦੀ ਜਗ੍ਹਾ ਸਿੱਖਾਂ ਤੇ ਪੰਜਾਬੀਆਂ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਖਮਿਆਜ਼ਾ ਭੁਗਤਣਾ ਪਿਆ। ਸਿੱਖਾਂ ਨੂੰ ਛਾਤੀ ਪਰਨੇ ਪਾ ਕੇ ਉਨ੍ਹਾਂ ਦੀਆਂ ਪਿੱਠਾਂ ਤੇ ਹੰਟਰ ਮਾਰੇ ਗਏ। ਇਨ੍ਹਾਂ ਜ਼ਾਲਿਮਾਂ ਦੀ ਸਰਕਾਰ ਵਿਚ ਭਰਤੀ ਹੋ ਕੇ, ਸਾਡੇ ਹੀ ਸਿੱਖ ਸਰਦਾਰ ਆਪਣੇ ਹੀ ਭਰਾਵਾਂ ਦੇ ਖ਼ੂਨ ਦਾ ਮੁੱਲ ਵੱਟਦੇ ਰਹੇ। ਜਿਹੜੇ ਅੱਜਕਲ੍ਹ ਤੁਹਾਨੂੰ ਆਦਿ ਸਰਦਾਰ ਨਜ਼ਰ ਆ ਰਹੇ ਹਨ, ਜਿੰਨ੍ਹਾਂ ਨੂੰ ਅੰਗਰੇਜ਼ੀ ਰਾਜ ਵਿਚ ਰਈਸ, ਸਰਦਾਰ ਬਹਾਦਰ, ਸਫ਼ੈਦਪੋਸ਼ ਤੇ ਜ਼ੈਲਦਾਰ ਤੇ ਆਨਰੇਰੀ ਮੈਜਿਸਟ੍ਰੇਟ ਕਿਹਾ ਜਾਂਦਾ ਸੀ, ਉਹੀ ਲੋਕ ਰਾਤੋ-ਰਾਤ ਕੁੜਤੇ ਪਜਾਮੇ ਪਾ ਕੇ ਦੇਸ਼ ਭਗਤ ਤੇ ਪਤਵੰਤੇ ਸਰਦਾਰ ਅਖਵਾਉਣ ਲੱਗੇ। ਚੋਲਾ ਬਦਲਣ ਨਾਲ ਤਾਂ ਬੰਦੇ ਦੀ ਜ਼ਹਿਨੀਅਤ ਨਹੀਂ ਬਦਲ ਜਾਂਦੀ। ਸ਼ੇਰ ਦੀ

ਖੱਲ ਪਾਉਣ ਨਾਲ ਗਿੱਦੜ ਤਾਂ ਸ਼ੇਰ ਨਹੀਂ ਬਣ ਸਕਦਾ। ਜਿੰਨ੍ਹਾਂ ਲੋਕਾਂ ਨੇ ਨਨਕਾਣਾ ਸਾਹਿਬ, ਗੁਰੂ ਕੇ ਬਾਗ, ਜੈਤੋ ਦੇ ਮੋਰਚੇ ਤੇ ਜਲ੍ਹਿਆਂ ਵਾਲੇ ਬਾਗ ਦੇ ਕਾਂਡ ਵਿਚ ਭਾਗ ਲਿਆ ਸੀ, ਉਨ੍ਹਾਂ ਦੇ ਪਰਿਵਾਰ ਤਾਂ ਸੁੱਕੀ-ਮਿੱਸੀ ਖਾ ਕੇ ਗੁਜ਼ਾਰਾ ਕਰ ਰਹੇ ਹਨ ਪਰੰਤੂ ਜਿੰਨਾਂ ਲੋਕਾਂ ਨੇ ਅੰਗਰੇਜ਼ੀ ਸਰਕਾਰ ਦੀ ਪੂਰੀ ਵਫ਼ਾਦਾਰੀ ਨਾਲ ਖਿਦਮਤ ਕੀਤੀ ਸੀ, ਉਨ੍ਹਾਂ ਦੇ ਪਰਿਵਾਰ ਅੱਜ ਵੀ ਸਰਕਾਰੇ ਦਰਬਾਰੇ ਚੌਧਰਾਂ ਮਾਣ ਰਹੇ ਹਨ। ਦੇਸ਼ ਭਗਤਾਂ ਤੇ ਮੌਕਾਪ੍ਰਸਤਾਂ ਵਿਚ ਫਿਰ ਵੀ ਅੰਤਰ ਹੋਇਆ। ਸ਼ਰਧਾਵਾਨ ਤੇ ਮਨਮੁੱਖਾਂ ਦੀ ਫਿਰ ਕੀ ਪਰਿਭਾਸ਼ਾ ਹੋਈ ?

ਅਜ਼ਾਦੀ ਤੋਂ ਬਾਅਦ, ਭਾਰਤ ਸਰਕਾਰ ਨੇ ਵੀ ਸਿੱਖਾਂ ਨਾਲ ਦਿਲਲਗੀ ਕੀਤੀ। ਇਨ੍ਹਾਂ ਨਾਲ ਕੌਲ ਇਕਰਾਰ ਕਰਕੇ ਇਨ੍ਹਾਂ ਨੂੰ ਉੱਤਰੀ ਭਾਰਤ ਵਿਚ ਇਕ ਵਿਸ਼ੇਸ਼ ਖਿੱਤਾ ਪ੍ਰਦਾਨ ਕੀਤਾ ਜਾਵੇਗਾ, ਜਿੱਥੇ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਣਗੇ। ਅਜ਼ਾਦੀ ਬਾਅਦ, ਖਿੱਤੇ ਤੇ ਪੰਜਾਬੀ ਸੂਬੇ ਦੀ ਜਗ੍ਹਾ ਮਿਲੀ ਜੇਲ੍ਹ, ਲਾਠੀਆਂ ਤੇ ਗੋਲੀਆਂ। ਇਸ ਲਹਿਰ ਵਿਚ ਵੀ ਸਿੱਖ ਕਾਂਗਰਸੀਆਂ ਨੇ ਮੌਕਾਪ੍ਰਸਤੀ ਤੋਂ ਕੰਮ ਲੈ ਕੇ, ਸਿੱਖਾਂ ਦੀ ਪਿੱਠ ਵਿਚ ਛੁਰਾ ਮਾਰਿਆ। ਸਿੱਖ ਘਰ ਦੇ ਰਹੇ ਨਾ ਘਾਟ ਦੇ। ਇਸ ਤਰ੍ਹਾਂ ਹੀ 1984 ਵਿਚ, ਭਾਰਤੀ ਫੌਜ ਸਿੱਖਾਂ ਦੇ ਮੱਕੇ ਨੂੰ ਢਾਹ-ਢੇਰੀ ਕਰਕੇ, ਉਨ੍ਹਾਂ ਦੀ ਭਾਵਨਾ ਨੂੰ ਡਾਹਢੀ ਸੱਟ ਮਾਰੀ। ਇਸ ਮੌਕੇ ਵੀ ਕਈ ਅਕਾਲੀ ਕਾਂਗਰਸੀ ਸਿੱਖਾਂ ਨੇ ਸਿੱਖ ਕੌਮ ਨਾਲ ਗ਼ਦਾਰੀ ਕਰਕੇ, ਸਿੱਖ ਇਤਿਹਾਸ ਨੂੰ ਕਲੰਕਿਤ ਕੀਤਾ। ਸਿੱਖਾਂ ਨੂੰ ਅਜੇ ਤੱਕ ਵੀ ਆਪਣੀ ਗਲਤੀ ਤੇ ਗੁਨਾਹ ਦਾ ਅਹਿਸਾਸ ਨਹੀਂ ਹੋਇਆ। ਉਹ ਅਜੇ ਵੀ ਭਾਰਤ ਸਰਕਾਰ ਦੀ ਖੁਸ਼ਾਮਦੀ ਕਰਕੇ, ਸਿੱਖਾਂ ਦੇ ਮੁਫ਼ਾਦ ਨੂੰ ਖੋਰਾ ਲਾ ਰਹੇ ਹਨ। ਸਾਡੇ ਸਿਆਸੀ ਨੇਤਾਵਾਂ ਨੂੰ ਸ਼ੋਹਰਤ ਤੇ ਸੱਤਾ ਨਾਲ ਪ੍ਰੇਮ ਹੈ ਨਾ ਕਿ ਸਿੱਖੀ ਨਾਲ। ਸਿੱਖੀ ਦੀਆਂ ਮਾਣਮੱਤੀਆਂ ਸੰਸਥਾਵਾਂ ਦੀ ਆਸਥਾ ਨੂੰ ਮਿੱਟੀ ਵਿਚ ਮਿਲਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਸਾਨੂੰ ਕਦੋਂ ਹੋਸ਼ ਆਵੇਗੀ ? ਇਹ ਨਾ ਹੋਵੇ ਕਿ ਸੱਸੀ ਰੂਪ ਸਿੱਖੀ, ਸਵਾਰਥ ਤੇ ਸਿਆਸਤ ਦੇ ਮਾਰੂਥਲਾਂ ਵਿਚ ਸਹਿਕਦੀ-ਸਹਿਕਦੀ ਦਮ ਤੋੜ ਦੇਵੇ।

# ਪੱਤਾ ਪੱਤਾ ਸਿੰਘਾਂ ਦਾ ਵੈਰੀ

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਗੁਰਸਿੱਖੀ ਦੇ ਦੁਸ਼ਮਣ ਸਾਡੇ ਹਿੰਦੂ ਤੇ ਮੁਸਲਮਾਨ ਵੀਰ ਹਨ। ਕਿਉਂਕਿ ਇਹ ਦੋਵੇਂ ਕੌਮਾਂ ਸਾਡੇ ਇਰਦ-ਗਿਰਦ ਕਈ ਸਦੀਆਂ ਤੋਂ ਵੱਸ ਰਹੀਆਂ ਹਨ। ਇਨ੍ਹਾਂ ਨੇ ਹੀ ਸਾਡੇ ਧਰਮ ਵਿਚ ਜਾਇਜ਼ ਦਖ਼ਲਅੰਦਾਜ਼ੀ ਕਰਕੇ, ਇਸ ਦੇ ਸਰੂਪ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ। ਖਾਸ ਕਰਕੇ ਹਿੰਦੂ ਵੀਰਾਂ ਨੇ ਤਾਂ ਇਹ ਵੀ ਸ਼ਰੇਆਮ ਕਹਿਣਾਂ ਸ਼ੁਰੂ ਕਰ ਦਿੱਤਾ ਕਿ ਸਿੱਖ ਧਰਮ ਕੋਈ ਵੱਖਰਾ ਧਰਮ ਨਹੀਂ। ਇਹ ਹਿੰਦੂ ਧਰਮ ਦੀ ਹੀ ਸ਼ਾਖਾ ਹੈ। ਬਹੁਤੇ ਸਿੱਖਾਂ ਨੂੰ ਇਹ ਬੁਰਾ ਲੱਗਾ। ਉਨ੍ਹਾਂ ਅਜਿਹਾ ਕਹਿਣ ਵਾਲਿਆਂ ਦੀ ਨੁਕਤਾਚੀਨੀ ਕੀਤੀ। ਕਈਆਂ ਨੇ ਤਾਂ ਜਨਤਕ ਤੌਰ ਤੇ ਭਾਸ਼ਣਬਾਜ਼ੀ ਵੀ ਕੀਤੀ ਤੇ ਅਜਿਹੀ ਸੋਚ ਰੱਖਣ ਵਾਲਿਆਂ ਨਾਲ ਗਰਮਾਂ-ਗਰਮ ਬਹਿਸ ਵੀ ਕੀਤੀ। ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਵਰਗਿਆਂ ਇਸ ਸੰਬੰਧੀ ਸਵਾਮੀ ਦਇਆ ਨੰਦ ਨਾਲ ਵੀ ਬਹਿਸ ਕੀਤੀ ਅਤੇ ਆਪਣੇ ਪੱਖ ਬਾਰੇ ਬੜੇ ਧੜੱਲੇ ਨਾਲ ਚਾਨਣਾ ਪਾਇਆ। ਸ੍ਰ. ਕਾਹਨ ਸਿੰਘ ਨਾਭਾ ਨੇ ਤਾਂ ਇਕ ਪੁਸਤਕ ਲਿਖੀ, 'ਹਮ ਹਿੰਦੂ ਨਹੀਂ ਹੈਂ।" ਇਸ ਪੁਸਤਕ ਦਾ ਹਿੰਦੂਨੁਮਾ ਸਿੱਖ ਪੁਜਾਰੀਆਂ ਵੱਲੋਂ ਸਖਤ ਵਿਰੋਧ ਕੀਤਾ ਗਿਆ। ਸ੍ਰ. ਕਾਹਨ ਸਿੰਘ ਦਾ ਜੀਣਾ ਮੁਹਾਲ ਕਰ ਦਿੱਤਾ ਗਿਆ। ਉਸ ਵਿਰੁੱਧ ਕੇਸ ਦਰਜ਼ ਕੀਤੇ ਗਏ ਪਰੰਤੂ ਮਹਾਰਾਜਾ ਨਾਭਾ ਨੇ ਆਪ ਦੀ ਡੱਟ ਕੇ ਹਮਾਇਤ ਕੀਤੀ ਅਤੇ ਆਪ ਨੂੰ ਜੇਲ੍ਹ ਜਾਣੋਂ ਬਚਾ ਲਿਆ। ਉਨ੍ਹੀਂ ਦਿਨੀਂ ਸਿੱਖ ਗੁਰਧਾਮਾਂ ਦੇ ਬਹੁਤੇ ਪੁਜਾਰੀ ਹਿੰਦੂ ਮਹੰਤ ਹੀ ਸਨ। ਇਹ ਸਿੱਖ ਧਰਮ ਦੇ ਦੋਖੀ ਸਨ। ਨਨਕਾਣਾ ਸਾਹਿਬ ਗੁਰੂਦੁਆਰੇ ਦਾ ਮਹੰਤ ਨਰਾਇਣ ਦਾਸ ਇਨ੍ਹਾਂ ਵਿਚੋਂ ਇਕ ਸੀ। ਉਸ ਦੀ ਸੋਚ ਵੀ ਗ਼ੈਰ ਪੰਥਿਕ ਸੀ। ਇਸ ਤਰ੍ਹਾਂ ਇਨ੍ਹਾਂ ਪੁਜਾਰੀਆਂ ਨੇ ਸਿੱਖ ਧਰਮ ਨੂੰ ਬਹੁਤ ਢਾਹ ਲਾਈ। 'ਜਿਉਂ ਹੀ ਜੰਮੇ ਬੋਦੀਓਂ ਲੰਮੇ।' ਸਿੱਖ ਧਰਮ ਨੂੰ ਸ਼ੁਰੂ-ਸ਼ੁਰੂ ਵਿਚ ਵੀ ਬਰ੍ਹਾਮਣੀ ਤੇ ਉੱਚੀ ਕੁਲ ਦੇ ਹਿੰਦੂਆਂ ਦਾ ਸਾਹਮਣਾ ਕਰਨਾ ਪਿਆ। ਗੁਰੂ ਸਾਹਿਬਾਨ ਵੇਲੇ ਮੁਸਲਮਾਨਾਂ ਦੇ ਨਾਲ ਹਿੰਦੂਆਂ ਵਿਚੋਂ ਬਹਾਮਣਾਂ ਤੇ ਕਸ਼ੱਤਰੀਆਂ ਨੇ ਵੀ ਸਿੱਖ ਧਰਮ ਨਾਲ ਖੂਨੀ ਟੱਕਰ ਲਈ। ਸਾਰੇ ਪਹਾੜੀ ਹਿੰਦੂ ਰਾਜੇ ਗੁਰੂ ਗੋਬਿੰਦ ਸਿੰਘ ਨਾਲ ਇਸ ਕਰਕੇ ਨਰਾਜ਼ ਸਨ ਕਿ ਉਹ ਛੋਟੀਆਂ ਤੇ ਹਰੀਜਨ ਜਾਤੀਆਂ ਨੂੰ ਵੀ ਬਰਾਬਰ ਦੇ ਅਧਿਕਾਰ ਪ੍ਰਦਾਨ ਕਰਕੇ, ਉਨ੍ਹਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਕਰ ਲਿਆ ਸੀ। ਹਿੰਦੂ ਰਾਜੇ ਛੋਟੀਆਂ ਤੇ ਸ਼ੂਦਰ ਜਾਤੀਆਂ ਨਾਲ ਨਫ਼ਰਤ ਕਰਦੇ ਸਨ। ਇਸ ਲਈ ਗੁਰੂ ਸਾਹਿਬ ਦਾ ਮਾਰਗ ਉਨ੍ਹਾਂ ਨਾਲੋਂ ਸਥਾਈ ਤੌਰ ਤੇ ਅਲੱਗ ਹੋ ਗਿਆ।

ਬਹਾਮਣ ਲੋਕ ਵੀ ਸਿੱਖਾਂ ਨੂੰ ਇਸ ਕਰਕੇ ਨਫ਼ਰਤ ਕਰਦੇ ਸਨ ਕਿ ਇਸ ਵਿਚ ਬਹੁਤੇ ਨੀਚ ਜਾਤੀਆਂ ਦੇ ਲੋਕ ਸਨ, ਜਿਨ੍ਹਾਂ ਨੂੰ ਸਾਡੇ ਗੁਰੂ ਸਾਹਿਬਾਨ ਨੇ ਘੁੱਟ ਕੇ ਗਲੇ ਲਗਾਇਆ ਸੀ। 'ਰੰਘਰੇਟਾ ਗੁਰੂ ਕਾ ਬੇਟਾ', 'ਨਾਨਕ ਤਿਸਕੇ ਸੰਗ ਸਾਥ, ਵਡਿਆਸਿਉ ਕਿਆ ਰੀਸ'। ਪਹਿਲੇ ਪੰਗਤ ਫਿਰ ਸੰਗਤ', 'ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ', ਸਭੇ ਸਾਂਝੀਵਾਲ ਸਦਾਇਨ, ਕੋਇ ਨਾ ਦੀਸੈ ਬਾਹਿਰਾ ਜੀਉ।" ਵਾਲੇ ਸਿਧਾਂਤ ਤੇ ਸਿੱਖੀ ਚੱਲ ਰਹੀ ਸੀ। ਗੁਰਸਿੱਖੀ ਮੁੱਢ ਤੋਂ ਹੀ ਮੂਰਤੀ ਪੂਜਾ, ਦੇਵੀ ਦੇਵਤਿਆਂ, ਕਰਮ-ਕਾਂਡਾਂ ਅਤੇ ਛੂਤ-ਅਛੂਤ ਦੇ ਵਿਰੋਧੀ ਸਨ। ਸਿੱਖ ਵੇਦਾਂ ਉਪਨਿਸ਼ਦਾਂ ਦੇ ਪੁਜਾਰੀ ਨਹੀਂ ਸਨ। ਇਸ ਲਈ ਸਮੁੱਚਾ ਬਰ੍ਹਾਮਣ ਜਗਤ, ਜਿਸ ਦੀ ਹਿੰਦੂ ਧਰਮ ਉੱਪਰ ਪੂਰੀ ਤੇ ਪੀਡੀ ਪਕੜ ਸੀ, ਸਿੱਖਾਂ ਦੇ ਜਾਨੀ ਦੁਸ਼ਮਣ ਵੈਰੀ ਬਣ ਗਏ। ਜਦੋਂ ਵੀ ਕੋਈ ਮੌਕਾ ਮਿਲਦਾ, ਉਹ ਸਿੱਖੀ ਉੱਪਰ ਘਾਤ ਲਾ ਕੇ ਜਾਂ ਗੁੱਝੇ ਵਾਰ ਕਰਦੇ। ਭਾਵੇਂ ਕਈ ਬਰ੍ਹਾਮਣ ਪਰਿਵਾਰ ਵੀ ਗੁਰੂ ਘਰ ਦੇ ਸੱਚੇ ਸ਼ਰਧਾਲੂ ਸਨ ਤੇ ਉਹ ਸਿੱਖ ਪੰਥ ਲਈ ਕੁਰਬਾਨੀਆਂ ਵੀ ਦਿੰਦੇ ਰਹੇ ਪਰ ਬਰ੍ਹਾਮਣਾਂ ਦੀ ਬਹੁਸੰਮਤੀ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਦੇ ਕੱਟੜ ਦੁਸ਼ਮਣ ਸਨ।

ਪਰ ਇਹ ਵਿਰੋਧਤਾ ਕੁਦਰਤੀ ਤੇ ਸੁਭਾਵਿਕ ਹੀ ਸੀ। ਜਿਸ ਦੇ ਘਰ ਨੂੰ ਅੱਗ ਲਾਈ ਜਾਵੇ, ਉਹ ਤਾਂ ਪੂਰੀ ਸ਼ਿੱਦਤ ਨਾਲ ਤਿਲਮਿਲਾ ਜਾਇਗਾ। ਜਿਸ ਦੀ ਗਰਦਨ ਦਬਾਈ ਜਾਵੇ, ਉਹ ਚੀਕ-ਚਿਹਾੜਾ ਤਾਂ ਪਾਵੇਗਾ ਹੀ। ਇਸ ਲਈ ਹਿੰਦੂਆਂ ਦੀ ਵਿਰੋਧਤਾ ਬਾਰੇ ਸਿੱਖਾਂ ਨੂੰ ਗਿਲ੍ਹਾ-ਸ਼ਿਕਵਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਆਪਣਾ ਧਰਮ ਪਿਆਰਾ ਹੈ, ਸਾਨੂੰ ਆਪਣਾ। ਪਰ ਸਿੱਖੀ ਦੇ ਵਿਚੋਂ, ਜੋ ਬੁੱਕਲ ਦੇ ਸੱਪ ਬਣ ਕੇ ਸਿੱਖੀ ਨੂੰ ਖੋਰਾ ਲਾਉਂਦੇ ਰਹੇ ਹਨ, ਉਨ੍ਹਾਂ ਦੀ ਸੰਖਿਆ ਦੀ ਵੀ ਕੋਈ ਘਾਟ ਨਹੀਂ। ਮਨੁੱਖ ਨੂੰ ਬਾਹਰਲੀਆਂ ਬਿਮਾਰੀਆਂ ਤਦ ਘੇਰਦੀਆਂ ਹਨ, ਜਦੋਂ ਉਸ ਦਾ ਅੰਦਰਲਾ ਢਾਂਚਾ ਕਮਜ਼ੋਰ ਹੋ ਜਾਵੇ। ਜਦੋਂ ਕੋਈ ਮਨੁੱਖ ਮਾਨਸਿਕ ਜਾਂ ਸਰੀਰਕ ਕਮਜ਼ੋਰੀ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਨੂੰ ਅਨੇਕਾਂ ਪ੍ਰਕਾਰ ਦੇ ਰੋਗਾਂ ਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖੀ ਨਾਲ ਵੀ ਕੁਝ ਇਸ ਤਰ੍ਹਾਂ ਹੀ ਵਾਪਰਿਆ। ਸਿੱਖ ਲੋਕ ਵਧੇਰੇ ਕਰਕੇ ਗਰੀਬ ਤੇ ਪਛੜੀਆਂ ਸ਼੍ਰੇਣੀਆਂ ਵਿਚੋਂ ਸਨ। ਇਸ ਲਈ ਉਨ੍ਹਾਂ ਵਿਚ ਗੁਰਬਤ, ਅਨਪੜ੍ਹਤਾ, ਅੰਧਵਿਸ਼ਵਾਸ ਤੇ ਕਰਮਕਾਂਡਾਂ ਦਾ ਬੋਲਬਾਲਾ ਸੀ। ਇਨ੍ਹਾਂ ਕਮਜ਼ੋਰੀਆਂ ਨੇ ਸਿੱਖੀ ਵਿਚ ਕੁਝ ਬੁਨਿਆਦੀ ਕਮਜ਼ੋਰੀਆਂ ਪੈਦਾ ਕਰ ਦਿੱਤੀਆਂ ਸਨ। ਇਨ੍ਹਾਂ ਕਮਜ਼ੋਰੀਆਂ ਦੇ ਹੁੰਦਿਆਂ, ਸਿੱਖੀ ਦਾ ਬੂਟਾ ਵਧ-ਫੁੱਲ ਨਹੀਂ ਸੀ ਰਿਹਾ। ਇਹ ਕਮਜ਼ੋਰੀਆਂ ਸਿੱਖੀ ਸਿਧਾਂਤਾਂ ਨੂੰ ਵਧਣ-ਫੁੱਲਣ ਵਿਚ ਰੁਕਾਵਟਾਂ ਪੈਦਾ ਕਰ ਰਹੀਆਂ ਸਨ। ਇਸ ਲਈ ਇਹ ਹੀ ਕਮਜ਼ੋਰੀਆਂ ਸਿੱਖੀ ਦੀਆਂ ਜਾਨੀ ਦੁਸ਼ਮਣ ਬਣ ਕੇ ਸਿੱਖੀ ਨੂੰ ਆਦਿ ਤੋਂ ਅੱਜ ਤੱਕ ਢਾਹ ਲਾਉਂਦੀਆਂ ਰਹੀਆਂ ਹਨ।

ਸਭ ਤੋਂ ਵੱਡੀ ਸਾਡੀ ਦੁਸ਼ਮਣ ਗੁਰਬੱਤ ਹੈ। ਗਰੀਬ ਹੋਣਾ ਪਾਪ ਹੈ। ਭਾਰਤੀ ਸਮਾਜ ਵਿਚ ਗਰੀਬਾਂ ਨੂੰ ਭਰਮਾਉਣ ਲਈ ਅਮੀਰ ਲੋਕਾਂ ਦੀ ਨੁਕਤਾਚੀਨੀ ਕੀਤੀ ਗਈ ਹੈ। ਜਿਵੇਂ ਈਸਾ ਜੀ ਕਹਿੰਦੇ ਹਨ ਕਿ ਕੋਈ ਹਾਥੀ ਤਾਂ ਸੂਈ ਦੇ ਨੱਕੇ ਵਿਚੋਂ

ਨਿਕਲ ਸਕਦਾ ਹੈ ਪਰ ਕੋਈ ਅਮੀਰ ਆਦਮੀ ਸਵਰਗ ਵਿਚ ਪ੍ਰਵੇਸ਼ ਨਹੀਂ ਕਰ ਸਕਦਾ। ਇਹ ਗਰੀਬੀ ਨੂੰ ਵਡਿਆਉਣ ਦਾ ਛੜਯੰਤਰ ਹੈ। ਗਰੀਬੀ ਇਕ ਲਾਹਨਤ ਹੈ। ਪੈਸੇ ਨਾਲ ਸਾਡਾ ਜੀਵਨ ਸਮਾਨ ਚੱਲਦਾ ਹੈ। ਪੈਸੇ ਦੀ ਘਾਟ ਕਾਰਨ, ਜੀਵਨ ਦੀ ਨਾਰਮਲ ਯਾਤਰਾ ਵਿਚ ਰੁਕਾਵਟਾਂ ਪੈਂਦੀਆਂ ਹਨ। ਇਸ ਲਈ ਸਿੱਖਾਂ ਨੂੰ ਸਾਰਾ ਸਮਾਂ ਨਾਮ ਹੀ ਜਪਣ ਜਾਂ ਦਿਨ ਦਾ ਬਹੁਤਾ ਸਮਾਂ ਪਾਠ-ਪੂਜਾ ਵਿਚ ਹੀ ਨਹੀਂ ਗੁਜ਼ਾਰ ਦੇਣਾ ਚਾਹੀਦਾ। ਸਗੋਂ ਡੱਟ ਕੇ ਮਿਹਨਤ ਕਰਕੇ ਆਪਣੇ ਰੋਜਮਰ੍ਹਾ ਜੀਵਨ ਨੂੰ 'ਸਹਿਜਮਈ' ਤੇ ਸੁਖਾਵਾਂ ਚਲਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਪੈਸਾ ਕਮਾਉਣਾ ਕੋਈ ਜ਼ੁਰਮ ਨਹੀਂ। ਪੈਸੇ ਨਾਲ ਹੀ ਜੀਵਨ ਦੇ ਬਹੁਤੇ ਕੰਮਕਾਜ ਚੱਲਦੇ ਹਨ। ਗਰੀਬੀ ਨਾਲ ਬੰਦੇ ਵਿਚ ਕਈ ਸਰੀਰਕ, ਮਾਨਸਿਕ ਤੇ ਇਖ਼ਲਾਕੀ ਕਮਜ਼ੋਰੀਆਂ ਪੈਦਾ ਹੋ ਜਾਂਦੀਆਂ ਹਨ। ਇਸ ਲਈ ਸਾਰੇ ਸਿੱਖ ਜਗਤ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਮਿਹਨਤ ਨਾਲ ਹੀ ਜੀਵਨ ਦੇ ਅਧੂਰੇ ਕਾਰਜ ਸੰਪੂਰਨ ਹੁੰਦੇ ਹਨ। ਅਮੀਰ ਲੋਕ ਜਦੋਂ ਗਰੀਬ ਸਿੱਖਾਂ ਨੂੰ ਪੈਸੇ ਦੇ ਲਾਲਚ ਨਾਲ ਭੇਡਾਂ ਵਾਂਗ ਅੱਗੇ ਲਾ ਤੁਰਦੇ ਹਨ ਤਾਂ ਸਿੱਖੀ ਦੀਆਂ ਬੁਨਿਆਦਾਂ ਹਿੱਲ ਜਾਂਦੀਆਂ ਹਨ। ਪੈਸੇ ਦੇ ਲਾਲਚ ਨਾਲ ਸਿੱਖਾਂ ਦੀ ਦਿਸ਼ਾ ਵਿਚ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ ਸਿੱਖੀ ਸਿਧਾਂਤਾਂ ਨਾਲ ਕਦੀ ਵੀ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਰ ਗਰੀਬ ਸਿੱਖ ਅਜਿਹੇ ਸਮ.ਹੌਤੇ ਗਰੀਬੀ ਕਾਰਨ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਲਈ ਸਭ ਸਿੱਖਾਂ ਨੂੰ ਗਰੀਬੀ ਵਿਚੋਂ ਨਿਕਲਣਾ ਪਵੇਗਾ।

ਸਿੱਖੀ ਦਾ ਦੂਜਾ ਭਿਅੰਕਰ ਦੁਸ਼ਮਣ ਹੈ ਅਨਪੜ੍ਹਤਾ ਤੇ ਜ਼ਹਾਲਤ ਸਿੱਖ ਲੋਕ ਪਹਿਲਾਂ ਤਾਂ ਬਹੁਤੇ ਅਨਪੜ੍ਹ ਹੀ ਸਨ। ਇਸ ਲਈ ਇਨ੍ਹਾਂ ਦੇ ਉਸਤਾਦ ਨਿਰਮਲੇ ਮਹੰਤ ਤੇ ਬਹਾਮਣ ਹੀ ਸਨ। ਇਹੀ ਲੋਕ ਸਿੱਖਾਂ ਦੇ ਗੁਰਧਾਮਾਂ ਦਾ ਪ੍ਰਬੰਧ ਕਰਦੇ ਸਨ। ਇਨ੍ਹਾਂ ਪ੍ਰਬੰਧਕਾਂ ਵਿਚ ਸਿੱਖੀ ਸਪਿਰਟ ਦਾ ਅਭਾ ਸੀ। ਇਸ ਲਈ ਸਾਡੇ ਗੁਰਧਾਮ ਸਿੱਖ ਜਗਤ ਦੀ ਸਹੀ ਅਗਵਾਈ ਕਰਨ ਵਿਚ ਅਸਮਰੱਥ ਰਹੇ। ਸਾਡੀ ਅਨਪੜ੍ਹਤਾ ਕਾਰਨ ਹੀ ਸਾਨੂੰ ਇਸ ਸਥਿਤੀ ਦਾ ਸਾਹਮਣਾ ਕਰਨਾ ਪਿਆ। ਅਸਾਂ ਜਾਣ ਕੇ ਆਪਣੀ ਦਾਹੜੀ ਗ਼ੈਰਾਂ ਦੇ ਹੱਥ ਫੜਾਈ। ਸਮੇਂ ਦੀ ਮੰਗ ਅਨੁਸਾਰ ਬਾਕੀ ਕੌਮਾਂ ਵਾਂਗ ਸਾਨੂੰ ਪੜ੍ਹਨਾ ਲਿਖਣਾ ਚਾਹੀਦਾ ਸੀ। ਪੜ੍ਹ-ਲਿਖ ਕੇ ਸਾਨੂੰ ਆਪਣੇ ਕਾਰੋਬਾਰ ਪੰਡਿਤਾਂ ਦੇ ਹੱਥੀਂ ਸੌਂਪਣ ਦੀ ਜਗ੍ਹਾ, ਆਪ ਸੰਭਾਲਣੇ ਚਾਹੀਦੇ ਸਨ। ਇਹੀ ਕਮਜ਼ੋਰੀ ਸਾਨੂੰ ਲੈ ਕੇ ਬਹਿ ਗਈ। ਅਸਾਂ ਕਦੀ ਵੀ ਨਾ ਸੋਚਿਆ ਕਿ ਇਸ ਕਮਜ਼ੋਰੀ ਕਾਰਨ ਸਾਨੂੰ ਖੱਜਲ-ਖੁਆਰ ਹੋਣਾ ਪਿਆ ਹੈ। ਸਗੋਂ ਅਸੀਂ ਇਹੀ ਸੋਚਦੇ ਰਹੇ ਕਿ ਪੜ੍ਹਨਾ-ਲਿਖਣਾ ਕੇਵਲ ਪੰਡਿਤਾਂ ਦਾ ਹੀ ਕੰਮ ਹੈ। ਇਨ੍ਹਾਂ ਨੇ ਹੀ ਸਾਡੇ ਸਾਰੇ ਲੇਖੇ-ਜੋਖੇ ਕਰਨੇ ਹਨ। ਇਹ ਸੋਚੀ ਬੜੀ ਦਕਿਅਨੂਸੀ ਸੀ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਜਦੋਂ ਸਾਡੇ ਗੁਰਧਾਮਾਂ ਵਿਚ ਮਹੰਤਾਂ ਨੇ ਕੁਹਰਾਮ ਮਚਾਉਣਾ ਸ਼ੁਰੂ ਕਰ ਦਿੱਤਾ ਤਾਂ ਸਾਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਜਦੋਂ ਦੀ ਅਸਾਂ ਆਪਣੇ ਗੁਰਧਾਮਾਂ ਦੀ ਵਾਗਡੋਰ ਸੰਭਾਲੀ ਹੈ, ਉਸ ਵਕਤ ਤੋਂ ਹੀ ਸਿੱਖੀ ਵਿਚ ਨਿਖਾਰ ਆਉਣਾ ਸ਼ੁਰੂ ਹੋਇਆ ਹੈ। ਪੜ੍ਹ ਲਿਖ ਕੇ ਹੀ ਅਸੀਂ ਉੱਚੀਆਂ ਉਚੇਰੀਆਂ ਨੌਕਰੀਆਂ ਪ੍ਰਾਪਤ ਕਰ ਸਕਦੇ ਹਾਂ, ਵੱਡੇ-ਵਡੇਰੇ ਅਹੁਦੇ

ਹਾਸਿਲ ਕਰ ਸਕਦੇ ਹਾਂ। ਪੜ੍ਹ ਲਿਖ ਕੇ ਹੀ ਅਸੀਂ ਆਪਣੇ ਸਮਾਜ ਦੀ ਸਹੀ ਬਣਤਰ ਦਾ ਮੁਤਾਲਿਆ ਕਰ ਸਕਦੇ ਹਾਂ। ਪੜ੍ਹ ਲਿਖ ਕੇ ਅਸੀਂ ਆਪਣੀਆਂ ਪੜੋਸੀ ਕੌਮਾਂ ਨੂੰ ਸਮਝ ਸਕਦੇ ਹਾਂ। ਪੜ੍ਹਾਈ ਨਾਲ ਹੀ ਅਸੀਂ ਵਿਦੇਸ਼ਾਂ ਵਿਚ ਰੋਹਬਦਾਰ ਮੁਲਾਜ਼ਮਤਾਂ ਹਾਸਿਲ ਕਰ ਸਕਦੇ ਹਾਂ। ਅਨਪੜ੍ਹ ਖਤੂਨ ਇਹ ਕੰਮ ਹਰਗਿਜ਼ ਨਹੀਂ ਕਰ ਸਕਦੇ। ਅਨਪੜ੍ਹ ਤਾਂ ਖ਼ੁਦਾਈ ਤੋਂ ਵੀ ਕੋਰਾ ਹੁੰਦਾ ਹੈ।

ਸਾਡਾ ਮੁਲਕ ਧਾਰਮਿਕ ਪ੍ਰਵਿਰਤੀਆਂ ਵਾਲਾ ਹੈ। ਇਸ ਮੁਲਕ ਵਿਚ ਕਈ ਧਰਮਾਂ ਦੇ ਲੋਕ ਰਹਿੰਦੇ ਹਨ। ਵੱਡਾ ਧਰਮ ਹਿੰਦੂ ਧਰਮ ਹੈ। ਹਿੰਦੂ ਧਰਮ ਵਿਚ ਅੰਧਵਿਸ਼ਵਾਸ ਤੇ ਕਰਮਕਾਂਡਾਂ ਦਾ ਬੋਲਬਾਲਾ ਹੈ। ਸਿੱਖ ਧਰਮ ਕਰਮਕਾਂਡਾਂ ਤੋਂ ਕੋਹਾਂ ਦੂਰ ਹੈ। ਸਿੱਖ ਧਰਮ ਵਿਚ ਅੰਧਵਿਸ਼ਵਾਸ ਲਈ ਕੋਈ ਜਗਾ ਨਹੀਂ। ਇਸ ਲਈ ਸਾਡਾ ਧਾਰਮਿਕ ਤੇ ਸਮਾਜਿਕ ਵਿਹਾਰ ਹਿੰਦੂਆ ਨਾਲੋਂ ਬਿਲਕੁਲ ਵੱਖਰਾ ਹੋਣਾ ਚਾਹੀਦਾ ਹੈ। ਪਰੰਤੂ ਸਾਡੇ ਮਾਇਆਧਾਰੀ ਸਿੱਖ ਆਪਣੇ ਸਿਆਸੀ ਤੇ ਸਵਾਰਥੀ ਹਿੱਤਾਂ ਕਾਰਨ ਕਰਮਕਾਂਡਾਂ ਦਾ ਸਹਾਰਾ ਲੈਂਦੇ ਹਨ। ਕਈ ਸਿੱਖ ਨੇਤਾ ਪੰਡਿਤਾਂ ਦੁਆਰਾ ਪਾਠ-ਪੂਜਾ, ਮੰਤਰ ਤੇ ਹਵਨ ਕਰਦੇ ਹਨ ਤਾਂ ਕਿ ਉਨ੍ਹਾਂ ਦੇ ਕਾਰਜ ਰਾਸ ਆਉਣ। ਗੁਰਮੱਤ ਅਨੁਸਾਰ ਕੇਵਲ ਗੁਰਬਾਣੀ ਦੇ ਮਾਰਗ ਅਨੁਸਾਰ ਹੀ ਸਾਡੇ ਸਭੇ ਕਸ਼ਟ ਕਲੇਸ਼ ਦੂਰ ਹੋ ਸਕਦੇ ਹਨ। ਪਰ ਸਾਡੇ ਸਾਹਿਬੇ-ਹੈਸੀਅਤ ਸਿੱਖਾਂ ਨੂੰ ਗੁਰਮੱਤ ਦਾ ਮਾਰਗ ਮਨਜ਼ੂਰ ਨਹੀਂ, ਉਹ ਅਜੇ ਵੀ ਭੋਲੇ ਭਾਲੇ ਸਿੱਖਾਂ ਨੂੰ ਕਰਮਕਾਂਡਾਂ ਵੱਲ ਧੱਕ ਰਹੇ ਹਨ। ਸਿੱਖਾਂ ਵਿਚ ਸਵੈ-ਵਿਸ਼ਵਾਸ ਦੀ ਸਖ਼ਤ ਘਾਟ ਹੈ। ਬਾਹਮਣ ਮਾਰਗ ਨਾਲੋਂ ਗੁਰਬਾਣੀ ਦਾ ਮਾਰਗ ਲੱਖਾਂ ਗੁਣਾ ਵਧੇਰੇ ਲਾਹੇਵੰਦ ਹੈ। ਇਸ ਲਈ ਸਭ ਪੰਥਿਕ ਨੇਤਾਵਾਂ ਨੂੰ ਸਦਾ ਲਈ ਅੰਧ ਵਿਸ਼ਵਾਸ ਤੇ ਕਰਮਕਾਂਡ ਤਿਆਗਣੇ ਪੈਣਗੇ।

ਸਿੱਖ ਧਰਮ ਦੇ ਪ੍ਰਮ ਵਿਰੋਧੀ ਡੇਰੇ ਵਾਲੇ ਹਨ। ਇਹ ਗੁਰਬਾਣੀ ਦੀ ਜਗ੍ਹਾ, ਸਖਸ਼ੀ ਪੂਜਾ ਵੱਲ ਲੋਕਾਂ ਨੂੰ ਲਿਜਾਂਦੇ ਹਨ। ਸਿੱਖੀ ਵਿਚ ਦੇਹਧਾਰੀ ਗੁਰੂ ਦੀ ਪਹਿਲਾਂ ਪਰੰਪਰਾ ਸੀ ਪਰ ਦਸਵੇਂ ਪਾਤਸ਼ਾਹ ਤੋਂ ਬਾਅਦ ਸਾਡੇ ਸ੍ਰੀ ਗ੍ਰੰਥ ਸਾਹਿਬ ਹੀ ਗੁਰੂ ਹਨ। ਪਰ ਰਾਧਾ ਸੁਆਮੀ, ਨਿਰੰਕਾਰੀ, ਸੱਚਾ ਸੌਦਾ ਅਤੇ ਨਾਮਧਾਰੀਏ ਦੇਹਧਾਰੀ ਗੁਰੂ ਵਿਚ ਯਕੀਨ ਰੱਖਦੇ ਹਨ। ਗੁਰਮੱਤ ਅਨੁਸਾਰ ਇਹ ਸਿੱਖ ਨਹੀਂ ਹਨ। ਅਜੋਕੇ ਦੇਹਧਾਰੀ ਗੁਰੂ ਸੁੱਖਾਂ ਸਹੂਲਤਾਂ ਨਾਲ ਮਦਹੋਸ਼ ਨਜ਼ਰ ਆ ਰਹੇ ਹਨ। ਇਨ੍ਹਾਂ ਨੂੰ ਗੁਰਸਿੱਖੀ ਨਾਲ ਕੋਈ ਸਰੋਕਾਰ ਨਹੀਂ। ਇਸ ਲਈ ਸਿੱਖਾਂ ਨੂੰ ਇਨ੍ਹਾਂ ਡੇਰਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਇਸ ਵਿਚ ਹੀ ਗੁਰਸਿੱਖੀ ਦਾ ਭਲਾ ਤੇ ਭਵਿੱਖ ਹੈ।

# ਪੱਤਾ-ਪੱਤਾ ਸਿੱਖਾਂ ਦਾ ਵੈਰੀ

ਧਰਮ ਦੇ ਨਾਮ ਹੇਠ ਹਮੇਸ਼ਾ ਤੋਂ ਠੱਗੀ ਠੋਰੀ ਤੇ ਲੁੱਟਮਾਰ ਹੁੰਦੀ ਆਈ ਹੈ, ਜਦੋਂ ਵੀ ਕੋਈ ਮਾਨਵਵਾਦੀ ਧਰਮ ਪੈਦਾ ਹੁੰਦਾ ਹੈ ਤਾਂ ਠੱਗਾਂ ਤੇ ਲੁਟੇਰਿਆਂ ਵਿਚ ਹਲਚਲ ਪੈਦਾ ਹੋ ਜਾਂਦੀ ਹੈ। ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਜਦੋਂ ਹੀ ਸਿੱਖ ਧਰਮ ਹੋਂਦ ਵਿਚ ਆਇਆ ਤਾਂ ਇਸ ਦੇ ਦੋਖੀ ਰਾਤੋ-ਰਾਤ ਪੈਦਾ ਹੋ ਗਏ। ਪਰ ਕਾਫ਼ੀ ਸਮਾਂ ਤਾਂ ਲੋਕਾਂ ਨੂੰ ਪਤਾ ਹੀ ਨਾ ਚੱਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀ ਉਪਦੇਸ਼ਿਆ ਗਿਆ ਹੈ। ਦੋਖੀ ਵੀ ਅਨਪੜ੍ਹ ਹੋਣ ਕਾਰਨ, ਸਾਡੀ ਦੁਸ਼ਮਣੀ ਨਾ ਕਰ ਸਕੇ ਪਰੰਤੂ ਜਦੋਂ ਪੰਡਿਤਾਂ ਨੇ ਉਨ੍ਹਾ ਨੂੰ ਦੱਸਿਆ ਕਿ ਸਿੱਖ ਗੁਰੂ ਵੇਦਾਂ, ਪੁਰਾਣਾਂ, ਉਪਨਿਸ਼ਦਾਂ ਅਤੇ ਸਿਮਰਤੀਆਂ ਵਿਚ ਆਸਥਾ ਨਹੀਂ ਰੱਖਦੇ ਤੇ ਨਾ ਹੀ ਉਹ ਬੁੱਤ ਪੂਜਦੇ ਹਨ। ਉਹ ਦੇਵੀ-ਦੇਵਤਿਆਂ ਦੇ ਉਪਾਸ਼ਕ ਨਹੀਂ ਤੇ ਨਾ ਹੀ ਉਹ ਵਾਧੂ ਕਰਮਕਾਂਡਾਂ ਵਿਚ ਯਕੀਨ ਰੱਖਦੇ ਹਨ ਤਾਂ ਬਹੁਤ ਸਾਰੇ ਹਿੰਦੂ ਲੋਕ ਪੈਰ ਬੰਨ੍ਹ ਕੇ ਸਿੱਖਾਂ ਦੀ ਵਿਰੋਧਤਾ ਕਰਨ ਲੱਗੇ। ਇਸ ਤਰ੍ਹਾਂ ਪਲੋ-ਪਲੀ ਗੁਰਸਿੱਖੀ ਦੇ ਦੋਖੀਆਂ ਵਿਚ ਵਾਧਾ ਹੋਣ ਲੱਗਾ। ਸਿੱਖੀ ਬੜੇ ਨਾਜ਼ੁਕ ਦੌਰ ਵਿਚੋਂ ਗੁਜ਼ਰਨ ਲੱਗੀ।

ਮੁਸਲਮਾਨ ਇਸ ਕਰਕੇ ਸਿੱਖੀ ਦਾ ਵਿਰੋਧ ਕਰਦੇ ਸਨ ਕਿ ਸਿੱਖੀ ਜ਼ੁਲਮ ਤੇ ਧੱਕੇਸ਼ਾਹੀ ਦਾ ਖੁੱਲਾ ਵਿਰੋਧ ਕਰਦੀ ਸੀ। ਉਸ ਵਕਤ ਹਿੰਦੂ ਕੌਮ ਸਦੀਆਂ ਤੋਂ ਸੁੱਤੀ ਤੇ ਮਦਹੋਸ਼ ਸੀ। ਉਨ੍ਹਾਂ ਉੱਪਰ ਜੋ ਵਧੀਕੀਆਂ ਤੇ ਜ਼ੁਲਮ ਹੋ ਰਹੇ ਸਨ, ਉਨ੍ਹਾਂ ਨੂੰ ਉਹ ਸਤਿਬਚਨ ਕਹਿ ਕੇ ਬਰਦਾਸ਼ਤ ਕਰ ਰਹੇ ਸਨ। ਬਗ਼ਾਵਤ ਕਰਨ ਦੀ ਸਮਰੱਥਾ ਉਨ੍ਹਾਂ ਵਿਚ ਨਹੀਂ ਸੀ। ਉਹ ਹਾਲਾਤ ਨਾਲ ਸਮਝੌਤਾ ਕਰਕੇ, ਦੜ ਵੱਟੀ ਬੈਠੇ ਸਨ ਤੇ ਭਲੇ ਦਿਨਾਂ ਦੀ ਇੰਤਜ਼ਾਰ ਕਰ ਰਹੇ ਸਨ ਪਰ ਭਲੇ ਦਿਨ ਦੜ ਵੱਟਿਆਂ ਕਦੀ ਨਹੀਂ ਆਉਂਦੇ। ਪਰ ਸਿੱਖ ਲੋਕ ਹਕੂਮਤ ਦੀ ਹਰੇਕ ਜ਼ਿਆਦਤੀ ਦਾ ਸਿੱਧਾ ਵਿਰੋਧ ਕਰਕੇ, ਜ਼ੋਖਮ ਨਾਲ ਲੈਣ ਦੇ ਇਰਾਦੇ ਰੱਖਦੇ ਸਨ। ਉਨ੍ਹਾਂ ਦੀ ਇਸ ਵਿਚਾਰਧਾਰਾ ਕਾਰਨ ਉਨ੍ਹਾਂ ਨੂੰ ਅਨੇਕਾਂ ਮੁਸੀਬਤਾਂ ਤੇ ਕਸ਼ਟ ਝੱਲਣੇ ਪਏ। ਜਦੋਂ ਕਿ ਹਿੰਦੂ ਵੀਰਾਂ ਦੇ ਕੰਨਾਂ ਵਿਚ ਜੂੰ ਨਹੀਂ ਸਰਕ ਰਹੀ। ਹਿੰਦੂਆਂ ਕੋਲੋਂ ਹਕੂਮਤ ਨੂੰ ਭੋਰਾ ਵੀ ਖਤਰਾ ਨਹੀਂ ਸੀ। ਸਿੱਖ ਤਾਂ ਹਕੂਮਤ ਨੂੰ ਮੱਥਿਓਂ ਦੁੱਖਦੇ ਸਨ। ਪਰ ਇਨ੍ਹਾਂ ਮੁਸੀਬਤਾਂ ਨੂੰ ਖਿੜੇ ਮੱਥੇ ਸਹਾਰਨਾਂ, ਉਨ੍ਹਾਂ ਨੂੰ ਗੁਰੂ ਨੇ ਦੱਸਿਆ ਸੀ। ਉਨ੍ਹਾਂ ਨੂੰ ਭਾਵੇਂ ਸਰੀਰਕ ਤੇ ਮਾਨਸਿਕ ਤਸੀਹੇ ਸਹਿਣੇ ਪਏ ਪਰ ਉਨ੍ਹਾਂ ਨੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਆਪਣੀ ਸ਼ਰਧਾ ਵਿਚ ਪ੍ਰਪੱਕ ਰਹੇ।

ਜਦੋਂ ਅਠਾਰਵੀਂ ਸਦੀ ਵਿਚ ਅਹਿਮਦ ਸ਼ਾਹ ਅਬਦਾਲੀ ਪੰਜਾਬ ਤੇ ਦਿੱਲੀ ਉੱਪਰ

ਹਮਲੇ ਕਰ ਰਿਹਾ ਸੀ ਤਾਂ ਉਸ ਦੀ ਮੁੱਖ ਟੱਕਰ ਸਿੱਖਾਂ ਨਾਲ ਹੀ ਸੀ। ਜੇ ਕਿਸੇ ਨੇ ਉਸ ਦੀ ਆਮਦ ਦਾ ਕਰੜਾ ਵਿਰੋਧ ਕੀਤਾ ਤਾਂ ਉਹ ਕੇਵਲ ਤੇ ਕੇਵਲ ਸਿੱਖ ਹੀ ਸਨ। ਬਾਕੀ ਹਿੰਦੂਆਂ ਤੇ ਮੁਸਲਮਾਨਾਂ ਵਿਚ ਉਸ ਦੇ ਜ਼ੁਲਮਾਂ ਦਾ ਵਿਰੋਧ ਕਰਨ ਦਾ ਸਾਹਸ ਨਹੀ ਸੀ। ਜੋ ਵੀ ਮਾਲ ਅਸਬਾਬ ਅਬਦਾਲੀ ਹਿੰਦੁਸਤਾਨ ਵਿਚੋਂ ਲੁੱਟਮਾਰ ਕਰਕੇ ਅਫਗਾਨਿਸਤਾਨ ਲਿਜਾਣ ਲਈ ਲਿਆਉਂਦਾ ਉਸਨੂੰ ਰਸਤੇ ਵਿਚੋਂ ਸਿੱਖ ਲੁੱਟ ਲੈਂਦੇ ਸਨ। ਜਿੰਨ੍ਹਾਂ ਔਰਤਾਂ ਨੂੰ ਉਹ ਆਪਣੀਆਂ ਰਖੇਲਾਂ ਬਣਾਉਣ ਲਈ ਲਿਜਾ ਰਹੇ ਹੁੰਦੇ ਸਨ, ਉਨ੍ਹਾਂ ਨੂੰ ਸਿੱਖ ਜ਼ਬਰਨ ਛੁਡਵਾ ਲੈਂਦੇ ਅਤੇ ਉਨ੍ਹਾਂ ਨੂੰ ਆਪੋ-ਆਪਣੇ ਘਰਾਂ ਵਿਚ ਪੁਚਾ ਦਿੰਦੇ ਸਨ। ਪਠਾਣਾਂ ਕੋਲੋਂ ਲੁੱਟਿਆ ਮਾਲ ਵੀ ਅੱਧਾ-ਪੁਚੱਧਾ ਖੋਹ ਲੈਂਦੇ ਸਨ। ਇਸ ਦੇ ਕਾਰਨ ਅਬਦਾਲੀ ਸਿੱਖਾਂ ਨੂੰ ਆਪਣਾ ਜਾਨੀ ਦੁਸ਼ਮਣ ਸਮਝਦਾ ਸੀ। ਇਸੇ ਕਰਕੇ ਉਸ ਨੇ ਦੋ ਘੱਲੂਘਾਰੇ ਕਰਕੇ ਸਿੱਖ ਕੌਮ ਨੂੰ ਮਾਰ ਮੁਕਾਉਣ ਦਾ ਇਰਾਦਾ ਬਣਾਇਆ ਸੀ। ਪਰ ਸਿੱਖ ਕੌਮ ਦੀ ਸਿਦਕਦਿਲੀ ਤੇ ਵੀਰਤਾ ਕਾਰਨ, ਅਬਦਾਲੀ ਦੇ ਨਾਪਾਕ ਇਰਾਦੇ ਮਿੱਟੀ ਵਿਚ ਮਿਲ ਗਏ। ਸਿੱਖ ਸਗੋਂ ਹੋਰ ਮਜ਼ਬੂਤ ਤੇ ਸੰਗਠਿਤ ਹੋ ਗਏ।

ਪੰਜਾਬ ਵਿਚ ਵੀ ਉਨ੍ਹਾਂ ਦਿਨਾਂ ਵਿਚ ਮੁਗਲਾਂ ਦੀ ਹਕੂਮਤ ਸੀ। ਜਹਾਂਗੀਰ ਦੇ ਹੁਕਮ ਨਾਲ ਹੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਔਰੰਗਜੇਬ ਦੀ ਕੱਟੜ ਧਾਰਮਿਕ ਨੀਤੀ ਕਾਰਨ ਹੀ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਸੀਸ ਵਾਰਨਾ ਪਿਆ। ਉਸ ਦੇ ਜ਼ਬਰ-ਜ਼ੁਲਮ ਵਿਰੁੱਧ ਲੜਦੇ ਹੀ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਸਰਬੰਸ ਵਾਰਨਾ ਪਿਆ। ਉਸ ਵਕਤ ਹਿੰਦੂ ਕੌਮ ਬੇਖੌਫ਼ ਹੋ ਕੇ ਸਿੱਖਾਂ ਦਾ ਤਮਾਸ਼ਾ ਵੇਖ ਰਹੀ ਸੀ। ਸਗੋਂ ਹਿੰਦੂ ਰਾਜੇ, ਸਿੱਖਾਂ ਨੂੰ ਕੁਚਲਣ ਵਿਚ ਉਨ੍ਹਾਂ ਦਾ ਸਹਿਯੋਗ ਦੇ ਰਹੇ ਸਨ। ਆਨੰਦਪੁਰ ਦੀਆਂ ਲੜਾਈਆਂ ਵਿਚ ਮੁਗਲਾਂ ਦੇ ਨਾਲ-ਨਾਲ ਹਿੰਦੂ ਰਾਜਿਆਂ ਦੇ ਲਸ਼ਕਰ ਵੀ ਸਿੱਖਾਂ ਵਿਰੁੱਧ ਲੜ ਰਹੇ ਸਨ। ਪਰ ਇਹ ਵਿਰੋਧਤਾ ਸਿੱਖਾਂ ਨੇ ਖ਼ੁਦ ਸਹੇੜੀ ਸੀ। ਉਹ ਵੀ ਹਿੰਦੂਆਂ ਵਾਂਗ ਬੁਜ਼ਦਿਲੀ ਨਾਲ ਦਿਨ ਕੱਟ ਸਕਦੇ ਸਨ ਪਰੰਤੂ ਇਹ ਉਨ੍ਹਾਂ ਦੀ ਤਸੀਰ ਨਹੀਂ ਸੀ। ਜਿਹੜਾ ਸਿੱਖ ਬੇਇਨਸਾਫ਼ੀ ਤੇ ਧੱਕੇਸ਼ਾਹੀ ਨੂੰ ਵੇਖ ਕੇ ਖਾਮੋਸ਼ ਰਹਿੰਦਾ ਹੈ, ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਬਿੱਲੀ ਵੇਖ ਕੇ ਕਬੂਤਰ ਵਾਂਗ ਅੱਖਾਂ ਮੀਟਣੀਆਂ ਸਿੱਖਾਂ ਦੀ ਜੀਵਨ ਜਾਂਚ ਨਹੀਂ ਹੈ। ਹਮਲਾਵਰਾਂ ਨੂੰ ਵੇਖ ਕੇ ਸਿੱਖ ਪਾਠ-ਪੂਜਾ ਨਹੀਂ ਕਰਨ ਲੱਗਦੇ, ਸਗੋਂ ਹਥਿਆਰ ਫੜ ਕੇ ਉਸ ਦਾ ਡੱਟ ਕੇ ਮੁਕਾਬਲਾ ਕਰਦੇ ਹਨ। ਇਸੇ ਲਈ ਬਾਬਰ ਤੋਂ ਲੈ ਕੇ ਔਰੰਗਜੇਬ ਤੱਕ ਤੇ ਉਸ ਦੇ ਜਾਨਸ਼ੀਨਾਂ ਤੱਕ ਮੁਗਲ ਹਕੂਮਤ ਸਿੱਖਾਂ ਦੀ ਵਿਰੋਧਤਾ ਤੇ ਸਫ਼ਾਇਆ ਕਰਨ ਬਾਰੇ ਸੋਚਦੀ ਰਹੀ। ਪਰ 'ਦਰਦ ਬੜਤਾ ਗਿਆ ਜਿਉਂ-ਜਿਉਂ ਦਵਾ ਕੀ' ਵਾਲੀ ਗੱਲ ਹੋਈ। ਜਿਉਂ-ਜਿਉਂ ਮੁਗਲ ਤੇ ਪਠਾਣ ਸਿੱਖਾਂ ਉੱਪਰ ਸਖ਼ਤੀਆਂ ਕਰਦੇ ਗਏ, ਸਿੱਖ ਹੋਰ ਸ਼ਕਤੀਸ਼ਾਲੀ ਹੁੰਦੇ ਗਏ। ਇਕ ਗਲੋਂ ਸਿੱਖਾਂ ਨੂੰ ਮੁਸਲਮਾਨਾਂ ਦਾ ਸ਼ੁਕਰਗੁਜ਼ਾਰ ਵੀ ਹੋਣਾ ਚਾਹੀਦਾ ਹੈ। ਜੇਕਰ ਇਹ ਲੋਕ ਸਿੱਖਾਂ ਵਿਰੁੱਧ ਏਨਾ ਜ਼ੁਲਮ ਤੇ ਜ਼ਬਰ ਨਾ ਕਰਦੇ ਤਾਂ ਸਿੱਖਾਂ ਨੇ ਇਤਨੇ ਸਿਰਲੱਥ ਤੇ ਸੂਰਬੀਰ ਨਹੀਂ ਸੀ ਹੋਣਾ। ਮੁਸ਼ਕਲਾਂ ਤੇ ਮੁਸੀਬਤਾਂ ਹੀ ਕੌਮਾਂ ਦਾ ਨਿਰਮਾਣ ਕਰਦੀਆਂ ਹਨ। ਇਸੇ ਤਰ੍ਹਾਂ ਸਿੱਖ ਕੌਮ ਵੀ ਵੀਰਤਾ ਕਾਰਨ ਜਾਣੀ-ਪਛਾਣੀ ਜਾਣ ਲੱਗੀ।

ਪੰਜਾਬ ਦੇ ਹਿੰਦੂ ਮੁਸਲਮਾਨ ਹੀ ਸਿੱਖਾਂ ਦੀ ਵਿਰੋਧਤਾ ਨਹੀਂ ਸਗੋਂ ਬਾਕੀ ਭਾਰਤ ਦੇ ਬਹੁਤੇ ਲੋਕ ਸਿੱਖਾਂ ਨਾਲ ਗ਼ੈਰਸ਼ਾਲੀ ਤੇ ਕਿੜ ਰੱਖਦੇ ਹਨ। 1984 ਵਿਚ ਦਿੱਲੀ ਵਿਚ ਜੋ ਕੁਝ ਵਾਪਰਿਆ ਉਹ ਇਸ ਦੀ ਜ਼ਿੰਦਾ ਮਿਸਾਲ ਹੈ। ਮਹਾਤਮਾਂ ਗਾਧਂ ਨੂੰ ਗੁਜਰਾਤ ਦੇ ਇਕ ਕੱਟੜ ਹਿੰਦੂ ਨੱਥੂਰਾਮ ਗੌਡਸੇ ਨੇ ਗੋਲੀਆਂ ਮਾਰੀਆਂ ਸਨ। ਉਸ ਵਕਤ ਕਿਸੇ ਗੁਜਰਾਤੀ ਹਿੰਦੂ ਨੂੰ ਹੱਥ ਨਾ ਲਾਇਆ ਗਿਆ। ਪਰ ਇੰਦਰਾ ਗਾਂਧੀ ਦੇ ਕਤਲ ਵੇਲੇ ਹਿੰਦੂਆਂ ਦੇ ਪੈਮਾਨੇ ਹੋਰ ਸਨ। ਬੇਅੰਤ ਸਿੰਘ ਤੇ ਸਤਵੰਤ ਸਿੰਘ ਕਿਉਂਕਿ ਸਿੱਖ ਗਾਰਡ ਸਨ, ਇਸ ਲਈ ਇਸ ਕਤਲ ਦੇ ਜ਼ਿੰਮੇਵਾਰ ਸਾਰੀ ਕੌਮ ਨੂੰ ਗਰਦਾਨਿਆ ਗਿਆ। ਇਹ ਕਿੱਥੋਂ ਦਾ ਨਿਆਂ ਹੈ ? ਬਾਅਦ ਵਿਚ ਸ੍ਰੀ ਰਾਜੀਵ ਗਾਂਧੀ ਨੂੰ ਇਕ ਤਾਮਿਲ ਔਰਤ ਨੇ ਬੰਬ ਨਾਲ ਉਡਾਇਆ ਸੀ। ਰਾਜੀਵ ਗਾਂਧੀ ਦਾ ਬਦਲਾ ਤਾਮਿਲਾਂ ਕੋਲੋਂ ਕਿਉਂ ਨਾ ਲਿਆ ਗਿਆ ? ਉਸ ਉੱਪਰ ਕਿਉਂ ਨਰਮੀ ਕੀਤੀ ਗਈ। ਭਾਰਤ ਦੇ ਲੋਕਾਂ ਦੀ ਸਿੱਖਾਂ ਪ੍ਰਤੀ ਵਿਸ਼ੇਸ਼ ਦੁਸ਼ਮਣੀ ਹੈ ਪਰੰਤੂ ਸਿੱਖ ਅਜਿਹੀ ਭਾਵਨਾ ਨਹੀਂ ਰੱਖਦੇ। ਭਾਵੇਂ ਭਾਰਤ ਵਿਚ ਸਿੱਖਾਂ ਨੂੰ ਚਾਹੁਣ ਵਾਲੇ ਵੀ ਕਰੋੜਾਂ ਲੋਕ ਹਨ ਪਰੰਤੂ ਕੱਟੜਵਾਦੀ ਹਿੰਦੂ ਬਹਾਮਣ ਤੇ ਬਾਣੀਏ ਸਿੱਖਾਂ ਨਾਲ ਢਿੱਡੋਂ ਦੁਸ਼ਮਣੀ ਕਰਦੇ ਹਨ। ਇਹ ਕੋਈ ਲੱਛਣ ਨਹੀਂ। ਇਹ ਭਾਰਤ ਦੇ ਉੱਜਲੇ ਭਵਿੱਖ ਲਈ ਖਤਰਨਾਕ ਰੁਝਾਨ ਹੈ। ਭਾਰਤ ਇਕ ਹਿੰਦੂ ਰਾਸ਼ਟਰ ਨਹੀਂ ਹੈ। ਇਸ ਵਿਚ ਵਭਿੰਨ ਧਰਮਾਂ ਦੇ ਲੋਕ ਵੱਸਦੇ ਹਨ। ਸਿੱਖਾਂ ਪ੍ਰਤੀ ਅਜਿਹੀ ਭਾਵਨਾ ਰੱਖਣੀ ਭਾਰਤ ਦੇ ਹਿੱਤ ਵਿਚ ਨਹੀਂ ਹੈ।

ਅੱਜ ਵੀ ਭਾਰਤ ਸਰਕਾਰ ਦਾ ਰਵੱਈਆ ਸਿੱਖਾਂ ਦੇ ਵਿਰੁੱਧ ਹੈ। ਸਿੱਖਾਂ ਦੇ ਪੰਜਾਬ ਨੂੰ ਇਕ ਛੋਟੇ ਜਿਹੇ ਪ੍ਰਾਂਤ ਵਿਚ ਬਦਲ ਦਿੱਤਾ ਗਿਆ ਹੈ। ਪੰਜਾਬੀ ਬੋਲਦੇ ਕਈ ਇਲਾਕੇ ਸਾਜਿਸ਼ ਅਧੀਨ ਪੰਜਾਬੋਂ ਬਾਹਰ ਰੱਖੇ ਗਏ ਹਨ। ਪੰਜਾਬ ਕੋਲੋਂ ਧੱਕੇ ਨਾਲ ਉਸ ਦੀ ਰਾਜਧਾਨੀ ਖੋਹੀ ਗਈ ਹੈ, ਜਦੋਂ ਕਿ ਇਸ ਦੀ ਇਕ-ਇਕ ਇੱਟ ਪੰਜਾਬੀਆਂ ਨੇ ਲਾਈ ਹੈ। ਪੰਜਾਬ ਦੇ ਦਰਜਨਾ ਪਿੰਡ ਉਜਾੜ ਕੇ ਇਹ ਰਾਜਧਾਨੀ ਉਸਾਰੀ ਗਈ ਸੀ ਪਰ ਅੱਜ ਇਸ ਨੂੰ ਕੇਂਦਰ ਦੇ ਹਵਾਲੇ ਕਰ ਦਿੱਤਾ ਗਿਆ ਹੈ। 'ਇਸੇ ਤਰ੍ਹਾਂ ਭਾਖੜਾ ਨੰਗਲ ਡੈਮ ਜਾਣ ਬੁਝ ਕੇ ਹਿਮਾਚਲ ਨੂੰ ਸੌਂਪ ਦਿੱਤੇ ਗਏ ਹਨ। ਪੰਜਾਬੀ ਭਾਸ਼ਾ ਨੂੰ ਚੰਡੀਗੜ੍ਹ ਵਿਚੋਂ ਜਲਵਤਨ ਕਰਨ ਦੀਆਂ ਤਿਆਰੀਆਂ ਕੱਸੀਆਂ ਜਾ ਰਹੀਆਂ ਹਨ। ਪੰਜਾਬ ਕੋਲ ਅੱਧਾ ਹਿਮਾਚਲ ਸੀ ਪਰ ਅੱਜ ਪੰਜਾਬ ਕੋਲ ਇਕ ਵੀ ਹਿੱਲ ਸਟੇਸ਼ਨ ਨਹੀਂ। ਕਈ ਸੁੰਦਰ ਨਗਰ ਪੰਜਾਬ ਕੋਲੋਂ ਖੋਹ ਲਏ ਗਏ ਹਨ। ਪੰਜਾਬ ਵਿਚ ਸਿੱਖਾਂ ਨੂੰ ਘੁਟਨ ਮਹਿਸੂਸ ਹੋ ਰਹੀ ਹੈ। ਹਰਿਆਣਾ ਪ੍ਰਾਂਤ ਕਿਸੇ ਵੇਲੇ ਪਛੜਿਆ ਹੋਇਆ ਸੀ ਅੱਜ ਉਹ ਕੇਂਦਰ ਦੀਆਂ ਬਣਨੀਤੀਆਂ ਕਾਰਨ ਪੰਜਾਬ ਨਾਲੋਂ ਅੱਗੇ ਨਿਕਲ ਗਿਆ ਹੈ। ਦਿੱਲੀ ਦੇ ਨਜ਼ਦੀਕ ਹੋਣ ਕਰਕੇ ਪੰਜਾਬ ਨੇ ਜੋ ਪ੍ਰਗਤੀ ਕਰਨੀ ਸੀ, ਉਸ ਤੋਂ ਉਸ ਨੂੰ ਮਹਿਰੂਮ ਕੀਤਾ ਗਿਆ ਹੈ।

ਸਿੱਖਾਂ ਦੇ ਵੈਰੀ ਸਿੱਖ ਵੀ ਹਨ। ਜੋ ਲੋਕ ਸਿੱਖੀ ਦਾ ਜਲਾਲ ਵੇਖ ਕੇ ਸਿੱਖ ਬਣੇ ਹਨ, ਉਹ ਸਿੱਖੀ ਨੂੰ ਆਪਣੇ ਸਵਾਰਥੀ, ਤੁਜ਼ਾਰਤੀ ਤੇ ਰਾਜਸੀ ਹਿੱਤਾਂ ਲਈ ਵਰਤ ਰਹੇ ਹਨ। ਜਦੋਂ ਸਿੱਖੀ ਨਾਲ ਧ੍ਰੋਹ ਹੋ ਰਿਹਾ ਹੁੰਦਾ ਹੈ ਤੇ ਸਿੱਖ ਸੰਸਥਾਵਾਂ ਦੀ ਬੇਹੁਰਮਤੀ ਤਾਂ

ਅਜਿਹੇ ਸਿੱਖ ਸਿੱਖਾਂ ਨੂੰ ਦੂਜਿਆਂ ਨਾਲ ਰਲ-ਮਿਲ ਕੇ ਰਹਿਣ ਦੀ ਹਦਾਇਤ ਕਰਦੇ ਹਨ। ਜੇਕਰ ਅਜਿਹੇ ਨੇਤਾ ਸਿੱਖੀ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਪਾਰਟੀ ਵਿਚ ਭੰਡਿਆ ਤੇ ਨਕਾਰਿਆ ਜਾਂਦਾ ਹੈ। ਸਿੱਖੀ ਖਾਤਿਰ ਉਹ ਕੋਈ ਸਟੈਂਡ ਲੈਣ ਲਈ ਤਿਆਰ ਨਹੀਂ। ਉਹ ਹਰਗਿਜ਼ ਪਾਰਟੀ ਵਿਚ ਆਪਣਾ ਅਹੁਦਾ ਤੇ ਸਥਾਨ ਬਹਾਲ ਰੱਖਣਾ ਚਾਹੁੰਦੇ ਹਨ। ਸਿੱਖੀ ਦਾ ਭਾਵੇਂ ਘਾਣ ਹੋ ਜਾਵੇ। ਅਜਿਹੇ ਨੇਤਾ ਕਾਂਗਰਸ ਤੇ ਅਕਾਲੀ ਦਲ ਵਿਚ ਵੀ ਹੋਏ ਹਨ, ਜਿੰਨ੍ਹਾਂ ਦੇ ਦਿਲ ਵਿਚ ਸਿੱਖੀ ਲਈ ਕੋਈ ਜਗ੍ਹਾ ਨਹੀਂ।

ਰਾਜਨੀਤੀ ਵਿਚ ਭਾਗ ਲੈਣ ਵਾਲੇ ਨੇਤਾ ਵੀ ਸਿੱਖੀ ਦੇ ਵਫ਼ਾਦਾਰ ਨਹੀਂ ਰਹਿ ਸਕਦੇ। ਉਹ ਭਾਵੇਂ ਆਪਣੇ ਧਰਮ ਕਾਰਨ ਰਾਜਨੀਤੀ ਵਿਚ ਜਗ੍ਹਾ ਬਣਾਉਂਦੇ ਹਨ ਪਰੰਤੂ ਜਦੋਂ ਉਹ ਲੋਕਾਂ ਵਿਚ ਮਕਬੂਲ ਹੋ ਜਾਂਦੇ ਹਨ ਤਾਂ ਫਿਰ ਉਨ੍ਹਾਂ ਵਿਚ ਰਾਜਨੀਤਕ ਸੱਤਾ ਪਹਿਲਾਂ ਤੇ ਧਰਮ ਦੂਜੇ ਤੀਜੇ ਨੰਬਰ ਤੇ ਚਲਾ ਜਾਂਦਾ ਹੈ। ਮਾਸਟਰ ਤਾਰਾ ਸਿੰਘ ਤੇ ਬਾਬਾ ਖੜਕ ਸਿੰਘ ਵਰਗੇ ਨੇਤਾ ਸਿੱਖਾਂ ਦਾ ਬੇਤਾਜ਼ ਬਾਦਸ਼ਾਹ ਹੋਏ ਹਨ। ਇਨ੍ਹਾਂ ਨੇ ਸਿੱਖੀ ਦੀ ਸੇਵਾ ਕੀਤੀ ਹੈ, ਅਹੁਦਿਆਂ ਦਾ ਨਿੱਘ ਨਹੀਂ ਮਾਣਿਆ। ਵਜ਼ੀਰ ਬਣ ਕੇ ਮਾਇਆ ਨਹੀਂ ਬਟੋਰੀ। ਜਦੋਂ ਕਿ ਬਾਕੀ ਬਹੁਤ ਸਾਰੇ ਸਿੱਖ ਸਿਆਸਤਦਾਨ ਆਪਣੇ ਘਰ ਹੀ ਭਰਦੇ ਰਹੇ ਹਨ। ਭਾਵੇਂ ਪੰਥ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਗੱਦੀ ਤੇ ਬਿਠਾਇਆ ਸੀ ਪਰ ਉਨ੍ਹਾਂ ਨੂੰ ਗੱਦੀ ਜਾਂ ਕੁਰਸੀ ਪਿਆਰੀ ਹੈ ਪੰਥ ਨਹੀਂ।

ਕੁਝ ਸਿੱਖ ਲੋਕ ਭ੍ਰਿਸ਼ਟਾਚਾਰ, ਤਸਕਰੀ, ਜ਼ੁਰਮ ਅਤੇ ਠੱਗੀ-ਠੋਰੀ ਵਿਚ ਲਿਪਤ ਹਨ। ਇਹ ਸਾਰੇ ਲੋਕ ਸਿੱਖਾਂ ਦੇ ਮੂੰਹ ਤੇ ਤਮਾਚਾ ਹਨ। ਇਨ੍ਹਾਂ ਲੋਕਾਂ ਦੀਆਂ ਹਰਕਤਾਂ ਕਾਰਨ ਸਿੱਖੀ ਕਲੰਕਤ ਹੁੰਦੀ ਹੈ। ਇਨ੍ਹਾਂ ਲੋਕਾਂ ਦੀਆਂ ਗਤੀਵਿਧੀਆਂ ਸਿੱਖੀ ਦੇ ਬੁਨਿਆਦੀ ਅਸੂਲਾਂ ਦੇ ਖਿਲਾਫ਼ ਹਨ। ਇਹ ਸਾਰੀਆਂ ਗ਼ੈਰ ਸਮਾਜਿਕ ਹਰਕਤਾਂ ਹਨ। ਇਨ੍ਹਾਂ ਨਾਲ ਸਿੱਖੀ ਦਾ ਮੁੱਖ ਨੀਵਾਂ ਹੁੰਦਾ ਹੈ। ਪਰ ਅਜਿਹੇ ਲੋਕਾਂ ਨੂੰ ਸਿੱਖੀ ਦੇ ਸਰੋਕਾਰਾਂ ਨਾਲ ਕੋਈ ਵਾਸਤਾ ਨਹੀਂ। ਇਹ ਤਾਂ ਜ਼ੁਰਮ ਦੀ ਦੁਨੀਆਂ ਨੂੰ ਹੀ ਅਸਲੀ ਦੁਨੀਆਂ ਤਸੱਵਰ ਕਰੀ ਬੈਠੇ ਹਨ। ਪਰ ਪੰਥ ਵਿਚ ਇਨ੍ਹਾਂ ਲੋਕਾਂ ਦਾ ਕੋਈ ਸਥਾਨ ਨਹੀਂ ਹੋਣਾ ਚਾਹੀਦਾ ਪਰ ਇਹ ਲੋਕ ਸਰਕਾਰੇ ਦਰਬਾਰੇ ਆਪਣਾ ਦਬ-ਦਬਾਅ ਬਣਾਈ ਬੈਠੇ ਹਨ। ਇਹ ਲੋਕ ਸਿੱਖਾਂ ਦੇ ਦੁਸ਼ਮਣਾਂ ਵਿਚ ਸ਼ੁਮਾਰ ਕੀਤੇ ਜਾਣੇ ਚਾਹੀਦੇ ਹਨ। ਭਾਵੇਂ ਹਰ ਜਗ੍ਹਾ ਸਿੱਖੀ ਦੇ ਦੋਖੀ ਦਣਦਣਾ ਰਹੇ ਪਰ ਫਿਰ ਵੀ ਆਪਾਂ ਖਾਲਾਸਾ ਪੰਥ ਦੇ ਪ੍ਰਚਮਾਂ ਨੂੰ ਬੁਲੰਦ ਰੱਖਣਾ ਹੈ।

# ਡੇਰਾਵਾਦ-ਇਕ ਕਲੰਕ

ਭਾਰਤ ਵਿਚ ਡੇਰੇ ਖੁੰਬਾਂ ਵਾਂਗ ਖੂਬ ਵੱਧ, ਫੁੱਲ, ਫਲ ਰਹੇ ਹਨ। ਇਹ ਡੇਰੇ ਤੇ ਆਸ਼ਰਮ ਕਿਸੇ ਨਾ ਕਿਸੇ ਧਰਮ ਜਾਂ ਮਹਾਂਪੁਰਖ ਦੇ ਪ੍ਰਚਾਰ ਕੇਂਦਰ ਹੁੰਦੇ ਹਨ। ਹਰ ਧਰਮ ਉੱਪਰ ਕਿਸੇ ਨਾ ਕਿਸੇ ਜਾਤੀ ਜਾਂ ਵਰਗ ਦਾ ਬੋਲਬਾਲਾ ਹੁੰਦਾ ਹੈ। ਉਸ ਧਰਮ ਦੇ ਬਾਕੀ ਵਰਗਾਂ ਜਾਂ ਜਾਤੀਆਂ ਨੂੰ ਉਸ ਧਰਮ ਵਿਚ ਘੁੱਟਣ ਜਿਹੀ ਮਹਿਸੂਸ ਹੁੰਦੀ ਹੈ। ਉਸ ਧਰਮ ਵਿਚੋਂ ਉਨ੍ਹਾਂ ਨੂੰ ਆਪਣਾ ਭਵਿੱਖ ਉੱਜਲਾ ਨਜ਼ਰ ਨਹੀਂ ਆਉਂਦਾ। ਇਸ ਲਈ ਇਹ ਲੋਕ ਚੁਸਤ-ਚਾਲਾਕ ਹੋਣ ਕਾਰਨ ਆਪਣੇ ਧਰਮ ਦੇ ਪ੍ਰਚਾਰ ਦੀ ਆੜ ਹੇਠ ਆਪੋ-ਆਪਣੇ ਡੇਰੇ ਸਥਾਪਤ ਕਰ ਲੈਂਦੇ ਹਨ। ਉਸ ਡੇਰੇ ਤੇ ਮੁੱਖ ਸੇਵਾਦਾਰ ਬਣ ਕੇ ਉਹ ਆਪਣਾ ਕਾਰੋਬਾਰ ਜਾਰੀ ਰੱਖਦੇ ਹਨ। ਉਨ੍ਹਾਂ ਦੇ ਚੇਲੇ ਚਾਂਟੇ ਉਨ੍ਹਾਂ ਦੇ ਕਾਰੋਬਾਰ ਦਾ ਖੇਤਰਫ਼ਲ ਵਧਾਉਣ ਲਈ ਮਿਸ਼ਨਰੀਆਂ ਵਾਂਗ ਕੰਮ ਕਰਦੇ ਹਨ। ਇਸ ਸ਼ਰਧਾ ਤੇ ਘਾਲਣਾ ਦਾ ਉਨ੍ਹਾਂ ਨੂੰ ਵਾਧੂ ਸੇਵਾ ਫਲ ਮਿਲਦਾ ਹੈ। ਜਿੰਨਾ ਵੀ ਕਿਸੇ ਡੇਰੇ ਦਾ ਘੇਰਾ ਵਿਸ਼ਾਲ ਹੁੰਦਾ ਹੈ, ਓਨੀ ਹੀ ਉਸ ਦੀ ਮਾਨਤਾ ਪ੍ਰਸਿੱਧੀ ਵੱਧਦੀ ਜਾਂਦੀ ਹੈ। ਹਰੇਕ ਡੇਰੇ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸਦੀਆਂ ਸ਼ਾਖਾਵਾਂ ਵਿਦੇਸ਼ਾਂ ਵਿਚ ਹੋਣ। ਜੇਕਰ ਸੇਵਕ-ਸੇਵਕਾਵਾਂ ਵੀ ਗੋਰੀ ਚਮੜੀ ਵਾਲੀਆਂ ਹੋਣ ਤਾਂ ਉਸ ਡੇਰੇ ਦੇ ਵਾਰੇ ਨਿਆਰੇ ਹੋ ਜਾਂਦੇ ਹਨ।

ਇਨ੍ਹਾਂ ਡੇਰੇਦਾਰਾਂ ਵਿਚ ਕੋਈ ਨਾ ਕੋਈ ਨਿਵੇਕਲੀ ਖ਼ੂਬੀ ਹੁੰਦੀ ਹੈ। ਕਿਸੇ ਦੀ ਸ਼ਖਸੀਅਤ ਬੜੀ ਪ੍ਰਭਾਵਸ਼ਾਲੀ ਤੇ ਦਿਲਕਸ਼ ਹੁੰਦੀ ਹੈ। ਕਿਸੇ ਦੀ ਸ਼ਕਲ ਕਿਸੇ ਮਹਾਂਪੁਰਖ ਨਾਲ ਮਿਲਦੀ-ਜੁਲਦੀ ਹੁੰਦੀ ਹੈ। ਕਿਸੇ ਦੇ ਚਿਹਰੇ ਉੱਪਰ ਨੂਰ ਤੇ ਜਲਾਲ (ਚੰਗੀ ਸਿਹਤ) ਠਾਠਾਂ ਮਾਰ ਰਿਹਾ ਹੁੰਦਾ ਹੈ। ਕਿਸੇ ਡੇਰੇਦਾਰ ਨੂੰ ਭਾਸ਼ਣ ਕਲਾ ਦੀ ਪੂਰੀ ਬਖਸ਼ਿਸ਼ ਹੁੰਦੀ ਹੈ। ਆਪਣੇ ਪ੍ਰਵਚਨਾਂ ਨਾਲ ਉਹ ਆਪਣੇ ਸੇਵਕਾਂ ਨੂੰ ਕੀਲ ਲੈਂਦਾ ਹੈ। ਕਿਸੇ ਡੇਰੇ ਮੁਖੀ ਦੇ ਚਿਹਰੇ ਦਾ ਪ੍ਰਭਾਵ ਬੜਾ ਮਿਕਤਾਨੀਸੀ ਹੁੰਦਾ ਹੈ। ਉਸ ਵੱਲ ਭਗਤ ਤੇ ਖਾਸ ਕਰਕੇ ਭਗਤਣੀਆਂ ਖਿੱਚੀਆਂ ਆਉਂਦੀਆਂ ਹਨ। ਜਿਸ ਡੇਰੇ ਉੱਪਰ ਭਗਤਣੀਆਂ ਦੇ ਦਰਸ਼ਨ ਇਸ਼ਨਾਨ ਵਧ ਜਾਣ, ਉਸ ਡੇਰੇ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਸੱਚਾ ਸੌਦਾ ਤੇ ਆਸਾ ਰਾਮ ਦੇ ਡੇਰੇ ਵਿਚ ਬੀਬੀਆਂ ਹੀ ਬਾਬਾ ਜੀ ਦੀ ਸੁਰੱਖਿਆ ਦੀਆਂ ਇੰਚਾਰਜ ਹਨ। ਇਸੇ ਤਰ੍ਹਾਂ ਬਾਕੀ ਬਹੁਤ ਡੇਰਿਆਂ ਵਿਚ ਵੀ ਬੀਬੀਆਂ ਸ਼ਰਧਾਲੂਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਬੀਬੀਆਂ ਹੀ ਕਿਸੇ ਡੇਰੇ ਜਾਂ ਆਸ਼ਰਮ ਨੂੰ ਚਾਰ ਚੰਨ ਲਾਉਂਦੀਆਂ ਹਨ ਤੇ ਬੀਬੀਆਂ ਹੀ ਉਸ ਦਾ ਬੋਹੜੂ ਬਿਠਾਉਣ

ਵਿਚ ਯੋਗਦਾਨ ਪਾਉਂਦੀਆਂ ਹਨ, ਜਿਵੇਂ ਅੱਜਕੱਲ੍ਹ ਬਾਪੂ ਆਸਾ ਰਾਮ ਨਾਲ ਗੁਜ਼ਰ ਰਹੀ ਹੈ।

ਭਾਰਤ ਵਿਚ ਤਕਰੀਬਨ ਸਾਢੇ ਪੰਜ ਲੱਖ ਤੋਂ ਵੱਧ ਪਿੰਡ ਹਨ। ਹਰ ਪੰਦਰਾ ਪਿੰਡਾਂ ਪਿੱਛੇ ਕੋਈ ਡੇਰਾ ਹੈ ਜਾਂ ਉਸ ਦੀ ਸ਼ਾਖਾ ਹੈ। ਇਸ ਹਿਸਾਬ ਨਾਲ ਪੰਜੀ ਹਜ਼ਾਰ ਤੋਂ ਵੱਧ ਡੇਰੇ ਤੇ ਆਸ਼ਰਮ ਸਾਡੇ ਮੁਲਕ ਵਿਚ ਤਾਇਨਾਤ ਹਨ। ਹਰੇਕ ਡੇਰੇ ਤੇ ਲੱਖਾਂ ਦੀ ਗਿਣਤੀ ਵਿਚ ਮੁਰੀਦ ਜਾਂ ਸੇਵਕ ਹਨ, ਜੋ ਰਾਤ-ਦਿਨ ਡੇਰੇ ਦੀਆਂ ਨਿਰਦੇਸ਼ਨਾਂ ਫ਼ੁਰਮਾਨਾਂ ਤੇ ਆਦੇਸ਼ਾਂ ਦੀ ਪਾਲਣਾ ਕਰਨ ਲਈ ਪੱਬਾਂ ਭਾਰ ਹੋਏ ਰਹਿੰਦੇ ਹਨ। ਮੁੱਖ ਸੇਵਾਦਾਰਾਂ ਦੇ ਬਚਨ ਕਰਕੇ ਖਿੜੇ ਮੱਥੇ ਪ੍ਰਵਾਨ ਕੀਤੇ ਜਾਂਦੇ ਹਨ। ਇਕ ਡੇਰੇਦਾਰ ਨੇ ਵੇਖਾ-ਵੇਖੀ ਆਪਣੇ ਡੇਰੇ ਦੇ ਖੇਤੀਬਾੜੀ ਫਾਰਮ ਵਿਚ ਆਲੂਆਂ ਦੀ ਖੇਤੀ ਕੀਤੀ। ਬਦਕਿਸਮਤੀ ਨਾਲ ਉਸ ਸਾਲ ਆਲੂ ਟਕੇ ਕਿਲੋ ਹੋ ਗਏ। ਅਸਾਂ ਸਮਝਿਆ ਕਿ ਬਾਬਾ ਜੀ ਦਾ ਬਾਕੀਆਂ ਵਾਂਗ ਬਹੁਤਾ ਨੁਕਸਾਨ ਹੋਇਆ ਹੋਵੇਗਾ ਪਰ ਅਜਿਹਾ ਨਹੀਂ ਹੋਇਆ। ਬਾਬਾ ਜੀ ਨੇ ਭੰਡਾਰੇ ਵਿਖੇ ਇਹ ਫ਼ੁਰਮਾਨ ਕੀਤਾ ਕਿ ਹਰੇਕ ਮਾਈ, ਭਾਈ ਪ੍ਰਸ਼ਾਦ ਵੱਜੋਂ ਪੰਜ ਕਿਲੋ ਆਲੂ ਜ਼ਰੂਰ ਲੈ ਕੇ ਜਾਵੇ। ਮੂੰਹ ਮੰਗੇ ਦਾਮਾਂ ਤੇ ਇਹ ਆਲੂ ਧੜਾ-ਧੜ ਵਿਕ ਗਏ।

ਸਾਡੇ ਸਮਾਜ ਵਿਚ ਬੀਬੀਆਂ ਦੀ ਮੰਨਤਾ, ਅਧਿਆਪਕਾਂ, ਵਿਦਵਾਨਾਂ ਜਾਂ ਮਾਪਿਆਂ ਨਾਲੋਂ ਕਿਤੇ ਵਧੇਰੇ ਹੈ। ਅਧਿਆਪਕਾਂ ਤੇ ਵਿਦਵਾਨਾਂ ਦੇ ਆਦੇਸ਼ਾਂ ਉੱਪਰ ਕਿੰਤੂ-ਪ੍ਰੰਤੂ ਕੀਤਾ ਜਾਂਦਾ ਹੈ, ਉਨ੍ਹਾਂ ਦੇ ਕਥਨਾਂ ਨੂੰ ਪ੍ਰਮਾਣਿਕ ਨਹੀਂ ਸਮਝਿਆ ਜਾਂਦਾ। ਲੋਕ ਮਾਪਿਆਂ ਤੋਂ ਵੀ ਨਾਬਿਰ ਹਨ। ਮਾਪਿਆਂ ਦੀ ਵੀ ਮਹੱਤਤਾ ਬਹੁਤ ਘੱਟ ਗਈ ਹੈ। ਉਨ੍ਹਾਂ ਦੀਆਂ ਨਸੀਹਤਾਂ ਨੂੰ ਬੇਟੇ-ਬੇਟੀਆਂ ਨੂੰਹਾਂ ਅਕਸਰ ਨਜ਼ਰਅੰਦਾਜ਼ ਹੀ ਕਰ ਛੱਡਦੀਆਂ ਹਨ। ਪ੍ਰੰਤੂ ਜੇਕਰ ਇਨ੍ਹਾਂ ਡੇਰਿਆਂ ਦੇ ਬਾਬੇ ਜਾਂ ਸਵਾਮੀ ਜਾਂ ਮਹੰਤ ਕੋਈ ਹੁਕਮ ਕਰਨ ਤਾਂ ਲੋਕ ਉਨ੍ਹਾਂ ਦੇ ਬਚਨਾਂ 'ਤੇ ਫੁੱਲ ਚੜ੍ਹਾਉਂਦੇ ਹਨ। ਲੋਕ ਆਪਣੇ ਵਿਗੜੇ ਬੱਚੇ-ਬੱਚੀਆਂ ਨੂੰ ਬਾਬਿਆਂ ਕੋਲ ਲੈ ਜਾਂਦੇ ਹਨ ਤੇ ਉਨ੍ਹਾਂ ਦੀ ਹੁਕਮ ਅਦੂਲੀ ਬਾਰੇ ਸ਼ਿਕਾਇਤ ਕਰਦੇ ਹਨ। ਬਾਬਾ ਜੀ ਜਦੋਂ ਉਨ੍ਹਾਂ ਦੇ ਸਿਰ ਤੇ ਹੱਥ ਫੇਰਦੇ ਹਨ ਤਾਂ ਸਭ ਅਦੂਲੀਆਂ ਹੁਕਮਾਂ ਵਿਚ ਬਦਲ ਜਾਂਦੀਆਂ ਹਨ। ਇਸ ਤਰ੍ਹਾਂ ਘਰਾਂ ਦੇ ਕਈ ਮਹੱਤਵਪੂਰਨ ਫ਼ੈਸਲੇ ਤੇ ਆਪਸੀ ਝਗੜਿਆਂ ਦੇ ਨਿਪਟਾਰੇ ਬਾਬਾ ਜੀ ਦੀ ਕ੍ਰਿਪਾ ਨਾਲ ਹੀ ਕੀਤੇ ਜਾਂਦੇ ਹਨ। ਬਾਬਿਆਂ ਦੇ ਅਸ਼ੀਰਵਾਦ ਨਾਲ ਕਈ ਰੁਕੇ ਤੇ ਅਟਕੇ ਕਾਰਜ ਮਿੰਟਾਂ ਵਿਚ ਹੱਲ ਹੋ ਜਾਂਦੇ ਹਨ।

ਕਈ ਵਾਰ ਇਨ੍ਹਾਂ ਡੇਰਿਆਂ ਦੇ ਗੱਦੀਨਸ਼ੀਨਾਂ ਵਿਚ ਝਗੜਾ ਹੋ ਜਾਂਦਾ ਹੈ। ਤਗੜਾ ਧੜਾ ਕਾਬਿਜ਼ ਹੋ ਜਾਂਦਾ ਹੈ ਤੇ ਮਾੜਾ ਧੜਾ ਥਾਣੇ, ਕਚਹਿਰੀ ਪਹੁੰਚ ਜਾਂਦਾ ਹੈ। ਦੋਵੇਂ ਧੜੇ ਰਫ਼ਲਾਂ, ਪਿਸਤੌਲਾਂ ਨਾਲ ਲੈੱਸ ਹੁੰਦੇ ਹਨ। ਤਰੀਕਾਂ ਭੁਗਤਣ ਵੇਲੇ ਆਪੋ-ਆਪਣੀ ਤਾਕਤ ਦਾ ਮੁਜ਼ਾਹਰਾ ਹੁੰਦਾ ਹੈ। ਕਈ ਵਾਰੀ ਡੇਰਿਆਂ ਅਤੇ ਆਸ਼ਰਮਾਂ ਵਿਚ ਖਾਨਾਜੰਗੀ ਕਾਰਨ ਕਤਲ ਹੋ ਜਾਂਦੇ ਹਨ ਜਿਵੇਂ ਕਿ ਸੱਚੇ ਸੌਦੇ ਤੇ ਬਾਪੂ ਆਸਾ ਰਾਮ ਦੇ ਡੇਰਿਆਂ ਵਿਚ ਹੋ ਰਿਹਾ ਹੈ। ਸਰਕਾਰ ਨੂੰ ਦਖ਼ਲਅੰਦਾਜ਼ੀ ਕਰਕੇ ਇਨ੍ਹਾਂ ਦੇ ਸਿੰਗ ਛੁਡਾਉਣੇ ਪੈਂਦੇ

ਹਨ। ਇਨ੍ਹਾਂ ਮੌਕਿਆਂ ਤੇ ਰਾਜਸੀ ਦਲ, ਜੋ ਸੱਤਧਾਰੀ ਹੁੰਦੇ ਹਨ। ਆਪਣੇ ਮਤਲਬ ਦੇ ਡੇਰੇਦਾਰ ਨਿਯੁਕਤ ਕਰਵਾ ਦਿੰਦੇ ਹਨ, ਜਿਸ ਕਾਰਨ ਉਨ੍ਹਾਂ ਦੇ ਵੋਟਾਂ ਵਿਚ ਵਾਧਾ ਹੁੰਦਾ ਹੈ। ਜਦੋਂ ਇਨ੍ਹਾਂ ਮਹੰਤਾਂ ਗੁਰੂ ਮਹਾਰਾਜਾਂ ਤੇ ਸਵਾਮੀਆਂ ਦੇ ਇਰਦ-ਗਿਰਦ ਬੰਦੂਕਾਂ, ਪਿਸਤੌਲਾਂ ਵਾਲੇ ਦਗੜ-ਦਗੜ ਕਰਦੇ ਵੇਖਦੇ ਹਾਂ ਸ਼ੱਕ ਹੋਣ ਲੱਗਦਾ ਹੈ ਕਿ ਕਿਸੇ ਧਾਰਮਿਕ ਸਥਾਨ ਦੇ ਮੁੱਖੀ ਹਨ ਜਾਂ ਰਾਜਸੀ ਦਲ ਦੇ।

ਧਰਮਾਂ ਦੇ ਸੰਸਥਾਪਕ ਜਾਂ ਬਾਨੀ ਜਦੋਂ ਹਰੀ ਕਾਇਮ ਹੁੰਦੇ ਹਨ ਤਾਂ ਸਭ ਕੁਝ ਸਹੀ ਚੱਲਦਾ ਹੈ। ਕਸ਼ਟਾਂ-ਕਲੇਸ਼ਾਂ ਵਿਚ ਫਸੇ ਲੋਕ ਇਨ੍ਹਾਂ ਦੀ ਛਤਰ-ਛਾਇਆ ਹੇਠ ਆਪਣੀ ਜੀਵਨਸ਼ੈਲੀ ਵਿਚ ਪਰਿਵਰਤਨ ਲਿਆ ਕੇ ਦੁੱਖਾਂ-ਦਰਦਾਂ ਤੋਂ ਨਿਜ਼ਾਤ ਪਾਉਂਦੇ ਹਨ। ਪ੍ਰੰਤੂ ਇਨ੍ਹਾਂ ਦੇ ਚਲਾਣੇ ਤੋਂ ਬਾਅਦ ਕੰਮ ਡਾਵਾਂ-ਡੋਲ ਹੋ ਜਾਂਦਾ ਹੈ। ਉਸ ਨੂੰ ਥੰਮਣ ਤੇ ਮੁੜ ਲੀਹ ਤੇ ਲਿਆਉਣ ਲਈ ਉਸ ਦੇ ਪੈਰੋਕਾਰ ਆਪਣਾ ਪੂਰਾ ਤਾਣ ਲਾਉਂਦੇ ਹਨ। ਪਰ ਇਹ ਸਿਲਸਿਲਾ ਬਹੁਤੀ ਦੇਰ ਨਹੀਂ ਚੱਲਦਾ। ਫਿਰ ਚੱਲ ਪੈਂਦੀ ਹੈ ਆਪੋ-ਧਾਪੀ। ਇਹ ਆਪੋ-ਧਾਪੀ, ਪ੍ਰਚਾਰ ਦੀ ਆੜ ਹੇਠ ਡੇਰਿਆਂ ਆਸ਼ਰਮਾਂ ਨੂੰ ਜਨਮ ਦਿੰਦੀ ਹੈ। ਜਿਵੇਂ ਨਾਮਧਾਰੀ, ਰਾਧਾ ਸੁਆਮੀ ਤੇ ਦਮਦਮੀ ਟਕਸਾਲ ਵਿਖੇ ਹੋਇਆ ਹੈ। ਇਕ ਡੇਰੇ ਦੇ ਕਈ ਡੇਰੇ ਤੇ ਸ਼ਾਖਾਂ ਪੁੰਗਰ ਪੈਂਦੀਆਂ ਹਨ। ਵੱਡੇ ਘਰ ਵਿਚ ਜਦੋਂ ਕਿਸੇ ਧਾਰਮਿਕ ਨੇਤਾ ਨੂੰ ਸਹੀ ਜਗ੍ਹਾ ਨਹੀਂ ਮਿਲਦੀ ਤਾਂ ਉਹ ਆਪਣਾ ਡੇਰਾ ਬਣਾ ਲੈਂਦਾ ਹੈ, ਜਿੱਥੇ ਉਹ ਚੰਮ ਦੀਆਂ ਚਲਾ ਸਕਦਾ ਹੈ। ਇਸੇ ਘਰ ਨੂੰ ਬਾਅਦ ਵਿਚ ਡੇਰੇ ਦਾ ਰੂਪ ਦੇ ਦਿੱਤਾ ਜਾਂਦਾ ਹੈ।

ਇਹ ਡੇਰੇਦਾਰ ਆਪਣੇ ਧਰਮਾਂ ਦੀ ਪੂਰੀ-ਪੂਰੀ ਨੁਮਾਇੰਦਗੀ ਨਹੀਂ ਕਰਦੇ। ਇਨ੍ਹਾਂ ਨੂੰ ਇਕ ਤਾਂ ਆਪਣੇ ਧਰਮ ਦੀ ਮੁਕੰਮਲ ਸੂਝ ਨਹੀਂ ਹੁੰਦੀ। ਦੂਜਾ ਇਨ੍ਹਾਂ ਦੇ ਆਪਣੇ ਨਿੱਜੀ ਸਵਾਰਥ, ਧਰਮ ਦੀ ਦਿਸ਼ਾ ਤੇ ਦਸ਼ਾ ਵਿਚ ਵਿਗਾੜ ਪਾ ਦਿੰਦੇ ਹਨ। ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ, ਧਰਮ ਵਿਚ ਕਈ ਮਨਘੜਤ ਕਥਾਵਾਂ ਤੇ ਘਟਨਾਵਾਂ ਜੋੜ ਕੇ, ਉਸ ਦਾ ਹੁਲੀਆ ਹੀ ਬਦਲ ਦਿੰਦੇ ਹਨ। ਕਈ ਵਾਰੀ ਇਹ ਫ਼ਿਰਕੇ ਜਾਂ ਮੱਠ ਆਪਣੇ ਧਰਮ ਤੋਂ ਏਨੀ ਦੂਰ ਚਲੇ ਜਾਂਦੇ ਹਨ ਕਿ ਮੂਲ ਧਰਮ ਦੀ ਇਨ੍ਹਾਂ ਆਸ਼ਰਮਾਂ ਉੱਪਰ ਛਾਪ ਹੀ ਮੱਧਮ ਹੋ ਜਾਂਦੀ ਹੈ। ਇਹ ਕੋਈ ਨਵਾਂ ਹੀ ਧਰਮ ਲੱਗਣ ਲੱਗ ਪੈਂਦਾ ਹੈ। ਡੇਰਾ ਮੁਖੀਆ ਦੀ ਇਸ ਉੱਪਰ ਛਾਪ ਇਤਨੀ ਗੂੜੀ ਹੋ ਜਾਂਦੀ ਹੈ ਕਿ ਇਹ ਡੇਰਾ ਉਸ ਧਰਮ ਦੀ ਗਿਰਾਵਟ ਦਾ ਕਾਰਨ ਬਣਦਾ ਹੈ। ਇੱਥੇ ਧਰਮ ਦਾ ਨਾਮ ਲੈ ਕੇ ਕਈ ਕੁਕਰਮ ਕੀਤੇ ਜਾਂਦੇ ਹਨ। ਅਜਿਹੇ ਰੀਤਾਂ-ਰਿਵਾਜਾਂ ਨੂੰ ਪ੍ਰਮੁੱਖਤਾ ਜਾਂ ਪਹਿਲ ਦਿੱਤੀ ਜਾਂਦੀ ਹੈ, ਜਿਸ ਦਾ ਉਸ ਧਰਮ ਦੇ ਮੁੱਢਲੇ ਸਿਧਾਂਤਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਸ ਤਰ੍ਹਾਂ ਕਈ ਡੇਰੇ ਸਾਡੇ ਸਮਾਜ ਵਿਚ ਧਾਰਮਿਕ ਭ੍ਰਿਸ਼ਟਾਚਾਰ ਪੈਦਾ ਕਰਦੇ ਹਨ।

ਭਾਰਤ ਵਰਸ਼ ਵਿਚ ਅਨੇਕਾਂ ਡੇਰੇ ਹਨ। ਜਿੰਨ੍ਹਾਂ ਵਿਚੋਂ ਪ੍ਰਮੁੱਖ ਹਨ—ਸਤਿਯ ਸਾਂਈਂ ਬਾਬੇ ਦਾ ਆਸ਼ਰਮ, ਸਿਰਡੀ ਵਾਲੇ ਸਾਂਈਂ ਬਾਬੇ ਦਾ ਆਸ਼ਰਮ, ਰਾਧਾ ਸੁਆਮੀ ਡੇਰੇ, ਨਿਰੰਕਾਰੀ ਮੱਤ ਦੇ ਡੇਰੇ, ਬਾਪੂ ਆਸਾ ਰਾਮ ਦੇ ਹਜ਼ਾਰਾਂ ਆਸ਼ਰਮ, ਅਚਾਰੀਆ ਰਜਨੀਸ਼ ਦੇ ਆਸ਼ਰਮ, ਨਾਨਕਸਰ ਵਾਲਿਆਂ ਦੇ ਗੁਰਧਾਮ, ਸ੍ਰੀ ਰਵੀ ਸ਼ੰਕਰ ਦੇ ਆਸ਼ਰਮ, ਦਿਵਿਆ

ਜਯੋਤੀ ਆਸੂਤੋਸ਼ ਦੇ ਆਸ਼ਰਮ, ਨਾਮ ਰਹੀਮ ਗੁਰਮੀਤ ਦਾ ਡੇਰਾ ਸੱਚਾ ਸੌਦਾ ਅਤੇ ਇਨ੍ਹਾਂ ਦੀਆਂ ਸੈਂਕੜੇ ਸ਼ਾਖਾਵਾਂ। ਭਾਵੇਂ ਇਹ ਧਰਮ ਦੇ ਪ੍ਰਚਾਰਕਾਂ ਵਜੋਂ ਹੋਂਦ ਵਿਚ ਆਉਂਦੇ ਹਨ ਪ੍ਰੰਤੂ ਸਮੇਂ ਦੇ ਗੇੜ ਨਾਲ ਇਹ ਮਾਨਸਿਕ ਪ੍ਰਦੂਸ਼ਣ ਦੇ ਅੱਡੇ ਬਣ ਕੇ ਰਹਿ ਜਾਂਦੇ ਹਨ।

ਇਹ ਡੇਰੇ ਪੱਕੇ ਪੈਰਾਂ ਤੇ ਖੜ੍ਹੇ ਹਨ। ਇਨ੍ਹਾਂ ਦੀਆਂ ਜੜ੍ਹਾਂ ਤੇ ਜਰਾਸੀਮ ਸਾਡੇ ਸਮਾਜ ਵਿਚ ਜਗ੍ਹਾ-ਜਗ੍ਹਾ ਫੈਲੇ ਹੋਏ ਹਨ। ਇਨ੍ਹਾਂ ਦੇ ਡੇਰੇਦਾਰ ਅਕਸਰ ਬਹੁਤ ਚਾਤਰ ਤੇ ਛਾਤਰ ਬੁੱਧੀ ਦੇ ਮਾਲਕ ਹੁੰਦੇ ਹਨ। ਸਾਧਾਰਨ ਲੋਕਾਂ ਨਾਲੋਂ ਦਸ ਗੁਣਾਂ ਚੁਸਤ-ਚਲਾਕ ਭਲਾਮਾਣਸ ਕਦੀ ਡੇਰਾ ਸਥਾਪਤ ਨਹੀਂ ਕਰ ਸਕਦਾ। ਜੇਕਰ ਕਰ ਵੀ ਲਵੇ ਤਾਂ ਉਸ ਨੂੰ ਜਲਦੀ ਹੀ ਗੱਦੀਓਂ ਲਾਹ ਕੇ ਕੋਈ ਹਰਫ਼ਨ ਮੌਲਾ ਅੱਗੇ ਆ ਜਾਵੇਗਾ। ਇਸੇ ਲਈ ਬਹੁਤੇ ਡੇਰੇਦਾਰ ਸਿਆਸੀ ਰੁਚੀਆਂ ਵਾਲੇ ਹੁੰਦੇ ਹਨ। ਉਹ ਸਿਆਸੀ ਦਲਾਂ ਦੀ ਵਿੱਤੀ ਮਦਦ ਕਰਕੇ ਆਪਣੇ ਸੇਵਕਾਂ ਦੇ ਲੱਖਾਂ ਵੋਟ ਕਿਸੇ ਸਿਆਸੀ ਪਾਰਟੀ ਨੂੰ ਪਵਾ ਕੇ ਆਪਣੇ ਖੇਤਰ ਵਿਚ ਆਪਣਾ ਦਬ-ਦਬਾ ਕਾਇਮ ਰੱਖਦੇ ਹਨ। ਇਨ੍ਹਾਂ ਡੇਰਿਆਂ ਦੀ ਸੁਰੱਖਿਆ ਦੇ ਪ੍ਰਬੰਧ ਬੜੇ ਮਜ਼ਬੂਤ ਹੁੰਦੇ ਹਨ। ਹਰ ਇਕ ਡੇਰੇਦਾਰ ਨੇ ਆਪਣੀ ਵਿੱਤ ਅਨੁਸਾਰ ਆਪਣੇ ਅੰਗ-ਰੱਖਿਅਮਕ ਰੱਖੇ ਹੁੰਦੇ ਹਨ। ਜਦੋਂ ਡੇਰੇਦਾਰ ਵਿਰੁੱਧ ਕੋਈ ਕੁੱਤਾ-ਬਿੱਲਾ ਭੌਂਕਣਾ ਸ਼ੁਰੂ ਕਰੇ, ਇਹ ਉਸ ਦਾ ਮੂੰਹ ਤੋੜਵਾਂ ਜਵਾਬ ਦਿੰਦੇ ਹਨ। ਦੂਜੇ ਡੇਰੇ ਵਾਲਿਆਂ ਨਾਲ ਲੜਾਈ ਵੇਲੇ ਇਨ੍ਹਾਂ ਸ਼ਰਧਾਲੂ ਰੱਖਿਅਕਾਂ ਦੀ ਫੌਜ ਬਹੁਤ ਸਰਗਰਮ ਹੁੰਦੀ ਹੈ। ਮਰਜੀਵੜਿਆਂ ਵਾਂਗ ਲੜਦੀ ਹੈ। ਇਨ੍ਹਾਂ ਡੇਰਿਆਂ ਦੀ ਆਪਸੀ ਖਿੱਚੋਤਾਣ ਇਨ੍ਹਾਂ ਦੀਆਂ ਅੰਦਰੂਨੀ ਕਮਜ਼ੋਰੀਆਂ ਨੂੰ ਲੋਕਾਂ ਸਾਹਮਣੇ ਨੰਗਿਆਂ ਕਰਦੀ ਹੈ। ਇਸ ਲਈ ਸਮੇਂ ਦੇ ਗੇੜ ਨਾਲ ਇਨ੍ਹਾਂ ਡੇਰਿਆਂ ਦੀ ਗੁੱਡੀ ਚੜ੍ਹਦੀ ਲੱਥਦੀ ਰਹਿੰਦੀ ਹੈ। ਬਾਪੂ ਆਸਾ ਰਾਮ ਦੀ ਮਿਸਾਲ ਸਭ ਦੇ ਸਾਹਵੇਂ ਹੈ।

ਡੇਰੇ ਸਿਆਸਤ ਦਾ ਗੜ੍ਹ ਹਨ। ਸਾਡੇ ਰਜਸੀ ਦਲਾਂ ਦੇ ਪ੍ਰਮੁੱਖ ਨੇਤਾ ਚੋਣਾਂ ਵੇਲੇ ਇਨ੍ਹਾਂ ਡੇਰਿਆਂ ਵੱਲ ਇਮਦਾਦ ਲਈ ਦੌੜਦੇ ਹਨ ਤੇ ਇਹ ਡੇਰੇਦਾਰ ਆਪਣੇ ਅਸ਼ੀਰਵਾਦ ਨਾਲ ਪਾਰਟੀਆਂ ਨੂੰ ਜਿਤਾਉਂਦੇ, ਹਰਾਉਂਦੇ ਹਨ। ਸਿਆਸਤ ਤੇ ਦੌਲਤ ਮਗਰ ਲਗਾ ਕੇ ਇਹ ਡੇਰੇ ਆਪਣੇ ਮੁੱਢਲੇ ਧਰਮ ਤੋਂ ਕੋਹਾਂ ਦੂਰ ਚਲੇ ਜਾਂਦੇ ਹਨ। ਇਹ ਪ੍ਰਵਿਰਤੀਆਂ ਧਰਮ ਦੀ ਆਤਮਾ ਦੇ ਵਿਰੁੱਧ ਹਨ। ਹੌਲੀ-ਹੌਲੀ ਧਰਮ ਇਨ੍ਹਾਂ ਡੇਰਿਆਂ ਤੋਂ ਖੰਭ ਲਾ ਕੇ ਉੱਡ ਜਾਂਦਾ ਹੈ। ਲੜਨ-ਭਿੜਨ ਵੀ ਧਰਮ ਦੇ ਮੁੱਢਲੇ ਅਸੂਲਾਂ ਦੇ ਬਰਖਿਲਾਫ਼ ਹੈ। ਧਰਮ ਲੜਾਉਂਦੇ ਨਹੀਂ, ਗਲੇ ਲਗਾਉਂਦੇ ਹਨ। ਇਸ ਲਈ ਇਨ੍ਹਾਂ ਡੇਰਿਆਂ ਵਿਚ ਧਰਮਾਂ ਦਾ ਪ੍ਰਚਾਰ ਨਹੀਂ ਹੁੰਦਾ ਸਗੋਂ ਆਪਣੇ ਮਨੋਰਥਾਂ ਤੇ ਸਿਆਸਤਾਂ ਦੀ ਪੂਰਤੀ ਹੁੰਦੀ ਹੈ। ਜਦੋਂ ਸ਼ੋਹਰਤ ਮਕਬੂਲੀਅਤ ਦੇ ਦੌਲਤ ਕਾਫ਼ੀ ਇਕੱਤਰ ਹੋ ਜਾਂਦੀ ਹੈ ਤਾਂ ਇਹ ਡੇਰੇਦਾਰ ਸਿਆਸਤ ਵਿਚ ਕੁੱਦ ਕੇ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੁੰਦੇ ਹਨ। ਇਸ ਲਈ ਇਨ੍ਹਾਂ ਦੀ ਧਾਰਮਿਕ ਯਾਤਰਾ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਆ ਕੇ ਸੰਪੂਰਨ ਹੁੰਦੀ ਹੈ। ਡੇਰੇਦਾਰਾਂ ਤੇ ਸਿਆਸੀ ਨੇਤਾਵਾਂ ਦੀ ਆਪਸੀ ਪੂਰੀ ਗਿਟਮਿਟ ਹੈ। ਇਸੇ ਕਰਕੇ ਡੇਰਾਵਾਦ ਇਕ ਗੰਭੀਰ ਤੇ ਦੀਰਘ ਰੋਗ ਬਣ ਗਿਆ ਹੈ। ਸਾਡੇ ਧਰਮਾਂ ਵਿਚ ਜੋ

ਭ੍ਰਿਸ਼ਟਾਚਾਰ ਆਇਆ ਹੈ। ਉਹ ਇਨ੍ਹਾਂ ਬੰਦਿਆਂ ਦੀ ਮਿਹਰਬਾਨੀ ਕਾਰਨ ਹੀ ਹੋਂਦ ਵਿਚ ਆਇਆ ਹੈ। ਅਸਲ ਵਿਚ ਧਰਮ ਦੀ ਜੜ੍ਹਾਂ ਵਿਚ ਤੇਲ ਦੇਣ ਵਾਲੇ ਇਹ ਡੇਰੇਦਾਰ ਸਾਧ, ਸੰਤ, ਸਵਾਮੀ ਹੀ ਹੁੰਦੇ ਹਨ।

ਸਿੱਖ ਜਗਤ ਵਿਚ ਵੀ ਅਨੇਕਾਂ ਡੇਰੇ ਹਨ। ਇਹ ਮੁੱਢਲੇ ਤੌਰ ਤੇ ਸਿੱਖੀ ਦੇ ਪ੍ਰਚਾਰ ਕੇਂਦਰ ਸਨ ਪਰ ਹੁਣ ਇਹ ਸ਼ਕਸੀ ਪੂਜਾ ਦੇ ਕੇਂਦਰਾਂ ਵਿਚ ਤਬਦੀਲ ਹੋ ਚੁੱਕੇ ਹਨ। ਸਿੱਖੀ ਦਾ ਪ੍ਰਚਾਰ ਇਨ੍ਹਾਂ ਦੀ ਪ੍ਰਾਥਮਕਤਾ ਨਹੀਂ ਹੈ। ਇਹ ਲੋਕ ਕਈ ਵਾਰ ਮਨਘੜਤ ਤੇ ਪਰਾਣਿਕ ਸਾਖੀਆਂ ਸਿੱਖੀ ਨਾਲ ਜੋੜ ਕੇ ਸਿੱਖੀ ਦੇ ਸਿਧਾਂਤਾਂ ਨੂੰ ਸੱਟ ਮਾਰਦੇ ਹਨ। ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਦਾ ਇਨ੍ਹਾਂ ਉੱਪਰ ਨਿਯੰਤਰਨ ਹੋਣਾ ਲਾਜ਼ਮੀ ਹੈ ਪਰ ਕਈ ਵਾਰ ਉਲਟੀ ਗੰਗਾ ਵੀ ਵਹਿ ਜਾਂਦੀ ਹੈ। ਸਾਡੇ ਧਰਮ ਦੇ ਪਹਿਰੇਦਾਰਾਂ ਨੂੰ ਵੀ ਸੁਚੇਤ ਹੋਣ ਦੀ ਸਖਤ ਲੋੜ ਹੈ।

# ਮਿੱਟੀ ਦੇ ਮਾਧੋ ਸਿੱਖ

ਸਿੱਖਾਂ ਬਾਰੇ ਕਈ ਧਾਰਨਾਵਾਂ ਜਗਤ ਪ੍ਰਸਿੱਧ ਹਨ। ਸਿੱਖ ਗ਼ਦਾਰ ਨਹੀਂ ਹੋ ਸਕਦੇ। ਸਿੱਖ ਮੰਗਤੇ ਨਹੀਂ ਹੋ ਸਕਦੇ। ਗੁਰੂ ਦੇ ਸਿੱਖ ਬੁਜ਼ਦਿਲ ਤੇ ਕਮੀਨੇ ਨਹੀਂ ਹੋ ਸਕਦੇ। ਬੇਈਮਾਨੀ ਤੇ ਅਕ੍ਰਿਤਘਣ ਨਹੀਂ ਹੋਣਗੇ। ਇਸ ਲਹਿਜ਼ੇ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਮਿੱਟੀ ਦੇ ਮਾਧੋ ਨਹੀਂ ਹੋਣਗੇ। ਸਿੱਖਾਂ ਨੂੰ ਵੇਖਦਿਆਂ ਹੀ ਜ਼ਾਲਮਾਂ ਦੀਆਂ ਲੱਤਾਂ ਕੰਬਣ ਲੱਗ ਪੈਂਦੀਆਂ ਸਨ। ਇਹੀ ਸਿੱਖ ਸਨ ਜਿੰਨ੍ਹਾਂ ਦਾ ਨਾਮ ਲੈ ਕੇ ਪਠਾਣੀਆਂ ਆਪਣੇ ਬੱਚਿਆਂ ਨੂੰ ਵਰਾਉਂਦੀਆਂ ਸਨ। ਜੇਕਰ ਕੋਈ ਸਿੱਖੀ ਭੇਸ ਵਿਚ ਇਨ੍ਹਾਂ ਧਾਰਨਾਵਾ ਦੇ ਉਲਟ ਭੁਗਤਾ ਹੈ ਤਾਂ ਉਸ ਨੂੰ ਸੀਰਤ ਵਾਲਾ ਸਿੱਖ ਨਹੀਂ ਸਮਝਿਆ ਜਾ ਸਕਦਾ ਹੈ। ਸਿੱਖਾਂ ਦੇ ਜਲਵੇ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਹ ਲੱਖ ਤੋਂ ਵੱਧ ਗ਼ੈਰ ਸਿੱਖ ਸਿੱਖੀ ਧਾਰਨ ਕਰ ਚੁੱਕੇ ਸਨ। ਸਿੱਖ ਰਾਜ ਦਾ ਪਤਨ ਹੁੰਦਿਆਂ ਹੀ ਇਹ ਲੋਕ ਰਾਤੋ-ਰਾਤ ਵਾਪਿਸ ਆਪਣੇ ਮੁੱਢਲੇ ਧਰਮਾਂ ਵਿਚ ਚਲੇ ਗਏ। ਅਜਿਹੇ ਮੌਕਾ ਪ੍ਰਸਤ, ਤੈ ਤੇਜਾ ਸਿੰਘ ਜਾਂ ਲਾਲ ਸਿੰਘ ਜਾਂ ਧਿਆਨ ਸਿੰਘ ਵਰਗਿਆਂ ਨੂੰ ਸਿੱਖਾਂ ਦੀ ਸੂਚੀ ਵਿਚ ਸ਼ਾਮਿਲ ਕਰਨਾ ਇਕ ਇਤਿਹਾਸਕ ਭੁੱਲ ਹੈ। ਸਿੱਖਾਂ ਵਿਚ ਇਕ ਵਿਸ਼ੇਸ਼ ਤਸੀਰ ਹੁੰਦੀ ਹੈ ਜੋ ਹਾਰੀ ਸਾਰੀ ਕੌਮ ਵਿਚ ਨਹੀਂ ਹੁੰਦੀ। ਰੂੜੀਆਂ ਤੇ ਫਿਰਨ ਵਾਲਿਆਂ ਨੂੰ ਪਟਾ ਪਾ ਕੇ ਸ਼ਿਕਾਰੀ ਨਹੀਂ ਬਣਾਇਆ ਜਾ ਸਕਦਾ।

ਅਜੋਕੇ ਭਾਰਤ ਦੀ ਸਿਰਜਣਾ ਵਿਚ ਸਿੱਖਾਂ ਦਾ ਵਿਸ਼ੇਸ਼ ਯੋਗਦਾਨ ਹੈ। ਅਜ਼ਾਦੀ ਦੀ ਲੜਾਈ ਵਿਚ ਸਿੱਖਾਂ ਨੇ ਇਕ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਹੈ। ਸਭ ਤੋਂ ਵਧੇਰੇ ਕੁਰਬਾਨੀਆਂ ਤੇ ਸ਼ਹਾਦਤਾਂ ਸਿੱਖਾਂ ਨੇ ਹੀ ਦਿੱਤੀਆਂ ਹਨ। ਭਾਰਤ ਦੇ ਲੋਕ ਸਿੱਖਾਂ ਦੇ ਪਰੰਪਰਾਵਾਦੀ ਕਿਰਦਾਰ ਤੇ ਵਿਹਾਰ ਤੋਂ ਭਲੀ ਭਾਂਤ ਜਾਣੂੰ ਹਨ। ਉਹ ਸਿੱਖਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਉਹ ਤਾਂ ਸਿੱਖਾਂ ਨੂੰ ਕਾਬੂ ਵਿਚ ਰੱਖਣ ਦੀਆਂ ਸਕੀਮਾਂ ਘੜਦੇ ਰਹਿੰਦੇ ਹਨ। ਸਿੱਖਾਂ ਵਿਚ ਸਿਆਸੀ ਸੂਝ ਦੀ ਘਾਟ ਕਾਰਨ ਉਹ ਸਿੱਖਾਂ ਨੂੰ ਕਿਸੇ ਨਾ ਕਿਸੇ ਸਮੱਸਿਆ ਵਿਚ ਉਲਝਾਈ ਰੱਖਦੇ ਹਨ ਤਾਂ ਕਿ ਸਿੱਖ ਦੇਸ਼ ਵਿਚ ਹੋ ਰਹੀ ਬੇਇਨਸਾਫ਼ੀ ਤੇ ਧੱਕੇਸ਼ਾਹੀ ਵਿਰੁੱਧ ਆਵਾਜ਼ ਨਾ ਉਠਾ ਸਕਣ। ਕਾਫ਼ੀ ਹੱਦ ਤੱਕ ਉਨ੍ਹਾਂ ਦੀ ਇਹ ਨੀਤੀ ਸਫ਼ਲ ਵੀ ਹੋਈ ਹੈ। ਇਸੇ ਕੜੀ ਵਿਚ ਚੰਡੀਗੜ੍ਹ ਤੇ ਭਾਖੜਾ ਡੈਮ ਤੇ ਪੰਜਾਬੀ ਬੋਲਦੇ ਕਈ ਇਲਾਕੇ ਪੰਜਾਬੋਂ ਬਾਹਰ ਰੱਖੇ ਗਏ। ਕੇਂਦਰੀ ਸਰਕਾਰ ਵਲੋਂ ਸਿੱਖਾਂ ਦਾ ਅਜਿਹਾ ਨੁਮਾਇੰਦਾ ਚੁਣਿਆ ਜਾਂਦਾ ਹੈ ਜਿਹੜ ਕੇਵਲ ਦਰਸ਼ਨੀ ਸਿੱਖ ਹੋਵੇ ਤੇ ਉਸ ਵਿਚ ਖਾਲਸਿਆਂ ਵਾਲੀ ਖਸਲਤ ਘੱਟ ਹੀ ਹੋਵੇ, ਚੋਣ ਵੇਲੇ ਇਨ੍ਹਾਂ ਦਾ ਡੰਗ ਕੱਢ

ਲਿਆ ਜਾਂਦਾ ਹੈ ਤਾਂ ਕਿ ਉਹ ਕਿਸੇ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪੁਚਾ ਸਕਣ। ਅਜਿਹੇ ਸਿੱਖਾਂ ਦੀ ਸੂਚੀ ਵਿਚ ਸ੍ਰ. ਬਲਦੇਵ ਸਿੰਘ, ਸ੍ਰ. ਮਵਰਨ ਸਿੰਘ, ਸ੍ਰ. ਗੁਰਦਿਆਨ ਸਿੰਘ ਢਿੱਲੋਂ, ਸ੍ਰ. ਦਰਬਾਰਾ ਸਿੰਘ ਤੇ ਗਿਆਨੀ ਜ਼ੈਲ ਸਿੰਘ ਆਉਂਦੇ ਹਨ। ਇਹ ਲੋਕ ਉੱਚ ਪਦਵੀਆਂ ਉੱਪਰ ਤਾਇਨਾਤ ਹੋ ਕੇ ਵੀ ਸਿੱਖਾਂ ਦਾ ਕੁਝ ਸਵਾਰ ਨਾ ਸਕੇ ਜਾਂ ਸਿੱਖ ਪੰਥ ਵਿਚ ਦਰਪੇਸ਼ ਸਮੱਸਿਆਵਾਂ ਵਿਚ ਕੋਈ ਦਿਲਚਸਪੀ ਲੈ ਨਾ ਸਕੇ। ਇਹ ਇੰਨ੍ਹਾਂ ਦੇ ਸੁਭਾਅ ਦੀ ਫ਼ਿਤਰਤ ਸੀ ਜਾਂ ਇਹ ਲੋਕ ਆਪਣੇ ਜਾਤੀ ਮੁਫ਼ਾਦਾਂ ਕਾਰਨ, ਸਿੱਖਾਂ ਦੀ ਸਹਾਇਤਾ ਕਰਕੇ ਆਪਣੇ ਆਪ ਨੂੰ ਫ਼ਿਰਕੂ ਜਾਂ ਗ਼ਦਾਰ ਨਹੀਂ ਕਹਾਉਣਾ ਚਾਹੁੰਦੇ ਸਨ।

ਅਜਿਹੇ ਸਿੱਖਾਂ ਬਾਰੇ ਸਿੱਖ ਜਗਤ ਵਿਚ ਘੋਰ ਨਿਰਾਸ਼ਾ ਪਾਈ ਗਈ। ਸਿੱਖਾਂ ਵਿਚ ਪ੍ਰਤਾਪ ਸਿੰਘ ਕੈਰੋਂ, ਬਾਬਾ ਖੜਕ ਸਿੰਘ, ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਜਥੇਦਾਰ ਟੌਹੜਾ, ਭਿੰਡਰਾਂਵਾਲਾ ਅਤੇ ਲਛਮਣ ਸਿੰਘ ਵਰਗੇ ਵੀ ਨਿਧੱੜਕ ਸਿਆਸੀ ਨੇਤਾ ਹੋਏ ਹਨ। ਇਨ੍ਹਾਂ ਨੂੰ ਆਪਣੇ ਕਾਰਜ ਕਾਲ ਵਿਚ ਆਪਣੀ ਬੇਬਾਕੀ ਦਲੇਰੀ ਤੇ ਕੁਰਬਾਨੀ ਦੀ ਧਾਂਕ ਜਮਾਈ ਸੀ। ਇਨ੍ਹਾਂ ਨੇ ਸਿੱਖੀ ਦਾ ਚਿਹਰਾ ਮੋਹਰਾ ਸੰਵਾਰਿਆ ਤੇ ਸਜਾਇਆ ਸੀ। ਇਸ ਦੇ ਉਲਟ ਗਿਆਨੀ ਜ਼ੈਲ ਸਿੰਘ ਵਰਗਿਆਂ ਨੇ ਤਾਂ ਚਿਮਚਾਗਿਰੀ ਦੀਆਂ ਸਿਖ਼ਰਾਂ ਛੂਹਣ ਦੀ ਕੋਸ਼ਿਸ਼ ਕੀਤੀ। ਸੰਜੇ ਗਾਂਧੀ ਦੀ ਲੱਥੀ ਚੱਪਲ ਹੱਥ ਨਾਲ ਫੜ ਕੇ ਫਿਰ ਉਸ ਦੇ ਪੈਰਾਂ ਉੱਤੇ ਟਿਕਾਉਣੀ ਕੇਵਲ ਗਿਆਨੀ ਜੀ ਦੇ ਸੁਭਾਅ ਦਾ ਹਿੱਸਾ ਸੀ। ਅਜਿਹੀ ਖੁਸ਼ਾਮਦੀ ਦੀ ਆਮ ਤੌਰ ਤੇ ਕੋਈ ਲੋੜ ਨਹੀਂ ਹੁੰਦੀ। ਰਾਸ਼ਟਰਪਤੀ ਦੀ ਚੋਣ ਮੁਹਿੰਮ ਵੇਲੇ ਗਿਆਨੀ ਜੀ ਨੇ ਫ਼ੁਰਮਾਇਆ ਸੀ ਕਿ ਆਪਣੇ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਲਈ ਝਾੜੂ ਵੀ ਲਗਾ ਸਕਦੇ ਹਨ। ਰਾਸ਼ਟਰਪਤੀ ਦੇ ਉੱਚੇ ਪਦ ਵਾਲੇ ਨੂੰ ਅਜਿਹੀ ਸੋਚ ਸ਼ੋਭਾ ਨਹੀਂ ਦਿੰਦੀ। ਲੋਕ ਸਿਆਸਤ ਵੀ ਕਰਦੇ ਹਨ ਤੇ ਆਪਣੇ ਕਿਰਦਾਰ ਨੂੰ ਨੀਵਾਂ ਜਾਂ ਹੌਲਾ ਨਹੀਂ ਹੋਣ ਦਿੰਦੇ।

ਅਜ਼ਾਦੀ ਮਿਲਣ ਤੋਂ ਇਕ ਵਰ੍ਹਾ ਪਹਿਲਾਂ ਸ੍ਰ. ਬਲਦੇਵ ਸਿੰਘ ਸਿੱਖਾਂ ਦਾ ਨੁਮਾਇੰਦਾ ਬਣ ਕੇ ਪੰਡਿਤ ਨਹਿਰੂ ਤੇ ਜਿਨਾਹ ਨਾਲ ਲੰਡਨ ਗਿਆ ਸੀ। ਉੱਥੇ ਸ੍ਰੀ ਚਰਚਿਲ ਨੇ ਗੱਲਬਾਤ ਉਪਰੰਤ ਸ੍ਰ. ਬਲਦੇਵ ਸਿੰਘ ਨੂੰ ਵਿਸ਼ੇਸ਼ ਗੱਲਬਾਤ ਲਈ ਹੋਰ ਲੰਡਨ ਵਿਚ ਠਹਿਰਨ ਦੀ ਸਲਾਹ ਦਿੱਤੀ। ਪਰ ਸ੍ਰ. ਬਲਦੇਵ ਸਿੰਘ ਨੇ ਪੰਡਿਤ ਨਹਿਰੂ ਨੂੰ ਖੁਸ਼ ਕਰਨ ਲਈ, ਇਹ ਗੱਲ ਉਸ ਨੇ ਪੰਡਿਤ ਨਹਿਰੂ ਨਾਲ ਸਾਂਝੀ ਕੀਤੀ, ਤੇ ਬਿਨਾ ਮਿਸਟਰ ਚਰਚਿਲ ਨੂੰ ਮਿਲਿਆ ਭਾਰਤ ਪਰਤ ਆਏ। ਸਿੱਖਾਂ ਦੀ ਗੱਲਬਾਤ ਅੱਧਵਾਟੇ ਹੀ ਰਹਿ ਗਈ। ਸਾਡੀ ਸਿਆਸੀ ਸੂਝ-ਬੂਝ ਦਾ ਜਨਾਜ਼ਾ ਨਿਕਲ ਕੇ ਰਹਿ ਗਿਆ। ਸਿੱਖ ਕਦੀ ਵੀ ਬਾਹਮਣਵਾਦ ਦੇ ਸ਼ਿਕੰਜੇ ਵਿਚੋਂ ਨਿਕਲ ਨਾ ਸਕੇ। ਬਾਅਦ ਵਿਚ ਮਰਨ ਤੋਂ ਪਹਿਲਾਂ ਬਲਦੇਵ ਸਿੰਘ ਨੇ ਇਹ ਚਰਚਿਲ ਵਾਲੀ ਗੱਲ ਆਪਣੇ ਨਿੱਜੀ ਦੋਸਤਾਂ ਨਾਲ ਸਾਂਝੀ ਕੀਤੀ ਤੇ ਪਛਤਾਇਆ। ਪਰ ਹੁਣ ਪਛਤਾਉਣ ਦਾ ਕੀ ਫ਼ਾਇਦਾ ਹੋਣਾ ਸੀ ? ਸੱਸੀਏ ਤੇਰਾ ਲੁੱਟਿਆ ਗਿਆ ਸ਼ਹਿਰ ਭੰਬੋਰ।

ਪੰਜਾਬੀ ਸੂਬੇ ਦੀ ਲਹਿਰ ਵੇਲੇ ਜਦੋਂ ਅਨੇਕਾਂ ਕੁਰਬਾਨੀਆਂ ਤੇ ਖੂਨ ਖਰਾਬੇ ਬਾਅਦ ਪੰਜਾਬੀ ਸੂਬੇ ਦਾ ਐਲਾਨ ਹੋਇਆ ਤਾਂ ਸਿੱਖਾਂ ਦੇ ਨੇਤਾ ਜਿਸ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਨਹੀ ਮਰਨ ਵਰਤ ਰੱਖਿਆ ਸੀ ਤੇ ਸੜ ਮਰਨ ਦੀ ਸੌਂਹ ਖਾ ਰੱਖੀ ਸੀ, ਉਹ

ਅਚਾਨਕ ਕਿਸੇ ਜਾਤੀ ਕੰਮ ਲਈ ਲੰਡਨ ਚਲਾ ਗਿਆ। ਇਹ ਸਿਆਸੀ ਸੂਝ ਦੀ ਕਮੀ ਕਾਰਨ ਹੋਇਆ। ਅਜਿਹੇ ਸਿੱਖਾਂ ਨੂੰ ਮਿੱਟੀ ਦੇ ਮਾਧੋ ਨਾ ਆਖੀਏ ਤਾਂ ਕੀ ਆਖੀਏ ? 'ਕਾਰਵਾਂ ਗੁਜ਼ਰ ਗਿਆ, ਗੁਬਾਰ ਦੇਖਤੇ ਰਹੇ।'

ਜਦੋਂ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਹੋਣ ਦੇ ਨਾਤੇ ਭਾਰਤ ਦੀਆਂ ਫੌਜਾਂ ਦਾ ਮੁੱਖ ਕਮਾਂਡਰ ਸੀ, ਉਸ ਵਕਤ ਉਸ ਦੀ ਇਜਾਜ਼ਤ ਬਗੈਰ ਸਿੱਖਾਂ ਦੇ ਮੱਕੇ ਉੱਪਰ ਚੜ੍ਹਾਈ ਕੀਤੀ ਗਈ। ਅਕਾਲ ਤਖ਼ਤ ਨੂੰ ਤਹਿਸ-ਨਹਿਸ ਕੀਤਾ ਗਿਆ। ਹਜ਼ਾਰਾਂ ਸਿੱਖਾਂ ਦੀ ਹੱਤਿਆ ਕੀਤੀ ਗਈ ਤੇ ਹੋਰ ਹਜ਼ਾਰਾਂ ਜੇਲ੍ਹਾਂ ਵਿਚ ਡੱਕੇ ਗਏ ਪਰ ਗਿਆਨੀ ਜੀ ਫਿਰ ਵੀ ਰਾਸ਼ਟਰਪਤੀ ਭਵਨ ਵਿਚ ਡਟੇ ਰਹੇ। ਜੇਕਰ ਉਹ ਗੁਰੂ ਦਾ ਖ਼ਾਲਸਾ ਸਿੱਖ ਹੁੰਦਾ ਤਾਂ ਇਕ ਮਿੰਟ ਵੀ ਉੱਥੇ ਨਾ ਠਹਿਰਦਾ। ਜੇਕਰ ਉਹ ਅਸਤੀਫ਼ਾ ਦੇ ਦਿੰਦਾ ਤਾਂ ਸਿੱਖ ਇਤਿਹਾਸ ਵਿਚ ਉਸ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਣਾ ਸੀ। ਅਜਿਹਾ ਕਾਰਨਾਮਾਂ ਉਸ ਦੇ ਨਸੀਬਾਂ ਵਿਚ ਨਹੀਂ ਸੀ। ਮਿੱਟੀ ਦੇ ਮਾਧੋ ਅਜਿਹਾ ਨਹੀਂ ਕਰ ਸਕਦੇ। ਸਿੱਖੀ ਸਿਦਕ ਦੀ ਘਾਟ ਕਾਰਨ ਗਿਆਨੀ ਜੀ ਅਜਿਹਾ ਨਾ ਕਰ ਸਕੇ।

ਸਰਦਾਰ ਸਵਰਨ ਸਿੰਘ, ਗੁਰਦਿਆਲ ਸਿੰਘ ਢਿੱਲੋਂ ਤੇ ਸ੍ਰ. ਹੁਕਮ ਸਿੰਘ ਅਜਿਹੇ ਹੀ ਢਿੱਲੇ ਤੇ ਸਾਊ ਸਿੱਖ ਸਨ। ਉਨ੍ਹਾਂ ਵਿਚ ਪਰੰਪਰਾਵਾਦੀ ਸਿੱਖੀ ਆਨ ਤੇ ਅਣਖ ਦੀ ਕਮੀ ਸੀ। ਉਹ ਆਪਣੇ ਹਮਾਇਤੀਆਂ ਦੇ ਕੰਮ ਕਰਨ ਵੇਲੇ ਵੀ ਮੱਥੇ ਉੱਤੇ ਤਿਊੜੀਆਂ ਪਾ ਲੈਂਦੇ ਸਨ। ਕਿਸੇ ਦਾ ਵੀ ਖੁਸ਼ ਹੋ ਕੇ ਕੰਮ ਨਹੀਂ ਸਨ ਕਰਦੇ। ਕੇਂਦਰੀ ਸਰਕਾਰ ਨੂੰ ਤਾ ਅਜਿਹੇ ਸਿੱਖ ਬਹੁਤ ਰਾਸ ਆਉਂਦੇ ਸਨ ਪਰ ਇਨ੍ਹਾਂ ਸਿੱਖਾਂ ਨੇ ਸਿੱਖੀ ਦੇ ਪਰੰਪਰਾਵਾਦੀ ਕਿਰਦਾਰ ਨੂੰ ਡਾਹਢੀ ਸੱਟ ਲਾਈ। ਇਹ ਤਿੰਨੇਂ ਸਰਦਾਰ ਸਿੱਖੀ ਨਾਲੋਂ ਆਪਣੇ ਆਕਾਵਾ ਦੇ ਵਧੇਰੇ ਤਾਬੇਦਾਰ ਸਨ।

ਅੰਗਰੇਜ਼ੀ ਰਾਜ ਵੇਲੇ ਜੋ ਮੌਕਾ ਪ੍ਰਸਤ ਸਰਕਾਰ ਅੰਗਰੇਜ਼ਾਂ ਦੇ ਹੱਥ ਠੋਕੇ ਬਣ ਕੇ, ਜਗੀਰਾਂ ਮਾਣਦੇ ਰਹੇ। ਉਨ੍ਹਾਂ ਨੇ ਆਲਮੀ ਜੰਗ ਦੌਰਾਨ ਅੰਗਰੇਜ਼ੀ ਸਰਕਾਰ ਨੂੰ ਵੱਧ ਤੋਂ ਵੱਧ ਭਰਤੀ ਦਿੱਤੀ ਅਤੇ ਸਰਕਾਰ ਦੀ ਡੱਟ ਕੇ ਮਦਦ ਕੀਤੀ। ਇਹ ਲੋਕ ਦੇਸ਼ ਭਗਤ ਸਰਦਾਰਾਂ ਦੀ ਮੁਖ਼ਬਰੀ ਕਰਦੇ ਤੇ ਉਨ੍ਹਾਂ ਨੂੰ ਕੈਦ ਕਰਵਾਉਣਾ ਆਪਣਾ ਕੌਮੀ ਫਰਜ਼ ਸਮਝਦੇ ਸਨ। ਸਾਡੇ ਚੀਫ਼ ਖਾਲਸਾ ਦੀਵਾਨ ਦੇ ਸਿੱਖ ਵੀ ਬਹੁਤਾ ਅੰਗਰੇਜ਼ਾਂ ਦੇ ਪ੍ਰਛਾਵੇਂ ਬਣ ਕੇ ਵਿਚਰਦੇ ਰਹੇ। ਅਜਿਹੇ ਲੋਕਾਂ ਹੀ ਜਨਰਲ ਡਾਇਰ ਨੂੰ ਜਲਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਬਾਅਦ ਹਰਿਮੰਦਰ ਸਾਹਿਬ ਬੁਲਾ ਕੇ ਉਸ ਦਾ ਸਨਮਾਨ ਕੀਤਾ ਸੀ। ਅਜਿਹੇ ਸਿੱਖ ਸਰਦਾਰਾਂ ਨੇ ਮਹੰਤਾਂ ਦੀ ਹਮਾਇਤ ਕਰਕੇ ਸਿੱਖੀ ਹਿਰਦਿਆਂ ਨੂੰ ਵਲੂੰਧਰਿਆ ਸੀ। ਅਜਿਹੇ ਸਿੱਖਾਂ ਹੀ ਨੀਲਾ ਤਾਰਾ ਸਾਕਾ ਤੇ ਦਿੱਲੀ ਵਿਚ ਸਿੱਖਾਂ ਦੀ ਨਸਲਕੁਸ਼ੀ ਵੇਲੇ ਕੌਮ ਦੇ ਹਿੱਤ ਵਿਚ ਅਵਾਜ਼ ਨਹੀਂ ਉਠਾਈ ਸੀ। ਇਨ੍ਹਾਂ ਵਧੀਕੀਆਂ ਉਪਰੰਤ ਵੀ ਉਹ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ।

ਸਾਡੇ ਮੌਜੂਦਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵੀ ਅਜਿਹੇ ਕਮਜ਼ੋਰ ਸਿੱਖਾਂ ਦੀ ਸੂਚੀ ਵਿਚ ਹੀ ਦਰਜ਼ ਹਨ। ਭਾਵੇਂ ਇਹ ਸ਼ਕਸ ਪਾਠ ਪੂਜਾ ਕਰਦੇ ਅਤੇ ਸਿੱਖੀ ਸੂਰਤ ਵਿਚ ਬਿਰਾਜਮਾਨ ਹਨ ਪਰੰਤੂ ਇਨ੍ਹਾਂ ਵਿਚ ਦਸ਼ਮੇਸ਼ ਜੀ ਦੇ ਸਿੱਖਾਂ ਵਾਲੀ

ਤਾਸੀਰ ਨਹੀਂ। ਡਾਕਟਰ ਸਾਹਿਬ ਭ੍ਰਿਸ਼ਟ ਤੇ ਸਵਾਰਥੀ ਮੰਤਰੀਆਂ ਨਾਲ ਘਿਰੇ ਹੋਏ ਹਨ ਤੇ ਹਰੇਕ ਕਾਰਜ ਸ੍ਰੀਮਤੀ ਸੋਨੀਆ ਗਾਂਧੀ ਤੇ ਰਾਹਲ ਗਾਂਧੀ ਦੀ ਮਰਜ਼ੀ ਮੁਤਾਬਿਕ ਹੀ ਕਰਦੇ ਹਨ। ਇਹ ਕਾਰਜ ਭਾਵੇਂ ਲੋਕ ਵਿਰੋਧੀ ਵੀ ਕਿਉਂ ਨਾ ਹੋਣ, ਡਾਕਟਰ ਸਾਹਿਬ ਇਨ੍ਹਾਂ ਦੀ ਪ੍ਰੋੜਤਾ ਅੱਖਾਂ ਮੀਟ ਕੇ ਕਰੀ ਜਾ ਰਹੇ ਹਨ। ਜੇਕਰ ਡਾਕਟਰ ਸਾਹਿਬ ਦੀ ਆਪਣੀ ਕੈਬਨਿਟ ਵਿਚ ਨਹੀਂ ਚੱਲਦੀ ਤਾਂ ਉਨ੍ਹਾਂ ਨੂੰ ਕੁਰਸੀ ਨਾਲ ਚਿੰਬੜੇ ਨਹੀਂ ਰਹਿਣਾ ਚਾਹੀਦਾ। ਅਸਤੀਫ਼ਾ ਦੇ ਕੇ ਇਹ ਪਦ ਤਿਆਗ ਦੇਣਾ ਚਾਹੀਦਾ ਹੈ ਪਰੰਤੂ ਅਜਿਹਾ ਸ਼ਾਇਦ ਉਹ ਕਰ ਨਹੀਂ ਸਕਣਗੇ। ਸਿੱਖਾਂ ਤੇ ਮਿੱਟੀ ਦੇ ਮਾਧੋ ਸਿੱਖਾਂ ਵਿਚ ਬਹੁਤ ਅੰਤਰ ਹੁੰਦਾ ਹੈ, ਜੋ ਪ੍ਰਤੱਖ ਰੂਪ ਵਿਚ ਨਜ਼ਰ ਆ ਰਿਹਾ ਹੈ।

ਬਹੁਤੇ ਸਿੱਖ ਜਦੋਂ ਸਰਕਾਰੀ ਅਹੁਦਿਆਂ ਉੱਪਰ ਬਿਰਾਜਮਾਨ ਹੋ ਜਾਂਦੇ ਹਨ ਤਾਂ ਉਹ ਸਿੱਖੀ ਨਾਲੋਂ ਆਪਣੀ ਕੁਰਸੀ ਦਾ ਵਧੇਰੇ ਖਿਆਲ ਰੱਖਦੇ ਹਨ। ਸਿੱਖੀ ਉਨ੍ਹਾਂ ਦੀ ਪ੍ਰਾਥਕਮਤਾ ਨਹੀਂ ਹੁੰਦੀ। ਉਹ ਗ਼ੈਰ ਸਿੱਖੀ ਕਦਮ ਚੁੱਕਣ ਤੋਂ ਗੁਰੇਜ਼ ਨਹੀਂ ਕਰਦੇ ਤਾਂ ਕਿ ਉਹ ਸੱਤਾ ਵਿਚ ਟਿਕੇ ਰਹਿਣ। ਸਾਡਾ ਧਰਮ ਮਾਨਵਵਾਦੀ ਅਸੂਲਾਂ ਤੇ ਆਧਾਰਿਤ ਹੈ। ਇਸ ਲਈ ਸਿੱਖੀ ਵਿਚ ਪਰਪੱਕ ਰਹਿ ਕੇ ਵੀ ਸਰਕਾਰੀ ਕੰਮ ਧੰਦੇ ਨਿਭਾਏ ਜਾ ਸਕਦੇ ਹਨ। ਸਿੱਖੀ ਧੱਕੇਸ਼ਾਹੀ, ਭ੍ਰਿਸ਼ਟਾਚਾਰ, ਬੇਈਮਾਨੀ ਤੇ ਜ਼ੁਲਮ ਦੇ ਖਿਲਾਫ਼ ਹੈ। ਇਨ੍ਹਾਂ ਗ਼ੈਰ ਸਮਾਜਿਕ ਗਤੀਵਿਧੀਆਂ ਨੂੰ ਠੱਲ ਪਾਉਣ ਲਈ ਸਹੀ ਸਰਕਾਰਾਂ ਹਮੇਸ਼ਾ ਯਤਨਸ਼ੀਲ ਰਹਿੰਦੀਆਂ ਹਨ। ਇਸ ਲਈ ਇਕ ਸਫ਼ਲ ਹੁਕਮਰਾਨ ਤੇ ਸਹੀ ਸਿੱਖ ਵਿਚ ਕੋਈ ਅੰਤਰ ਨਹੀਂ ਹੁੰਦਾ। ਮਿੱਟੀ ਦੇ ਮਾਧੋ ਸਿੱਖ ਬਣਨਾ, ਕਮਜ਼ੋਰ ਤੇ ਲਚਾਰ ਸਿੱਖ ਦੀ ਮਜ਼ਬੂਰੀ ਹੋ ਸਕਦੀ ਹੈ, ਕੋਈ ਪ੍ਰਾਪਤੀ ਨਹੀਂ।

# ਸਿੱਖੋ ਜੀਣਾ ਸਿੱਖੋ

ਧਰਮ ਜੀਵਨ ਜਾਂਚ ਦਾ ਦੂਸਰਾ ਨਾਮ ਹੈ। ਕਿਵੇਂ ਜੀਣਾ ਤੇ ਕਿਵੇਂ ਮਰਨਾ ਹੈ, ਇਹ ਦੋਹਵੇਂ ਸਬਕ ਹੀ ਧਰਮ ਪੜ੍ਹਾਂਦਾ ਹੈ। ਸਿੱਖ ਕੌਮ ਦੇ ਇਤਿਹਾਸ ਉੱਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਬਹੁਤੇ ਸਿੱਖ ਅਧੂਰਾ ਜੀਵਨ ਬਤੀਤ ਕਰਦੇ ਹਨ।

ਸਿੱਖ ਧਰਮ ਬੜੇ ਸੰਘਰਸ਼ ਤੋਂ ਨਿੱਤਰ ਕੇ ਮੌਜੂਦਾ ਰੂਪ ਵਿਚ ਆਇਆ ਹੈ। ਸਿੱਖ ਬਣਨਾ ਕੋਈ ਆਸਾਨ ਨਹੀਂ ਸੀ। ਕੋਈ ਅਣਖੀਲਾ ਇਨਸਾਨ ਹੀ ਸਿੱਖ ਬਣਨ ਦਾ ਸਾਹਸ ਜੁਟਾ ਸਕਦਾ ਸੀ। ਜ਼ੁਲਮ ਤੋਂ ਬਚਣ ਲਈ ਕੇਵਲ ਦੋ ਹੀ ਮਾਰਗ ਸਨ। ਇਕ ਮੁਸਲਮਾਨ ਬਣ ਜਾਓ ਤੇ ਦੂਜਾ ਸਿੱਖ ਬਣਨਾ। ਮੁਸਲਮਾਨ ਬਣਨਾਂ ਕਮਜ਼ੋਰੀ ਅਤੇ ਮੌਕਾ ਪ੍ਰਸਤੀ ਦੀ ਨਿਸ਼ਾਨੀ ਸੀ ਪਰੰਤੂ ਸਿੱਖ ਬਣਨਾ ਇਕ ਭਾਰੀ ਖਤਰਾ ਮੁੱਲ ਲੈਣ ਵਾਲੀ ਗੱਲ ਸੀ। ਸਿੱਖਾਂ ਦੀ ਗਿਣਤੀ ਸੰਸਾਰ ਵਿਚ ਥੋੜ੍ਹੀ ਹੈ ਕਿਉਂਕਿ ਫੁੱਲਾਂ ਨੂੰ ਛੱਡ ਕੇ ਕੰਡਿਆਂ ਨੂੰ ਗਲੇ ਲਗਾਣ ਵਾਲੇ ਘੱਟ ਹੀ ਹੁੰਦੇ ਹਨ। ਖੰਡਿਓਂ ਤਿੱਖੀ, ਵਾਲੋਂ ਨਿੱਕੀ, ਮੰਝਧਾਰ ਵਿਚੋਂ ਗੁਜ਼ਰਨਾ ਪੈਂਦਾ ਹੈ ਹਰ ਸਿੱਖ ਨੂੰ।

ਸਿੱਖੀ ਦੇ ਦੋ ਸਰੂਪ ਹਨ। ਇਕ ਸੰਤ ਤੇ ਦੂਜਾ ਸਿਪਾਹੀ। ਅਮਨ ਅਮਾਨ ਹੋਵੇ ਤਾਂ ਸਿੱਖਾਂ ਨੂੰ ਗੁਰੂ ਮਹਾਰਾਜ ਨੇ ਸੰਤ ਸਾਧਾਂ ਵਾਲਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਜੇਕਰ ਧਰਮ ਖਤਰੇ ਵਿਚ ਹੋਵੇ ਤਾਂ ਸਿੱਖ ਨੂੰ ਸਿਪਾਹੀ ਦਾ ਰੂਪ ਧਾਰਨ ਕਰਨ ਦਾ ਹੁਕਮ ਹੈ। ਹਰ ਸਿੱਖ ਨੂੰ ਤਿਆਰ-ਬਰ-ਤਿਆਰ ਰਹਿਣ ਦਾ ਪਾਠ ਪੜ੍ਹਾਇਆ ਜਾਂਦਾ ਹੈ। ਧਰਮ ਲਈ, ਕੌਮ ਲਈ, ਅਣਖ ਤੇ ਇਨਸਾਫ਼ ਲਈ ਮਰ ਮਿੱਟਣਾ ਹੈ। ਸਿੱਖਾਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਹੀ ਹੁੰਦਾ ਆਇਆ ਹੈ। ਸਿੱਖਾਂ ਨੂੰ ਜਾਨ ਪਿਆਰੀ ਨਹੀਂ, ਆਰਾਮ ਵਾਲਾ ਜੀਵਨ ਪਿਆਰਾ ਨਹੀਂ, ਲਾਲਚ ਤੇ ਤੋਹਫ਼ੇ ਪਿਆਰੇ ਨਹੀਂ। ਪਿਆਰ ਹੈ ਤਾਂ ਕੇਵਲ ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਐਲਾਨੇ ਜੰਗ ਅਤੇ ਇਹੀ ਗੁੜ੍ਹਤੀ ਦਸਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਦਿੱਤੀ ਹੈ।

ਸਿੱਖ ਦਾ ਬੜਾ ਸੁਨਹਿਰੀ ਤੇ ਗੌਰਵਮਈ ਇਤਿਹਾਸ ਹੈ। ਹਰ ਪੰਨੇ ਨੂੰ ਬਾਰ-ਬਾਰ ਪੜ੍ਹਨ ਨੂੰ ਦਿਲ ਕਰਦਾ ਹੈ, ਕੌਮ ਪ੍ਰਸਤੀ, ਇਨ੍ਹਾਂ ਵਿਚ ਕੁੱਟ-ਕੁੱਟ ਕੇ ਭਰੀ ਹੋਈ ਹੈ। ਸਿੱਖ ਕੋਈ ਗ਼ਦਾਰ ਨਹੀਂ ਹੋ ਸਕਦਾ। ਦੁਸ਼ਮਣ ਦਾ ਜਸੂਸ ਨਹੀਂ ਹੋ ਸਕਦਾ। ਭਾਈਮਾਰ ਤੇ ਦਗੇਬਾਜ਼ ਨਹੀਂ ਹੋ ਸਕਦਾ। ਜੇਕਰ ਕੋਈ ਅਜਿਹਾ ਸਿੱਖ ਹੈ ਤਾਂ ਉਹ ਸਿੱਖ ਨਹੀਂ, ਕੋਈ ਹੋਰ ਹੀ ਬੱਦਬਲਾਅ ਹੈ। ਸਿੱਖਾਂ ਦਾ ਇਕ ਵਿਸ਼ੇਸ਼ ਮੁਹਾਂਦਰਾ ਹੈ, ਇਸ ਨੂੰ ਰਲਦੇ-ਮਿਲਦੇ ਅਰਥੀਆਂ ਨਾਲ ਨਹੀਂ ਮਿਲਾਇਆ ਜਾ ਸਕਦਾ। ਸਿੱਖਾਂ ਦੇ ਮੁਹਾਂਦਰੇ ਵਿਚੋਂ

ਇਨਸਾਨੀ ਚਰਿੱਤਰ ਦੀ ਮਹਿਕ ਆਉਂਦੀ ਹੈ। ਪਰ ਅਫ਼ਸੋਸ ਹੈ ਕਿ ਅਜੋਕੇ ਯੁੱਗ ਵਿਚ ਸਿੱਖ ਆਪਣਾ ਮਾਣ-ਮੱਤਾ ਇਤਿਹਾਸ ਭੁੱਲ ਚੁੱਕੇ ਹਨ। ਉਨ੍ਹਾਂ ਵਿਚ ਉਹੀ ਕਮਜ਼ੋਰੀਆਂ ਉੱਭਰ ਰਹੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਗੁਰੂ ਸਾਹਿਬਾਨ ਨੇ ਸਿੱਖ ਪੰਥ ਉਸਾਰਿਆ ਸੀ। ਅਸੀਂ ਪਿਛਾਂਹ ਨੂੰ ਜਾ ਰਹੇ ਹਾਂ। ਸਾਡੇ ਕਈ ਭਾਰਾਵਾਂ ਦੀਆਂ ਕੋਝੀਆਂ ਹਰਕਤਾਂ ਵੇਖ ਕੇ ਇੰਝ ਲੱਗਦਾ ਹੈ ਕਿ ਇਨ੍ਹਾਂ ਵਿਚੋਂ ਸਿੱਖੀ ਦਾ ਸਾਇਆ ਉੱਡ-ਪੁੱਡ ਗਿਆ ਹੈ। ਇਹ ਵੇਖਣ ਨੂੰ ਤਾਂ ਸਿੱਖ ਹਨ ਪਰ ਕਰਤੂਤ ਸਿੱਖਾਂ ਵਾਲੀ ਨਹੀਂ ਹੈ। ਸਵਾਰਥ, ਲਾਲਚ ਤੇ ਪੈਸੇ ਦੀ ਦੌੜ ਵਿਚ ਸਾਡੇ ਹੱਥੋਂ ਸਿੱਖੀ ਨਿਕਲ ਰਹੀ ਹੈ। ਸਿੱਖੀ ਦੀ ਜਿਸ ਪਰੰਪਰਾਵਾਦੀ ਸ਼ਾਨ ਤੇ ਮਰਿਆਦਾ ਲਈ ਅਸੀਂ ਭਾਰਤ ਅਤੇ ਵਿਸ਼ਵ ਵਿਚ ਪ੍ਰਸਿੱਧ ਤੇ ਪ੍ਰਚੱਲਿਤ ਹਾਂ, ਉਹ ਅਦਾ, ਆਨ ਤੇ ਅਣਖ ਸਾਡੇ ਵਿਚੋਂ ਗੁੰਮ ਹੋ ਰਹੀ ਹੈ। ਕਈ ਵੇਰੀਂ ਤਾਂ ਢਾਂਚਾ ਹੀ ਨਜ਼ਰ ਆਉਂਦਾ ਹੈ। ਕਲਬੂਤ ਕਾਇਮ ਹੈ, ਰੂਪ ਉੱਡ-ਪੁੱਡ ਗਈ ਹੈ।

ਸਾਡੀਆਂ ਉੱਚੀਆਂ ਤੇ ਸੁੱਚੀਆਂ ਸੰਸਥਾਵਾਂ ਦਾਗੀ ਹੋ ਰਹੀਆਂ ਹਨ। ਸਿੱਖਾਂ ਦਾ ਰਾਜਨੀਤਕ ਦਲ, ਅਕਾਲੀ ਦਲ ਹੈ। ਅੱਜ ਇਕ ਸ਼੍ਰੋਮਣੀ ਅਕਾਲੀ ਦਲ ਦੀ ਜਗ੍ਹਾ, ਕਈ ਸਮਾਨ ਅੰਤਰ ਅਕਾਲੀ ਦਲ ਪਨਪ ਰਹੇ ਹਨ। ਬਾਈ ਮੰਜੀਆਂ ਵਾਂਗ ਹਰ ਕੋਈ ਆਪਣੇ ਆਪ ਨੂੰ ਖ਼ਰਾ ਤੇ ਦੂਜਿਆਂ ਨੂੰ ਖੋਟਾ ਦੱਸਦਾ ਹੈ। ਚੋਣ ਮਨੋਰਥ ਵੱਖਰੇ-ਵੱਖਰੇ ਹਨ, ਝੰਡੇ ਵੱਖਰੇ-ਵੱਖਰੇ ਹਨ ਤੇ ਇਨ੍ਹਾਂ ਪਿੱਛੇ ਵਿਚਾਰ ਧਾਰਾਵਾਂ ਵੱਖ-ਵੱਖ ਹਨ। ਚੋਣਾਂ ਦੌਰਾਨ ਆਪਸੀ ਲੜਾਈ ਝਗੜੇ ਤੇ ਦੂਸ਼ਣਬਾਜ਼ੀ, ਕੌਮ ਨੂੰ ਕਲੰਕਿਤ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਜੋ ਕਿ ਇਤਿਹਾਸਕ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਦੀ ਹੈ, ਇਕ ਅਖਿਲ ਭਾਰਤੀ ਗੁਰਦੁਆਰਾ ਐਕਟ ਬਣਾਉਣ ਵਿਚ ਅਸਮਰੱਥ ਰਹੀ ਹੈ। ਕਈ ਪ੍ਰਾਂਤਾਂ ਦੀਆਂ ਆਪਣੀਆਂ ਪ੍ਰਬੰਧਕ ਕਮੇਟੀਆਂ ਹਨ ਤੇ ਉਨ੍ਹਾਂ ਦਾ ਸ਼੍ਰੋਮਣੀ ਕਮੇਟੀ ਨਾਲ ਕੋਈ ਲੈਣ-ਦੇਣ ਨਹੀਂ ਹੈ। ਸਰਬ ਭਾਰਤੀ ਕਮੇਟੀ ਦੀ ਅੱਜ ਲੋੜ ਹੈ।

ਸ੍ਰੀ ਅਕਾਲ ਤਖ਼ਤ ਸਾਡੀ ਕੌਮ ਨੂੰ ਸੇਧ ਤੇ ਅਗਵਾਹੀ ਦੇਣ ਲਈ ਛੇਵੇਂ ਪਾਤਸ਼ਾਹ ਜੀ ਨੇ ਸਥਾਪਤ ਕੀਤਾ ਸੀ। ਇਸ ਤਖ਼ਤ ਨੇ ਸਿੱਖ ਕੌਮ ਨੂੰ ਕਈ ਸੰਕਟਾਂ ਵਿਚੋਂ ਸਹੀ ਸਲਾਮਤ ਬਾਹਰ ਕੱਢਿਆ ਹੈ। ਪਰੰਤੂ ਅੱਜ ਇਹ ਵੀ ਸਾਡੀਆਂ ਪਰੰਪਰਾਵਾਂ ਨਾਲ ਮੇਲ ਨਹੀਂ ਖਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਚੋਣ ਰਾਜਨੀਤਿਕ ਦਲਾਂ ਦੇ ਹੱਥ ਵਿਚ ਆ ਗਈ ਹੈ। ਜਿਸ ਨੂੰ ਜਿਹੋ ਜਿਹਾ ਜਥੇਦਾਰ ਚਾਹੀਦਾ ਹੈ, ਉਹ ਚੁਣ ਲੈਂਦਾ ਹੈ। ਪਹਿਲੇ ਨੂੰ ਘਰ ਭੇਜਿਆ ਜਾਂਦਾ ਹੈ। ਇਹ ਚੋਣ ਸਰਬੱਤ ਖਾਲਸਾ ਦੁਆਰਾ ਹੋਣੀ ਚਾਹੀਦੀ ਹੈ। ਮੌਜੂਦਾ ਚੋਣ ਪ੍ਰਣਾਲੀ, ਇਸ ਤਖ਼ਤ ਦੀ ਮਹਾਨਤਾ ਨੂੰ ਠੇਸ ਪਹੁੰਚਾਉਂਦੀ ਹੈ। ਇਸ ਦੀ ਚੋਣ ਸਿੱਖ ਕੌਮ ਨੂੰ ਕਰਨੀ ਚਾਹੀਦੀ ਹੈ ਨਾ ਕਿ ਕੋਈ ਰਾਜਸੀ ਪਾਰਟੀਆਂ ਨੂੰ।

ਸਾਡੀ ਸ਼੍ਰੋਮਣੀ ਕਮੇਟੀ ਇਕ ਵਿਸ਼ਾਲ ਤੇ ਮਹੱਤਵਪੂਰਨ ਸੰਸਥਾ ਹੈ। ਇਸ ਦਾ ਕੰਮ ਹੈ ਸਿੱਖੀ ਦਾ ਪ੍ਰਚਾਰ। ਵਿੱਦਿਅਕ ਸੰਸਥਾਵਾਂ ਅਤੇ ਟਕਸਾਲਾਂ ਰਾਹੀਂ ਸਿੱਖਾਂ ਨੂੰ ਸ਼ਿਕਸਤ ਕਰਕੇ, ਸਮੇਂ ਦੇ ਹਾਣੀ ਬਣਾਉਣਾ। ਇਸ ਕਮੇਟੀ ਦਾ ਕਰੋੜਾ ਰੁਪੈ ਦਾ ਬਜਟ ਹੈ ਤੇ ਅਰਬਾਂ ਰੁਪਏ ਦੀ ਜਾਇਦਾਦ ਹੈ। ਇਹ ਚਾਹੇ ਤਾਂ ਸਿੱਖਾਂ ਦੀ ਕਾਇਆ ਕਲਪ ਕਰਕੇ, ਉਨ੍ਹਾਂ ਨੂੰ ਮੁੜ ਚੜ੍ਹਦੀਆਂ ਕਲਾਂ ਵਿਚ ਲਿਜਾ ਸਕਦੀ ਹੈ। ਇਸ ਦੀ ਆਮਦਨ ਰਾਜਸੀ ਕੰਮਾਂ ਵਾਸਤੇ

ਵਰਤਣਾ ਗੁਨਾਹ ਹੈ। ਇਸ ਗੁਨਾਹ ਤੋ ਸਾਨੂੰ ਗੁਰੇਜ ਕਰਨਾ ਚਾਹੀਦਾ ਹੈ। ਇਸ ਦੇ ਮੈਂਬਰ ਬੜੇ ਉੱਚੇ ਤੇ ਆਹਲਾ ਨਮੂੰਨੇ ਤੇ ਚੜ੍ਹਦੀ ਕਲਾ ਵਾਲੇ ਸਿੱਖ ਸਰਦਾਰ ਹੋਣੇ ਚਾਹੀਦੇ ਹਨ। ਇਸ ਦੀ ਵਾਗਡੋਰ ਕੇਵਲ ਸੇਵਾ ਪੰਥੀਆਂ ਤੇ ਪੰਥ ਦੇ ਵਿਦਵਾਨਾਂ ਦੇ ਹੱਥ ਵਿਚ ਹੋਣੀ ਚਾਹੀਦੀ ਹੈ। ਰਾਜਸੀ ਰੁਚੀਆਂ ਵਾਲੇ ਮੈਂਬਰ ਪੰਥ ਦੀ ਸੇਵਾ ਨਹੀਂ ਕਰ ਸਕਦੇ।

ਅੱਜ ਸਿੱਖ ਸਾਰੇ ਜਗਤ ਵਿਚ ਫੈਲੇ ਹੋਏ ਹਨ। ਇਨ੍ਹਾਂ ਨੇ ਹਰ ਮੁਲਕ ਵਿਚ ਗੁਰੂ ਘਰਾਂ ਦੀ ਬੜੀ ਸ਼ਰਧਾ ਨਾਲ ਤਾਮੀਰ ਕੀਤੀ ਹੈ। ਲੋਕ ਇਕੱਤਰ ਹੋ ਕੇ ਗੁਰੂ ਨਾਲ ਜੁੜਦੇ ਹਨ। ਪਰ ਕਲਯੁੱਗ ਉਸ ਵਕਤ ਛਾ ਜਾਂਦਾ ਹੈ ਜਦੋਂ ਪ੍ਰਸ਼ਾਦਿ ਵੰਡਣਾ ਹੋਵੇ। ਗੋਲਕ ਤੋਂ ਲੜਾਈ ਝਗੜੇ ਸ਼ੁਰੂ ਹੋ ਜਾਦੇ ਹਨ। ਜਦੋਂ ਪ੍ਰਬੰਧਕਾਂ ਦੀ ਚੋਣ ਹੁੰਦੀ ਹੈ ਤਾਂ ਪੱਗਾਂ ਉੱਛਲ ਜਾਂਦੀਆਂ ਹਨ। ਘਸੁੰਨ ਮੁੱਕੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਹੁੰਦੀ ਹੈ ਤੇ ਕਈ ਵਾਰੀ ਤਾਂ ਲੜਾਈ ਦਾ ਮੈਦਾਨ ਬਣ ਜਾਂਦੇ ਹਨ। ਸਾਡੇ ਗੁਰਦੁਆਰਾ ਸਾਹਿਬਾਨਾਂ ਵਿਚ ਕਤਲ ਵੀ ਹੋ ਜਾਂਦੇ ਹਨ। ਇਹ ਕਿੱਧਰ ਨੂੰ ਜਾਣ ਦਾ ਇਰਾਦਾ ਹੈ ? ਸਿੱਖੀ ਕਲੰਕਿਤ ਹੋ ਰਹੀ ਹੈ।

ਸਿੱਖੀ ਵਿਚ ਜਾਤ-ਪਾਤ ਨੂੰ ਖਤਮ ਕਰਕੇ, ਇਕੋ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਨੂੰ ਸਿਰਜਿਆ ਗਿਆ ਸੀ। ਅੱਜ ਅਸੀਂ ਆਪਣੇ ਨਾਵਾਂ ਦੇ ਪਹਿਲਾਂ ਭਾਈ ਨਹੀਂ ਲਾਉਂਦੇ, ਸਗੋਂ ਆਪਣੇ ਨਾਵਾਂ ਦੇ ਪਿੱਛੇ ਆਪਣੀਆਂ ਜਾਤਾਂ ਗੋਤਾਂ ਬੜੇ ਮਾਣ ਨਾਲ ਲਿਖਦੇ ਹਾਂ। ਇਹ ਕਿਸ ਕਿਸਮ ਦੀ ਸਿੱਖੀ ਹੈ ? ਬਹੁਤ ਗਿਣਤੀ ਵਾਲੀਆਂ ਜਾਤਾਂ, ਘੱਟ ਗਿਣਤੀਆਂ ਨੂੰ ਨੁੱਕਰੇ ਲਗਾ ਰਹੀਆਂ ਹਨ। ਹਰ ਪਿੰਡ, ਹਰ ਨਗਰ ਵਿਚ ਵੱਖ-ਵੱਖ ਜਾਤੀਆਂ ਦੇ ਗੁਰਦੁਆਰਾ ਸਾਹਿਬ ਬਣ ਗਏ ਹਨ। ਇਹ ਸਿੱਖੀ ਸਾਨੂੰ ਕਿੰਨ੍ਹੇ ਸਿਖਾਈ ਹੈ ? ਜੇਕਰ ਅਸੀਂ ਅੰਮ੍ਰਿਤ ਛਕ ਕੇ ਲੀਰੋ-ਲੀਰ ਹੋ ਕੇ ਰਹਿਣਾ ਹੈ ਤਾਂ ਫਿਰ ਅਸੀਂ ਗੁਰੂ ਦੇ ਸਿੱਖ ਨਹੀਂ ਹਾਂ। ਮਨਮੁੱਖ ਹਾਂ। ਮੀਣੇ ਹਾਂ। ਦੋਗਲੇ ਹਾਂ। ਸਿੱਖੀ ਦਾ ਸਰੂਪ ਸਾਨੂੰ ਸਿੱਖੀ ਤੋਂ ਕੋਹਾਂ ਮੀਲ ਦੂਰ ਲਿਜਾ ਰਿਹਾ ਹੈ। ਅਸੀਂ ਦੁਨੀਆਂ ਨੂੰ ਮੱਤ ਦੇਣ ਵਾਲੇ, ਲੋਕਾਂ ਲਈ ਮਜ਼ਾਕ ਦਾ ਵਿਸ਼ਾ ਬਣ ਰਹੇ ਹਾਂ।

ਅੱਜ ਸੰਭਲਣ ਦੀ ਲੋੜ ਹੈ। ਅੰਦਰ ਝਾਤ ਮਾਰਨ ਦੀ ਲੋੜ ਹੈ। ਅਸੀਂ ਚੁਰਾਹੇ ਤੋਂ ਆਪਣਾ ਰਸਤਾ ਹੀ ਭੁੱਲ ਗਏ ਹਾਂ। ਉਸ ਰਸਤੇ ਉੱਤੇ ਚੱਲ ਪਏ ਹਾਂ, ਜਿਸ ਤੋਂ ਦੂਜਿਆਂ ਨੂੰ ਰੋਕਣਾ ਹੈ। ਜਿਹੜੇ ਸਿੱਖ ਮਰਿਆਦਾ ਤੇ ਗੁਰਮੱਤ ਦੀ ਉਲੰਘਣਾ ਕਰ ਰਹੇ ਹਨ, ਉਨ੍ਹਾਂ ਨੂੰ ਪੰਥ ਵਿਚੋਂ ਛੇਕਣਾ ਪਵੇਗਾ। ਸਾਨੂੰ ਪਾਖੰਡੀ ਤੇ ਦੰਭੀ ਸਿੱਖਾਂ ਦੀ ਲੋੜ ਨਹੀਂ। ਸਿੱਖ ਥੋੜ੍ਹੇ ਹੋਣ ਪਰ ਸਿੱਖ ਤਾਂ ਹੋਣ। ਅਸੀਂ ਭਾਰਤ ਵਾਸੀਆਂ ਦੇ ਰਖਵਾਲੇ ਤੇ ਰੂਹੇ ਰਵਾਂ ਬਣ ਕੇ ਵਿਚਰਨਾ ਹੈ। ਐਵੇਂ ਹਿਜੜਿਆਂ ਤੇ ਠੇਠਰਾਂ ਵਾਲਾ ਜੀਵਨ ਸਾਨੂੰ ਪ੍ਰਵਾਨ ਨਹੀਂ। ਸਿੰਘ ਸ਼ੇਰ ਪੁੱਤਰ ਹਨ। ਇਨ੍ਹਾਂ ਦਾ ਵਿਹਾਰ ਵੀ ਸ਼ੇਰਾਂ ਵਾਲਾ ਹੋਣਾ ਚਾਹੀਦਾ ਹੈ। ਸਿੱਖਾਂ ਦਾ ਵਿਰਸਾ ਅਮੀਰ ਤੇ ਇਤਿਹਾਸ ਗੌਰਵ ਮਈ ਹੈ। ਸਾਡਾ ਵਿਹਾਰ ਮਿਸਾਲੀ ਹੋਣਾ ਚਾਹੀਦਾ ਹੈ। ਗੁਰੂ ਸਾਹਿਬਾਨ ਦੇ ਸੰਦੇਸ਼ਾਂ ਤੇ ਅਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਉੱਜਲਾ ਭਵਿੱਖ ਸਿਰਜਣਾਂ ਚਾਹੀਦਾ ਹੈ। ਅਸੀਂ ਪਹਿਲਾਂ ਵੀ ਇਸ ਵਿਚਾਰ ਦੇ ਮਾਲਿਕ ਰਹੇ ਹਾਂ ਤੇ ਅੱਜ ਵੀ ਹੋ ਸਕਦੇ ਹਾਂ।

# ਲੈ ਡੁੱਬੀ ਸਿਆਸਤ

ਸਿਆਸੀ ਬੰਦੇ ਦਾ ਧਰਮ ਹੀ ਸੱਤਾ ਹੁੰਦਾ ਹੈ। ਉਹ ਸੱਤਾ ਲਈ ਧਰਮ ਨੂੰ ਕੁਰਬਾਨ ਕਰ ਸਕਦਾ ਹੈ। ਸਾਡੇ ਅਜੋਕੇ ਸਿਆਸਤਦਾਨ ਅਜਿਹਾ ਹੀ ਕਰ ਰਹੇ ਹਨ। ਉਹ ਤਾਂ ਤਰ ਰਹੇ ਹਨ ਪਰ ਸਿੱਖੀ ਡੁੱਬ ਰਹੀ ਹੈ। ਸਿੱਖੀ ਦੇ ਡੁੱਬਣ ਦਾ ਕਿਸ ਨੂੰ ਫ਼ਿਕਰ ਹੈ ? ਸਿੱਖੀ ਤੇ ਖਾਲਸਾ ਪੰਥ ਦੇ ਅਲੰਬਰਦਾਰ ਸਿੱਖੀ ਨੂੰ ਕੱਖਾਂ ਤੋਂ ਹੌਲੀ ਕਰ ਰਹੇ ਹਨ। ਧਰਮ ਤਾਂ ਉਨ੍ਹਾਂ ਲਈ ਸੱਤਾ ਦਾ ਇਕ ਪੜੁੱਲ ਹੈ। ਇਸ ਉੱਪਰ ਸਵਾਰ ਹੋ ਕੇ ਉਹ ਆਪਣੇ ਹਿੱਤਾਂ ਦੀ ਪਾਲਣਾ ਕਰਨਾ ਚਾਹੁੰਦੇ ਹਨ। ਕਰ ਰਹੇ ਹਨ। ਸਿੱਖੀ ਪੈਰਾਂ ਹੇਠ ਕੁਚਲੀ ਜਾ ਰਹੀ ਹੈ। ਪੰਥ ਦੇ ਅੱਜ ਸਿਰਕੱਢ ਨੇਤਾ ਇਸੇ ਬੇੜੀ ਵਿਚ ਸਵਾਰ ਹਨ। ਉਹ ਭਾਵੇਂ ਸਿੱਖੀ ਨੂੰ ਢਾਲ ਦੀ ਤਰ੍ਹਾਂ ਵਰਤ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ ਪਰੰਤੂ ਇਤਿਹਾਸ ਉਨ੍ਹਾਂ ਨੂੰ ਕਦਾਚਿਤ ਮੁਆਫ਼ ਨਹੀਂ ਕਰੇਗਾ। ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਲੋਕ ਖਲਨਾਇਕ ਹੋਣਗੇ। ਸਮਕਾਲੀ ਸਮਾਜ ਨੂੰ ਹਨ੍ਹੇਰੇ ਵਿਚ ਰੱਖਿਆ ਜਾ ਸਕਦਾ ਹੈ ਪਰ ਭਵਿੱਖੀ ਸਮਾਜ ਨੂੰ ਨਹੀਂ। ਅੱਜ ਦੇ ਉਹ ਨਾਇਕ ਕੱਲ੍ਹ ਦੇ ਖਲਨਾਇਕ ਹੋਣਗੇ।

ਸਾਡਾ ਇਤਿਹਾਸ ਬੜਾ ਸੁਨਹਿਰੀ ਤੇ ਗੌਰਵਮਈ ਹੈ। ਸਾਡੇ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਸਿੱਖਾਂ ਤੇ ਸਿੰਘਾਂ ਨੇ ਕਦੀ ਆਂਚ ਨਹੀਂ ਆਉਣ ਦਿੱਤੀ। ਉਨ੍ਹਾਂ ਨੇ ਜੋ ਕੁਝ ਕਿਹਾ ਤੇ ਲਿਖਿਆ, ਕਰਕੇ ਵੀ ਵਿਖਾਇਆ। ਇਤਿਹਾਸ ਸਾਖੀ ਹੈ ਕਿ ਕਿਵੇਂ ਬਿੱਲੀਆਂ ਤੋਂ ਸ਼ੇਰ ਬਣੇ। ਚਿੜੀਆਂ ਤੋਂ ਬਾਜ ਅਤੇ ਗਿੱਦੜਾਂ ਤੋਂ ਸ਼ੇਰ। ਤਵਾਰੀਖ ਨੇ ਪੁੱਠਾ ਗੇੜ ਕੱਟਿਆ। ਜਿਹੜੇ ਸਾਡੇ ਲਈ ਪਹਿਲਾਂ ਸ਼ੇਰ ਸਨ, ਉਹ ਬਿੱਲੀਆਂ ਬਣ ਕੇ ਮੈਦਾਨ ਛੱਡ ਗਏ। ਸਿੰਘਾਂ ਕੋਲੋਂ ਸਾਰੇ ਡਰਨ ਲੱਗੇ। ਇੱਥੋਂ ਤੱਕ ਕੇ ਪਠਾਣੀਆਂ ਵੀ ਆਪਣੇ ਬੱਚਿਆਂ ਨੂੰ ਡਰਾਉਣ ਲਈ 'ਹਰੀਆ' ਕਹਿ ਕੇ ਬੁਲਾਉਣ ਲੱਗੀਆਂ। ਜਦ ਅਸੀਂ ਸੁੱਤੇ ਪਏ ਸਾਂ ਤਾਂ ਧਾੜਵੀਆਂ ਦੀ ਦਹਿਸ਼ਤ ਇਕ ਹਕੀਕਤ ਸੀ। ਜਦੋਂ ਅਸੀਂ ਜਾਗ ਪਏ ਤਾਂ ਧਾੜਵੀ ਲੋਕ ਬਿੱਲੀਆਂ ਬਣ ਕੇ ਸਾਡੀ ਦਹਿਸ਼ਤ ਕਬੂਲ ਕਰਨ ਲੱਗੇ।

ਜਦੋਂ ਗੁਰੂ ਸ੍ਰੀ ਕਲਗੀਧਰ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਤਾਂ ਸਿੱਖਾਂ ਦਾ ਮੁੱਖ ਮੰਤਵ ਧਰਮ ਤੇ ਗਰੀਬਾਂ ਦੀ ਰੱਖਿਆ ਕਰਨਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਕਈ ਲੜਾਈਆਂ ਜਿੱਤੀਆਂ ਪਰੰਤੂ ਉਨ੍ਹਾਂ ਇਕ ਵੀ ਇੰਚ ਜ਼ਮੀਨ ਤੇ ਕਬਜ਼ਾ ਨਾ ਕੀਤਾ। ਇਸੇ ਤਰ੍ਹਾਂ ਦਸਵੇਂ ਗੁਰੂ ਸਾਹਿਬ ਵੇਲੇ ਸਿੱਖਾਂ ਨੇ ਕਈ ਮੈਦਾਨ ਮਾਰੇ ਅਤੇ ਮੁਗਲਾਂ ਤੇ ਹਿੰਦੂ ਪਹਾੜੀ ਰਾਜਿਆਂ ਨੂੰ ਮੂੰਹ ਤੋੜਵੀਂ ਸ਼ਿਕਸਤ ਦਿੱਤੀ। ਪਰ ਉਨ੍ਹਾ ਦੇ ਜਿੱਤੇ ਹੋਏ ਇਲਾਕੇ ਵਿਚ ਕੋਈ ਲੁੱਟ ਮਾਰ ਨਾ ਕੀਤੀ। ਕਿਸੇ ਮਜ਼ਲੂਮ ਦਾ ਕਤਲ ਨਾ ਕੀਤਾ ਤੇ

ਨਾ ਹੀ ਧੰਨ ਦੌਲਤ ਦਾ ਕੋਈ ਲੋਭ ਪਾਲਿਆ। ਵਿਸ਼ਵ ਵਿਚ ਸਭ ਲੜਾਈਆਂ ਦੀ ਜੜ 'ਜ਼ਰ, ਜ਼ੋਰੂ ਤੇ ਜ਼ਮੀਨ ਹੁੰਦੀ ਹੈ। ਪਰ ਦਸ਼ਮੇਸ਼ ਪਿਤਾ ਦੀਆਂ ਜੰਗਾਂ ਵਿਚ ਇਨ੍ਹਾਂ ਵਿਚੋਂ ਕੋਈ ਵੀ ਮੁੱਦਾ ਨਹੀਂ ਸੀ। ਉਹ ਤਾਂ ਕੇਵਲ ਜ਼ੁਲਮ ਵਿਰੁੱਧ ਲੜਦੇ ਸਨ। ਸਲਤਨੱਤ ਕਾਇਮ ਕਰਨਾ ਉਨ੍ਹਾਂ ਦਾ ਨਿਸ਼ਾਨਾ ਨਹੀਂ ਸੀ। ਵੇਖਿਆ ਜਾਵੇ ਤਾਂ ਰਮਾਇਣ ਤੇ ਮਹਾਂਭਾਰਤ ਦੇ ਯੁੱਧ ਇਸਤਰੀਆਂ ਕਾਰਨ ਹੋਏ। ਦਰੋਪਦੀ ਦੀ ਭਰੀ ਸਭਾ ਵਿਚ ਬੇਪਤੀ ਨਾ ਹੁੰਦੀ ਤਾਂ ਮਹਾਂਭਾਰਤ ਦਾ ਯੁੱਧ ਸ਼ਾਇਦ ਨਾ ਹੀ ਹੁੰਦਾ। ਇਸੇ ਤਰ੍ਹਾਂ ਰਾਵਣ ਦਾ ਸੀਤਾ ਨੂੰ ਉਠਾ ਕੇ ਲੈ ਜਾਣਾ ਹੀ ਸ਼ਾਇਦ ਰਮਾਇਣ ਦੀ ਕਥਾ ਦਾ ਮੁੱਖ ਮੁੱਦਾ ਸੀ। ਸੀਤਾ ਜੀ ਦਾ ਕਾਂਡ ਨਾ ਵਾਪਰਦਾ ਤਾਂ ਸ੍ਰੀ ਰਾਮ ਚੰਦਰ ਅਤੇ ਰਾਵਣ ਵਿਚਕਾਰ ਯੁੱਧ ਟਲ ਸਕਦਾ ਸੀ। ਇਸੇ ਤਰ੍ਹਾਂ ਸਾਡੇ ਇਤਿਹਾਸ ਵਿਚ ਬਹੁਤ ਸਾਰੇ ਯੁੱਧ ਧੰਨ ਦੌਲਤ ਬਟੋਰਨ ਖਾਤਿਰ ਹੋਏ। ਦਰਾ ਖ਼ੈਬਰ ਤੋਂ ਆਉਣ ਵਾਲੇ ਲਸ਼ਕਰਾਂ ਤਾ ਮੁੱਖ ਮੰਤਵ ਲੋਕਾਂ ਦੀ ਲੁੱਟ ਮਾਰ ਕਰਨੀ ਹੀ ਸੀ। ਵੱਡੇ-ਵੱਡੇ ਮੰਦਿਰਾਂ ਦੀ ਧੰਨ-ਦੌਲਤ ਤੇ ਚੜ੍ਹਾਵਾ ਬਟੋਰਨ ਲਈ ਧਾਰਮਿਕ ਸਥਾਨਾਂ ਉੱਪਰ ਹਮਲੇ ਕੀਤੇ ਜਾਂਦੇ ਸਨ। ਇਸਲਾਮੀਕਰਨ ਇਕ ਬਹਾਨਾ ਸੀ। ਪਠਾਣ ਜਦੋਂ ਪੱਛਮੀ ਭਾਰਤ ਉੱਪਰ ਹਮਲੇ ਕਰਦੇ ਸਨ ਤਾਂ ਉਹ ਭਾਰਤੀ ਮੁਸਮਾਨਾਂ ਦਾ ਵੀ ਕੋਈ ਲਿਹਾਜ਼ ਨਹੀਂ ਕਰਦੇ ਸਨ।

ਗੱਲ ਦਾ ਸਾਰੰਸ਼ ਇਹ ਹੈ ਸਿੱਖ ਲੋਕ ਜ਼ਾਲਿਮ ਨਹੀਂ ਸਨ। ਮਹਾਰਾਜਾ ਰਣਜੀਤ ਸਿੰਘ ਵੇਲੇ ਜਦੋਂ ਸਿੱਖ ਫ਼ੌਜਾਂ ਕੋਈ ਇਲਾਕਾ ਫ਼ਤਹਿ ਕਰਦੀਆਂ ਸਨ ਤਾਂ ਉਸ ਇਲਾਕੇ ਦੀ ਲੁੱਟਮਾਰ ਕਤਈ ਨਹੀਂ ਸਨ ਕਰਦੇ। ਸਗੋਂ ਪਹਿਲੇ ਹੁਕਮਰਾਨ ਨੂੰ ਚੋਖੀ ਜਗੀਰ ਦੇ ਕੇ ਨਿਵਾਜਦੇ ਸਨ। ਇਸੇ ਲਈ ਰਣਜੀਤ ਸਿੰਘ ਦੇ ਰਾਜ ਦੌਰਾਨ ਹਿੰਦੂ ਮੁਸਲਮਾਨ ਤੇ ਸਿੱਖ ਸਭ ਖੁਸ਼ ਤੇ ਸੰਤੁਸ਼ਟ ਸਨ। ਸ਼ਾਹ ਮੁਹੰਮਦ ਨੇ ਲਿਖਿਆ ਹੈ,

"ਸੁਖੀ ਵਸਦੇ ਹਿੰਦੇ ਮੁਸਲਮਾਨ ਦੋਵੇਂ
ਸਿਰ ਦੋਵਾਂ ਦੇ ਨਵੀਂ ਆਫਾਤ ਆਈ।
ਸ਼ਾਹ ਮੁਹੰਮਦਾਂ ਵਿਚ ਪੰਜਾਬ ਦੇ ਜੀ
ਕਦੀ ਨਹੀਂ ਸੀ ਤੀਸਰੀ ਜਾਤ ਆਈ।"

ਸਿੱਖ ਸਿਆਸਤ ਸਰਬੱਤ ਦੇ ਭਲੇ ਤੇ ਅਧਾਰਿਤ ਸੀ। ਪਰ ਸਥਿਤੀ ਸਿੱਖ ਰਾਜ ਦੇ ਪਤਨ ਕਾਰਨ ਬਦਲ ਗਈ। ਸਿੱਖ ਮੌਕਾ ਪ੍ਰਸਤ ਹੋ ਗਏ। ਪੰਜਾਬ ਦੇ ਬਹੁਤ ਸਾਰੇ ਸਰਦਾਰ ਜੋ ਕਿ ਮਹਾਰਾਜੇ ਵੇਲੇ ਅਹੁਦੇਦਾਰ ਤੇ ਜਗੀਰਦਾਰ ਸਨ, ਅੰਗਰੇਜ਼ਾਂ ਵੇਲੇ ਰਾਤੋ-ਰਾਤ ਬਦਲ ਗਏ। ਉਨ੍ਹਾਂ ਨੂੰ ਸਿੱਖੀ ਪਿਆਰੀ ਨਹੀਂ ਸੀ। ਕੇਵਲ ਜਗੀਰ ਤੇ ਸੁੱਖ ਸਹੂਲਤਾਂ ਪਿਆਰੀਆਂ ਸਨ। ਇਸੇ ਆਲਮ ਵਿਚ ਸਿੱਖ ਸਰਦਾਰਾਂ ਨੇ ਅੰਮ੍ਰਿਤਸਰ ਵਿਖੇ ਇਕ 1854 ਵਿਚ ਇਕੱਤਰਤਾ ਕਰਕੇ ਇਕ ਮਤਾ ਪਾਸ ਕੀਤਾ ਸੀ। ਮਤਾ ਇਹ ਸੀ। "ਕੰਵਰ ਦਲੀਪ ਸਿੰਘ ਜੀਓ ! ਵਾਹਿਗੁਰੂ ਆਪ ਨੂੰ ਸਮੱਤ ਬਖਸ਼ੇ। ਤੁਸੀਂ ਸਿੱਖ ਸਲਤਨੱਤ ਦੁਬਾਰਾ ਕਾਇਮ ਕਰਨ ਦਾ ਇਰਾਦਾ ਤਿਆਗ ਦਿਓ। ਇਹ ਸਰਾਸਰ ਮੂਰਖਤਾ ਹੈ। ਅਸੀਂ ਅੰਗਰੇਜ਼ੀ ਹਕੂਮਤ ਦੀ ਰਿਆਇਤਾਂ ਬਣ ਕੇ ਖੁਸ਼ਕਿਸਮਤ ਹਾਂ। ਇਹ ਹਕੂਮਤ ਸਾਡੀ ਬੇਹਤਰੀ ਵਾਸਤੇ ਵਾਹਿਗੁਰੂ ਨੇ ਸਾਨੂੰ ਬਖਸ਼ੀ ਹੈ। ਇਸ ਦੀ ਪ੍ਰਜਾ ਬਣ ਕੇ ਅਸੀਂ

ਖੁਸ਼ ਤੇ ਸੰਤੁਸ਼ਟ ਹਾਂ। ਸੋ ਅੱਜ ਤੋਂ ਬਾਅਦ ਤੁਸੀਂ ਸਾਡੇ ਨਾਲ ਕੋਈ ਖਤੋ-ਖਿਤਾਬ ਨਾ ਕਰੋ। ਇਸ ਵਿਚ ਤੁਹਾਡੀ ਹੀ ਬਿਹਤਰੀ ਹੈ।" ਇਹ ਸਿੱਖ ਸਿਆਸਤ ਦੀ ਇਕ ਘਟੀਆ ਮਿਸਾਲ ਹੈ। ਸਿੱਖ ਸਰਦਾਰ, ਜੋ ਮਹਾਰਾਜੇ ਵੇਲੇ ਉਸ ਦੇ ਨਜ਼ਦੀਕੀਆਂ ਤੇ ਵਫ਼ਾਦਾਰਾਂ ਵਿਚੋਂ ਸਨ, ਰਾਤੋ-ਰਾਤ ਅੰਗਰੇਜ਼ੀ ਹਕੂਮਤ ਦੇ ਹੱਥ ਠੋਕੇ ਬਣ ਗਏ। ਇਹੀ ਕਾਰਨ ਸੀ ਕਿ ਮਹਾਰਾਜੇ ਵੇਲੇ ਸਿੱਖਾਂ ਦੀ ਸੰਖਿਆ ਨੱਬੇ ਲੱਖ ਤੋਂ ਵਧੇਰੇ ਹੋ ਗਈ ਸੀ ਪਰੰਤੂ ਅੰਗੇਰਜ਼ਾਂ ਦੇ ਆਉਣ ਨਾਲ, ਇਹ ਸੰਖਿਆ ਘੱਟਦੀ ਘੱਟਦੀ 1860 ਵਿਚ 18 ਲੱਖ ਪਹੁੰਚ ਗਈ। ਇਹ ਗਿਰਾਵਟ ਵੇਖ ਕੇ, ਕਈ ਕੱਟੜ ਹਿੰਦੂਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਸਿੱਖ ਧਰਮ ਹੁਣ ਕੇਵਲ ਇਕ ਇਤਿਹਾਸ ਦਾ ਪੰਨਾ ਬਣ ਕੇ ਰਹਿ ਜਾਵੇਗਾ। ਕਬੀਰ ਪੰਥੀਆਂ ਵਾਂਗ ਹੁਣ ਇਸ ਦੀ ਗਿਣਤੀ ਨਾਨਕ ਪੰਥੀਆਂ ਵਿਚ ਕੀਤੀ ਜਾਵੇਗੀ। ਪਰ ਹਿੰਦੂ ਜਨੂੰਨੀਆਂ ਦਾ, ਜੋ ਕਿ ਕਿਸੇ ਵੇਲੇ ਸਿੱਖ ਧਰਮ ਦੇ ਪ੍ਰਸ਼ੰਸਕ ਸਨ, ਇਹ ਸੁਪਨਾ ਪੂਰਾ ਨਾ ਹੋ ਸਕਿਆ। ਸਿੱਖੀ ਦੇ ਦੋਖੀ ਖਤਮ ਹੋ ਸਕਦੇ ਹਨ ਪਰ ਸਿੱਖੀ ਦੀਆਂ ਜੜ੍ਹਾਂ ਦਿਨੋ-ਦਿਨ ਮਜ਼ਬੂਤ ਹੁੰਦੀਆਂ ਜਾਣਗੀਆਂ।

ਸਿੱਖਾਂ ਦੀ ਘਟੀਆ ਸਿਆਸਤ ਨੇ ਉਹ ਅੰਗਰੇਜ਼ ਜਿੰਨ੍ਹਾਂ ਨੇ ਕਿੰਨੀ ਬਰਬਰਤਾ ਨਾਲ ਇਨ੍ਹਾਂ ਦੀ ਸਲਤਨੱਤ ਖੋਹੀ ਸੀ, ਨਾਲ ਹੀ ਪੀਂਘਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਸਿੱਖਾਂ ਨੇ ਸਭ ਤੋਂ ਵਧੇਰੇ ਫੌਜੀ ਭਰਤੀ, ਵਿਸ਼ਵ ਦੀ ਪਹਿਲੀ ਤੇ ਦੂਜੀ ਜੰਗ ਵੇਲੇ ਅੰਗਰੇਜ਼ੀ ਹਕੂਮਤ ਨੂੰ ਦਿੱਤੀ। ਇਸ ਨੂੰ ਕਿਸੇ ਵੀ ਹਿਸਾਬ ਨਾਲ ਖਾਲਸਾਈ ਅਦਾ ਨਹੀਂ ਕਿਹਾ ਜਾ ਸਕਦਾ। ਖਾਲਸੇ ਆਪਣੇ ਦੁਸ਼ਮਣਾਂ ਨਾਲ ਇਸ ਤਰ੍ਹਾਂ ਯਾਰੀਆਂ ਨਹੀਂ ਪਾਲਦੇ। ਇਸ ਤਰ੍ਹਾਂ ਵਫ਼ਾ ਦੀਆਂ ਪੀਂਘਾਂ ਨਹੀਂ ਪਾਉਂਦੇ। ਪਰ ਸਾਡੀ ਸਿੱਖ ਕੌਮ ਨੇ ਆਪਣੇ ਲੋਭਾਂ ਲਾਲਚਾਂ ਕਾਰਨ, ਬਰਤਾਨਵੀ ਹਕੂਮਤ ਦੀ ਲੋੜ ਤੋਂ ਵੱਧ ਖਿਦਮਤ ਕੀਤੀ। ਇਹ ਸਾਡੀ ਕੌਮੀ ਰਾਜਨੀਤੀ ਦੀ ਮੁੱਖ ਸਿਕੱਸਤ ਹੈ। ਲਾਲਚ ਕਾਰਨ, ਕੋਈ ਕੌਮ ਆਪਣੇ ਕੌਮੀ ਹਿੱਤਾਂ ਨੂੰ ਤਿਆਗ ਕੇ, ਗ਼ੈਰ ਹਕੂਮਤਾਂ ਦੀ ਹੱਥ ਠੋਕੀ ਬਣ ਜਾਵੇ, ਇਹ ਸਰਾਸਰ ਗ਼ਦਾਰੀ ਤੇ ਸਵਾਰਥੀਪਣ ਹੈ। ਪਰ ਇਸ ਕੁਤਾਹੀ ਦੀ ਜਾਣਕਾਰੀ ਸਾਡੇ ਗ਼ਦਰੀ ਬਾਬਿਆਂ ਨੂੰ ਮਿਲੀ। ਬੱਬਰ ਅਕਾਲੀਆਂ ਨੇ ਵੀ ਗੋਰੀ ਹਕੂਮਤ ਨਾਲ ਸਿੱਧੀ ਟੱਕਰ ਲੈਣ ਦਾ ਮਨ ਬਣਾਇਆ। ਇਸ ਤੋਂ ਬਾਅਦ ਸਾਡੇ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਵਰਗੇ ਕ੍ਰਾਂਤੀਆਂ ਨੇ ਫ਼ਰੰਗੀਆਂ ਨਾਲ ਜਬਰਦਸਤ ਆਢ੍ਹਾ ਲਿਆ। ਕੋਈ ਲੋਭ ਲਾਲਚ ਜਾਂ ਸਵਾਰਥ ਉਨ੍ਹਾਂ ਦੀ ਵਿਚਾਰਧਾਰਾ ਦਾ ਹਿੱਸਾ ਨਹੀਂ ਸੀ ਇਹ ਕ੍ਰਾਂਤੀਕਾਰੀ ਤਾਂ ਮਲੰਗ ਲੋਕ ਸਨ। ਸਾਡੇ ਕੌਮੀ ਨੇਤਾ ਵੀ ਇਸੇ ਤਰਜ਼ ਵਾਲੇ ਸਨ। ਬਾਬਾ ਖੜਕ ਸਿੰਘ, ਸੁੰਦਰ ਸਿੰਘ ਲਾਇਲਪੁਰੀ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਜਥੇਦਾਰ ਮੋਹਨ ਸਿੰਘ, ਈਸ਼ਰ ਸਿੰਘ ਮਝੈਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਆਦਿ ਨੇ ਇਕ ਧੇਲੇ ਦੀ ਜਾਇਦਾਦ ਨਹੀ ਬਣਾਈ। ਇਹ ਸਭ ਨੇਤਾ ਸਾਡੀ ਪਰੰਪਰਾਵਾਦੀ ਪੰਥਕ ਰਵਾਇਤਾਂ ਦੇ ਹਮਾਇਤੀ ਸਨ। ਇਨ੍ਹਾਂ ਨੂੰ ਪੰਥ ਪਿਆਰਾ ਸੀ ਨਾ ਕਿ ਜ਼ਮੀਨ ਤੇ ਜ਼ਾਇਦਾਦਾਂ।

ਪਰ ਅਜੋਕੇ ਸਿੱਖ ਨੇਤਾਵਾਂ ਨੇ ਆਪਣੇ ਵੱਡੇ-ਵਡੇਰਿਆਂ ਕੋਲੋਂ ਕੁਝ ਨਹੀਂ ਸਿੱਖਿਆ।

ਉਨ੍ਹਾਂ ਨੇ ਆਪਣਾ ਸਾਰਾ ਤਾਣ ਤੇ ਲਿਆਕਤ, ਸੱਤਾ ਵਿਚ ਆਉਣ ਲਈ ਹੀ ਲਗਾ ਦਿੱਤੀ ਹੈ। ਹਕੀਕਤ ਹੈ ਕਿ ਪੰਥ ਤੋਂ ਬਿਨਾਂ ਕਿਸੇ ਦੀ ਕੋਈ ਵੁਕਤ ਨਹੀਂ। ਟਕਾ ਕੀਮਤ ਨਹੀਂ। ਕੇਵਲ ਪੰਥ ਦਾ ਨਾਹਰਾ ਤੇ ਬਾਣਾ ਅਪਨਾ ਕੇ, ਇਨ੍ਹਾਂ ਨੇਤਾਵਾਂ ਨੇ ਆਪਣਾ ਉੱਲੂ ਸਿੱਧਾ ਕੀਤਾ ਹੈ। ਇਹ ਨੇਤਾ ਜੇਕਰ ਸਹੀ ਸੋਚ ਵਾਲੇ ਹੁੰਦੇ ਤਾਂ ਅੱਜ ਖਾਲਿਸਤਾਨ ਵੀ ਵਜੂਦ ਵਿਚ ਆ ਸਕਦਾ ਸੀ। ਪਰ ਇਨ੍ਹਾਂ ਦੀ ਸਿਆਸੀ ਸੂਝ ਦੀ ਘਾਟ ਕਾਰਨ, ਸਿੱਖ ਆਪਣੇ ਜੱਦੀ ਹੱਕ ਤੋਂ ਮਹਿਰੂਮ ਹੋ ਗਏ ਹਨ। ਹਿੰਦੂ ਤੇ ਮੁਸਲਮਾਨ ਨੇਤਾ, ਸਿਆਸੀ ਤੌਰ ਤੇ ਸਿੱਖ ਨੇਤਾਵਾਂ ਨਾਲੋਂ ਬਹੁਤ ਚੇਤੰਨ ਤੇ ਚੌਕਸ ਸਨ। 'ਕਾਰਵਾਂ ਗੁਜ਼ਰ ਗਿਆ, ਹਮ ਗੁਬਾਰ ਦੇਖਤੇ ਰਹੇ।" "ਹੱਥੀਂ ਤੋਰੇ ਸੱਜਣਾਂ ਨੂੰ ਯਾਦ ਕਰਾਂ ਨਾਲੇ ਰੋਵਾਂ।" ਹੁਣ ਰੋਈ ਜਾਓ, ਕੀ ਫ਼ਾਇਦਾ ਹੈ ਹੁਣ ?

ਸਿੱਖ ਕੌਮ ਆਪਣੇ ਅਤੀਤ ਤੋਂ ਸਿੱਖਣ ਤੋਂ ਅਸਮਰੱਥ ਹੈ। ਇਨ੍ਹਾਂ ਨੂੰ ਲੋਕੀਂ ਬਾਰ-ਬਾਰ ਧੋਖਾ ਦੇ ਜਾਂਦੇ ਹਨ। ਇਨ੍ਹਾਂ ਦੀ ਸਮਝ ਬਰੀਕ ਨਹੀਂ ਮੋਟੀ ਹੈ। ਅਜ਼ਾਦੀ ਮਿਲਣ ਵੇਲੇ ਸ੍ਰ. ਬਲਦੇਵ ਸਿੰਘ, ਪੰਡਿਤ ਨਹਿਰੂ ਦੇ ਪ੍ਰਭਾਵ ਥੱਲੇ ਆ ਕੇ, ਮਿਸਟਰ ਚਰਚਿਲ ਨੂੰ ਮਿਲਣ ਨਾ ਗਿਆ, ਜੋ ਕਿ ਸਿੱਖਾਂ ਨੂੰ ਹੋਮ ਲੈਂਡ ਦੇਣਾ ਚਾਹੁੰਦਾ ਸੀ। ਉਸੇ ਪੰਡਿਤ ਨਹਿਰੂ ਨੇ ਪੰਜਾਬੀ ਸੂਬਾ ਅਤੇ ਉੱਤਰੀ ਭਾਰਤ ਵਿਚ ਇਕ ਵਿਸ਼ੇਸ਼ ਖਿੱਤਾ ਦੇਣ ਵੇਲੇ, ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣਾ ਸ਼ੁਰੂ ਕਰ ਦਿੱਤਾ। ਸਿੱਖ ਲੋਕ ਜ਼ਿਆਦਾਤਰ ਜਜ਼ਬਾਤੀ ਲੋਕ ਹਨ। ਇਨ੍ਹਾਂ ਨੂੰ ਉਤੇਜਿਤ ਕਰਕੇ ਸਾਡੇ ਹਿੰਦੂ ਭਰਾ ਅਕਸਰ ਵਰਗਲਾ ਜਾਂਦੇ ਹਨ। ਅਸੀਂ ਅਸਾਨੀ ਨਾਲ ਉਨ੍ਹਾਂ ਦੇ ਝਾਂਸੇ ਵਿਚ ਆ ਕੇ ਆਪਣਾ ਸਹੀ ਮਾਰਗ ਤਿਆਗ ਦਿੰਦੇ ਹਾਂ। ਸਾਡੀ ਮੌਜੂਦਾ ਸਿੱਖ ਸਰਕਾਰ ਵੀ ਕੌਮੀ ਹਿੱਤਾਂ ਨੂੰ ਤਿਆਗ ਕੇ, ਸਿਆਸੀ ਹਿੱਤਾਂ ਦੀ ਪਾਲਣਾ ਕਰ ਰਹੇ ਹਨ। ਸਿੱਖੀ ਭਟਕ ਗਈ ਹੈ। ਕੱਖੋਂ ਹੌਲੀ ਹੋ ਗਈ ਹੈ। ਹਿੰਦੂਆਂ ਨੇ ਸਾਡੀ ਦਿਸ਼ਾ ਹੀ ਵਿਗਾੜ ਦਿੱਤੀ ਹੈ। ਕਸੂਰ ਸਾਡੇ ਸਵਾਰਥੀ ਨੇਤਾਵਾਂ ਦਾ ਹੈ। ਉਹ ਕਿਸੇ ਘੜੇ ਦੇ ਢੱਕਣ ਨਹੀਂ। ਉਨ੍ਹਾਂ ਨੂੰ ਕੇਵਲ ਕੁਰਸੀ ਹੀ ਨਜ਼ਰ ਆਉਂਦੀ ਹੈ। ਕੁਰਸੀ ਦਾ ਕਿੱਸਾ ਕੌਮ ਨੂੰ ਲੈ ਬੈਠਾ ਹੈ। ਅੱਜ ਸਿੱਖੀ ਦੀ ਉਹ ਕਦਰ ਨਹੀਂ, ਜਿਹੜੀ ਅਜ਼ਾਦੀ ਵੇਲੇ ਸੀ। ਜਿਹੜੀ ਅਜ਼ਾਦੀ ਦੀ ਜੰਗ ਵੇਲੇ ਸੀ। ਅੱਜ ਸਿੱਖੀ ਟਕੇ ਕਿਲੋ ਵਿਕ ਰਹੀ ਹੈ। ਹੈ ਕੋਈ ਮਾਈ ਦਾ ਲਾਲ, ਜਿਹੜਾ ਸਿੱਖੀ ਦੀ ਡੁੱਬ ਰਹੀ ਬੇੜੀ ਨੂੰ ਕਿਨਾਰੇ ਲਾਵੇ ?

# ਇਹ ਕੌਮ ਨਹੀਂ ਮਰਦੀ

ਕਈ ਵਾਰ ਸਿਰ ਮਨਾਉਂਦਿਆਂ ਹੀ ਗੜਿਆਂ ਦੀ ਮਾਰ ਝੱਲਣੀ ਪੈਂਦੀ ਹੈ ਪਰ ਸਿੱਖ ਕੌਮ ਨੂੰ ਤਾਂ ਕੇਸ ਰੱਖਿਆਂ ਵੀ ਗੜਿਆਂ ਦੀ ਮਾਰ ਝੱਲਣੀ ਪਈ। 30 ਮਾਰਚ 1699 (ਵਿਸਾਖੀ) ਨੂੰ ਜਦੋਂ ਸ੍ਰੀ. ਕਲਗੀਧਰ ਜੀ ਨੇ ਪੰਜ ਪਿਆਰਿਆਂ ਸਹਿਤ ਖਾਲਸਾ ਪੰਥ ਥਾਪਿਆ ਤਾਂ ਚਾਰ-ਚੁਫ਼ੇਰੇ ਹਲਚਲ ਮੱਚ ਗਈ। ਭੜਥੂ ਪੈ ਗਿਆ। ਪਹਿਲਾਂ ਪਹਿਲ ਮੁਗ਼ਲ ਹਕੂਮਤ, ਜੋ ਕਿ ਆਪਣੇ ਜਬਰ ਜ਼ੁਲਮ ਕਾਰਨ ਜਾਣੀ ਜਾਂਦੀ ਸੀ ਖਮੋਸ਼ ਰਹੀ ਪਰ ਜਦੋਂ ਸਿੰਘ ਆਨੰਦਪੁਰ ਸਾਹਿਬ ਵਿਚ ਡੱਟ ਖਲੋਤੇ ਤਾਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹਿੰਦੂ ਤੇ ਮੁਗ਼ਲ ਹਕੂਮਤਾਂ ਨੇ ਖਾਲਸੇ ਨੂੰ ਖਤਮ ਕਰਨ ਲਈ, ਆਨੰਦਪੁਰ ਨੂੰ ਚਾਰ-ਚੁਫ਼ੇਰੇ ਤੋਂ ਘੇਰ ਲਿਆ। ਇਹ ਘੇਰਾ ਕਈ ਮਹੀਨੇ ਚੱਲਦਾ ਰਿਹਾ। ਜਦੋਂ ਇਹ ਘੇਰਾ ਟੁੱਟਾ ਤਾਂ ਖਾਲਸਾ ਪੰਥ ਸਾਰੇ ਪੰਜਾਬ ਤੇ ਹਿੰਦੋਸਤਾਨ ਵਿਚ ਮੱਚਣ ਲੱਗਾ। ਅਸੀਂ ਸਦੀ ਤੋਂ ਵੱਧ, ਸਿੰਘਾਂ ਦਾ ਜਾਨਵਰਾਂ ਵਾਂਗ ਸ਼ਿਕਾਰ ਕਰਕੇ, ਉਨ੍ਹਾਂ ਦਾ ਬੀਜ ਨਾਸ ਕਰਨ ਲਈ ਹਕੂਮਤ ਵਲੋਂ ਮੁਹਿੰਮਾਂ ਤੋਰੀਆਂ ਗਈਆਂ ਪਰ 'ਦਰਦ ਬੜਤਾ ਗਿਆ ਜਿਉਂ-ਜਿਉਂ ਦਵਾ ਕੀ।' ਆਨੰਦਪੁਰ ਸਾਹਿਬ ਦੀਆਂ ਲੜਾਈਆਂ, ਚਮਕੌਰ ਸਾਹਿਬ ਅਤੇ ਅੰਤ ਵਿਚ ਮੁਕਤਸਰ ਦੀ ਲੜਾਈ ਨੇ ਭਾਵੇਂ ਸਿੰਘਾਂ ਦਾ ਡਾਹਢਾ ਘਾਣ ਕੀਤਾ ਪਰ ਸਿੰਘ ਚੜ੍ਹਦੀਆਂ ਕਲਾਂ ਨਾਲ ਇਨ੍ਹਾਂ ਮੈਦਾਨਾਂ ਵਿਚ ਜੇਤੂ ਰਹੇ। ਹਕੂਮਤ ਨੇ ਜ਼ੁਲਮ ਦੀਆਂ ਸਭੇ ਹੱਦਾਂ ਪਾਰ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਇਕ-ਇਕ ਕਰਕੇ ਖਤਮ ਕਰ ਦਿੱਤਾ ਪਰ ਅਤਿ ਖ਼ੁਦਾ ਦਾ ਵੈਰ ਹੁੰਦਾ ਹੈ। ਜਲਦੀ ਹੀ ਬੰਦਾ ਸਿੰਘ ਬਹਾਦਰ ਨੇ ਇਸ ਜ਼ਬਰ ਜ਼ੁਲਮ ਦਾ ਤਸੱਲੀ ਨਾਲ ਬਦਲਾ ਲਿਆ ਅਤੇ ਜ਼ਾਲਿਮਾਂ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਇਹ ਸਿੱਖੀ ਤਾਕਤ ਦਾ ਇਕ ਨਮੂਨਾ ਸੀ। ਮੁਗ਼ਲ ਹਕੂਮਤ ਇਹ ਸਭ ਵੇਖ ਸੁਣ ਕੇ ਬੁਖਲਾ ਗਈ। ਉਸ ਨੇ ਬੁਖਲਾਹਟ ਵਿਚ ਹੀ ਸਿੱਖਾਂ ਨੂੰ ਮੂਲੋਂ ਹੀ ਖਤਮ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਦੇ ਸਿਰਾਂ ਦਾ ਮੁੱਲ ਰੱਖਿਆ ਗਿਆ ਅਤੇ ਉਨ੍ਹਾਂ ਨੂੰ ਲੱਭ-ਲੱਭ ਕੇ ਮਾਰਨ ਦੀਆਂ ਚਾਲਾ ਚਲਾਈਆਂ ਗਈਆਂ। ਪਰ ਉਹ ਦੂਣ ਸਵਾਏ ਹੁੰਦੇ ਗਏ। ਗੇਂਦ ਵਾਗ ਉਨ੍ਹਾਂ ਦਾ ਉਛਾਲਾ ਵੱਧਦਾ ਹੀ ਗਿਆ। ਮੁਗਲਾਂ ਤੋਂ ਬਾਅਦ ਪਠਾਣਾਂ ਨੇ ਨਿੱਠ ਕੇ ਦੋ ਘੱਲੂਘਾਰਿਆਂ ਰਾਹੀਂ ਸਿੱਖ ਕੌਮ ਦਾ ਝੁਖ਼ਮ ਨਾਸ ਕਰਨ ਦੀਆਂ ਵਿਉਂਤਾਂ ਬਣਾਈਆਂ। ਪੰਜਾਹ ਹਜ਼ਾਰ ਤੋਂ ਵੱਧ ਸਿੰਘ ਸ਼ਹੀਦ ਕੀਤੇ ਗਏ ਪਰ ਕਈ ਗੁਣਾਂ ਵੱਧ ਕੇ ਉਹ ਫਿਰ ਮੈਦਾਨ ਵਿਚ ਆਏ ਤੇ ਅਬਦਾਲੀ ਦੀ ਸਦਾ ਲਈ ਦਰਾ ਖੈਬਰ ਨੂੰ ਪਾਰ ਕਰਨ ਦੀ ਹਿੰਮਤ ਚੂਰ-ਚੂਰ ਹੋ ਗਈ। ਅਰਬਾਂ ਤੇ ਪਠਾਣਾਂ ਲਈ ਇਹ ਦਰਵਾਜਾ ਸਦਾ ਲਈ ਬੰਦ ਕਰ ਦਿੱਤਾ। ਸਿੰਘਾਂ ਦਾ

ਵਿਨਾਸ਼ ਕਰਦੇ-ਕਰਦੇ ਉਹ ਸਿੰਘਾਂ ਨੂੰ ਪੰਜਾਬ ਦੇ ਮਾਲਿਕ ਬਣਾ ਕੇ ਗਏ।

ਫਿਰ ਦੌਰ ਆਇਆ ਖਾਲਸਾ ਰਾਜ ਦਾ। ਸਾਰੇ ਸਿੱਖ ਸਰਦਾਰਾਂ ਨੇ ਆਪੋ-ਆਪਣੇ ਇਲਾਕੇ ਉੱਪਰ ਕਬਜ਼ਾ ਕਰਕੇ, ਉਨ੍ਹਾਂ ਨੂੰ ਮਿਸਲਾਂ ਦਾ ਰੂਪ ਦੇ ਕੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਸਭਨਾਂ ਨੂੰ ਇਕ ਕਰਕੇ, ਉੱਤਰ ਪੱਛਮੀ ਭਾਰਤ ਵਿਚ ਇਕ ਵਿਸ਼ਾਲ ਸਲਤਨੱਤ ਕਾਇਮ ਕੀਤੀ। ਸਰਕਾਰ ਖਾਲਸਾ ਦੀਆਂ ਸਾਰੇ ਭਾਰਤ ਅਤੇ ਵਿਸ਼ਵ ਵਿਚ ਧੁੰਮਾਂ ਪੈ ਗਈਆਂ। ਨਿਪੋਲੀਅਨਾਂ ਦੇ ਜਰਨੈਲ, ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋਣ ਲੱਗੇ। ਇਸ ਨਾਲ ਸਿੱਖ ਰਾਜ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋ ਗਈਆਂ। ਸਿੱਖਾਂ ਦੀ ਗਿਣਤੀ ਵੱਧਦੀ-ਵੱਧਦੀ ਨੱਬੇ ਲੱਖ ਦੇ ਕਰੀਬ ਹੋ ਗਈ। ਖਾਲਸੇ ਦੇ ਬੋਲਬਾਲੇ ਹੋਣ ਲੱਗੇ।

ਪਰ ਸਮਾਂ ਕਦੀ ਵੀ ਇਕਸਾਰ ਨਹੀਂ ਰਹਿੰਦਾ। ਜਦੋਂ ਰਣਜੀਤ ਸਿੰਘ ਦੀ ਸਲਤਨੱਤ ਉੱਪਰ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਤਾਂ ਸਿੱਖ ਧਰਮ ਫਿਰ ਢਹਿੰਦੀਆਂ ਕਲਾਂ ਵੱਲ ਜਾਣ ਲੱਗਾ। ਮੌਕਾਪ੍ਰਸਤ ਲੋਕ, ਜੋ ਮਹਾਰਜੇ ਤੋਂ ਬਾਅਦ ਫਿਰ ਆਪਣੇ ਮੁੱਢਲ ਜਾਂ ਸਾਬਕਾ ਧਰਮਾਂ ਵਿਚ ਵਾਪਿਸ ਚਲੇ ਗਏ। ਸਿੱਖਾਂ ਦੀ ਗਿਣਤੀ ਘੱਟਦੀ-ਘੱਟਦੀ ਵੀਹ ਲੱਖ ਦੇ ਕਰੀਬ ਰਹਿ ਗਈ। ਸਿੱਖਾਂ ਦੇ ਦੋਖੀ ਕਹਿਣ ਲੱਗ ਪਏ ਕਿ ਕੁਝ ਵਰ੍ਹਿਆਂ ਬਾਅਦ ਸਿੱਖ ਕੌਮ ਖਤਮ ਹੋ ਜਾਵੇਗੀ ਅਤੇ ਖਾਲਸਾ ਪੰਥ ਦਾ ਭੋਗ ਪੈ ਜਾਵੇਗਾ ਅਤੇ ਇਹ ਕੌਮ ਇਤਿਹਾਸ ਦਾ ਇਕ ਪੰਨਾ ਬਣ ਕੇ ਸਿਮਟ ਜਾਵੇਗੀ। ਪਰ ਪੰਥ ਦੋਖੀਆਂ ਦਾ ਇਹ ਖ਼ਾਬ ਕਦੀ ਪੂਰਾ ਨਾ ਹੋਇਆ। ਸਿੰਘ ਸਭਾ ਲਹਿਰ, ਚੀਫ਼ ਖਾਲਸਾ ਦੀਵਾਨ ਤੇ ਖਾਲਸ ਕਾਲਜ ਹੋਂਦ ਵਿਚ ਆਏ। ਇਨ੍ਹਾਂ ਨੇ ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਪ੍ਰੋ. ਗੁਰਮੁੱਖ ਸਿੰਘ ਅਤੇ ਸ੍ਰ. ਅਜੀਤ ਸਿੰਘ ਦੀ ਕਮਾਨ ਹੇਠ ਦਿਨ ਰਾਤ ਇਕ ਕਰਕੇ ਪੰਥ ਦੀ ਡੁੱਬਦੀ ਬੇੜੀ ਨੂੰ ਮੰਝਧਾਰ ਵਿਚੋਂ ਸਹੀ ਸਲਾਮਤ ਕੱਢ ਲਿਆ।

ਵੀਹਵੀਂ ਸਦੀ ਆਈ। ਸਿੱਖਾਂ ਵਿਚ ਹੋਰ ਚੇਤਨਾ ਆਈ। ਉਨ੍ਹਾਂ ਨੇ ਅਮਰੀਕਾ ਤੇ ਕਨੇਡਾ ਵੱਲ ਰੁਖ਼ ਕੀਤਾ। ਉਨ੍ਹਾਂ ਨੇ ਪਹਿਲੀ ਤੇ ਦੂਜੀ ਆਲਮੀ ਜੰਗ ਵਿਚ, ਦੁਨੀਆਂ ਦੇ ਵੱਖ-ਵੱਖ ਮੁਹਾਜ਼ਾਂ ਤੇ ਲੜ ਕੇ ਆਪਣੀ ਵੀਰਤਾ ਦੇ ਜੌਹਰ ਦਿਖਾਏ। ਗ਼ਦਰੀ ਬਾਬੇ, ਬੱਬਰ ਅਕਾਲੀ ਅਤੇ ਗੁਰੂਦੁਆਰਾ ਸ਼੍ਰੋਮਣੀ ਕਮੇਟੀ ਨੇ ਸਿੱਖਾਂ ਦੀ ਆਨ ਤੇ ਸ਼ਾਨ ਨੂੰ ਚਾਰ ਚੰਨ ਲਗਾਏ। ਸਿੱਖਾਂ ਦੀ ਗਿਣਤੀ ਵੱਧ ਕੇ ਫਿਰ ਨੱਬੇ ਲੱਖ ਹੋ ਗਈ ਤੇ ਹੋਰ ਵੱਧਣ ਲੱਗੀ। ਇਤਿਹਾਸ ਦੇ ਪੰਨਿਆਂ ਵਾਲੀ ਗੱਲ ਇਤਿਹਾਸ ਬਣ ਕੇ ਰਹਿ ਗਈ। ਅੰਗਰੇਜ਼ਾਂ ਵਿਰੁੱਧ ਲੜਾਈ ਦੌਰਾਨ, ਸਿੱਖ ਕੌਮ ਨੇ ਸਭ ਤੋਂ ਵੱਧ ਸ਼ਹੀਦੀਆਂ ਪਾ ਕੇ, ਆਪਣੀ ਧਾਂਕ ਜਮਾਈ। ਸਿੱਖਾਂ ਦੀ ਸਾਰੇ ਭਾਰਤ ਵਿਚ ਚਰਚਾ ਹੋਣ ਲੱਗੀ ਅਤੇ ਲੋਕ ਇਸ ਕੌਮ ਨੂੰ ਇਕ ਸਿਰਮੌਰ ਰਾਸ਼ਟਰਵਾਦੀ ਕੌਮ ਵਜੋਂ ਜਾਨਣ ਲੱਗੇ। ਇਹ ਕੌਮ ਅਜ਼ਾਦੀ ਵੇਲੇ ਖਾਲਿਸਤਾਨ ਵੀ ਲੈ ਸਕਦੀ ਸੀ। ਪਰ ਜਿਸ ਕੌਮ ਨੇ ਸਮੁੱਚੇ ਭਾਰਤ ਨੂੰ ਜੰਜ਼ੀਰਾਂ ਤੇ ਜ਼ਲਾਲਤਾਂ ਤੋਂ ਮੁਕਤ ਕੀਤਾ ਹੋਵੇ, ਉਹ ਆਪਣਾ ਵੱਖਰਾ ਘਰ ਕਿਵੇਂ ਬਣਾ ਸਕਦੀ ਸੀ। ਇਸ ਲਈ ਸਿੱਖ, ਵਤਨਪ੍ਰਸਤ ਹੋਣ ਕਰਕੇ ਭਾਰਤ ਨਾਲ ਹੀ ਰਹਿ ਕੇ ਸੰਤੁਸ਼ਟ ਹੋ ਗਏ।

ਫਿਰ ਅਜ਼ਾਦ ਭਾਰਤ ਦਾ ਦੌਰ ਸ਼ੁਰੂ ਹੋਇਆ। ਕੇਂਦਰੀ ਹਕੂਮਤ ਦੀਆਂ ਪੱਖਪਾਤੀ

ਨੀਤੀਆਂ ਕਾਰਨ, ਸਿੱਖਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਲਈ ਸੰਘਰਸ਼ ਕਰਨਾ ਪਿਆ। ਪੰਜਾਬੀ ਬੋਲਦੇ ਪ੍ਰਾਂਤ ਨੂੰ ਪ੍ਰਾਪਤ ਕਰਨ ਲਈ ਸਿੱਖਾਂ ਨੂੰ ਸੈਂਕੜੇ ਸਿੰਘਾਂ ਦੀ ਕੁਰਬਾਨੀ ਦੇਣੀ ਪਈ। ਇਕ ਸਾਜਿਸ਼ ਤਹਿਤ ਅਤੇ ਅਕਾਲੀ ਵੀਰਾਂ ਦੀਆਂ ਨਲਾਇਕੀਆਂ ਕਾਰਨ, ਇਕ ਲੰਗੜਾ ਤੇ ਲੂਲ੍ਹਾ ਪੰਜਾਬੀ ਸੂਬਾ ਹੋਂਦ ਵਿਚ ਆਇਆ। ਇਸ ਤੋਂ ਖਿੱਝ ਕੇ ਸਿੱਖਾਂ ਨੇ ਆਨੰਦਪੁਰ ਦਾ ਮਤਾ ਕੇਂਦਰੀ ਸਰਕਾਰ ਅੱਗੇ ਰੱਖਿਆ। ਕੇਂਦਰ ਦੇ ਅੜੀਅਲ ਨਜ਼ਰੀਏ ਕਾਰਨ, ਸਿੱਖਾਂ ਨੂੰ ਫਿਰ ਮੋਰਚਾ ਲਾਉਣਾ ਪਿਆ। ਖਾਲਿਸਤਾਨ ਦੀ ਲਹਿਰ ਚੱਲੀ ਪਰ ਸਮੁੱਚੀ ਕੌਮ ਖਾਲਿਸਤਾਨ ਨਹੀਂ, ਹੱਕੀ ਤੇ ਵਿਧਾਨਿਕ ਮੰਗਾਂ ਦੀ ਪੂਰਤੀ ਚਾਹੁੰਦੀ ਸੀ। ਇਸੇ ਦੌਰ ਵਿਚ ਨੀਲਾ ਤਾਰਾ ਸਾਕਾ ਵਾਪਰਿਆ। ਹਜ਼ਾਰਾਂ ਸਿੱਖਾਂ ਨੂੰ ਫਿਰ ਜਾਨਾਂ ਤੋਂ ਹੱਥ ਧੋਣੇ ਪਏ। ਇਸ ਤੋਂ ਬਾਅਦ, ਕੇਂਦਰ ਦੀਆਂ ਸਿੱਖ ਮਾਰੂ ਨੀਤੀਆਂ ਕਾਰਨ ਪੰਜਾਬ ਵਿਚ ਇਕ ਦਹਾਕਾ ਅਤਿਵਾਦ ਚੱਲਦਾ ਰਿਹਾ। ਪੰਜਾਬ ਲਹੂ-ਲੁਹਾਣ ਤਾਂ ਹੋਇਆ ਹੀ, ਆਰਥਿਕ ਮੰਦਹਾਲੀ ਦਾ ਵੀ ਸ਼ਿਕਾਰ ਹੋ ਗਿਆ। ਇਸ ਦੌਰ ਵਿਚ ਮੌਕਾ ਪ੍ਰਸਤ ਪੁਲੀਸ ਅਫ਼ਸਰਾਂ ਤੇ ਹੋਰ ਨੇਤਾਵਾਂ ਨੇ ਪੰਜਾਬ ਨੂੰ ਦੋਹੀਂ ਹੱਥੀਂ ਲੁੱਟਿਆ। ਲੱਖਾਂ ਕਰੋੜਾਂ ਦਾ ਕਰਜ਼ਾ ਹਾਲੇ ਵੀ ਦੇਣਾ ਬਾਕੀ ਹੈ। ਇਸ ਕਾਲੇ ਦੌਰ ਵਿਚ ਸਿੱਖ ਕੌਮ ਵਿਰੁੱਧ ਖ਼ੂਨੀ ਦੰਗੇ ਹੋਏ। ਸਿੱਖਾਂ ਦੀ ਫਿਰ ਨਸਲਕੁਸ਼ੀ ਕਰਨ ਦਾ ਪੂਰਾ ਤਾਣ ਲਾਇਆ ਗਿਆ। ਸਿੱਖ ਵਿਧਵਾਵਾਂ ਨੂੰ ਹਾਲੇ ਵੀ ਇਨਸਾਫ਼ ਤੇ ਮੁਆਵਜ਼ਾ ਦੇਣਾ ਬਾਕੀ ਹੈ। ਸਿੱਖ ਕੌਮ ਇਸ ਭਿਆਨਕ ਦੌਰ ਵਿਚੋਂ ਉੱਭਰ ਕੇ, ਸ਼ਕਤੀਸ਼ਾਲੀ ਹੋ ਕੇ ਬਾਹਰ ਆਈ। ਅੱਜਕੱਲ੍ਹ ਭਾਰਤ ਦਾ ਪ੍ਰਧਾਨ ਮੰਤਰੀ ਤੇ ਫੌਜਾਂ ਤਾ ਮੁੱਖ ਕਮਾਂਡਰ ਸਿੱਖ ਹੋਣਾ, ਸਿੱਖਾਂ ਦੇ ਜਲੌਅ ਜ਼ਲਾਲ ਦਾ ਸਬੂਤ ਹੈ।

ਇਸ ਕੌਮ ਉੱਪਰ ਅਣਗਿਣਤ ਮੁਸੀਬਤਾਂ ਅਤੇ ਆਫ਼ਤਾਂ ਆਈਆਂ ਪਰ ਸਿੰਘਾਂ ਨੇ ਕਦੀ ਦਿਲ ਨਹੀਂ ਛੱਡਿਆ, ਕਦੀ ਹਥਿਆਰ ਨਹੀਂ ਸੁੱਟੇ, ਕਦੀ ਕਮਰਕੱਸੇ ਨਹੀਂ ਲਾਹੇ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਸਿੱਖ ਹਾਰ ਵੀ ਜਾਣ ਤਾਂ ਕਦੀ ਨਿੱਸਲ ਨਹੀਂ ਹੋਏ। ਇਨ੍ਹਾਂ ਕਦੀ ਹਾਰ ਨਹੀਂ ਮੰਨੀ। ਇਹੀ ਕਾਰਨ ਹੈ ਕਿ ਅੱਜ ਇਹ ਜ਼ਿੰਦਾ ਹੈ ਤੇ ਇਸ ਦੇ ਨਾਮੋ-ਨਿਸ਼ਾਨ ਸਾਰੇ ਜਗਤ ਵਿਚ ਪਾਏ ਜਾਂਦੇ ਹਨ। ਆਉਣ ਵਾਲੇ ਦਿਨਾਂ ਵਿਚ ਖਾਲਸਾ ਪੰਥ ਦੇ ਪ੍ਰਚਾਰ ਹੋਰ ਬੁਲੰਦ ਹੋਣ ਦੀ ਆਸ ਹੈ। ਸਿੱਖ ਕੌਮ ਨੂੰ ਹਿੰਦੂ ਕੌਮ ਆਪਣੀ ਇਕ ਸ਼ਾਖ ਸਮਝਦੀ ਹੈ। ਇਹ ਸ਼ਾਖ ਕਿਸੇ ਵੇਲੇ ਸੀ ਪਰ ਅੱਜ ਨਹੀਂ ਹੈ। ਸਿੱਖੀ ਦਾ ਸਰੂਪ ਤੇ ਮੁਹਾਂਦਰਾ ਇਤਨਾ ਵੱਖਰਾ ਤੇ ਅਲੱਗ ਹੈ ਕਿ ਇਸ ਨੂੰ ਇਕ ਨਵੀਂ ਕੌਮ ਵਜੋਂ ਦਰਜ਼ਾ ਦੇਣਾ ਬਣਦਾ ਹੈ। ਭਾਰਤ ਸਰਕਾਰ ਭਾਵੇਂ ਇਸ ਬਾਰੇ ਝਿਜਕ ਰਹੀ ਹੈ ਪਰ ਸਿੱਖ ਜ਼ਿਹਨੀ ਤੌਰ ਤੇ ਆਪਣੇ ਆਪ ਨੂੰ ਵੱਖਰੀ ਕੌਮ ਹੀ ਸਮਝਦੇ ਹਨ। ਇਸ ਦੇ ਬੁਨਿਆਦੀ ਅਸੂਲ ਹਿੰਦੂ ਧਰਮ ਨਾਲੋਂ ਬਿਲਕੁਲ ਭਿੰਨ ਹਨ। ਪਿਛਲੇ ਕਾਫ਼ੀ ਸਮੇਂ ਤੋਂ ਬਿਪਰਨਵਾਦ ਸਿੱਖ ਕੌਮ ਨੂੰ ਹਰ ਤਰ੍ਹਾਂ ਢਾਅ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਇਸ ਪ੍ਰਭਾਵ ਅਧੀਨ ਸਿੱਖ ਹਿੰਦੂਆਂ ਵਰਗੇ ਬਣ ਗਏ ਤਾਂ ਸਭ ਤੋਂ ਵੱਧ ਨੁਕਸਾਨ ਭਾਰਤ ਦਾ ਹੀ ਹੋਵੇਗਾ। ਸਿੱਖ ਕੌਮ ਨੇ ਹੀ ਭਾਰਤ ਨੂੰ ਅਧੋਗਤੀਆਂ ਵਿਚੋਂ ਕੱਢਿਆ ਹੈ। ਜੇਕਰ ਇਸ ਦੇ ਲੱਛਣ ਤੇ ਤੌਰ ਤਰੀਕੇ ਹਿੰਦੂਆਂ ਨਿਆਈਂ ਹੋ ਗਏ ਤਾਂ ਉਹ ਦਿਨ

ਭਾਰਤ ਲਈ ਮਨਹੂਸ ਦਿਨ ਹੋਵੇਗਾ। ਇਸ ਲਈ ਹਿੰਦੂ ਵੀਰਾਂ ਨੂੰ ਸਿੱਖ ਧਰਮ ਵਿਚ ਦਖ਼ਲ ਦੇ ਕੇ, ਇਸ ਦਾ ਖਾਲਸਾਈ ਸਰੂਪ ਵਿਗਾੜਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਿੱਖ ਇਕ ਵੱਖਰੀ ਕੌਮ ਹੈ—ਇਸ ਹਕੀਕਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਸਿੱਖਾਂ ਨੇ ਗੁਰੂ ਨਾਨਕ ਸਾਹਿਬ ਦਾ ਪੰਜ ਸੌ ਸਾਲਾ ਜਨਮ ਦਿਨ ਮਨਾਇਆ। ਸਾਰਾ ਜਗਤ ਅੰਮ੍ਰਿਤਸਰ ਤੇ ਆਨੰਦਪੁਰ ਢੁੱਕਿਆ ਲੋਕਾਂ ਦੀ ਸ਼ਰਧਾ ਤੇ ਭਾਵਨਾ ਵੱਲ ਵੇਖ ਕੇ ਇਹ ਕਦੀ ਵੀ ਖ਼ਿਆਲ ਨਹੀਂ ਕੀਤਾ ਜਾ ਸਕਦਾ ਕਿ ਇਹ ਕੌਮ ਕਦੀ ਖਤਮ ਹੋਵੇਗੀ। ਸਿੱਖਾਂ ਦੇ ਵੱਖ-ਵੱਖ ਵਰਗਾਂ ਤੇ ਖਾਸ ਕਰਦੇ ਆਮ ਲੋਕਾਂ ਦੀ ਸ਼ਰਧਾ ਤੇ ਉਤਸ਼ਾਹ ਨੂੰ ਵੇਖ ਕੇ ਲੱਗਦਾ ਹੈ ਕਿ ਸਿੱਖ ਕੌਮ ਦਾ ਭਵਿੱਖ ਉੱਜਲਾ ਤੇ ਚੜ੍ਹਦੀਆਂ ਕਲਾਂ ਵਾਲਾ ਹੈ। ਇਸ ਨੂੰ ਕਦੀ ਗ੍ਰਹਿਣ ਨਹੀਂ ਲੱਗੇਗਾ। ਫਿਰ ਆਇਆ ਖਾਲਸੇ ਦੀ ਤਿੰਨ ਸੌ ਸਾਲਾ ਸ਼ਤਾਬਦੀ। ਆਨੰਦਪੁਰ ਸਾਹਿਬ ਆਪਣੇ ਮੁੱਢਲੇ ਜਲੌਅ ਵਿਚ ਫਿਰ ਆਉਣ ਲੱਗਾ ਸਾਰੇ ਭਾਰਤ ਨੇ ਆ ਕੇ ਸਿੱਖ ਕੌਮ ਨੂੰ ਵਧਾਈਆਂ ਦਿੱਤੀਆਂ ਅਤੇ ਖਾਲਸਾ ਪੰਥ ਦੇ ਯੋਗਦਾਨ ਦੀ ਭਰਪੂਰ ਚਰਚਾ ਕੀਤੀ। ਇਸ ਜਨਸਮੂਹ ਨੂੰ ਤੱਕ ਕੇ ਕਦੀ ਕੋਈ ਅੰਦਾਜ਼ਾ ਵੀ ਲਗਾ ਸਕਦਾ ਹੈ ਕਿ ਇਸ ਕੌਮ ਵੱਲ ਕੋਈ ਕਹਿਰੀ ਨਜ਼ਰ ਨਾਲ ਵੇਖਣ ਦਾ ਹੀਆ ਵੀ ਕਰ ਸਕੇਗਾ। ਇਹ ਕੌਮ, ਆਪਣੇ ਆਪ ਨੂੰ ਕੀ, ਸਾਰੇ ਭਾਰਤ ਦੀ ਸੁਰੱਖਿਆ ਦਾ ਜ਼ੁੰਮਾ ਲੈਣ ਵਾਲੀ ਹੈ। ਫਿਰ ਆਇਆ 'ਵਿਰਾਸਤੇ ਖਾਲਸਾ।' ਇਹ ਯਾਦਗਾਰ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਹਮੇਸ਼ਾ ਤਸਵੀਰ ਪੇਸ਼ ਕਰਦੀ ਰਹੇਗੀ ਅਤੇ ਆਉਣ ਵਾਲੀਆਂ ਨਸਲਾਂ ਨੂੰ ਨਸ਼ਿਆਉਂਦੀ ਰਹੇਗੀ। ਜਿਹੜੀ ਕੌਮ ਹੋਰ ਕੌਮਾਂ ਨੂੰ ਜ਼ਿੰਦਗੀ ਦੇਣ ਦੇ ਸਮਰੱਥ ਹੋਵੇ, ਉਸ ਨੂੰ ਮਾਰਨਾ ਕਿਸੇ ਕੌਮ ਦੇ ਵੱਸ ਦੀ ਗੱਲ ਨਹੀਂ। ਜਿਸ ਕੌਮ ਨੇ ਵਰਤਮਾਨ ਭਾਰਤ ਦੀ ਤਸਵੀਰ ਤੇ ਤਦਬੀਰ ਬਣਾਈ ਹੈ, ਉਸ ਕੌਮ ਦਾ ਜੇਕਰ ਭਾਰਤ ਵਿਚ ਕੋਈ ਦੋਖੀ ਹੈ ਤਾਂ ਉਸ ਨੂੰ ਆਪਣੀ ਗ਼ਦਾਰੀ ਦਾ ਖਮਿਆਜ਼ਾ ਭੁਗਤਣਾ ਪਵੇਗਾ। ਜਿੰਨ੍ਹਾਂ ਉੱਜਲਾ ਭਵਿੱਖ ਸਿੱਖ ਕੌਮ ਦਾ ਹੋਵੇਗਾ, ਉਨ੍ਹਾਂ ਹੀ ਸਮੁੱਚੇ ਭਾਰਤ ਦਾ ਹੋਵੇਗਾ। ਸਿੱਖਾਂ ਦੀ ਤਾਂ ਹੁਣ ਮੁਸਲਮਾਨ ਤੇ ਈਸਾਈ ਧਰਮ ਵੀ ਮਹਿਮਾਂ ਕਰਕੇ ਥੱਕਦੇ ਨਹੀਂ, ਤਾਂ ਫਿਰ ਹਿੰਦੂ ਭਰਾਵਾਂ ਨੂੰ ਇਸ ਦੀ ਖਾਹ-ਮਖਾਹ ਵਿਰੋਧਤਾ ਤੇ ਈਰਖਾ ਕਰਨੀ ਬੰਦ ਕਰਨੀ ਪਵੇਗੀ। ਇਹ ਹੀ ਉਨ੍ਹਾਂ ਦੀ ਰਾਸ਼ਟਰੀ ਚੇਤਨਾਂ ਦਾ ਲੱਛਣ ਹੋਵੇਗਾ। ਇਕ ਸਾਝਾਂ ਤੇ ਧਰਮਾਂ ਜਾਤਾਂ ਤੋਂ ਅਜ਼ਾਦ ਭਾਰਤ ਹੀ, ਦੁਨੀਆਂ ਵਿਚ ਵਿਕਾਸ ਕਰ ਸਕੇਗਾ। ਕੌਮੀ ਏਕਤਾ ਦੀ ਭਾਵਨਾ ਸਾਨੂੰ ਸਭ ਵਖਰੇਵਿਆਂ ਤੋਂ ਦੂਰ ਲੈ ਚਲੇਗੀ। ਇਹੀ ਦੌਰ ਭਾਰਤ ਦੇ ਇਤਿਹਾਸ ਦਾ ਸੁਨਹਿਰੀ ਦਿਨ ਹੋਵੇਗੀ।

# ਪੁੱਤ ਜੱਟਾਂ ਕਿ ਸਰਦਾਰਾਂ ਦੇ ?

ਸਿੱਖ ਧਰਮ ਦੁਨੀਆਂ ਦੇ ਆਧੁਨਿਕ ਧਰਮਾਂ ਵਿਚੋਂ ਇਕ ਹੈ। ਤਕਰੀਬਨ ਪੰਜ ਸੌ ਵਰ੍ਹੇ ਪੁਰਾਣਾ। ਇਹ ਉਹ ਧਰਮ ਹੈ ਜਿਸ ਨੇ 18ਵੀਂ ਸਦੀ ਵਿਚ ਭਾਰਤ ਦੇ ਇਤਿਹਾਸ ਦਾ ਮੂੰਹ ਮੋੜ ਦਿੱਤਾ। ਭਾਰਤ ਵਿਚ ਜਿੰਨੇ ਵੀ ਵਿਦੇਸ਼ੀ ਜਰਵਾਣਿਆਂ ਵਲੋਂ ਹਮਲੇ ਹੋਏ ਉਹ ਸਾਰੇ ਪੱਛਮੀ ਸੀਮਾਂ ਤੋਂ ਹੋਏ। ਦਰਾ ਖ਼ੈਬਰ ਰਾਹੀਂ। ਸਿਕੰਦਰੇ ਆਜ਼ਮ ਤੋਂ ਲੈ ਕੇ ਅਹਿਮਦ ਸ਼ਾਹ ਅਬਦਾਲੀ ਤੱਕ ਸਰਬੱਤ ਧਾੜਵੀ ਪੱਛਮੀ ਸਰਹੱਦ ਵਲੋਂ ਆਏ। ਅੰਗਰੇਜ਼ ਪੱਛਮੀ ਸਰਹੱਦ ਦੀ ਜਗ੍ਹਾ ਪੱਛਮ ਵਲੋਂ ਆਏ। ਇਨ੍ਹਾਂ ਸਭਨਾਂ ਹਮਲਵਰਾਂ ਨੇ ਭਾਰਤ ਨੂੰ ਲੁੱਟਿਆ ਹੀ ਨਹੀਂ, ਬੇਇੱਜ਼ਤ ਵੀ ਕੀਤਾ। ਮਾਸੂਮਾਂ ਤੇ ਬੇਦੋਸ਼ਿਆਂ ਨਾਲ ਆਪਣੇ ਪਸ਼ੂਪਣ ਦਾ ਖੁੱਲ੍ਹ ਕੇ ਮੁਜ਼ਾਹਰਾ ਕੀਤਾ। ਸਿੱਖਾਂ ਨੇ ਪੱਛਮੀ ਸਰਹੱਦ ਨੂੰ ਸੀਲ ਹੀ ਨਹੀਂ ਕੀਤਾ ਸਗੋਂ ਪਠਾਣਾਂ ਨੂੰ ਸਾਡੇ ਨਾਲ ਦੋਸਤਾਨਾਂ ਸੰਧੀ ਕਰਨ ਲਈ ਮਜ਼ਬੂਰ ਕਰ ਦਿੱਤਾ। ਉਹ 'ਹਰੀਆ' ਕਹਿ ਕੇ ਆਪਣੇ ਬੱਚਿਆਂ ਨੂੰ ਡਰਾਉਣ ਲੱਗੇ। ਗਜ਼ਨੀ ਅਤੇ ਕਾਬਲ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਘੋੜੇ ਤੇ ਬਿਠਾ ਕੇ, ਪੂਰੇ ਸ਼ਾਹੀ ਜਲ-ਜਲੌਅ ਨਾਲ, ਜਿਸ ਦੀ ਅਗਵਾਈ ਮਹਾਰਾਜੇ ਦੇ ਮੁਸਲਮ ਅਫ਼ਸਰ ਕਰ ਰਹੇ ਸਨ, ਇਨ੍ਹਾਂ ਸ਼ਹਿਰਾਂ ਵਿਚ ਬੜੀ ਸ਼ਾਨੋ-ਸ਼ੌਕਤ ਨਾਲ ਘੁਮਾਇਆ ਗਿਆ। ਇਹ ਭਾਰਤ ਵਾਸਤੇ ਬੜੇ ਹੀ ਗੌਰਵ ਵਾਲੀ ਘਟਨਾ ਸੀ। ਮਹਾਰਾਜੇ ਦੇ ਕਾਲਵਾਸ ਤੋਂ ਬਾਅਦ ਜਦ ਅੰਗਰੇਜ਼ਾਂ ਨੇ ਪੰਜਾਬ ਨੂੰ ਹਥਿਆ ਲਿਆ ਤਾਂ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ ਸਿੱਖਾਂ ਨੇ ਬੇਸ਼ੁਮਾਰ, ਕੁਰਬਾਨੀਆਂ ਕੀਤੀਆਂ ਅਤੇ ਅੰਗਰੇਜ਼ਾਂ ਨੂੰ ਚੱਲਦੇ ਕੀਤਾ। ਭਾਰਤ ਦੀ ਅਜ਼ਾਦੀ ਵਿਚ ਸਿੱਖਾਂ ਦਾ 75 ਪ੍ਰਤੀਸ਼ਤ ਹਿੱਸਾ ਹੈ।

ਇਹ ਹੈ ਸਿੱਖਾਂ ਦਾ ਸੁਨਹਿਰੀ ਇਤਿਹਾਸ। ਸਿੱਖਾਂ ਵਿਚ ਕਈ ਜਾਤੀਆਂ ਦੇ ਲੋਕ ਹਨ। ਪਰ ਜੱਟ ਤੇ ਖ਼ਤਰੀ ਆਪਣੇ ਆਪ ਨੂੰ ਸਿਰਮੌਰ ਸਮਝਦੇ ਹਨ। ਪੰਜ ਪਿਆਰਿਆਂ ਵਿਚ ਬਹੁਗਿਣਤੀ ਗ਼ੈਰ ਜੱਟ-ਖੱਤਰੀਆਂ ਦੀ ਸੀ। ਬਾਅਦ ਵਿਚ ਗੁਰੂ ਦਸਮੇਸ਼ ਵੇਲੇ ਤੇ ਬਾਅਦ ਵਿਚ, ਸਿੱਖਾਂ ਨੇ ਅਦੁੱਤੀ ਕੁਰਬਾਨੀਆਂ ਦੇ ਕੇ ਸਿੱਖਾਂ ਦਾ ਸੁਨਹਿਰੀ ਇਤਿਹਾਸ ਸਿਰਜਿਆ ਹੈ। ਸਿੱਖਾਂ ਨੂੰ ਗ਼ੈਰ ਸਿੱਖ 'ਸਰਦਾਰ' ਕਹਿ ਕੇ ਬੁਲਾਉਂਦੇ ਹਨ। ਸਿੱਖਾਂ ਦੀਆਂ ਸਭ ਜਾਤੀਆਂ ਨੇ ਸਿੱਖਾਂ ਦੇ ਇਤਿਹਾਸ, ਸਾਹਿਤ ਤੇ ਸਭਿਆਚਾਰ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ। ਜੀਹਨੇ ਵੀ ਦਸ਼ਮੇਸ਼ ਪਿਤਾ ਦਾ ਖੰਡੇ ਦਾ ਅੰਮ੍ਰਿਤ ਛਕਿਆ ਉਹ ਸਿਰਲੱਥ ਸੂਰਾ ਹੋ ਗਿਆ। ਜੱਟ ਤੇ ਖੱਤਰੀ ਸਰਦਾਰਾਂ ਤੋਂ ਕੀ ਸਭ ਸਰਦਾਰਾਂ ਤੋਂ ਤ੍ਰਬਕਦੇ ਹਨ। ਗੁਰੂ ਸਾਹਿਬਾਨ ਦੇ ਸਿੱਖ ਸੇਵਕ ਸਰਦਾਰ ਹੀ ਹਨ। ਜੱਟਾਂ ਤੇ ਖੱਤਰੀ ਅਗੇੜਿਆਂ

ਦੀ ਭਾਵੇਂ ਸਿੱਖਾਂ ਵਿਚ ਬਹੁਗਿਣਤੀ ਹੈ ਪਰ ਫਿਰ ਵੀ ਘੱਟ ਗਿਣਤੀ ਵਾਲੇ ਸਿੱਖ ਕਿਸੇ ਨਾਲੋਂ ਘੱਟ ਨਹੀਂ।

ਕੁਝ ਸਮੇਂ ਤੋਂ ਪੰਜਾਬ ਦੇ ਸਿੱਖ ਜੱਟਾਂ ਵਿਚ, ਜਾਤੀਵਾਦ ਕੁਝ ਵਧੇਰੇ ਹਾਵੀ ਹੁੰਦਾ ਜਾ ਰਿਹਾ ਹੈ। ਸਿਆਸੀ ਨੇਤਾ ਆਪਣੇ ਵੋਟ ਬਟੋਰਨ ਲਈ ਜਾਤੀਵਾਦ ਨੂੰ ਹਵਾ ਦੇਣਾ ਨਹੀਂ ਭੁੱਲਦੇ। ਕੁਝ ਫਿਲਮਾਂ ਵਾਲੇ ਲੋਕਾਂ ਦੀਆਂ ਜੇਬ੍ਹਾਂ ਕੱਟਣ ਲਈ ਜਾਤੀ ਵਾਦ ਨਾਲ ਭਰਪੂਰ ਫਿਲਮਾਂ ਬਣਾਉਂਦੇ ਹਨ। ਜਿਵੇਂ ਜੱਟ ਦਾ ਬਦਲਾ, ਜੱਟ ਦੀ ਗੰਡਾਸੀ, ਜੱਟੀ, ਪੁੱਤ ਜੱਟਾਂ ਦੇ, ਜੱਟ ਜੀਊਣਾਂ ਮੌੜ, ਧੰਨਾ ਜੱਟ, ਜੱਟ ਐਂਡ ਜੂਲੀਅਟ, ਨੌਟੀ ਜੱਟਸ, ਕੈਰੀ ਔਨ ਜੱਟਾ, ਜੱਟ ਬੁਆਇਜ਼ ਆਦਿ। ਜੋ ਖ਼ੂਬੀਆਂ ਤੇ ਕਾਰਨਾਮੇ ਜੱਟਾਂ ਵਿਚ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਬਾਕਾਇਦਾ ਬਾਕੀ ਸਿੱਖਾਂ ਵਿਚ ਵੀ ਪਾਈਆਂ ਜਾਂਦੀਆਂ ਹਨ। ਫਿਰ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਜੱਟ ਸਿੱਖਾਂ ਵਿਚ ਹੀ ਪੇਸ਼ ਕਰਨਾ, ਵਿਤਕਰੇ ਤੇ ਸ਼ੱਕ-ਸ਼ੁਬੇ ਖੜੇ ਕਰਨ ਵਾਲੀ ਗੱਲ ਹੈ। ਇਹ ਇਕ ਸ਼ਰਾਰਤ ਹੈ, ਜਿਹੜੀ ਤਜ਼ਾਰਤੀ ਲੋਕ ਆਪਦੇ ਸਵਾਰਥੀ ਹਿੱਤਾਂ ਲਈ ਵਰਤ ਕੇ ਸਿੱਖੀ ਨੂੰ ਢਾਹ ਲਾਉਂਦੇ ਹਨ। ਇਹ ਨਿੰਦਣਯੋਗ ਹੈ। 'ਪੁੱਤ ਜੱਟਾਂ ਦੇ' ਦੀ ਜਗ੍ਹਾ 'ਪੁੱਤ ਸਰਦਾਰਾਂ ਦੇ' ਕਿਹਾ ਜਾਵੇ ਤਾਂ ਉਹ ਵਧੇਰੇ ਭਾਵਪੂਰਤ ਤੇ ਉਪਯੋਗੀ ਹੋਵੇਗਾ। ਸਿੱਖ ਸਭੇ ਸਰਦਾਰਾਂ ਦੇ ਪੁੱਤ ਹਨ। ਕੇਵਲ ਜੱਟਾ ਦੇ ਪੁੱਤ ਕਹਿਣ ਨਾਲ ਬਾਕੀ ਜਾਤੀਆਂ ਨਾਲ ਭੇਦ ਭਾਵ ਕਰਨ ਵਾਲੀ ਗੱਲ ਹੈ।

ਦਸ਼ਮੇਸ਼ ਪਿਤਾ ਨੇ ਸਾਨੂੰ ਸਰਦਾਰੀਆਂ ਬਖਸ਼ੀਆਂ ਸਨ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਭ ਸਿੱਖਾਂ ਨੂੰ ਇਕ-ਮਿਕ ਕਰ ਦਿੱਤਾ ਸੀ। ਪੰਜ ਪਿਆਰੇ ਇਸ ਦੀ ਮਿਸਾਲ ਹਨ। ਸਿੱਖਾਂ ਨਾਲ ਤਾਂ ਅੱਗੇ ਹੀ ਬੜੀਆਂ ਵਧੀਕੀਆਂ ਹੋਈਆਂ ਹਨ ਤੇ ਉਨ੍ਹਾਂ ਦੇ ਸੁਨਹਿਰੀ ਇਤਿਹਾਸ ਤੇ ਸੰਸਥਾਵਾਂ ਨੂੰ ਮਿੱਟੀ ਵਿਚ ਮੇਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਖ ਸੰਸਥਾਵਾਂ, ਸਿਆਸੀ ਬੰਦਿਆਂ ਦੇ ਦਬਾ ਹੇਠ ਅੱਜ ਆਪਣਾ ਸਹੀ ਸਰੂਪ ਬਦਲ ਰਹੀਆਂ ਹਨ। ਸਿਆਸੀ ਨੇਤਾਵਾਂ ਨੇ ਸਿੱਖੀ ਦਾ ਬੇਪਨਾਹ ਨੁਕਸਾਨ ਕੀਤਾ ਹੈ ਤੇ ਹੁਲੀਆ ਵਗਾੜਿਆ ਹੈ। ਸਿੱਖ ਪ੍ਰਧਾਨ ਮੰਤਰੀ ਬਣਨ ਦੀ ਵੀ ਉਨ੍ਹਾਂ ਨੂੰ ਖੁਸ਼ੀ ਨਹੀਂ ਹੋਈ। ਸਿੱਖਾਂ ਹੱਥੋਂ ਹੀ ਉਨ੍ਹਾਂ ਦੀ ਆਲੋਚਨਾ ਹੋ ਰਹੀ ਹੈ। ਰਹਿੰਦੀ-ਖੂੰਹਦੀ ਕਸਰ ਜਾਤੀਵਾਦ ਨੇ ਕੱਢ ਦਿੱਤੀ ਹੈ। ਇਹ ਵੀ ਕਾਰਾ ਸਿਆਸਤਦਾਨ ਹੀ ਕਰ ਰਹੇ ਹਨ। ਸਿੱਖਾਂ ਨੂੰ ਜਾਤਾਂ ਗੋਤਾਂ ਦੇ ਘੇਰਿਆਂ ਵਿਚੋਂ ਨਿਕਲ ਕੇ ਸਿੱਖੀ ਦੇ ਵਿਸ਼ਾਲ ਜਗਤ ਵਿਚ ਪ੍ਰਵੇਸ਼ ਕਰਨਾ ਚਾਹੀਦਾ ਹੈ। ਪਹਿਲਾਂ ਹੀ ਸਾਡੀ ਗਿਣਤੀ ਨਿਗੂਣੀ ਹੈ। ਸਾਨੂੰ ਸਿੱਖੀ ਨੂੰ ਜਾਤੀਆਂ ਵਿਚ ਵੰਡ ਕੇ ਇਸ ਨੂੰ ਹੋਰ ਕਮਜ਼ੋਰ ਨਹੀਂ ਕਰਨਾ ਚਾਹੀਦਾ। ਸਭਨਾਂ ਸਿੱਖਾਂ ਨੂੰ ਆਪਣੇ ਨਾਮ ਨਾਲ ਸਰਦਾਰ ਲਾਉਣਾ ਚਾਹੀਦਾ ਹੈ ਕਿਉਂਕਿ ਅਸੀਂ ਸਰਦਾਰਾਂ ਦੇ ਪੁੱਤ ਹਾਂ, ਕੇਵਲ ਜੱਟਾਂ ਖੱਤਰੀਆਂ ਦੇ ਹੀ ਨਹੀਂ।

ਸਾਡੇ ਮੁਲਕ ਵਿਚ ਵੀ ਸਾਡਾ ਸਮਾਜ ਆਦਿ ਕਾਲ ਤੋਂ ਉੱਚੀਆਂ ਨੀਵੀਆਂ ਜਾਤੀਆਂ ਵਿਚ ਵੰਡਿਆ ਗਿਆ ਸੀ। ਇਕ ਜਾਤੀ ਦਾ ਦੂਜੀ ਜਾਤੀ ਨਾਲ ਕੋਈ ਰੋਟੀ-ਬੇਟੀ ਦਾ ਰਿਸ਼ਤਾਂ ਕਦੀ ਨਹੀਂ ਸੀ ਹੁੰਦਾ। ਜਿਹੜਾ ਵੀ ਆਪਣੀ ਜਾਤੀ ਛੱਡ ਕੇ

ਕਿਸੇ ਦੂਜੀ ਜਾਤੀ ਨਾਲ ਰਿਸ਼ਤਾ ਜੋੜ ਲੈਂਦਾ ਤਾਂ ਸਮਾਜ ਵਿਚ ਉਸ ਦਾ ਹੁੱਕਾ ਪਾਣੀ ਬੰਦ ਕਰ ਦਿੱਤਾ ਜਾਂਦਾ ਸੀ। ਇਸੇ ਵਜ੍ਹਾ ਕਾਰਨ ਭਾਰਤੀ ਸਮਾਜ ਕਦੀ ਵੀ ਇਕ-ਮਿਕ ਤੇ ਸੰਗਠਿਤ ਨਾ ਹੋ ਸਕਿਆ। ਜਦੋਂ ਸਾਡੇ ਉੱਪਰ ਕਦੀ ਭੀੜ ਬਣੀ ਤਾਂ ਅਸੀਂ ਇਕ ਕੌਮ ਬਣ ਕੇ ਕਿਸੇ ਦੁਸ਼ਮਣ ਦਾ ਟਾਕਰਾ ਨਾ ਕਰ ਸਕੇ। ਦੁਸ਼ਮਣ ਸਾਨੂੰ ਇਕ-ਇਕ ਕਰਕੇ ਸ਼ਿਕੱਸ਼ਤ ਦੇਣ ਵਿਚ ਕਾਮਯਾਬ ਹੁੰਦੇ ਰਹੇ। ਇਸੇ ਲਈ ਭਾਰਤ ਸਦੀਆਂ ਭਰ ਗ਼ੁਲਾਮ ਰਿਹਾ। ਕੇਵਲ ਸਾਡੀ ਅੰਗਰੇਜ਼ਾਂ ਵਿਰੁੱਧ ਅਜ਼ਾਦੀ ਦੀ ਜੰਗ ਵੇਲੇ ਅਸਾਂ ਕੌਮੀ ਏਕਤਾ ਦਾ ਸਬੂਤ ਦਿੱਤਾ ਤਾਂ ਅੰਗਰੇਜ਼ ਬੋਰੀ ਬਿਸਤਰਾ ਵਲੇਟ ਕੇ ਆਪਣੇ ਵਤਨ ਜਾਣ ਲਈ ਤਿਆਰ ਹੋ ਗਏ। ਸਾਡੇ ਧਰਮ ਵਿਚ ਵੀ ਜੇਕਰ ਇਸੇ ਤਰ੍ਹਾਂ ਦਾ ਜਾਤੀਵਾਦ ਦਾ ਬੋਲਬਾਲਾ ਰਿਹਾ ਤਾਂ ਅਸੀਂ ਵੀ ਡਾਹਢੇ ਖੱਜਲ-ਖੁਆਰ ਹੋਵਾਂਗੇ। ਚੋਣਾਂ ਵੇਲੇ ਸਾਰੇ ਰਾਜਨੀਤਕ ਦਲ, ਵੋਟਰਾਂ ਦੀ ਜਿਸ ਜਾਤੀ ਦੀ ਵਧੇਰੇ ਗਿਣਤੀ ਹੁੰਦੀ ਹੈ, ਉੱਥੇ ਉਸੇ ਜਾਤੀ ਦੇ ਉਮੀਦਵਾਰ ਖਲਿਆਰੇ ਜਾਂਦੇ ਹਨ, ਭਾਵੇਂ ਉਹ ਨਾਲਾਇਕ ਤੇ ਅਯੋਗ ਸਾਬਤ ਹੋਣ ਉਸ ਇਲਾਕੇ ਦੇ ਸੁਘੜ ਸਿਆਣੇ ਤੇ ਯੋਗ ਉਮੀਦਵਾਰਾਂ ਨੂੰ ਕੋਈ ਮੌਕਾ ਨਹੀਂ ਮਿਲਦਾ, ਕਿਉਂਕਿ ਉਨ੍ਹਾਂ ਦੀ ਜਾਤੀ ਦੇ ਲੋਕ ਉਸ ਖੇਤਰ ਵਿਚ ਘੱਟ ਗਿਣਤੀ ਵਿਚ ਹੁੰਦੇ ਹਨ। ਅਯੋਗ ਤੇ ਨੀਮ ਪੜ੍ਹੇ ਲੋਕ ਆਪਣੇ ਹਲਕੇ ਦੀ ਨੁਮਾਇੰਦਗੀ ਕਰਨ ਵਿਚ ਅਸਫਲ ਰਹਿੰਦੇ ਹਨ। ਅਜਿਹਾ ਇਲਾਕਾ ਬਾਕੀ ਖੇਤਰਾਂ ਨਾਲੋਂ ਪਛੜ ਜਾਂਦਾ ਹੈ।

ਜਾਤੀਵਾਦ ਨਾਲ ਸੰਬੰਧਤ ਫਿਲਮਾਂ ਜਿੱਥੇ ਨਿਰਮਾਣਕਾਰਾਂ ਦੀ ਜੇਬ੍ਹ ਭਰਦੀਆਂ ਹਨ, ਉੱਥੇ ਸਮਾਜ ਵਿਚ ਗਲਤ ਧਾਰਨਾਵਾਂ ਉਤਪੰਨ ਕਰਦੀਆਂ ਹਨ। ਜਦੋਂ ਜਾਤੀ ਜਨੂੰਨ ਕਾਰਨ, ਜਾਤੀਵਾਦ ਉੱਭਰਨ ਲੱਗਦਾ ਹੈ ਤਾਂ ਸਮਾਜ ਦੀ ਦਿਸ਼ਾ ਵਿਗੜ ਜਾਂਦੀ ਹੈ। ਜੇਕਰ ਇਸੇ ਤਰਜ਼ ਨਾਲ, ਬਾਕੀ ਜਾਤੀਆਂ ਵੀ ਆਪਣੇ ਨਾਮ ਵਾਲੀਆਂ ਫਿਲਮਾਂ ਦਾ ਨਿਰਮਾਣ ਕਰਨ ਲੱਗ ਜਾਣ ਤਾਂ ਸਮਾਜ ਖੇਰੂੰ-ਖੇਰੂੰ ਹੋ ਜਾਵੇਗਾ। ਜੋਸ਼ ਖੱਤਰੀ ਦਾ, ਮੂਡ ਮਜ਼ਬੀ ਦਾ, ਰਾਮਗੜੀਆ ਗੁੱਸੇ ਵਿਚ, ਬਦਲਾ ਕੰਬੋਜ਼ ਦਾ ਆਦਿ ਫਿਲਮਾਂ ਬਣਨ ਦੀ ਵੀ ਸੰਭਾਵਨਾ ਹੋ ਸਕਦੀ ਹੈ। ਇਹ ਰੁਝਾਨ ਕਤਈ ਨਰੋਏ ਸਮਾਜ ਦਾ ਸੂਚਕ ਨਹੀਂ। ਸਾਡੀਆਂ ਸਰਕਾਰਾਂ ਨੂੰ, ਫਿਲਮਕਾਰਾਂ ਨੂੰ ਜਾਤੀ ਨਾਲ ਸਬੰਧਿਤ ਫਿਲਮਾਂ ਬਣਾਉਣ ਤੋਂ ਰੋਕਣਾ ਚਾਹੀਦਾ ਹੈ। ਇਸ ਦੇ ਬਜਾਇ ਪੰਜਾਬੀ ਜਾਂ ਸਿੱਖੀ ਸਭਿਆਚਾਰ ਨਾਲ ਸਬੰਧਿਤ ਫਿਲਮਾਂ ਦਾ ਨਿਰਮਾਣ ਕਰਨ ਲਈ ਉੱਘੇ ਕਲਾਕਾਰਾਂ ਤੇ ਦੇਸ਼ ਭਗਤਾਂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਆਪਣੇ ਨਾਵਾਂ ਨਾਲ ਗੋਤ ਲਾਉਣ ਦਾ ਰਿਵਾਜ਼ ਪਨਪ ਰਿਹਾ ਹੈ। ਪਹਿਲਾਂ ਸਾਰੇ ਆਪਣੇ ਨਾਮ ਨਾਲ ਭਾਈ ਲਾਉਂਦੇ ਸਨ, ਜੇਕਰ ਭਾਈ ਨਹੀਂ ਜੱਚਦਾ ਤਾਂ ਸਰਦਾਰ ਲਗਾਇਆ ਜਾਵੇ, ਇਸ ਨਾਲ ਜਿੱਥੇ ਸਾਡੇ ਅੰਦਰ ਭਾਵੁਕ ਏਕਤਾ ਪੈਦਾ ਹੋਵੇਗੀ, ਉੱਥੇ ਸਾਡਾ ਮਨੋਬਲ ਵੀ ਦੂਣਾਂ ਚੌਣਾਂ ਹੋ ਜਾਵੇਗਾ। ਜਿਹੜੀ ਸ਼ੋਭਾ ਸਰਕਾਰ ਲਿਖਿਆ ਬਣਦੀ ਹੈ, ਉਹ ਬੇਦੀ ਢਿੱਲੋਂ ਜੋਸ਼ਨ ਜਾਂ ਮੱਟੂ ਲਿਖਣ ਨਾਲ ਕੱਤਈ ਨਹੀਂ ਬਣ ਸਕਦੀ।

## ਸਵਾ ਲੱਖ ਵਾਲਾ ਪੰਜਾਬ

ਪੰਜਾਬ ਵਿਚ ਪੈਦਾ ਹੋਣਾ ਮਾਣ ਵਾਲ ਗੱਲ ਹੈ। ਕਿਸੇ ਵੇਲੇ ਇਹ ਸੱਤ ਦਰਿਆਵਾਂ ਦੀ ਧਰਤੀ ਹੁੰਦੀ ਸੀ। ਇਸ ਦਾ ਵਿਹੜਾ ਕਾਫ਼ੀ ਮੋਕਲਾ ਸੀ। ਫਿਰ ਇਸ ਨੂੰ ਪੰਜਾ ਦਰਿਆਵਾਂ ਤੱਕ ਹੀ ਸੀਮਤ ਕਰ ਦਿੱਤਾ ਗਿਆ। ਪੰਜਾਂ ਦਰਿਆਵਾਂ ਦੀ ਇਸ ਧਰਤੀ ਦੀ ਸਾਰੇ ਭਾਰਤ ਵਰਸ਼ ਵਿਚ ਬੜੀ ਚਰਚਾ ਸੀ। ਇਸੇ ਧਰਤੀ ਉੱਪਰ ਸਭ ਤੋਂ ਪਹਿਲਾਂ ਸਿੰਧ ਘਾਟੀ ਦੀ ਸਭਿਅਤਾ ਨੇ ਜਨਮ ਲਿਆ। ਇਸੇ ਧਰਤੀ ਨੂੰ ਵੇਦਾਂ ਉਪਨਿਸਦਾਂ ਤੇ ਸ਼ਾਸ਼ਤਰਾਂ ਨੇ ਪਵਿੱਤਰ ਕੀਤਾ। ਇਸੇ ਧਰਤੀ 'ਤੇ ਹੀ ਭਗਵਾਨ ਕ੍ਰਿਸ਼ਨ ਨੇ ਗੀਤਾ ਦਾ ਪਾਠ ਉਚਾਰਿਆ। ਇਸੇ ਧਰਤੀ ਉੱਪਰ ਸਭ ਤੋਂ ਪਹਿਲਾਂ ਧਰਮ, ਫਲਸਫ਼ੇ ਤੇ ਤਾਰਾ ਵਿਗਿਆਨ ਨੇ ਜਨਮ ਲਿਆ। ਇਸ ਧਰਤੀ ਦੀ ਹੀ ਸ਼ੋਭਾ ਸੁਣ ਕੇ ਸਿਕੰਦਰ ਮਹਾਨ ਫੌਜਾਂ ਲੈ ਕੇ ਇੱਥੇ ਪਹੁੰਚਿਆ। ਇਸੇ ਧਰਤੀ ਉੱਪਰ ਟੈਕਸਲਾ ਵਰਗੀਆਂ ਮਹਾਨ ਵਿਦਿਅਕ ਸੰਸਥਾਵਾਂ ਦੀ ਧੁੰਮ ਪਈ ਤੇ ਇਸ ਨੂੰ ਸੁਣ ਕੇ ਵਿਦੇਸ਼ੀ ਸੈਲਾਨੀ ਇੱਥੇ ਵਿੱਦਿਆ ਤੇ ਗਿਆਨ ਦੀ ਪ੍ਰਾਪਤੀ ਲਈ ਹੁੰਮ-ਹੁਮਾ ਕੇ ਪਹੁੰਚੇ। ਇਸੇ ਧਰਤੀ ਦੀ ਖੁਸ਼ਹਾਲੀ ਨੇ ਪੱਛਮੀ ਸਰਹੱਦ ਵਲੋਂ ਜ਼ਰਵਾਨਿਆਂ, ਧਾੜਵੀਆਂ ਤੇ ਹਮਲਾਵਰਾਂ ਨੂੰ ਸੱਦਾ ਦਿੱਤਾ। ਇੱਥੋਂ ਦੀ ਰੌਣਕ ਵੇਖ ਕੇ ਕਈ ਕੌਮਾਂ ਇੱਥੇ ਹੀ ਵੱਸ ਗਈਆਂ। ਇਸ ਲਈ ਪੰਜਾਬ ਦੇ ਲੋਕਾਂ ਦਾ ਖ਼ੂਨ ਰਲਿਆ ਮਿਲਿਆ ਹੈ। ਇਸੇ ਕਰਕੇ ਪੰਜਾਬੀ ਜਾਨਦਾਰ, ਬਹਾਦਰ ਤੇ ਅਕਲ ਲਤੀਫ਼ ਹਨ। ਇਸੇ ਲਈ ਪੰਜਾਬੀ ਬੜੇ ਸੁਣੱਖੇ, ਸੁੰਦਰ ਤੇ ਗੋਰੇ ਚਿੱਟੇ ਹਨ।

ਇਸ ਪੰਜਾ ਦਰਿਆਵਾਂ ਦੀ ਧਰਤੀ ਉੱਪਰ ਪ੍ਰੇਮ ਦੀ ਵਰਖਾ ਹੋਈ ਤੇ ਆਸ਼ਕ ਮਾਸ਼ੂਕੀ ਦਾ ਦੌਰ ਚੱਲਿਆ। ਇਹ ਇਸ਼ਕ ਬੜੇ ਉੱਚੇ ਦਰਜ਼ੇ ਦਾ ਸੀ। ਆਪਣੇ ਇਸ਼ਕ ਦੀ ਖਾਤਿਰ ਹੀਰ ਰਾਂਝੇ, ਲੈਲਾ ਮਜਨੂੰ, ਮਿਰਜ਼ਾ ਸਾਹਿਬਾ, ਸੱਸੀ ਪੁੰਨੂ ਤੇ ਸੋਹਣੀ ਮਹੀਂਵਾਲ ਨੇ ਆਪਣੀ ਜਾਨ ਨਿਛਾਵਰ ਕਰ ਦਿੱਤੀ। ਇਸਲਾਮ ਧਰਮ ਵਿਚ ਔਰਤਾਂ ਨੂੰ ਪਰਦੇ ਵਿਚ ਰੱਖਿਆ ਜਾਂਦਾ ਹੈ। ਕੋਈ ਵੀ ਕੰਵਾਰਾ ਲੜਕਾ, ਕਿਸੇ ਕੰਵਾਰੀ ਲੜਕੀ ਨਾਲ, ਮਨਮਰਜੀ ਨਾਲ ਫਿਰ ਤੁਰ ਨਹੀਂ ਸਕਦਾ। ਉਨ੍ਹਾਂ ਦਾ ਆਪਸ ਵਿਚ ਸ਼ਾਦੀਸ਼ੁਦਾ ਹੋਣਾ ਲਾਜ਼ਮੀ ਹੈ। ਕੋਈ ਵੀ ਧੀ-ਭੈਣ ਕਿਸੇ ਬਿਗਾਨੇ ਮਰਦ ਨਾਲ ਸ਼ਰੇਆਮ ਗੱਲ ਨਹੀਂ ਸੀ ਕਰ ਸਕਦੀ। ਉਨ੍ਹਾਂ ਦਾ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਮਰਦ ਔਰਤਾਂ ਦੀ ਪੂਰੀ ਨਾਕਾਬੰਦੀ ਕੀਤੀ ਗਈ ਸੀ। ਪਰ ਆਸ਼ਕ ਕਿਸੇ ਰੀਤੀ-ਰਿਵਾਜ਼ ਜਾਂ ਨਾਕਾਬੰਦੀ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਨੇ ਸੌ ਵਲ ਭੰਨ ਕੇ ਇਕ

ਦੂਜੇ ਨਾਲ ਮੁਲਾਕਾਤਾਂ ਕੀਤੀਆਂ। ਕਿਸੇ ਨੂੰ ਇਸ ਚੱਕਰ ਵਿਚ ਜੋਗੀ ਬਣਨਾ ਪਿਆ ਅਤੇ ਕੰਨ ਵੀ ਪੜਵਾਉਣੇ ਪਏ। ਬਾਰਾਂ ਸਾਲ ਆਪਣੀ ਪ੍ਰੇਮਿਕਾ ਦੀਆਂ ਮੱਝੀਆਂ ਚਰਾਉਣੀਆਂ ਪਈਆਂ। ਕਿਸੇ ਨੂੰ ਨਦੀਆਂ ਤਰਨੀਆਂ ਪਈਆਂ ਤੇ ਕਈਆਂ ਨੂੰ ਪਹਾੜ ਖੋਦਣੇ ਪਏ। ਇਸ ਤਰ੍ਹਾਂ ਸੰਗਦਿਲ ਤੇ ਸੰਕਰੀਣ ਸਮਾਜ ਨਾਲ ਉਨ੍ਹਾਂ ਬੜੀ ਸਿੱਦਕਦਿਲੀ ਨਾਲ ਟੱਕਰ ਲਈ। ਭਾਵੇਂ ਇਸ ਜ਼ੋਖਮ ਭਰੇ ਕਾਰਜ ਵਿਚ ਉਨ੍ਹਾਂ ਨੂੰ ਜਾਨ ਵੀ ਗਵਾਉਣੀ ਪਈ ਪਰ ਉਨ੍ਹਾਂ ਨੇ ਆਪਣੇ ਪਿਆਰ ਦੀ ਪੂਰੀ ਲਾਜ਼ ਪਾਲੀ। ਪੰਜਾਬੀ ਲੋਕ, ਭਾਵੇਂ ਉਹ ਅੱਜ ਖਿੰਡ ਪੁੰਡ ਗਏ ਹਨ, ਫਿਰ ਵੀ ਉਹ ਇਨ੍ਹਾਂ ਆਸ਼ਕਾਂ ਨੂੰ ਯਾਦ ਕਰਕੇ ਝੂੰਮਣ ਲੱਗਦੇ ਹਨ ਅਤੇ ਆਪਣੇ ਵਿਰਸੇ ਉੱਪਰ ਗੌਰਵ ਕਰਦੇ ਹਨ।

ਪੰਜਾਬ ਦੀ ਧਰਤੀ ਨੇ ਸ਼ੇਖ ਫ਼ਰੀਦ ਵਰਗੇ ਸ਼ਕਰਗੰਜ ਪੈਦਾ ਕੀਤੇ ਜਿੰਨ੍ਹਾਂ ਆਪਣੇ ਪੈਗਾਮ ਨਾਲ ਲੋਕਾਂ ਨੂੰ ਇਸਲਾਮ ਧਾਰਨ ਕਰਨ ਲਈ ਪ੍ਰੇਰਨਾ ਦਿੱਤੀ। ਸੂਫ਼ੀ ਮੱਤ ਭਾਰਤੀ ਧਰਮਾਂ ਨਾਲ ਮਿਲਦਾ-ਜੁਲਦਾ ਹੈ। ਇਸੇ ਲਈ ਬਾਬਾ ਸ਼ੇਖ ਫ਼ਰੀਦ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਗਈ। ਇਹ ਬਾਣੀ ਬੜੀ ਮਿੱਠੀ ਤੇ ਸਰਲ ਹੈ। ਫ਼ਰੀਦ ਜੀ ਦੇ ਦੋਹਰੇ ਅੱਜ ਵੀ ਬੜੇ ਸ਼ੌਂਕ ਨਾਲ ਉਚਾਰੇ ਜਾਂਦੇ ਹਨ। ਇਸ ਤੋਂ ਬਾਅਦ ਸ਼ਾਹ ਹੁਸੈਨ, ਸੁਲਤਾਨ ਬਾਹੂ, ਸਾਈਂ ਬੁੱਲ੍ਹੇ ਸ਼ਾਹ ਤੇ ਸਯਦ ਵਾਰਿਸ ਸ਼ਾਹ ਵੀ ਸੂਫ਼ੀ ਤੇ ਸ਼ਾਇਰ ਪੰਜਾਬ ਦੀ ਇਸ ਧਰਤੀ ਨੇ ਪੈਦਾ ਕੀਤੇ ਹਨ। ਇਸ਼ਕੇ ਮਿਜ਼ਾਜੀ ਤੇ ਹਕੀਕੀ ਦੇ ਇਹ ਸ਼ਾਇਰ, ਲੋਕਾਂ ਵਿਚ ਬੇਹੱਦ ਹਰਮਨ ਪਿਆਰੇ ਸਨ। ਸਾਈਂ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਅਤੇ ਸਯਦ ਵਾਰਿਸ ਸ਼ਾਹ ਦੀ ਹੀਰ ਨੇ ਪੰਜਾਬੀਆਂ ਨੂੰ ਖ਼ੂਬ ਮੰਤਰ-ਮੁਗਧ ਕੀਤਾ ਅਤੇ ਕੀਲ ਕੇ ਰੱਖਿਆ। ਸਾਰੇ ਵਰਗਾਂ ਦੇ ਪੰਜਾਬੀਆਂ ਨੇ ਇਨ੍ਹਾਂ ਮਹਿਬੂਬ ਸ਼ਾਇਰਾਂ ਨੂੰ ਮਾਨਿਆ। ਜਦੋਂ ਪੰਜਾਬ ਵਿਚ ਅੰਗਰੇਜ਼ ਆ ਵੜੇ ਤਾਂ ਸ਼ਾਹ ਮੁਹੰਮਦ ਦੀ ਆਤਮਾ ਫੁੱਟ-ਫੁੱਟ ਕੇ ਰੋਈ ਤੇ ਕੁਰਲਾਈ—

"ਸੁਖੀ ਦੋਹਵੇਂ ਹਿੰਦੂ ਮੁਸਲਮਾਨ ਵੱਸਣ
ਸਿਰ ਦੋਹਵਾਂ ਦੇ ਨਵੀਂ ਆਫਾਤ ਆਈ
ਸ਼ਾਹ ਮੁਹੰਮਦ ਵਿਚ ਪੰਜਾਬ ਦੇ ਜੀ
ਕਦੀ ਨਹੀਂ ਸੀ ਤੀਸਰੀ ਜਾਤ ਆਈ"

ਇਸ ਤਰ੍ਹਾਂ ਪੰਜਾਬੀਆਂ ਦੇ ਦੁੱਧ ਵਿਚ ਕਾਂਜੀ ਪੈ ਗਈ। ਉਨ੍ਹਾਂ ਦਾ ਸਮੁੱਚਾ ਭਾਈਚਾਰਾ ਇਸ ਕਾਂਜੀ ਨੇ ਫੁੱਟੀ-ਫੁੱਟੀ ਕਰ ਦਿੱਤਾ। ਰਣਜੀਤ ਸਿੰਘ ਦੇ ਰਾਜ ਕਾਲ ਵੇਲੇ ਸਾਰੇ ਹਿੰਦੂ ਮੁਸਲਮਾਨ ਤੇ ਸਿੱਖ ਭਰਾਵਾਂ ਵਾਂਗ ਵਿਚਰਦੇ ਸਨ ਅਤੇ ਉਹ ਮਹਾਰਾਜੇ ਦੇ ਰਾਜ ਨੂੰ ਆਪਣਾ ਰਾਜ ਸਮਝਦੇ ਸਨ। ਅੰਗਰੇਜ਼ ਇਨ੍ਹਾਂ ਨੂੰ ਅਲੱਗ-ਥਲੱਗ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੇ। ਪਰ ਅਸੀਂ ਆਪਣੀਆਂ ਕਮਜ਼ੋਰੀਆਂ ਲਈ ਦੂਜਿਆਂ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ। ਵਿਦੇਸ਼ੀ ਹਾਕਮਾਂ ਨੇ ਤਾਂ ਲੋਕਾਂ ਨੂੰ ਲੀਰੋ-ਲੀਰ ਕਰਕੇ ਆਪਣੀ ਸ਼ਕਤੀ ਵਧਾਉਣੀ ਹੀ ਸੀ। ਅਸੀਂ ਲਾਈਲੱਗ, ਸਵਾਰਥੀ ਤੇ ਬੁਜ਼ਦਿਲ ਬਣ ਕੇ ਉਨ੍ਹਾਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਬਣ ਗਏ। ਸਾਡੀਆਂ ਕੌਮੀ ਕਮਜ਼ੋਰੀਆਂ ਨੇ ਸਾਡੇ ਉੱਪਰ ਗਲਬਾ ਪਾ ਲਿਆ ਅਤੇ ਅਸੀਂ ਘੋਗਲ ਕੰਨੇ ਬਣ ਕੇ ਬੈਠ ਗਏ। ਅੰਗਰੇਜ਼ਾਂ ਦੇ ਖ਼ੁਸ਼ਾਮਦੀ

ਤੇ ਹੱਥ ਠੋਕੇ ਬਣ ਕੇ ਜੀਣਾ ਹੀ ਸਾਨੂੰ ਰਾਸ ਆ ਗਿਆ। ਰੋਸ ਵਜੋਂ ਪੰਜਾਬ ਵਿਚ ਪੱਗੜੀ ਸੰਭਾਲ ਦੀ ਲਹਿਰ ਚੱਲੀ। ਅਸੀਂ ਆਪਣੀਆਂ ਪਗੜੀਆਂ ਦੀ ਅਹਿਮੀਅਤ ਹੀ ਭੁੱਲ ਗਏ। ਗ਼ਦਰੀ ਬਾਬਿਆਂ ਨੇ ਅਮਰੀਕਾ ਵਿਚ ਇਕੱਤਰ ਹੋ ਕੇ, ਫ਼ਿਰੰਗੀਆਂ ਦਾ ਜੂਲਾ ਲਾਹ ਸੁੱਟਣ ਦਾ ਹਥਿਆਰਬੰਦ ਯਤਨ ਕੀਤਾ। ਇਸ ਲਹਿਰ ਵਿਚ ਸਾਰੇ ਪੰਜਾਬੀ ਸ਼ਾਮਿਲ ਹੋਏ ਸਨ। ਖਿਲਾਫ਼ਤ ਦੀ ਲਹਿਰ ਵਿਚ ਵੀ ਪੰਜਾਬੀਆਂ ਨੇ ਆਪਣਾ ਰੋਸ ਤੇ ਸਹਿਯੋਗ ਪ੍ਰਗਟ ਕੀਤਾ। ਫਿਰ ਕ੍ਰਾਂਤੀਕਾਰੀ ਮੈਦਾਨ ਵਿਚ ਆਏ। ਇਨ੍ਹਾਂ ਇਕ ਤੋਂ ਬਾਅਦ ਦੂਜੀ ਸ਼ਹੀਦੀ ਦੀਆਂ ਝੜੀਆਂ ਲਾ ਦਿੱਤੀਆਂ। ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਵਿਚ ਸਮੁੱਚੇ ਪੰਜਾਬੀਆਂ ਨੇ ਆਪਣਾ ਖ਼ੂਨ ਡੋਲਿਆ। ਇਸ ਸਾਕੇ ਨੇ ਸਮੁੱਚੇ ਭਾਰਤ ਨੂੰ ਗੂੜੀ ਨੀਂਦਰ ਤੋਂ ਝੰਜੋੜਿਆਂ। ਕਈ ਸਫ਼ੈਦਪੋਸ਼, ਜ਼ੈਲਦਾਰ ਤੇ ਅੰਗਰੇਜ਼ ਭਗਤ, ਅੰਗਰੇਜ਼ਾਂ ਦੀ ਯਾਰੀ ਛੱਡ ਕੇ ਦੇਸ਼ ਭਗਤਾਂ ਦੀ ਕਤਾਰ ਵਿਚ ਆਣ ਖਲੋਤੇ। ਸਾਰਾ ਦੇਸ਼ ਅਜ਼ਾਦੀ ਲਈ ਤੜਪ ਉੱਠਿਆ। ਇਹ ਜਲ੍ਹਿਆਂਵਾਲੇ ਬਾਗ ਦਾ ਸਾਕਾ ਪੰਜਾਬੀਆਂ ਦੀ ਵਤਨ ਪ੍ਰਸਤੀ, ਇਤਫ਼ਾਕ ਤੇ ਉਤਸ਼ਾਹ ਦਾ ਪ੍ਰਤੀਕ ਹੈ। ਇਸ ਘਟਨਾ ਵੇਲੇ ਸਭੇ ਧਰਮਾਂ ਨੇ ਆਪਣੇ ਆਪ ਨੂੰ ਪੰਜਾਬੀ ਕਹਿਲਾ ਕੇ ਗੌਰਵ ਮਹਿਸੂਸ ਕਰਦੇ ਸਨ। ਬਾਅਦ ਵਿਚ ਅੰਗਰੇਜ਼ ਸਾਨੂੰ ਹਿੰਦੂ, ਸਿੱਖ ਤੇ ਮੁਸਲਮਾਨਾਂ ਵਿਚ ਵੰਡਣ ਵਿਚ ਕਾਮਯਾਬ ਹੋ ਗਏ। ਇਹ ਅਧੋਗਤੀ ਸਾਡੀ ਬਦਕਿਸਮਤੀ ਵਿਚ ਤਬਦੀਲ ਹੋ ਗਈ।

ਅਜ਼ਾਦੀ ਪ੍ਰਾਪਤ ਕਰਨ ਵੇਲੇ ਸਾਡੀ ਫਿਰ ਮੱਤ ਮਾਰੀ ਗਈ। ਸਾਡੇ ਵਿਚ ਸੁੱਤਾ ਹੈਵਾਨ ਜਾਗ ਪਿਆ। ਸਾਡੀਆਂ ਸਦੀਆਂ ਦੀਆਂ ਸਾਂਝਾਂ ਤੇ ਭਾਈਚਾਰੇ ਪਲਾਂ ਵਿਚ ਹੀ ਖੇਰੂੰ-ਖੇਰੂੰ ਹੋ ਗਏ। ਸਾਡੇ ਦਾਨਸ਼ਮੰਦ ਵੇਖਦੇ ਹੀ ਰਹਿ ਗਏ। ਅਸੀਂ ਇਕ ਦੂਜੇ ਨੂੰ ਝੁਕ-ਝੁਕ ਕੇ ਸਲਾਮਾਂ ਕਰਨ ਵਾਲੇ, ਇਕ ਦੂਜੇ ਦੀ ਜਾਨ ਦੇ ਵੈਰੀ ਬਣ ਗਏ। ਸੁਨਹਿਰੀ ਇਤਿਹਾਸ ਕਾਲਖਾਂ ਤੇ ਕਰਤੂਤਾਂ ਨਾਲ ਨੱਕੋ-ਨੱਕ ਭਰ ਗਿਆ। ਸਾਡੀ ਹਜ਼ਾਰਾਂ ਸਾਲਾਂ ਦੀ ਕੀਤੀ ਕੱਤਰੀ ਇਕ ਦਮ ਖੂਹ ਖਾਤੇ ਪੈ ਗਈ। ਬਾਅਦ ਵਿਚ ਭਾਵੇਂ ਅਸਾਂ ਆਪਣੀਆਂ ਗ਼ੈਰ ਇਨਸਾਨੀ ਹਰਕਤਾਂ ਕਾਰਨ ਡਾਹਢਾ ਪਛਤਾਏ ਹਾਂ ਪਰ ਸਾਡੀ ਹਾਲੇ ਵੀ ਪੇਸ਼ ਨਹੀਂ ਜਾ ਰਹੀ। ਸਾਡੇ ਕੱਟੜ ਤੇ ਅਤਿਵਾਦੀ ਫ਼ਿਰਕੇ ਸਾਨੂੰ ਇਕ ਜਗ੍ਹਾ ਬੈਠੇ ਵੇਖ ਕੇ ਖ਼ੁਸ਼ ਨਹੀਂ। ਉਨ੍ਹਾਂ ਨੇ ਸਾਨੂੰ ਫਿਰ ਪੈਂਠ, ਇਕੱਤਰ ਤੇ ਕਾਰਗਿਲ ਵਿਚ ਲੜਾਇਆ ਮਰਵਾਇਆ ਹੈ। ਉਹ ਹਾਲੇ ਵੀ ਆਪੋ-ਆਪਣੇ ਲਸ਼ਕਰ ਤੇ ਫੋਰਸਾਂ ਲੈ ਕੇ ਦਨਦਨਾ ਰਹੇ ਹਨ। ਉਨ੍ਹਾਂ ਅੱਗੇ ਸਾਡੀ ਹਾਲੇ ਵੀ ਪੇਸ਼ ਨਹੀਂ ਜਾ ਰਹੀ। ਉਸਤਾਦ ਦਾਮਨ ਨੇ ਆਪਣੀ ਵੇਦਨਾ ਪ੍ਰਗਟ ਕਰਦੇ ਹੋਏ ਫ਼ੁਰਮਾਇਆ ਸੀ, "ਜਾਗਣ ਵਾਲਿਆਂ ਨੇ ਰੱਜ ਕੇ ਲੁੱਟਿਆ ਏ, ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ। ਲਾਲੀ ਅੱਖੀਆਂ ਦੀ ਪਈ ਦੱਸਦੀ ਏ, ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।" ਦਾਮਨ ਸਾਹਿਬ, ਸਿਰੜੀ ਤੇ ਸਿੱਦਕੀ ਪੰਜਾਬੀ ਹੋਣ ਦੇ ਨਾਤੇ, ਹੌਂਸਲਾ ਨਹੀਂ ਹਾਰਦੇ। ਉਨ੍ਹਾਂ ਨੇ ਹੱਕ ਸੱਚ ਦਾ ਦਾਮਨ ਨਹੀਂ ਛੱਡਿਆ। ਹਾਲੇ ਵੀ ਉਹ ਉਮੀਦਾਂ ਲਈ ਖੜੇ ਹਨ,

"ਬੰਦਾ ਕਰੇ ਤਾਂ ਕੀ ਨਹੀਂ ਕਰ ਸਕਦਾ
ਮੰਨਿਆ ਵਕਤ ਵੀ ਤੰਗ ਤੋਂ ਤੰਗ ਆਉਂਦਾ

ਰਾਂਝਾ ਤਖ਼ਤ ਹਜ਼ਾਰਿਓਂ ਟੁਰੇ ਤਾਂ ਸਹੀ
ਪੈਰਾਂ ਹੇਠ ਸਿਆਲਾਂ ਦਾ ਝੰਗ ਆਉਂਦਾ।"

ਸਾਡੀਆਂ ਜ਼ਿਹਨੀ ਕਮਜ਼ੋਰੀਆਂ ਦਾ ਸਾਡੇ ਦੋਖੀਆਂ ਨੇ ਭਰਪੂਰ ਫ਼ਾਇਦਾ ਉਠਾਇਆ। ਪਹਿਲਾਂ ਅਸੀਂ ਪੰਜਾਬੀ ਲੋਕ ਲਹਿੰਦੇ ਤੇ ਚੜ੍ਹਦੇ ਪੰਜਾਬਾਂ ਵਿਚ ਤਕਸੀਮ ਹੋ ਗਏ। ਸੱਤਾਂ ਤੋਂ ਪੰਜ ਤੇ ਪੰਜਾਂ ਤੋਂ ਤਿੰਨ ਦਰਿਆਵਾਂ ਵਾਲੇ ਪੰਜਾਬ ਰਾਤੋ-ਰਾਤ ਜੰਮ ਪਏ। ਕੁਝ ਕੁ ਜ਼ਿਲਿਆਂ ਦੇ ਸਮੂੰਹ ਨੂੰ ਪੰਜਾਬ ਕਹਿਣ ਲੱਗਿਆਂ ਲੱਜਿਆ ਆਉਂਦੀ ਹੈ। ਇਹ ਸਰਾਸਰ ਸਾਡੀਆਂ ਪਾਟੀਆਂ ਪੁਰਾਣੀਆਂ ਸੋਚਾਂ ਦਾ ਫਲ ਹੈ, ਜੋ ਅੱਜ ਅਸੀਂ ਭੁਗਤ ਰਹੇ ਹਾਂ। ਸਾਡੇ ਵਿਚ ਅੱਜ ਪਹਿਲਾਂ ਵਾਲੀ ਸੁਰਤ ਨਹੀਂ ਰਹੀ। ਅਸੀਂ ਇਕ ਦੂਜੇ ਨੂੰ ਵੇਖਣ ਲਈ ਤਰਸੇ ਹੋਏ ਹਾਂ। ਵਿਚੋ-ਵਿਚੀ ਹੀ ਘੁੱਲੀ ਖੁਰੀ ਜਾਂਦੇ ਹਾਂ। ਸਾਡੀਆਂ ਫਰਿਆਦਾਂ ਸੁਣਨ ਵਾਲੇ ਸਾਡੀਆਂ ਭਾਵਨਾਵਾਂ ਤੇ ਹਸ਼ਰਤਾਂ ਦਾ ਕੋਝਾ ਮਜ਼ਾਕ ਉਡਾ ਰਹੇ ਹਨ। ਜਦੋਂ ਅਸੀਂ ਸਵਾ ਲੱਖ ਹੋਣ ਬਾਰੇ ਪ੍ਰਬਲ ਤੇ ਵਿਆਕੁਲ ਹੁੰਦੇ ਹਾਂ ਤਾਂ ਸਾਡੇ ਉੱਪਰ ਕੋਈ ਜੰਗ ਥੋਪੀ ਜਾਂਦੀ ਹੈ ਜਾਂ ਫਿਰ ਕੋਈ ਗ਼ੈਰ ਇਨਸਾਨੀ ਵਾਰਦਾਤ ਕਰਵਾ ਕੇ ਸਾਨੂੰ ਖਮੋਸ਼ ਕਰ ਦਿੱਤਾ ਜਾਂਦਾ ਹੈ। ਜੇਕਰ ਫਿਰ ਵੀ ਦੋਵਾਂ ਪਾਸਿਆਂ ਤੋਂ ਹਾਅ ਦਾ ਨਾਅਰਾ ਮਾਰਦਾ ਹੈ ਤਾਂ ਉਸ ਨੂੰ ਸਲਾਖਾਂ ਪਿੱਛੇ ਧੱਕ ਦਿੱਤਾ ਜਾਂਦਾ ਹੈ। ਬਹੁਤ ਸਾਰੇ ਜ਼ਿਹਨੀ ਪੰਜਾਬ, ਦੋਵਾਂ ਪੰਜਾਬਾਂ ਦੀਆਂ ਜੇਲ੍ਹਾਂ ਵਿਚ ਹਨ। ਉਨ੍ਹਾਂ ਦਾ ਬਸ ਇਹ ਹੀ ਕਸੂਰ ਹੈ ਕਿ ਉਹ ਆਪਣੇ ਪਿਛੋਕੜ ਦਾ ਵਾਸਤਾ ਪਾ ਕੇ ਸਾਨੂੰ 'ਸਵਾ ਲੱਖ' ਹੋਣ ਲਈ ਉਕਸਾ ਤੇ ਭਰਮਾ ਰਹੇ ਹਨ। ਇਹ ਸਾਡੀ ਹੀ ਕਮਜ਼ੋਰੀ ਹੈ, ਕਿਸਮਤ ਨਹੀਂ। ਅਸੀਂ ਬੇਵੱਸ ਹੋ ਕੇ ਢੀਠਾਂ ਤਾਣ ਆਪੋ-ਆਪਣੀਆਂ ਝੁੱਗੀਆਂ ਪਾ ਕੇ ਬੈਠ ਗਏ ਹਾਂ। ਸਾਡੇ ਪੰਜਾਬ ਨੂੰ ਹੋਰ ਸੰਨ੍ਹਾਂ ਲੱਗ ਰਹੀਆਂ ਹਨ। ਉੱਧਰੋਂ ਸਿੰਧੀ ਤੇ ਪਠਾਣ ਵੱਖਰੇ ਹੋਣ ਲਈ ਜੱਦੋਜਹਿਦ ਕਰ ਰਹੇ ਹਨ ਇੱਧਰ ਪੰਜਾਬ ਨੂੰ ਹਿਮਾਚਲ ਤੇ ਹਰਿਆਣਾ ਵਿਚ ਮਿਲਾ ਕੇ, ਇਸ ਦਾ ਘੇਰਾ ਹੋਰ ਸੌੜਾ ਕੀਤਾ ਜਾ ਰਿਹਾ ਹੈ। ਅਜਿਹੇ ਪੰਜਾਬ ਨੂੰ ਤਾਂ ਸਾਈਕਲ ਉੱਪਰ ਹੀ ਸਵੇਰ ਤੋਂ ਸ਼ਾਮ ਤੱਕ ਸਰ ਕੀਤਾ ਜਾ ਸਕਦਾ ਹੈ। ਸਾਡੇ ਪਜਾਮੇ ਨੂੰ ਪਾੜ ਕੇ ਕਛਹਿਰਾ ਬਣਾ ਛੱਡਿਆ ਹੈ। ਉੱਧਰ ਮੁਸਲਮ ਲੀਗੀਆਂ ਦਾ ਤੇ ਇੱਧਰ ਅਕਾਲੀ ਭਾਈਆਂ ਨੇ ਪੰਜਾਬ ਤੇ ਮੌਜੂਦਾ ਬੁੱਤਾਂ ਨੂੰ ਸਿਰਜਣ ਵਿਚ ਆਪਣਾ 'ਕੌਮੀ ਯੋਗਦਾਨ' ਪਾਇਆ ਹੈ। ਖ਼ੁਦਾ ਅਜਿਹੇ ਪੰਜਾਬ ਪ੍ਰੇਮੀਆਂ ਨੂੰ ਸੁਮੱਤ ਬਖਸ਼ੇ।

# ਸਿੱਖ ਤੇ ਭਾਰਤ

ਸਿੱਖ ਜਾਂ ਹਿੰਦੂ ਅਸਲ ਵਿਚ ਕੋਈ ਧਰਮ ਨਹੀਂ ਸਨ। ਇਹ ਤਾਂ ਜੀਵਨ ਨੂੰ ਜੀਣ ਦੀ ਇਕ ਜਾਂਚ ਜਾਂ ਹੁਨਰ ਦਾ ਨਾਮ ਹਨ। ਬਾਅਦ ਵਿਚ ਇਨ੍ਹਾਂ ਦੇ ਪੈਰੋਕਾਰਾਂ ਨੇ ਇਨ੍ਹਾਂ ਨੂੰ ਇਕ ਨਿਯਮਤ ਧਰਮ ਬਣਾ ਲਿਆ। ਜੀਵਨ ਜਾਚ ਤੋਂ ਸੰਸਥਾਵਾਂ ਬਣ ਗਈਆਂ। ਜਦੋਂ ਕੋਈ ਮਜ਼ਹਬ ਕਿਸੇ ਸੰਸਥਾ ਦਾ ਰੂਪ ਧਾਰਨ ਕਰ ਲਏ ਤਾਂ ਉਹ ਮਜ਼ਹਬ ਦੇ ਮੁੱਢਲੇ ਉਦੇਸ਼ਾਂ ਤੋਂ ਦੂਰ ਜਾਣਾ ਸ਼ੁਰੂ ਕਰ ਦਿੰਦਾ ਹੈ। ਇਨ੍ਹਾਂ ਧਰਮਾਂ ਨਾਲ ਵੀ ਕੁਝ ਇਸ ਤਰ੍ਹਾਂ ਹੀ ਹੋਇਆ। ਇਕ ਇਤਿਹਾਸਕ ਤੱਥ ਹੈ ਕਿ ਸਿੱਖ ਧਰਮ, ਬੁੱਧ ਤੇ ਜੈਨ ਧਰਮਾਂ ਵਾਂਗ ਹਿੰਦੂ ਧਰਮ ਵਿਚੋਂ ਉਤਪੰਨ ਹੋਇਆ। ਬੁੱਧ ਤੇ ਜੈਨ ਧਰਮ ਵੀ ਹਿੰਦੂ ਧਰਮ ਵਿਚ ਵੱਧ ਰਹੀਆਂ ਕੁਰੀਤੀਆਂ ਦਾ ਹੀ ਪ੍ਰਤੀਕਰਮ ਜਾਂ ਪ੍ਰਤੀ ਫਲ ਸਨ। ਭਾਵੇਂ ਕਾਫ਼ੀ ਹੱਦ ਤੱਕ ਹਿੰਦੂ ਧਰਮ ਜਾਂ ਬ੍ਰਾਹਮਵਾਦ ਇਨ੍ਹਾਂ ਦੋਹਾਂ ਨੂੰ ਹੀ ਨਿਗਲ ਗਿਆ। ਇਕ ਨੂੰ ਭਾਰਤ ਦੀਆਂ ਸਰਹੱਦਾਂ ਤੋਂ ਜਲਾਵਤਨ ਕੀਤਾ ਗਿਆ ਤੇ ਦੂਜੇ ਨੂੰ ਨਿਗੂਣਾ ਬਣਾ ਦਿੱਤਾ ਗਿਆ। ਇਹ ਦੋਵੇਂ ਧਰਮ ਅੱਜ ਵੀ ਭਾਰਤ ਵਿਚ, ਬ੍ਰਾਹਮਣਵਾਦ ਦੀ ਛੱਤਰ ਛਾਇਆ ਹੇਠ ਚੱਲ ਰਹੇ ਹਨ। ਇਨ੍ਹਾਂ ਦੀ ਵਿਅਕਤੀਗਤ ਹੋਂਦ ਡਾਹਢੇ ਖਤਰੇ ਵਿਚ ਪੈ ਚੁੱਕੀ ਹੈ। ਸਿੱਖ ਧਰਮ ਵੀ ਹਿੰਦੂ ਧਰਮ ਵਿਚ ਪ੍ਰਚਲਿਤ ਕੁਰੀਤੀਆਂ ਤੇ ਪਾਖੰਡਾਂ ਵਿਰੁੱਧ ਇਕ ਬੁਲੰਦ ਅਵਾਜ਼ ਸੀ। ਹੌਲੀ-ਹੌਲੀ ਇਹ ਆਧੁਨਿਕ ਤੇ ਨਿਵੇਕਲਾ ਧਰਮ ਹੋ ਕੇ ਉੱਭਰਿਆ। ਇਸ ਨੇ ਭਾਰਤ ਦੇ ਇਤਿਹਾਸ ਨੂੰ ਜੀਣ ਜੋਗਾ ਬਣਾਉਣ ਲਈ ਆਪਣਾ, ਲੋੜ ਤੋਂ ਵੱਧ ਯੋਗਦਾਨ ਪਾਇਆ ਹੈ। ਭਾਰਤ ਦੇ ਦਾਨਸ਼ਮੰਦ ਲੋਕ ਇਸ ਅਦੁੱਤੀ ਯੋਗਦਾਨ ਨੂੰ ਸਵੀਕਾਰ ਕਰਦੇ ਹੋਏ ਇਸ ਦੀ ਸ਼ੋਭਾ ਕਰਦੇ ਸਨ। ਇਹ ਇਕ ਵੱਖਰੀ ਗੱਲ ਹੈ ਕਿ ਭਾਰਤ ਦੀ ਬ੍ਰਾਹਮਣੀ ਤੇ ਸਨਾਤਨੀ ਕੱਟੜ ਹਿੰਦੂ ਸ਼੍ਰੇਣੀ ਇਸ ਨਾਲ ਈਰਖਾ ਕਰਦੀ ਹੈ ਤੇ ਇਸ ਧਰਮ ਨੂੰ ਜੈਨ ਤੇ ਬੁੱਧ ਧਰਮ ਵਾਂਗ ਹੜੱਪਣ ਜਾਂ ਮਲੀਆਮੇਟ ਕਰਨ ਦੀ ਨਿਰੰਤਰ ਕੋਸ਼ਿਸ਼ ਕਰ ਰਹੀ ਹੈ।

ਭਾਰਤ ਵਿਚ ਬਹੁਤੀ ਸੰਖਿਆ ਹਿੰਦੂ ਵੀਰਾਂ ਦੀ ਹੈ। ਹਿੰਦੂ ਧਰਮ ਵਿਚ ਬਹੁਤੀ ਬ੍ਰਾਹਮਣਾਂ ਦੀ ਹੀ ਚੱਲਦੀ ਹੈ। ਬ੍ਰਾਹਮਣਾਂ ਨੇ ਸਭ ਤੋਂ ਪਹਿਲਾਂ ਲੋਕਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਸੀ ਅਤੇ ਆਪਣੇ ਆਪ ਨੂੰ ਸਭ ਤੋਂ ਉੱਚਾ ਤੇ ਸੁੱਚਾ ਦੱਸਿਆ ਸੀ। ਬ੍ਰਾਹਮਣਾਂ ਦੀ ਬੱਲੇ-ਬੱਲੇ, ਬਾਕੀ ਸਭ ਥੱਲੇ-ਥੱਲੇ ਵਾਲੀ ਗੱਲ ਸੀ। ਇਸ ਸ਼੍ਰੇਣੀ ਨੇ ਸਭ ਤੋਂ ਨੀਚ ਕੰਮ ਇਹ ਕੀਤਾ ਕਿ ਇਸ ਮੁਲਕ ਦੇ ਅਸਲੀ ਵਸਨੀਕਾਂ ਨੂੰ ਸਭ ਤੋਂ ਹੇਠਲਾ ਦਰਜਾ ਦਿੱਤਾ ਗਿਆ। ਇਸ ਵਰਗ ਦਾ ਕੰਮ ਬਾਕੀ ਤਿੰਨਾਂ ਵਰਗਾਂ ਦੀ ਖ਼ਿਦਮਤ ਕਰਨਾ ਸੀ। ਇਸ ਲਈ ਭਾਰਤ

ਦੀ ਕੁੱਲ ਅਬਾਦੀ ਦਾ ਤਕਰੀਬਨ ਚੌਥਾ ਹਿੱਸਾ ਮਨੁੱਖੀ ਅਧਿਕਾਰਾਂ ਤੋਂ ਮਹਿਰੂਮ ਕੀਤਾ ਗਿਆ। ਇਹ ਦਾਸੂ ਜਾਂ ਸ਼ੂਦਰ ਵਰਗ ਦੇ ਲੋਕਾਂ ਨੂੰ ਜਾਨਵਰਾਂ ਨਾਲੋਂ ਵੀ ਘਟੀਆ ਜੀਵਨ ਜੀਣ ਲਈ ਮਜ਼ਬੂਰ ਕੀਤਾ ਗਿਆ। ਭਾਵੇਂ ਇਸ ਦੌਰ ਵਿਚ ਕੁਝ ਸਹੀ ਸੋਚ ਵਾਲੇ ਵੀ ਲੋਕ ਪੈਦਾ ਹੋਏ ਪਰ ਬ੍ਰਾਹਮਣਾਂ ਦੀ ਨਾਦਿਰਸ਼ਾਹੀ ਨੇ ਉਨ੍ਹਾਂ ਦੀ ਇਕ ਨਾ ਚੱਲਣ ਦਿੱਤੀ। ਤੀਸਰੇ ਦਰਜ਼ੇ ਦੇ ਲੋਕਾਂ ਨੂੰ ਵੈਸ਼ ਆਖਿਆ ਜਾਂਦਾ ਸੀ। ਇਹ ਲੋਕ ਖੇਤੀ ਜਾਂ ਵਪਾਰ ਕਰਨ ਵਾਲੇ ਲੋਕ ਸੀ। ਇਹ ਲੋਕ ਹੱਥੀਂ ਕੰਮਕਾਰ ਕਰਦੇ ਸਨ ਤੇ ਬ੍ਰਾਹਮਣ ਤੇ ਕਸ਼ੱਤਰੀ ਲੋਕ ਹੱਥੀਂ ਕੰਮਕਾਰ ਕਰਨ ਵਾਲਿਆਂ ਨੂੰ ਨਫ਼ਰਤ ਕਰਦੇ ਸਨ ਤੇ ਆਪਣੇ ਤੋਂ ਨੀਵਾਂ ਸਮਝਦੇ ਸਨ। ਇਨ੍ਹਾਂ ਲੋਕਾਂ ਨੂੰ ਸਮਾਜ ਵਿਚ ਉੱਚ ਪਦਵੀਆਂ ਨਹੀਂ ਸਨ ਦਿੱਤੀਆਂ ਜਾਂਦੀਆਂ। ਇਸ ਵਰਗ ਵਿਚੋਂ ਕੋਈ ਵੀ ਸ਼ਕਸ ਰਾਜਾ ਨਹੀਂ ਸੀ ਬਣ ਸਕਦਾ। ਜਦੋਂ ਸ਼ਿਵਾ ਜੀ ਸਤਾਰਵੀਂ ਸਦੀ ਵਿਚ ਮਰਹੱਟਿਆਂ ਦੇ ਨੇਤਾਂ ਵਜੋਂ ਉੱਭਰੇ ਤਾਂ ਉਨ੍ਹਾਂ ਨੂੰ ਤਿਲਕ ਲਗਾਉਣ ਵਾਲਾ ਕੋਈ ਨਹੀਂ ਸੀ। ਕੋਈ ਵੀ ਬ੍ਰਾਹਮਣ ਉਨ੍ਹਾਂ ਨੂੰ ਰਾਜਾ ਬਣਾਉਣ ਤੋਂ ਇਨਕਾਰੀ ਸੀ। ਅਖੀਰ ਵਿਚ ਇਕ ਨੀਚ ਬ੍ਰਾਹਮਣ ਨੇ ਲਾਲਚ ਵੱਸ, ਉਨ੍ਹਾਂ ਨੂੰ ਰਾਜ ਤਿਲਕ ਲਗਾਇਆ, ਤਾਂ ਹੀ ਉਹ ਛੱਤਰਪਤੀ ਬਣਨ ਦੇ ਯੋਗ ਹੋਇਆ। ਇਸ ਲਈ ਦੇਸ਼ ਦੀ ਦੋ ਤਿਹਾਈ ਵਸੋਂ ਬ੍ਰਾਹਮਣਵਾਦ ਜਾਂ ਮੰਨੂਵਾਦ ਦੇ ਵਿਰੁੱਧ ਸੀ ਪਰ ਉਨ੍ਹਾਂ ਦੀ ਸਦੀਆਂ ਭਰ ਕੋਈ ਪੇਸ਼ ਨਾ ਗਈ।

ਭਾਰਤ ਵਿਚ ਬ੍ਰਾਹਮਣਵਾਦ ਦੀ ਬਾਂਦਰ ਵੰਡ ਤੋਂ ਤੰਗ ਆ ਕੇ ਸਾਡੇ ਸਮਾਜ ਦੇ ਗਰੀਬ ਤੇ ਕਮਜ਼ੋਰ ਵਰਗ ਮੁਸਲਮਾਨ ਬਣਨ ਲੱਗੇ। ਦੇਸ਼ ਦੀ ਸਮੁੱਚੀ ਸੱਤਾ ਤੇ ਦੌਲਤ ਬ੍ਰਾਹਮਣਾਂ ਜਾਂ ਕਸ਼ੱਤਰੀਆਂ ਕੋਲ ਕੇਂਦਰਿਤ ਹੋ ਗਈ ਸੀ। ਸਮਾਜ ਵਿਚ ਪਖੰਡ, ਬੇਇਨਸਾਫ਼ੀ ਤੇ ਧੱਕੇਸ਼ਾਹੀ ਦਾ ਬੋਲਬਾਲਾ ਸੀ। ਲੋਕ ਬ੍ਰਾਹਮਣਾਂ ਦੀ ਇਜ਼ਾਰੇਦਾਰੀ ਤੋਂ ਡਾਹਢੇ ਤੰਗ ਸਨ। ਇਨ੍ਹਾਂ ਤੋਂ ਤੰਗ ਆ ਕੇ ਪਹਿਲਾਂ ਲੋਕ ਜੈਨੀ ਬਣੇ ਤੇ ਫਿਰ ਬੋਧੀ। ਇਨ੍ਹਾਂ ਦੋਹਾਂ ਧਰਮਾਂ ਵਿਚ, ਇਸਲਾਮ ਵਾਂਗ ਜਾਤ-ਪਾਤ ਦਾ ਬੋਲਬਾਲਾ ਨਹੀਂ ਸੀ। ਇਨ੍ਹਾਂ ਧਰਮਾਂ ਨੂੰ ਅਪਨਾ ਕੇ ਲੋਕ ਬ੍ਰਾਹਮਣਾਂ ਦੀ ਧੱਕੇਸ਼ਾਹੀ ਤੋਂ ਸੁਰਖ਼ਰੂ ਹੋ ਗਏ। ਪਰ ਬ੍ਰਾਹਮਣਵਾਦੀ ਅਜਗਰ ਜੈਨ ਤੇ ਬੁੱਧ ਨੂੰ ਹੌਲੀ-ਹੌਲੀ ਨਿਗਲ ਰਿਹਾ ਸੀ। ਜੈਨ ਧਰਮ ਤਾਂ ਨਿਤਾਣਾ ਹੋ ਕੇ ਹਾਸ਼ੀਏ ਵਿਚ ਖਿਸਕ ਗਿਆ ਤੇ ਬੁੱਧ ਧਰਮ ਨੂੰ ਬ੍ਰਾਹਮਣਾਂ ਨੇ ਜਲਾਵਤਨ ਕਰਕੇ ਹੀ ਸਾਹ ਲਿਆ। ਲੋਕੀਂ ਫਿਰ ਬਿਪਰਨਵਾਦ ਤੋਂ ਤੰਗ ਆ ਚੁੱਕੇ ਸਨ ਪਰ ਉਨ੍ਹਾਂ ਨੂੰ ਇਸ ਦਲਦਲ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੀ ਨਜ਼ਰ ਆ ਰਿਹਾ। ਅਖੀਰ ਇਸਲਾਮ ਨੇ ਉਨ੍ਹਾਂ ਦੀ ਬਾਂਹ ਫੜੀ। ਇਸ ਧਰਮ ਵਿਚ ਪ੍ਰਵੇਸ਼ ਕਰਕੇ ਦਲਿਤ ਲੋਕਾਂ ਨੇ ਜੀਵਨ ਵਿਚ ਪਹਿਲੀ ਵਾਰ ਮਹਿਸੂਸ ਕੀਤਾ ਕਿ ਉਹ ਵੀ ਦੂਜਿਆਂ ਵਾਂਗ ਇਨਸਾਨ ਹਨ ਅਤੇ ਉਨ੍ਹਾਂ ਦੀ ਵੀ ਸਮਾਜ ਵਿਚ ਕੋਈ ਵਿਸ਼ੇਸ਼ ਜਗ੍ਹਾ ਹੈ। ਹਿੰਦੂ ਧਰਮ ਵਿਚ ਤਾਂ ਉਹ ਨਰਕ ਭੋਗ ਰਹੇ ਸਨ। ਇਸਲਾਮ ਧਾਰਨ ਕਰਕੇ ਉਨ੍ਹਾਂ ਨੂੰ ਰਾਹਤ ਮਿਲੀ ਸੀ।

ਪਰ ਹੌਲੀ-ਹੌਲੀ ਇਸਲਾਮ ਵਿਚ, ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਜਾਤੀਵਾਦ ਪੈਦਾ ਹੋਣ ਲੱਗਾ। ਉਨ੍ਹਾਂ ਵਿਚ ਵੀ ਊਚ-ਨੀਚ ਦਾ ਸਵਾਲ ਪੈਦਾ ਹੋਣ ਲੱਗਾ। ਲੋਕ

ਇਸਲਾਮ ਧਾਰਨ ਕਰਕੇ ਵੀ ਸ਼ੂਦਰ ਹੀ ਰਹੇ। ਉੱਚੀਆਂ ਜਾਤਾਂ ਵਾਲੇ ਪਠਾਣ, ਮੁਗ਼ਲ, ਕੁਰੈਸ਼ੀ ਤੇ ਸਯਦ, ਨੀਵੀਆਂ ਜਾਤਾਂ ਨਾਲ ਰੋਟੀ-ਬੇਟੀ ਦੇ ਰਿਸ਼ਤੇ ਕਰਨ ਤੋਂ ਸਖ਼ਤ ਪ੍ਰਹੇਜ਼ ਕਰਦੇ ਸਨ। ਜਾਤੀਵਾਦ ਦੀ ਦਲਦਲ ਵਿਚ ਧੱਸਣ ਲੱਗੇ। ਸਮਾਜ ਵਿਚ ਪਖੰਡ ਤੇ ਦੰਭ ਵੱਧਣ ਲੱਗਾ। ਇਸ ਦੇ ਪ੍ਰਤੀਕਰਮ ਵਜੋਂ ਨਾਨਕ ਪੰਥੀ ਤੇ ਕਬੀਰ ਪੰਥੀ ਪੈਦਾ ਹੋਏ। ਉੱਤਰੀ ਭਾਰਤ ਵਿਚ ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਨੇ ਸਾਂਝੀਵਾਲਤਾ ਦੇ ਪ੍ਰਸਪਰ ਪ੍ਰੇਮ ਦਾ ਪ੍ਰਚਾਰ ਕੀਤਾ। ਸਭਨਾਂ ਲੋਕਾਂ ਨੂੰ ਇਕ ਹੀ ਸੰਗਤ ਤੇ ਪੰਗਤ ਦਾ ਮਾਰਗ ਸਮਝਾਇਆ। ਸਭਨਾਂ ਲੋਕਾਂ ਨੂੰ ਇਕੋ ਹੀ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਇਕਮਿਕ ਕੀਤਾ। ਕਬੀਰ ਜੀ ਨੇ ਵੀ ਜਾਤੀਵਾਦ ਵਿਰੁੱਧ ਇਕ ਜ਼ਬਰਦਸਤ ਮੁਹਿੰਮ ਖੜੀ ਕੀਤੀ। ਇਸ ਵਿਚ ਲੱਖਾਂ ਲੋਕ ਉਨ੍ਹਾਂ ਦੇ ਭਗਤ ਬਣ ਗਏ। ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਨੇ ਜਾਤੀਵਾਦ ਨੂੰ ਕਰਾਰੀ ਸੱਟ ਮਾਰੀ ਤੇ ਲੋਕਾਂ ਨੂੰ ਦੇਵੀਆਂ ਦੇਵਤੇ ਤਿਆਗ ਕੇ ਇਕੋ ਵਾਹਿਗੁਰੂ ਦੀ ਅਰਾਧਨਾ ਕਰਨ ਦਾ ਪ੍ਰਚਾਰ ਕੀਤਾ। ਦਸਵੇਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਖਾਲਸੇ ਬਣਾ ਕੇ, ਉਨ੍ਹਾਂ ਵਿਚ ਦੇਸ਼ ਭਗਤੀ ਤੇ ਧਰਮ ਦੀ ਰਾਖੀ ਦੀ ਭਾਵਨਾ ਪ੍ਰਚੰਡ ਕੀਤੀ। ਉਹ ਅਣਖੀਲੇ ਤੇ ਦਲੇਰ ਬਣ ਕੇ, ਜ਼ੁਲਮ ਦਾ ਡੱਟ ਕੇ ਸਾਹਮਣਾ ਕਰਨ ਲੱਗੇ। ਭਾਰਤ ਵਿਚ ਪਹਿਲਾਂ ਕਿਸੇ ਵੀ ਕੌਮ ਨੇ ਅਜਿਹੇ ਜਜ਼ਬੇ ਦਾ ਪ੍ਰਗਟਾਵਾ ਨਹੀਂ ਸੀ ਕੀਤਾ।

ਸਿੱਖਾਂ ਨੇ ਭਾਰਤ ਨੂੰ ਦਲਦਲ ਵਿਚੋਂ ਕੱਢ ਕੇ ਮਰਦਾਂ ਵਾਂਗ ਜੀਣ ਦੀ ਜਾਚ ਦੱਸੀ। ਉਹ ਪਹੁਲ ਪੀ ਕੇ ਬਿੱਲੀਆਂ ਤੋਂ ਸ਼ੇਰ ਬਣ ਗਏ। ਰਣ ਵਿਚ ਡੱਟ ਕੇ ਲੱਖਾਂ ਦੀ ਫੌਜ ਦਾ ਸਾਹਮਣਾ ਕਰਨ ਲੱਗੇ। ਉਨ੍ਹਾਂ ਦੀ ਖੱਲੜੀ ਵਿਚੋਂ ਭੈਅ ਅਲੋਪ ਹੋ ਚੁੱਕਾ ਸੀ। ਚੰਗੇਜ਼, ਤੈਮੂਰ, ਨਾਦਿਰ ਤੇ ਅਹਿਮਦ ਸ਼ਾਹ ਅਬਦਾਲੀ ਦੇ ਪੁੱਤ-ਪੋਤਰੇ ਸਿੱਖਾਂ ਦਾ ਪਾਣੀ ਭਰਨ ਲੱਗੇ। ਗਜ਼ਨੀ ਤੇ ਕਾਬਲ ਵਿਚੋਂ, ਕਿਸੇ ਵੇਲੇ ਭਾਰਤੀਆਂ ਵਿਰੁੱਧ ਮੁਹਿੰਮਾਂ ਉੱਠਦੀਆਂ ਸਨ। ਰਣਜੀਤ ਸਿੰਘ ਵੇਲੇ ਸਿੰਘਾਂ ਦੇ ਪ੍ਰਚਮ ਇਨ੍ਹਾਂ ਸ਼ਹਿਰਾਂ ਵਿਚ ਝੂਲਣ ਲੱਗੇ। ਇਤਿਹਾਸ ਨੇ ਇਕ ਸੁਨਹਿਰੀ ਯੁੱਗ ਦਾ ਆਰੰਭ ਕੀਤਾ। ਮੁਗ਼ਲ ਹਕੂਮਤ ਦਾ ਉੱਤਰ ਪੱਛਮੀ ਭਾਰਤ ਵਿਚੋਂ ਦੀਵਾ ਗੁੱਲ ਕਰਨ ਵਾਲੇ ਸਿੱਖ ਹੀ ਸਨ। ਪਠਾਣਾਂ ਦੀ ਚੜ੍ਹਤ ਦੀ ਖੁੰਬ ਠੱਪਣ ਵਾਲੇ ਵੀ ਸਿੱਖ ਹੀ ਸਨ। ਇਸੇ ਵੇਲੇ ਉੱਤਰ-ਪੱਛਮੀ ਭਾਰਤ ਵਿਚ ਸਿੱਖਾਂ ਨੇ ਇਕ ਸ਼ਕਤੀਸ਼ਾਲੀ ਸਲਤਨੱਤ ਕਾਇਮ ਕੀਤੀ। ਭਾਵੇਂ ਇਹ ਸਰਦਾਰੀ ਅੱਧੀ ਕੁ ਸਦੀ ਹੀ ਕਾਇਮ ਰਹਿ ਸਕਦੀ ਪਰ ਸਿੱਖਾਂ ਨੇ ਦਿਲ ਨਹੀ ਛੱਡਿਆ। ਉਨ੍ਹਾਂ ਨੇ ਬਰਤਾਨਵੀ ਸਾਮਰਾਜ ਨੂੰ ਭਾਰਤ ਵਿਚ ਕਰਾਰੀ ਸੱਟ ਮਾਰੀ। ਭਾਰਤ ਵਿਚ ਜੰਗੇ ਅਜ਼ਾਦੀ ਵਿਚ ਸਿੱਖਾਂ ਦਾ ਦੋ ਤਿਹਾਈ ਯੋਗਦਾਨ ਹੈ। ਗਿਣਤੀ ਦੇ ਹਿਸਾਬ ਨਾਲ ਉਨ੍ਹਾਂ ਦਾ ਯੋਗਦਾਨ ਸਾਰੀਆਂ ਭਾਰਤੀ ਕੌਮਾਂ ਨਾਲੋਂ ਕਿਤੇ ਵਧੇਰੇ ਹੈ। ਉਨ੍ਹਾਂ ਜਿੰਨਾਂ ਹੋਰ ਕੋਈ ਦਲੇਰ ਤੇ ਦੇਸ਼ ਭਗਤ ਨਹੀਂ। ਉਨ੍ਹਾਂ ਨੇ ਭਾਰਤ ਦੇ ਮੂੰਹ ਤੋਂ ਗ਼ੁਲਾਮੀ ਦੀ ਕਾਲਖ ਧੋਤੀ ਹੈ। ਇਸ ਹਕੀਕਤ ਬਾਰੇ ਕੋਈ ਦੋ ਰਾਵਾਂ ਨਹੀਂ ਹਨ।

ਪਰ ਅਫ਼ਸੋਸ ਹੈ ਕਿ ਭਾਰਤ ਦੇ ਹਿੰਦੂ ਵੀਰ, ਜੋ ਕੱਟੜਵਾਦੀ ਤੇ ਸੰਕੀਰਨ ਸੋਚ ਦੇ ਮਾਲਿਕ ਹਨ, ਸਿੱਖਾਂ ਦੇ ਇਸ ਯੋਗਦਾਨ ਨੂੰ ਮੰਨਣ ਤੋਂ ਇਨਕਾਰੀ ਹਨ। ਉਹ ਸਿੱਖਾਂ ਦਾ

ਗੁਣਗਾਨ ਕਰਨ ਦੀ ਜਗ੍ਹਾ ਇਨ੍ਹਾਂ ਨਾਲ ਨਫਰਤ ਕਰਦੇ ਹਨ, ਈਰਖਾ ਕਰਦੇ ਹਨ। ਈਰਖਾ ਵੱਸ ਹੀ ਸਿੱਖੀ ਨੂੰ ਹਿੰਦੂ ਧਰਮ ਦੀ ਇਕ ਸ਼ਾਖ ਤੋਂ ਵੱਧ ਨਹੀਂ ਸਮਝਦੇ। ਉਨ੍ਹਾਂ ਵਿਚ ਸਹੀ ਸੋਚ ਵਾਲੇ ਲੋਕ ਹਨ ਪਰ ਉਨ੍ਹਾਂ ਦੀ ਗਿਣਤੀ ਬਹੁਤ ਨਿਗੂਣੀ ਹੈ। ਇਹੀ ਲੋਕ ਹਨ, ਜਿਹੜੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਗਰਦਾਨਦੇ ਹਨ। ਇਹੀ ਲੋਕਾਂ ਨੇ ਪੰਜਾਬੀ ਸੂਬਾ ਬਣਨ ਵੇਲੇ ਕਈ ਅੜਿੰਗੇ ਖੜੇ ਕੀਤੇ। ਅਜਿਹੀ ਸੋਚ ਵਾਲਿਆਂ ਨੇ ਸਿੱਖਾਂ ਦੇ ਮੱਕੇ ਉੱਪਰ ਫੌਜੀ ਹਮਲਾ ਕੀਤਾ। ਅਜਿਹੀ ਸੰਕੀਰਨ ਤੇ ਸੌੜੀ ਸੋਚ ਵਾਲਿਆਂ ਹੀ ਦਿੱਲੀ, ਕਾਨਪੁਰ ਤੇ ਹੋਰ ਸ਼ਹਿਰਾਂ ਵਿਚ 1984 ਵਿਚ ਇਸ ਕੌਮ ਦੇ ਗਲਾਂ ਵਿਚ ਟਾਇਰ ਪਾ ਕੇ ਉਨ੍ਹਾਂ ਨੂੰ ਹਜ਼ਾਰਾਂ ਦੀ ਸੰਖਿਆ ਵਿਚ ਜੀਊਂਦੇ ਸਾੜਿਆ ਸੀ। ਭਾਵੇਂ ਸਿੱਖਾਂ ਵਿਚ ਵੀ ਗਲਤ ਸੋਚ ਵਾਲੇ ਲੋਕ ਹਨ, ਜੋ ਦਹਿਸ਼ਤਗਰਦ ਤੇ ਅੱਤਿਵਾਦੀ ਬਣ ਕੇ ਦੇਸ਼ ਨੂੰ ਨੁਕਸਾਨ ਪੁਚਾ ਰਹੇ ਹਨ। ਪਰ ਅਜਿਹੇ ਸਿੱਖਾਂ ਦੀ ਸੰਖਿਆ ਬਹੁਤ ਘੱਟ ਹੈ। ਬਹੁਤੇ ਸਿੱਖ ਭਾਰਤ ਨੂੰ ਚੜ੍ਹਦੀਆਂ ਕਲਾਂ ਵੱਲ ਲਿਜਾਣਾ ਚਾਹੁੰਦੇ ਹਨ। ਨਾ ਉਹ ਵੱਖਵਾਦੀ ਹਨ ਤੇ ਨਾ ਹੀ ਅੱਤਿਵਾਦੀ। ਸਿੱਖ ਦਾ ਬੱਚਾ ਗ਼ਦਾਰ ਨਹੀਂ ਹੋ ਸਕਦਾ। ਸਿੱਖ ਫ਼ਿਰਕੂ ਸੋਚ ਵਾਲੇ ਨਹੀਂ ਹਨ। ਇਸ ਲਈ ਇਸ ਕੌਮ ਨਾਲ ਹਾਲ ਦੀ ਘੜੀ ਬਹੁਤ ਜ਼ਿਆਦਤੀ ਤੇ ਧੱਕੇਸ਼ਾਹੀ ਹੋਈ ਹੈ। ਇਸ ਨੂੰ ਖਾਹ-ਮਖਾਹ ਹੀ ਜ਼ਲੀਲ ਕੀਤਾ ਗਿਆ ਹੈ। ਭਵਿੱਖ ਵਿਚ ਅਜਿਹਾ ਨਹੀਂ ਹੋਣਾ ਚਾਹੀਦਾ। ਹਿੰਦੂ ਵੀਰਾਂ ਨੂੰ ਹਰ ਵੇਲੇ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਵਿਚ ਕਈ ਕੌਮਾਂ ਵੱਸਦੀਆਂ ਹਨ। ਇਸ ਮੁਲਕ ਨੂੰ ਹਿੰਦੋਸਤਾਨ ਨਹੀਂ ਕਿਹਾ ਜਾ ਸਕਦਾ। ਹਰ ਧਰਮ ਤੇ ਕੌਮ ਦਾ ਇਸ ਮੁਲਕ ਵਿਚ ਬਣਦਾ ਸਤਿਕਾਰ ਹੋਣਾ ਚਾਹੀਦਾ ਹੈ। ਭਾਵੇਂ ਭਾਰਤ ਦੇ ਬਹੁਤੇ ਧਰਮ ਇਸ ਵਿਚੋਂ ਹੀ ਪੈਦਾ ਹੋਏ ਹਨ ਪਰ ਅੱਜ ਤਾਂ ਉਨ੍ਹਾਂ ਦੀ ਵੱਖਰੀ ਹੋਂਦ ਹੈ। ਉਹ ਵੀ ਭਾਰਤ ਦੇ ਓਨੇ ਹੀ ਹਿਤੈਸ਼ੀ ਤੇ ਭਗਤ ਹਨ, ਜਿਵੇਂ ਕਿ ਹਿੰਦੂ ਧਰਮ। ਇਸ ਹਕੀਕਤ ਨੂੰ ਤਸਲੀਮ ਕਰਨਾ ਪਵੇਗਾ।

# ਕਰਾਮਾਤਾਂ ਦਾ ਖੰਡਨ-ਮੰਡਨ

ਗੁਰਸਿੱਖੀ ਵਿਚ ਕਰਾਮਾਤ ਦਾ ਨਾਮ ਕਹਿਰ ਹੈ। ਜਿਹੜੇ ਕੰਮ ਕਾਜ ਵਿਧਾਤਾ ਨੇ ਕੀਤੇ ਜਾਂ ਕਰਨੇ ਹਨ, ਉਨ੍ਹਾਂ ਦਾ ਦਾਅਵਾ ਜੇਕਰ ਕੋਈ ਦੇਹਧਾਰੀ ਮਨੁੱਖ ਕਰਨ ਲੱਗ ਪਵੇ ਤਾਂ ਕੁਦਰਤ ਤੇ ਕਾਦਿਰ ਨੂੰ ਚੁਣੌਤੀਆਂ ਦੇਣ ਵਾਲੀ ਬਾਤ ਹੈ। ਕਰਾਮਾਤ ਕੇਵਲ ਅਕਾਲ ਪੁਰਖ ਹੀ ਕਰ ਸਕਦਾ ਹੈ। ਸਾਰੀ ਸ੍ਰਿਸ਼ਟੀ ਦੀ ਸਾਜਨਾਂ, ਜੀਆਂ ਜੰਤੂਆਂ, ਪਸ਼ੂਆਂ, ਪੰਛੀਆਂ ਅਤੇ ਬਨਸਪਤੀ ਦੀ ਸਿਰਜਣਾਂ ਕੀ ਕਿਸੇ ਕਰਾਮਾਤ ਨਾਲੋਂ ਘੱਟ ਹੈ ? ਇਹ ਤਾਰੇ ਸਿਤਾਰੇ ਤੇ ਸਮੁੱਚਾ ਬ੍ਰਹਿਮੰਡ ਕਰਾਮਾਤਾਂ ਦੀ ਕਰਾਮਾਤ ਹੈ। ਇਹ ਪਹਾੜ, ਜੰਗਲ ਤੇ ਸਮੁੰਦਰ ਇਸ ਇਲਾਹੀ ਅਦਭੁਤ ਕਰਾਮਾਤ ਦੀਆਂ ਭਿੰਨ-ਭਿੰਨ ਵੰਨਗੀਆਂ ਹਨ। ਕੁਦਰਤ ਦਾ ਹਰ ਰੂਪ ਕਿਸੇ ਕਰਾਮਾਤ ਤੋਂ ਘੱਟ ਨਹੀਂ। ਕੁਦਰਤ ਹੀ ਕਰਾਮਾਤ ਦਾ ਦੂਜਾ ਨਾਮ ਹੈ।

ਸਾਡੇ ਮੁਲਕ ਵਿਚ ਹਰ ਧਰਮ ਨੇ ਆਪਣੇ ਮਹਾਂਪੁਰਸ਼ਾਂ ਨਾਲ ਕਰਾਮਾਤਾਂ ਜੋੜ ਰੱਖੀਆਂ ਹਨ। ਜਿੰਨੀਆਂ ਵੱਧ ਤੋਂ ਵੱਧ ਕਰਾਮਾਤਾਂ ਕਿਸੇ ਧਰਮ ਦੇ ਮੋਢੀ ਨਾਲ ਜੋੜੀਆਂ ਜਾਂਦੀਆਂ ਹਨ, ਓਨਾ ਹੀ ਉਹ ਮਹਾਨ ਤੇ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ। ਸੱਪ ਦੀ ਛਾਇਆ ਕਰਨ ਵਾਲੀ ਸਾਖੀ ਕਈ ਰਿਸ਼ੀਆਂ ਨਾਲ ਜੋੜੀ ਗਈ ਹੈ। ਮਹਾਤਮਾਂ ਬੁੱਧ ਨਾਲ ਤੇ ਗੁਰੂ ਨਾਨਕ ਸਾਹਿਬ ਨਾਲ ਵੀ। ਇਸੇ ਤਰ੍ਹਾਂ ਮੁਰਦੇ ਨੂੰ ਜ਼ਿੰਦਾ ਕਰਨ ਵਾਲੀਆਂ ਕਥਾਵਾਂ ਵੀ ਕਈ ਮਹਾਨ ਵਿਅਕਤੀਆਂ ਨਾਲ ਜੋੜੀਆਂ ਗਈਆਂ ਹਨ। ਪਰੰਤੂ ਸਿੱਖ ਧਰਮ ਵਿਚ ਕਰਾਮਾਤ ਵਿਖਾਉਣੀ ਵਾਹਿਗੁਰੂ ਦੇ ਸ਼ਰੀਕ ਬਣਨ ਤੁੱਲ ਸਮਝਿਆ ਜਾਂਦਾ ਹੈ ਅਤੇ ਉਸ ਦੇ ਕੰਮਾਂ ਵਿਚ ਦਖ਼ਲ ਅੰਦਾਜ਼ੀ। ਜਦੋਂ ਬਾਬੇ ਅਟੱਲ ਨੇ ਆਪਣੇ ਮੁਰਦਾ ਸਾਥੀ ਨੂੰ ਜਿੰਦਾ ਕਰ ਦਿੱਤਾ ਤਾਂ ਇਸ ਦੀ ਖਬਰ ਸ੍ਰੀ ਗੁਰੂ ਹਰਗੋਬਿੰਦ ਸਿੰਘ ਨੂੰ ਦਿੱਤੀ ਗਈ। ਗੁਰੂ ਸਾਹਿਬ ਸੁਣ ਕੇ ਬਹੁਤ ਦੁੱਖੀ ਹੋਏ ਅਤੇ ਅਟੱਲ ਰਾਏ ਦੀ ਇਸ ਕਰਾਮਾਤ ਦੀ ਨਿਖੇਧੀ ਕੀਤੀ। ਇਸੇ ਤਰ੍ਹਾਂ ਜਦੋਂ ਸ੍ਰੀ ਗੁਰੂ ਹਰਿ ਰਾਏ ਨੂੰ ਪਤਾ ਚੱਲਿਆ ਕਿ ਉਨ੍ਹਾਂ ਦੇ ਵੱਡੇ ਸਪੁੱਤਰ ਸ੍ਰੀ ਰਾਮ ਰਾਏ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਕਰਾਮਾਤਾਂ ਵਿਖਾਈਆਂ ਹਨ ਤੇ ਗੁਰਬਾਣੀ ਦੇ ਗਲਤ ਅਰਥ ਕੀਤੇ ਹਨ ਤਾਂ ਉਸ ਨੇ ਰਾਮ ਰਾਏ ਨੂੰ ਘਰ ਵਾਪਿਸ ਆਉਣ ਤੋਂ ਰੋਕ ਦਿੱਤਾ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਨੂੰ ਚਾਂਦਨੀ ਚੌਂਕ ਦੀ ਕੋਤਵਾਲੀ ਵਿਚ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਵੀ ਜਾਨ ਬਖਸ਼ੀ ਲਈ ਪੀਰ ਹੋਣ ਦੇ ਨਾਤੇ ਕਰਾਮਾਤਾਂ ਵਿਖਾਉਣ ਲਈ ਕਿਹਾ ਗਿਆ। ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਫੁਰਮਾਇਆ, 'ਮੈਂ ਤੁਹਾਨੂੰ ਇਕ ਕਰਾਮਾਤ ਵਿਖਾਉਂਦਾ ਹਾਂ। ਇਹ

ਕਾਗਜ਼ ਦਾ ਟੁਕੜਾ ਮੇਰੀ ਗਰਦਨ ਉੱਪਰ ਰੱਖ ਕੇ ਜੇਕਰ ਤਲਵਾਰ ਦਾ ਵਾਰ ਕੀਤਾ ਜਾਏ ਤਾਂ ਮੇਰੀ ਗਰਦਨ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।" ਗੁਰੂ ਸਾਹਿਬ ਨੂੰ ਪਰਤਾਉਣ ਲਈ ਉਨ੍ਹਾਂ ਦੀ ਗਰਦਨ ਉੱਪਰ ਕਾਗਜ਼ ਦਾ ਟੁਕੜਾ ਰੱਖ ਕੇ ਜਲਾਦ ਨੇ ਵਾਰ ਕੀਤਾ। ਗਰਦਨ ਫੌਰਨ ਸਰੀਰ ਨਾਲੋਂ ਵੱਖਰੀ ਹੋ ਗਈ। ਜਦੋਂ ਕਾਗਜ਼ ਦਾ ਟੁਕੜਾ ਥੱਲੇ ਡਿੱਗਾ ਵੇਖਿਆ ਗਿਆ ਤਾਂ ਕਹਿੰਦੇ ਹਨ, ਉਸ ਉੱਪਰ ਲਿਖਿਆ ਹੋਇਆ ਸੀ, 'ਸੀਸ ਜਾਇ ਤਾਂ...

ਇਹ ਸਿਰੜ ਸਿੱਦਕ ਤੇ ਕੁਰਬਾਨੀ ਦੀ ਕਰਾਮਾਤ ਸੀ। ਗੁਰੂ ਸਾਹਿਬ ਦਾ ਸਿੱਖੀ ਸਿੱਦਕ ਵੇਖ ਕੇ ਮੁਗ਼ਲ ਅਧਿਕਾਰੀ ਦੰਗ ਰਹਿ ਗਏ। ਸ੍ਰੀ ਕਲਗੀਧਰ ਵੀ ਫ਼ੁਰਮਾਇਆ ਕਰਦੇ ਸਨ, 'ਸੰਸਾਰ ਵਿਚ ਤਿੰਨ ਕਰਾਮਾਤਾਂ ਹਨ। ਇਹ ਹਨ ਧੰਨ ਦੌਲਤ, ਲੋਹਾ ਯਾਨੀ ਕਿ ਹਥਿਆਰ ਅਤੇ ਰਾਜ ਸ਼ਕਤੀ। ਇਹ ਕਰਾਮਾਤਾਂ ਜਗਤ ਵਿਚ ਅਸੰਭਵ ਨੂੰ ਸੰਭਵ ਵਿਚ ਬਦਲ ਸਕਦੀਆਂ ਹਨ। ਅਣਹੋਣੀ ਨੂੰ ਹੋਣੀ ਵਿਚ ਤਬਦੀਲ ਕਰ ਸਕਦੀਆਂ ਹਨ। ਜਦੋਂ ਸਿੰਘਾਂ ਨੇ ਹਥਿਆਰ ਚੁੱਕ ਲਏ ਤਾਂ ਉਨ੍ਹਾਂ ਨੇ ਗਿੱਦੜਾਂ ਨੂੰ ਸ਼ੇਰ ਬਣਾ ਦਿੱਤਾ। ਚਿੜੀਆਂ ਨੂੰ ਬਾਜ਼ ਬਣਨ ਦਾ ਹੀਆ ਪੈਦਾ ਕਰ ਦਿੱਤਾ। ਕੁਝ ਕੁ ਮੁੱਠੀ ਭਰ ਅਣਸਿੱਖੇ ਸੇਵਕਾਂ ਦੀ ਸਹਾਇਤਾ ਨਾਲ ਗੁਰੂ ਸਾਹਿਬ ਨੇ ਕੁਝ ਯੁੱਧ ਫ਼ਤਹਿ ਕੀਤੇ। ਚਮਕੌਰ ਦੀ ਗੜ੍ਹੀ ਵਿਚ ਚਾਲੀ ਕੁ ਸਿੰਘਾਂ ਦਾ ਲੱਖਾਂ ਦੇ ਲਸ਼ਕਰ ਨਾਲ ਟਾਕਰਾ ਕਰਨ ਤੇ ਗੁਰੂ ਜੀ ਦਾ ਇਸ ਘੇਰੇ ਵਿਚੋਂ ਸਹੀ ਸਲਾਮਤ ਬਚ ਕੇ ਨਿਕਲ ਜਾਣਾ ਕਿਸੇ ਕਰਾਮਾਤ ਨਾਲੋਂ ਘੱਟ ਨਹੀਂ ਸੀ। ਹਥਿਆਰ ਤੇ ਹਿੰਮਤ ਇਸ ਕਰਾਮਾਤ ਦੀ ਬੁਨਿਆਦ ਸਨ।

ਇਕ ਵਾਰੀ ਜਦੋਂ ਗੁਰੂ ਗੋਬਿੰਦ ਸਿੰਘ ਪਾਉਂਟੇ ਸਾਹਿਬ ਰਹਿੰਦੇ ਸਨ ਤਾਂ ਆਪ ਜੀ ਨੂੰ ਜਮਨਾ ਨਦੀ ਪਾਰ ਕਰਨ ਲਈ ਬੇੜੀ ਉੱਪਰ ਜਾਣਾ ਪਿਆ। ਗੁਰੂ ਜੀ ਦੇ ਸੇਵਕਾਂ ਨੇ ਕਿਹਾ, "ਮਹਾਰਾਜ ਇੱਥੇ ਇਕ ਫ਼ਕੀਰ ਹੈ ਜੋ ਬੜਾ ਕਰਾਮਾਤੀ ਹੈ। ਉਹ ਪਾਣੀ ਉੱਪਰ ਚੱਲ ਸਕਦਾ ਹੈ। ਆਪਾਂ ਉਸ ਦੇ ਸਹਾਰੇ ਨਦੀ ਪਾਰ ਕਰ ਲਈਏ।" ਗੁਰੂ ਸਾਹਿਬ ਨੇ ਆਖਿਆ, "ਸਾਨੂੰ ਬੇੜੀ ਦੀ ਸਵਾਰੀ ਦੇ ਕਿੰਨੇ ਪੈਸੇ ਪ੍ਰਤੀ ਸਵਾਰੀ ਦੇਣੇ ਪੈਣਗੇ ?" ਬੇੜੀ ਦਾ ਕਿਰਾਇਆ ਪ੍ਰਤੀ ਸਵਾਰੀ ਇਕ ਟਕਾ ਸੀ। ਗੁਰੂ ਸਾਹਿਬ ਨੇ ਫ਼ੁਰਮਾਇਆ, "ਮੇਰੀ ਨਜ਼ਰ ਵਿਚ ਉਸ ਫ਼ਕੀਰ ਦੀ ਕਰਾਮਾਤ ਦਾ ਮੁੱਲ ਇਕੋ ਟਕਾ ਹੈ। ਜਿਹੜਾ ਕੰਮ ਟਕੇ ਨਾਲ ਹੋ ਸਕਦਾ ਹੈ, ਉਸਨੂੰ ਕਰਨ ਲਈ ਸਾਰੀ ਉਮਰ ਪਾਣੀ ਤੇ ਚੱਲਣ ਦਾ ਅਭਿਆਸ ਕਰਦੇ ਰਹਿਣਾ ਕੋਈ ਸਿਆਣਪ ਨਹੀਂ।" ਇਸ ਘਟਨਾਂ ਤੋਂ ਸਾਫ਼ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਜਾਦੂ ਮੰਤਰਾਂ ਤੇ ਰਿੱਧੀਆਂ-ਸਿੱਧੀਆਂ ਵਿਚ ਯਕੀਨ ਨਹੀਂ ਰੱਖਦੇ। ਇਹ ਸ਼ਕਤੀਆਂ ਵਾਹਿਗੁਰੂ ਦੇ ਭਾਣੇ ਵਿਚ ਹਨ। ਮਨੁੱਖ ਨੂੰ ਇਨ੍ਹਾਂ ਦਾ ਦਾਅਵਾ ਕਰਕੇ ਪ੍ਰਮਾਤਮਾ ਦਾ ਸਾਨੀ ਬਣਨ ਦਾ ਅਡੰਬਰ ਨਹੀਂ ਰੱਖਣਾ ਚਾਹੀਦਾ। ਜੇਕਰ ਗੁਰੂ ਸਾਹਿਬ ਕਰਾਮਾਤੀ ਸ਼ਕਤੀਆਂ ਵਿਚ ਆਸਥਾ ਰੱਖਦੇ ਤਾਂ ਉਹ ਆਨੰਦਪੁਰ ਸਾਹਿਬ ਵਿਚ ਬੈਠੇ ਹੀ ਮੁਗਲਾਂ ਦਾ ਸਫ਼ਾਇਆ ਕਰ ਸਕਦੇ ਸਨ। ਉਨ੍ਹਾਂ ਨੂੰ ਆਨੰਦਪੁਰ ਸਾਹਿਬ ਜਾਂ ਚਮਕੌਰ ਦੀ ਗੜ੍ਹੀ ਛੱਡਣ ਦੀ ਕੀ ਲੋੜ ਸੀ। ਆਪਣੇ ਜਾਨ ਤੋਂ ਪਿਆਰੇ ਪੁੱਤਰਾਂ, ਪਿਆਰਿਆਂ, ਮੁਕਤਿਆਂ ਤੇ ਬਾਕੀ ਸਿੱਖ ਸੇਵਕਾਂ ਨੂੰ ਸ਼ਹੀਦ ਕਰਵਾਉਣ ਦੀ ਕੀ ਲੋੜ ਸੀ ? ਉਹ ਆਪਣੇ ਆਸਣ ਤੇ ਬੈਠੇ ਹੀ ਦੁਸ਼ਮਣਾਂ ਦਾ ਦਿਲ

ਬਦਲ ਸਕਦੇ ਸਨ ਤੇ ਉਨ੍ਹਾਂ ਦੀ ਸ਼ਕਤੀ ਫ਼ਨਾਹ ਕਰ ਸਕਦੇ ਸਨ। ਪਰ ਗੁਰੂ ਜੀ ਦਾ ਇਹ ਮਾਰਗ ਨਹੀਂ ਸੀ। ਉਨ੍ਹਾਂ ਨੇ ਆਪਣੀ ਸਿਆਣਪ, ਜੰਗੀ ਤੇ ਰਣਨੀਤੀ ਤੇ ਸਾਹਸ ਸਦਕਾ, ਲੱਖਾਂ ਸੈਨਿਕਾਂ ਦੀਆਂ ਗੋਡੀਆਂ ਲਵਾ ਦਿੱਤੀਆਂ। ਇਹ ਸਭ ਤੋਂ ਵੱਡੀ ਕਰਾਮਾਤ ਸੀ। ਇਕ ਮਨੁੱਖ ਹੋ ਕੇ, ਦੇਵਤਿਆਂ ਵਰਗੇ ਕਾਰਜ ਕਰ ਵਿਖਾਉਣੇ ਕਿਸੇ ਵੀ ਕਰਾਮਾਤ ਤੋਂ ਘੱਟ ਨਹੀਂ।

ਗੁਰਬਾਣੀ ਵੀ ਸਾਨੂੰ ਪ੍ਰੇਮ ਰਾਹੀਂ ਪ੍ਰਭੂ ਨਾਲ ਜੋੜਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸ਼ਟੀ ਵੇਲੇ ਰਿੱਧੀਆਂ-ਸਿੱਧੀਆਂ ਦਾ ਖੰਡਨ ਕੀਤਾ ਸੀ। ਉਨ੍ਹਾਂ ਨੇ ਯੋਗੀਆਂ ਦੀ ਇਸ ਪ੍ਰਾਪਤੀ ਨੂੰ ਪ੍ਰਭੂ ਪ੍ਰੇਮ ਦੇ ਤੁੱਲ ਸਮਝਿਆ ਸੀ। ਅਧਿਆਤਮਕਾਵਦ ਵਿਚ ਅਜਿਹੀਆਂ ਪ੍ਰਾਸਰੀਰਕ ਸ਼ਕਤੀਆਂ ਦਾ ਕੋਈ ਮਹੱਤਵ ਨਹੀਂ। ਜਦੋਂ ਕੋਈ ਪ੍ਰਾਣੀ ਪ੍ਰਭੂ ਪਿਆਰ ਵਿਚ ਡੁੱਬ ਜਾਂਦਾ ਹੈ ਤਾਂ ਉਹ ਖਾਮੋਸ਼ ਹੋ ਜਾਂਦਾ ਹੈ। ਉਹ ਆਪਣੀ ਸ਼ਕਤੀ ਦਾ ਕਦੀ ਪ੍ਰਦਰਸ਼ਨ ਨਹੀਂ ਕਰਦਾ। ਉਸ ਵਿਚ ਅਜਿਹੀ ਭਾਵਨਾ ਹੀ ਨਹੀਂ ਹੁੰਦੀ। ਉਸ ਦੀ ਹਾਉਮੈਂ ਮਰ ਜਾਂਦੀ ਹੈ। ਇਸ ਲਈ ਉਹ ਆਪਣੀਆਂ ਰੂਹਾਨੀ ਸ਼ਕਤੀਆਂ ਦਾ ਪ੍ਰਦਰਸ਼ਨ ਕਰਕੇ ਸੰਸਾਰੀਆਂ ਨੂੰ ਪ੍ਰਭਾਵਿਤ ਨਹੀਂ ਕਰਨਾ ਚਾਹੁੰਦਾ। ਸਾਡੇ ਸਾਰੇ ਗੁਰੂ ਸਾਹਿਬਾਨ ਪ੍ਰੇਮ ਤੇ ਸ਼ਾਂਤੀ ਦੇ ਪੁੰਜ ਸਨ। ਇਸੇ ਹਲੀਮੀ ਤੇ ਨਿਰਮਾਣਤਾ ਦੇ ਆਲਮ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਚੰਦ ਦੇ ਸਵਾਲ ਵਿਚ ਆਖਿਆ ਸੀ ਕਿ ਉਨ੍ਹਾਂ ਦਾ ਦਾਹੜਾ ਆਪ ਵਰਗੇ ਮਹਾਂਪੁਰਸ਼ਾਂ ਦੇ ਚਰਨ ਸਾਫ਼ ਕਰਨ ਲਈ ਹੈ। ਇਸ ਜਵਾਬ ਵਿਚ ਸ੍ਰੀ ਚੰਦ ਜੀ ਲਾਜਵਾਬ ਹੋ ਗਏ। ਇਹ ਜਵਾਬ ਨਿਰਮਾਣਤਾ ਦੀ ਇੰਤਹਾ ਸੀ।

ਹਰੇਕ ਸਿੱਖ ਨੂੰ ਗੁਰੂ ਸਾਹਿਬਾਨ ਨੇ ਤਿੰਨ ਕਾਰਜ ਲਾਜ਼ਮੀ ਤੌਰ ਤੇ ਕਰਨ ਲਈ ਹਦਾਇਤ ਕੀਤੀ ਹੈ। ਉਹ ਹਨ ਕ੍ਰਿਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ। ਜਿਹੜੇ ਲੋਕ ਕ੍ਰਿਤ ਕਮਾਈ ਕਰਦੇ ਹਨ, ਉਨ੍ਹਾਂ ਦਾ ਮੁਫਤ ਦੀ ਕਮਾਈ ਵਿਚ ਪੂਰਨ ਭਰੋਸਾ ਨਹੀਂ ਹੁੰਦਾ ਹੈ। ਉਹ ਜੋਤਸ਼ੀਆਂ ਤੇ ਜਾਦੂਗਰਾਂ ਮਗਰ ਨਹੀਂ ਦੌੜਦੇ। ਕੋਈ ਵੀ ਸਮੱਸਿਆ ਫੂਕ ਮਾਰਿਆਂ ਫਾਂਡੇ ਕੀਤਿਆਂ ਹੱਲ ਨਹੀਂ ਹੁੰਦੀ। ਉਸ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਮਿਹਨਤ ਵਿਚ ਹੀ ਬਰਕਤ ਹੁੰਦੀ ਹੈ। ਜੰਤਰ ਮੰਤਰ ਪੜ੍ਹਨ ਦੀ ਜਗ੍ਹਾ, ਗੁਰੂ ਸਾਹਿਬਾਨ ਦੇ ਨਾਮ ਜਪਣ ਦੀ ਪ੍ਰੇਰਨਾ ਦਿੱਤੀ ਹੈ। ਨਾਮ ਜਪਣ ਨਾਲ ਬਹੁਤ ਸਾਰੇ ਕਸ਼ਟ ਕਲੇਸ਼ ਆਪਣੇ ਆਪ ਮਿੱਟ ਜਾਂਦੇ ਹਨ। ਨਾਮ ਜਪਣ ਨਾਲ ਜਦੋਂ ਮਨ ਸ਼ਾਂਤ ਹੁੰਦਾ ਹੈ ਤੇ ਸਹਿਜ ਅਵਸਥਾ ਵਿਚ ਹੁੰਦਾ ਹੈ ਤਾਂ ਸਾਨੂੰ ਸਾਡੇ ਦੁੱਖ ਕਲੇਸ਼ ਮਹਿਸੂਸ ਨਹੀਂ ਹੁੰਦੇ। ਸਾਨੂੰ ਉਨ੍ਹਾਂ ਤੋਂ ਨਿਜ਼ਾਤ ਮਿਲਦੀ ਹੈ। ਵਿਹਲੜਾਂ ਦੀ ਸਿੱਖ ਧਰਮ ਵਿਚ ਕੋਈ ਜਗ੍ਹਾ ਨਹੀਂ। ਬਹੁਤ ਸਾਰੇ ਭਾਈ ਪੰਡਿਤ, ਮੁੱਲਾ ਤੇ ਪਾਦਰੀ ਵਿਹਲੜਾਂ ਦੀ ਸੂਚੀ ਵਿਚ ਗਿਣੇ ਜਾਂਦੇ ਹਨ। ਇਹ ਪੂਜਾ ਦਾ ਧੰਨ ਖਾ ਕੇ ਆਪਣਾ ਨਿਰਬਾਹ ਕਰਦੇ ਹਨ। ਇਹ ਕੋਈ ਮੁਸ਼ੱਕਤ ਨਹੀਂ ਕਰਦੇ। ਤੀਜੀ ਹਦਾਇਤ ਹੈ ਵੰਡ ਕੇ ਛੱਕਣਾ। ਸਿੱਖ ਧਰਮ ਇਕ ਭਾਈ ਚਾਰਾ ਹੈ। ਇਸ ਵਿਚ ਸਭਨਾਂ ਦੇ ਦੁੱਖ-ਸੁੱਖ ਸਾਂਝੇ ਹਨ। ਜਦੋਂ ਅਸੀਂ ਕਮਾਈ ਨੂੰ ਸਭਨਾਂ ਨਾਲ ਸਾਂਝੀ ਕਰਕੇ ਖਾਂਦੇ ਹਾਂ ਤਾਂ ਮਜ਼ਾ ਹੀ ਕੁਝ ਹੋਰ ਹੁੰਦਾ ਹੈ। ਸਿੱਖੀ ਵਿਚ ਦਸਵੰਧ ਦੀ ਪ੍ਰਥਾ ਵੀ ਵੰਡ ਕੇ ਛੱਕਣ ਦੀ ਪ੍ਰੇਰਨਾ ਦਿੰਦੀ ਹੈ। ਜਦੋਂ ਗੁਰੂ ਦੇ ਸਿੱਖ ਸੰਗਤ

ਵਿਚ ਰਲ-ਮਿਲ ਕੇ ਬੈਠਦੇ ਤੇ ਹੱਸਦੇ-ਖੇਡਦੇ ਹਨ ਤਾਂ ਇਹ ਕਿਸੇ ਕਰਾਮਾਤ ਨਾਲੋਂ ਘੱਟ ਨਹੀਂ। ਅੱਜ ਦੇ ਵਿਅਕਤੀਵਾਦੀ ਯੁੱਗ ਵਿਚ ਸੰਗਤ ਦੇ ਰੂਪ ਵਿਚ ਜੁੜ ਕੇ ਬੈਠਣਾ, ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਏਕੇ ਵਿਚ ਬਰਕਤ ਹੁੰਦੀ ਹੈ। ਜਦੋਂ ਕੋਈ ਕੌਮ ਏਕਤਾ ਤੇ ਸੰਗਠਨ ਦਾ ਸਬੂਤ ਦਿੰਦੀ ਹੈ ਤਾਂ ਉਸ ਦੇ ਕਾਰਜ ਕਿਸੇ ਕਰਾਮਤਾ ਤੋਂ ਘੱਟ ਨਹੀਂ ਹੁੰਦੇ।

ਮੁੱਕਦੀ ਗੱਲ ਇਹ ਹੈ ਕਿ ਇਹ ਜੀਵਨ ਫੋਕੇ ਜਾਦੂ ਮੰਤਰਾਂ ਜਾਂ ਰਿਧੀਆਂ-ਸਿਧੀਆਂ ਨਾਲ ਨਹੀਂ ਚੱਲਦਾ। ਇਹ ਕਾਲਪਨਿਕ ਸ਼ਕਤੀਆਂ ਹਨ, ਜਿਹੜੀਆਂ ਇਨਸਾਨ ਵਿਚ ਤਗੱਬਰ ਤੇ ਹਾਊਮੈਂ ਭਰਦੀਆਂ ਹਨ, ਜਿੰਨਾਂ ਤੋਂ ਹਰ ਇਕ ਨੂੰ ਹਰਗਿਜ਼ ਬਚਣਾ ਬਚਾਉਣਾ ਚਾਹੀਦਾ ਹੈ। ਅਸਲੀ ਚੀਜ਼ ਇਨਸਾਨ ਦੀ ਮਿਹਨਤ ਤੇ ਨੀਯਤ ਹੈ। ਇਹ ਹੀ ਸਭਨਾਂ ਦੀ ਬੇੜੀ ਪਾਰ ਲਿਜਾ ਸਕਦੀਆਂ ਹਨ। ਵਿਚ ਵਿਚਾਲੇ ਹੋਰ ਕੋਈ ਗੱਲ ਨਹੀਂ। ਸਿੱਖਾਂ ਨੂੰ ਵੀ ਤਾਂ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਜੋ ਸਿੱਖਿਆ ਤੇ ਉਪਦੇਸ਼ ਦਿੱਤੇ ਹਨ, ਉਸ ਵਿਚ 'ਘਾਲਿ ਖਾਇ ਕੁਛ ਹਥੋਂ ਦੇਹ, ਨਾਨਕ ਰਾਹ ਪਛਾਣੇ ਸੋਇ।" ਮਿਹਨਤ ਮੁਸ਼ੱਕਤ ਤੋਂ ਬਿਨਾਂ ਕੋਈ ਹੋਰ ਮਾਰਗ ਨਹੀਂ। ਇਹੀ ਗਾਡੀ ਰਾਹ ਹੈ। ਬਾਕੀ ਜੋ ਚੁੱਟਕੀ ਪਾਠ, ਜੰਤਰ-ਮੰਤਰ, ਜਾਦੂਈ ਨੁਸਖੇ ਤੇ ਫੂਕਾਂ-ਫਾਂਡੇ ਪਖੰਡੀ ਲੋਕਾਂ ਦਾ ਭਰਮ ਜਾਲ ਹਨ। ਇਨਸਾਨ ਦੇ ਜਾਮੇ ਵਿਚ ਜੋ ਅਸੰਭਵ ਨੂੰ ਸੰਭਵ ਅਤੇ ਅਣਹੋਣੀ ਨੂੰ ਹੋਣੀ ਵਿਚ ਬਦਲ ਸਕਦਾ ਹੈ, ਇਸ ਤੋਂ ਵੱਡੀ ਕਰਾਮਾਤ ਹੋਰ ਕਿਹੜੀ ਹੋ ਸਕਦੀ ਹੈ। ਅਜਿਹੀਆਂ ਕਰਾਮਾਤਾਂ ਨਾਲ ਹੀ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਸਿੱਖਾਂ ਨੇ ਸਾਡੇ ਇਤਿਹਾਸ ਨੂੰ ਸੁਨਹਿਰੀ ਬਣਾਇਆ ਹੈ।

# ਪੂਰੇ ਤੇ ਅਧੂਰੇ ਸਿੱਖ

ਭਾਵੇਂ ਹਰ ਸਿੱਖ ਪਰਿਵਾਰ ਵਿਚ ਪੈਦਾ ਹੋਇਆ ਕੋਈ ਸ਼ਕਸ ਆਪਣੇ ਆਪ ਨੂੰ ਪੂਰਨ ਸਿੱਖ ਅਖਵਾ ਕੇ ਪ੍ਰਸੰਨ ਹੁੰਦਾ ਹੈ। ਉਹ ਚਾਹੁੰਦਾ ਹੈ ਕਿ ਲੋਕੀਂ ਉਸ ਨੂੰ ਸਿੱਖ ਸਰਦਾਰ ਆਖਣ ਤੇ ਗੁਰੂ ਪੰਥ ਦੇ ਖਾਲਸਿਆਂ ਵਿਚ ਉਸ ਦਾ ਸ਼ੁਮਾਰ ਹੋਵੇ। ਲੋਕੀਂ ਉਸ ਨੂੰ ਗੁਰੂ ਦਾ ਨਿਮਾਣਾ ਸਿੱਖ ਪੁਕਾਰਨ। ਪਰ ਇਹ ਜ਼ਰੂਰੀ ਨਹੀਂ ਕਿ ਸਿੱਖ ਪਰਿਵਾਰ ਵਿਚ ਪੈਦਾ ਹੋਣ ਵਾਲਾ ਹਰੇਕ ਮਰਦ ਜਾਂ ਔਰਤ ਪੂਰਾ ਸਿੱਖ ਹੋਵੇ ਅਤੇ ਸਿੱਖੀ ਭਾਵਨਾ ਨਾਲ ਸਰਸਾਰ ਹੋਵੇ। ਇਹ ਕੋਈ ਪੈਦਾਇਸ਼ੀ ਹੱਕ ਨਹੀਂ। ਜਿਹੜਾ ਵੀ ਵਿਅਕਤੀ ਗੁਰਸਿੱਖੀ ਤੇ ਗੁਰੂ ਪੰਥ ਦੇ ਅਸੂਲਾਂ ਉੱਪਰ ਪਹਿਰਾ ਨਹੀਂ ਦੇਵੇਗਾ, ਉਸ ਨੂੰ ਪੂਰਾ ਨਹੀ ਅਧੂਰਾ ਸਿੱਖ ਕਹਿ ਕੇ ਪੁਕਾਰਿਆ ਜਾਵੇਗਾ। ਸਿੱਖੀ ਦੇ ਮਾਪ ਦੰਡਾਂ ਨਾਲ ਮਾਪਿਆ ਗੁਰਸਿੱਖਾਂ ਜਾਂ ਸਿੰਘਾਂ ਦੀ ਗਿਣਤੀ ਪੰਜ ਪ੍ਰਤੀਸ਼ਤ ਤੋਂ ਵੱਧ ਨਹੀਂ ਸਕਦੀ। ਬਾਕੀ ਧਰਮਾਂ ਵਾਂਗ, ਸਾਡੇ ਧਰਮ ਵਿਚ ਵੀ ਬਹੁਤੇ ਲੋਕਾਂ ਨੇ ਧਰਮ ਦਾ ਚੋਲਾ ਪਹਿਨਿਆ ਹੋਇਆ ਹੈ। ਉਨ੍ਹਾਂ ਵਿਚ ਗੁਰਸਿੱਖੀ ਦੇ ਅਸੂਲਾਂ ਦਾ ਸਖ਼ਤ ਅਭਾਵ ਹੈ। ਕਈਆਂ ਦੇ ਤਾਂ ਸਿੱਖੀ ਲਾਗੋਂ ਵੀ ਨਹੀਂ ਲੰਘੀ ਹੁੰਦੀ। ਜਿੰਨਾਂ ਵੀ ਕੋਈ ਅਧੂਰਾ ਸਿੱਖ ਹੋਵੇਗਾ, ਓਨਾ ਹੀ ਉਹ ਆਪਣੇ ਆਪ ਨੂੰ ਸੰਪੂਰਨ ਸਿੱਖ ਸਮਝਦਾ ਹੈ। ਇਹ ਮੁਗਾਲਤਾ ਸਾਰੀ ਉਮਰ ਹੀ ਚੱਲਦਾ ਰਹਿੰਦਾ ਹੈ। ਅਧੂਰੇ ਸਿੱਖਾਂ ਦੀ ਸਿੱਖੀ ਵਿਚ ਭਰਮਾਰ ਹੈ।

ਸਾਡੇ ਆਲੇ-ਦੁਆਲੇ ਹਰ ਰੋਜ਼ ਸਿੱਖੀ ਨਾਲ ਸੰਬੰਧਿਤ ਕਈ ਕੀਰਤਨ ਦਰਬਾਰ, ਕਥਾਵਾਂ, ਆਖੰਡ ਪਾਠ ਅਤੇ ਗੁਰਮੱਤ ਪ੍ਰਚਾਰ ਹੁੰਦੇ ਰਹਿੰਦੇ ਹਨ। ਕਿੱਧਰੇ ਨਾ ਕਿੱਧਰੇ ਅੰਮ੍ਰਿਤ ਪ੍ਰਚਾਰ ਸਮਾਗਮ ਵੀ ਹੁੰਦੇ ਹਨ। ਇਹ ਸਭ ਕੁਝ ਵੇਖ ਕੇ ਇੰਝ ਭਾਸਦਾ ਹੈ ਕਿ ਸਾਰੇ ਸਿੱਖ ਜਲਦੀ ਹੀ ਸਿੱਖੀ ਰੰਗਣ ਵਿਚ ਰੰਗੇ ਜਾਣਗੇ। ਹਰ ਪਾਸੇ ਸਿੱਖੀ ਦੀਆਂ ਚੜ੍ਹਦੀਆਂ ਕਲਾਂ ਨਜ਼ਰ ਆਉਣਗੀਆਂ। ਚਾਰੇ ਕੂਟਾਂ ਵਿਚ ਸਿੱਖੀ ਦਾ ਪਸਾਰਾ ਹੋਵੇਗਾ ਅਤੇ ਖਾਲਸਾਈ ਜਲ-ਜਲੌਅ ਨਾਲ ਸੰਗਤਾਂ ਝੂਮਦੀਆਂ ਨਜ਼ਰੀਂ ਪੈਣਗੀਆਂ। ਪਰ ਅਫ਼ਸੋਸ ਕਿ ਜਿਉਂ-ਜਿਉਂ ਚਾਨਣ ਦਾ ਪ੍ਰਚਾਰ ਹੋ ਰਿਹਾ ਹੈ, ਸਗੋਂ ਵਧੇਰੇ ਹਨ੍ਹੇਰਾ ਪਸਰ ਰਿਹਾ ਹੈ। ਦਿਨੋ ਦਿਨ ਪਖੰਡ ਦਾ ਬੋਲਬਾਲਾ ਵਧ ਰਿਹਾ ਹੈ। ਲੋਕੀਂ ਸਿੱਖ ਰਵਾਇਤਾਂ ਤਿਆਗ ਕੇ ਮਨਮੁੱਖ ਹੁੰਦੇ ਜਾ ਰਹੇ ਹਨ। ਸਾਡੀ ਕਹਿਣੀ ਤੇ ਕਥਨੀ ਵਿਚ ਨਿਰੰਤਰ ਪਾੜਾ ਵੱਧਦਾ ਜਾ ਰਿਹਾ ਹੈ। ਮੂੰਹ ਦੀ ਲਹਿਰ-ਬਹਿਰ ਬਹੁਤ ਹੈ। ਅਮਲਾਂ ਦੀ ਹੜਤਾਲ ਹੈ। ਸ਼ਹਿਰਾਂ ਵਿਚ ਤਾਂ ਹਿੰਦੂ ਸਿੱਖ ਦਾ ਕੋਈ ਅੰਤਰ ਹੀ ਨਹੀਂ ਰਿਹਾ। ਦੋਵਾਂ ਦੇ ਕੇਵਲ ਨਾਮ ਹੀ ਵੱਖਰੇ-ਵੱਖਰੇ ਹਨ। ਬਾਕੀ ਸਭ ਕੁਝ ਰਲਦਾ-ਮਿਲਦਾ ਹੈ। ਸਿੱਖੀ ਭਵਿੱਖ

ਵੱਲ ਵੱਧਣ ਦੀ ਜਗ੍ਹਾ ਪਿਛਲੇ ਪੈਰੀਂ ਜਾ ਰਹੀ ਹੈ।

ਕਲਗੀਧਰ ਜੀ ਦਾ ਫੁਰਮਾਣ ਹੈ, "ਮਾਨਸਿ ਕੀ ਜਾਤ ਸਬੈ ਏਕੋ ਪਹਿਚਾਨਬੋ।" ਮਾਨਸ ਦੀ ਕੋਈ ਜਾਤ ਨਹੀਂ ਹੁੰਦੀ। ਮਾਨਸ ਦੀ ਜਾਤ ਮਾਨਸ ਹੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਭ ਜਾਤਾਂ ਦੇ ਸਿੱਖਾਂ ਨੂੰ ਇਕਮਿਕ ਕਰ ਦਿੱਤਾ ਸੀ। ਜਿਹੜੇ ਨਾਮ ਤੋਂ ਪਹਿਲਾਂ ਭਾਈ ਅਤੇ ਪਿੱਛੋਂ ਸਿੰਘ ਲਾਉਂਦੇ ਸਨ। ਇਹ ਇਕ ਅਦੁੱਤੀ ਭਾਈਚਾਰਾ ਸੀ। ਜਿਹੜੇ ਆਪਣੇ ਆਪ ਨੂੰ ਇਕੋ ਦਸ਼ਮੇਸ਼ ਪਿਤਾ ਜੀ ਸੰਤਾਨ ਮੰਨਦੇ ਸਨ। ਆਪਸ ਵਿਚ ਉਨ੍ਹਾਂ ਦਾ ਨਾਤਾ ਭਾਈ ਜਾਂ ਭੈਣ-ਭਰਾ ਦਾ ਸੀ। ਅਜਿਹਾ ਪ੍ਰਵਾਰ ਸਾਰੀ ਧਰਤੀ ਉੱਪਰ ਲੱਭਿਆ ਨਹੀਂ ਜਾ ਸਕਦਾ। ਇਸ ਭਾਈਚਾਰੇ ਨੇ ਆਪਣੇ ਪ੍ਰੇਮ ਪਿਆ ਤੇ ਸੰਗਠਨ ਦੀਆਂ ਧੁੰਮਾਂ ਪਾ ਦਿੱਤੀਆਂ ਹਨ। ਉਸ ਵਕਤ ਸਿੱਖ ਇਕ ਦੂਜੇ ਤੋਂ ਜਾਨ ਵਾਰਨ ਤੋਂ ਗੁਰੇਜ਼ ਨਹੀਂ ਸਨ ਕਰਦੇ।

ਪਰ ਉਹ ਸਿੱਖ ਜਾਤਾਂ ਪਾਤਾਂ ਦੇ ਫ਼ਿਰਕਿਆਂ ਵਿਚ ਫੀਤਾ-ਫੀਤਾ ਹੋਏ ਪਏ ਹਨ। ਉਹ ਮੰਨੂਵਾਦੀ ਹੋ ਗਏ ਹਨ। ਆਪਣੇ ਪੁਰਖਿਆਂ ਵਾਂਗ ਵੱਖ-ਵੱਖ ਉੱਚੀਆਂ ਨੀਵੀਆਂ ਜਾਤਾਂ ਵਿਚ ਵੰਡੇ ਗਏ ਹਨ। ਜਿਸ ਰੰਘਰੇਟੇ ਨੂੰ ਗੁਰੂ ਨੇ ਆਪਣਾ ਬੇਟਾ ਕਹਿ ਕੇ, ਆਪਣੇ ਗਲੇ ਨਾਲ ਲਗਾਇਆ ਸੀ, ਉਸੇ ਰੰਘਰੇਟੇ ਨੂੰ ਅਛੂਤ ਸਮਝ ਕੇ ਉਸ ਨਾਲ ਰੋਟੀ-ਬੇਟੀ ਦਾ ਕੋਈ ਰਿਸ਼ਤਾ ਨਾਤਾ ਕਾਇਮ ਨਹੀਂ ਕਰਦੇ। ਸਿੱਖ ਧਰਮ ਨਾਲ ਸੰਬੰਧਿਤ ਦਲਿਤਾਂ ਤੇ ਹਰੀਜਨਾਂ ਨੂੰ ਸਿੱਖੀ ਵਿਚ ਤਾਂ ਸ਼ਾਮਿਲ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਕੇਵਲ ਸਿੱਖ ਨਹੀਂ ਬਲਕਿ ਮਜ਼ਬੀ ਸਿੱਖ ਜਾਂ ਰਾਅ ਸਿੱਖੀ ਜਾਂ ਚਮਾਰ ਸਿੱਖ ਕਹਿ ਕੇ ਬੁਲਾਇਆ ਜਾਂਦਾ ਹੈ। ਸਿੱਖਾਂ ਵਿਚ ਖੱਤਰੀ ਅਰੋੜੇ ਜਾਂ ਜੱਟ ਕਿਸੇ ਪੱਛੜੀ ਜਾਂ ਨੀਵੀਂ ਜਾਤ ਨਾਲ ਕੋਈ ਨਾਤਾ ਜੋੜਨ ਦੀ ਹਮਾਕਤ ਕਰ ਬੈਠੇ ਤਾਂ ਉਸ ਦੇ ਮਾਪੇ ਜਾਂ ਭਰਾ ਉਸ ਦਾ ਜੀਣਾ ਹਰਾਮ ਕਰ ਦਿੰਦੇ ਹਨ ਜਾਂ ਫਿਰ ਆਪਣੀ ਇੱਜ਼ਤ ਦੀ ਖਾਤਿਰ ਉਸ ਨੂੰ ਮਾਰ ਮੁਕਾ ਹੀ ਛੱਡਦੇ ਹਨ। ਉਸ ਵਿਚਾਰੀ ਦੀ ਅਲਖ ਹੀ ਮੁਕਾ ਕੇ ਛੱਡਦੇ ਹਨ। ਜਿਸ ਲੜਕੇ ਨੇ ਅਜਿਹੀ ਹਰਕਤ ਕੀਤੀ ਹੁੰਦੀ ਹੈ, ਉਸ ਨੂੰ ਰੱਜ ਕੇ ਜ਼ਲੀਲ ਕੀਤਾ ਜਾਂਦਾ ਹੈ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ। ਇਹ ਕਿਸ ਕਿਸਮ ਦੀ ਸਿੱਖੀ ਹੈ ? ਇਹ ਕਿਸ ਰੰਗ ਦਾ ਪੰਥ ਹੈ ? ਇਹ ਮੰਨੂ ਦੇ ਪੈਰੋਕਾਰ ਕਿੱਥੋਂ ਜੰਮ ਪਏ ਹਨ ?

ਅੱਜ ਕਿਸੇ ਵੱਡੇ ਅਖਬਾਰ ਦੇ ਰਿਸ਼ਤੇ ਨਾਤਿਆਂ ਦੇ ਇਸ਼ਤਿਹਾਰਾਂ ਵੱਲ ਜ਼ਰਾ ਸਰਸਰੀ ਝਾਤੀ ਮਾਰੋ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਹਰੇਕ ਜਾਤ ਦੇ ਵੱਖਰੇ-ਵੱਖਰੇ ਕਾਲਮ ਹਨ। ਇਕ ਜਾਤ ਵਾਲਾ ਦੂਜੀ ਜਾਤ ਵਿਚ ਥੋਹੜੀ ਕੀਤਿਆਂ ਵਿਆਹ ਨਹੀਂ ਕਰਵਾਉਂਦਾ। ਹਰੇਕ ਨੂੰ ਆਪਣੀ ਹੀ ਜਾਤ ਪਿਆਰੀ ਲੱਗਦੀ ਹੈ। ਇਸ਼ਤਿਹਾਰਾਂ ਵਿਚ ਕੇਵਲ ਆਪਣੀ ਹੀ ਜਾਤ ਵਾਲਿਆਂ ਨੂੰ ਲਿਖਤ-ਪੜਤ ਕਰਨ ਲਈ ਕਿਹਾ ਜਾਂਦਾ ਹੈ। ਮਨਮਰਜ਼ੀ ਦੇ ਵਿਆਹਾਂ ਦੀ ਗਿਣਤੀ ਸਿੱਖ ਸਮਾਜ ਵਿਚ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋ ਸਕਦੀ। ਬਾਕੀ ਨੱਬੇ ਪ੍ਰਤੀਸ਼ਤ ਲੋਕ ਆਪੋ-ਆਪਣੀਆਂ ਜਾਤਾਂ ਗੋਤਾਂ ਨਾਲ ਬੱਝੇ ਪਏ ਹਨ। ਇਹ ਤਾਂ ਖਾਲਸਾ ਪੰਥ ਦੀਆਂ ਬੁਨਿਆਦਾਂ ਹਿਲਾਉਣ

ਵਾਲੀ ਹਰਕਤ ਹੈ। ਇਹ ਸਭ ਕੁਝ ਸਿੱਖੀ ਦਾ ਘਾਣ ਕਰਕੇ ਵਾਪਰ ਰਿਹਾ ਹੈ। ਸਾਡਾ ਅਕਾਲ ਤਖ਼ਤ ਇਸ ਬਾਰੇ ਗੰਭੀਰਤਾ ਨਾਲ ਚੁੱਪ ਹੈ। ਚੁੱਪ ਦਾ ਮਤਲਬ ਸਹਿਮਤੀ ਹੀ ਹੁੰਦੀ ਹੈ। ਕਿਉਂ ਨਹੀਂ ਉਨ੍ਹਾਂ ਲੋਕਾਂ ਨੂੰ ਸਿੱਖੀ ਵਿਚੋਂ ਛੇਕਿਆ ਜਾਂਦਾ ਜਿਹੜੇ ਸਿੱਖੀ ਦਾ ਦਿਨ-ਦਿਹਾੜੇ ਘਾਣ ਕਰ ਰਹੇ ਹਨ। ਨਾ ਹੀ ਸਾਡੀ ਸਿਰਮੌਰ ਜਥੇਬੰਦੀ 'ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ' ਇਸ ਬਾਰੇ ਕੋਈ ਕਦਮ ਪੁੱਟ ਰਹੀ ਹੈ। ਪ੍ਰਚਾਰ ਦੇ ਸੰਬੰਧ ਵਿਚ ਖਾਨਾਪੂਰੀ ਤਾਂ ਹੋ ਰਹੀ ਹੈ। ਪ੍ਰਚਾਰ ਦੀ ਸਖ਼ਤ ਘਾਟ ਕਾਰਨ ਹੀ ਸਾਡਾ ਸਿੱਖ ਸਮਾਜ ਫਿਰ ਜਾਤਾਂ-ਪਾਤਾਂ ਵਿਚ ਤਕਸੀਮ ਹੋ ਚੁੱਕਾ ਹੈ। ਪ੍ਰਚਾਰਕ ਤਨਖਾਹਾਂ ਤੇ ਭੱਤੇ ਤਾਂ ਵਸੂਲ ਕਰੀ ਜਾ ਰਹੇ ਹਨ ਪਰ ਬਹੁਤੇ ਮੁਲਾਜ਼ਮ ਆਪਣਾ ਫਰਜ਼ ਪੂਰੀ ਸੰਜਦਗੀ ਨਾਲ ਨਹੀਂ ਨਿਭਾਉਂਦੇ।

ਪ੍ਰਚਾਰ ਦੀ ਘਾਟ ਕਾਰਨ ਡੇਰਿਆਂ ਦਾ ਪਸਾਰ ਵੱਧ ਰਿਹਾ ਹੈ। ਡੇਰਿਆਂ ਤੇ ਬਿਰਾਜਮਾਨ ਹੀ ਕਈ ਆਪਣੇ ਆਪ ਨੂੰ ਮਹਾਨ ਸੰਤ ਜਾਂ ਬ੍ਰਹਮ ਗਿਆਨੀ ਦੇ ਖਿਤਾਬ ਨਾਲ ਜੋੜ ਲੈਂਦੇ ਹਨ। ਬਹੁਤੇ ਡੇਰਿਆਂ ਵਾਲੇ ਅਨਪੜ੍ਹ ਜਾਂ ਨੀਮ ਅਨਪੜ੍ਹ ਹੁੰਦੇ ਹਨ। ਉਨ੍ਹਾਂ ਨੂੰ ਸਿੱਖੀ ਦੇ ਬੁਨਿਆਦੀ ਅਸੂਲਾਂ ਬਾਰੇ ਬੜੀ ਅਧੂਰੀ ਜਾਣਕਾਰੀ ਹੁੰਦੀ ਹੈ। ਉਹ ਆਪਣੀਆਂ ਕਥਾਵਾਂ ਵਿਚ ਮਨਘੜਤ ਜਾਂ ਮਿਥਿਹਾਸਿਕ ਘਟਨਾਵਾਂ ਜੋੜ ਕੇ ਆਪਣੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ ਕਰਦੇ ਹਨ। ਇਸ ਲਈ ਉਹ ਡੇਰੇ ਸਿੱਖੀ ਪ੍ਰਚਾਰ ਦੇ ਕੇਂਦਰ ਨਹੀਂ ਬਣਦੇ ਸਗੋਂ ਅੰਧਵਿਸ਼ਵਾਸ ਤੇ ਫੋਕਟ ਕਰਮਕਾਡਾਂ ਵਿਚ ਵਾਧਾ ਕਰਦੇ ਹਨ। ਇਨ੍ਹਾਂ ਡੇਰੇਦਾਰਾਂ ਵਿਚੋਂ ਕੁਝ ਸਿੱਖੀ ਸਿੱਦਕ ਵਾਲੇ ਵੀ ਹੋਣਗੇ ਪਰੰਤੂ ਬਹੁਤੇ ਡੇਰਿਆਂ ਦੇ ਗੁਰੂ ਪ੍ਰਭੂ ਨਾਲੋਂ ਪੈਸੇ ਦੇ ਪੁਜਾਰੀ ਹਨ। ਜੇਕਰ ਚੜ੍ਹਾਵਾ ਥੋੜ੍ਹਾ ਚੜ੍ਹਦਾ ਹੋਵੇ ਤਾਂ ਡੇਰੇ ਵਾਲੇ ਧਰਮ ਦੇ ਨਾਮ ਤੇ ਸਕੂਲ ਜਾਂ ਕਾਲਜ ਖੋਲ੍ਹ ਲੈਂਦੇ ਹਨ ਤੇ ਖ਼ੂਬ ਮਾਇਆ ਦੇ ਅੰਬਾਰ ਲਾਉਂਦੇ ਹਨ। ਜੇਕਰ ਫਿਰ ਵੀ ਕੋਈ ਕਸਰ ਰਹਿ ਜਾਵੇ ਤਾਂ ਹਸਪਤਾਲ ਖੋਲ੍ਹ ਲੈਂਦੇ ਹਨ। ਮਾਇਆ ਦੀਆਂ ਝੜੀਆਂ ਲੱਗ ਜਾਂਦੀਆਂ ਹਨ। ਇਨ੍ਹਾਂ ਦਾ ਸਿੱਧਾ ਨਾਤਾ ਸਿਆਸੀ ਪਾਰਟੀਆਂ ਨਾਲ ਹੁੰਦਾ ਹੈ। ਪੰਜਾਬ ਦੇ ਸਮੁੱਚੇ ਡੇਰੇਦਾਰ ਜਾਂ ਅਕਾਲੀ ਪਾਰਟੀਆਂ ਦੇ ਵੋਟਰ ਹਨ ਜਾਂ ਫਿਰ ਕਾਂਗਰਸ ਦੇ। ਜਿੱਧਰ ਇਹ ਲੋਕ ਵਰ੍ਹ ਜਾਂਦੇ ਹਨ, ਲਹਿਰਾਂ-ਬਹਿਰਾਂ ਹੋ ਜਾਂਦੀਆਂ ਹਨ।

ਸਿਆਸੀ ਪਾਰਟੀਆਂ ਵੀ ਧਾਰਮਿਕ ਹੋਣ ਦਾ ਪ੍ਰਪੰਚ ਰਚਦੀਆਂ ਹਨ। ਅਸਲੀਅਤ ਇਹ ਹੈ ਕਿ ਸਿਆਸਤ ਤੇ ਧਰਮ ਦਾ ਕੋਈ ਸਿਹਤਮੰਦ ਰਿਸ਼ਤਾ ਨਹੀਂ। ਸਿਆਸੀ ਲੋਕ ਆਪਣੀ ਸਿਆਸਤ ਨੂੰ ਚਮਕਾਉਣ ਦੀ ਖਾਤਿਰ ਧਰਮ ਦਾ ਆਸਰਾ ਲੈਂਦੇ ਹਨ। ਉਹ ਮੂਲੋਂ ਹੀ ਧਾਰਮਿਕ ਨਹੀਂ ਹੁੰਦੇ ਸਿਰਫ਼ ਧਾਰਮਿਕ ਹੋਣ ਦਾ ਭਰਮ ਪਾਲਦੇ ਹਨ। ਪੰਜਾਬ ਵਿਚ ਕੋਈ ਵਿਰਲਾ ਹੀ ਸਿਆਸੀ ਬੰਦਾ ਧਾਰਮਿਕ ਰੁਚੀਆਂ ਵਾਲਾ ਹੋਵੇਗਾ। ਜਿਹੜਾ ਸ਼ਕਸ ਸਹੀ ਧਾਰਮਿਕ ਤਬੀਅਤ ਦਾ ਹੈ, ਉਸ ਨੂੰ ਸਿਆਸਤ ਦੀ ਓਟ ਲੈਣ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਇਸ ਲਈ ਜੇ ਕੋਈ ਸਿਆਸੀ ਨੇਤਾ ਧਰਮ ਦਾ ਖ਼ਿਦਮਤਗਾਰ ਹੋਣ ਦਾ ਦਾਅਵਾ ਕਰਦਾ ਹੈ ਤਾਂ ਉਹ ਸਰਾਸਰ ਪਖੰਡੀ ਹੈ। ਇਸ ਲਈ ਸਿਆਸੀ ਨੇਤਾ ਵੀ ਅਧੂਰੇ ਸਿੱਖਾਂ ਦੀ ਸੂਚੀ ਵਿਚ ਆ ਜਾਂਦੇ ਹਨ ਭਾਵੇਂ ਉਹ ਆਪਣੇ ਖੁਸ਼ਾਮਦਾਂ ਦੀ

ਨਜ਼ਰ ਵਿਚ ਪੰਥ ਦੇ ਮਹਾਨ ਨੇਤਾ ਅਖਵਾਉਂਦੇ ਹਨ। ਇਸ ਤਰ੍ਹਾਂ ਪੰਥ ਨੂੰ ਅਧੂਰੇ ਸਿੱਖਾਂ ਨੇ ਹੀ ਘੇਰਾ ਪਾ ਰੱਖਿਆ ਹੈ। ਸਹੀ ਸਿੱਖ ਤਾਂ ਇਕਾਂਤ ਵਿਚ ਹੀ ਰਹਿ ਕੇ ਖੁਸ਼ ਹਨ। ਉਹ ਸ਼ੌਹਰਤ ਦੇ ਭੁੱਖੇ ਨਹੀਂ ਹੁੰਦੇ।

ਵਪਾਰੀ ਤੇ ਕਾਰੋਬਾਰੀ ਸਿੱਖ ਭਾਵੇਂ ਦਿਨ-ਰਾਤ ਗੁਰੂਦੁਆਰਿਆਂ ਵਿਚ ਮੱਥਾ ਟੇਕਦੇ ਹਨ ਤੇ ਦਾਨ-ਦੱਕਸ਼ਣਾਂ ਵੀ ਵਾਧੂ ਕਰਦੇ ਹਨ। ਉਹ ਗੁਰਧਾਮਾਂ ਦੀ ਉਸਾਰੀ ਕਰਨ ਵਾਸਤੇ ਪੈਸਾ ਵੀ ਵਾਧੂ ਖਰਚ ਕਰਦੇ ਹਨ ਤੇ ਲੰਗਰ ਲਵਾਈ ਰੱਖਦੇ ਹਨ ਪਰ ਫਿਰ ਵੀ ਅਜਿਹੇ ਸਿੱਖਾਂ ਦਾ ਮੁੱਖ ਨਿਸ਼ਾਨਾ ਪੈਸਾ ਇਕੱਠਾ ਕਰਨਾ ਹੀ ਹੁੰਦਾ ਹੈ। ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰ ਭਾਵੇਂ ਆਪਣੇ ਆਪ ਨੂੰ ਪੰਥ ਦੇ ਸੇਵਕ ਅਖਵਾਉਂਦੇ ਹਨ ਪਰ ਜ਼ਿਹਨੀ ਤੌਰ ਤੇ ਇਨ੍ਹਾਂ ਦੀ ਅੱਖ ਮਾਇਆ ਜਾਂ ਗੋਲਕ ਉੱਪਰ ਹੀ ਹੁੰਦੀ ਹੈ। ਗੁਰਧਾਮਾਂ ਦੇ ਪ੍ਰਬੰਧਕ ਚੋਣ ਲੜਨ ਲੱਗਿਆਂ ਆਪਣਾ ਸਭ ਕੁਝ ਦਾਅ ਤੇ ਲਗਾ ਦਿੰਦੇ ਹਨ। ਜੇਕਰ ਰਣਨੀਤੀ ਵਰਤਣੀ ਪਵੇ ਤਾਂ ਗੁਰੇਜ਼ ਨਹੀਂ ਕਰਦੇ। ਕਈ ਵਾਰੀ ਤਾਂ ਕ੍ਰਿਪਾਨਾਂ ਚੱਲ ਪੈਂਦੀਆਂ ਹਨ। ਗੋਲੀਆਂ ਦੀ ਵਾਛੜ ਹੁੰਦੀ ਹੈ ਤਾਂ ਸੇਵਾਦਾਰ ਅਦਾਲਤੋ ਅਦਾਲਤੀ ਹੋਣ ਤੋਂ ਗੁਰੇਜ਼ ਨਹੀਂ ਕਰਦੇ। ਧੌਂਸ ਨਾਲ ਸਮਾਜਿਕ ਸੇਵਾਵਾਂ ਵਿਚ ਚੌਧਰੀ ਬਣਦੇ ਹਨ। ਇਹ ਸਭ ਕੁਝ ਸਿੱਖੀ ਧਾਰਾ ਜਾਂ ਸਪਿਰਟ ਦੇ ਉਲਟ ਹੈ। ਕਿਉਂ ਨਹੀ ਸਿੱਖਾਂ ਦੀ ਜ਼ਮੀਰ ਅਜਿਹੇ ਸਮਿਆਂ ਤੇ ਜਾਗਦੀ। ਕਿਉਂ ਨਹੀਂ ਸਾਡੇ ਸਿੱਖ ਗੁਰੂ ਦੇ ਪੰਥ ਨੂੰ ਆਪਦੇ ਨਿੱਜੀ ਪੰਥ ਨਾਲੋਂ ਤਰਜੀਹ ਦਿੰਦੇ। ਇਹ ਕੁਝ ਅਣਸੁਲਝੇ ਸਵਾਲ ਹਨ, ਜਿਸ ਦਾ ਨਿਤਾਰਾ ਹਾਲੇ ਪੰਥ ਨੇ ਕਰਨਾ ਹੈ। ਕਿੰਨੀ ਦੇਰ ਅਸੀਂ ਇਸ ਨਿਰਣੈ ਦੀ ਇੰਤਜ਼ਾਰ ਕਰਦੇ ਰਹਾਂਗੇ ? ਅਧੂਰੇ ਸਿੱਖਾਂ ਦਾ ਹਾਲੇ ਵੀ ਪੰਥ ਵਿਚ ਬੋਲਬਾਲਾ ਹੈ।

# ਸਿੱਖਾਂ ਦੇ ਜਲਵੇ

ਤੇਰਾ ਜਲਵਾ ਜਿਸ ਨੇ ਦੇਖਾ ! ਵੋ ਤੇਰਾ ਹੋ ਗਿਆ। ਇਸੇ ਤਰ੍ਹਾਂ ਸਿੱਖਾਂ ਦਾ ਜਿਸ ਨੇ ਵੀ ਜਲਵਾ ਵੇਖਿਆ, ਉਹ ਇਨ੍ਹਾਂ ਦਾ ਗੁਣਗਾਨ ਕਰਨ ਤੋਂ ਬਿਨਾ ਨਾ ਰਹਿ ਸਕਿਆ। ਨਾਦਿਰ ਸ਼ਾਹ ਨੇ ਆਪਣੇ ਅਹਿਲਕਾਰਾਂ ਕੋਲੋਂ ਪੁੱਛਿਆ, "ਇਹ ਕੌਣ ਹਨ ਜੋ ਰਾਤ ਵੇਲੇ ਆਉਂਦੇ ਨੇ ਤੇ ਸਾਡਾ ਲੁੱਟਿਆ ਮਾਲ ਸਾਡੇ ਕੋਲੋਂ ਖੋਹ ਕੇ ਲੈ ਜਾਂਦੇ ਨੇ ? ਇਹ ਕਿੱਥੇ ਰਹਿੰਦੇ ਨੇ ?" ਇਕ ਸਿਪਾਹ ਸਿਲਾਰ ਨੇ ਆਖਿਆ, "ਹਜ਼ੂਰ ਇਹ ਸਿੱਖ ਲੋਕ ਨੇ। ਇਨ੍ਹਾਂ ਦੀ ਖਲੜੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ। ਇਹ ਮੌਤ ਤੋਂ ਨਹੀਂ ਡਰਦੇ। ਇਹ ਜੰਗਲਾਂ ਵਿਚ ਰਹਿੰਦੇ ਨੇ ਤੇ ਘੋੜਿਆਂ ਦੀਆਂ ਕਾਠੀਆਂ ਉੱਪਰ ਹੀ ਸੌਂਦੇ ਨੇ।" ਨਾਦਿਰ ਸ਼ਾਹ ਬੋਲਿਆ, "ਇਨ੍ਹਾਂ ਦਾ ਫ਼ਿਕਰ ਕਰਨ ਦੀ ਲੋੜ ਹੈ। ਇਹ ਖ਼ਤਰਨਾਕ ਹੋ ਸਕਦੇ ਨੇ। ਇਹੀ ਲੋਕ ਇਕ ਦਿਨ ਇਸ ਇਲਾਕੇ ਦੇ ਹੁਕਮਰਾਨ ਹੋਣਗੇ। ਇਨ੍ਹਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।" ਇਹੀ ਕਾਰਨ ਸੀ ਕਿ ਨਾਦਿਰਸ਼ਾਹ ਤੋਂ ਪਿੱਛੋਂ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦਾ ਤੁਖ਼ਮ ਨਾਸ ਕਰਨ ਦਾ ਤਹੱਈਆ ਕੀਤਾ। ਘੱਲੂਘਾਰੇ ਕੀਤੇ ਪਰ ਉਹ ਸਿੱਖਾਂ ਨੂੰ ਪੰਜਾਬ ਦੇ ਹੁਕਮਰਾਨ ਬਣਨ ਤੋਂ ਨਾ ਰੋਕ ਸਕਿਆ। ਸਿੱਖਾਂ ਦੇ ਜਲਵੇ ਵੇਖਦਾ ਹੀ ਨਿਰਾਸ਼ ਹੋ ਕੇ ਅਫ਼ਗਾਨਿਸਤਾਨ ਮੁੜ ਗਿਆ।

ਜਿਸ ਦਿਨ ਖਾਲਸਾ ਪੰਥ ਦਾ ਜਨਮ ਹੋਇਆ ਸੀ, ਉਸ ਦਿਨ ਮੁਗ਼ਲ ਹਕੂਮਤ ਦੇ ਸੂਹੀਏ ਇਸ ਕੌਤਕ ਨੂੰ ਅੱਖੀਂ ਵੇਖ ਰਹੇ ਸਨ। ਸੀਸ ਲੈਣ ਤੇ ਦੇਣ ਦਾ ਅਲੌਕਿਕ ਨਜ਼ਾਰਾ ਵੇਖ ਕੇ ਉਹ ਭੈਭੀਤ ਵੀ ਹੋਇਆ, ਹੈਰਾਨ ਵੀ ਹੋਇਆ ਤੇ ਖੁਸ਼ ਵੀ। ਉਸ ਨੇ ਉਸ ਦਿਨ ਲੋਕਾਂ ਦਾ ਉਤਸ਼ਾਹ, ਜਜ਼ਬਾ ਤੇ ਦਲੇਰੀ ਵੇਖ ਕੇ ਜੋ ਹਕੂਮਤ ਨੂੰ ਰਿਪੋਰਟ ਭੇਜੀ ਹੋਵੇਗੀ, ਉਸ ਨੂੰ ਪੜ੍ਹ ਸੁਣ ਕੇ ਹਾਕਮਾਂ ਦੀ ਇਕ ਵਾਰ ਜ਼ਰੂਰ ਚੱਕਰੀ ਘੁੰਮ ਗਈ ਹੋਵੇਗੀ। ਅਜਿਹਾ ਅਦਭੁੱਤ ਦ੍ਰਿਸ਼ ਪਹਿਲਾਂ ਕਦੀ ਨਹੀਂ ਸੀ ਵੇਖਿਆ ਗਿਆ। ਖਾਲਸੇ ਦਾ ਜਨਮ ਹੀ ਜ਼ੁਲਮ ਤੇ ਬੇਇਨਸਾਫ਼ੀ ਲਈ ਮੌਤ ਦਾ ਪੈਗ਼ਾਮ ਸੀ। ਇਸ ਦੇ ਨਤੀਜੇ ਜਲਦੀ ਹੀ ਨਿਕਲਣੇ ਸ਼ੁਰੂ ਹੋ ਗਏ। ਕੁਝ ਸੈਂਕੜੇ ਸਿੰਘਾਂ ਨੂੰ ਹਕੂਮਤ ਦੇ ਲੱਖਾਂ ਸਿਪਾਹੀਆਂ ਨੂੰ ਅੱਠ ਮਹੀਨੇ ਘੇਰਾ ਪਾਈ ਰੱਖਿਆ ਪਰ ਉਨ੍ਹਾਂ ਦੀ ਕੋਈ ਈਨ ਨਾ ਮੰਨੀ। ਅਖੀਰ ਝੂਠੀਆਂ ਕਸਮਾਂ ਤੇ ਵਾਅਦਿਆਂ ਨਾਲ ਕੁਰਾਨ ਤੇ ਗੀਤਾ ਦੀਆਂ ਸੌਗੰਧਾਂ ਖਵਾ ਕੇ, ਖਾਲਸੇ ਨੂੰ ਆਨੰਦਪੁਰ ਛੱਡਣ ਲਈ ਮਨਾਇਆ ਗਿਆ। ਇਹ ਖਾਲਸੇ ਦਾ ਪਹਿਲਾ ਜਲਵਾ ਸੀ ਤੇ ਦੂਜਾ ਅਗਲੇ ਰੋਜ਼ ਵਾਪਰਿਆ। ਆਨੰਦਪੁਰ ਵਾਂਗ ਹੀ, ਚਮਕੌਰ ਦੀ ਗੜ੍ਹੀ ਵਿਚ ਸੈਂਕੜੇ ਤੋਂ ਘੱਟ ਸਿੰਘਾਂ ਨੇ ਫਿਰ ਲੱਖਾਂ ਦੇ ਲਸ਼ਕਰ ਨੂੰ ਵਖਤ ਪਾ ਛੱਡਿਆ

ਸੀ। ਇਹ ਲਸ਼ਕਰ ਸਿੰਘਾਂ ਦੇ ਹੌਂਸਲੇ ਪਸਤ ਨਾ ਕਰ ਸਕਿਆ। ਸਿੰਘ ਆਖਰੀ ਸਵਾਸਾਂ ਤੱਕ ਜੂਝਦੇ ਰਹੇ। ਤੀਜਾ ਜਲਵਾ ਇਹ ਹੋਇਆ ਕਿ ਲੱਖਾਂ ਦੀ ਫੌਜ ਦੇ ਚਾਰ-ਚੁਫ਼ੇਰੇ ਪਹਿਰੇ ਦੇ ਬਾਵਜੂਦ ਸਿੱਖਾਂ ਦਾ ਗੁਰੂ ਸਹੀ ਸਲਾਮਤ ਮੌਤ ਦੇ ਘੇਰੇ ਵਿਚੋਂ ਨਿਕਲ ਗਿਆ। ਸਿੱਖਾਂ ਦਾ ਸੁਨਹਿਰੀ ਇਤਿਹਾਸ ਹੀ ਅਜਿਹੇ ਜਲਵਿਆਂ ਦੀ ਦਾਸਤਾਨ ਹੈ।

ਪੰਜਾਬ ਵਿਚ ਮੁਗ਼ਲ ਹਕੂਮਤ ਦੇ ਬਾਵਜੂਦ ਬੰਦਾ ਸਿੰਘ ਬੈਰਾਗੀ ਨੇ, ਕੁਝ ਸ਼ਰਧਾਵਾਨ ਸਿੰਘਾਂ ਨੂੰ ਨਾਲ ਲੈ ਕੇ ਸਰਹੰਦ ਦੇ ਗਵਰਨਰ ਵਜ਼ੀਰ ਖਾਨ ਨੂੰ ਘੇਰਾ ਪਾ ਲਿਆ। ਛੋਟੇ ਸਾਹਿਬਜ਼ਾਦਿਆਂ ਨੂੰ ਬਿਨਾਂ ਕਿਸੇ ਜ਼ੁਰਮ ਜਾਂ ਕਸੂਰ ਦੇ ਨੀਹਾਂ ਵਿਚ ਚਿਣਿਆ ਗਿਆ ਸੀ। ਇਸ ਦਾ ਬਦਲਾ ਲੈਣ ਲਈ ਸਿੰਘ ਲੋਹੇ ਲਾਖੇ ਹੋਏ ਫਿਰਦੇ ਸਨ। ਉਨ੍ਹਾਂ ਦੀਆਂ ਅੱਖੀਆਂ ਵਿਚ ਬਦਲੇ ਦਾ ਖੂਨ ਉਤਰਿਆ ਹੋਇਆ ਸੀ। ਭਾਵੇਂ ਵਜ਼ੀਰ ਖਾਨ ਨੇ ਬੜੇ ਹੀ ਘੁਮੰਡ ਨਾਲ ਸਿੰਘਾਂ ਦੇ ਇਸ ਟੋਲੇ ਨੂੰ ਚੱਪੜ ਚਿੜੀ ਦੇ ਮੈਦਾਨ ਵਿਚ ਆ ਘੇਰਿਆ। ਪਰ ਇਹ ਮੈਦਾਨ ਹੀ ਵਜ਼ੀਰ ਖਾਨ ਤੇ ਮੁਗ਼ਲ ਫੌਜਾਂ ਦਾ ਕਬਰਸਤਾਨ ਸਾਬਤ ਹੋਇਆ। ਵਜ਼ੀਰ ਖਾਨ ਤੇ ਸੁੱਚਾ ਨੰਦ ਨੂੰ ਕਿਵੇਂ ਉਨ੍ਹਾਂ ਦੀਆਂ ਲਾਸ਼ਾ ਘੋੜਿਆਂ ਦੀਆਂ ਪੂਛਾਂ ਨਾਲ ਬੰਨ੍ਹ ਕੇ ਰੋਲਿਆ ਤੇ ਜ਼ਲੀਲ ਕੀਤਾ ਗਿਆ ਤੇ ਸਰਹੰਦ ਸ਼ਹਿਰ ਜੋ ਉੱਤਰੀ ਭਾਰਤ ਦਾ ਘੁੱਗ ਵੱਸਦਾ ਨਗਰ ਤੇ ਇਸਲਾਮ ਦਾ ਕੇਂਦਰ ਸੀ, ਮਿੱਟੀ ਵਿਚ ਮਿਲਾ ਦਿੱਤਾ ਗਿਆ ਅਤੇ ਗੁਰੂ ਮਾਰੀ ਸਰ੍ਹੰਦ ਦਾ ਮਲਬਾ ਲਾਗੇ ਨਦੀ ਵਿਚ ਸੁੱਟਿਆ ਗਿਆ ਤਾਂ ਕਿ ਫਿਰ ਕਿੱਧਰੇ ਆਬਾਦ ਨਾ ਹੋ ਜਾਵੇ। ਸਿੰਘਾਂ ਦੇ ਇਸ ਜਲਵੇ ਨੇ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਜਦੋਂ ਫਿਰ ਸਮੁੱਚੀ ਮੁਗ਼ਲੀਆ ਫੌਜ ਨੇ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਚਾਰ-ਚੁਫ਼ੇਰਿਓਂ ਘੇਰ ਲਿਆ ਤਾਂ ਮਹੀਨਿਆਂ ਤੱਕ ਸਿੰਘ ਹਕੂਮਤ ਅੱਗੇ ਡਟੇ ਰਹੇ। ਅਖੀਰ ਬੰਦੇ ਨੂੰ ਉਸ ਤੇ ਸੱਤ ਸੌ ਸਿਪਾਹੀਆਂ ਜਾਂ ਸਿੰਘਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਸਿੰਘਾਂ ਨੂੰ ਭਾਵੇਂ ਕਈ ਲੋਭ ਲਾਲਚ ਦਿੱਤੇ ਗਏ ਤੇ ਬਾਅਦ ਵਿਚ ਅਸਹਿ ਤਸੀਹੇ ਦਿੱਤੇ ਗਏ ਪਰ ਇਨ੍ਹਾਂ ਵਿਚੋਂ ਇਕ ਨੇ ਵੀ ਇਸਲਾਮ ਕਬੂਲ ਨਾ ਕੀਤਾ ਅਤੇ ਸ਼ਹਾਦਤ ਦਾ ਜਾਮ ਪੀ ਗਏ। ਦਿੱਲੀ ਦੀ ਤਮਾਸ਼ਬੀਨ ਰਿਆਇਤਾਂ ਸਿੱਖਾਂ ਦਾ ਇਹ ਅਲੌਕਿਕ ਜਲਵਾ ਵੇਖ ਕੇ ਅਚੰਭਿਤ ਹੁੰਦੀ ਰਹੀ।

ਸੈਂਕੜੇ ਸਾਲ ਸਾਡੇ ਲੋਕ ਮੁਸਲਮਾਨਾਂ ਦੇ ਜ਼ੁਲਮ ਚੁੱਪਚਾਪ ਸਹਿੰਦੇ ਰਹੇ। ਇਨ੍ਹਾਂ ਤੁਰਕਾਂ ਤੇ ਪਠਾਣਾਂ ਦਾ ਸਹਿਮ ਭਾਰਤੀਆਂ ਦੀਆਂ ਹੱਡੀਆਂ ਵਿਚ ਹੀ ਸਮਾ ਗਿਆ ਸੀ। ਇਨ੍ਹਾਂ ਦੀਆਂ ਸ਼ਕਲਾ ਵੇਖ ਕੇ ਲੋਕ ਬੜਾਅ-ਬੜਾਅ ਕੇ ਉੱਠਦੇ ਸਨ। ਕੋਈ ਵੀ ਸ਼ਖਸ, ਭਾਵੇਂ ਉਹ ਕਿੰਨੇ ਵੀ ਵੱਡੇ ਰੁਤਬੇ ਤੇ ਬਿਰਾਜਮਾਨ ਹੋਵੇ, ਕਦੀ ਵੀ ਮੁਗ਼ਲ ਹਕੂਮਤ ਨਾਲ ਟੱਕਰ ਲੈਣ ਬਾਰੇ ਸੁਪਨੇ ਵਿਚ ਵੀ ਨਹੀਂ ਸੀ ਸੋਚਦਾ। ਸਿੰਘਾਂ ਨੇ ਮਿਸਲਾਂ ਤੋਂ ਬਾਅਦ, ਮਹਾਰਾਜੇ ਰਣਜੀਤ ਸਿੰਘ ਅਧੀਨ ਸਮੁੱਚੇ ਉੱਤਰ ਪੱਛਮੀ ਭਾਰਤ ਉੱਤੇ ਆਪਣਾ ਕਬਜ਼ਾ ਜਮਾ ਲਿਆ ਸੀ। ਇਸ ਤਰ੍ਹਾਂ ਅਬਦਾਲੀ ਜੋ ਕਦੀ ਸਿੱਖਾਂ ਦਾ ਬੀਜ ਨਾਸ ਕਰਨ ਵਾਸਤੇ ਸੋਚੀ ਬੈਠਾ ਸੀ, ਸਿੰਘਾਂ ਦੇ ਕਰਾਰੇ ਹੱਥ ਵੇਖ ਕੇ ਅਫ਼ਗਾਨਿਸਤਾਨ ਦੀਆਂ ਹੱਦਾਂ ਤੱਕ ਹੀ ਮਹਿਦੂਦ ਹੋ ਗਿਆ। ਪਠਾਣੀਆਂ ਆਪਣੇ ਬੱਚਿਆਂ ਨੂੰ ਬਚਾਉਣ

ਲਈ 'ਹਰੀਆ' ਕਹਿ ਕੇ ਕੰਮ ਸਾਰਨ ਲੱਗੀਆਂ। ਪਠਾਣਾਂ ਦੇ ਨਵਾਬ ਤੇ ਸੁਲਤਾਨ, ਖਾਲਸਾ ਹਕੂਮਤ ਨੂੰ ਨਜ਼ਰਾਨੇ ਭੇਂਟ ਕਰਨ ਲੱਗੇ ਤਾਂ ਕਿ ਖ਼ਾਲਸਾ ਫੌਜ ਉਨ੍ਹਾਂ ਉੱਪਰ ਨਜ਼ਰੇ-ਇਨਾਇਤ ਰੱਖਦੀ ਰਹੇ। ਇਹ ਇਤਿਹਾਸ ਨੂੰ ਪੁੱਠਾ ਗੇੜ ਦੇਣ ਵਾਲੀ ਗੱਲ ਸੀ। ਮਹਾਰਾਜਾ ਰਣਜੀਤ ਸਿੰਘ ਦਾ ਕਾਬਲ ਅਤੇ ਗਜ਼ਨੀ ਦੇ ਬਜ਼ਾਰਾਂ ਵਿਚ ਸ਼ਾਹੀ ਇਸਤਗਬਾਲ ਹੋਣਾ, ਮਹਾਰਾਜੇ ਦੇ ਘੋੜੇ ਦੀ ਅਗਵਾਈ ਮੁਸਲਮਾਨ ਅਫ਼ਸਰ ਕਰਿਆ ਕਰਦੇ ਸਨ। ਇਸ ਤੋਂ ਵੱਧ ਮਾਣ ਵਾਲੀ ਗੱਲ ਹੋਰ ਕੋਈ ਨਹੀਂ ਹੋ ਸਕਦੀ। ਸਿੰਘਾਂ ਦੀ ਦਹਿਸ਼ਤ ਦਰਾ ਖੈਬਰ ਤੋਂ ਪਾਰ ਵੀ ਵਿਖਾਈ ਦੇਣ ਲੱਗੀ। ਕੀ ਇਹ ਕਿਸੇ ਇਲਾਹੀ ਜਲਵੇ ਨਾਲੋਂ ਘੱਟ ਸੀ ?

ਉੱਨਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਅੰਗਰੇਜ਼ੀ ਹਕੂਮਤ ਹੇਠ ਇੱਕੀ ਸਿੰਘ ਸਾਰਾਗੜ੍ਹੀ ਕਿਲ੍ਹੇ ਵਿਚ ਕਬਾਇਲੀ ਪਠਾਣਾਂ ਨੇ ਘੇਰ ਲਏ। ਕਈ ਦਿਨ ਇਹ ਘੇਰਾ ਚਾਲੂ ਰਿਹਾ। ਕਬਾਇਲੀ ਇਸ ਕਿਲ੍ਹੇ ਉੱਪਰ ਹਰਗਿਜ਼ ਕਬਜ਼ਾ ਜਮਾਉਣਾ ਚਾਹੁੰਦੇ ਸਨ। ਉਹ ਹਜ਼ਾਰਾਂ ਦੀ ਗਿਣਤੀ ਵਿਚ ਇਸ ਕਿਲ੍ਹੇ ਉੱਪਰ ਹਮਲੇ ਤੇ ਹਮਲਾ ਕਰੀ ਜਾ ਰਹੇ ਸਨ। ਇਸ ਮੁਹਿੰਮ ਵਿਚ ਪਠਾਣਾਂ ਦੇ ਸੈਂਕੜੇ ਸਿਪਾਹੀ ਮਾਰੇ ਗਏ। ਉੱਧਰੋਂ ਸਾਰਾਗੜ੍ਹੀ ਨੂੰ ਚੁਫ਼ੇਰੇ ਘੇਰਾ ਪਿਆ ਹੋਣ ਕਰਕੇ, ਅੰਗਰੇਜ਼ੀ ਸਰਕਾਰ, ਇਨ੍ਹਾਂ ਘਿਰੇ ਹੋਏ ਸਿੰਘਾਂ ਨੂੰ ਹੋਰ ਫੌਜ ਜਾਂ ਦਾਰੂ ਸਿੱਕਾ ਨਾ ਭੇਜ ਸਕੀ। ਇਕ ਇਕ ਕਰਕੇ ਭਾਵੇਂ ਸਾਰੇ ਸਿੰਘ ਸ਼ਹੀਦ ਹੋ ਗਏ ਪਰ ਫਿਰ ਵੀ ਪਠਾਣ ਇਸ ਕਿਲ੍ਹੇ ਦੇ ਕੱਤਈ ਕਬਜ਼ਾ ਨਾ ਕਰ ਸਕੇ। ਇਸ ਲਾਸਾਨੀ, ਬਹਾਦਰੀ ਦੀ ਖਬਰ ਜਦ ਵਲਾਇਤ ਪਹੁੰਚੀ ਤਾਂ ਇੰਗਲੈਂਡ ਦੀ ਪਾਰਲੀਮੈਂਟ ਨੇ ਇਸ ਬਹਾਦਰੀ ਦਾ ਵਿਸ਼ੇਸ਼ ਜ਼ਿਕਰ ਕੀਤਾ ਤੇ ਇਨ੍ਹਾਂ ਸਿਰਲੱਥ ਸਿੰਘਾਂ ਨੂੰ ਸਭ ਤੋਂ ਵੱਡੇ ਫੌਜੀ ਸਨਮਾਨਾਂ ਨਾਲ ਨਿਵਾਜਿਆ ਗਿਆ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਗੀਰਾਂ ਤੇ ਨਕਦ ਇਨਾਮ ਦਿੱਤੇ ਗਏ। ਸਾਰੇ ਵਿਸ਼ਵ ਵਿਚ ਸਿੰਘਾਂ ਦੀ ਵੀਰਤਾ ਦੇ ਡੰਕੇ ਵੱਜਣ ਲੱਗੇ। ਪਹਿਲਾਂ ਅੰਗਰੇਜ਼ ਰਾਜਪੂਤਾਂ, ਪਠਾਣਾਂ, ਡੋਗਰਿਆਂ, ਗੋਰਖਿਆਂ ਅਤੇ ਮਰਾਠਿਆਂ ਨੂੰ ਬਹਾਦਰ ਕੌਮਾਂ ਵਿਚ ਗਿਣਦੇ ਸਨ। ਸਿੰਘਾਂ ਦਾ ਝੰਡਾ ਸਭਨਾਂ ਤੋਂ ਉੱਚਾ ਹੋ ਕੇ ਝੂਲਣ ਲੱਗਾ। ਇਹ ਸਿੰਘਾਂ ਦੀ ਬਹਾਦਰੀ ਕਰੀਮੀਆਂ ਦੀ ਲੜਾਈ ਦੇ ਬਹਾਦਰਾਂ ਨੂੰ ਵੀ ਮਾਤ ਪਾ ਗਈ ਸੀ। ਇਸ ਸਾਰਾਗੜ੍ਹੀ ਦੀ ਘਟਨਾ ਨਾਲ ਸਾਰੇ ਵਿਸ਼ਵ ਨੂੰ ਪਤਾ ਲੱਗ ਗਿਆ ਕਿ ਸਿੱਖ ਇਕ ਸਾਹਸੀ ਤੇ ਜ਼ਿੰਦਾਦਿਲ ਕੌਮ ਹੈ। ਇਤਿਹਾਸ ਫੋਲੋ ਅਜਿਹੇ ਜਲਵੇ ਘੱਟ ਹੀ ਮਿਲਣਗੇ।

ਭਾਰਤ ਨੂੰ ਪਹਿਲੀ ਵਾਰ ਅੰਗਰੇਜ਼ਾਂ ਦੇ ਸ਼ਿਕੰਜੇ ਚੋਂ ਕੱਢਣ ਲਈ ਸਿੱਖ ਗ਼ਦਰੀ ਬਾਬਿਆਂ ਨੂੰ ਹਥਿਆਰਬੰਦ ਹੋ ਕੇ, ਫੌਜਾਂ ਵਿਚ ਗ਼ਦਰ ਮਚਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਕਾਮਾਗਾਟਾ ਮਾਰੂ ਦੀ ਘਟਨਾ ਸਿੱਖਾਂ ਦੇ ਇਨ੍ਹਾਂ ਇਰਾਦਿਆਂ ਨੂੰ ਹੋਰ ਉਜਾਗਰ ਕਰਦੀ ਹੈ। ਕਿਵੇਂ ਮੁੱਠੀ ਭਰ ਦੇਸ਼ ਭਗਤ ਸਿੱਖਾਂ ਦਾ ਇਕ ਜਥਾ, ਜਪਾਨੀਆਂ ਕੋਲੋਂ ਇਕ ਜਹਾਜ਼ ਕਿਰਾਏ ਤੇ ਲੈ ਕੇ ਕਨੇਡਾ ਗਏ ਤਾਂ ਕਿ ਉੱਥੇ ਵੱਸੇ ਭਾਰਤੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਲਾਮਬੰਦ ਕੀਤਾ ਜਾ ਸਕੇ। ਪਰ ਅੰਗਰੇਜ਼ੀ ਸਰਕਾਰ ਨੇ ਕਨੇਡਾ ਸਰਕਾਰ, ਜੋ ਉਸ ਦੀ ਹੱਥ ਠੋਕੀ ਸੀ, ਨੂੰ ਸਿੱਖਾਂ ਦੀਆਂ ਬਗ਼ਾਵਤੀ ਗਤੀਵਿਧੀਆਂ ਵਿਰੁੱਧ ਭੜਕਾ ਦਿੱਤਾ ਤੇ ਬੰਦਰਗਾਹ ਤੋਂ ਹੀ ਵਾਪਿਸ ਭਾਰਤ ਮੋੜਿਆ। ਭਾਰਤ ਆ ਕੇ ਇਨ੍ਹਾਂ ਸਿੰਘਾਂ

ਦਾ ਗੋਲੀਆਂ ਨਾਲ ਸਵਾਗਤ ਕੀਤਾ ਗਿਆ। ਜਿਹੜੇ ਬਚ ਗਏ, ਉਨ੍ਹਾਂ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਨਾਲ ਨਿਵਾਜਿਆ ਗਿਆ। ਇਕ ਸ਼ਕਤੀਸ਼ਾਲੀ ਸਾਮਰਾਜ ਨਾਲ ਟੱਕਰ ਲੈਣੀ ਸਿੱਖਾਂ ਦਾ ਹੀ ਕੰਮ ਹੈ। ਭਾਰਤ ਵਿਚ ਸਿੱਖਾਂ ਦੀ ਕੁਲ ਆਬਾਦੀ ਦਾ ਮਸਾਂ 2 ਪ੍ਰਤੀਸ਼ਤ ਹੋਵੇਗਾ ਪਰ ਸਿੱਖਾਂ ਨੇ ਜੰਗ-ਏ-ਆਜ਼ਾਦੀ ਦੌਰਾਨ ਅੱਸੀ ਪ੍ਰਤੀਸ਼ਤ ਤੋਂ ਵਧੇਰੇ ਫਾਂਸੀਆਂ ਦੇ ਰੱਸੇ ਚੁੰਮੇ, ਕਾਲ ਕੋਠੜੀਆਂ ਦੀ ਸਜ਼ਾ ਭੁਗਤੀ। ਬਹੁਤ ਸਾਰੇ ਦੇਸ਼ ਭਗਤ, ਸਿੰਘਾਂ ਦੀ ਜ਼ਮੀਨ ਜ਼ਾਇਦਾਦ ਵੀ ਜ਼ਬਤ ਕਰ ਲਈਆਂ ਗਈਆਂ। ਸਿੱਖ ਇਕ ਜਜ਼ਬਾਤੀ ਕੌਮ ਹੈ। ਭਾਰਤ ਦੇ ਘਾਗ ਸਿਆਸਤਦਾਨਾਂ ਨੇ ਇਨ੍ਹਾਂ ਨੂੰ ਅੰਗਰੇਜ਼ਾਂ ਵਿਰੁੱਧ ਭੜਕਾ ਕੇ, ਅਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕੀਤਾ ਅਤੇ ਅਜ਼ਾਦੀ ਦਾ ਰਾਹ ਪੱਧਰਾ ਕੀਤਾ। ਸਿੱਖਾਂ ਨੂੰ ਦੇਸ਼ ਦੀ ਵੰਡ ਵੇਲੇ ਪੰਜ ਲੱਖ ਸਿੱਖਾਂ ਨੂੰ ਜਾਨ ਤੋਂ ਹੱਥ ਧੋਣੇ ਪਏ ਅਤੇ ਘਰੋਂ ਬੇਘਰ ਹੋਣਾ ਪਿਆ। ਜਲਦੀ ਹੀ ਭਾਰਤ ਦੇ ਗ੍ਰਹਿ ਮੰਤਰੀ ਪਟੇਲ ਨੇ ਇਨ੍ਹਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਰਾਰ ਦੇ ਕੇ, ਇਨ੍ਹਾਂ ਦੇ ਕੌਮੀ ਯੋਗਦਾਨ ਨੂੰ ਨਕਾਰਿਆ। ਅਸਲ ਵਿਚ ਭਾਰਤ ਦੇ ਲੋਕ ਸਿੱਖਾਂ ਦੀ ਬਹਾਦਰੀ ਤੇ ਕੁਰਬਾਨੀ ਵੇਖ ਕੇ ਘਬਰਾ ਗਏ ਹਨ। ਜੇਕਰ ਸਿੱਖਾਂ ਨੇ ਭਾਰਤ ਤੋਂ ਵੱਖ ਹੋਣਾ ਹੁੰਦਾ ਤਾਂ 1947 ਵਿਚ ਅਸਾਨੀ ਨਾਲ ਹੋ ਸਕਦੇ ਸਨ ਪਰ ਸਿੱਖਾਂ ਨੇ ਇਹ ਰਸਤਾ ਛੱਡ ਕੇ ਵਿਸ਼ਾਲ ਭਾਰਤ ਨਾਲ ਆਪਣੀ ਕਿਸਮਤ ਨੂੰ ਜੋੜਨਾ ਪਸੰਦ ਕੀਤਾ। 1984 ਵੇਲੇ ਸਿੱਖਾਂ ਨੂੰ ਗ਼ਦਾਰ ਵੀ ਗਰਦਾਨਿਆ ਗਿਆ ਅਤੇ ਉਨ੍ਹਾਂ ਉੱਪਰ ਕਈ ਪਾਬੰਦੀਆਂ ਆਇਦ ਕੀਤੀਆਂ ਗਈਆਂ। ਦਿੱਲੀ ਵਿਚ ਉਨ੍ਹਾਂ ਦੇ ਗਲਾਂ ਵਿਚ ਟਾਇਰ ਪਾ ਕੇ ਜਿੰਦਾ ਜਲਾਇਆ ਗਿਆ। ਸਿੱਖਾਂ ਨੂੰ ਆਪਣੀ ਦੇਸ਼ ਭਗਤੀ ਦਾ ਖ਼ਮਿਆਜ਼ਾ ਭੁਗਤਣਾ ਪਿਆ। ਪਰ ਫਿਰ ਵੀ ਸਿੱਖਾਂ ਦੇ ਹੌਸਲੇ ਬੁਲੰਦ ਹਨ।

ਇਹ ਇਕ ਅਜੂਬਾ ਹੈ ਕਿ ਸੰਸਦ ਦਾ ਮੈਂਬਰ ਨਾ ਹੋਣ ਦੇ ਨਾਤੇ ਵੀ ਇਕ ਸਿੱਖ ਸਰਦਾਰ, ਪੱਗੜੀ ਧਾਰੀ ਭਾਰਤ ਦਾ ਦਸ ਸਾਲ ਪ੍ਰਧਾਨ ਮੰਤਰੀ ਰਿਹਾ। ਇਸ ਦੇ ਸਦਕਾ ਹੀ ਅੱਜ ਸਿੱਖਾਂ ਦੀ ਅੰਤਰਰਾਸ਼ਟਰੀ ਮਹਿਫ਼ਲਾਂ ਵਿਚ ਵੀ ਚਰਚਾ ਹੁੰਦੀ ਹੈ। ਡਾਕਟਰ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਵੀ ਉਸ ਪਰਿਵਾਰ ਨੇ ਬਣਾਇਆ ਹੈ, ਜਿਸ ਨੇ 1984 ਤੋਂ ਬਾਅਦ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਣ ਸਮਝਿਆ ਜਾਂਦਾ ਸੀ। ਸਿੱਖਾਂ ਵਿਚ ਗਿਆਨੀ ਕਰਤਾਰ ਸਿੰਘ, ਪ੍ਰਤਾਪ ਸਿੰਘ ਕੈਰੋਂ ਤੇ ਪ੍ਰਕਾਸ਼ ਸਿੰਘ ਬਾਦਲ ਵਰਗੇ ਸਿਰਕੱਢ ਸਿਆਸਤਦਾਨ ਹੋਏ ਹਨ, ਜਿੰਨ੍ਹਾਂ ਨੇ ਆਪਣੀ ਸਿਆਸਤ ਨਾਲ ਭਾਰਤੀ ਸਮਾਜ ਵਿਚ ਆਪਣੀ ਧਾਂਕ ਜਮਾਈ ਹੈ। ਪਾਕਿਸਤਾਨੀ ਮੁਸਲਮਾਨ ਜੇਕਰ ਭਾਰਤ ਵਿਚ ਕਿਸੇ ਕੋਲੋਂ ਡਰਦੇ ਹਨ ਤਾਂ ਉਹ ਸਿੱਖ ਹਨ। ਸਾਰੀ ਦੁਨੀਆਂ ਵਿਚ ਸਿੱਖਾਂ ਨੂੰ ਸਰਕਾਰ ਕਹਿ ਕੇ ਬੁਲਾਇਆ ਜਾਂਦਾ ਹੈ। ਇਹ ਕੋਈ ਘੱਟ ਮਾਣ ਵਾਲੀ ਗੱਲ ਨਹੀਂ। ਸਿੱਖ ਪਿਆਜ਼ ਤੇ ਆਲੂਆਂ ਵਾਂਗ ਸਾਰੀ ਦੁਨੀਆਂ ਵਿਚ ਪਾਏ ਜਾਂਦੇ ਹਨ। ਬਾਕੀ ਦੇ ਜਲਵੇ ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਦੇ ਤਿਲਕ ਤੇ ਜੰਞੂ ਖਾਤਰ ਸਿੱਖ ਗੁਰੂ ਸਾਹਿਬਾਨ ਨੇ ਬਲੀਦਾਨ ਦਿੱਤੇ ਹਨ ਅਤੇ ਜਿਨ੍ਹਾਂ ਦੀਆਂ ਬਹੂ-ਬੇਟੀਆਂ ਨੂੰ ਅਬਦਾਲੀਆਂ ਤੋਂ ਛੁਡਾ ਕੇ ਲਿਆਉਂਦੇ ਰਹੇ ਹਨ।

## ਖ਼ਾਲਸਾ ਜੀ ਜ਼ਰਾ ਸੰਭਲ ਕੇ !

ਸਿੱਖੀ ਦਾ ਬੂਟਾ ਪੰਦਰਵੀਂ ਸਦੀ ਵਿਚ ਲਾਇਆ ਗਿਆ ਸੀ। ਇਸ ਨੂੰ ਲਾਇਆਂ ਹਾਲੇ ਕੋਈ ਬਹੁਤਾ ਅਰਸਾ ਨਹੀਂ ਹੋਇਆ। ਅਜਿਹੀ ਹਾਲਤ ਵਿਚ ਇਸ ਨੂੰ ਵੇਲੇ ਸਿਰ ਪਾਣੀ, ਖਾਦ, ਗੋਡੀ ਤੇ ਪਰਵਰਿਸ਼ ਦੀ ਲੋੜ ਸੀ। ਪਰ ਸਿੱਖੀ ਕਿਉਂਕਿ ਤੂਫ਼ਾਨਾਂ ਤੇ ਝੱਖੜਾਂ ਵਿਚੋਂ ਗੁਜ਼ਰੀ ਹੈ। ਇਸ ਲਈ ਇਸ ਨੂੰ ਅਣਗਹਿਲੀ ਤੇ ਫਾਕਿਆਂ ਦੇ ਦੌਰ ਵਿਚੋਂ ਗੁਜ਼ਰਨਾ ਪਿਆ ਹੈ। ਜਿਸ ਨਾਲ ਇਸ ਬੂਟੇ ਦੇ ਕੁਦਰਤੀ ਵਾਧੇ ਤੇ ਵਿਕਾਸ ਵਿਚ ਅੜਚਣਾਂ ਆਈਆਂ ਹਨ। ਇਸੇ ਲਈ ਇਸ ਪੌਦੇ ਦਾ ਨਾਰਮਲ ਮੂੰਹ ਮੁਹਾਂਦਰਾ ਨਹੀਂ ਬਣ ਸਕਿਆ। ਇਸੇ ਲਈ ਇਸ ਨੂੰ ਤਜ਼ਰਬੇਕਾਰ ਤੇ ਨਿਪੁੰਨ ਮਾਲੀਆਂ ਦੀ ਹਾਲੇ ਜ਼ਰੂਰਤ ਹੈ। ਇਸ ਨੂੰ ਵੱਧਣ ਵੇਲੇ ਮਰੁੰਡਿਆ ਤਰੁੰਡਿਆ ਤੇ ਲੋੜ ਤੋਂ ਵੱਧ ਛਾਂਗਿਆ ਗਿਆ। ਇਸ ਦੀ ਹਸਤੀ ਮਿਟਾਉਣ ਲਈ, ਇਸ ਨੂੰ ਜੜੋਂ ਪੁੱਟਣ ਦੀਆਂ ਵੀ ਕਈ ਵਾਰ ਸਾਜਿਸ਼ਾਂ ਘੜੀਆਂ ਗਈਆਂ। ਕਈ ਵਾਰ ਤਾਂ ਵੇਖਣ ਵਾਲਿਆਂ ਇਹ ਵੀ ਕਹਿ ਦਿੱਤਾ ਕਿ ਇਹ ਬੂਟਾ 'ਖਲੋ ਗਿਆ ਹੈ।' ਆਨੰਦਪੁਰ ਸਾਹਿਬ ਦੇ ਘੇਰੇ, ਗੁਰਦਾਸ ਨੰਗਲ ਦੀ ਘੇਰਾਬੰਦੀ, ਛੋਟਾ ਤੇ ਵੱਡਾ ਘੱਲੂਘਾਰਾ ਅਤੇ ਅਜੋਕੇ ਸਮੇਂ ਵਿਚ ਨੀਲਾ ਤਾਰਾ ਸਾਕਾ, ਸਿੱਖੀ ਦੇ ਇਸ ਬੂਟੇ ਨੂੰ ਜੜੋਂ ਉਖਾੜਨ ਦੀਆਂ ਕੋਝੀਆਂ ਤੇ ਕਹਿਰੀ ਚਾਲਾਂ ਸਨ। ਪਰ ਅਕਾਲ ਪੁਰਖ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਸ ਲਈ ਸਿੱਖੀ ਦਾ ਬਾਗ਼ ਉਜੜਦਾ ਰਿਹਾ ਤੇ ਫਿਰ ਆਬਾਦ ਹੁੰਦਾ ਰਿਹਾ। ਸਿੱਖੀ ਦੇ ਇਸ ਬੂਟੇ ਨੂੰ ਆਰੀਆਂ ਤੇ ਰੰਬੀਆਂ ਦੀ ਚਪੇਟ ਸਹਿਣੀ ਪਈ, ਤੱਤੀਆਂ ਤਵੀਆਂ ਤੇ ਉੱਬਲਦੀਆਂ ਦੇਗਾਂ ਵਿਚੋਂ ਗੁਜ਼ਰਨਾ ਪਿਆ, ਚਰਖੜੀਆਂ ਤੇ ਵੇਲਣਿਆਂ ਵਿਚ ਪੀੜਿਆ ਗਿਆ ਪਰ ਇਸ ਬੂਟੇ ਵਿਚ ਵਕਤੀ ਤੌਰ ਤੇ ਮੁਰਝਾਣ ਤਾਂ ਆਈ ਪਰ ਆਪਣੀ ਅੰਦਰੂਨੀ ਊਰਜਾ ਨਾਲ ਇਹ ਬੂਟਾ ਫਿਰ ਲਹਿਰ੍ਹਾਉਣ ਲੱਗਾ। ਆਪਣੇ ਜਲ-ਜਲੌਅ ਵਿਚ ਆਉਣ ਲੱਗਾ।

ਸੰਸਾਰ ਦੇ ਸਾਰੇ ਧਰਮਾਂ ਨੂੰ ਅਜਿਹੀ ਅਗਨੀ ਪ੍ਰੀਖਿਆ ਵਿਚੋਂ ਨਹੀਂ ਗੁਜ਼ਰਨਾ ਪਿਆ। ਇਕ ਯਹੂਦੀਆਂ ਨੂੰ ਛੱਡ ਕੇ ਬਾਕੀ ਸਾਰੇ ਧਰਮ ਸਧਾਰਨ ਹਾਲਤਾਂ ਵਿਚ ਹੀ ਵਿਚਰਦੇ ਰਹੇ ਹਨ। ਯਹੂਦੀਆਂ ਨੂੰ ਵੀ ਬੇਸ਼ੁਮਾਰ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਘਰੋਂ ਬੇਘਰ ਹੋਣਾ ਪਿਆ। ਜਲਾਵਤਨ ਹੋਣਾ ਪਿਆ। ਉਨ੍ਹਾਂ ਦੀ ਨਸਲਕੁਸ਼ੀ ਕਰਨ ਦੀ ਵੀ ਕੋਝੀ ਸਾਜਿਸ਼ ਰਚੀ ਗਈ ਪਰ ਇਹ ਧਰਮ, ਸਭ ਮੌਸਮਾਂ ਦੀ ਮਾਰ ਸਹਿੰਦਾ ਹੋਇਆ ਹਰੀ ਕਾਇਮ ਹੀ ਨਹੀਂ ਰਿਹਾ ਸਗੋਂ ਸੰਸਾਰ ਦੇ ਸਿਰਮੌਰ ਧਰਮਾਂ ਵਿਚ ਗਿਣਿਆ ਜਾਣ ਲੱਗਾ। ਸਿੱਖ ਧਰਮ ਵੀ ਅਜਿਹੇ ਭਿਆਨਕ ਦੌਰ ਵਿਚੋਂ ਗੁਜ਼ਰਿਆ ਹੈ।

ਸਭ ਕੁਝ ਸਹਿਣ ਝੱਲਣ ਤੇ ਸਮੇਟਣ ਦੇ ਬਾਅਦ ਇਹ ਵਰਤਮਾਨ ਰੂਪ ਵਿਚ ਸਾਡੇ ਪਾਸ ਪਹੁੰਚਿਆ ਹੈ। ਇਸ ਧਰਮ ਨੂੰ ਵਚਿੱਤਰ ਤੇ ਅਲੌਕਿਕ ਧਰਮਾਂ ਵਿਚ ਗਿਣਿਆ ਜਾਂਦਾ ਹੈ। ਜਿੱਥੇ ਸਿੱਖੀ ਦੇ ਹਮਾਇਤੀ ਤੇ ਸੱਜਣ ਮੌਜੂਦ ਹਨ, ਉੱਥੇ ਇਸ ਦੇ ਦੋਖੀਆਂ ਤੇ ਦੁਸ਼ਮਣਾਂ ਦੀ ਕੋਈ ਘਾਟ ਨਹੀਂ। ਸਿੱਖੀ ਦੇ ਜਨਮਦਿਆਂ ਹੀ ਸਿੱਖੀ ਦਾ ਵਿਰੋਧ ਹੋਣ ਲੱਗਾ। ਹਿੰਦੂ ਧਰਮ ਵਿਚ ਵਹਿਮ-ਭਰਮ, ਅੰਧ-ਵਿਸ਼ਵਾਸ, ਭ੍ਰਿਸ਼ਟਾਚਾਰ ਤੇ ਫੋਕਟ ਕਰਮਕਾਂਡਾਂ ਦਾ ਬੋਲਬਾਲਾ ਸੀ। ਸਾਡੇ ਗੁਰੂ ਸਾਹਿਬਾਨ ਨੇ ਇਸ ਪਾਖੰਡ ਵਿਰੁੱਧ ਬੁਲੰਦ ਆਵਾਜ਼ ਉਠਾਈ। ਬਹਾਮਣਵਾਦ ਪ੍ਰਧਾਨ ਹਿੰਦੂ ਧਰਮ ਨੂੰ ਇਹ ਆਵਾਜ਼ ਕੱਤਈ ਪਸੰਦ ਨਹੀਂ ਸੀ। ਇਸ ਲਈ ਇਸ ਦਾ ਵੱਡੀ ਪੱਧਰ 'ਤੇ ਵਿਰੋਧ ਸ਼ੁਰੂ ਹੋ ਗਿਆ।

ਦੇਸ਼ ਤਾਂ ਗ਼ੁਲਾਮ ਸੀ। ਬ੍ਰਾਹਮਣ ਮੁਗ਼ਲ ਹਾਕਮਾਂ ਕੋਲ ਸਿੱਖੀ ਦੀਆਂ ਸ਼ਿਕਾਇਤਾਂ ਕਰਨ ਲੱਗੇ। ਊਝਾਂ ਲਾਉਣ ਲੱਗੇ ਤਾਂ ਕਿ ਇਸ ਆਵਾਜ਼ ਨੂੰ ਕੁਚਲ ਦਿੱਤਾ ਜਾਵੇ। ਹਾਕਮਾਂ ਨੇ ਸਮੇਂ ਸਿਰ ਇਸ ਧਰਮ ਨੂੰ ਮੂਲੋਂ ਹੀ ਉਖਾੜਨ ਲਈ ਸਾਜਿਸ਼ਾਂ ਘੜੀਆਂ ਤੇ ਫੌਜੀ ਬਲ ਨਾਲ ਸਿੱਖਾਂ ਦੇ ਦਰਬਾਰ ਨੂੰ ਖਦੇੜਨ ਦੀਆਂ ਘਾੜਤਾਂ ਘੜੀਆਂ ਪਰੰਤੂ ਸਿੱਖੀ ਦੇ ਦੁਸ਼ਮਣ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਾ ਹੋਏ। ਸਿੱਖਾਂ ਨੇ ਪੂਰੀ ਚੌਕਸੀ ਤੋਂ ਕੰਮ ਲਿਆ। ਜਿਉਂ-ਜਿਉਂ ਇਸ ਬੂਟੇ ਨੂੰ ਕੱਟਿਆ ਤਰਾਸ਼ਿਆ ਗਿਆ, ਤਿਉਂ-ਤਿਉਂ ਇਹ ਹੋਰ ਵਧਦਾ-ਫੁੱਲਦਾ ਗਿਆ। ਇਹ ਬੂਟਾ ਪੱਤਝੜਾਂ ਵਿਚ ਵੀ ਮੌਲਦਾ ਰਿਹਾ ਤੇ ਮੌਸਮਾਂ ਦੇ ਥਪੇੜੇ ਸਹਿ-ਸਹਿ ਕੇ ਹੋਰ ਮਜ਼ਬੂਤ ਹੋ ਗਿਆ। ਪਰ ਸਮਾਜ ਵਿਚ ਹਾਲਾਤ ਇਕਸਾਰ ਨਹੀਂ ਰਹਿੰਦੇ। ਪੰਜਾਬ ਵਿਚ ਤਾਂ ਨਿੱਤ ਮੁਹਿੰਮਾਂ ਚੱਲਦੀਆਂ ਰਹੀਆਂ। ਸਿੱਖ ਇਨ੍ਹਾਂ ਝੱਖੜਾਂ ਵਿਚ ਹੀ ਪਲੇ ਤੇ ਪ੍ਰਵਾਨ ਚੜ੍ਹਦੇ ਰਹੇ। ਮੰਨੂ ਵਰਗੇ ਇਸ ਨੂੰ ਜਿਉਂ-ਜਿਉਂ ਕੱਟਦੇ ਮਰੁੰਡਦੇ ਰਹੇ, ਇਹ ਦੂਣ ਸਵਾਏ ਹੁੰਦੇ ਗਏ। ਇਹ ਸਮਾਂ ਸਿੱਖ ਇਤਿਹਾਸ ਦਾ ਸੁਨਹਿਰੀ ਕਾਲ ਸੀ। ਪਰ ਸਮਾਂ ਸਥਿਰ ਨਹੀਂ ਰਹਿੰਦਾ। ਸਿੱਖੀ ਦੇ ਦੋਖੀ ਫਿਰ ਜ਼ੋਰ ਪਕੜਨ ਲੱਗੇ। ਸਿੱਖੀ ਫਿਰ ਰਸਾਤਲ ਵੱਲ ਜਾਣ ਲੱਗੀ। ਸਿੱਖ ਢਹਿੰਦੀਆਂ ਕਲਾਂ ਵਿਚੋਂ ਗੁਜ਼ਰਨ ਲੱਗੇ।

ਪਰ ਸਿੱਖਾਂ ਨੂੰ ਸੰਭਲਣਾ ਨਹੀਂ ਆਉਂਦਾ। ਏਨੀ ਮਿਹਨਤ, ਕੁਰਬਾਨੀ ਤੇ ਹੀਲੋ-ਹੁਜ਼ਤ ਬਾਅਦ ਸਿੱਖਾਂ ਨੇ ਭਾਰਤ ਦੇ ਉਤਰ-ਪੱਛਮ ਵਿਚ ਆਪਣੀ ਸਿੱਖ ਸਲਤਨੱਤ ਕਾਇਮ ਕੀਤੀ। ਇਹ ਸਲਤਨੱਤ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਲਈ ਸਾਂਝੇ ਸਭਿਆਚਾਰ ਤੇ ਭਾਈਚਾਰੇ ਦੀ ਮਿਸਾਲ ਸੀ। ਇਸ ਸਲਤਨੱਤ ਦਾ ਪ੍ਰਬੰਧ ਵੀ ਬਹੁਤੇ ਗ਼ੈਰ ਸਿੱਖ ਹੀ ਚਲਾਉਂਦੇ ਰਹੇ। ਸਭ ਖੁਸ਼ੀ ਤੇ ਚੈਨ ਨਾਲ ਰਹਿ ਰਹੇ ਸਨ "ਸੁਖੀ ਵੱਸਣ ਹਿੰਦੂ ਮੁਸਲਮਾਨ ਦੋਵੇਂ, ਸਿਰ ਦੋਵਾਂ ਦੇ ਇਹ ਆਫ਼ਤ ਆਈ, ਸ਼ਾਹ ਮੁਹੰਮਦ ਵਿਚ ਪੰਜਾਬ ਦੇ ਜੀ, ਕਦੀ ਨਹੀਂ ਸੀ ਤੀਸਰੀ ਜਾਤ ਆਈ।" ਪਰ ਜਦੋਂ ਸਿੱਖ ਰਾਜ ਇਨ੍ਹਾਂ ਸਿੱਖਾਂ ਦੀ ਗ਼ਦਾਰੀ ਤੇ ਬਵਫ਼ਾਈ ਕਾਰਨ ਖਤਮ ਹੋ ਗਿਆ ਤਾਂ ਇਹ ਦੋਵੇਂ ਕੌਮਾਂ ਸਿੱਖਾਂ ਦੀਆਂ ਸ਼ਰੀਕ ਬਣ ਬੈਠੀਆਂ। ਹਿੰਦੂਆਂ ਨੇ ਤਾਂ ਸ਼ਰੇਆਮ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਸਿੱਖ ਖਤਮ ਹੋ ਜਾਣਗੇ। ਸਿੱਖੀ ਸਿਰਫ਼ ਕਾਗਜ਼ਾਂ ਵਿਚ ਰਹਿ ਜਾਵੇਗੀ ਜਾਂ ਫਿਰ ਕਬੀਰ ਪੰਥੀਆਂ ਵਾਂਗ ਨਾਨਕ ਪੰਥੀ ਅਖਵਾਏਗੀ। ਇਹ ਉਨ੍ਹਾਂ ਲੋਕਾਂ ਦੇ ਬਿਆਨ

ਹਨ, ਜਿੰਨ੍ਹਾਂ ਨੂੰ ਸਿੱਖ, ਸਨਮਾਨ ਭਰੀਆਂ ਨਜ਼ਰਾਂ ਨਾਲ ਵੇਖਦੇ ਸਨ ਤੇ ਮਹਾਰਾਜੇ ਨੇ ਹਿੰਦੂਆਂ ਦੇ ਗ੍ਰੰਥਾਂ ਤੇ ਮੰਦਰਾਂ ਨੂੰ ਪੂਰਾ-ਪੂਰਾ ਸਨਮਾਨ ਬਖਸ਼ਿਆ ਸੀ। ਹਿੰਦੂਆਂ ਦੀ ਬੇਵਫ਼ਾਈ ਤੇ ਮੌਕਾ ਪ੍ਰਸਤੀ ਕਾਰਨ ਸਿੱਖਾਂ ਦੀ ਅਬਾਦੀ, ਸਿੱਖ ਰਾਜ ਬਾਅਦ ਅੱਸੀ ਲੱਖ ਤੋਂ ਘੱਟ ਕੇ ਵੀਹ ਲੱਖ ਰਹਿ ਗਈ। ਜਿਹੜੇ ਡੋਗਰੇ ਸਿੱਖਾਂ ਦਾ ਦਹਾਕਿਆਂ ਭਰ ਲੂਣ ਖਾਂਦੇ ਰਹੇ ਤੇ ਵਜ਼ੀਰੀਆਂ ਮਾਣਦੇ ਰਹੇ, ਉਹੀ ਹਿੰਦੂ ਮੌਕਾ ਆਉਣ ਤੇ ਅੰਗਰੇਜ਼ਾਂ ਨੂੰ ਮੁੱਲ ਤਾਰ ਕੇ, ਆਪਣੀਆਂ ਰਿਆਸਤਾਂ ਕਾਇਮ ਕਰ ਬੈਠੇ। ਇਹ ਪੈਸੇ ਉਨ੍ਹਾਂ ਨੇ ਸੂਤ ਕੱਤ ਕੇ ਨਹੀਂ ਸੀ ਦਿੱਤੇ ਬਲਕਿ ਲਾਹੌਰ ਦਰਬਾਰ ਦੇ ਖ਼ਜ਼ਾਨੇ ਵਿਚੋਂ ਸੰਨ੍ਹ ਲਾ ਕੇ ਤਾਰੇ ਸਨ। ਹਿੰਦੂਆਂ ਦੇ ਹੀ ਦੋ ਜਰਨੈਲਾਂ ਤੇਜ ਰਾਮ ਤੇ ਲਾਲ ਚੰਦ ਨੇ, ਅੰਗਰੇਜ਼ਾਂ ਵਿਰੁੱਧ ਜੰਗਾਂ ਵੇਲੇ, ਗੋਰਿਆਂ ਨਾਲ ਸਾਜ਼-ਬਾਜ਼ ਕਰਕੇ, ਗ਼ਦਾਰੀ ਕੀਤੀ ਸੀ। ਭਾਵੇਂ ਕੁਝ ਹਿੰਦੂ ਤੇ ਮੁਸਲਮਾਨ ਵਜ਼ੀਰ ਤੇ ਜਰਨੈਲ ਮਹਾਰਾਜੇ ਦੇ ਵਫ਼ਾਦਾਰ ਵੀ ਰਹੇ ਪਰੰਤੂ ਬਹੁਤਿਆਂ ਨੇ ਮੌਕਾਪ੍ਰਸਤੀ ਨਾਲ ਸਿੱਖ ਰਾਜ ਨੂੰ ਖਤਮ ਕਰਨ ਲਈ ਪੂਰਾ ਵਾਹ ਲਾਇਆ ਸੀ। ਗ਼ਦਾਰੀ ਵਿਚ ਹਿੰਦੂ ਮੁਸਲਮਾਨਾਂ ਨਾਲੋਂ ਅੱਗੇ ਲੰਘ ਗਏ ਸਨ।

ਸਿੱਖ ਆਪਣੀ ਅਬਾਦੀ ਤੇ ਵਿੱਤ ਤੇ ਵਜੂਦ ਨਾਲੋਂ ਵਧੇਰੀ ਛਲਾਂਗ ਮਾਰ ਜਾਂਦੇ ਹਨ। ਭਾਰਤ ਵਿਚ ਇਨ੍ਹਾਂ ਦੀ ਸੰਖਿਆ 2 ਪ੍ਰਤੀਸ਼ਤ ਅਤੇ ਸ਼ਹਾਦਤਾਂ 80 ਪ੍ਰਤੀਸ਼ਤ ਸਨ। ਜਜ਼ਬਾਤੀਪੁਣੇ ਦੀ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲ ਸਕਦੀ। ਇਹੀ ਸਿੱਖਾਂ ਨੂੰ ਅਜ਼ਾਦੀ ਤੋਂ ਫੌਰਨ ਬਾਅਦ 'ਜ਼ਰਾਇਮ ਪੇਸ਼ਾ ਕੌਮ' ਗਰਦਾਨਿਆ ਗਿਆ। ਇਹ ਬੇਸ਼ੁਕਰੇਪਣ ਦੀ ਇੰਤਹਾ ਸੀ। ਅਜ਼ਾਦੀ ਬਾਅਦ ਲੋਭਾਂ, ਲਾਲਚਾਂ ਤੇ ਵਾਅਦਿਆਂ ਨੂੰ ਦਰ-ਕਿਨਾਰ ਕਰਕੇ, ਸਿੱਖਾਂ ਨੂੰ ਦੇਸ਼ ਦੇ ਗ਼ਦਾਰ ਕਰਾਰ ਦਿੱਤਾ ਗਿਆ। ਸਿੱਖਾਂ ਨੇ ਜਦ ਆਪਣੇ ਜੱਦੀ ਹੱਕ-ਹਕੂਕ ਦੀ ਮੰਗ ਕੀਤੀ ਤਾਂ ਉਨ੍ਹਾਂ ਉੱਪਰ ਭਾਰੀ ਤਸ਼ੱਦਦ ਕੀਤਾ ਗਿਆ। ਉਨ੍ਹਾਂ ਦੇ ਮੱਕੇ ਨੂੰ ਤੋਪਾਂ ਦਾ ਖਾਜਾ ਬਣਾਇਆ ਗਿਆ। ਉਨ੍ਹਾਂ ਦੇ ਪਾਕ ਪਵਿੱਤਰ ਸਥਾਨ ਨੂੰ ਟੈਂਕਾਂ ਨਾਲ ਉਜਾੜਿਆ ਗਿਆ ਤੇ ਉਨ੍ਹਾਂ ਦੇ ਉੱਚ ਸਥਾਨ ਅਕਾਲ ਤਖਤ ਨੂੰ ਟੈਂਕਾਂ ਦੇ ਬਰੂਦ ਨਾਲ ਸਲਾਮੀ ਦਿੱਤੀ ਗਈ। ਉਨ੍ਹਾਂ ਨੂੰ ਸਮੁੱਚੇ ਦੇਸ਼ ਵਿਚ ਗ਼ਦਾਰ ਗਰਦਾਨ ਕੇ ਉਨ੍ਹਾਂ ਦੇ ਗਲਾਂ ਵਿਚ ਟਾਇਰ ਪਾ ਕੇ, ਉਨ੍ਹਾਂ ਸਣੇ ਬਜ਼ਾਰ ਵਿਚ ਫੂਕਿਆ ਗਿਆ। ਉਨ੍ਹਾਂ ਨੂੰ ਤੜਫਦਿਆਂ ਵੇਖ ਕੇ ਭੰਗੜੇ ਪਾਏ ਗਏ, ਲੱਡੂ ਵੰਡੇ ਗਏ ਅਤੇ ਖੁਸ਼ੀਆਂ ਮਨਾਈਆਂ ਗਈਆਂ। ਦੇਸ਼ ਦੇ ਰਾਖਿਆਂ ਨਾਲ ਇਹ ਕਿਸ ਕਿਸਮ ਦਾ ਵਿਹਾਰ ਹੈ ? ਇਹ ਕਿਸ ਕੁਕਰਮ ਦੀ ਸਜ਼ਾ ਹੈ ? ਇਹ ਕਿਸ ਕੁਤਾਹੀ ਦਾ ਸਿਤਮ ਹੈ ? ਸਾਡੀ ਸਮਝ ਅਕਲ ਤੋਂ ਬਾਹਰ ਹੈ। ਇਹ ਤਾਂ ਇਸ ਤਰ੍ਹਾਂ ਹੈ "ਜਿੰਨ੍ਹਾਂ ਲਈ ਗ਼ੈਰਾਂ ਵਿਚ ਅਸੀਂ ਹੋਏ ਆਂ ਬਦਨਾਮ, ਉਹੀ ਜਿਊਂਦੇ ਨੇ ਲੈ ਗ਼ੈਰਾਂ ਦਾ ਨਾਮ।" ਸਿੱਖਾਂ ਦੀ ਸਭ ਕੀਤੀ ਕੱਤਰੀ ਖੂਹ-ਖਾਤੇ ਵਿਚ ਪੈ ਗਈ ਹੈ। ਸਾਨੂੰ ਹਿੰਦੂ ਵੀਰ ਅਨਾੜੀ, ਮੂਰਖ ਤੇ ਜਜ਼ਬਾਤੀ ਸਮਝਦੇ ਹਨ। ਇਨ੍ਹਾਂ ਨੇ ਸਾਡੀ ਕੁਰਬਾਨੀ ਦਾ ਧੇਲਾ ਮੁੱਲ ਨਹੀਂ ਪਾਇਆ। ਸਗੋਂ ਕੇਂਦਰ ਦੀਆਂ ਸਰਕਾਰਾਂ ਸਿੱਖਾਂ ਉੱਪਰ ਕਰੜੀ ਨਜ਼ਰ ਰੱਖ ਰਹੀਆਂ ਹਨ। ਇਨ੍ਹਾਂ ਨੂੰ ਖੂੰਖਾਰ ਸਮਝ ਕੇ, ਇਨ੍ਹਾਂ ਦਾ ਸ਼ੋਸ਼ਣ ਕਰਨ ਲਈ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਆਪਣੇ ਹੀ ਪਿਆਰੇ ਮੁਲਕ ਵਿਚ ਸਾਡੀ ਇਹ ਦੁਰਦਸ਼ਾ ਹੋ ਰਹੀ ਹੈ। ਅਸੀਂ ਆਪਣੇ ਹੀ

ਮੁਲਕ ਵਿਚ ਬੇਗਾਨਗੀ ਦਾ ਅਨੁਭਵ ਮਹਿਸੂਸ ਕਰ ਰਹੇ ਹਾਂ। ਕੌਣ ਹੈ ਜੋ ਸਾਨੂੰ ਇਹ ਭਰੋਸਾ ਦਿਲਾਏ ਕਿ ਅਸੀਂ ਵੀ ਭਾਰਤੀ ਹਾਂ। ਭਾਰਤਵਾਸੀਆਂ ਨੂੰ ਭਲੀਭਾਂਤ ਪਤਾ ਹੋਣਾ ਚਾਹੀਦਾ ਹੈ ਕਿ ਸਿੱਖਾਂ ਕੋਲੋਂ ਅੰਗਰੇਜ਼ਾਂ ਨੇ ਇਨ੍ਹਾਂ ਦੀ ਸਲਤਨੱਤ ਖੋਹੀ ਸੀ। ਪਰ ਸਿੱਖਾਂ ਨੇ ਹੀ ਭਾਰਤ ਵਿਚ ਅੰਗਰੇਜ਼ੀ ਰਾਜ ਦਾ ਭੋਗ ਪਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਬਾਕੀ 98 ਪ੍ਰਤੀਸ਼ਤ ਭਾਰਤ ਦੀ ਨਿਗੂਣੀ ਜਿਹੀ ਕੁਰਬਾਨੀ ਹੈ ਪਰੰਤੂ ਪੰਜਾਬ ਦੇ ਸਿੱਖਾਂ ਨੇ ਅੰਗਰੇਜ਼ਾਂ ਦੀ ਨਿਰੰਤਰ ਖਿਲਾਫ਼ੀ ਕਰਕੇ, ਉਨ੍ਹਾਂ ਦਾ ਭਾਰਤ ਵਿਚੋਂ ਬੋਰੀ ਬਿਸਤਰਾ ਵਲ੍ਹੇਟਣ ਵਿਚ ਅਹਿਮ ਕਾਰਜ ਨਿਭਾਇਆ ਹੈ। ਇਸ ਕੁਰਬਾਨੀ ਦੀ ਦਾਦ ਦੇਣ ਦੀ ਬਜਾਇ, ਸਿੱਖਾਂ ਨੂੰ ਭਾਰਤ ਵਿਚ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਇਸ ਦੇਸ਼ ਭਗਤੀ ਦਾ ਕੀ ਅੰਜ਼ਾਮ ਹੋਵੇਗਾ, ਇਸ ਦੀ ਸਿੱਖਾਂ ਨੂੰ ਕੋਈ ਸਾਰ ਨਹੀਂ। ਅਸੀਂ ਸਵਦੇਸ਼ ਵਿਚ ਹਾਂ ਕਿ ਵਿਦੇਸ਼ ਵਿਚ ? ਸ਼ੰਕੇ ਜ਼ਾਹਰ ਕੀਤੇ ਜਾ ਰਹੇ ਹਨ। ਅਜਿਹੀ ਬੇਵਫ਼ਾਈ ਬਾਅਦ ਭਰੋਸਾ ਕਰਨਾ ਕਠਿਨ ਹੋ ਰਿਹਾ ਹੈ।

ਸਿੱਖਾਂ ਨੂੰ ਸੰਭਲਣ ਦੀ ਲੋੜ ਹੈ। ਭਾਰਤ ਵਿਚ ਹਰ ਕੋਈ ਉਨ੍ਹਾਂ ਦਾ ਦੋਖੀ ਨਹੀਂ। ਇੱਥੇ ਕਈ ਧਰਮਾਂ ਤੇ ਜਾਤਾਂ ਦੇ ਲੋਕ ਵੱਸਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੀ ਹਮਦਰਦੀ ਸਾਡੇ ਨਾਲ ਹੈ। ਹਿੰਦੂਆਂ ਦੀ ਬਹੁਗਿਣਤੀ ਸਾਡੇ ਨਾਲ ਹੈ। ਇਸ ਲਈ ਸਾਨੂੰ ਕੇਵਲ ਚੌਕਸ ਤੇ ਸੁਚੇਤ ਰਹਿਣ ਦੀ ਜ਼ਰੂਰਤ ਹੈ। ਸਾਨੂੰ ਸਾਡੇ ਵਿਰੁੱਧ ਹੋ ਰਹੀਆਂ ਸਾਜਿਸ਼ਾਂ ਤੇ ਚਾਲਾਂ ਬਾਰੇ ਸੁਚੇਤ ਹੋਣ ਦੀ ਲੋੜ ਹੈ। ਹਰ ਜੀਊਂਦੀ ਜਾਗਦੀ ਕੌਮ ਨੂੰ ਸੁਜੋਗ ਤੇ ਸੁਚੇਤ ਰਹਿਣਾ ਲਾਜ਼ਮੀ ਹੈ।

# ਖਾਲਸਾ ਹਿੰਦੂ ਨਹੀਂ ਹੋ ਸਕਦਾ

ਕਈ ਸਿੱਖ ਹੀ ਸਮਝਦੇ ਹਨ ਕਿ ਉਹ ਹਿੰਦੂ ਧਰਮ ਦੀ ਇਕ ਸ਼ਾਖ ਹਨ। ਇਹ ਸਿੱਖ ਬੇਸਮਝ ਹਨ। ਬਹੁਤੇ ਹਿੰਦੂ ਇਸੇ ਮੁਗਾਲਤੇ ਵਿਚ ਹਨ ਕਿ ਸਾਰੇ ਸਿੱਖ ਹਿੰਦੂਆਂ ਤੋਂ ਹੀ ਸਿੱਖ ਬਣੇ ਹਨ। ਇਸ ਲਈ ਇਹ ਸਿੱਖ ਧਰਮ ਦਾ ਹੀ ਇਕ ਅੰਗ ਹਨ, ਜਿਵੇਂ ਬੋਧੀ ਜੈਨੀ ਤੇ ਆਰੀਆ ਸਮਾਜੀ। ਪਰ ਇਹ ਵੀ ਅਸਲੀਅਤ ਤੋਂ ਦੂਰ ਹੈ। ਭਾਰਤ ਵਿਚ ਬਹੁਤੇ ਮੁਸਲਮਾਨ ਤੇ ਈਸਾਈ ਹਿੰਦੂਆਂ ਵਿਚੋਂ ਹੀ ਆਏ ਹਨ। ਇਨ੍ਹਾਂ ਨੂੰ ਕਤੱਈ ਹਿੰਦੂ ਧਰਮ ਦਾ ਅੰਗ ਨਹੀਂ ਕਿਹਾ ਜਾ ਸਕਦਾ। ਕੋਈ ਕਹਿ ਕੇ ਵੇਖੇ ਤਾਂ ਸਹੀ, ਉਹ ਸੁਣ ਕੇ ਅੱਗ ਭਬੂਕੇ ਹੋ ਜਾਂਦੇ ਹਨ। ਭੂੰਡਾਂ ਦੀ ਖੱਖਰ ਛੇੜਨ ਵਾਲੀ ਗੱਲ ਹੈ। ਭਾਰਤ ਦਾ ਮੁਸਲਮਾਨ ਤੇ ਈਸਾਈ, ਭਾਵੇਂ ਹਿੰਦੂਆਂ ਤੋਂ ਹੀ ਆਏ ਹਨ ਪਰੰਤੂ ਹੁਣ ਉਨ੍ਹਾ ਨੂੰ ਹਿੰਦੂ ਕਦਾਚਿਤ ਨਹੀਂ ਕਿਹਾ ਜਾ ਸਕਦਾ। ਇਸੇ ਤਰ੍ਹਾਂ ਅਸੀਂ ਸਿੱਖਾਂ ਨੂੰ ਵੀ ਹਿੰਦੂ ਕਹਿ ਕੇ ਉਨ੍ਹਾਂ ਦਾ ਨਿਰਾਦਰ ਕਰਦੇ ਹਾਂ। ਕੋਈ ਵਾਲਾਂ ਨੂੰ ਦਾਹੜੀ ਨਹੀਂ ਕਹਿੰਦਾ। ਭਾਵੇਂ ਇਹ ਦੋਹਵੇਂ ਇਕੋ ਸਰੀਰ ਦੇ ਹਿੱਸੇ ਹਨ। ਜਿਹੜਾ ਸਿੱਖ ਵੀ ਆਪਣੇ ਆਪ ਨੂੰ ਹਿੰਦੂ ਧਰਮਦਾਇਕ ਸਮਝਦਾ ਹੈ, ਉਸ ਦੀ ਸਿੱਖੀ ਬਾਰੇ ਜਾਣਕਾਰੀ ਬਿਲਕੁਲ ਅਧੂਰੀ ਹੈ। ਇਸੇ ਤਰ੍ਹਾਂ ਜਿਹੜਾ ਹਿੰਦੂ ਸਿੱਖਾਂ ਨੂੰ ਹਿੰਦੂ ਧਰਮ ਦੀ ਇਕ ਸ਼ਾਖ ਹੀ ਸਮਝਦਾ ਹੈ, ਉਸ ਦੀ ਗੁਰਮੱਤ ਬਾਰੇ ਜਾਣਕਾਰੀ ਮਸਨੂਹੀ ਤੇ ਸ਼ਰਾਰਤ ਭਰਪੂਰ ਹੈ। ਇਹ ਕੋਈ ਮੁੱਦਾ ਜਾਂ ਮਸਲਾ ਨਹੀਂ। ਨਾ ਕਦੀ ਸੀ ਨਾ ਹੈ।

ਭਾਰਤ ਵਿਚ ਸਿੱਖ ਧਰਮ, ਹਿੰਦੂ ਧਰਮ ਦੀਆਂ ਕੁਰੀਤੀਆਂ ਕਾਰਨ ਪੈਦਾ ਹੋਇਆ ਸੀ। ਬਿਪਰਨਵਾਦ ਦੇ ਬੋਲਬਾਲੇ ਨੇ ਲੋਕਾਂ ਦਾ ਜੀਣਾ ਦੂਰਬਲ ਕਰ ਦਿੱਤਾ ਸੀ। ਉੱਚੀ ਕੁਲ ਦੇ ਬਾਹਮਣ ਤੇ ਕਸ਼ੱਤਰੀ, ਨੀਵੀਆਂ ਜਾਤਾਂ ਨੂੰ ਇਨਸਾਨ ਹੀ ਨਹੀਂ ਤਸੱਵਰ ਕਰਦੇ ਸਨ। ਉਨ੍ਹਾਂ ਦਾ ਪ੍ਰਛਾਵਾਂ ਵੀ ਜੇਕਰ ਬਹਾਮਣਾਂ ਤੇ ਪੈ ਜਾਂਦਾ ਤਾਂ ਉਨ੍ਹਾਂ ਨੂੰ ਇਸ਼ਨਾਨ ਕਰਕੇ ਸ਼ੁਧੀ ਕਰਨੀ ਪੈਂਦੀ ਸੀ। ਨੀਵੀਆਂ ਜਾਤਾਂ ਨੂੰ ਤਮਾਮ ਮਨੁੱਖੀ ਅਧਿਕਾਰਾਂ ਤੋਂ ਵਿਰਵਿਆਂ ਕੀਤਾ ਗਿਆ ਸੀ। ਵਿਦਿਆ ਪੜ੍ਹਨ ਦੀ ਉਨ੍ਹਾਂ ਨੂੰ ਆਗਿਆ ਨਹੀਂ ਸੀ। ਕਿਸੇ ਵੇਲੇ ਕਿਸੇ ਸ਼ੂਦਰ ਨੂੰ ਪੜ੍ਹਦਾ ਵੇਖ ਸੁਣ ਕੇ, ਮੌਤ ਦੇ ਘਾਟ ਉਤਾਰਿਆ ਜਾਂਦਾ ਸੀ ਜਾਂ ਉਸ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ। ਅਜਿਹਾ ਦੁਰਵਿਹਾਰ ਦੁਨੀਆਂ ਦੇ ਕਿਸੇ ਮੁਲਕ ਵਿਚ ਵੀ ਕਦੀ ਵੇਖਣ ਸੁਣਨ ਵਿਚ ਨਹੀਂ ਆਇਆ। ਪਰ ਭਾਰਤ ਵਿਚ ਅਜਿਹੇ ਫੁਰਮਾਣ ਛੱਡਣ ਵਾਲੀ ਮੰਨੂ ਸਮ੍ਰਿਤੀ ਨੂੰ ਇਕ ਧਾਰਮਿਕ ਗ੍ਰੰਥ ਦੇ ਤੌਰ ਤੇ ਪੂਜਿਆਂ ਤੇ ਸਤਿਕਾਰਿਆ ਜਾਂਦਾ ਸੀ। ਕਿਸੇ ਚੰਗੇ ਭਲੇ ਇਨਸਾਨ ਨੂੰ ਗ਼ੈਰ

ਮਨੁੱਖੀ ਹਾਲਾਤ ਵਿਚ ਜਿਊਣ ਲਈ ਮਜ਼ਬੂਰ ਕਰਨ ਦਾ ਵਹਿਸ਼ੀ ਸਿਲਸਿਲਾ ਸਦੀਆਂ ਭਰ ਬੇਰੋਕ ਟੋਕ ਚੱਲਦਾ ਰਿਹਾ। ਇਹ ਕੈਸਾ ਸਮਾਜ ਹੋਵੇਗਾ ? ਭਲੀਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਇਹੀ ਕਾਰਨ ਹੈ, ਬਾਹਮਣਾਂ ਦੀ ਸਿਤਮਗਿਰੀ ਤੋਂ ਸਤੇ ਹੋਏ ਲੋਕ, ਸੂਫ਼ੀ, ਪੀਰਾਂ, ਫ਼ਕੀਰਾਂ ਦੇ ਸਾਂਝੀਵਾਲਤਾ ਦੇ ਪੈਗ਼ਾਮ ਸੁਣ ਕੇ, ਮੁਸਲਮਾਨ ਬਣਦੇ ਗਏ। ਭਾਰਤ ਦੇ ਉਤਰ ਪੱਛਮ ਵਿਚ ਹਿੰਦੂ ਰਾਜਪੂਤ ਰਾਜੇ ਇਸਲਾਮ ਧਾਰਨ ਕਰਕੇ, ਬਾਹਮਣ ਦੇ ਜੂਲੇ ਹੇਠੋਂ ਨਿਕਲ ਗਏ। ਲੱਖਾਂ ਦੀ ਗਿਣਤੀ ਵਿਚ ਲੋਕ ਮੁਸਲਮਾਨ ਬਣ ਕੇ, ਜ਼ਿੰਦਗੀ ਦਾ ਲੁਤਫ਼ ਲੈਣ ਲੱਗੇ। ਉਨ੍ਹਾਂ ਨੇ ਪਹਿਲੀ ਵਾਰ, ਅਜ਼ਾਦੀ ਤੇ ਸੁਖ ਸਹੂਲਤਾਂ ਦਾ ਹੁਲਾਰਾ ਲਿਆ। ਇਨ੍ਹਾਂ ਬਹਾਮਣਾਂ ਤੋਂ ਤੰਗ ਆ ਕੇ ਲੋਕਾਂ ਨੇ ਬੁੱਧ ਧਰਮ ਗ੍ਰਹਿਣ ਕੀਤਾ ਸੀ। ਜੈਨ ਧਰਮ ਕਬੂਲ ਕੀਤਾ ਸੀ। ਵੈਦਿਕ ਕਾਲ ਵੇਲੇ ਉੱਚੀ ਕੁਲ ਵਾਲੇ, ਸਭੇ ਸੁਖ ਸਹੂਲਤਾਂ ਮਾਣਦੇ ਸਨ ਪਰੰਤੂ ਨੀਵੀਂ ਕੁਲ ਦੇ ਲੋਕਾਂ ਦਾ ਮੁੱਖ ਮਨੋਰਥ ਕੇਵਲ ਉੱਚੀਆਂ ਜਾਤੀਆਂ ਦੀ ਸੇਵਾ ਕਰਨਾ ਹੀ ਸੀ। ਅਜਿਹਾ ਅਸਾਵਾਂ ਤੇ ਗ਼ੈਰ ਕੁਦਰਤੀ ਸਮਾਜ ਕਿੰਨਾ ਕੁ ਚਿਰ ਟਿਕ ਸਕਦਾ ਸੀ ?

ਅਜਿਹੇ ਮਾਹੌਲ ਵਿਚ ਹੀ ਸਿੱਖ ਧਰਮ ਪੈਦਾ ਹੋਇਆ। ਸਿੱਖ ਧਰਮ ਕੇਵਲ ਇਕ ਪ੍ਰਮਾਤਮਾ ਵਿਚ ਯਕੀਨ ਰੱਖਦਾ ਹੈ, ਜਦੋਂ ਕਿ ਹਿੰਦੂ ਧਰਮ ਤਿੰਨਾਂ ਦੇਵਤਿਆਂ, ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨੂੰ ਦੁਨੀਆਂ ਨੂੰ ਸਾਜਣ ਵਾਲੇ ਮੰਨਦਾ ਹੈ। ਸਿੱਖ ਧਰਮ ਕੇਵਲ ਇਕ ਅਕਾਲ ਪੁਰਖ, ਜੋ ਨਿਰਵੈਰ, ਨਿਰਭੈ, ਅਕਾਲ ਮੂਰਤ, ਜੰਮਣ ਮਰਨ ਤੋਂ ਰਹਿਤ ਤੇ ਆਦਿ ਜੁਗਾਦਿ ਤੋਂ ਸੱਚ ਹੈ ਤੇ ਜੁੱਗਾਂ ਤੀਕ ਸੱਚਾ ਹੀ ਰਹੇਗਾ। ਹਿੰਦੂ ਧਰਮ ਬੁੱਤ ਪੂਜਾ ਵਿਚ ਆਸਥਾ ਰੱਖਦਾ ਹੈ। ਦੇਵੀ ਦੇਵਤਿਆਂ ਦੀ ਪੂਜਾ ਪਾਠ ਕਰਕੇ, ਉਨ੍ਹਾਂ ਦੀ ਅਰਾਧਨਾ ਕਰਕੇ, ਆਪਣੇ ਕਸ਼ਟ ਕਲੇਸ਼ਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਦਾ ਹੈ। ਪਰ ਸਿੱਖੀ ਵਿਚ ਬੁੱਤ ਪੂਜਾ ਵਰਜਿਤ ਹੈ। ਸਿੱਖ ਕਿਸੇ ਬੁੱਤ ਜਾਂ ਮੜੀ ਦੀ ਪੂਜਾ ਨਹੀਂ ਕਰਦਾ। ਸਿੱਖ ਇਕੋ ਖੰਡੇ ਬਾਟੇ ਦੀ ਪਾਹੁਲ ਛੱਕ ਕੇ, ਇਕ ਮਿਕ ਹੋ ਜਾਂਦੇ ਹਨ। ਉਨ੍ਹਾਂ ਦੀ ਕੋਈ ਜਾਤ ਪਾਤ ਨਹੀਂ ਰਹਿੰਦੀ। 'ਸਭੇ ਸਾਂਝੀਵਾਲ ਸਦਾਇਨ ਤੂੰ ਕਿਸੇ ਨਾ ਦੀਸੈ ਬਾਹਰਾ ਜੀਓ।' ਦੇ ਸਿਧਾਂਤ ਨੂੰ ਸਿੱਖੀ ਦਾ ਧੁਰਾ ਮੰਨਿਆ ਗਿਆ ਹੈ। ਸਿੱਖ ਮਨੁੱਖ ਦੀ ਕਿਸੇ ਵਰਗਵੰਡ ਨੂੰ ਨਹੀਂ ਮੰਨਦੇ। ਸਿੱਖ ਤੀਰਥਾਂ ਦੀ ਯਾਤਰਾ ਤੇ ਗੰਗਾ ਜਮਨਾ ਵਿਚ ਇਸ਼ਨਾਨ ਕਰਕੇ, ਆਪਣੇ ਪਾਪਾਂ ਨੂੰ ਧੋਣ ਦਾ ਢੋਂਗ ਨਹੀਂ ਰਚਦੇ। ਕਿਸੇ ਹਵਨ, ਯੱਗ ਜਾਂ ਜੰਤਰ-ਮੰਤਰ ਵਿਚ ਸਿੱਖਾਂ ਦਾ ਕੋਈ ਵਿਸ਼ਵਾਸ ਨਹੀਂ। ਸਿੱਖੀ ਦੇ ਕੁਝ ਸਿਧਾਂਤ ਇਸਲਾਮ ਨਾਲ ਤਾਂ ਮਿਲ ਸਕਦੇ ਹਨ ਪਰੰਤੂ ਸਿੱਖੀ ਹਿੰਦੂ ਧਰਮ ਤੋਂ ਕਾਫ਼ੀ ਦੂਰ ਨਿਕਲ ਗਈ ਹੈ। ਇਸ ਲਈ ਕਿਸੇ ਵੀ ਲਿਹਾਜ਼ ਨਾਲ, ਸਿੱਖਾਂ ਨੂੰ ਹਿੰਦੂਆਂ ਦੀ ਸ਼ਾਖ ਨਹੀਂ ਸਮਝਿਆ ਜਾ ਸਕਦਾ।

ਜਦੋਂ ਤੋਂ ਸਿੱਖ ਧਰਮ ਹੋਂਦ ਵਿਚ ਆਇਆ, ਉਸੇ ਦਿਨ ਤੋਂ ਇਸ ਦੇ ਦੋਖੀਆਂ ਦੀ ਨੀਂਦ ਹਰਾਮ ਹੋ ਗਈ ਹੈ। ਸਮੇਂ-ਸਮੇਂ ਸਿਰ ਬ੍ਰਾਹਮਣਵਾਦ ਨੇ ਸਿੱਖ ਇਤਿਹਾਸ, ਗੁਰਮੱਤ, ਗੁਰਬਾਣੀ ਤੇ ਸਿੱਖ ਰਵਾਇਤਾਂ ਵਿਚ ਘਚੋਲਾ ਪਾਉਣ ਦੀ ਨਿਰੰਤਰ ਕੋਸ਼ਿਸ਼ ਕੀਤੀ ਹੈ।

ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤਰਜੀਹ ਦੇਣ ਦੀ ਕੋਝੀ ਚਾਲ ਚਲਾਈ ਹੈ। ਅਸ਼ਲੀਲ ਤੇ ਬੇਹੂਦਾ ਲਿਖਤਾਂ ਨੂੰ ਸਿੱਖ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਜੋੜਨ ਦੀ ਕੋਸ਼ਿਸ ਕੀਤੀ ਗਈ ਹੈ। ਸਿੱਖਾਂ ਦੇ ਗੁਰਧਾਮਾਂ ਉੱਪਰ ਕਬਜ਼ਾ ਕਰਕੇ, ਸਿੱਖਾਂ ਵਿਰੁੱਧ ਪ੍ਰਚਾਰ ਕਰਨ ਦੀ ਮੁਹਿੰਮ ਛੇੜੀ ਗਈ ਸੀ। ਅਠਾਰਵੀਂ ਸਦੀ ਵਿਚ ਜਦੋਂ ਸਿੱਖ ਆਪਣੀ ਹੋਂਦ ਕਾਇਮ ਰੱਖਣ ਲਈ ਜੰਗਲਾਂ ਤੇ ਪਹਾੜਾਂ ਵਿਚ ਲੁਕ-ਛਿਪ ਕੇ ਗੁਰੀਲਾ ਜੰਗ ਲੜਦੇ ਸਨ ਤਾਂ ਉਸ ਵਕਤ ਹਿੰਦੂ ਮਹੰਤਾਂ ਨੇ ਸਿੱਖੀ ਬਾਣਾ ਪਹਿਨ ਕੇ, ਤਮਾਮ ਸਿੱਖ ਧਾਰਮਿਕ ਸਥਾਨਾ ਉੱਪਰ ਕਬਜ਼ਾ ਜਮਾ ਲਿਆ ਸੀ। ਪੂਜਾ ਦਾ ਧੰਨ ਖਾ ਕੇ ਉਨ੍ਹਾਂ ਦੀ ਮੱਤ ਭ੍ਰਿਸ਼ਟ ਹੋਈ ਪਈ ਸੀ। ਇਸ ਵੇਲੇ ਸਿੱਖੀ ਦੇ ਦੋਖੀਆਂ ਨੇ ਸਿੱਖ ਗੁਰਬਾਣੀ ਤੇ ਸਾਹਿਤ ਨਾਲ ਛੇੜ ਛਾੜ ਕਰਕੇ, ਸਿੱਖੀ ਦਾ ਸਰੂਪ ਤੇ ਸੀਰਤ ਵਿਗਾੜਨ ਦੀ ਕੋਸ਼ਿਸ ਕੀਤੀ ਸੀ। ਉਹ ਕਾਫ਼ੀ ਹੱਦ ਤੱਕ ਕਾਮਯਾਬ ਵੀ ਰਹੇ। ਹੁਣ ਸਾਨੂੰ ਆਪਣਾ ਇਤਿਹਾਸ, ਗੁਰਬਾਣੀ ਦੇ ਆਧਾਰਿਤ ਕਰਨਾ ਪਵੇਗਾ। ਪਹਿਲਾ ਤੇ ਪਰੰਪਰਾਵਾਂ ਦਾ ਇਤਿਹਾਸ ਕਈ ਸ਼ੱਕਾਂ ਦੇ ਘੇਰਿਆਂ ਵਿਚ ਘਿਰ ਗਿਆ ਹੈ। ਸਿੱਖ ਪੰਥ ਬਿਪਰਨਵਾਦੀ ਤੇ ਵੈਸ਼ਨਵ ਇਤਿਹਾਸ ਤੇ ਬਾਣੀ ਨੂੰ ਪੂਰੀ ਤਰ੍ਹਾਂ ਪ੍ਰਵਾਨ ਨਹੀਂ ਕਰਦਾ। ਜੇਕਰ ਕੋਈ ਸਾਡੇ ਸਿੱਖ ਸਭਿਆਚਾਰ ਤੇ ਇਤਿਹਾਸ ਦਾ ਹੁਲੀਆ ਵਿਗਾੜਨ ਦੀ ਕੋਸ਼ਿਸ ਕਰੇਗਾ ਤਾਂ ਉਸ ਵਿਰੁੱਧ ਸਮੁੱਚਾ ਸਿੱਖ ਪੰਥ ਇਕ ਪਹਾੜ ਬਣ ਕੇ ਖੜ ਜਾਵੇਗਾ। ਉਹ ਵੇਲਾ ਲੰਘ ਗਿਆ ਜਦੋਂ ਖਲੀਲ ਖਾਂ ਘੁੱਗੀਆਂ ਉਡਾਇਆ ਕਰਦੇ ਸਨ।

ਸਿੱਖ ਧਰਮ ਦੀ ਇਕ ਅੱਡਰੀ ਪਛਾਣ ਹੈ। ਅਸੀਂ ਸਮੁੱਚੇ ਭਾਰਤ ਦੀ ਜੰਨ ਸੰਖਿਆ ਦਾ 2 ਪ੍ਰਤੀਸ਼ਤ ਹਾਂ। ਸਾਡੇ ਸਾਹਮਣੇ ਯਹੂਦੀ ਕੌਮ ਦੀ ਮਿਸਾਲ ਹੈ। ਉਹ 2800 ਸਾਲ ਬਾਕੀ ਧਰਮਾਂ ਦੇ ਜ਼ੁਲਮੋ ਸਿਤਮ ਸਹਿੰਦੀ ਆਈ ਹੈ। ਉਹ ਆਪਣੇ ਧਰਮ ਗ੍ਰੰਥ ਨਾਲ ਜੁੜੇ ਰਹੇ ਹਨ। ਉਨ੍ਹਾਂ ਦੀ ਜ਼ਬਾਨੀ ਇਬਰਾਨੀ ਹਰ ਯਹੂਦੀ ਨੂੰ ਭਲੀਭਾਂਤ ਆਉਂਦੀ ਹੈ। ਉਹ ਆਪਣੇ ਮਜ਼ਹਬ ਦੀਆਂ ਰਹੁ ਰੀਤਾਂ ਤੇ ਸਭਿਆਚਾਰ ਨਾਲ ਜੁੜੇ ਰਹੇ ਹਨ। ਉਨ੍ਹਾਂ ਦਾ ਆਪਣੇ ਧਰਮ ਤੇ ਉਸ ਦੇ ਸਿਧਾਂਤਾਂ ਉੱਪਰ ਅਟੱਲ ਵਿਸ਼ਵਾਸ ਹੈ। ਇਹੀ ਕਾਰਨ ਹੈ ਕਿ ਉਹ ਹਿਟਲਰ ਦੀ ਯਹੂਦੀ ਨਸਲਕੁਸ਼ੀ ਦੇ ਉਪਰੰਤ ਅੱਜ ਜ਼ਿੰਦਾ ਹਨ। ਬੜੇ ਬੜੇ ਵਿਗਿਆਨੀ, ਡਾਕਟਰ, ਅਰਥ ਸ਼ਾਸ਼ਤਰੀ ਤੇ ਸਾਹਿਤਕਾਰ ਇਸ ਕੌਮ ਵਿਚ ਪੈਦਾ ਹੋਏ ਹਨ। ਅਮਰੀਕਾ ਵਿਚ ਯਹੂਦੀ ਕੌਮ ਦੀ ਸਰਦਾਰੀ ਹੈ। ਸਭ ਤੋਂ ਵੱਧ ਅਮੀਰ ਉਸ ਮੁਲਕ ਵਿਚ ਯਹੂਦੀ ਹੀ ਹਨ। ਅਮਰੀਕਨ ਸਰਕਾਰਾਂ ਉੱਪਰ ਉਨ੍ਹਾਂ ਦਾ ਪੂਰਾ ਦਬ-ਦਬਾ ਕਾਇਮ ਹੈ। ਇਕ ਛੋਟੇ ਜਿਹੇ ਟੈਣੇ ਮੁਲਕ ਨੇ ਸਾਰੇ ਅਰਬ ਜਗਤ ਨੂੰ ਵਖਤ ਪਾ ਰੱਖਿਆ ਹੈ। ਇਜ਼ਰਾਈਲ ਨੇ ਜੰਗ ਦੌਰਾਨ, ਆਪਣੇ ਸਾਰੇ ਗਵਾਂਢੀ ਦੁਸ਼ਮਣ ਮੁਲਕਾਂ ਦੀ ਹਵਾਈ ਫੌਜ ਇਕੋ ਦਿਨ ਤਬਾਹ ਕਰ ਦਿੱਤੀ ਸੀ। ਯਹੂਦੀ ਲੋਕ ਸਿੱਖਾਂ ਲਈ ਇਕ ਪ੍ਰੇਰਨਾ ਹੈ। ਜੇਕਰ ਸਿੱਖ ਵੀ ਯਹੂਦੀਆਂ ਦੇ ਪਗ ਕਦਮਾਂ ਉੱਪਰ ਚੱਲਣਗੇ ਤਾਂ ਉਹ ਵੀ ਇਕ ਦਿਨ ਆਪਣੇ ਮੁਲਕ ਦੀ ਰਾਜਨੀਤੀ ਉੱਪਰ ਛਾ ਸਕਦੇ ਹਨ। ਇਹ ਕਾਰਜ ਅਸੰਭਵ ਨਹੀਂ।

ਅੱਜਕਲ੍ਹ ਸਿੱਖ ਰਾਜਨੀਤੀ ਉੱਪਰ ਆਰ.ਐੱਸ.ਐੱਸ ਦਾ ਬਹੁਤ ਪ੍ਰਭਾਵ ਹੈ। ਆਰ.ਐੱਸ.ਐੱਸ. ਨੇ ਇਕ ਚਾਲ ਅਧੀਨ, ਡੇਰਿਆਂ ਦੇ ਮੁਖੀਆਂ ਯਾਨੀ ਨਾਮ-ਨਿਹਾਦ

ਸਾਧਾਂ ਸੰਤਾਂ, ਮਹੰਤਾਂ ਨੂੰ ਹੱਲਾਸ਼ੇਰੀ ਦੇ ਕੇ, ਉਨ੍ਹਾਂ ਕੋਲੋਂ ਸਿੱਖ ਧਰਮ ਵਿਰੁੱਧ ਪ੍ਰਚਾਰ ਕਰਵਾ ਰਹੇ ਹਨ। ਸੰਤ ਸਮਾਜ ਨੇ ਇਹ ਜ਼ਿੰਮਾ ਸੰਭਾਲ ਲਿਆ ਹੈ। ਸਰਕਾਰ ਵੀ ਇਨ੍ਹਾਂ ਸੰਤਾਂ, ਬਾਪੂਆਂ ਤੇ ਸਵਾਮੀਆਂ ਨੂੰ ਪਨਾਹ ਦੇ ਰਹੀ ਹੈ। ਆਸਾਰਾਮ ਵਰਗੇ ਢੌਂਗੀ ਸੰਤ ਪੰਜਾਬ ਸਰਕਾਰ ਦੇ ਸ਼ਾਹੀ ਮਹਿਮਾਨ ਵਜੋਂ ਵਿਚਰਦੇ ਹਨ। ਇਹੀ ਸਥਾਨ ਗੁਰਮੀਤ ਰਾਮ ਰਹੀਮ ਨੂੰ ਹਾਸਿਲ ਹੈ। ਰਾਧਾ-ਸਵਾਮੀਆਂ, ਨਿਰੰਕਾਰੀਆਂ ਅਤੇ ਆਸ਼ੂਤੋਸ਼ਾਂ ਨੇ ਵੀ ਸਿੱਖ ਧਰਮ ਵਿਚ ਦਖਲ ਅੰਦਾਜ਼ੀ ਸ਼ੁਰੂ ਕਰ ਦਿੱਤੀ ਹੈ। ਖਾਲਸਾ ਕਾਲਜ ਅੰਮ੍ਰਿਤਸਰ, ਸਿੱਖਾਂ ਦੀ ਇਕ ਸਰਬਉੱਚ ਸੰਸਥਾ ਹੈ। ਇਸ ਉੱਪਰ ਅੰਗਰੇਜ਼ਾਂ ਨੇ ਵੀ ਕਬਜ਼ਾ ਜਮਾਉਣ ਦੀ ਕੋਸ਼ਿਸ਼ ਕੀਤੀ ਸੀ। ਸਿੱਖਾਂ ਨੂੰ ਇਹ ਦਖਲ ਅੰਦਾਜ਼ੀ ਕਤਈ ਕਬੂਲ ਨਹੀਂ ਸੀ। ਅੱਜਕਲ੍ਹ, ਖਾਲਸਾ ਕਾਲਜ ਉੱਪਰ ਭਾਰਤੀ ਜਨਤਾ ਪਾਰਟੀ ਦਾ ਪੂਰਾ ਪ੍ਰਭਾਵ ਹੈ। ਮੰਦਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਤ ਕਰਕੇ, ਆਖੰਡ ਪਾਠ ਰਖਵਾਏ ਜਾ ਰਹੇ ਹਨ ਤੇ ਸਿੱਖ ਇਨ੍ਹਾਂ ਦੇ ਭੋਗਾਂ ਵਿਚ ਸ਼ਾਮਿਲ ਹੁੰਦੇ ਹਨ। ਇਸ ਕਾਰਜ ਲਈ ਰਾਸ਼ਟਰੀ ਸਿੱਖ ਸੰਗਤ ਸਥਾਪਿਤ ਕੀਤੀ ਗਈ ਹੈ। ਹਿੰਦੂ ਮੰਦਰਾਂ ਵਿਚ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਇਹ ਕਿਸ ਤਰਫ਼ ਸਿੱਖੀ ਨੂੰ ਲਜਾਇਆ ਜਾ ਰਿਹਾ ਹੈ ? ਸਿੱਖ ਲੋਕ ਧੜਾ ਧੜ ਸਵੈਮ ਸੇਵਕ ਸੰਘ ਦੀਆਂ ਸ਼ਾਖਾਵਾਂ ਵਿਚ ਸ਼ਾਮਿਲ ਹੋ ਰਹੇ ਹਨ। ਹਵਨਾਂ, ਯੱਗਾਂ ਤੇ ਪੂਜਾ-ਪਾਠਾਂ ਵਿਚ ਸ਼ਿਰਕਤ ਕਰ ਰਹੇ ਹਨ। ਬੀ.ਜੇ.ਪੀ. ਵਿਚ ਸ਼ਾਮਿਲ ਹੋ ਕੇ ਲੋਕ ਸੱਤਾ ਦਾ ਨਿੱਘ ਮਾਨਣਾ ਚਾਹੁੰਦੇ ਹਨ। ਇਹ ਮੌਕਾਪ੍ਰਸਤੀ ਦੀ ਇੰਤਹਾ ਹੈ। ਸਿੱਖ ਲੋਕ ਜਗਰਾਤਿਆਂ ਵਿਚ ਸ਼ਾਮਿਲ ਹੋ ਕੇ, ਪੂਜਾ ਪਾਠ ਕਰਦੇ ਵੀ ਵੇਖੇ ਗਏ ਹਨ। ਇਹ ਸਰਾਸਰ ਦਿਸ਼ਾਹੀਣਤਾ ਹੈ। ਸਿੱਖੀ ਦਾ ਮਾਰਗ ਇਹ ਨਹੀਂ। ਸਿੱਖਾਂ ਨੂੰ ਚਾਲ ਵਿਚ ਫਸਾ ਕੇ ਭਟਕਾਇਆ ਜਾ ਰਿਹਾ ਹੈ। ਸਿੱਖ ਜਗਤ ਨੂੰ ਸੁਚੇਤ ਹੋਣ ਦੀ ਲੋੜ ਹੈ। ਜਾਗਣ ਦੀ ਲੋੜ ਹੈ। ਸਾਨੂੰ ਫਿਰ ਬਿਪਰਨਵਾਦ ਵੱਲ ਧੱਕਿਆ ਜਾ ਰਿਹਾ ਹੈ।

ਸਿੱਖੀ ਵਿਚ ਸ਼੍ਰੇਸ਼ਟ, ਵਿਗਿਆਨਕ, ਮਾਡਰਨ ਮੌਲਿਕ ਤੇ ਅਨੋਖਾ ਧਰਮ ਹੈ। ਸਾਨੂੰ ਕਿਸੇ ਦੀ ਪੂਛ ਬਣਨ ਦੀ ਜ਼ਰੂਰਤ ਨਹੀਂ। ਹੁਣ ਅਸਾਂ ਅਗਵਾਈ ਕਰਨੀ ਹੈ। ਲੋਕਾਂ ਨੇ ਸਾਡੇ ਪਿੱਛੇ ਆਉਣਾ ਹੈ। ਹਰ ਇਕ ਸਿੱਖ ਨੂੰ ਸਵੈ-ਵਿਸ਼ਵਾਸ ਨਾਲ ਚੜ੍ਹਦੀਆਂ ਕਲਾਂ ਨਾਲ, ਅਜੋਕੇ ਭਾਰਤ ਦੀ ਰਹਿਨੁਮਾਈ ਕਰਨੀ ਚਾਹੀਦੀ ਹੈ। ਸਿੱਖੀ ਨੇ ਸਾਨੂੰ ਸਰਦਾਰ ਬਣਾ ਕੇ, ਜੱਗ ਦੇ ਮੋਹਰੀ ਬਣਾਉਣਾ ਹੈ। ਸਾਡੀ ਅਣਖ, ਦਲੇਰੀ ਤੇ ਗੁਰਮੱਤ ਨੇ ਸਾਡੀਆਂ ਸੁੱਤੀਆਂ ਕਲਾਂ ਜਗਾ ਕੇ ਸਾਨੂੰ ਯਹੂਦੀਆਂ ਤੋਂ ਅਗਲੇਰਾ ਸਥਾਨ ਤੇ ਸ਼ੌਹਰਤ ਪ੍ਰਾਪਤ ਕਰਨ ਦੇ ਸਮਰੱਥ ਬਣਾਉਣਾ ਹੈ।

# ਜਾਤਾਂ ਬਰਾਦੀਆਂ ਵਾਲੇ ਸਿੱਖ

ਜਿਹੜਾ ਸ਼ਕਸ ਜਾਤਾਂ-ਪਾਤਾਂ ਵਿਚ ਯਕੀਨ ਰੱਖਦਾ ਹੈ, ਉਹ ਕਦਾਚਿਤ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਜੇਕਰ ਸਿੱਖਾਂ ਨੇ ਹਿੰਦੂ ਵੀਰਾਂ ਵਾਂਗ ਜਾਤੀ ਅਭਿਮਾਨ ਦੇ ਹੀ ਝੰਡੇ ਬੁਲੰਦ ਰੱਖਣੇ ਹਨ ਅਤੇ ਉੱਚੀ ਜਾਤ ਤਸੱਵਰ ਕਰਕੇ ਨੀਵੀਂ ਜਾਤ ਵਾਲਿਆਂ ਨਾਲ ਨਫ਼ਰਤ ਹੀ ਕਰਨੀ ਹੈ ਅਤੇ ਉਨ੍ਹਾਂ ਨਾਲ ਰੋਟੀ ਬੇਟੀ ਦੇ ਰਿਸ਼ਤੇ ਕਰਨ ਤੋਂ ਪ੍ਰਹੇਜ਼ ਹੀ ਕਰਨਾ ਹੈ ਅਤੇ ਆਪਣੇ ਜਾਤੀ ਗੌਰਵ ਤਹਿਤ ਨੀਵੀਆਂ ਤੇ ਦਲਿਤ ਜਾਤੀ ਦੇ ਸਿੱਖਾਂ ਨਾਲ ਲਾਲ ਝੰਡੀ ਹੀ ਰੱਖਣੀ ਹੈ ਤਾਂ ਫਿਰ ਕਲਗੀਧਰ ਜਾਂ ਬਾਕੀ ਗੁਰੂ ਸਾਹਿਬਾਨ ਦੇ ਸਿੱਖ ਹੋਣ ਦਾ ਢੌਂਗ ਰਚਣ ਦੀ ਕੀ ਪ੍ਰਯੋਜਨ ? ਸਿੱਖ ਹੋਣ ਦਾ ਬਹੁਤ ਮਹੱਤਵ ਹੈ ਪਰ ਜਦੋਂ ਅਸੀਂ ਜੱਟ ਸਿੱਖ ਜਾਂ ਖੱਤਰੀ ਸਿੱਖ ਹੋਣ ਦਾ ਭਰਮ ਪਾਲਦੇ ਹਾਂ ਤਾਂ ਅਸੀਂ ਸਿੱਖ ਨਹੀਂ ਰਹਿੰਦੇ, ਢੌਂਗੀ ਬਣ ਜਾਂਦੇ ਹਾਂ। ਸਾਡਾ ਸਿੱਖ ਜਗਤ ਅਜਿਹੇ ਢੌਂਗੀਆਂ ਨਾਲ ਸਰਸ਼ਾਰ ਹੈ ਜਿਹੜੇ ਆਪਣੀ ਜਾਤ ਨੂੰ ਪਹਿਲਾਂ ਤੇ ਸਿੱਖੀ ਨੂੰ ਦੂਜਾ ਦਰਜ਼ਾ ਦਿੰਦੇ ਹਨ। ਜਦੋਂ ਕਿ ਧਰਮ ਪਹਿਲਾਂ ਤੇ ਜਾਤ ਜਾਂ ਕੋਈ ਅਭਿਮਾਨ ਬਾਅਦ ਵਿਚ ਆਉਣਾ ਚਾਹੀਦਾ ਹੈ। ਪਰ ਸਿੱਖ ਜਗਤ ਵਿਚ ਅੱਜਕਲ੍ਹ ਉਲਟੀ ਗੰਗਾ ਵਗ ਰਹੀ ਹੈ। ਇਸ ਨਾਲ ਸਿੱਖੀ ਦਾ ਘਾਣ ਹੋ ਰਿਹਾ ਹੈ।

ਇਤਿਹਾਸ ਗਵਾਹ ਹੈ ਕਿ ਜਦੋਂ ਦਸਵੇਂ ਪਾਤਸ਼ਾਹ ਨੇ ਸਿੱਖੀ ਚੋਂ ਖਾਲਸਾ ਪੰਥ ਸਿਰਜਿਆ ਸੀ ਤਾਂ ਉਸ ਵਕਤ ਦੇ ਸਿੱਖ ਨਿਰੋਲ ਤੇ ਖਾਲਸ ਸਿੱਖ ਸਨ। ਉਨ੍ਹਾਂ ਵਿਚ ਸਿੱਖੀ ਸ਼ਰਧਾ, ਭਾਵਨਾ ਤੇ ਸਿੱਦਕ ਸੀ। ਉਹ ਹਰੇਕ ਪ੍ਰੀਖਿਆ ਵਿਚੋਂ ਪਾਸ ਹੁੰਦੇ ਸਨ। ਹਰ ਮੈਦਾਨ ਫ਼ਤਹਿ ਕਰਦੇ ਸਨ। ਪੰਜਾਂ ਪਿਆਰਿਆਂ ਵਿਚ ਇਕ ਨੂੰ ਛੱਡ ਕੇ ਬਾਕੀ ਸਾਰੇ ਸਿੱਖ ਗਰੀਬ ਵਰਗਾਂ ਵਿਚੋਂ ਗੁਰੂ ਦੇ ਪਿਆਰੇ ਬਣੇ ਸਨ। ਉਹ ਭਾਵੇਂ ਪਹਿਲਾਂ ਵੱਖ-ਵੱਖ ਜਾਤੀਆਂ ਤੇ ਧਰਮਾਂ ਨਾਲ ਸੰਬੰਧ ਰੱਖਦੇ ਸਨ ਪਰ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਉਹ ਇਕਮਿਕ ਹੋ ਗਏ। ਇਹ ਅਭੇਦਤਾ ਹੀ ਸਿੱਖੀ ਦਾ ਸੰਦੇਸ਼ ਸੀ। ਇਨ੍ਹਾਂ ਗੁਰੂ ਪਿਆਰਿਆਂ ਨੇ ਇਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਕੇ, ਕਦਮ ਨਾਲ ਕਦਮ ਮਿਲਾ ਕੇ ਗੁਰੂ ਜੀ ਨਾਲ ਅਲੌਕਿਕ ਮੁਹਿੰਮਾਂ ਵਿਚ ਭਾਗ ਲਿਆ ਸੀ। ਬੰਦੇ ਬਹਾਦੁਰ ਤੇ ਸਿੱਖ ਮਿਸਲਾਂ ਤੀਕ, ਸਾਬਤ ਸੂਰਤ ਸਿੰਘਾਂ ਦਾ ਬੋਲਬਾਲਾ ਸੀ। ਇਸ ਤੋਂ ਬਾਅਦ ਖੰਡੇ ਦੀ ਪਾਹੁਲ ਦਾ ਅਸਰ ਘੱਟਣਾ ਸ਼ੁਰੂ ਹੋ ਗਿਆ। ਬਹੁਤੇ ਇਸ ਕਰਕੇ ਸਿੱਖ ਸਨ ਕਿਉਂਕਿ ਉਹ ਸਿੱਖ ਘਰਾਣੇ ਵਿਚ ਪੈਦਾ ਹੋਏ ਸਨ। ਅਜਿਹੇ ਸਿੱਖਾਂ ਵਿਚੋਂ, ਪ੍ਰਚਾਰ ਤੇ ਉਤਸ਼ਾਹ ਦੀ ਘਾਟ ਕਾਰਨ ਸਿੱਖੀ ਖੁਰਨ ਲੱਗੀ। ਸਿੱਖੀ ਸਪਿਰਟ ਨੂੰ ਤਿਆਗ ਕੇ ਸਿੱਖੀ ਬਾਣੇ ਤੇ ਸੂਰਤ ਨੂੰ

ਅਪਨਾਉਣਾ ਹੀ ਸਿੱਖੀ ਬਣ ਕੇ ਰਹਿ ਗਇਹ! ਇਹ ਸਿਲਸਿਲਾ ਨਿਰੰਤਰ ਚੱਲਦਾ ਰਿਹਾ ਹੈ। ਥੋਥੇ ਪ੍ਰਚਾਰਕਾਂ ਤੇ ਵਿੱਦਿਆ ਦੀ ਘਾਟ ਕਾਰਨ, ਗੁਰਮੱਤ ਤੇ ਸਿੱਖ ਸਭਿਆਚਾਰ ਉਨ੍ਹਾਂ ਦੇ ਚੇਤਿਆਂ ਵਿਚੋਂ ਅਲੋਪ ਹੋਣ ਲੱਗਾ। ਦੇਸ਼ ਗ਼ੁਲਾਮ ਹੋਣ ਕਰਕੇ, ਹਾਕਮਾਂ ਨੇ ਸਿੱਖੀ ਨੂੰ ਸੇਧ ਦੇਣ ਦੀ ਜਗ੍ਹਾ ਇਸ ਵਿਚ ਜਾਤੀਵਾਦ ਦਾ ਰੁਝਾਨ ਪੈਦਾ ਕਰ ਦਿੱਤਾ। ਫਲਾਣੀ ਜਾਤੀ ਜੰਗਜੂ ਹੈ ਤੇ ਢਿਮਕੀ ਬੁਜ਼ਦਿਲ। ਉਨ੍ਹਾਂ ਨੂੰ ਫੌਜ ਤੇ ਪੁਲੀਸ ਵਿਚ ਭਰਤੀ ਕਰਨ ਵੇਲੇ ਇਹ ਫਾਰਮੂਲਾ ਲਾਗੂ ਕੀਤਾ ਗਿਆ। ਇਸੇ ਤਰ੍ਹਾਂ ਜ਼ਿਮੀਦਾਰਾਂ, ਕਿਸਾਨਾਂ ਤੇ ਮੁਜ਼ਾਰਿਆਂ ਦੀ ਵੰਡ ਹੋਈ। ਸਿੱਖੀ ਲੀਰੋ ਲੀਰ ਹੋ ਗਈ। ਸਿੱਖੀ ਦਾ ਕੇਵਲ ਢਾਂਚਾ ਹੀ ਨਜ਼ਰ ਆਉਣ ਲੱਗਾ। ਰੂਹ ਗਾਇਬ ਹੋਣ ਲੱਗੀ। ਇਹ ਖੋਰਾ ਨਿਰੰਤਰ ਵੱਧਦਾ ਰਿਹਾ।

ਜਿਸ ਸਿੱਖ ਕੋਲ ਜ਼ਮੀਨ ਤੇ ਜਾਇਦਾਦ ਹੱਥ ਆਈ, ਉਹ ਸਿੱਖ ਸਰਦਾਰ ਅਖਵਾਉਣ ਲੱਗਾ। ਕਿਸੇ ਸਰਦਾਰ ਦੇ ਖੇਤਾਂ ਤੇ ਘਰਾਂ ਵਿਚ ਕੰਮ ਕਰਨ ਵਾਲੇ, ਮਿਹਨਤ ਮਨਜ਼ੂਰੀ ਕਰਨ ਵਾਲੇ ਭਾਵੇਂ ਸਿੱਖ ਹੀ ਕਿਉਂ ਨਾ ਹੋਣ, ਉਨ੍ਹਾਂ ਨੂੰ ਕੰਮੀ ਤੇ ਮਜ਼ਾਰੇ ਕਹਿ ਕੇ ਪੁਕਾਰਿਆ ਗਿਆ। ਉਨ੍ਹਾਂ ਦਾ ਰਹਿਣਾ, ਸਹਿਣਾ ਤੇ ਖਾਣਾ ਪੀਣਾ ਅਲੱਗ-ਅਲੱਗ ਹੋ ਗਿਆ। ਚੁੱਲਾ ਚੌਂਕਾ ਅਲੱਗ ਤੇ ਬਰਤਨ ਵੀ ਅਲੱਗ। ਉਹ ਭਾਵੇਂ ਪੱਕੇ ਤੇ ਸਾਬਤ ਸੂਰਤ ਸਿੱਖ ਕਿਉਂ ਨਾ ਹੋਣ, ਉਨ੍ਹਾਂ ਨਾਲ ਕੰਮੀਆਂ ਵਾਲਾ ਸਲੂਕ ਕੀਤਾ ਜਾਂਦਾ ਹੈ। ਸਿੱਖ ਜ਼ਿਮੀਦਾਰਾਂ ਦੇ ਗੁਰਦੁਆਰੇ ਵੱਖਰੇ ਤੇ ਮੜੀਆਂ ਮਸਾਣ ਵੱਖਰੇ। ਅੱਜਕਲ੍ਹ ਹਰੇਕ ਪਿੰਡ ਵਿਚ ਹਰੀਜ਼ਨ ਸਿੱਖਾਂ ਦਾ ਗੁਰਦੁਆਰਾ ਉਨ੍ਹਾਂ ਦੀ ਆਬਾਦੀ ਜਾਂ ਬਸਤੀ ਵਿਚ ਬਣਾਇਆ ਜਾਂਦਾ ਹੈ। ਇਸ ਨੂੰ ਠੱਠੀ ਪਿੰਡਾਂ ਵਿਚ ਤੇ ਸ਼ਹਿਰਾਂ ਵਿਚ ਬਾਲਮੀਕੀ ਵਿਹੜਾ ਜਾਂ ਕੁੱਤੀ ਵਿਹੜਾ। ਸਿੱਖਾਂ ਵਿਚ ਬਾਲਮੀਕੀਆਂ, ਰਵੀਦਾਸੀਆਂ ਆਦਿ ਵਾਸੀਆਂ, ਮਜ਼ਬੀਆਂ ਸਿੰਘਾਂ, ਸਾਂਸੀਆਂ, ਬਾਜ਼ੀਗਰਾਂ ਤੇ ਜੁਲਾਹਿਆਂ ਲਈ ਕੋਈ ਸਤਿਕਾਰਯੋਗ ਸਥਾਨ ਨਹੀਂ। ਭਾਵੇਂ ਨਾਮ-ਨਿਹਾਦ ਨੀਵੀਂ ਜਾਤੀ ਦੇ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ, ਪਰ ਅਮੀਰ ਸਿੱਖ ਜੋ ਆਪਣੇ ਆਪ ਨੂੰ ਉੱਚੀ ਕੁਲ ਵਾਲੇ ਸਮਝਦੇ ਹਨ, ਨੀਵੀਆਂ ਜਾਤੀਆਂ ਨੂੰ ਬਰਾਬਰ ਦਾ ਸਨਮਾਨ ਦੇਣ ਤੋਂ ਮੁਨਕਰ ਹਨ। ਇਹ ਕਿਸ ਸਿੱਖੀ ਦਾ ਸਿਧਾਂਤ ਹੈ ? ਜਿਵੇਂ ਹਿੰਦੂ ਧਰਮ ਵਿਚ ਬਾਹਮਣ ਜਾਂ ਬਿਪਰਨਵਾਦ ਹੈ, ਉਸ ਤਰ੍ਹਾਂ ਸਿੱਖਾਂ ਵਿਚ ਜੱਟਵਾਦ ਦਾ ਦੀਰਘ ਰੋਗ ਹੈ। ਇਸ ਨੂੰ ਦੂਰ ਕਰਨਾ ਬਹੁਤ ਕਠਿਨ ਹੈ।

ਸਮਾਚਾਰ ਪੱਤਰਾਂ ਵਿਚ ਸਿੱਖੀ ਦਾ ਜਲੂਸ ਕੱਢਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਹਰੇਕ ਜਾਤੀ ਦਾ ਆਪਣਾ ਵੱਖਰਾ ਕਾਲਮ। ਇਕ ਜਾਤੀ ਦੇ ਲੋਕ ਦੂਜੀ ਵਿਚ ਜਾਣਾ ਗੁਨਾਹ ਸਮਝਦੇ ਹਨ। ਜੇਕਰ ਕਿਸੇ ਅਮੀਰ ਉੱਚੀ ਜਾਤੀ ਵਾਲੇ ਸਿੱਖ ਦੀ ਲੜਕੀ ਭੁੱਲ ਭੁਲੇਖੇ ਕਿਸੇ ਨੀਵੀਂ ਜਾਤੀ ਦੇ ਲੜਕੇ ਨਾਲ ਵਿਵਾਹਿਕ ਸੰਬੰਧ ਜੋੜਨ ਦੀ ਹਿਮਾਕਤ ਕਰ ਬੈਠੇ ਤਾਂ ਤਰਥੱਲੀ ਮੱਚ ਜਾਂਦੀ ਹੈ। ਕਈ ਮਾਪੇ ਤਾਂ ਲੜਕੀ ਨੂੰ ਮਾਰਨ ਤੱਕ ਜਾਂਦੇ ਹਨ ਜਾਂ ਫਿਰ ਉਸ ਨੂੰ ਜਾਨਵਰਾਂ ਵਾਂਗ ਕੁੱਟਦੇ ਮਾਰਦੇ ਹਨ। ਜੇਕਰ ਲੜਕੀ ਘਰੋਂ ਭੱਜ ਜਾਵੇ ਤਾਂ ਮਾਪੇ ਪਾਗਲ ਹੋਣ ਤੱਕ ਜਾਂਦੇ ਹਨ। ਭਾਵੇਂ ਲੜਕੀ-ਲੜਕਾ ਇਕੋ ਧਰਮ

ਨਾਲ ਸੰਬੰਧਤ ਕਿਉਂ ਨਾ ਹੋਣ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜਾਤੀ ਅਭਿਮਾਨ ਹੀ ਸੱਤਵੇਂ ਅਕਾਸ਼ ਤੱਕ ਚੜ੍ਹਿਆ ਹੋਣ ਕਰਕੇ, ਦੋਵਾਂ ਪਰਿਵਾਰਾਂ ਵਿਚ ਕੋਈ ਤਾਲਮੇਲ ਨਹੀਂ ਬੈਠਦਾ। ਅਸਲ ਵਿਚ ਸਾਡੇ ਵਿਚ ਜਾਤੀਵਾਦ ਏਨਾ ਗਹਿਰਾ ਸਮਾ ਚੁੱਕਾ ਹੈ ਕਿ ਇਸ ਨੂੰ ਬਦਲਣਾ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ। ਸਿੱਖ ਸਮਾਜ ਜਾਤਾਂ-ਪਾਤਾਂ ਵਿਚ ਖੱਖੜੀ-ਖੱਖੜੀ ਹੋਇਆ ਪਿਆ ਹੈ। ਡੇਰਿਆਂ ਵਾਲੇ ਜੋ ਆਪਣੇ ਆਪ ਨੂੰ ਸਿੱਖ ਪੰਥ ਦੇ ਅਲੰਬਰਦਾਰ ਸਮਝਦੇ ਹਨ ਤੇ ਦਿਨ ਰਾਤ ਸਿੱਖੀ ਦਾ ਪ੍ਰਚਾਰ ਕਰਦੇ ਤੇ ਕਥਾ ਕਹਾਣੀਆਂ ਸੁਣਾਉਂਦੇ ਫਿਰਦੇ ਹਨ, ਉਨ੍ਹਾਂ ਦਾ ਵੀ ਗੋਲਕ ਵੱਲ ਹੀ ਧਿਆਨ ਹੁੰਦਾ ਹੈ। ਸਿੱਖਾਂ ਵਿਚੋਂ ਜਾਤੀਵਾਦ ਖਤਮ ਕਰਨ ਦੀ ਜਗ੍ਹਾ, ਉਹ ਸਗੋਂ ਅਨੇਕਾਂ ਵਹਿਮ-ਭਰਮ ਫੈਲਾ ਰਹੇ ਹਨ ਤੇ ਡੇਰੇ ਦੇ ਮੁਖੀ ਦੀ ਵੀ ਕਿਸੇ ਵਿਸ਼ੇਸ਼ ਜਾਤੀ ਵਿਚੋਂ ਹੀ ਚੋਣ ਕੀਤੀ ਜਾਂਦੀ ਹੈ। ਨੀਵੀਂ ਜਾਤ ਦੇ ਸਿੱਖ ਜਾਂ ਦਲਿਤ ਸਿੱਖ, ਅਜਿਹੇ ਡੇਰਿਆਂ ਦੇ ਮੁਖੀ ਬਣਨ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਦੂਜਾ ਸਿੱਖਾਂ ਦੇ ਨੇਤਾ ਸਾਡੇ ਸਿਆਸੀ ਲੋਕ ਹਨ। ਪੰਜਾਬ ਵਿਚ ਜੱਟਵਾਦ ਸਿੱਖੀ ਉੱਪਰ ਹਾਵੀ ਹੈ। ਕੋਈ ਵੀ ਮੁੱਖ ਮੰਤਰੀ, ਸ਼੍ਰੋਮਣੀ ਅਕਾਲੀ ਦਲ ਵਿਚੋਂ ਦਲਿਤ ਗ਼ੈਰ ਜੱਟ ਨਹੀਂ ਬਣ ਸਕਦਾ। ਜਦੋਂ ਵਿਧਾਇਕੀ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਯੋਗਤਾ ਦੀ ਜਗ੍ਹਾ, ਉਮੀਦਵਾਰ ਦੀ ਜਾਤ ਬਰਾਦਰੀ ਨੂੰ ਮੁੱਖ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਅਯੋਗ ਤੇ ਗਲਤ ਉਮੀਦਵਾਰਾਂ ਦੀ ਚੋਣ ਹੁੰਦੀ ਹੈ। ਜਿਸ ਹਲਕੇ ਵਿਚ ਜਿਸ ਬਰਾਦਰੀ ਦੀ ਵਧੇਰੇ ਵਸੋਂ ਹੋਵੇ, ਉਸੇ ਬਰਾਦਰੀ ਵਿਚੋਂ ਉਮੀਦਵਾਰ ਦੀ ਚੋਣ ਕੀਤੀ ਜਾਂਦੀ ਹੈ। ਇਹ ਕੈਸਾ ਲੋਕ ਰਾਜ ਹੈ ? ਇਹ ਕੈਸੀ ਸਿੱਖੀ ਹੈ ? ਇਹ ਕੈਸਾ ਇਨਸਾਫ਼ ਹੈ ? ਯੋਗ ਤੋਂ ਯੋਗ ਉਮੀਦਵਾਰ ਨਜ਼ਰ ਅੰਦਾਜ਼ ਕਰਕੇ, ਅਯੋਗ ਤੇ ਨਾਲਾਇਕ ਉਮੀਦਵਾਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸੇ ਕਾਰਨ ਸਾਡਾ ਲੋਕ ਰਾਜ ਮਾਰ ਖਾ ਰਿਹਾ ਹੈ। ਇਸੇ ਕਾਰਨ ਖਾਲਸਾ ਪੰਥ ਅਧੋਗਤੀ ਵੱਲ ਜਾ ਰਿਹਾ ਹੈ। ਸਾਡੇ ਸਮਾਜ ਵਿਚ ਬੇਚੈਨੀ ਤੇ ਖਰੂਦ ਵਧਦਾ ਜਾ ਰਿਹਾ ਹੈ। ਪਿੰਡਾਂ ਵਿਚ ਸਿੱਖਾਂ ਦਾ ਇਕ ਹੀ ਗੁਰਦੁਆਰਾ ਕਦੇ ਹੁੰਦਾ ਸੀ ਪਰ ਅੱਜ ਨਹੀਂ। ਅੱਜਕਲ੍ਹ ਭਾਈ ਲਾਲੋਆਂ ਜਾਂ ਮਲਿਕ ਭਾਗੋਆਂ ਨਾਲ ਕੋਈ ਰਿਸ਼ਤਾ ਨਾਤਾ ਨਹੀਂ। ਦੋਵੇਂ ਸਿੱਖ ਹਨ। ਦੋਵੇਂ ਗੁਰੂ ਦੇ ਨਾਮ ਲੇਵਾ ਹਨ। ਦੋਵੇਂ ਅੰਮ੍ਰਿਤਧਾਰੀ ਤੇ ਰਹਿਤਧਾਰੀ ਹਨ ਪਰ ਫਿਰ ਵੀ ਉਹ ਇਕੱਠੇ ਗੁਰੂ ਦੀ ਗੋਦ ਵਿਚ ਨਹੀਂ ਬੈਠ ਸਕਦੇ। ਦੋਵਾਂ ਦੀ ਆਪਸੀ ਕੋਈ ਸਭਿਅਚਾਰਿਕ ਸਾਂਝ ਨਹੀਂ। ਜੇ ਕੋਈ ਸਾਂਝ ਹੈ ਤਾਂ ਉਹ ਕੇਵਲ ਸਿਆਸੀ। ਸਿਆਸੀ ਸਾਂਝ ਅਸਥਾਈ ਤੇ ਸਵਾਰਥੀ ਹੁੰਦੀ ਹੈ। ਇਸ ਨਾਲ ਸਿੱਖੀ ਦਾ ਬੂਟਾ ਹਰਿਆ ਭਰਿਆ ਨਹੀਂ ਰਹਿ ਸਕਦਾ।

ਸਾਡੀ ਸ਼੍ਰੋਮਣੀ ਗੁਰਦੁਆਰਾ ਕਮੇਟੀ, ਜੋ ਕਿ ਸਿੱਖਾਂ ਦੀ ਸਿਰਮੌਰ ਜਥੇਬੰਦੀ ਹੈ। ਜਿਸ ਨੂੰ ਸਿੱਖਾਂ ਦੀ ਸੰਸਦ ਕਿਹਾ ਜਾਂਦਾ ਹੈ। ਇਸ ਸੰਸਥਾ ਕੋਲ ਅਰਬਾਂ ਰੁਪੈ ਹਨ ਜਾਂ ਅਰਬਾਂ ਦੀ ਜ਼ਮੀਨ ਜਾਇਦਾਦ ਹੈ। ਇਸ ਨੂੰ ਬੇਹਿਸਾਬਾ ਤੇ ਬੇਸ਼ੁਮਾਰ ਧੰਨ ਦੌਲਤ ਦਾਨ ਤੇ ਚੜ੍ਹਾਵੇ ਦੇ ਰੂਪ ਵਿਚ ਪ੍ਰਦਾਨ ਕੀਤੇ ਜਾਂਦੇ ਹਨ। ਉਸ ਦਾ ਮੁੱਖ ਮਨੋਰਥ ਹੈ—ਸਿੱਖਾਂ ਦੀ ਖੁਸ਼ਹਾਲੀ, ਏਕਤਾ, ਅਖੰਡਤਾ, ਸਭਿਆਚਾਰਕ ਭਾਈਚਾਰੇ ਲਈ ਨਿਰੰਤਰ

ਯਤਨਸ਼ੀਲ ਹੋਣਾ। ਪਰੰਤੂ ਇਹ ਸ਼ੁਭ ਕਾਰਜ ਇਸ ਸੰਸਥਾ ਦੇ ਏਜੰਡੇ ਤੇ ਨਹੀਂ ਹੈ। ਸਿੱਖੀ ਦਾ ਦੇਸ਼-ਵਿਦੇਸ਼ ਵਿਚ ਪ੍ਰਚਾਰ ਕਰਨਾ ਇਸ ਦਾ ਮੁੱਖ ਕਾਰਜ ਹੋਣਾ ਚਾਹੀਦਾ ਹੈ ਪਰੰਤੂ ਇਹ ਕੰਮ ਬਹੁਤਾ ਕਾਗਜ਼ੀ ਤੇ ਫਰਜ਼ੀ ਹੀ ਕੀਤਾ ਹੀ ਕੀਤਾ ਜਾਂਦਾ ਹੈ। ਸਿੱਖੀ ਦਾ ਵਿਕਾਸ ਕੇਵਲ ਕਾਗਜ਼ਾਂ ਤੱਕ ਹੀ ਸੀਮਤ ਹੈ। ਰਾਤ ਦਿਨ ਕਥਾ ਕੀਰਤਨ, ਸਿੱਖਾਂ ਦਾ ਸੰਮੇਲਨ ਤੇ ਕਾਨਫਰੰਸਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਪਰੰਤੂ ਇਹ ਸਭ ਜ਼ਬਾਨੀ ਜਮਾਂ ਖਰਚ ਹੀ ਹੈ। ਮੂੰਹ ਦੀ ਲਹਿਰ ਬਹਿਰ ਹੈ। ਸਿੱਖੀ ਦੀ ਰੂਹ ਭੁੱਖੀ ਤੜਫ ਰਹੀ ਹੈ। ਸਿੱਖੀ ਦੀ ਚੜ੍ਹਦੀ ਕਲਾ ਦੇ ਨਾਮ ਕਈ ਅਡੰਬਰ ਰਚੇ ਜਾ ਰਹੇ ਪਰ ਸਿੱਖੀ ਨੂੰ ਸੱਚੀ-ਸੁੱਚੀ ਰਹਿਨੁਮਾਈ ਦੀ ਲੋੜ ਹੈ ਨਾ ਕਿ ਖੁਸ਼ਾਮਦਾਂ, ਸ਼ੇਖਚਿੱਲੀਆਂ, ਤੇ ਕੁਫ਼ਰ ਦੀ ਦੁਕਾਨਦਾਰੀ ਕਰਨ ਵਾਲਿਆਂ ਦੀ। ਪਾਖੰਡੀਆਂ ਦੇ ਦੰਭੀਆਂ ਦੀ ਨਹੀਂ।

ਅੱਜ ਪੰਥ ਨੂੰ ਪੰਥ ਦੇ ਦਰਦੀਆਂ ਦੀ ਲੋੜ ਹੈ। ਅੱਜ ਦਾ ਸਿੱਖ ਸੰਸਾਰ ਗੁਰੂ ਸਾਹਿਬਾਨ ਦੇ ਆਸ਼ਿਆਂ ਨਾਲ ਮੇਲ ਨਹੀਂ ਖਾਂਦਾ। ਗੁਰੂ ਸਾਹਿਬਾਨ ਨੇ ਸਭਨਾਂ ਜਾਤਾਂ ਬਰਾਦਰੀਆਂ ਨੂੰ ਇਕ ਹੀ ਮਾਲਾ ਵਿਚ ਪਰੋ ਕੇ, ਉਸ ਦਾ ਨਾਮ ਖਾਲਸਾ ਪੰਥ ਰੱਖਿਆ ਸੀ। ਅਸੀਂ ਅੱਜ ਆਪਣੇ ਹੀ ਘਰ ਘਰ ਪੰਥ ਸਿਰਜ ਲਏ ਹਨ। ਅਸੀਂ ਗੁਰੂ ਦੇ ਨਾਮ ਲੇਵਾ ਗੁਰੂ ਵੱਲ ਪਿੱਠ ਕਰਕੇ ਖੜ ਗਏ ਹਾਂ। ਗੁਰੂ ਦੇ ਸਿੱਖ, ਸਿੱਖੀ ਤੋਂ ਭਗੌੜੇ ਹੋ ਰਹੇ ਹਨ। ਬੇਮੁੱਖ ਹੋ ਰਹੇ ਹਨ। ਸਿੱਖਾਂ ਦੇ ਬਹੁਤੇ ਨੇਤਾ ਮਹੰਤਾਂ ਤੇ ਮਸੰਦਾਂ ਦੀ ਸੋਚ ਅਪਨਾ ਕੇ, ਸਿੱਖੀ ਨੂੰ ਦਿਨ ਦਿਹਾੜੇ ਕਲੰਕਿਤ ਕਰ ਰਹੇ ਹਨ। ਜਾਤਾਂ-ਪਾਤਾਂ ਦੇ ਵੱਖਰੀਆਂ ਬਰਾਦਰੀਆਂ ਵਾਲੇ ਸਿੱਖ, ਸਿੱਖੀ ਦਾ ਗਹਿਣਾ ਨਹੀ, ਵਰ ਨਹੀਂ, ਸਰਾਪ ਹਨ। ਇਹ ਸਰਾਪ ਅਸੀਂ ਕਦ ਤੱਕ ਝੱਲਦੇ ਰਹਾਂਗੇ।

# ਕਿਹੜਾ ਸਿੱਖ ਤੇ ਕਿਹੜਾ ਨਹੀਂ

ਸਿੱਖ ਦਾ ਅਰਥ ਹੈ ਜਿਹੜਾ ਗੁਰੂ ਦਾ ਸ਼ਿਸ਼ ਹੋਵੇ ਅਤੇ ਉਸ ਦੇ ਦਰਸਾਏ ਗਏ ਪੂਰਨਿਆਂ ਉੱਪਰ ਚੱਲਦਾ ਰਹੇ। ਭਾਵੇਂ ਇਸ ਮਾਰਗ ਵਿਚ ਕੰਡਿਆਂ ਉੱਪਰ ਚੱਲਣਾ ਪਵੇ, ਬਿਖੜੇ ਰਾਹਾਂ ਦੇ ਰਾਹੀ ਬਣਨਾ ਪਵੇ। ਜਿਹੜਾ ਵੀ ਗੁਰੂ ਦਾ ਸਿੱਖ ਖੱਬੇ-ਸੱਜੇ ਇਧਰ-ਉਧਰ ਚੱਲਦਾ ਹੋਵੇ, ਉਸ ਨੂੰ ਗੁਰੂ ਦਾ ਸਿੱਖ ਨਹੀਂ ਕਿਹਾ ਜਾ ਸਕਦਾ। ਕੀ ਅੱਜ ਸਿੱਖ ਜਗਤ ਵਿਚ ਸਾਰੇ ਗੁਰੂ ਦੇ ਦਰਸਾਏ ਮਾਰਗ ਉੱਪਰ ਚੱਲਦੇ ਹਨ ? ਜੇ ਉਹ ਭਟਕ ਗਏ ਹਨ ਤਾਂ ਉਨ੍ਹਾਂ ਨੂੰ ਕਤੱਈ ਸਿੱਖ ਨਹੀਂ ਕਿਹਾ ਜਾ ਸਕਦਾ । ਸਿੱਖ ਦਾ ਅਰਥ ਹੈ ਸਿੰਘ। ਸਿੰਘ ਜੰਗਲ ਦਾ ਬੇਤਾਜ ਬਾਦਸ਼ਾਹ ਹੁੰਦਾ ਹੈ। ਜੇਕਰ ਉਹ ਗਿੱਦੜਾਂ ਗਧਿਆਂ ਕੋਲੋਂ ਹੀ ਡਰ ਜਾਵੇ ਤਾਂ ਉਸ ਨੂੰ ਕਦਾਚਿਤ ਸਿੰਘ ਜਾਂ ਸ਼ੇਰ ਨਹੀਂ ਪੁਕਾਰਿਆ ਜਾ ਸਕਦਾ। ਜੇਕਰ ਕੋਈ ਸਿੰਘ ਬੁਜ਼ਦਿਲ ਜਾਂ ਕਮਦਿਲਾ ਹੋਵੇ ਤਾਂ ਉਸ ਨੂੰ ਸਿੱਖ ਕਹਿਣਾ ਪਾਪ ਹੈ। ਅਜਿਹੇ ਬੇਦਿਲੇ ਤੇ ਬੇ-ਅਣਖੇ ਸਿੱਖ ਤੁਹਾਨੂੰ ਆਮ ਮਿਲ ਜਾਣਗੇ। ਅਜਿਹੇ ਸਿੱਖਾਂ ਨੂੰ ਵੇਖ ਕੇ ਹਿਰਦਾ ਨਿਰਾਸ਼ ਹੁੰਦਾ ਹੈ। ਅਜਿਹੇ ਡਰਪੋਕ ਤੇ ਕਮਦਿਲੇ ਸਿੱਖਾਂ ਦੀ ਸਿੱਖੀ ਵਿਚ ਕੋਈ ਜਗ੍ਹਾ ਨਹੀਂ।

ਸਿੱਖ ਮੰਗਤਾ ਨਹੀਂ ਹੋ ਸਕਦਾ। ਮੰਗ ਕੇ ਖਾਣਾ ਹਿੰਦੂ ਧਰਮ ਵਿਚ ਤਾਂ ਕਬੂਲ ਹੋਵੇਗਾ ਪਰ ਸਿੱਖ ਧਰਮ ਵਿਚ ਮੰਗ ਕੇ ਖਾਣਾ ਬੱਜਰ ਪਾਪ ਹੈ। ਹੋਵੇ ਗੁਰੂ ਦਾ ਸਿੰਘ ਤੇ ਦਰ ਦਰ ਮੰਗਦਾ ਫਿਰੇ। ਇਹ ਗੁਰੂ ਨੂੰ ਪ੍ਰਵਾਨ ਨਹੀਂ। ਇਹ ਸਿੱਖੀ ਦੀ ਤੌਹੀਨ ਹੈ। ਪਰ ਆਪਣੇ ਆਲੇ-ਦੁਆਲੇ ਝਾਤੀ ਮਾਰੋ। ਤੁਹਾਨੂੰ ਗੁਰੂਧਾਮਾਂ ਗਿਰਦ ਸਿੱਖ ਮੰਗਤਿਆਂ ਦੇ ਝੁੰਡ ਮਿਲਣਗੇ। ਸਿੱਖ ਔਰਤਾਂ, ਬੱਚੇ ਤੇ ਮਰਦ, ਆਉਂਦੇ ਜਾਂਦੇ ਸ਼ਰਧਾਲੂਆਂ ਦੇ ਕੱਪੜੇ ਪਾੜਦੇ ਹਨ। ਭਿਖਿਆ ਮੰਗਣੀ ਭਾਵੇਂ ਕਠਨੇਰੀ ਹੈ ਪਰੰਤੂ ਭੁੱਸ ਪੈ ਜਾਵੇ ਤਾਂ ਛੱਡਣੀ ਮੁਸ਼ਕਿਲ ਹੋ ਜਾਂਦੀ ਹੈ। ਇਸੇ ਲਈ ਭਾਵੇਂ ਇਨ੍ਹਾਂ ਮੰਗਤਿਆਂ ਦੀ ਜਿੰਨੀ ਮਰਜ਼ੀ ਕੁੱਤੇਖਾਣੀ ਕਰੋ, ਇਨ੍ਹਾਂ ਉੱਪਰ ਰੱਤੀ ਭਰ ਅਸਰ ਨਹੀਂ ਹੁੰਦਾ। ਇਸ ਆਦਤ ਨਾਲ ਨਾ ਕੇਵਲ ਸਿੱਖ ਜਗਤ ਬਦਨਾਮ ਹੁੰਦਾ ਹੈ, ਸਗੋਂ ਇਨਸਾਨੀਅਤ ਦਾ ਵੀ ਘਾਣ ਹੁੰਦਾ ਹੈ। ਬੰਦਾ ਬੰਦੇ ਦਾ ਮੁਥਾਜ ਹੋਵੇ। ਉਸ ਦਾ ਤਰਲੇ ਮਿੰਨਤਾਂ ਕਰਦਾ ਫਿਰੇ। ਕਿਉਂਕਿ ਸਿੱਖੀ ਮਾਨਵਤਾ ਦੇ ਬਹੁਤ ਨਜ਼ਦੀਕ ਹੈ, ਇਸ ਲਈ ਜਦੋਂ ਵੀ ਮਾਨਵਤਾ ਜ਼ਲੀਲ ਹੁੰਦੀ ਹੈ ਤਾਂ ਸਿੱਖੀ ਨੂੰ ਵੀ ਸਾਵੀਂ ਜਰਬ ਲੱਗਦੀ ਹੈ। ਜਿਹੜੇ ਲੋਕ ਸਿੱਖ ਬਣ ਕੇ ਲੋਕਾਂ ਕੋਲੋਂ ਦਰ-ਦਰ ਮੰਗ ਕੇ ਭਟਕਦੇ ਫਿਰਦੇ ਹਨ, ਉਹ ਚੱਲਦੇ ਫਿਰਦੇ ਸਿੱਖੀ ਦੇ ਦੋਖੀ ਤੇ ਦੁਸ਼ਮਣ ਹਨ। ਅਜਿਹੇ ਅਨਸਰਾਂ ਨੂੰ ਦੁਰਕਾਰਨ ਦੀ ਲੋੜ ਹੈ।

ਸਿੱਖ ਪਰਉਪਕਾਰੀ ਹਨ। ਸਿੱਖ ਹਮਦਰਦੀ ਹਨ। ਸਿੱਖ ਸਭਨਾਂ ਦੇ ਸਖੀ ਹਨ। ਜਿਸ ਸਿੱਖ ਵਿਚ ਉਪਰੋਕਤ ਗੁਣ ਨਹੀਂ, ਉਨ੍ਹਾਂ ਦੀ ਸਿੱਖੀ ਭਾਵਨਾ ਉੱਪਰ ਕਿੰਤੂ ਪਰੰਤੂ ਕੀਤਾ ਜਾ ਸਕਦਾ ਹੈ। ਜਿਹੜਾ ਸਿੱਖ ਗਰੀਬ ਨਿਵਾਜ ਨਹੀਂ, ਉਸ ਨੂੰ ਸਿੱਖ ਕਹਿਣਾ ਅਤਿਕਥਨੀ ਹੈ। ਬਾਬੇ ਨਾਨਕ ਨੇ ਭਾਈ ਲਾਲੋ ਨੂੰ ਗਲੇ ਲਗਾ ਕੇ ਮਲਿਕ ਭਾਗੋ ਦਾ ਤ੍ਰਿਸਕਾਰ ਕੀਤਾ। ਉਸ ਨੂੰ ਸਹੀ ਸਿੱਖ ਦੱਸ ਕੇ ਸਿੱਖੀ ਦਾ ਨਮੂਨਾ ਪੇਸ਼ ਕੀਤਾ। ਜੇਕਰ ਕਿਸੇ ਸਿੱਖ ਦਾ ਗਵਾਂਢੀ ਭੁੱਖਾ ਸੁੱਤਾ ਹੋਵੇ ਜਾਂ ਗੁਰਬਤ ਨਾਲ ਜੂਝ ਰਿਹਾ ਹੋਵੇ ਤਾਂ ਉਸ ਦਾ ਫ਼ਰਜ਼ ਬਣਦਾ ਹੈ ਕਿ ਇਸ ਸੰਕਟ ਵਿਚ ਆਪਣੇ ਗੁਆਂਢੀ ਦੀ ਬਾਂਹ ਪਕੜੇ। ਜਿਹੜਾ ਗਵਾਂਢੀ ਦੀ ਬਿਪਤਾ ਦਾ ਮਜ਼ਾਕ ਉਡਾਵੇ ਅਤੇ ਉਸ ਨੂੰ ਦੁਖੀ ਵੇਖ ਕੇ ਖ਼ੁਸ਼ ਹੋਵੇ ਤਾਂ ਅਜਿਹੇ ਸਿੱਖ ਨੂੰ ਸਿੱਖ ਕਹਿਣਾ ਸਿੱਖੀ ਦਾ ਨਿਰਾਦਰ ਹੈ। ਸਿੱਖ ਤਾਂ ਆਪਣੀ ਜਾਨ ਜੋਖ਼ਮ ਵਿਚ ਪਾ ਕੇ, ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਜਮਾਂ ਤੋਂ ਛਡਵਾਉਣ ਦੀ ਹਿੰਮਤ ਰੱਖਦੇ ਸਨ। ਹਜ਼ਾਰਾਂ ਅਜਿਹੀਆਂ ਦੇਸ਼ ਦੀਆਂ ਬਹੂ-ਬੇਟੀਆਂ ਨੂੰ ਦਰਿੰਦਿਆਂ ਤੋਂ ਛੁਡਵਾ ਕੇ ਉਨ੍ਹਾਂ ਦੇ ਪਰਿਵਾਰ ਕੋਲ ਪੁਚਾਉਣਾ ਸਿੱਖਾਂ ਦਾ ਗੌਰਵਮਈ ਇਤਿਹਾਸ ਰਿਹਾ ਹੈ। ਸਾਡੇ ਮੁਲਕ ਵਿਚ ਬਾਣੀਆਂ ਕੌਮ, ਗਰੀਬ ਬਾਣੀਆਂ ਦੀ ਰਲ ਕੇ ਬਾਂਹ ਫੜ ਕੇ ਉਸ ਨੂੰ ਆਰਥਿਕ ਸੰਕਟ ਵਿਚੋਂ ਬਾਹਰ ਕੱਢ ਦਿੰਦੇ ਹਨ। ਉਹ ਬਾਣੀਏ ਹੋ ਕੇ ਅਜਿਹਾ ਪਰਉਪਕਾਰ ਕਰ ਜਾਂਦੇ ਹਨ। ਅਸੀਂ ਤਾਂ ਗੁਰੂ ਦੇ ਸਿੱਖ ਹਾਂ। ਸਾਡਾ ਤਾਂ ਜੱਦੀ ਕੰਮ ਹੀ ਸਰਬੱਤ ਦਾ ਭਲਾ ਮੰਗਣਾ ਤੇ ਕਰਨਾ ਹੈ। ਕੀ ਘੱਟ ਤੋਂ ਘੱਟ ਅਸੀਂ ਸਿੱਖ ਭਰਾਵਾਂ ਦੀ ਬਾਂਹ ਫੜਨ ਜੋਗੇ ਵੀ ਨਹੀਂ ?

ਅਜੋਕੇ ਸਿੱਖ ਸਾਰੀ ਦੁਨੀਆ ਵਿਚ ਖਿੱਲਰ ਗਏ ਹਨ। ਭਾਵੇਂ ਪੰਜਾਬ ਇਨ੍ਹਾਂ ਦੀ ਜਨਮ ਭੂਮੀ ਹੈ ਪਰ ਫਿਰ ਵੀ ਸਿੱਖ ਸਾਰੇ ਭਾਰਤ ਤੇ ਜਗਤ ਨੂੰ ਹੀ ਆਪਣਾ ਮੁਲਕ ਸਮਝਦੇ ਹਨ। ਚਾਹੀਦਾ ਤਾਂ ਸੀ ਕਿ ਇਹ ਗੁਰੂ ਵਾਲੇ ਬਣ ਕੇ ਗੁਰੂ ਦਾ ਸੰਦੇਸ਼ ਸਾਰੇ ਸੰਸਾਰ ਤਕ ਪਹੁੰਚਾਂਦੇ। ਪਰੰਤੂ ਉਲਟੀ ਗੰਗਾ ਚਲ ਗਈ ਹੈ। ਦੂਜੇ ਧਰਮਾਂ ਦਾ ਅਸਰ ਸਿੱਖ ਕਬੂਲ ਕਰਕੇ, ਸਿੱਖੀ ਨੂੰ ਪਿਛਾਂਹ ਸੁੱਟ ਰਹੇ ਹਨ। ਸਿੱਖੀ ਦੇ ਮਾਨਵਵਾਦੀ ਸਿਧਾਂਤ ਤਿਆਗ ਕੇ ਖੁਰਕ ਖਾਧੇ ਤੇ ਫੋਕਟ ਸਿੱਧਾਂਤਾਂ ਨੂੰ ਅਪਣਾ ਰਹੇ ਹਨ। ਸਾਰੇ ਧਰਮ ਮਾਨਵਵਾਦੀ ਰੁਚੀਆਂ ਵਾਲੇ ਨਹੀਂ ਹਨ। ਕਿਸੇ ਧਰਮ ਦੇ ਚੰਗੇ ਤੱਤਾਂ ਜਾਂ ਅਸੂਲਾਂ ਨੂੰ ਅਪਣਾਉਣਾ ਬਹੁਤ ਫ਼ਖ਼ਰ ਵਾਲੀ ਪ੍ਰਾਪਤੀ ਹੈ ਪਰੰਤੂ ਦੂਜੇ ਧਰਮਾਂ ਦੇ ਦਕਿਆਨੂਸੀ ਰਿਵਾਜਾਂ ਨੂੰ ਅਪਣਾਉਣਾ ਅਜੋਕੇ ਸਿੱਖਾਂ ਦੀ ਪ੍ਰਵਿਰਤੀ ਬਣ ਰਹੀ ਹੈ। ਗੌਰਵਮਈ ਸਿੱਖ ਮਰਿਆਦਾ ਨੂੰ ਛੱਡ ਕੇ ਬਿਪਰਨਵਾਦੀ ਤੇ ਮਸੀਹੀ ਰਸਮਾਂ ਰਿਵਾਜਾਂ ਨੂੰ ਅਪਣਾਉਣਾ ਸਿੱਖੀ ਦਾ ਦਾਮਨ ਛੱਡਣ ਵਾਲੀ ਗੱਲ ਹੈ। ਦੂਜੇ ਧਰਮ ਵਿਚ ਸਭ ਅੱਛਾ ਨਹੀਂ ਹੈ। ਅਸੀਂ ਕਿਸੇ ਦੇ ਲੱਥੇ ਹੋਏ ਬਸਤਰ ਪਹਿਨ ਰਹੇ ਹਾਂ। ਨਕਾਰੇ ਹੋਏ ਸਿੱਧਾਂਤ ਪੁਨਰਜੀਵ ਕਰ ਰਹੇ ਹਾਂ। ਇਹ ਕਿੱਥੋਂ ਦੀ ਸਿੱਖੀ ਹੈ ? ਮਨਮੁਖ ਸਿੱਖੀ।

ਜਦੋਂ ਬਟਵਾਰੇ ਵੇਲੇ ਸਿੱਖ ਪੱਛਮੀ ਪੰਜਾਬ ਤੋਂ ਉੱਜੜ ਕੇ ਆਏ ਤਾਂ ਮਹਾਰਾਜੇ ਪਟਿਆਲੇ ਨੇ ਤਾਂ ਉੱਜੜੇ ਸਿੱਖਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਰਸਦ ਪੁਚਾਈ ਅਤੇ ਉਨ੍ਹਾਂ ਨੂੰ ਪਟਿਆਲਾ ਰਿਆਸਤ ਵਿਚ ਵਸਾਉਣ ਦਾ ਭਰੋਸਾ ਦਿਵਾਇਆ ਪਰ ਅਫ਼ਸੋਸ ਕਿ

ਸਿੱਖ ਜਥੇਬੰਦੀਆਂ, ਸੰਸਥਾਵਾਂ ਤੇ ਸ਼੍ਰੋਮਣੀ ਕਮੇਟੀ ਇਨ੍ਹਾਂ ਉਜੜੇ ਅਤੇ ਘਰ ਬਾਹਰ ਲੁਟਾ ਕੇ ਆਏ ਸਿੱਖ ਭਰਾਵਾਂ ਲਈ ਬਹੁਤਾ ਕੁਝ ਨਾ ਕੀਤਾ। ਸਿੱਖ ਜਥੇਬੰਦੀਆਂ ਦਾ ਕੰਮ ਲੋੜਵੰਦ ਸਿੱਖਾਂ ਦੀ ਮਦਦ ਕਰਨਾ ਵੀ ਹੈ ਪਰ ਇਨ੍ਹਾਂ ਸੰਸਥਾਵਾਂ ਦੇ ਸਿਆਸੀ ਨੇਤਾ ਆਪਣੀਆਂ ਜੇਬਾਂ ਨੂੰ ਢਿੱਲਿਆਂ ਨਹੀਂ ਕਰਦੇ। ਇਹ ਗ਼ੈਰ ਸਿੱਖੀ ਭਾਵਨਾ ਹੈ। 1984 ਵਿਚ ਜੋ ਸਿੱਖ ਭਰਾ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਜ਼ਿੰਦਾ ਜਲਾਏ ਗਏ ਸਨ, ਉਨ੍ਹਾਂ ਦੇ ਬਾਕੀ ਬਚੇ ਜੀਆਂ, ਬੀਬੀਆਂ ਅਤੇ ਬੱਚਿਆਂ ਦੀ ਹਰ ਤਰ੍ਹਾਂ ਸਹਾਇਤਾ ਕਰਨੀ ਹਰ ਸਿੱਖ ਦਾ ਫ਼ਰਜ਼ ਬਣਦਾ ਸੀ। ਪਰ ਅਫ਼ਸੋਸ ਹੈ ਕਿ ਕਰੋੜਾਂ ਰੁਪਿਆਂ ਦੇ ਬਜਟ ਵਾਲੀ ਸ਼੍ਰੋਮਣੀ ਕਮੇਟੀ ਨੇ ਇਸ ਵੇਲੇ ਬੇਦਿਲੀ ਦਾ ਸਬੂਤ ਦਿੱਤਾ। ਚੜ੍ਹਾਵੇ ਅਤੇ ਪੂਜਾ ਦੇ ਧਾਨ ਨੂੰ ਆਪਣੇ ਸਵਾਰਥੀ ਤੇ ਸਿਆਸੀ ਕਾਰਜਾਂ ਲਈ ਵਰਤਣ ਵਿਚ ਹੀ ਮਸਰੂਫ਼ ਰਹੇ। ਇਸ ਇਤਿਹਾਸਕ ਮੌਕੇ ਅਤੇ ਬਾਅਦ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਦਾ ਪੁਨਰ ਨਿਵਾਸ ਕਰਨ ਲਈ ਇਸ ਸਿਰਮੌਰ ਸਿੱਖ ਜਥੇਬੰਦੀ ਨੇ ਕੇਵਲ ਹਮਦਰਦੀ ਤੇ ਅਫ਼ਸੋਸ ਦੇ ਮਤੇ ਪਾਸ ਕਰਕੇ ਹੀ ਆਪਣਾ ਫ਼ਰਜ਼ ਨਿਭਾ ਲਿਆ ਸੀ। ਸ਼੍ਰੋਮਣੀ ਕਮੇਟੀ ਇਸ ਪ੍ਰੀਖਿਆ ਵਿਚੋਂ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ। ਸਾਡੇ ਬਹੁਤੇ ਸਿੱਖ ਨੇਤਾ ਗ਼ੈਰ ਸਿੱਖ ਸੁਭਾਅ ਦੇ ਮਾਲਕ ਹਨ।

ਇਸੇ ਤਰ੍ਹਾਂ ਕੋਈ ਸਿੱਖ ਗੱਦਾਰ ਨਹੀਂ ਹੋ ਸਕਦਾ। ਸਿੱਖਾਂ ਨੂੰ ਆਪਣੇ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ 80% ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਕੇ ਆਪਣਾ ਸੁਨਹਿਰੀ ਇਤਿਹਾਸ ਸਿਰਜਿਆ ਹੈ। ਜੇਕਰ ਸਿੱਖ ਅਜਿਹਾ ਸੰਘਰਸ਼ ਨਾ ਕਰਦੇ ਤਾਂ ਭਾਰਤ ਅੱਜ ਵੀ ਗੁਲਾਮ ਹੋਣਾ ਸੀ ਅਜਿਹੀ ਕੌਮ ਵਿਚੋਂ ਜੇਕਰ ਕੋਈ ਸਿੱਖ ਗੱਦਾਰੀ ਕਰਦਾ ਹੈ ਤਾਂ ਉਸ ਨੂੰ ਕਿਸੇ ਵੀ ਤਰ੍ਹਾਂ ਮੁਆਫ਼ ਨਹੀਂ ਕੀਤਾ ਜਾ ਸਕਦਾ। ਅਜਿਹਾ ਸਿੱਖ ਗੁਰੂ ਦਾ ਸਿੱਖ ਨਹੀਂ, ਕੋਈ ਹੋਰ ਹੀ ਬਦ-ਬਲਾਅ ਹੋਵੇਗਾ। ਜੇਕਰ ਕੋਈ ਸਿੱਖ ਆਪਣੇ ਧਰਮ, ਕੌਮ ਜਾਂ ਦੇਸ਼ ਨਾਲ ਗੱਦਾਰੀ ਕਰੇ ਤਾਂ ਉਸ ਨੂੰ ਚੌਰਾਹੇ ਵਿਚ ਗੋਲੀ ਮਾਰਨੀ ਚਾਹੀਦੀ ਹੈ। ਗੱਦਾਰੀ ਤੇ ਬੇਸ਼ੁਕਰੇਪਣ ਦੀ ਸਿੱਖੀ ਵਿਚ ਕੋਈ ਰਵਾਇਤ ਨਹੀਂ। ਸਿੱਖਾਂ ਨਾਲ ਹਿੰਦੂ ਵੀਰਾਂ ਨੇ ਕਈ ਵਾਰ ਬੇਵਫ਼ਾਈਆਂ ਤੇ ਗੁਸਤਾਖ਼ੀਆਂ ਕੀਤੀਆਂ ਹਨ। ਸਿੱਖਾਂ ਦੇ ਗੁਰੂ ਸਾਹਿਬਾਨ ਨੇ ਹਿੰਦੂਆਂ ਲਈ ਬਹੁਤ ਕੁਝ ਕੀਤਾ ਹੈ ਪਰ ਇਸ ਦੇ ਇਵਜ ਵਿਚ ਹਿੰਦੂ ਲੋਕ ਸਿੱਖਾਂ ਦਾ ਮਲੀਆਮੇਟ ਕਰਨ ਦੀਆਂ ਕੁਚਾਲਾਂ ਖੇਡਦੇ ਰਹੇ ਹਨ। ਹਿੰਦੂ ਭਾਵੇਂ ਸੌ ਵਾਰੀ ਆਪਣਾ ਬੇਸ਼ੁਕਰਾਪਣ ਵਿਖਾਉਣ ਪਰ ਸਿੱਖਾਂ ਨੂੰ ਆਪਣਾ ਅਸਲਾ ਨਹੀਂ ਤਿਆਗਣਾ ਚਾਹੀਦਾ।


ਲੋਕਾਂ ਨੇ ਸਿੱਖ ਬਣਨ ਦਾ ਸੁਖਾਲਾ ਢੰਗ ਲੱਭ ਲਿਆ ਹੈ। ਜਿਸ ਸ਼ਖ਼ਸ ਨੇ ਦਾੜ੍ਹੀ, ਮੁੱਛਾਂ ਤੇ ਸਰੀਰ ਉੱਪਰ ਬਾਕੀ ਵਾਲ ਤੇ ਕੇਸ ਨਾ ਕਟਵਾਏ ਹੋਣ ਅਤੇ ਅੰਮ੍ਰਿਤਪਾਨ ਵੀ ਕੀਤਾ ਹੋਵੇ, ਉਸ ਨੂੰ ਪੂਰਨ ਸਿੱਖ ਸਵੀਕਾਰ ਨਹੀਂ ਕਰ ਲੈਣਾ ਚਾਹੀਦਾ। ਸਿਰ ਤੇ ਪੱਗੜੀ ਤਾਂ ਹਿੰਦੂ ਤੇ ਮੁਸਲਮਾਨ ਵੀਰ ਵੀ ਬੰਨ੍ਹਦੇ ਹਨ। ਪੱਗੜੀ ਧਾਰੀ ਨੂੰ ਸਾਬਤ ਸੂਰਤ ਸਮਝ ਕੇ ਸਿੱਖ ਨਹੀਂ ਸਮਝ ਲੈਣਾ ਚਾਹੀਦਾ। ਅਜਿਹੇ ਸਿੱਖਾਂ ਤੋਂ ਸਿੱਖੀ ਹਾਲੇ ਬਹੁਤ ਦੂਰ ਹੁੰਦੀ ਹੈ। ਸਾਬਤ ਸੂਰਤ ਹੋਣਾ ਵੀ ਜ਼ਰੂਰੀ ਹੈ ਪਰੰਤੂ ਸਿੱਖੀ ਸੀਰਤ ਵਾਲੇ

ਹੋਣਾ ਸਿੱਖਾਂ ਲਈ ਲਾਜ਼ਮੀ ਹੈ। ਕੇਸ ਦਾੜ੍ਹੀ ਤਾਂ ਆਸਾਨੀ ਨਾਲ ਰੱਖੇ ਜਾ ਸਕਦੇ ਹਨ ਪਰੰਤੂ ਇਨ੍ਹਾਂ ਦੇ ਹੁੰਦਿਆਂ ਜੇਕਰ ਸਿੱਖੀ ਸਪਿਰਟ ਦੀ ਘਾਟ ਹੋਵੇ ਤਾਂ ਅਜਿਹੇ ਸਿੱਖ ਨੂੰ ਪੂਰਨ ਸਿੱਖ ਨਹੀਂ ਸਮਝਿਆ ਜਾ ਸਕਦਾ। ਬਾਹਰਲੀ ਸੂਰਤ ਵਾਲੇ ਸਿੱਖਾਂ ਦੀ ਗਿਣਤੀ 95% ਹੋਵੇਗੀ। ਇਨ੍ਹਾਂ ਵਿਚ ਸਿੱਖੀ ਭਾਵਨਾ ਤੇ ਜਜ਼ਬੇ ਦੀ ਸਖ਼ਤ ਘਾਟ ਮਹਿਸੂਸ ਕੀਤੀ ਜਾਂਦੀ ਹੈ। ਇਸੇ ਕਾਰਨ ਸਿੱਖੀ ਵਧ ਫੁੱਲ ਨਹੀਂ ਰਹੀ। ਸਿੱਖ ਸਿੱਖਾਂ ਵਾਲੇ ਕਰਤਬ ਤੇ ਜਲਵੇ ਨਹੀਂ ਵਿਖਾ ਰਹੇ। ਇਸੇ ਕਾਰਨ ਸ਼ਕਲ ਤਾਂ ਸਿੱਖਾਂ ਵਾਲੀ ਹੁੰਦੀ ਹੈ ਪਰ ਅੰਤਹਕਰਨ ਹਿੰਦੂਆਂ ਵਾਲਾ ਹੁੰਦਾ ਹੈ। ਸ਼ਕਲ ਮੋਮਨਾਂ ਕਰਤੂਤ ਕਾਫਰਾਂ। ਕਈ ਸਿੱਖਾਂ ਦੇ ਮਲਾਹ ਸਿੱਖਾਂ ਨੂੰ ਡੋਬਣ ਵਾਲੇ ਹਨ।

ਸਿੱਖ ਬੁੱਤ ਪੂਜਕ ਨਹੀਂ ਹਨ। ਜੇਕਰ ਸਿੱਖ ਹੋ ਕੇ ਵੀ ਕੋਈ ਬੁੱਤਾਂ, ਮੜ੍ਹੀਆਂ, ਮਸਾਣਾਂ ਤੇ ਦਰਗਾਹਾਂ ਨੂੰ ਪੂਜਦਾ ਹੈ ਤਾਂ ਉਹ ਨਕਲੀ ਸਿੱਖ ਹੋਵੇਗਾ। ਅਜਿਹੇ ਸਿੱਖਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਜੇਕਰ ਸਿੱਖ ਹੋ ਕੇ ਜੋਤਾਂ ਜਗਾਉਂਦਾ ਹੈ, ਜਗਰਾਤਿਆਂ 'ਤੇ ਹਾਜ਼ਰੀ ਭਰਦਾ ਹੈ, ਪੰਡਤਾਂ ਨੂੰ ਬੁਲਾ ਕੇ ਮੰਤਰ ਪੜ੍ਹਾਉਂਦਾ ਤੇ ਦੇਵੀਆਂ ਦੀ ਅਰਾਧਨਾ ਕਰਦਾ ਹੈ ਤਾਂ ਸਿੱਖੀ ਜਗਤ ਵਿਚੋਂ ਉਸ ਨੂੰ ਖਾਰਜ ਕਰ ਦੇਣਾ ਚਾਹੀਦਾ ਹੈ। ਅਜਿਹੇ ਸਿੱਖ ਦੋਗਲੇ ਤੇ ਪਾਖੰਡੀ ਹਨ। ਜਿਹੜਾ ਸਿੱਖ ਪੰਡਤਾਂ ਨੂੰ ਹੱਥ ਵਿਖਾਉਂਦਾ, ਉਨ੍ਹਾਂ ਦੇ ਦਰਸਾਏ ਉਪਾਅ ਕਰਾਉਂਦਾ ਹੈ, ਉਹਨੂੰ ਸਿੱਖ ਦੀ ਜਗ੍ਹਾ ਹਿੰਦੂ ਜਾਂ ਬ੍ਰਾਹਮਣ ਕਹਿਣਾ ਵਧੇਰੇ ਉਚਿਤ ਹੋਵੇਗਾ। ਅਜਿਹੇ ਸਿੱਖਾਂ ਦੀ ਵੀ ਸਿੱਖ ਜਗਤ ਵਿਚ ਕੋਈ ਘਾਟ ਨਹੀਂ। ਬਹੁਤੇ ਸਿੱਖਾਂ ਵਿਚ ਗੁਰਬਾਣੀ ਦਾ ਕੋਈ ਸਤਿਕਾਰ ਨਹੀਂ, ਇਸੇ ਲਈ ਬਨਾਉਟੀ ਤੇ ਨਕਲੀ ਸਿੱਖਾਂ ਦੀ ਸੰਖਿਆ ਵਧਦੀ ਜਾ ਰਹੀ ਹੈ। ਜਿਹੜਾ ਸਿੱਖ ਅਕ੍ਰਿਤਘਣ, ਦੋਗਲਾ, ਮੀਸਣਾ, ਪਾਖੰਡੀ, ਦੰਭੀ ਜਾਂ ਦੂਸਰਿਆਂ ਦਾ ਹੱਕ ਮਾਰ ਕੇ ਗੁਜ਼ਾਰਾ ਕਰਦਾ ਹੋਵੇ, ਉਸ ਨੂੰ ਗੁਰੂ ਦਾ ਸਿੱਖ ਨਹੀਂ ਕਹਿਣਾ ਚਾਹੀਦਾ। ਸਿੱਖ ਧਰਮ ਕੇਵਲ ਦਸ ਪ੍ਰਤੀਸ਼ਤ ਲੋਕਾਂ ਦੇ ਜਜ਼ਬੇ ਤੇ ਸਿਦਕਦਿਲੀ ਨਾਲ ਜ਼ਿੰਦਾ ਹੈ। ਵਰਨਾ ਇਸ ਨੂੰ ਢਾਹ ਲਾਉਣ ਵਾਲਿਆਂ ਦੀ ਬਦੌਲਤ ਇਸ ਧਰਮ ਨੂੰ ਕਾਇਮ ਰੱਖਣਾ ਮੁਸ਼ਕਿਲ ਹੋਵੇਗਾ। ਵਾਹਿਗੁਰੂ ਕਰੇ, ਬਾਕੀ ਦੇ 90% ਸਿੱਖ ਵੀ ਗੁਰੂ ਵਾਲੇ ਬਣ ਕੇ ਸਿੱਖੀ ਦੀ ਮੁੱਢਲੀ ਆਨ ਤੇ ਸ਼ਾਨ ਨੂੰ ਪੁਨਰ ਸੁਰਜੀਤ ਕਰਨ ਵਿਚ ਆਪਣਾ ਪੂਰਾ ਯੋਗਦਾਨ ਪਾਉਣ।

**

ਲੇਖਕ



## ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

ਇਹ ਇਕ ਇਤਿਹਾਸਕ ਸੱਚ ਹੈ ਕਿ ਸਿੱਖ ਧਰਮ, ਬ੍ਰਾਹਮਣ ਵਾਦ ਦੇ ਫੋਕਟ ਕਰਮ ਕਾਡਾਂ ਦੀ ਮੜ੍ਹੀ ਉੱਪਰ ਉਸਰਿਆ ਹੈ। ਜੇਕਰ ਹਾਲੇ ਵੀ ਸੰਘ ਵਾਲੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਮਹਿਜ਼ ਸ਼ਾਖਾ ਕਹਿਕੇ ਪੁਕਾਰਨ ਤਾਂ ਇਹ ਸਰਾਸਰ ਸਿੱਖ ਮਜ਼ਹਬ ਨਾਲ ਮਜਾਕ ਕਰਨ ਵਾਲੀ ਗਲ ਹੈ। ਇਹ ਤਾਂ ਬਾਹਰਲੇ ਲੋਕ ਹਨ, ਸਾਡੇ ਧਰਮ ਨੂੰ ਆਪਣਿਆਂ ਤੋਂ ਵੀ ਗੰਭੀਰ ਖਤਰਾ ਹੈ। ਮੌਜੂਦਾ ਸਿੱਖ ਧਰਮ ਦੀ ਵਾਗਡੋਰ ਜਿੰਨਾਂ ਨੇਤਾਵਾਂ ਦੇ ਹੱਥ ਹੈ, ਉਹਨਾਂ ਦੀ ਪੰਥ ਪ੍ਰਤੀ ਆਸਥਾ ਉਪਰ ਸ਼ੱਕ ਕੀਤਾ ਜਾ ਸਕਦਾ ਹੈ। ਸਿਆਸੀ ਹਿੱਤਾਂ ਦੀ ਖਾਤਿਰ ਅਸਾਡੇ ਪੰਥ ਦੇ ਆਗੂ, ਪੰਥ ਨੂੰ ਜਰਵਾਣਿਆਂ ਦੇ ਲੜ ਲਾ ਰਹੇ ਹਨ। ਇਹੀ ਵਜਾ ਹੈ ਕਿ ਅਸੀਂ ਹਾਲੇ ਤੱਕ ਸਿੱਖਾਂ ਤੋਂ ਕਲਗੀਧਰ ਦੇ ਖਾਲਸੇ ਨਹੀਂ ਬਣੇ। ਸਿੱਖੀ ਵਿਕਾਸ ਹਿਤ, ਇਹ ਸਫਰ ਹਾਲੇ ਅਸਾਂ ਤਹਿ ਕਰਨਾ ਹੈ। ਮੇਰੀ ਪੰਥ ਪ੍ਰੇਮੀਆਂ ਨੂੰ ਅਪੀਲ ਹੈ ਕਿ ਉਹ ਪੰਥ ਵਿਰੋਧੀ ਸ਼ਕਤੀਆਂ ਦਾ ਡਟਕੇ ਮੁਕਾਬਲਾ ਕਰਨ। ਧਰਮ ਪ੍ਰਤੀ ਸਾਡੀ ਇਹੀ ਸੱਚੀ ਸੁੱਚੀ ਸੇਵਾ ਹੋਵੇਗੀ। ਅਕਾਲ ਪੁਰਖ ਸਾਡੇ ਨੇਤਾਵਾਂ ਨੂੰ ਸੁਮੱਤ ਬਖਸ਼ੇ।

ਲੇਖਕ

ESTD. 1942 LAHORE
AZAD BOOK DEPOT

ISBN 938311658-7
9789383116584